# ਸ਼ਹੀਦੇ ਆਜ਼ਮ ਦੀ ਜੇਲ੍ਹ ਡਾਇਰੀ

## ਭਗਤ ਸਿੰਘ ਵੱਲੋਂ ਜੇਲ੍ਹ ਵਿੱਚ (1929-31)
## ਅਧਿਐਨ ਦੇ ਦੌਰਾਨ ਲਏ ਗਏ ਨੋਟ ਅਤੇ ਟੂਕਾਂ

ਸੰਪਾਦਕ :

**ਸੱਤਿਅਮ ਵਰਮਾ**

**ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ।**

ਪਹਿਲੀ ਵਾਰ :
**1 ਨਵੰਬਰ, 1999**

**ਪ੍ਰਕਾਸ਼ਕ : ਤਰਕਭਾਰਤੀ ਪ੍ਰਕਾਸ਼ਨ**
ਤਰਕਸ਼ੀਲ ਨਿਵਾਸ,
ਕੱਚਾ ਕਾਲਜ ਰੋਡ,
ਬਰਨਾਲਾ-148101 (ਪੰਜਾਬ)
ਫੋਨ : 01679-33244, 39133
E-mail : amitter@ch1.dot.net.in

ਛਾਪਕ : ਇੰਟੀਲੈਕਚੂਅਲ ਪ੍ਰਿੰਟਰਜ਼, ਜਲੰਧਰ।

**ਕੀਮਤ : 40 ਰੁਪਏ**

***Shaheed-e-Azam Di Jail Diary***
*Edited By :* ***Satyam Verma***
*Translated in Hindi By :* ***Vishwanath Mishra***
*Translated in Punjabi By :* ***Sarjeet Talwar***

*"ਇਨਕਲਾਬ ਮਿਹਨਤੀ ਵਿਚਾਰਕਾਂ ਅਤੇ ਮਿਹਨਤੀ ਕਾਰਕੁੰਨਾਂ ਦੀ ਪੈਦਾਇਸ਼ ਹੁੰਦਾ ਹੈ। ਬਦਕਿਸਮਤੀ ਨੂੰ ਭਾਰਤੀ ਇਨਕਲਾਬ ਦਾ ਬੌਧਿਕ ਪੱਖ ਹਮੇਸ਼ਾ ਕਮਜ਼ੋਰ ਰਿਹਾ ਹੈ। ਇਸ ਲਈ ਇਨਕਲਾਬ ਦੀਆਂ ਜ਼ਰੂਰੀ ਗੱਲਾਂ ਅਤੇ ਕੀਤੇ ਗਏ ਕਾਰਜ ਦੇ ਪ੍ਰਭਾਵ ਵੱਲੀਂ ਧਿਆਨ ਨਹੀਂ ਦਿੱਤਾ ਗਿਆ। ਇਸ ਵਾਸਤੇ ਇੱਕ ਇਨਕਲਾਬੀ ਨੂੰ ਅਧਿਐਨ ਅਤੇ ਚਿੰਤਨ ਨੂੰ ਆਪਣੀ ਪਵਿੱਤਰ ਜ਼ਿੰਮੇਵਾਰੀ ਬਣਾ ਲੈਣਾ ਚਾਹੀਦਾ ਹੈ।"*

*– ਭਗਤ ਸਿੰਘ*

ਸ਼ਹੀਦੇ ਆਜ਼ਮ ਦੀ ਡਾਇਰੀ ਪੰਜਾਬੀ ਪਾਠਕਾਂ ਦੇ ਹੱਥਾਂ ਵਿੱਚ ਦੇ ਕੇ ਮੈਨੂੰ ਅਥਾਹ ਖੁਸ਼ੀ ਹੋ ਰਹੀ ਹੈ ਕਿਉਂਕਿ ਇਹ ਡਾਇਰੀ ਉਹਨਾਂ ਧਾਰਮਿਕ ਪੱਖੀਆਂ ਦੇ ਝੂਠ ਦਾ ਪਰਦਾ ਫਾਸ਼ ਕਰੇਗੀ ਜਿਹੜੇ ਭਗਤ ਸਿੰਘ ਨੂੰ ਧਾਰਮਿਕ ਵਿਚਾਰਾਂ ਦਾ ਧਾਰਨੀ ਦੱਸਣ ਵਿੱਚ ਅੱਡੀ ਚੋਟੀ ਦਾ ਜ਼ੋਰ ਲਾ ਰਹੇ ਸਨ।

ਇਹ ਡਾਇਰੀ ਉਹਨਾਂ ਲਈ ਸੇਧ ਦਾ ਕੰਮ ਵੀ ਕਰੇਗੀ ਜਿਹੜੇ ਲੱਕ ਤੋੜਵੀਂ ਮਹਿੰਗਾਈ, ਬੇਰੁਜ਼ਗਾਰੀ ਅਤੇ ਭ੍ਰਿਸ਼ਟਾਚਾਰ ਦੀ ਚੱਕੀ ਵਿੱਚ ਪਿਸ ਕੇ ਖੁਦਕੁਸ਼ੀਆਂ ਦਾ ਰਾਹ ਫੜ ਰਹੇ ਹਨ।

ਇਹ ਡਾਇਰੀ ਉਹਨਾਂ ਸਿਆਸੀ ਆਗੂਆਂ ਦਾ ਮੂੰਹ ਚਿੜਾਏਗੀ ਜਿਹੜੇ ਲੋਕਾਂ ਦੀਆਂ ਧਾਰਮਿਕ ਅਤੇ ਦੇਸ਼ ਭਗਤੀ ਦੀਆਂ ਭਾਵਨਾਵਾਂ ਨੂੰ ਭੜਕਾ ਕੇ ਸੱਤਾ ਤੇ ਕਾਬਜ਼ ਹੋਏ ਹਨ।

ਇਹ ਡਾਇਰੀ ਉਹਨਾਂ ਲਈ ਪਥ ਪ੍ਰਦਰਸ਼ਕ ਹੋਵੇਗੀ ਜਿਹੜੇ ਸਮੁੱਚੀ ਮਾਨਵਤਾ ਨੂੰ ਹੀ ਰਾਜ ਸੱਤ੍ਹਾ ਦਾ ਮਾਲਕ ਬਣਾਉਣਾ ਲੋਚਦੇ ਹਨ।

ਇਹ ਡਾਇਰੀ ਉਹਨਾਂ ਮਾਪਿਆਂ ਲਈ ਸਬਕ ਹੋਏਗੀ ਜਿਹੜੇ ਸ਼ਹੀਦਾਂ ਦੇ ਵਿਚਾਰਾਂ ਨੂੰ ਤਾਂ ਲੁਕਾਉਂਦੇ ਹਨ ਪਰ ਉਹਨਾਂ ਦੀ ਕੁਰਬਾਨੀ ਦਾ ਮੁੱਲ ਵੱਟਣ ਵਿੱਚ ਸੰਕੋਚ ਨਹੀਂ ਕਰਦੇ।

ਅੰਤ ਵਿੱਚ ਮੈਂ ਸਰਜੀਤ ਤਲਵਾਰ, ਨਰਭਿੰਦਰ ਅਤੇ ਨਰੇਸ਼ ਜੀ ਦਾ ਪੰਜਾਬੀ ਅਨੁਵਾਦ ਵਿੱਚ ਸਹਿਯੋਗ ਦੇਣ ਲਈ ਧੰਨਵਾਦੀ ਹਾਂ। ਤੁਹਾਡੇ ਵਧੀਆ ਹੁੰਘਾਰੇ ਦੀ ਆਸ ਵਿੱਚ।

**- ਅਮਿੱਤ ਮਿੱਤਰ**

## ਤਰਤੀਬ

ਭੂਮਿਕਾ / **ਸੱਤਯਮ ਵਰਮਾ** ....................6

ਭਗਤ ਸਿੰਘ ਦੀ ਜੇਲ੍ਹ ਨੋਟ ਬੁੱਕ ਜੋ
ਸ਼ਹਾਦਤ ਦੇ ਤਰੇਹਠ ਵਰ੍ਹਿਆਂ ਬਾਦ ਛਪੀ / **ਅਲੋਕ ਰੰਜਨ** ....................10

ਭਗਤ ਸਿੰਘ ਦੀ ਜੇਲ੍ਹ ਨੋਟ ਬੁੱਕ : ਇੱਕ ਮਹਾਨ
ਵਿਚਾਰਯਾਤਰਾ ਦਾ ਦੁਰਲੱਭ ਮੀਲ ਪੱਥਰ / **ਐਲ.ਵੀ. ਮਿਤਰੋਖਿਨ** ....................18

ਸ਼ਹੀਦੇ ਆਜ਼ਮ ਦੀ ਜੇਲ੍ਹ ਨੋਟ ਬੁੱਕ ....................35

ਜੈ ਦੇਵ ਦੇ ਨਾਮ ਭਗਤ ਸਿੰਘ ਦਾ ਖਤ ....................159

# ਭੂਮਿਕਾ

ਸ਼ਹੀਦੇ-ਆਜ਼ਮ ਦੀ ਜੇਲ੍ਹ ਨੋਟ ਬੁੱਕ ਨੂੰ ਹਿੰਦੀ ਪਾਠਕਾਂ ਦੇ ਹੱਥਾਂ ਵਿੱਚ ਦਿੰਦਿਆਂ ਸਾਨੂੰ ਮਿਸ਼ਰਤ ਅਨੁਭੂਤੀ ਹੋ ਰਹੀ ਹੈ। ਇਤਿਹਾਸ ਦੀ ਇਸ ਅਨਮੋਲ ਧਰੋਹਰ ਨੂੰ ਤੁਹਾਡੇ ਤੱਕ ਪਹੁੰਚਾਕੇ ਅਸੀਂ ਫ਼ਖ਼ਰ ਮਹਿਸੂਸ ਕਰ ਰਹੇ ਹਾਂ, ਨਾਲ ਹੀ ਇਸ ਵਿੱਚ ਹੋਈ ਦੇਰੀ ਦੀ ਟੀਸ ਵੀ ਹੈ।

ਭਾਰਤੀ ਇਤਿਹਾਸ ਦੇ ਇਸ ਦੁਰਲੱਭ ਦਸਤਾਵੇਜ਼ ਦਾ ਮਹੱਤਵ ਸਿਰਫ਼ ਇਸਦੀ ਇਤਿਹਾਸਕਤਾ ਵਿੱਚ ਹੀ ਨਹੀਂ ਹੈ। ਭਗਤ ਸਿੰਘ ਦੇ ਅਧੂਰੇ ਸੁਪਨਿਆਂ ਨੂੰ ਪੂਰਾ ਕਰਨ ਵਾਲਾ ਭਾਰਤੀ ਇਨਕਲਾਬ ਅੱਜ ਇੱਕ ਅਜਿਹੇ ਪੜਾਅ ਤੇ ਹੈ ਜਿੱਥੋਂ ਨਵੇਂ, ਤੇਜ਼ ਚਾਲ ਨਾਲ ਅੱਗੇ ਵਧਣ ਵਾਸਤੇ ਇਸਦੇ ਸਿਪਾਹੀਆਂ ਨੂੰ "ਇਨਕਲਾਬ ਦੀ ਤਲਵਾਰ ਨੂੰ ਵਿਚਾਰਾਂ ਦੀ ਸਾਣ ਉੱਤੇ" ਨਵੀਂ ਧਾਰ ਦੇਣੀ ਹੈ। ਇਹ ਨੋਟ ਬੁੱਕ ਉਹਨਾਂ ਸਾਰਿਆਂ ਦੇ ਵਾਸਤੇ ਵਿਚਾਰਾਂ ਦੀ ਰੌਸ਼ਨੀ ਨਾਲ ਚਮਕਦਾ ਇੱਕ ਪ੍ਰੇਰਣਾ ਪੁੰਜ ਹੈ ਜੋ ਇਸ ਵਿਰਾਸਤ ਨੂੰ ਅੱਗੇ ਵਧਾਉਣ ਦਾ ਜਜ਼ਬਾ ਰੱਖਦੇ ਹਨ।

ਅੱਜ ਜਦੋਂ ਭਾਰਤੀ ਇਨਕਲਾਬ ਦੇ ਸਨਮੁੱਖ ਮੌਜੂਦ ਪ੍ਰਸ਼ਨਾਂ-ਚੁਣੌਤੀਆਂ ਨਾਲ ਜੂਝ ਰਹੇ ਹਨ, ਨੌਜਵਾਨ ਇਨਕਲਾਬੀਆਂ ਦੀ ਨਵੀਂ ਪੀੜ੍ਹੀ ਦੇ ਮੋਢਿਆਂ ਉੱਤੇ ਰਸਤਾ ਕੱਢਣ ਅਤੇ ਉਸ ਉੱਪਰ ਅੱਗੇ ਵਧਣ ਦੀ ਜ਼ਿੰਮੇਵਾਰੀ ਹੈ ਅਤੇ ਇੱਕ ਨਵੇਂ ਸਰਵਹਾਰਾ ਨਵਜਾਗਰਣ ਅਤੇ ਪ੍ਰਬੋਧਨ ਦਾ ਕਾਰਜ ਇਤਿਹਾਸ ਦੇ ਏਜੰਡੇ ਤੇ ਹੈ, ਤਾਂ ਇਸ ਨੋਟ ਬੁੱਕ ਨੂੰ ਪੜ੍ਹਦੇ ਹੋਇਆਂ ਸਾਡੀਆਂ ਅੱਖਾਂ ਦੇ ਸਾਹਮਣੇ ਵਾਰ-ਵਾਰ ਉਸ ਨੌਜਵਾਨ ਦੀ ਸਖਸ਼ੀਅਤ ਉੱਭਰਦੀ ਹੈ ਜੋ ਫਾਂਸੀ ਦੇ ਫੰਦੇ ਦੀ ਛਾਂ ਹੇਠ ਬੈਠਕੇ ਭਾਰਤੀ ਇਨਕਲਾਬ ਦੇ ਰਸਤੇ ਦੀ ਸਹੀ ਸਮਝ ਹਾਸਿਲ ਕਰਨ ਅਤੇ ਉਸਨੂੰ ਲੋਕਾਂ ਤੱਕ ਪਹੁੰਚਾਉਣ ਦੇ ਵਾਸਤੇ ਆਖਰੀ ਪਲ ਤੱਕ ਅਧਿਐਨ ਕਰਨ ਅਤੇ ਲੇਖਣ ਵਿੱਚ ਜੁੱਟਿਆ ਰਿਹਾ।

ਜੇਲ੍ਹ ਵਿੱਚ ਭਗਤ ਸਿੰਘ ਨੇ ਚਾਰ ਪੁਸਤਕਾਂ ਲਿਖੀਆਂ ਸਨ। ਹੋ ਸਕਦਾ ਹੈ ਇਹ ਨੋਟ ਇਹਨਾਂ ਪੁਸਤਕਾਂ ਦੀ ਤਿਆਰੀ ਵਾਸਤੇ ਲਏ ਗਏ ਹੋਣ। ਚਾਰ ਖਰੜੇ ਅੱਜ ਨਸ਼ਟ ਹੋ ਚੁੱਕੇ ਹਨ। ਲੇਕਿਨ ਅੱਜ ਵੀ ਉਹਨਾਂ ਦੇ ਬਾਰੇ ਨਾ ਕੋਈ ਪ੍ਰਮਾਣਿਕ ਜਾਣਕਾਰੀ ਉਪਲੱਬਧ ਹੈ ਅਤੇ ਨਾ ਹੀ ਕਿਸੇ ਨੇ ਭਾਰਤੀ ਇਤਿਹਾਸ ਦੇ ਇਸ ਕਾਲੇ ਪੱਖ ਉੱਪਰ ਖੋਜ਼ ਕਰਨ ਦੀ ਲੋੜ ਸਮਝੀ ਹੈ।

ਨੋਟ-ਬੁੱਕ ਦੇ ਮਹਾਨ ਇਤਿਹਾਸਕ ਮਹੱਤਵ ਅਤੇ ਅੱਜ ਇਸਦੀ ਵਿਸ਼ੇਸ਼ ਪ੍ਰਸੰਗਕਿਤਾ ਨੂੰ ਰੇਖਾਂਕਿਤ ਕਰਨ ਵਾਸਤੇ ਅਸੀਂ ਆਲੋਕ ਰੰਜਨ ਅਤੇ ਐਲ.ਵੀ. ਮਿਤਰੋਖਿਨ ਦੇ ਦੋ ਲੇਖ ਵੀ ਸ਼ਾਮਿਲ ਕੀਤੇ ਹਨ। ਅਸੀਂ ਚਾਹਾਂਗੇ ਕਿ ਤੁਸੀਂ ਨੋਟ ਬੁੱਕ ਤੋਂ ਪਹਿਲਾਂ ਇਹਨਾਂ ਲੇਖਾਂ ਨੂੰ ਜ਼ਰੂਰ ਪੜ੍ਹੋ। ਨੋਟ ਬੁੱਕ ਨੂੰ ਸਹੀ ਪਰੀਪੇਖ ਅਤੇ ਪਿੱਠ ਭੂਮੀ ਵਿੱਚ ਸਮਝਣ ਵਿੱਚ ਇਹਨਾਂ ਲੇਖਾਂ ਤੋਂ ਕਾਫ਼ੀ ਮੱਦਦ ਮਿਲੂਗੀ।

### ਨੋਟ ਬੁੱਕ ਦੀ ਪ੍ਰਸਤੁਤੀ ਦੇ ਬਾਰੇ ਕੁੱਝ ਗੱਲਾਂ

ਸਾਡੀ ਖਾਹਿਸ਼ ਸੀ ਕਿ ਜਿੱਥੋਂ ਤੱਕ ਸੰਭਵ ਹੋਵੇ ਹੱਥਲਿਖਤ ਨੋਟ-ਬੁੱਕ ਦੀ ਮੌਲਿਕ ਸ਼ਕਲ ਬਰਕਰਾਰ ਰਹੇ, ਭਗਤ ਸਿੰਘ ਨੇ ਜਿਸ ਢੰਗ ਨਾਲ ਨੋਟ ਲਏ ਹਨ ਉਹਨਾਂ ਨੂੰ ਲੱਗਭਗ ਉਸੇ ਢੰਗ ਨਾਲ ਪ੍ਰਸਤੁਤ ਕੀਤਾ ਜਾਏ। ਲੇਕਿਨ ਪੁਸਤਕ ਦੇ ਰੂਪ ਵਿੱਚ ਪ੍ਰਸਤੁਤ ਕਰਨ ਦੇ ਵਾਸਤੇ ਕੁੱਝ ਤਬਦੀਲੀਆਂ ਕਰਨੀਆਂ ਪਈਆਂ ਹਨ।

ਪੂਰੀ ਨੋਟ ਬੁੱਕ ਭਗਤ ਸਿੰਘ ਦੇ ਛੋਟੇ ਅੱਖਰਾਂ ਵਾਲੀ ਲਿਖਾਈ ਵਿੱਚ ਲਿਖੀ ਗਈ ਹੈ। ਜ਼ਿਆਦਾਤਰ ਨੋਟਾਂ ਦੇ ਭਗਤ ਸਿੰਘ ਨੇ ਛੋਟੇ ਪਰ ਠੋਸ ਅਤੇ ਸਾਰ ਭਰਪੂਰ ਸਿਰਲੇਖ ਦਿੱਤੇ ਹਨ। ਅਨੇਕਾਂ ਸਿਰਲੇਖ ਹਾਸ਼ੀਏ ਉੱਪਰ ਵੀ ਦਿੱਤੇ ਗਏ ਹਨ। ਕਿਧਰੇ ਕਿਧਰੇ ਕੁੱਝ ਮਹੱਤਵਪੂਰਣ ਵਾਕਾਂ ਜਾਂ ਫ਼ਿਕਰਿਆਂ ਨੂੰ ਵੀ ਹਾਸ਼ੀਏ ਵਿੱਚ ਲਿਖਿਆ ਗਿਆ ਹੈ।

– ਅਸੀਂ ਸਾਰੇ ਸਿਰਲੇਖਾਂ ਅਤੇ ਹਾਸ਼ੀਏ ਉੱਪਰ ਅੰਕਿਤ ਵਾਕਾਂ ਨੂੰ ਮੂਲ ਪਾਠ ਦੇ ਨਾਲ ਹੀ ਰੱਖਿਆ ਹੈ। ਪਰ ਭਗਤ ਸਿੰਘ ਵੱਲੋਂ ਦਿੱਤੇ ਗਏ ਮਹੱਤਵ ਦੇ ਅਨੁਸਾਰ ਉਹਨਾਂ ਨੂੰ ਛੋਟੇ ਜਾਂ ਮੋਟੇ ਅੱਖਰਾਂ ਵਿੱਚ ਦਿੱਤਾ ਗਿਆ ਹੈ।

– ਭਗਤ ਸਿੰਘ ਵੱਲੋਂ ਰੇਖਾਂਕਿਤ ਕੀਤੇ ਗਏ ਹਿੱਸਿਆਂ ਨੂੰ ਮੋਟੇ ਅੱਖਰਾਂ ਵਿੱਚ ਦਿੱਤਾ ਗਿਆ ਹੈ।

– ਭਗਤ ਸਿੰਘ ਨੇ ਕਈ ਥਾਵਾਂ ਤੇ ਕੁੱਝ ਹਿੱਸਿਆਂ ਉੱਪਰ ਵਾਧੂ ਜ਼ੋਰ ਦੇਣ ਦੇ ਵਾਸਤੇ ਖੱਬੇ ਪਾਸੇ ਖੜ੍ਹਵੀਂ ਲਕੀਰ ਖਿੱਚੀ ਹੈ। ਇਸਨੂੰ ਪੁਸਤਕ ਵਿੱਚ ਏਸੇ ਤਰ੍ਹਾਂ ਹੀ ਵਿਖਾਇਆ ਗਿਆ ਹੈ।

ਨੋਟ ਬੁੱਕ ਵਿੱਚ ਆਏ ਬਹੁਤੇ ਸੰਦਰਭਾਂ (ਹਵਾਲਿਆਂ) ਦੀ ਜਾਣਕਾਰੀ ਪਾਠਕਾਂ ਨੂੰ ਦੇਣ ਦੀ ਕੋਸ਼ਿਸ਼ ਕੀਤੀ ਹੈ, ਫੇਰ ਵੀ ਕੁੱਝ ਹਵਾਲੇ ਅਗਿਆਤ ਰਹਿ ਗਏ ਹਨ। ਪਾਠਕਾਂ ਨੂੰ ਅਪੀਲ ਹੈ ਕਿ ਜੇ ਉਹਨਾਂ ਨੂੰ ਇਸ ਬਾਰੇ ਜਾਣਕਾਰੀ ਹੋਵੇ ਤਾਂ ਸਾਨੂੰ ਦੱਸਣ। ਇਸ ਸੰਬੰਧੀ ਸਾਨੂੰ ਸ਼੍ਰੀ ਭੂਪੇਂਦਰ ਹੂਜਾ ਦੇ ਸੰਪਾਦਨ ਤਹਿਤ "ਇੰਡੀਅਨ ਬੁੱਕ ਕਰੋਨੀਕਲ" ਵੱਲੋਂ ਸਭ ਤੋਂ ਪਹਿਲਾਂ ਅੰਗਰੇਜ਼ੀ ਵਿੱਚ ਪ੍ਰਕਾਸ਼ਿਤ A Martyr's Note book ਤੋਂ ਕਾਫੀ ਮੱਦਦ ਮਿਲੀ ਹੈ, ਜਿਸਦੇ ਵਾਸਤੇ ਅਸੀਂ ਉਹਨਾਂ ਦਾ ਆਭਾਰ ਪ੍ਰਗਟ ਕਰਦੇ ਹਾਂ।

- ***ਸੱਤਯਮ ਵਰਮਾ***
ਨਵੀਂ ਦਿੱਲੀ

# ਭਗਤ ਸਿੰਘ ਦੀ ਜੇਲ੍ਹ ਨੋਟ ਬੁੱਕ ਜੋ ਸ਼ਹਾਦਤ ਦੇ ਤਰੇਹਠ ਵਰ੍ਹਿਆਂ ਬਾਦ ਛਪ ਸਕੀ

- ***ਆਲੋਕ ਰੰਜਨ***

ਰੂਸੀ ਵਿਦਵਾਨ ਐਲ.ਵੀ. ਮਿਤਰੋਖਿਨ ਉਹ ਪਹਿਲੇ ਵਿਅਕਤੀ ਸਨ ਜਿਹਨਾਂ ਨੇ 1981 ਵਿੱਚ ਪ੍ਰਕਾਸ਼ਿਤ ਆਪਣੀ ਪੁਸਤਕ "ਲੈਨਿਨ ਐਂਡ ਇੰਡੀਆ" ਅੰਦਰ ਪਹਿਲੀ ਵਾਰ, ਇੱਕ ਵੱਖਰੇ ਅਧਿਆਇ ਵਿੱਚ, ਭਗਤ ਸਿੰਘ ਦੀ ਦੁਰਲੱਭ ਜੇਲ੍ਹ ਨੋਟ ਬੁੱਕ ਵਿੱਚੋਂ ਵਿਸਤਰਿਤ ਹਵਾਲੇ ਦਿੰਦੇ ਹੋਇਆਂ ਉਸ ਵੱਲੋਂ ਆਖਰੀ ਦਿਨਾਂ ਵਿੱਚ ਕੀਤੇ ਗਏ ਇਨਕਲਾਬੀ ਅਤੇ ਮਾਰਕਸਵਾਦੀ ਸਾਹਿੱਤ ਦੇ ਗੰਭੀਰ ਅਧਿਐਨ ਬਾਰੇ ਰੌਸ਼ਨੀ ਪਾਈ ਗਈ ਸੀ ਅਤੇ ਉਹਨਾਂ ਯੋਜਕ ਸਤਰਾਂ ਨੂੰ ਸੰਯੋਜਿਤ ਕਰਨ ਦੀ ਕੋਸ਼ਿਸ਼ ਕੀਤੀ ਸੀ, ਜੋ ਭਗਤ ਸਿੰਘ ਦੇ ਚਿੰਤਨ ਦੇ ਅਨਿੱਖੜਵੇਂ ਅੰਗ ਸਨ।

ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਨੇ 1928 ਵਿੱਚ 'ਹਿੰਦੁਸਤਾਨ ਸੋਸ਼ਲਿਸਟ ਰਿਪਬਲਕਨ ਐਸੋਸੀਏਸ਼ਨ' ਦੀ ਸਥਾਪਨਾ ਸਮੇਂ ਸਮਾਜਵਾਦ ਨੂੰ ਉਦੇਸ਼ ਅਤੇ ਸਿਧਾਂਤ ਦੇ ਰੂਪ ਵਿੱਚ ਸਵੀਕਾਰ ਕਰ ਲਿਆ ਸੀ, ਪਰ ਇਤਫਾਕ ਵੱਸ 1929 ਦੇ ਮੱਧ ਤੱਕ ਸਮਾਜਵਾਦ ਅਤੇ ਮਾਰਕਸਵਾਦ ਦੇ ਪ੍ਰਤੀ ਉਹਨਾਂ ਦਾ ਲਗਾਓ ਭਾਵਾਤਮਕ ਹੀ ਸੀ, ਤਰਕਸੰਗਤ ਨਹੀਂ। ਭਗਤ ਸਿੰਘ ਦੇ ਸਹਿਯੋਗੀ ਇਨਕਲਾਬੀ ਸ਼ਿਵ ਵਰਮਾ ਸਮੇਤ ਅਨੇਕਾਂ ਇਤਿਹਾਸਕਾਰਾਂ ਨੇ ਇਸ ਗੱਲ ਦਾ ਉਲੇਖ ਕੀਤਾ ਹੈ ਕਿ 1929 ਵਿੱਚ ਗ੍ਰਿਫ਼ਤਾਰੀ ਦੇ ਬਾਦ ਐਚ.ਐਨ.ਆਰ.ਏ. ਦੇ ਨੌਜਵਾਨ ਇਨਕਲਾਬੀਆਂ ਦੇ ਇੱਕ ਧੜੇ ਨੇ ਅਤੇ ਖ਼ਾਸ ਤੌਰ ਤੇ ਭਗਤ ਸਿੰਘ ਨੇ ਜੇਲ੍ਹ ਵਿੱਚ ਬਹੁਤ ਮੁਸ਼ਕਿਲਾਂ ਸਹਿਣ ਕਰਕੇ, ਇਨਕਲਾਬੀ ਸਾਹਿੱਤ ਅਤੇ ਮਾਰਕਸਵਾਦ ਦਾ ਗੰਭੀਰ ਅਧਿਐਨ ਅਤੇ ਉਸ ਉੱਪਰ ਵਿਚਾਰ ਵਟਾਂਦਰਾ ਕੀਤਾ। ਇਸਦੇ ਪਰਿਨਾਮ ਸਰੂਪ ਉਹ ਅਰਾਜਕਤਾਵਾਦੀ ਅਤੇ ਮੱਧ ਵਰਗੀ ਹੌਂਸਲਾ ਪਸਤਵਾਦ ਨੂੰ ਤਿਆਗਕੇ ਤੇਜ਼ੀ ਨਾਲ ਸਰਵਹਾਰਾ ਇਨਕਲਾਬ ਦੇ ਮਾਰਕਸਵਾਦੀ ਸਿਧਾਤਾਂ ਨੂੰ ਅਪਣਾਉਣ ਦੀ ਦਿਸ਼ਾ ਵਿੱਚ ਅੱਗੇ ਵਧੇ। ਵਿਅਕਤੀਗਤ ਸੂਰਮਗਤੀ ਅਤੇ ਬਲੀਦਾਨ ਰਾਹੀਂ ਲੋਕਾਂ ਨੂੰ ਜਗਾਉਣ ਅਤੇ ਆਤੰਕਵਾਦੀ ਰਣਨੀਤੀ ਦੇ ਰਾਹੀਂ ਉਪਨਿਵੇਸ਼ਵਾਦ ਦੇ ਵਿਰੁੱਧ ਸੰਘਰਸ਼ ਦਾ ਰਾਹ ਛੱਡਕੇ ਉਹਨਾਂ ਨੇ ਆਪਣੇ ਅਤੀਤ ਦੀ ਆਲੋਚਨਾ ਤੇ ਪੜਚੋਲ ਕੀਤੀ ਅਤੇ ਇਸ ਗੱਲ ਉੱਪਰ ਜ਼ੋਰ ਦਿੱਤਾ ਕਿ ਇਨਕਲਾਬ ਦੀ ਮੁੱਖ ਸ਼ਕਤੀ ਮਜ਼ਦੂਰ ਅਤੇ ਕਿਸਾਨ ਹਨ, ਸਾਮਰਾਜਵਾਦ ਨੂੰ ਸਿਰਫ਼ ਸਰਵਹਾਰਾ ਇਨਕਲਾਬ ਦੇ ਰਾਹੀਂ ਹੀ ਹਾਰ ਦਿੱਤੀ ਜਾ ਸਕਦੀ ਹੈ, ਮੁੱਖ ਤੌਰ ਤੇ ਪੇਸ਼ਾਵਰ ਇਨਕਲਾਬੀਆਂ ਉੱਪਰ ਆਧਾਰਿਤ ਸਰਵਹਾਰਾ ਵਰਗ ਦੀ ਇਨਕਲਾਬੀ ਪਾਰਟੀ ਦੀ ਅਗਵਾਈ ਵਿੱਚ ਵਿਆਪਕ ਮਿਹਨਤਕਸ਼ ਲੋਕਾਂ ਤੇ ਮੱਧ ਵਰਗ ਦਾ ਜਨ ਸੰਗਠਨ ਉਸਾਰਕੇ ਅੰਦੋਲਨ ਦਾ ਮਾਰਗ ਅਪਣਾਇਆ ਜਾਣਾ ਚਾਹੀਦਾ ਹੈ ਅਤੇ ਇਹ ਕਿ, ਇਸਦੇ ਮਗਰੋਂ ਹੀ ਹਥਿਆਰਬੰਦ ਇਨਕਲਾਬ ਦੇ ਰਾਹੀਂ ਸੱਤਾ ਪਲਟਕੇ ਸਰਵਹਾਰਾ ਤਾਨਾਸ਼ਾਹੀ ਦੀ ਸਥਾਪਨਾ ਕੀਤੀ ਜਾ ਸਕਦੀ ਹੈ। ਐਚ.ਐਸ.ਆਰ.ਏ. ਦੇ ਸਿਧਾਂਤਕਾਰਾਂ ਵਿੱਚ ਭਗਤ ਸਿੰਘ

ਸਭ ਤੋਂ ਉੱਪਰ ਸਨ ਅਤੇ ਉਹਨਾਂ ਦੀ ਸਮੁੱਚੀ ਵਿਚਾਰਧਾਰਾ ਨੂੰ 1929 ਤੋਂ ਮਾਰਚ 1931 ਤੱਕ (ਭਾਵ ਫਾਂਸੀ ਚੜ੍ਹਨ ਤੱਕ) ਦੇ ਉਹਨਾਂ ਦੇ ਦਸਤਾਵੇਜ਼ਾਂ, ਲੇਖਾਂ, ਖਤਾਂ, ਅਤੇ ਭਾਸ਼ਣਾਂ ਵਿੱਚੋਂ ਵੇਖਿਆ ਜਾ ਸਕਦਾ ਹੈ। ਭਗਤ ਸਿੰਘ ਦੇ ਸਭ ਤੋਂ ਉੱਨਤ ਵਿਚਾਰ ਫਰਵਰੀ 1931 ਦੇ ਦੋ ਭਾਗਾਂ ਵਾਲੇ ਉਸ ਲਾ-ਮਿਸਾਲ ਦਸਤਾਵੇਜ ਨੂੰ ਵੇਖਣ ਵਿੱਚ ਮਿਲਦੇ ਹਨ ਜੋ "ਇਨਕਲਾਬੀ ਪ੍ਰੋਗਰਾਮ ਦਾ ਖਰੜਾ" ਨਾਮ ਨਾਲ 'ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਦੇ ਦਸਤਾਵੇਜ਼ ਸੰ- ਜਗਮੋਹਨ ਸਿੰਘ, ਚਮਨ ਲਾਲ, ਰਾਜ ਕਮਲ ਪ੍ਰਕਾਸ਼ਕ, ਨਵੀਂ ਦਿੱਲੀ ਵਿੱਚ ਸੰਗ੍ਰਹਿਤ ਹਨ।

ਭਗਤ ਸਿੰਘ ਦੀ ਜੇਲ੍ਹ ਨੋਟ ਬੁੱਕ ਮਿਲਣ ਦੇ ਮਗਰੋਂ ਭਗਤ ਸਿੰਘ ਦੇ ਚਿੰਤਕ ਵਿਅਕਤੀਤਵ ਦੀ ਵਿਆਪਕਤਾ ਅਤੇ ਗਹਿਰਾਈ ਉੱਪਰ ਹੋਰ ਵੱਧ ਸਪੱਸ਼ਟ ਰੌਸ਼ਨੀ ਪਈ ਹੈ। ਉਸਦੇ ਵਿਕਾਸ ਦੀ ਪ੍ਰਕ੍ਰਿਆ ਸਮਝਣ ਵਿੱਚ ਮੱਦਦ ਮਿਲੀ ਹੈ ਅਤੇ ਇਹ ਸੱਚਾਈ ਹੋਰ ਵੱਧ ਤਸਦੀਕ ਹੋਈ ਹੈ ਕਿ ਭਗਤ ਸਿੰਘ ਨੇ ਆਪਣੇ ਅੰਤਿਮ ਦਿਨਾਂ ਵਿੱਚ, ਸਵੈ-ਅੰਤਰਮੁਖੀ ਅਤੇ ਡੂੰਘੇ ਅਧਿਐਨ ਦੇ ਬਾਦ ਤਰਕਸੰਗਤ ਢੰਗ ਨਾਲ ਮਾਰਕਸਵਾਦ ਨੂੰ ਆਪਣਾ ਮਾਰਗ ਦਰਸ਼ਕ ਸਿਧਾਂਤ ਬਣਾਇਆ ਸੀ। ਪਹਿਲੀ ਵਾਰੀ ਤਾਂ ਇਸ ਗੱਲ ਤੇ ਵਿਸਵਾਸ਼ ਨਹੀਂ ਆਉਂਦਾ ਕਿਉਂਕਿ ਇਨਕਲਾਬੀ ਜੀਵਨ ਅਤੇ ਜੇਲ੍ਹ ਦੀਆਂ ਕਰੂਰ ਕਠਿਨਾਈਆਂ ਵਿੱਚ ਭਗਤ ਸਿੰਘ ਨੇ ਬਰਤਾਨਵੀ ਸੈਂਸਰਸ਼ਿਪ ਦੀਆਂ ਤਮਾਮ ਦਿੱਕਤਾਂ ਦੇ ਬਾਵਜੂਦ ਪੁਸਤਕਾਂ ਇਕੱਠੀਆਂ ਕਰਕੇ ਐਨਾਂ ਡੂੰਘਾ ਅਤੇ ਵਿਆਪਕ ਅਧਿਐਨ ਕਰ ਮਾਰਿਆ। ਮਹਿਜ 23 ਵਰ੍ਹਿਆਂ ਦੀ ਛੋਟੀ ਜਿਹੀ ਉਮਰ ਵਿੱਚ ਚਿੰਤਨ ਦਾ ਜੋ ਧਰਾਤਲ ਉਹਨਾਂ ਨੇ ਹਾਸਿਲ ਕਰ ਲਿਆ ਸੀ, ਉਹ ਉਹਨਾਂ ਦੇ ਯੁੱਗ ਦ੍ਰਿਸ਼ਟਾ ਯੁੱਗਪੁਰਸ਼ ਹੋਣ ਦਾ ਪ੍ਰਮਾਣ ਸੀ। ਅਜਿਹੇ ਮਹਾਨ ਚਿੰਤਨ ਹੀ ਇਤਿਹਾਸ ਦਾ ਰੁਖ ਬਦਲਣ ਅਤੇ ਗਤੀ ਤੇਜ਼ ਕਰਨ ਦਾ ਜਿਗਰਾ ਰੱਖਦੇ ਹਨ। ਭਗਤ ਸਿੰਘ ਦੀ ਸ਼ਹਾਦਤ ਭਾਰਤੀ ਲੋਕਾਂ ਨੂੰ ਅੱਜ ਵੀ ਦਿਸਹੱਦੇ ਤੇ ਨਿਰੰਤਰ ਜਗਦੀ ਮਸ਼ਾਲ ਦੀ ਭਾਂਤਿ ਪ੍ਰੇਰਣਾ ਦਿੰਦੀ ਹੈ। ਪਰ ਇਹ ਵੀ ਸੱਚ ਹੈ ਕਿ ਉਹਨਾਂ ਦੀ ਫਾਂਸੀ ਨੇ ਇਤਿਹਾਸ ਦਾ ਰੁਖ ਬਦਲ ਦਿੱਤਾ। ਇਹ ਸੋਚਣਾ ਗਲਤ ਨਹੀਂ ਹੈ ਕਿ ਭਗਤ ਸਿੰਘ ਨੂੰ 23 ਵਰ੍ਹਿਆਂ ਦੀ ਛੋਟੀ ਜਿਹੀ ਉਮਰ ਵਿੱਚ ਜੇ ਫਾਂਸੀ ਨਾ ਹੋਈ ਹੁੰਦੀ ਤਾਂ ਕੌਮੀ ਮੁਕਤੀ ਸੰਘਰਸ਼ ਦਾ ਇਤਿਹਾਸ ਅਤੇ ਭਾਰਤੀ ਸਰਵਹਾਰਾ ਇਨਕਲਾਬ ਦਾ ਇਤਿਹਾਸ ਸ਼ਾਇਦ ਕਿਸੇ ਹੋਰ ਹੀ ਢੰਗ ਨਾਲ ਲਿਖਿਆ ਜਾਂਦਾ।

ਬਹਰਹਾਲ, ਇਤਿਹਾਸ ਦੀ ਉਨੀ ਹੀ ਦੁਖਦਾਈ ਵਿਡੰਬਨਾ ਇਹ ਵੀ ਹੈ ਕਿ ਅੱਜ ਵੀ ਇਸ ਦੇਸ਼ ਦੇ ਪੜ੍ਹੇ ਲਿਖੇ ਲੋਕਾਂ ਦਾ ਇੱਕ ਵੱਡਾ ਹਿੱਸਾ ਭਗਤ ਸਿੰਘ ਨੂੰ ਇੱਕ ਮਹਾਨ ਯੋਧਾ ਤਾਂ ਮੰਨਦਾ ਹੈ, ਪਰ ਇਹ ਨਹੀਂ ਜਾਣਦਾ ਕਿ 23 ਵਰ੍ਹਿਆਂ ਦਾ ਉਹ ਨੌਜਵਾਨ ਇੱਕ ਮਹਾਨ ਚਿੰਤਕ ਵੀ ਸੀ। ਰਾਜਨੀਤਕ ਆਜ਼ਾਦੀ ਮਿਲਣ ਦੇ ਪੰਜਾਹ ਵਰ੍ਹਿਆਂ ਬਾਦ ਵੀ ਸੰਪਰੂਣ ਗਾਂਧੀ, ਨਹਿਰੂ ਤੋਂ ਲੈ ਕੇ ਸਾਰੇ ਰਾਸ਼ਟਰਪਤੀਆਂ ਦੇ ਅਨੁਸ਼ਠਾਨਿਕ ਭਾਸ਼ਾਵਾਂ ਦੇ ਵੱਡੇ-ਗਰੰਥ ਤੱਕ ਪ੍ਰਕਾਸ਼ਿਤ ਹੁੰਦੇ ਰਹੇ ਹਨ ਪਰ ਕਿਸੇ ਵੀ ਸਰਕਾਰ ਨੇ ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਦੇ ਸਮੁੱਚੇ ਦਸਤਾਵੇਜ਼ਾਂ ਨੂੰ ਪੁਰਾਤੱਤਵ ਵਿਭਾਗ, ਪੱਤਰ-ਪੱਤ੍ਰਿਕਾਵਾਂ ਅਤੇ ਵਿਅਕਤੀਗਤ ਸੰਗ੍ਰਹਿਾਂ ਵਿੱਚੋਂ ਕੱਢਕੇ ਛਾਪਣ ਦੀ ਸਾਰ ਨਹੀਂ ਲਈ।

ਇੱਕਾ ਦੁੱਕਾ ਰਸਾਲਿਆਂ ਵਿੱਚ ਪ੍ਰਕਾਸ਼ਿਤ ਲੇਖਾਂ, ਅਜੈ ਕੁਮਾਰ ਘੋਸ਼, ਸ਼ਿਵ ਵਰਮਾ, ਸੋਹਣ ਸਿੰਘ ਜੋਸ਼, ਜਿਤੇਂਦਰ ਨਾਥ ਸਾਨਿਆਲ ਆਦਿ ਭਗਤ ਸਿੰਘ ਦੇ ਸਮਕਾਲੀਨ ਇਨਕਲਾਬੀਆਂ ਦੀਆਂ ਵਿਭਿੰਨ ਪੁਸਤਕਾਂ - ਲੇਖਾਂ, ਭਗਤ ਸਿੰਘ ਦੀ ਭਤੀਜੀ ਵੀਰੇਂਦਰ ਸਿੱਧੂ ਦੀਆਂ ਪੁਸਤਕਾਂ ਗੋਪਾਲ ਠਾਕਰ, ਜੀ.ਦੇਵਲ, ਮਨਮਥ ਨਾਥ ਗੁਪਤ, ਬਿਪਨ ਚੰਦਰ, ਹੰਸ ਰਾਜ ਰਹਿਬਰ, ਕਮਲੇਸ਼ ਮੋਹਨ ਆਦਿ ਇਤਿਹਾਸਕਾਰਾਂ ਲੇਖਕਾਂ ਦੇ ਵਿਭਿੰਨ ਲੇਖਾਂ ਅਤੇ ਪੁਸਤਕਾਂ ਤੋਂ ਭਗਤ ਸਿੰਘ ਦੇ ਸਿਧਾਂਤਕ ਵਿਅਕਤੀਤਵ ਉੱਪਰ ਰੌਸ਼ਨੀ ਅਵੱਸ਼ ਪੈਂਦੀ ਰਹੀ, ਪਰ ਬਹੁਗਿਣਤੀ ਪੜ੍ਹੀ ਲਿਖੀ ਜਨਤਾ ਵੀ ਇਸਤੋਂ ਬਹੁਤ ਹੀ ਘੱਟ ਜਾਣੂੰ ਰਹੀ ਹੈ। ਭਗਤ ਸਿੰਘ ਦੇ ਕੁਝ ਕੁ ਇਸਤਾਸਕ ਬਿਆਨਾਂ - ਦਸਤਾਵੇਜ਼ਾਂ ਨੂੰ ਸੱਤਰਵਿਆਂ ਦੇ ਦਹਾਕੇ ਦੇ ਪੂਰਵ ਅੱਧ ਵਿੱਚ ਦਿੱਲੀ ਤੋਂ ਕੁਝ ਇਨਕਲਾਬੀ ਖੱਬੇ ਪੱਖੀ ਸੰਸਕ੍ਰਿਤਕ ਕਾਰਕੁੰਨਾਂ ਦੀ ਪਹਿਲਕਦਮੀ ਤੇ ਪ੍ਰਕਾਸ਼ਿਤ ਹੁੰਦੀ 'ਮੁਕਤੀ' ਮੈਗਜ਼ੀਨ ਨੇ ਪ੍ਰਕਾਸ਼ਿਤ ਕੀਤਾ। ਇਸਦੇ ਮਗਰੋਂ ਕਈ ਰਸਾਲਿਆਂ ਨੇ ਅਤੇ ਇਨਕਲਾਬੀ ਗਰੁੱਪਾਂ ਨੇ ਕਿਤਾਬਚਿਆਂ ਦੇ ਰੂਪ ਵਿੱਚ ਭਗਤ ਸਿੰਘ ਦੇ ਚੋਣਵੇਂ ਕੁਝ ਕੁ ਲੇਖਾਂ ਨੂੰ ਛਾਪਣ ਦਾ ਕੰਮ ਕੀਤਾ। ਭਗਤ ਸਿੰਘ ਦੇ ਸਾਥੀ ਸ਼ਿਵ ਵਰਮਾ ਨੇ ਉਹਨਾਂ ਦੇ ਚੋਣਵੇਂ ਲੇਖਾਂ ਦਾ ਸੰਗ੍ਰਹਿ ਅੰਗਰੇਜ਼ੀ ਅਤੇ ਹਿੰਦੀ ਵਿੱਚ ਪ੍ਰਕਾਸ਼ਿਤ ਕੀਤਾ।

ਸਭ ਤੋਂ ਪਹਿਲਾਂ ਜਗਮੋਹਨ ਸਿੰਘ (ਭਗਤ ਸਿੰਘ ਦੇ ਭਾਣਜੇ) ਅਤੇ ਚਮਨ ਲਾਲ ਨੇ ਭਗਤ ਸਿੰਘ ਅਤੇ ਉਸਦੇ ਸਾਥੀਆਂ ਦੇ ਅਧਿਕਾਂਸ਼ ਭਾਸ਼ਣਾਂ, ਲੇਖਾਂ, ਖਤਾਂ ਅਤੇ ਦਸਤਾਵੇਜ਼ਾਂ ਨੂੰ ਇੱਕ ਥਾਂ ਸੰਗ੍ਰਹਿ ਕੀਤਾ (ਹਾਲਾਂਕਿ ਇਹ ਸੰਗ੍ਰਹਿ ਵੀ ਸੰਪੂਰਣ ਨਹੀਂ ਹੈ) ਜੋ 1986 ਵਿੱਚ ਰਾਜ ਕਮਲ ਪ੍ਰਕਾਸ਼ਨ ਨਵੀਂ ਦਿੱਲੀ ਤੋਂ ਪ੍ਰਕਾਸ਼ਿਤ ਹੋਇਆ।

ਇਸ ਤੱਥ ਦੀ ਚਰਚਾ ਭਗਤ ਸਿੰਘ ਦੇ ਕਈ ਸਾਥੀਆਂ ਅਤੇ ਇਤਿਹਾਸਕਾਰਾਂ ਨੇ ਕੀਤੀ ਹੈ ਕਿ ਜੇਲ੍ਹ ਵਿੱਚ ਉਹਨਾਂ ਨੇ ਚਾਰ ਹੋਰ ਪੁਸਤਕਾਂ ਵੀ ਲਿਖੀਆਂ ਸਨ : "ਆਤਮ ਕਥਾ", 'ਸਮਾਜਵਾਦ ਦਾ ਆਦਰਸ਼', 'ਭਾਰਤ ਵਿੱਚ ਇਨਕਲਾਬੀ ਸੰਘਰਸ਼' ਅਤੇ 'ਮੌਤ ਦੇ ਦਰਵਾਜ਼ੇ ਤੇ' ਬਦਕਿਸਮਤੀ ਇਹ ਕਿ ਇਹਨਾਂ ਦੇ ਖਰੜੇ ਅੱਜ ਉਪਲੱਬਧ ਨਹੀਂ ਹਨ ਅਤੇ ਸਮਝਿਆ ਇਹ ਹੀ ਜਾਂਦਾ ਹੈ ਕਿ ਉਹ ਨਸ਼ਟ ਹੋ ਚੁੱਕੇ ਹਨ। ਹਾਲਾਂਕਿ ਇਹਨਾਂ ਦੇ ਗਾਇਬ ਹੋਣ ਦੀ ਕਹਾਣੀ ਵੀ ਰਹੱਸਮਈ ਹੈ ਅਤੇ ਇਸ ਵਿੱਚ ਵੀ ਕਿਸੇ ਸਾਜਿਸ਼ ਤੋਂ ਪੂਰੀ ਤਰ੍ਹਾਂ ਇਨਕਾਰ ਨਹੀਂ ਕੀਤਾ ਜਾ ਸਕਦਾ। ਬਹਰਹਾਲ, ਇਹ ਭਾਰਤੀ ਇਤਿਹਾਸ ਦੇ ਸਭ ਤੋਂ ਵੱਧ ਦੁਰਭਾਗਪੂਰਣ ਪ੍ਰਸੰਗਾਂ ਵਿੱਚੋਂ ਇੱਕ ਹੈ।

ਹੁਣ ਅਸੀਂ ਭਗਤ ਸਿੰਘ ਦੀ ਉਸ ਇਤਿਹਾਸਕ ਜੇਲ੍ਹ ਨੋਟ ਬੁੱਕ ਦੀ ਚਰਚਾ ਵੱਲੀਂ ਆਉਂਦੇ ਹਾਂ ਜੋ ਪਹਿਲੀ ਵਾਰ 1993 ਵਿੱਚ ਜੈਪੁਰ ਤੋਂ "ਇੰਡੀਅਨ ਬੁੱਕ ਕਰੋਨੀਕਲ" ਵੱਲੋਂ "ਏ ਮਾਰਟਾਇਰਜ਼ ਨੋਟ ਬੁੱਕ" ਨਾਂ ਨਾਲ ਪ੍ਰਕਾਸ਼ਿਤ ਹੋਈ ਇਸਦਾ ਸੰਪਾਦਨ ਭੂਪੇਂਦਰ ਹੂਜ਼ਾ ਨੇ ਕੀਤਾ ਸੀ। ਇਸ ਡਾਇਰੀ ਦੇ ਮੁੱਢ ਵਿੱਚ ਦਿੱਤੀ ਗਈ ਪਰਿਚਯਾਤਮਕ ਟਿੱਪਣੀ ਦੇ ਅਨੁਸਾਰ, ਇਸਦੀ ਹੱਥ ਲਿਖਤ/ਡੁਪਲੀਕੇਟ ਪ੍ਰਤੀਲਿਪੀ ਇੱਕ ਪੈਕਟ ਦੇ ਰੂਪ ਵਿੱਚ ਪਹਿਲੀ ਵਾਰ ਜੀ.ਬੀ. ਕੁਮਾਰ ਹੂਜਾ (ਗੁਰੂਕੁਲ ਕਾਂਗੜੀ, ਹਰਿਦੁਵਾਰ ਦੇ ਤਤਕਾਲੀਨ ਕੁਲਪਤੀ) ਨੂੰ 1981 ਵਿੱਚ ਗੁਰੂਕੁਲ ਇੰਦਰਪ੍ਰਸਥ ਦੇ ਦੌਰੇ ਦੇ ਵਕਤ ਸਵਾਮੀ ਸ਼ਕਤੀਵੇਸ਼ ਤੋਂ ਮਿਲੀ ਸੀ। ਪਰ ਇਸਤੋਂ ਵੀ ਪਹਿਲਾਂ ਇਹ ਡਾਇਰੀ 1977 ਵਿੱਚ ਐਲ.ਵੀ. ਮਿਤਰੋਖਿਨ ਨੇ ਫਰੀਦਾਬਾਦ ਵਿੱਚ ਰਹਿ ਰਹੇ ਭਗਤ ਸਿੰਘ ਦੇ ਭਾਈ ਕੁਲਬੀਰ ਸਿੰਘ ਦੇ ਕੋਲੋ ਵੇਖੀ ਸੀ ਅਤੇ ਇਸਦਾ ਵਿਸਥਾਰਪੂਰਵਕ ਅਧਿਐਨ ਕਰਕੇ ਇੱਕ ਲੇਖ ਲਿਖਿਆ ਸੀ, ਜੋ 1981 ਵਿੱਚ ਅੰਗਰੇਜ਼ੀ

ਵਿੱਚ ਪ੍ਰਕਾਸ਼ਿਤ ਉਹਨਾਂ ਦੀ ਪੁਸਤਕ "ਲੈਨਿਨ ਐਂਡ ਇੰਡੀਆ" ਵਿੱਚ ਇੱਕ ਅਧਿਆਇ ਵਜੋਂ ਸ਼ਾਮਿਲ ਕੀਤਾ ਗਿਆ। ਫੇਰ 1990 ਵਿੱਚ ਇਸ ਪੁਸਤਕ ਦਾ ਹਿੰਦੀ ਅਨੁਵਾਦ ਵੀ ਪ੍ਰਗਤੀ ਪ੍ਰਕਾਸ਼ਕ, ਮਾਸਕੋ ਵੱਲੋਂ "ਲੈਨਿਨ ਔਰ ਭਾਰਤ" ਨਾਂ ਨਾਲ ਪ੍ਰਕਾਸ਼ਿਤ ਹੋਇਆ।

ਹੁਣ ਤੱਕ ਇਸ ਡਾਇਰੀ ਦੇ ਸੰਬੰਧ ਵਿੱਚ ਪ੍ਰਾਪਤ ਜਾਣਕਾਰੀ ਨੂੰ ਅਸੀਂ ਏਥੇ ਸਿਲਸਿਲੇਵਾਰ ਪ੍ਰਸਤੁਤ ਕਰ ਰਹੇ ਹਾਂ।

1968 ਵਿੱਚ ਭਾਰਤੀ ਇਤਿਹਾਸਕਾਰ ਜੀ. ਦੇਵਲ ਨੇ "ਪੀਪਲਜ਼ ਪਾਥ' ਰਸਾਲੇ ਵਿੱਚ ਭਗਤ ਸਿੰਘ ਬਾਰੇ ਇੱਕ ਲੇਖ ਲਿਖਿਆ ਸੀ ਜਿਸ ਵਿੱਚ 200 ਸਫ਼ਿਆਂ ਦੀ ਇੱਕ ਕਾਪੀ ਦਾ ਜ਼ਿਕਰ ਕੀਤਾ ਗਿਆ ਹੈ। ਇਸ ਕਾਪੀ ਵਿੱਚ ਪੂੰਜੀਵਾਦੀ, ਸਮਾਜਵਾਦ, ਰਾਜ ਦੀ ਉਤਪਤੀ, ਮਾਰਕਸਵਾਦ, ਕਮਿਊਨਿਜ਼ਮ, ਧਰਮ, ਦਰਸ਼ਨ, ਇਨਕਲਾਬਾਂ ਦਾ ਇਤਿਹਾਸ ਆਦਿ ਬਾਰੇ ਵਿਭਿੰਨ ਪੁਸਤਕਾਂ ਦੇ ਅਧਿਐਨ ਦੌਰਾਨ ਭਗਤ ਸਿੰਘ ਵੱਲੋਂ ਜੇਲ੍ਹ ਵਿੱਚ ਲਏ ਗਏ ਨੋਟ ਹਨ। ਇਹ ਨੋਟ ਬੁੱਕ ਭਗਤ ਸਿੰਘ ਦੀ ਫਾਂਸੀ ਦੇ ਬਾਦ ਉਹਨਾਂ ਦੇ ਪਰਿਵਾਰ ਵਾਲਿਆਂ ਨੂੰ ਸੌਂਪ ਦਿੱਤੀ ਗਈ ਸੀ। ਦੇਵਲ ਨੇ ਇਸਨੂੰ ਫਰੀਦਾਬਾਦ ਵਿਖੇ ਰਹਿ ਰਹੇ ਭਗਤ ਸਿੰਘ ਦੇ ਛੋਟੇ ਭਾਈ ਕੁਲਬੀਰ ਸਿੰਘ ਦੇ ਕੋਲੇ ਵੇਖਿਆ ਸੀ ਅਤੇ ਅਧਿਐਨ ਕਰਕੇ ਨੋਟਸ ਲਏ ਸਨ। ਆਪਣੇ ਲੇਖ ਵਿੱਚ ਦੇਵਲ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਇਹ ਡਾਇਰੀ ਪ੍ਰਕਾਸ਼ਿਤ ਕੀਤੀ ਜਾਣੀ ਚਾਹੀਦੀ ਹੈ, ਪਰ ਅਜਿਹਾ ਨਹੀਂ ਹੋਇਆ।

ਉਕਤ ਡਾਇਰੀ ਦੀ ਜਾਣਕਾਰੀ ਹੋ ਜਾਣ ਤੇ 1977 ਵਿੱਚ ਰੂਸੀ ਵਿਦਵਾਨ ਮਿਤਰੋਖਿਨ ਭਾਰਤ ਆਏ ਅਤੇ ਕੁਲਬੀਰ ਸਿੰਘ ਦੇ ਹਵਾਲੇ ਨਾਲ ਉਕਤ ਡਾਇਰੀ ਦੇ ਵਿਸਥਾਰਪੂਰਵਕ ਅਧਿਐਨ ਬਾਦ ਇੱਕ ਲੇਖ ਲਿਖਿਆ ਜੋ ਉਹਨਾਂ ਦੀ ਪੁਸਤਕ "ਲੈਨਿਨ ਐਂਡ ਇੰਡੀਆ" ਦਾ ਇੱਕ ਅਧਿਆਇ ਬਣਿਆ।

ਸਾਨੂੰ ਉਪਲਬਧ ਜਾਣਕਾਰੀ ਦੇ ਅਨੁਸਾਰ 1979 ਦੇ ਬਾਦ ਇਤਿਹਾਸ ਦੇ ਕਈ ਅਨੁਸੰਧਾਨ ਕਰਤਾਵਾਂ ਨੇ 404 ਸਫ਼ਿਆਂ ਦੀ ਉਕਤ ਜੇਲ੍ਹ ਨੋਟ ਬੁੱਕ ਦੀ ਇੱਕ ਫੋਟੋ ਸਟੇਟ ਪ੍ਰਤੀਲਿਪੀ ਤੀਨ ਮੂਰਤੀ ਭਵਨ ਸਥਿਤ ਜਵਾਹਰ ਲਾਲ ਨਹਿਰੂ ਮੈਮੋਰੀਅਲ ਮਿਊਜ਼ੀਅਮ ਤੇ ਲਾਇਬਰੇਰੀ ਵਿੱਚ ਵੀ ਦੇਖੀ ਪੜ੍ਹੀ। ਪਰ ਇਸ ਉੱਪਰ ਵੱਖਰੇ ਰੂਪ ਵਿੱਚ ਕੋਈ ਖੋਜ ਨਿਬੰਧ ਕਿਧਰੇ ਵੀ ਪ੍ਰਕਾਸ਼ਿਤ ਨਹੀਂ ਹੋਇਆ।

ਗੁਰੂਕੁਲ ਕਾਂਗੜੀ ਦੇ ਤਤਕਾਲੀਨ ਕੁਲਪਤੀ ਜੀ.ਬੀ. ਕੁਮਾਰ ਹੂਜਾ 1981 ਵਿੱਚ ਗੁਰੂਕੁਲ ਇੰਦ੍ਰਪ੍ਰਸਥ (ਦਿੱਲੀ ਤੋਂ 20 ਕਿਲੋਮੀਟਰ ਦੱਖਣੀ ਤੁਗਲਕਾਬਾਦ ਰੇਲਵੇ ਸਟੇਸ਼ਨ ਦੇ ਨਜ਼ਦੀਕ) ਦੇ ਦੌਰੇ ਤੇ ਗਏ ਸਨ। ਉਥੇ ਸੰਸਥਾ ਦੇ ਤਤਕਾਲੀਨ ਮੁੱਖ ਪ੍ਰਿੰਸੀਪਲ ਸਵਾਮੀ ਸ਼ਕਤੀਵੇਸ਼ ਦਾ ਕਤਲ ਹੋ ਗਿਆ ਅਤੇ ਉਕਤ ਡਾਇਰੀ (ਪ੍ਰਤੀਲਿਪੀ) ਹੂਜਾ ਜੀ ਦੇ ਕੋਲ ਹੀ ਰਹਿ ਗਈ।

1989 ਵਿੱਚ ਭਗਤ ਸਿੰਘ ਦੇ ਸ਼ਹੀਦੀ ਦਿਹਾੜੇ ਸਮੇਂ 23 ਮਾਰਚ ਨੂੰ ਜੈਪੁਰ ਵਿੱਚ ਕੁੱਝ ਬੁੱਧੀਜੀਵੀਆਂ ਨੇ "ਹਿੰਦੁਸਤਾਨੀ ਮੰਚ" ਦਾ ਗਠਨ ਕੀਤਾ। ਉਸਦੀਆਂ ਮੁਢਲੀਆਂ ਬੈਠਕਾਂ ਵਿੱਚ ਜੀ.ਬੀ. ਕੁਮਾਰ ਹੂਜ਼ਾ ਨੇ ਭਗਤ ਸਿੰਘ ਦੀ ਜੇਲ੍ਹ ਡਾਇਰੀ ਦੀ ਜਾਣਕਾਰੀ ਦਿੱਤੀ ਅਤੇ ਹਿੰਦੁਸਤਾਨੀ ਮੰਚ ਨੇ ਇਸਨੂੰ ਪ੍ਰਕਾਸ਼ਿਤ ਕਰਨ ਦਾ ਨਿਸ਼ਚਾ ਕੀਤਾ।

'ਇੰਡੀਅਨ ਬੁੱਕ ਕਰੋਨੀਕਲ' ਰਸਾਲੇ (ਜੈਪੁਰ) ਦੇ ਸੰਪਾਦਕ ਭੂਪੇਂਦਰ ਹੂਜ਼ਾ ਨੂੰ ਇਸ ਪਰਿਯੋਜਨਾ ਦੇ ਸੰਪਾਦਨ ਦੀ ਜ਼ਿੰਮੇਵਾਰੀ ਦਿੱਤੀ ਗਈ ਅਤੇ ਹਿੰਦੁਸਤਾਨੀ ਮੰਚ ਦੇ ਜਨਰਲ ਸਕੱਤਰ ਸਰਦਾਰ ਉਬਰਾਏ, ਪ੍ਰੋ.ਆਰ.ਪੀ. ਭੱਟਨਾਗਰ ਅਤੇ ਡਾ. ਆਰ.ਸੀ. ਭਾਰਤੀ ਨੇ ਉਹਨਾਂ ਦੇ ਸਹਿਯੋਗੀ ਦੀ ਭੂਮਿਕਾ ਨਿਭਾਈ। ਬਦਕਿਸਮਤੀ ਨਾਲ ਪੈਸੇ ਦੀ ਥੁੜ ਕਾਰਣ ਇਹ ਯੋਜਨਾ ਖਟਾਈ ਵਿੱਚ ਪੈ ਗਈ।

ਇਸੇ ਦੌਰਾਨ ਡਾ.ਆਰ.ਸੀ. ਭਾਰਤੀ ਨੂੰ ਉਕਤ ਜੇਲ ਨੋਟ ਬੁੱਕ ਦੀ ਇੱਕ ਹੋਰ ਟਾਈਪ ਕੀਤੀ ਹੋਈ ਪ੍ਰਤੀਲਿਪੀ ਪ੍ਰਾਪਤ ਹੋਈ ਜੋ ਇੱਕ ਸਥਾਨਕ ਵਿਦਵਾਨ ਡਾ. ਪ੍ਰਕਾਸ਼ ਚਤਰਵੇਦੀ ਦੀ ਮਾਸਕੋ ਪੁਰਾਤੱਤਵ ਵਿਭਾਗ ਤੋਂ ਫੋਟੋ ਕਾਪੀ ਕਰਵਾਕੇ ਲਿਆਏ ਸਨ। 'ਮਾਸਕੋ ਕਾਪੀ' ਅਤੇ 'ਗੁਰੂਕੁਲ ਕਾਪੀ' ਸ਼ਬਦਿਕ ਪੱਖੋਂ ਇੱਕ ਦੂਜੇ ਨਾਲ ਮਿਲ ਰਹੀਆਂ ਸਨ।

1991 ਵਿੱਚ ਭੂਪੇਂਦਰ ਹੂਜ਼ਾ ਨੇ ਨੋਟ ਬੁੱਕ ਨੂੰ ਕਿਸ਼ਤਾਂ ਵਿੱਚ ਆਪਣੇ ਰਸਾਲੇ 'ਇੰਡੀਅਨ ਬੁਕ ਕਰੋਨੀਕਲ' ਵਿੱਚ ਪ੍ਰਕਾਸ਼ਿਤ ਕਰਨਾ ਸ਼ੁਰੂ ਕਰ ਦਿੱਤਾ। ਭਗਤ ਸਿੰਘ ਦੀ ਜੇਲ੍ਹ ਨੋਟ ਬੁੱਕ ਇਸ ਰੂਪ ਵਿੱਚ ਪਹਿਲੀ ਵਾਰੀ ਵਿਆਪਕ ਪਾਠਕਾਂ ਤੱਕ ਪਹੁੰਚੀ। ਡਾ. ਚਮਨ ਲਾਲ ਨੇ ਵੀ ਭੂਪੇਂਦਰ ਹੂਜ਼ਾ ਨੂੰ ਸੂਚਿਤ ਕੀਤਾ ਕਿ ਉਕਤ ਨੋਟਬੁੱਕ ਦੀ ਇੱਕ ਨਕਲ ਉਹਨਾਂ ਨੇ ਵੀ ਨਹਿਰੂ ਮਿਊਜ਼ੀਅਮ ਲਾਇਬਰੇਰੀ ਨਵੀਂ ਦਿੱਲੀ ਵਿੱਚ ਵੇਖੀ ਸੀ।

ਇਸ ਤਰ੍ਹਾਂ ਭੂਪੇਂਦਰ ਹੂਜ਼ਾ ਅਤੇ ਉਹਨਾਂ ਦੇ ਸਹਿਯੋਗੀਆਂ ਦੀ ਨਜ਼ਰ ਵਿੱਚ ਉਕਤ ਜੇਲ੍ਹ ਨੋਟ ਬੁੱਕ ਦੀ ਅਧਿਕਾਰਤਾ ਹੋਰ ਵੱਧ ਪੱਕੀ ਹੋ ਗਈ। ਪਹਿਲੀ ਵਾਰ 1994 ਵਿੱਚ ਉਕਤ ਜੇਲ ਨੋਟ ਬੁੱਕ ਇੰਡੀਅਨ ਬੁੱਕ ਕਰੋਨੀਕਲ ਦੀ ਤਰਫੋਂ ਹੀ ਭੂਪੇਂਦਰ ਹੂਜ਼ਾ ਅਤੇ ਜੀ.ਬੀ. ਕੁਮਾਰ ਹੂਜਾ (ਬਾਲਭਦਰ ਭਾਰਤੀ) ਦੀ ਭੂਮਿਕਾਵਾਂ ਨਾਲ ਪੁਸਤਕ ਆਕਾਰ ਵਿੱਚ ਪ੍ਰਕਾਸ਼ਿਤ ਹੋਈ। ਉਕਤ ਦੋਵਾਂ ਭੂਮਿਕਾਵਾਂ ਤੋਂ ਵੀ ਸਪਸ਼ਟ ਹੈ ਕਿ ਜੀ.ਬੀ. ਕੁਮਾਰ ਹੂਜਾ ਅਤੇ ਭੂਪੇਂਦਰ ਹੂਜ਼ਾ ਨੂੰ ਇਸ ਤੱਥ ਦੀ ਜਾਣਕਾਰੀ ਨਹੀਂ ਸੀ ਕਿ ਉਕਤ ਡਾਇਰੀ ਦੀ ਮੂਲ ਪ੍ਰਤੀ ਭਗਤ ਸਿੰਘ ਦੇ ਭਾਈ ਕੁਲਬੀਰ ਸਿੰਘ ਕੋਲ ਫਰੀਦਾਬਾਦ ਵਿੱਚ ਵੀ ਮੌਜੂਦ ਹੈ। ਉਹਨਾਂ ਨੂੰ ਜੀ ਦੇਵਲ ਦੇ ਉਸ ਲੇਖ ਦੀ ਵੀ ਸੰਭਾਵਿਤ ਜਾਣਕਾਰੀ ਨਹੀਂ ਸੀ ਜਿਹਨਾਂ ਨੇ ਸਭ ਤੋਂ ਪਹਿਲਾਂ 1968 ਵਿੱਚ ਇਹ ਤੱਥ ਪੇਸ਼ ਕੀਤਾ ਸੀ, ਨਾ ਹੀ ਉਹਨਾਂ ਨੂੰ ਮਿਤਰੋਖਿਨ ਦਾ ਉਹ ਲੇਖ (1981) ਹੀ ਮਿਲਿਆ ਸੀ ਜੋ ਉਕਤ ਡਾਇਰੀ ਦੇ ਵਿਸਤਰਿਤ ਅਧਿਐਨ ਦੇ ਬਾਦ ਲਿਖਿਆ ਗਿਆ ਸੀ।

ਬਹਰਹਾਲ, ਮਿਤਰੋਖਿਨ ਨੇ ਕੁਲਬੀਰ ਸਿੰਘ ਦੇ ਕੋਲੋਂ ਉਪਲਬਧ ਨੋਟਬੁੱਕ/ਡਾਇਰੀ ਵਿੱਚੋਂ ਲਏ ਗਏ ਹਵਾਲਿਆਂ ਉੱਪਰ ਜੋ ਪੰਨੇ ਅੰਕਿਤ ਕੀਤੇ ਹਨ, ਉਹਨਾਂ ਨੂੰ ਵੇਖਣ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਜੀ.ਵੀ. ਕੁਮਾਰ ਹੂਜ਼ਾ ਨੂੰ ਪ੍ਰਾਪਤ 'ਗੁਰੂਕਲ ਟੈਕਸਟ' ਉਕਤ ਮੂਲ ਡਾਇਰੀ ਦਾ ਹੀ ਡੁਪਲੀਕੇਟ/ਹੱਥਲਿਖਤ ਉਤਾਰਾ ਹੈ।

ਅਜਿਹਾ ਸੰਭਵ ਹੈ ਕਿ ਡਾ. ਪ੍ਰਕਾਸ਼ ਚਤੁਰਵੇਦੀ ਨੇ ਡਾਇਰੀ/ਨੋਟ ਬੁੱਕ ਦੀ ਜੋ ਪ੍ਰਤੀਲਿਪੀ ਮਾਸਕੋ ਪੁਰਾਤੱਤਵ ਵਿਭਾਗ ਵਿੱਚ ਵੇਖੀ ਸੀ, ਉਹ ਮਿਤਰੋਖਿਨ ਹੀ ਭਾਰਤ ਤੋਂ ਲੈ ਗਏ ਹੋਣ ਜਾਂ ਇਹ ਵੀ ਹੋ ਸਕਦਾ ਹੈ ਕਿ ਕਿਸੇ ਹੋਰ ਰੂਸੀ ਵਿਦਵਾਨ ਨੇ ਵੀ ਡਾਇਰੀ ਦਾ ਅਧਿਐਨ ਕੀਤਾ ਹੋਵੇ।

ਬਹਰਹਾਲ, ਇਹਨਾਂ ਤੱਥਾਂ ਤੋਂ ਡਾਇਰੀ ਦੀ ਅਧਿਕਾਰਤਾ ਹੀ ਹੋਰ ਵੱਧ ਪੱਕੀ ਹੁੰਦੀ ਹੈ।

'ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਦੇ ਦਸਤਾਵੇਜ਼' ਪੁਸਤਕ ਦੇ ਸੰਪਾਦਕ ਜਗਮੋਹਨ ਸਿੰਘ ਅਤੇ ਚਮਨ ਲਾਲ ਨੇ ਵੀ ਪੁਸਤਕ ਦੇ ਦੂਜੇ ਸੰਸਕਰਣ ਦੀ ਭੂਮਿਕਾ (23 ਮਾਰਚ '89) ਵਿੱਚ ਲਿਖਿਆ ਹੈ : "ਭਗਤ ਸਿੰਘ ਦੀ ਜੇਲ੍ਹ ਵਿੱਚ ਲਿਖਤ 404 ਪੰਨਿਆਂ ਦੀ ਡਾਇਰੀ, ਜਿਸ ਵਿੱਚ ਮਹੱਤਵਪੂਰਣ ਰਾਜਨੀਤਕ ਅਤੇ ਦਾਰਸ਼ਨਿਕ ਨੋਟਸ ਹਨ, ਹੁਣ ਵੀ ਆਮ ਪਾਠਕਾਂ ਦੀ ਪਹੁੰਚ ਤੋਂ ਬਾਹਰ ਹੈ, ਹਾਲਾਂਕਿ ਇਸਦੀ ਫੋਟੋ ਕਾਪੀ ਤੀਨ ਮੂਰਤੀ ਸਥਿਤ ਜਵਾਹਰ ਲਾਲ ਨਹਿਰੂ ਮੈਮੋਰੀਅਲ ਮਿਊਜ਼ੀਅਮ ਤੇ ਲਾਇਬਰੇਰੀ ਵਿੱਚ ਸੁਰੱਖਿਅਤ ਹੈ। ਇਸ ਬਾਰੇ ਕੀ ਆਖਿਆ ਜਾ ਸਕਦਾ ਹੈ, ਪਾਠਕ ਖੁਦ ਹੀ ਸੋਚਣ।"

ਇਸ ਟਿੱਪਣੀ ਤੋਂ ਅਜਿਹਾ ਲੱਗਦਾ ਹੈ ਕਿ ਜਗਮੋਹਨ ਸਿੰਘ ਅਤੇ ਚਮਨਲਾਲ ਨੂੰ ਵੀ ਇਸ ਤੱਥ ਦਾ ਪਤਾ ਨਹੀਂ ਸੀ ਭਗਤ ਸਿੰਘ ਦੀ ਮੂਲ ਜੇਲ੍ਹ ਨੋਟ ਬੁੱਕ ਉਹਨਾਂ ਦੇ ਭਾਈ ਕੁਲਬੀਰ ਸਿੰਘ ਦੇ ਕੋਲੇ ਮੌਜੂਦ ਹੈ, ਜਿਸਦਾ ਅਧਿਐਨ 1968 ਵਿੱਚ ਜੀ. ਦੇਵਲ ਅਤੇ 1977 ਵਿੱਚ ਮਿਤਰੋਖਿਨ ਨੇ ਕੀਤਾ ਸੀ। ਇਹ ਵਿਸ਼ੇਸ਼ ਹੈਰਾਨੀ ਦੀ ਗੱਲ ਇਸ ਕਰਕੇ ਹੈ ਕਿਉਂਕਿ ਜਗਮੋਹਨ ਸਿੰਘ ਵੀ ਖੁਦ ਭਗਤ ਸਿੰਘ ਦੇ ਪਰਿਵਾਰ ਦੇ ਮੈਂਬਰ ਹਨ। ਉਹ ਭਗਤ ਸਿੰਘ ਦੀ ਭੈਣ ਬੀਬੀ ਅਮਰ ਕੌਰ ਦੇ ਪੁੱਤਰ ਹਨ। ਭਗਤ ਸਿੰਘ ਦੇ ਦੂਜੇ ਭਾਈ ਕੁਲਤਾਰ ਸਿੰਘ ਦੀ ਪੁੱਤਰੀ ਵਿਰੇਂਦਰ ਸਿੱਧੂ ਨੇ ਵੀ ਭਗਤ ਸਿੰਘ ਬਾਰੇ ਦੋ ਪੁਸਤਕਾਂ ਲਿਖੀਆਂ ਹਨ। ਉਹਨਾਂ ਨੇ ਵੀ ਇਸਦਾ ਜ਼ਿਕਰ ਨਹੀਂ ਕੀਤਾ ਕਿ ਭਗਤ ਸਿੰਘ ਦੀ ਜੇਲ੍ਹ ਨੋਟ ਬੁੱਕ ਉਹਨਾਂ ਦੇ ਪਰਿਵਾਰ ਦੇ ਹੀ ਇੱਕ ਮੈਂਬਰ ਕੋਲੇ ਮੌਜੂਦ ਹੈ। ਜੇਕਰ ਇਹਨਾਂ ਪਰਿਵਾਰ ਜਨਾਂ ਨੂੰ ਵੀ ਇਸ ਤੱਥ ਦਾ ਪਤਾ ਨਹੀਂ ਸੀ ਤਾਂ ਇਸ ਸੰਬੰਧੀ ਅਸੀਂ ਕੁੱਝ ਨਹੀਂ ਕਹਿਣਾ। ਨਾ ਹੀ ਇਸਦੀ ਅੰਦਰੂਨੀ ਕਹਾਣੀ ਨੂੰ ਜਾਨਣ ਦੀ ਹੀ ਸਾਡੀ ਕੋਈ ਰੁਚੀ ਹੈ।

ਇਹ ਸਵਾਲ ਅਸੀਂ ਏਥੇ ਇਸ ਵਾਸਤੇ ਉਠਾ ਰਹੇ ਹਾਂ ਕਿ ਇਹ ਭਾਰਤ ਦੇ ਇਤਿਹਾਸ ਦੀ ਇੱਕ ਗੰਭੀਰ ਸਮੱਸਿਆ ਹੈ। ਆਜ਼ਾਦ ਭਾਰਤ ਦੀ ਕਾਂਗਰਸੀ ਸਰਕਾਰ ਹੀ ਨਹੀਂ ਕਿਸੇ ਵੀ ਪੂੰਜੀਵਾਦੀ ਸੰਸਦ ਮਾਰਗੀ ਪਾਰਟੀ ਤੋਂ ਅਸੀਂ ਇਹ ਉਮੀਦ ਨਹੀਂ ਰੱਖਦੇ ਕਿ ਉਹਨਾਂ ਦੀਆਂ ਸਰਕਾਰਾਂ ਭਗਤ ਸਿੰਘ ਦੇ ਵਿਚਾਰਾਂ ਨੂੰ ਜਨਤਾ ਤੱਕ ਪਹੁੰਚਾਉਣ ਦਾ ਕਾਰਜ ਕਰਨਗੀਆਂ। ਉਹਨਾਂ ਦਾ ਵੱਸ ਚੱਲਦਾ ਤਾਂ ਉਹ ਭਗਤ ਸਿੰਘ ਦੀ ਯਾਦ ਤੱਕ ਨੂੰ ਦਫ਼ਨਾ ਦਿੰਦੀਆਂ। ਪਰ ਇਹ ਉਹਨਾਂ ਦੇ ਵੱਸੋਂ ਬਾਹਰ ਦੀ ਗੱਲ ਹੈ।

ਪਰੰਤੂ ਸ਼ਹੀਦੇ-ਆਜ਼ਮ ਭਗਤ ਸਿੰਘ ਦੇ ਪਰਿਵਾਰ ਜਨਾਂ ਦਾ ਉਹਨਾਂ ਦੀ ਸਿਧਾਂਤਕ ਵਿਰਾਸਤ ਸੰਬੰਧੀ ਜੋ ਰੁਖ ਰਿਹਾ, ਉਸ ਬਾਰੇ ਕੀ ਆਖਿਆ ਜਾਵੇ ? ਸਿੱਧਾ ਸਵਾਲ ਇਹ ਹੈ ਕਿ ਕੁਲਬੀਰ ਸਿੰਘ ਦੇ ਕੋਲੇ ਜੋ ਭਗਤ ਸਿੰਘ ਦੀ ਜੇਲ੍ਹ ਨੋਟ ਬੁੱਕ ਮੌਜੂਦ ਸੀ ਤਾਂ ਉਹਨਾਂ ਨੇ ਉਸਨੂੰ ਭਾਰਤੀ ਲੋਕਾਂ ਤੱਕ ਪਹੁੰਚਾਉਣ ਦੇ ਵਾਸਤੇ ਕੀ ਕੋਸ਼ਿਸ਼ ਕੀਤੀ। ਉਹਨਾਂ ਨੇ ਅਖ਼ਬਾਰਾਂ ਵਿੱਚ ਇਤਿਹਾਸਕਾਰਾਂ ਨੂੰ ਖਤ ਲਿਖਕੇ, ਇਸਨੂੰ ਛਪਵਾਉਣ ਅਤੇ ਲੋਕਾਂ ਤੱਕ ਪੁਚਾਉਣ ਦੀ ਕੋਈ ਕੋਸ਼ਿਸ਼ ਕਿਉਂ ਨਹੀਂ ਕੀਤੀ ? ਕੀ ਇਸਨੂੰ ਪ੍ਰਕਾਸ਼ਿਤ ਕਰਨ ਲਈ ਪ੍ਰਕਾਸ਼ਕ ਨਹੀਂ ਮਿਲਦੇ ? ਜਾਂ ਲੋਕਾਂ ਕੋਲੋਂ ਸਰੋਤ ਸਾਧਨ ਨਹੀਂ ਜੁਟਾਏ ਜਾਂਦੇ ? ਸਾਡੀ ਜਾਣਕਾਰੀ ਅਨੁਸਾਰ ਸ਼ਹੀਦੇ-ਆਜ਼ਮ ਦੇ ਪਰਿਵਾਰ ਦੇ ਲੋਕ ਖੁਦ ਵੀ ਐਨੇ ਗਰੀਬ ਨਹੀਂ ਹਨ। ਉਹਨਾਂ ਨੂੰ ਜੇਕਰ ਭਗਤ ਸਿੰਘ ਦੇ ਆਦਰਸ਼ਾਂ ਨਾਲ ਪਿਆਰ ਹੁੰਦਾ ਅਤੇ ਉਹਨਾਂ ਦੇ ਵਿਚਾਰਾਂ ਨੂੰ ਜਨ-ਜਨ ਤੱਕ ਪੁਚਾਉਣ ਦੀ ਚਿੰਤਾ ਹੁੰਦੀ ਤਾਂ ਉਹ ਉਕਤ ਡਾਇਰੀ ਖੁਦ ਛਪਵਾ ਸਕਦੇ ਸਨ। ਹੈਰਾਨੀ ਤਾਂ ਉਦੋਂ ਹੁੰਦੀ ਹੈ ਜਦੋਂ ਲੱਗਦਾ ਹੈ ਕਿ ਜੇਲ ਨੋਟ ਬੁੱਕ ਦਾ ਕੁਲਬੀਰ ਸਿੰਘ ਦੇ ਕੋਲ ਉਪਲੱਬਧ ਹੋਣ ਦਾ ਤੱਥ ਖੁਦ ਜਗਮੋਹਨ ਸਿੰਘ ਜਾਂ ਵਿਰੇਂਦਰ ਸਿੱਧੂ ਨੂੰ ਵੀ ਨਹੀਂ ਪਤਾ ਸੀ। ਕੀ ਇਹ ਇੱਕ ਸ਼ਰਮਨਾਕ ਵਿਡੰਬਨਾ ਨਹੀਂ ਕਿ ਭਗਤ ਸਿੰਘ ਦੀ ਜੇਲ ਨੋਟ ਬੁੱਕ 'ਤੇ ਆਧਾਰਿਤ ਪਹਿਲਾ ਵਿਸਤਰਿਤ ਖੋਜ਼ ਨਿਬੰਧ 1981 ਵਿੱਚ ਇੱਕ ਰੂਸੀ ਵਿਦਵਾਨ ਮਿਤਰੋਖਿਨ ਦੀ ਪੁਸਤਕ ਵਿੱਚ ਸੰਕਲਿਤ ਹੋ ਕੇ ਸਾਡੇ ਸਾਹਮਣੇ ਆਇਆ ? ਵੈਸੇ ਇਸ ਆਲਸ ਅਤੇ ਗੈਰ ਜ਼ਿੰਮੇਵਾਰੀ ਦੇ ਵਾਸਤੇ ਉਹਨਾਂ ਇਤਿਹਾਸਕਾਰਾਂ ਨੂੰ ਵੀ ਮਾਫ਼ ਨਹੀਂ ਕੀਤਾ ਜਾ ਸਕਦਾ ਜੋ ਇਤਿਹਾਸ ਨੂੰ ਸਿਰਫ਼ ਪ੍ਰੋਫੈਸਰੀ ਦਾ ਵਸੀਲਾ ਬਣਾਈ ਬੈਠੇ ਹਨ ਅਤੇ ਇਤਿਹਾਸ ਦੀ ਵੱਡਮੁੱਲੀ ਵਿਰਾਸਤ ਨੂੰ ਵੀ ਲੋਕਾਂ ਤੱਕ ਪੁਚਾਉਣ ਦੀ ਜਿਹਨਾਂ ਨੂੰ ਰੱਤੀ ਭਰ ਫ਼ਿਕਰ ਨਹੀਂ ਹੈ ਅਤੇ ਭਲਾ ਫਿਕਰ ਹੋਵੇ ਵੀ ਕਿਉਂ ? ਉਹ ਇਤਿਹਾਸ ਪੜ੍ਹਾਉਣ ਵਾਲੇ ਪ੍ਰੋਫੈਸਰ ਹਨ, ਇਤਿਹਾਸ ਬਣਾਉਣ ਨਾਲ ਉਹਨਾਂ ਦਾ ਭਲਾ ਕੀ ਸਰੋਕਾਰ ?

ਜਿੱਥੋਂ ਤੱਕ ਭਗਤ ਸਿੰਘ ਦੇ ਪਰਿਵਾਰ ਦੇ ਉਹਨਾਂ ਮੈਂਬਰਾਂ ਦਾ ਸਵਾਲ ਹੈ, ਜਿਹਨਾਂ ਨੇ ਆਜ਼ਾਦੀ ਦੇ ਐਨੇ ਵਰ੍ਹਿਆਂ ਬਾਦ ਤੱਕ ਇਤਿਹਾਸ ਦੀ ਇੱਕ ਵੱਡਮੁੱਲੀ ਧਰੋਹਰ ਨੂੰ ਪਰਿਵਾਰਕ ਸੰਪੰਤੀ ਆਪਣੀ ਇਸ ਕਰਣੀ ਦੇ ਸਦਕਾ ਇਤਿਹਾਸ ਵਿੱਚ ਆਪਣਾ ਨਾਂ ਦਰਜ ਕਰਵਾ ਚੁੱਕੇ ਹਨ। ਵੈਸੇ ਆਪਣੇ ਮੁਲਕ ਵਿੱਚ ਇਹ ਕੋਈ ਨਵੀਂ ਗੱਲ ਨਹੀਂ ਹੈ। ਇਨਕਲਾਬੀ ਰਾਜਨੀਤੀ ਅਤੇ ਸਾਹਿੱਤ ਵਿੱਚ ਅਜਿਹੇ ਕਈ ਉਦਾਹਰਣ ਹਨ ਕਿ ਮਹਾਨ ਸਖ਼ਸ਼ੀਅਤਾਂ ਦੇ ਸਕੇ ਖੂਨ ਦੇ ਰਿਸ਼ਤੇ ਵਾਲੇ ਸੰਬੰਧੀ ਉੱਤਰਾਧਿਕਾਰੀ ਉਹਨਾਂ ਦੇ ਨਾਲ ਜੁੜੇ ਹੋਣ ਦੇ ਨਾਤੇ ਇੱਜ਼ਤ ਤਾਂ ਖੂਬ ਪ੍ਰਾਪਤ ਕਰ ਰਹੇ ਹਨ ਪਰ ਉਹਨਾਂ ਦੇ ਆਦਰਸ਼ਾਂ ਤੇ ਸੁਪਨਿਆਂ ਨਾਲ ਉਹਨਾਂ ਦਾ ਕੋਈ ਲੈਣਾ ਦੇਣਾ ਨਹੀਂ। ਉਹਨਾਂ ਦੀ ਰੁਚੀ ਜਾਂ ਤਾਂ ਸਨਮਾਨ-ਮਾਣ ਵਿੱਚ ਹੈ ਜਾਂ ਫੇਰ ਰਾਇਲਟੀ ਦੀ ਮੋਟੀ ਰਕਮ ਵਿੱਚ ਭਗਤ ਸਿੰਘ ਹੋਵੇ ਜਾਂ ਰਾਹੁਲ ਸੰਕਰਤਾਇਨ, ਉਹਨਾਂ ਦੀਆਂ ਕਿਰਤਾਂ ਅੱਜ ਪੂਰੇ ਰਾਸ਼ਟਰ ਦੀ ਪੂਰੀ ਜਨਤਾ ਦੀ ਜਾਂ ਉਹਨਾਂ ਦੇ ਸਿਧਾਂਤਕ ਉੱਤਰਾਧਿਕਾਰੀਆਂ ਦੀ ਧਰੋਹਰ ਨਾ ਹੋ ਕੇ ਪਰਿਵਾਰ ਜਨਾਂ ਦੀ ਨਿੱਜੀ ਸੰਪਤੀ ਬਣ ਗਈਆਂ ਹਨ। ਇਨਕਲਾਬੀਆਂ ਦੇ ਤਮਾਮ ਬੇਟੇ ਭਤੀਜੇ ਭਾਣਜੇ ਅੱਜ ਇਨਕਲਾਬੀਆਂ ਨਾਲ ਆਪਣੇ ਲਹੂ ਦੇ ਰਿਸ਼ਤੇ ਹੋਣ ਦੇ ਨਾਤੇ ਕੁਦਰਤੀ ਤੌਰ ਤੇ ਲੋਕਾਂ ਕੋਲੋਂ ਇੱਜ਼ਤ ਹਾਸਲ ਕਰ ਰਹੇ ਹਨ ਅਤੇ ਛਾਤੀਆਂ ਚੌੜੀਆਂ ਕਰੀ ਫਿਰਦੇ ਹਨ। ਪਰ ਉਹਨਾਂ ਦੀ ਇਸ ਗੱਲ ਵਿੱਚ ਕੋਈ ਦਿਲਚਸਪੀ ਨਹੀਂ ਕਿ ਉਹਨਾਂ ਇਨਕਲਾਬੀਆਂ ਦੇ ਸੁਪਨੇ ਪੂਰੇ ਹੋਏ ? ਇਸਦੇ ਵਿਪਰੀਤ ਉਹ ਉਸੇ ਸੱਤਾ ਕੋਲੋਂ ਸੁਵਿਧਾਵਾਂ ਲੈਣ ਅਤੇ ਉਹਨਾਂ ਹੀ ਰਾਜਨੀਤਕ ਪਾਰਟੀਆਂ ਦੀ ਰਾਜਨੀਤੀ ਕਰਨ ਤੱਕ ਦਾ ਕੰਮ ਕਰਦੇ ਹਨ, ਜਿਹਨਾਂ ਨੇ ਇਨਕਲਾਬੀਆਂ ਦੇ ਸੁਪਨਿਆਂ ਨਾਲ ਵਿਸ਼ਵਾਸ਼ ਘਾਤ ਕੀਤਾ ਹੈ। ਕ੍ਰਾਂਤੀਕਾਰੀਆਂ ਦੇ ਅਜਿਹੇ ਵਾਰਸ ਵੀ ਕੀ ਆਪਣੇ ਮਹਾਨ ਪੂਰਵਜ਼ਾਂ ਦੇ ਆਦਰਸ਼ਾਂ ਦਾ ਵਪਾਰ ਨਹੀਂ ਕਰ ਰਹੇ ?

ਬਹਰਹਾਲ, 1994 ਵਿੱਚ ਭੂਪੇਂਦਰ ਹੂਜਾ ਅਤੇ ਉਹਨਾਂ ਦੇ ਸਾਥੀਆਂ ਨੇ ਭਗਤ ਸਿੰਘ ਦੀ ਜੇਲ ਨੋਟ ਬੁੱਕ ਦਾ ਮੂਲ ਅੰਗਰੇਜ਼ੀ ਸੰਸਕਰਣ ਛਪਵਾਕੇ ਭਾਰਤ ਦੇ ਲੋਕਾਂ ਅਤੇ ਇਨਕਲਾਬੀ ਲਹਿਰ ਦੇ ਵਾਸਤੇ ਜੋ ਉਪਯੋਗੀ ਕਾਰਜ ਕੀਤਾ ਉਸਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ।

ਆਮ ਲੋਕਾਂ ਨੂੰ ਇਤਿਹਾਸ ਦੀ ਵੱਡਮੁੱਲੀ ਧਰੋਹਰ ਤੋਂ ਜਾਣੂੰ ਕਰੌਣ ਦੀਆਂ ਮਹੱਤਵਪੂਰਣ

ਜ਼ਿਮੇਵਾਰੀਆਂ ਵਿੱਚੋਂ ਇਹ ਵੀ ਇੱਕ ਹੈ ਕਿ ਭਗਤ ਸਿੰਘ ਦੀ ਜੇਲ੍ਹ ਨੋਟ ਬੁੱਕ ਅਤੇ ਉਹਨਾਂ ਦੇ ਸਾਥੀਆਂ ਦੇ ਸਾਰੇ ਦਸਤਾਵੇਜ਼ਾਂ ਨੂੰ ਸਾਰੀਆਂ ਭਾਰਤੀ ਭਾਸ਼ਾਵਾਂ ਵਿੱਚ ਅਨੁਵਾਦ ਕਰਕੇ ਬੱਚੇ-ਬੱਚੇ ਤੱਕ ਪੁਚਾਇਆ ਜਾਵੇ।

ਭਗਤ ਸਿੰਘ ਦੀ ਜੇਲ ਨੋਟ ਬੁੱਕ ਸਕੂਲੀ ਕਾਪੀ ਦੀ ਆਮ ਸਾਈਜ਼ (17.50 ਸੈਂਟੀਮੀਟਰ x 21 ਸੈਂਟੀਮੀਟਰ) ਦੀ ਪੁਸਤਿਕਾ ਹੈ। ਨੋਟ ਬੁੱਕ ਖੋਲ੍ਹਦਿਆਂ ਹੀ ਪਹਿਲੇ ਸਫ਼ੇ (ਟਾਈਟਲ ਪੇਜ਼) ਉੱਪਰ ਅੰਗਰੇਜ਼ੀ ਵਿੱਚ ਲਿਖਿਆ ਹੈ "ਭਗਤ ਸਿੰਘ ਦੇ ਵਾਸਤੇ /ਚਾਰ ਸੌ ਚਾਰ (404) ਪੰਨੇ......" ਹੇਠਾਂ ਇੱਕ ਦਸਖਤ ਹਨ ਅਤੇ 12-9-29 ਤਾਰੀਖ ਦਿੱਤੀ ਗਈ ਹੈ। ਸਪਸ਼ਟ ਹੈ ਇਹ ਅੰਦਰਾਜ ਜੇਲ੍ਹ ਅਧਿਕਾਰੀਆਂ ਵੱਲੋਂ ਭਗਤ ਸਿੰਘ ਨੂੰ ਕਾਪੀ ਦਿੰਦੇ ਸਮੇਂ ਕੀਤਾ ਗਿਆ ਹੈ। ਜੇਲ੍ਹ ਮੈਨੂਅਲ/ਨਿਯਮਾਵਲੀ ਦੇ ਜਾਣਕਾਰ ਜਾਣਦੇ ਹਨ ਕਿ ਜਦੋਂ ਵੀ ਕੋਈ ਕੈਦੀ ਲਿਖਣ ਵਾਸਤੇ ਕਾਪੀ ਮੰਗਦਾ ਹੈ ਤਾਂ ਜੇਲ ਅਧਿਕਾਰੀ ਨੂੰ ਕਾਪੀ ਦੇ ਆਰੰਭ ਅਤੇ ਅੰਤ ਵਿੱਚ ਅਜਿਹਾ ਲਿਖਣਾ ਹੁੰਦਾ ਹੈ ਅਤੇ ਕੈਦੀ ਨੂੰ ਵੀ ਪ੍ਰਾਪਤ ਕਰਦੇ ਵਕਤ ਉਥੇ ਦਸਖਤ ਕਰਨੇ ਹੁੰਦੇ ਹਨ। ਭਗਤ ਸਿੰਘ ਦੇ ਦਸਖਤ (ਅੰਗਰੇਜ਼ੀ ਵਿੱਚ) ਟਾਈਟਲ ਪੇਜ਼ ਉੱਪਰ ਵੀ ਮੌਜੂਦ ਹਨ ਅਤੇ 12-9-29 ਦੀ ਤਾਰੀਖ ਦੇ ਨਾਲ ਕਾਪੀ ਦੇ ਆਖੀਰ ਵਿੱਚ ਵੀ। ਨੋਟ ਬੁੱਕ ਦੀ ਜੋ ਡੁਪਲੀਕੇਟ/ਹੱਥਲਿਖਤ ਪ੍ਰਤੀਲਿਪੀ ਜੀ.ਬੀ. ਕੁਮਾਰ ਹੂਜਾ ਨੂੰ ਗੁਰੂਕੁਲ ਇੰਦਰਪ੍ਰਸਥ ਵਿੱਚੋਂ ਮਿਲੀ, ਉਸਤੇ ਹੇਠਾਂ ਖੱਬੀ ਨੁੱਕਰ ਵਿੱਚ ਅੰਗਰੇਜ਼ੀ ਵਿੱਚ ਇਹ ਵੀ ਲਿਖਿਆ ਹੋਇਆ ਸੀ, "ਪ੍ਰਤੀਲਿਪੀ ਸ਼ਹੀਦ ਭਗਤ ਸਿੰਘ ਦੇ ਭਤੀਜੇ ਅਭੈ ਕੁਮਾਰ ਸਿੰਘ ਦੁਆਰਾ ਤਿਆਰ।"

ਮੂਲ ਨੋਟ ਬੁੱਕ ਦੇ ਪੰਨੇ ਭਗਤ ਸਿੰਘ ਦੀ ਛੋਟੇ ਅੱਖਰਾਂ ਵਾਲੀ ਲਿਖਾਈ ਨਾਲ ਭਰੇ ਹੋਏ ਹਨ। ਜ਼ਿਆਦਾ ਨੋਟਸ ਅੰਗਰੇਜ਼ੀ ਵਿੱਚ ਲਿਖੇ ਗਏ ਹਨ, ਲੇਕਿਨ ਕਿਧਰੇ ਕਿਧਰੇ ਉਰਦੂ ਦਾ ਵੀ ਇਸਤੇਮਾਲ ਕੀਤਾ ਗਿਆ ਹੈ।

✲✲

# ਭਗਤ ਸਿੰਘ ਦੀ ਜੇਲ੍ਹ ਨੋਟ ਬੁੱਕ
# ਇੱਕ ਮਹਾਨ ਵਿਚਾਰਯਾਤਰਾ ਦੀ ਦੁਰਲੱਭ ਦਸਤਾਵੇਜ

***- ਐਲ.ਵੀ. ਮਿਤਰੋਖਿਨ***

ਅਕਤੂਬਰ 1967 'ਚ ਇੱਕ ਬਜ਼ੁਰਗ ਭਾਰਤੀ ਇਨਕਲਾਬੀ ਵਿਜੈ ਕੁਮਾਰ ਸਿਨਹਾ ਨਾਲ ਮੇਰੀ ਮੁਲਾਕਾਤ ਹੋਈ। 1929 'ਚ ਅੰਗਰੇਜ਼ ਸਰਕਾਰ ਨੇ ਉਹਨਾਂ ਨੂੰ ਉਸ ਮੁਕੱਦਮੇ ਦੀ ਸਜ਼ਾ ਦਿੱਤੀ ਸੀ, ਜਿਹੜਾ ਇਤਿਹਾਸ 'ਚ ਲਾਹੌਰ ਸਾਜਿਸ਼ ਕੇਸ ਨਾਲ ਜਾਣਿਆ ਜਾਂਦਾ ਹੈ। ਉਨ੍ਹਾਂ ਦਿਨਾਂ ਦੀਆਂ ਘਟਨਾਵਾਂ ਨੂੰ ਯਾਦ ਕਰਦਿਆਂ ਹੋਇਆਂ ਸ਼੍ਰੀ ਸਿਨਹਾ ਨੇ ਭਾਰਤ ਦੇ ਮਹਾਨ ਇਨਕਲਾਬੀ ਭਗਤ ਸਿੰਘ ਦੇ ਸੰਬੰਧ 'ਚ ਕੁਝ ਦੱਸਿਆ, ਜੋ ਫਾਂਸੀ ਦੇ ਤਖਤੇ ਉੱਤੇ ਚੜ੍ਹਨ ਤੋਂ ਕੁਝ ਸਮਾਂ ਪਹਿਲਾਂ ਲੈਨਿਨ ਦੀ ਜੀਵਨੀ ਪੜ੍ਹ ਰਹੇ ਸਨ।

ਕਿੰਨਾ ਉੱਚਤਮ ਇੱਛਾਬਲ ਸੀ ਉਸ ਯੋਧੇ ਦਾ। ਉਹਨਾਂ ਨਾ ਵਿਆਖਿਆ ਯੋਗ ਹਾਲਤਾਂ ਵਿੱਚ, ਫਾਂਸੀ ਤੋਂ ਪਹਿਲਾਂ ਇੱਕ ਕਿਤਾਬ ਨੂੰ ਪੜ੍ਹਨਾ! ਪਰੰਤੂ ਲੈਨਿਨ ਦੇ ਵਿਅਕਤੀਤਵ ਦਾ ਪ੍ਰਭਾਵ ਐਨਾ ਪ੍ਰਬਲ ਸੀ ਕਿ ਦੂਰ ਦੁਰਾਡੇ ਬਸਤੀਵਾਦੀ ਭਾਰਤ ਵਿੱਚ ਮੌਤ ਦੀ ਸਜ਼ਾ ਵਾਲਾ ਕੈਦੀ, ਉਹਦੀ ਜ਼ਿੰਦਗੀ ਦੀ ਵਿਆਖਿਆ ਕਰਨ ਵਾਲੀਆਂ ਲਿਖਤਾਂ ਨੂੰ ਇਉਂ ਪੜ੍ਹਦੇ ਸਨ, ਜਿਵੇਂ ਜੀਵਨਦਾਤੀ ਦਵਾ ਦੇ ਦੋ ਘੁੱਟ ਭਰ ਰਹੇ ਹੋਣ।

...... ਸਵੇਰ ਦਾ ਸਮਾਂ ਸੀ। ਏਸ ਦਿਨ ਭਗਤ ਸਿੰਘ 23 ਸਾਲ ਪੰਜ ਮਹੀਨੇ ਅਤੇ 26ਆਂ ਦਿਨਾਂ ਦੇ ਹੋਏ ਸਨ। ਲਾਹੌਰ ਦਾ ਇੱਕ ਅਖ਼ਬਾਰ ਵੇਂਹਦਿਆਂ ਹੋਇਆਂ ਭਗਤ ਸਿੰਘ ਦੀ ਨਜ਼ਰ ਹੁਣੇ ਹੀ ਛਪੀ ਲੈਨਿਨ ਦੀ ਜੀਵਨੀ ਦੇ ਸੰਬੰਧ 'ਚ ਇੱਕ ਲੇਖ ਉੱਤੇ ਪਈ।

ਲੈਨਿਨ ਉੱਤੇ ਇੱਕ ਕਿਤਾਬ ...... ਉਹ ਹਰ ਹਾਲਤ ਉਹਨੂੰ ਪੜ੍ਹਨਾ ਚਾਹੁੰਦੇ ਸਨ। ਭਗਤ ਸਿੰਘ ਜਾਣਦੇ ਸਨ ਕਿ ਬਸਤੀਵਾਦੀ ਹਾਕਮਾਂ ਦੀ "ਅਦਾਲਤ" ਆਪਣਾ ਫੈਸਲਾ ਸੁਣਾ ਚੁੱਕੀ ਹੈ ਅਤੇ ਉਹਨਾਂ ਨੂੰ ਫਾਂਸੀ ਹਰ ਹਾਲਤ ਮਿਲੇਗੀ। ਇੱਕ ਅਜਿਹੇ ਪਲ ਹੁੰਦੇ ਹਨ ਜਦੋਂ ਆਦਮੀ ਦੀ ਸਭ ਤੋਂ ਵੱਡੀ ਇੱਛਾ ਹੁੰਦੀ ਹੈ ਕਿ ਆਪਣੇ ਪਰਮ ਮਿੱਤਰਾਂ ਜਾਂ ਸਨੇਹ ਵਾਲਿਆਂ ਦੇ ਅੰਤਿਮ ਦਰਸ਼ਨ ਕਰ ਲਏ ਜਾਣ।

'ਯੁੱਗ ਪੁਰਸ਼ ਭਗਤ ਸਿੰਘ ਅਤੇ ਉਨ੍ਹਾਂ ਦੇ ਬਜ਼ੁਰਗ' ਪੁਸਤਕ ਵਿੱਚ ਭਗਤ ਸਿੰਘ ਦੀ ਭਤੀਜੀ ਵਰਿੰਦਰ ਸੰਧੂ ਨੇ ਉਨ੍ਹਾਂ ਦੇ ਅੰਤਲੇ ਦਿਨਾਂ ਦਾ ਵਰਣਨ ਇਉਂ ਕੀਤਾ ਹੈ। ਉਹ ਲਿਖਦੀ ਹੈ, "ਭਗਤ ਸਿੰਘ ਦੇ ਲਈ ਲੈਨਿਨ ਤੋਂ ਵੱਧ ਨਜ਼ਦੀਕੀ ਹੋਰ ਕੌਣ ਸੀ ? ਉਹ ਆਪਣੀ ਮੌਤ ਤੋਂ ਪਹਿਲਾਂ ਉਹਨੂੰ ਮਿਲਣ ਲਈ ਉਤਾਵਲੇ ਸਨ ਅਤੇ ਉਨ੍ਹਾਂ ਲਈ ਲੈਨਿਨ ਦੀ ਜੀਵਨੀ ਪੜ੍ਹਨ ਦਾ ਮਤਲਬ ਲੈਨਿਨ ਨੂੰ ਮਿਲਣਾ ਸੀ।"

ਇੱਕ ਵਿਲੱਖਣ ਇਨਕਲਾਬੀ ਅਤੇ ਭਾਰਤ ਦੇ ਕੌਮੀ ਨਾਇਕ ਭਗਤ ਸਿੰਘ ਦੀ ਜ਼ਿੰਦਗੀ, ਜਿਹਨਾਂ ਨੂੰ ਬਰਤਾਨਵੀ ਬਸਤੀਵਾਦੀ ਹਾਕਮਾਂ ਨੇ 1931 'ਚ ਫਾਂਸੀ ਦੇ ਦਿੱਤੀ, ਇੱਕ ਯੋਧੇ ਦੀ ਜ਼ਿੰਦਗੀ ਸੀ। ਭਾਰਤ ਤੋਂ ਛੁੱਟ ਉਹਦੇ ਸੰਬੰਧ 'ਚ ਸੋਵੀਅਤ ਰੂਸ ਅਤੇ ਦੂਸਰੇ ਦੇਸ਼ਾਂ ਵਿੱਚ ਵੀ ਪੁਸਤਕਾਂ ਲਿਖੀਆਂ ਗਈਆਂ ਹਨ।[1] ਮੇਰੀ 'ਲੈਨਿਨ ਦੇ ਸੰਬੰਧ 'ਚ ਭਾਰਤ' ਵਿੱਚ ਇੱਕ ਪੂਰਾ ਕਾਂਡ (ਅਧਿਆਇ), 'ਉਹ ਕਿਤਾਬ ਜਿਹੜੀ ਭਗਤ ਸਿੰਘ ਨੇ ਪੜ੍ਹੀ', ਇਸ

ਯੋਧੇ ਦੀ ਜ਼ਿੰਦਗੀ ਨੂੰ ਸਮਰਪਿਤ ਹੈ।[2]

ਅਤੇ ਹੁਣ ਦਸਾਂ ਸਾਲਾਂ ਪਿੱਛੋਂ ਮੈਨੂੰ ਨਵੇਂ ਦਸਤਾਵੇਜ਼ਾਂ ਦੇ ਸੰਭਾਲੇ ਹੋਣ ਦਾ ਪਤਾ ਲੱਗਾ, ਜਿਹੜੇ ਭਗਤ ਸਿੰਘ ਦੇ ਭਰਾ ਕੁਲਬੀਰ ਸਿੰਘ ਨੇ ਮਿਹਰਬਾਨੀ ਕਰਕੇ ਮੈਨੂੰ ਵਿਖਾਏ। ਉਹਨਾਂ ਦਾ ਸਾਰਾ ਪ੍ਰੀਵਾਰ, ਆਪਣੇ ਰਿਸ਼ਤੇਦਾਰਾਂ ਤੋਂ – ਜਿਹਨਾਂ ਨੂੰ ਨਹਿਰੂ ਨੇ ਭਾਰਤੀ ਲੋਕਾਂ ਦੇ ਆਜ਼ਾਦੀ ਦਾ ਸੰਗਰਾਮ ਚਿੰਨ੍ਹ ਕਿਹਾ ਹੈ – ਸਬੰਧਤ ਸਾਰੇ ਦਸਤਾਵੇਜ ਜਮ੍ਹਾਂ ਕਰਦਾ ਅਤੇ ਸੰਭਾਲ ਕੇ ਰੱਖਦਾ ਹੈ। ਇਨ੍ਹਾਂ ਦਸਤਾਵੇਜ਼ਾਂ ਤੋਂ ਇਸ ਗੱਲ ਉੱਤੇ ਨਵੀਂ ਰੌਸ਼ਨੀ ਪੈਂਦੀ ਹੈ ਕਿ ਕਿਸ ਤਰ੍ਹਾਂ ਭਗਤ ਸਿੰਘ ਇੱਕ ਜਾਂਬਾਜ਼ ਇਨਕਲਾਬੀਆਂ ਤੋਂ ਵਿਕਸਤ ਹੁੰਦਾ ਹੋਇਆ ਇੱਕ ਆਸਥਾਵਾਨ ਮਾਰਕਸਵਾਦੀ ਬਣੇ। ਇਸਤੋਂ ਉਹਨਾਂ ਦੇ ਸਾਥੀਆਂ ਉੱਤੇ ਭਗਤ ਸਿੰਘ ਦੇ ਪ੍ਰਭਾਵ ਅਤੇ ਉਹਨਾਂ ਦੇ ਵਿਚਾਰਧਾਰਕ ਵਿਕਾਸ ਵਿੱਚ ਭਗਤ ਸਿੰਘ ਦੀ ਭੂਮਿਕਾ ਦੀ ਵੀ ਜਾਣਕਾਰੀ ਮਿਲਦੀ ਹੈ।

ਇਹ ਦਸਤਾਵੇਜ ਹੈ ਭਗਤ ਸਿੰਘ ਦੀ ਜੇਲ੍ਹ ਡਾਇਰੀ। ਉਹਨਾਂ ਨੇ ਜਿਹੜੀਆਂ ਪੁਸਤਕਾਂ ਪੜ੍ਹੀਆਂ ਉਨ੍ਹਾਂ ਦੇ ਸੰਖੇਪ ਸਾਰਾਂਸ਼ ਅਤੇ ਹਵਾਲੇ। ਇਸ ਸੰਬੰਧ 'ਚ ਜਾਣਕਾਰੀ ਮੈਨੂੰ ਭਾਰਤੀ ਪਰਚਿਆਂ ਤੋਂ ਮਿਲੀ। 1968 'ਚ ਭਾਰਤੀ ਇਤਿਹਾਸਕਾਰ ਜੀ. ਦੇਵਲ ਨੇ 'ਪੀਪਲਜ਼ ਪਾਥ' ਪਰਚੇ ਲਈ 'ਸ਼ਹੀਦ ਭਗਤ ਸਿੰਘ' ਨਾਮੀ ਲੇਖ ਲਿਖਿਆ। ਜਿਸ 'ਚ ਉਨ੍ਹਾਂ ਨੇ 200 ਪੰਨਿਆਂ ਦੀ ਇੱਕ ਕਾਪੀ ਦਾ ਜ਼ਿਕਰ ਕੀਤਾ ਅਤੇ ਦੱਸਿਆ ਕਿ ਉਸ ਵਿੱਚ ਅਨੇਕਾਂ ਵਿਸ਼ਿਆਂ ਉੱਤੇ ਭਗਤ ਸਿੰਘ ਦੇ ਨੋਟ ਹਨ। ਜਿਸ ਤੋਂ ਉਨ੍ਹਾਂ ਦੀ ਰੁਚੀ ਦੀ ਵਿਆਪਕਤਾ ਦਾ ਪਤਾ ਲੱਗਦਾ ਹੈ। ਕਾਪੀ 'ਚ ਪੂੰਜੀਵਾਦ, ਸਮਾਜਵਾਦ, ਰਾਜ ਦੀ ਉਤਪਤੀ, ਕਮਿਊਨਿਜ਼ਮ, ਧਰਮ, ਸਮਾਜ ਵਿਗਿਆਨ, ਭਾਰਤ, ਫਰਾਂਸ ਦਾ ਇਨਕਲਾਬ, ਮਾਰਕਸਵਾਦ, ਸਰਕਾਰ ਦੇ ਰੂਪਾਂ, ਪਰਿਵਾਰ ਅਤੇ ਕੌਮਾਂਤਰੀਵਾਦ ਉੱਤੇ ਨੋਟ ਹਨ। ਦੇਵਲ ਨੇ ਇਹ ਨੋਟ ਪੜ੍ਹੇ ਅਤੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਇਹਨਾਂ ਨੂੰ ਪ੍ਰਕਾਸ਼ਤ ਕੀਤਾ ਜਾਣਾ ਚਾਹੀਦਾ ਹੈ। ਹਾਲਾਂਕਿ ਉਹਦੀ ਇਹ ਇੱਛਾ ਅਜੇ ਵੀ ਪੂਰੀ ਨਹੀਂ ਹੋ ਸਕੀ।

ਇਹ ਕਾਪੀ ਜਿਹਦੇ ਸੰਬੰਧ 'ਚ ਦੇਵਲ ਨੇ ਲਿਖਿਆ ਸੀ, ਇਨਕਲਾਬੀਆਂ ਦੇ ਦੂਸਰੇ ਕਾਗਜ਼ਾਂ ਸਮੇਤ ਜੇਲ੍ਹ ਅਧਿਕਾਰੀਆਂ ਨੇ 23 ਮਾਰਚ 1931 ਨੂੰ ਭਗਤ ਸਿੰਘ ਨੂੰ ਫਾਂਸੀ ਦੇਣ ਤੋਂ ਪਿੱਛੋਂ ਉਹਨਾਂ ਦੇ ਪ੍ਰੀਵਾਰ ਵਾਲਿਆਂ ਨੂੰ ਸੌਂਪ ਦਿੱਤੀ ਸੀ ਅਤੇ ਹੁਣ ਫਰੀਦਾਬਾਦ 'ਚ ਰਹਿ ਰਹੇ ਉਹਨਾਂ ਦੇ ਭਰਾ ਕੁਲਬੀਰ ਸਿੰਘ ਦੇ ਕੋਲ ਹੈ।

ਇਨ੍ਹਾਂ ਦਸਤਾਵੇਜ਼ਾਂ ਦੀ ਪ੍ਰਮਾਣਿਕਤਾ ਦੀ ਨਾ ਸਿਰਫ਼ ਇਸ ਤੱਥ ਤੋਂ ਪੁਸ਼ਟੀ ਹੁੰਦੀ ਹੈ ਕਿ ਉਹ ਇਹ ਇਨਕਲਾਬੀਆਂ ਦੇ ਪ੍ਰੀਵਾਰ ਵਿੱਚ ਸੁਰੱਖਿਅਤ ਰੱਖੇ ਗਏ ਹਨ ; ਕਾਪੀ ਦੇ ਵਰਕੇ ਭਗਤ ਸਿੰਘ ਦੀ ਛੋਟੇ ਅੱਖਰਾਂ ਦੀ ਲਿਖਾਈ ਨਾਲ ਭਰੇ ਹੋਏ ਹਨ, ਉਹ ਅੰਗਰੇਜ਼ੀ ਵਿੱਚ ਲਿਖਦੇ ਸਨ, ਕਿਤੇ ਕਿਤੇ ਉਰਦੂ ਦੀ ਵੀ ਵਰਤੋਂ ਉਨ੍ਹਾਂ ਕੀਤੀ ਹੈ। ਪੰਨੇ 68 ਉੱਤੇ ਤਾਰੀਖ ਲਿਖੀ ਹੈ : 12–7–1930 ਅਤੇ ਦਸਤਖਤ ਹਨ : 'ਭਗਤ ਸਿੰਘ'।

ਇਹ ਦਸਤਾਵੇਜ ਨੌਜਵਾਨ ਇਨਕਲਾਬੀਆਂ ਦੀ ਵਿਸ਼ਾਲ ਆਤਮਕ ਜ਼ਿੰਦਗੀ ਤੇ, ਸਵੈ ਸਿੱਖਿਆ ਦੇ ਲਈ ਉਹਨਾਂ ਦੀ ਸਖਤ ਮਿਹਨਤ ਅਤੇ ਜੇਲ੍ਹ ਵਿੱਚ ਕੈਦ ਦੇ ਦੌਰਾਨ ਉਨ੍ਹਾਂ ਦੀ ਵਿਚਾਰਧਾਰਕ ਖੋਜ ਉੱਤੇ ਨਜ਼ਰ ਪਾਉਂਦੇ ਹਨ। ਇਨ੍ਹਾਂ ਕਾਗਜ਼ਾਂ ਨੂੰ ਸਰਸਰੀ ਤੌਰ ਤੇ ਦੇਖਿਆਂ ਹੀ ਇਹ ਪਤਾ ਲੱਗਦਾ ਹੈ ਕਿ ਇਹਦਾ ਲੇਖਕ ਤਿੱਖੀ ਬੁੱਧੀ ਵਾਲਾ ਅਮੀਰ ਆਦਮੀ ਸੀ ਜਿਹੜਾ ਸੋਚਣ ਦੇ ਆਦਤਨ ਢੰਗ ਨੂੰ ਤਿਆਗਣ ਵਿੱਚ ਸਫ਼ਲ ਰਿਹਾ ਅਤੇ ਜਿਹਨੇ ਪ੍ਰਗਤੀਸ਼ੀਲ ਪੱਛਮੀ ਚਿੰਤਕਾਂ ਦੇ ਵਿਚਾਰਾਂ ਨਾਲ ਆਤਮਸਾਤ ਕੀਤਾ। ਇਨ੍ਹਾਂ ਨੋਟਾਂ ਵਿੱਚ ਮਾਰਕਸਵਾਦ ਨਾਲ ਭਗਤ ਸਿੰਘ ਦੀ ਰੁਚੀ ਹੀ ਸ਼ਾਇਦ ਸਭ ਤੋਂ ਵੱਧ ਮਹੱਤਵਪੂਰਨ ਹੈ। ਉਨ੍ਹਾਂ ਦੇ ਦ੍ਰਿਸ਼ਟੀਕੋਨਾਂ ਦੇ ਇਸ ਪਹਿਲੂ ਨੂੰ ਹੀ ਭਾਰਤ ਅਤੇ ਦੂਸਰੇ ਦੇਸ਼ਾਂ ਦੇ ਬੁਰਜੂਆ ਇਤਿਹਾਸਕਾਰ ਛੁਪਾਉਣ ਦਾ ਯਤਨ ਕਰਦੇ ਹਨ। ਅਮਰੀਕੀ ਇਤਿਹਾਸਕਾਰ ਜੀ.ਡੀ. ਓਵਰਸਟਰੀਟ ਅਤੇ ਐਮ. ਵਿਡਗਿਲਰ ਦਾ ਦਾਅਵਾ ਹੈ ਕਿ, "ਜ਼ਿਆਦਾਤਾਰ ਇਸ ਸੰਬੰਧ ਦੇ ਆਧਾਰ 'ਤੇ ਹੀ ਭਾਰਤੀ ਕਮਿਊਨਿਸਟ ਪਾਰਟੀ ਨੇ ਭਗਤ ਸਿੰਘ ਨੂੰ ਪਾਰਟੀ ਦਾ ਹੀਰੋ ਵਿਖਾਉਣ ਦੀ ਕੋਸ਼ਿਸ਼ ਕੀਤੀ ਹੈ।"[3]

ਭਗਤ ਸਿੰਘ ਦੇ ਨੋਟ ਜਿਹੜੇ ਉਹਨਾਂ ਵਲੋਂ ਸੰਖੇਪ, ਮਹੱਤਵਪੂਰਨ ਸਿਰਲੇਖਾਂ ਦੇ ਨਾਲ ਲਿਖੇ ਗਏ ਉਨ੍ਹਾਂ ਦੀਆਂ ਵਿਅਕਤੀਗਤ ਭਾਵਨਾਵਾਂ ਨੂੰ ਵੀ ਪ੍ਰਤੀਬਿੰਬਤ ਕਰਦੇ ਹਨ। ਉਹ ਆਜ਼ਾਦੀ ਦੇ ਲਈ ਤੜਪ ਰਹੇ ਸਨ, ਇਸ ਲਈ ਉਹਨਾਂ ਨੇ ਬਾਇਰਨ, ਵਿਟਮੈਨ ਅਤੇ ਵਰਡਸਵਰਥ ਦੀਆਂ ਆਜ਼ਾਦੀ ਦੇ ਵਿਸ਼ੇ ਉੱਤੇ ਕਾਵਿ ਪੰਕਤੀਆਂ ਆਪਣੀ ਕਾਪੀ ਉੱਤੇ ਉਤਾਰੀਆਂ, ਉਹਨਾਂ ਨੇ ਇਬਸਨ ਦੇ ਨਾਟਕ, ਦੋਸਤੋਵਸਕੀ ਦਾ 'ਅਪਰਾਧ ਤੇ ਦੰਡ' ਅਤੇ ਹਿਊਗੋ ਦਾ 'ਪਦਦਲਿਤ' ਨਾਵਲ ਵੀ ਪੜ੍ਹੇ। ਇਨਕਲਾਬੀ ਵੇਰਾ ਫਿਗਨਰ ਅਤੇ ਰੂਸੀ ਵਿਦਵਾਨ ਅਤੇ ਇਨਕਲਾਬੀ ਐਨ ਮਰੋਜੋਵ ਦੀਆਂ ਰਚਨਾਵਾਂ ਜ਼ੇਲ੍ਹ ਜ਼ਿੰਦਗੀ ਦੀਆਂ ਮੁਸ਼ਕਲਾਂ ਦੇ ਜਿਹੜੇ ਉਦਾਹਰਨ ਉਤਾਰੇ ਉਹਨਾਂ ਦੀਆਂ ਮਨੋਭਾਵਨਾਵਾਂ ਦੇ ਅਨੁਰੂਪ ਸਨ। ਉਮਰ ਖਿਆਮ ਦੀਆਂ ਲਾਈਨਾਂ ਵੀ ਸਨ, ਜਿਹੜੀਆਂ ਇਹ ਵਿਖਾਉਂਦੀਆਂ ਹਨ ਕਿ ਕਿਸ ਤਰ੍ਹਾਂ ਭਗਤ ਸਿੰਘ ਨੇ ਜ਼ਿੰਦਗੀ ਤੇ ਮੌਤ ਦੇ ਸੁਆਲਾਂ ਉੱਤੇ ਸਵੈ ਵਿਚਾਰ ਕੀਤਾ, ਜਦੋਂ ਕਿ ਉਹ ਬਸਤੀਵਾਦੀ ਅਦਾਲਤ ਵਿੱਚ ਫੈਸਲੇ ਦੀ ਉਡੀਕ ਕਰ ਰਹੇ ਸਨ। ਭਗਤ ਸਿੰਘ ਨੇ ਆਪਣੇ ਆਪ ਨੂੰ ਮੁਕੱਦਮੇ ਲਈ ਤਿਆਰ ਕਰਨ ਦੇ ਉਦੇਸ਼ ਨਾਲ ਕਾਨੂੰਨ ਦਾ ਵੀ ਅਧਿਐਨ ਕੀਤਾ।

ਜੇਲ੍ਹ 'ਚ, ਕਿਤਾਬਾਂ ਭਗਤ ਸਿੰਘ ਦੀ ਚਿੰਤਾ ਦਾ ਪ੍ਰਮੁੱਖ ਵਿਸ਼ਾ ਸੀ। ਜੁਲਾਈ 1930 ਵਿੱਚ ਉਹਨਾਂ ਨੇ ਆਪਣੇ ਮਿੱਤਰ ਜੈ ਦੇਵ ਗੁਪਤਾ ਨੂੰ ਲਿਖਿਆ, "ਕ੍ਰਿਪਾ ਕਰਕੇ ਲਾਹੌਰ ਦੀ ਦਵਾਰਕਾਦਾਸ ਲਾਇਬਰੇਰੀ ਦੇ ਲਾਇਬਰੇਰੀਅਨ ਨੂੰ ਪੁੱਛਿਓ ਕਿ ਬੋਸਟਰਨ ਜੇਲ੍ਹ 'ਚ ਕੈਦੀਆਂ ਨੂੰ ਕਿਤਾਬਾਂ ਭੇਜੀਆਂ ਗਈਆਂ ਹਨ ਕਿ ਨਹੀਂ। ਉਹਨਾਂ ਨੂੰ ਕਿਤਾਬਾਂ ਦੀ ਬਹੁਤ ਤੰਗੀ ਹੈ। ਉਹਨਾਂ ਨੇ ਸੁਖਦੇਵ ਦੇ ਭਰਾ ਜੈਦੇਵ ਦੇ ਹੱਥ ਸੂਚੀ ਭੇਜੀ ਸੀ, ਪਰ ਕਿਤਾਬਾਂ ਉਹਨਾਂ ਨੂੰ ਨਹੀਂ ਮਿਲੀਆਂ। ਜੇ ਸੂਚੀ ਗੁੰਮ ਹੋ ਗਈ ਹੋਵੇ ਤਾਂ ਲਾਲਾ ਫਿਰੋਜ਼ ਚੰਦ ਨੂੰ ਨਿੱਕੀ ਜਿਹੀ ਬੇਨਤੀ ਕਰਨੀ ਉਹਨਾਂ ਦੇ ਬਦਲੇ ਆਪਣੀ ਪਸੰਦ ਦੀਆਂ ਕੁਝ ਦਿਲਚਸਪ ਕਿਤਾਬਾਂ ਭੇਜ ਦੇਣ। ਇਸ ਐਤਵਾਰ ਤੱਕ ਉਨ੍ਹਾਂ ਨੂੰ ਕਿਤਾਬਾਂ ਮਿਲ ਜਾਣੀਆਂ ਚਾਹੀਦੀਆਂ ਸਨ। ਕ੍ਰਿਪਾ ਕਰਕੇ ਬੇਨਤੀ ਕਰਨੀ ਕਿ ਕਿਤਾਬਾਂ ਜ਼ਰੂਰ ਭੇਜ ਦੇਣ।"[4]

16 ਸਤੰਬਰ 1930 ਨੂੰ ਉਨ੍ਹਾਂ ਨੇ ਦੁਖੀ ਮਨ ਨਾਲ ਆਪਣੇ ਭਰਾ ਕੁਲਬੀਰ ਸਿੰਘ ਨੂੰ ਲਿਖਿਆ ਕਿ ਫੈਸਲਾ ਸੁਣਾਉਣ ਤੱਕ ਉਹਨਾਂ ਨੂੰ ਮਿਲਣ ਲਈ ਕੋਈ ਨਹੀਂ ਆ ਸਕਦਾ: "ਇਸ ਲਈ ਮੇਰੀ ਬੇਨਤੀ ਹੈ ਕਿ ਤੁਸੀਂ ਖਾਨ ਸਾਹਿਬ ਦੇ ਦਫਤਰ ਜਾਇਓ ਅਤੇ ਉੱਥੋਂ ਮੇਰੀਆਂ ਕਿਤਾਬਾਂ ਅਤੇ ਹੋਰ ਉਹ ਚੀਜ਼ਾਂ ਜੋ ਮੈਂ ਉੱਥੇ ਰੱਖੀਆਂ ਹਨ ਲੈ ਆਇਓ। ਮੈਨੂੰ ਲਾਇਬਰੇਰੀ ਦੀਆਂ ਕਿਤਾਬਾਂ ਦੀ ਬੜੀ ਚਿੰਤਾ ਹੈ। ਹਾਲ ਦੀ ਘੜੀ ਮੇਰੇ ਲਈ ਕੋਈ ਕਿਤਾਬ ਲਿਆਉਣ ਦੀ ਕੋਈ ਜ਼ਰੂਰਤ ਨਹੀਂ, ਕਿਉਂਕਿ ਮੇਰੇ ਕੋਲ ਅਜੇ ਹਨ। ਚੰਗਾ ਹੋਵੇ ਜੇ ਤੁਸੀਂ

ਲਾਇਬਰੇਰੀ ਤੋਂ ਉਹਨਾਂ ਕਿਤਾਬਾਂ ਦੀ ਸੂਚੀ ਮੰਗ ਲਵੋ, ਜਿਹੜੀਆਂ ਮੈਂ ਉੱਥੋਂ ਕਢਵਾਈਆਂ ਸਨ।

ਇਨਕਲਾਬੀ ਜੇ. ਸਨਿਆਲ ਨੇ, ਜਿਹੜੇ ਕੁਝ ਸਮਾਂ ਭਗਤ ਸਿੰਘ ਨਾਲ ਜੇਲ੍ਹ 'ਚ ਰਹੇ ਸਨ, ਇਸ ਗੱਲ ਤੇ ਜ਼ੋਰ ਦਿੱਤਾ ਹੈ ਕਿ ਉਹ ਬਹੁਤ ਧਿਆਨ ਨਾਲ ਪੜ੍ਹਨ ਲਈ ਪੁਸਤਕਾਂ ਦੀ ਚੋਣ ਕਰਦੇ ਸਨ। ਫਿਕਸ, ਸਿੰਕਲੇਅਰ, ਵਾਈਲਡ, ਅਤੇ ਗੋਰਕੀ ਉਹਨਾਂ ਨੂੰ ਜ਼ਿਆਦਾ ਪਸੰਦ ਹਨ।[5]

ਜੇਲ੍ਹ ਵਿੱਚ ਉਨ੍ਹਾਂ ਨੇ ਜਿਹੜੇ ਰਾਜਨੀਤਕ ਅਤੇ ਵਿਗਿਆਨਕ ਸਾਹਿਤ ਦੀ ਮੰਗ ਕੀਤੀ, ਉਸ ਤੋਂ ਉਨ੍ਹਾਂ ਦੀਆਂ ਰੁਚੀਆਂ ਦਾ ਪਤਾ ਲੱਗਦਾ ਹੈ। ਜੁਲਾਈ 1930 ਵਿੱਚ ਉਨ੍ਹਾਂ ਨੇ 'ਦੂਜੀ ਕੌਮਾਂਤਰੀ ਦਾ ਪਤਨ' ਅਤੇ "ਖੱਬੇ" ਕਮਿਊਨਿਜ਼ਮ (ਖੱਬੇ ਪੱਖੀ ਕਮਿਊਨਿਜ਼ਮ-ਇੱਕ ਬਚਕਾਨਾ ਰੋਗ-ਯਾਦ ਰਹੇ ਦੋਵੇਂ ਕਿਤਾਬਾਂ ਲੈਨਿਨ ਦੀਆਂ ਸਨ), ਪ. ਕਰੋਪੋਤਿਕਨ ਦੀ 'ਆਪਸੀ ਸਹਾਇਤਾ' ਅਤੇ ਮਾਰਕਸ ਦੀ 'ਫਰਾਂਸ ਦੀ ਘਰੇਲੂ ਜੰਗ' ਰਚਨਾਵਾਂ ਮੰਗਵਾਈਆਂ।

ਭਗਤ ਸਿੰਘ ਦੇ ਕੁਝ ਨੋਟ ਉਹਨਾਂ ਦੀ ਜੀਵਨੀ ਦੇ ਆਦਰਸ਼ ਵਾਕ ਹੋ ਸਕਦੇ ਹਨ। ਮਿਸਾਲ ਵਜੋਂ ਅਮਰੀਕੀ ਸਮਾਜਵਾਦੀ ਯੂਜੀਨ ਵੀ. ਡੇਬਸ ਦਾ ਇਹ ਕਥਨ, "ਜਦੋਂ ਤੱਕ ਮੱਧ ਵਰਗ ਹੈ, ਮੈਂ ਉਸ 'ਚ ਹਾਂ। ਜਦੋਂ ਤੱਕ ਕੋਈ ਅਪਰਾਧੀ ਤੱਤ ਹਨ, ਮੈਂ ਉਹਨਾਂ 'ਚ ਹਾਂ, ਜਦੋਂ ਤੱਕ ਕੋਈ ਜੇਲ੍ਹ 'ਚ ਹੈ ਮੈਂ ਆਜ਼ਾਦ ਨਹੀਂ ਹਾਂ।" (ਭਗਤ ਸਿੰਘ ਦੀ ਡਾਇਰੀ ਦੇ ਸਫਾ 21) ਅੱਗੇ ਉਹਨਾਂ ਦੀ ਡਾਇਰੀ 'ਚ ਦਰਜ ਲਾਈਨਾਂ ਤੋਂ ਪਿੱਛੋਂ ਉਹਦਾ ਪੰਨਾ ਲਿਖਿਆ ਹੋਇਆ ਹੈ। ਸਫਾ 29 ਉੱਤੇ ਉਨ੍ਹਾਂ ਨੇ ਲਿਖਿਆ ਹੈ, "ਅੰਨੀ ਨਫਰਤ ਦੀ ਖਾਤਿਰ ਨਹੀਂ, ਸਨਮਾਨ, ਜੱਸ ਅਤੇ ਸਵੈਉਸਤਤ ਦੀ ਖਾਤਿਰ ਨਹੀਂ ਸਗੋਂ ਆਪਣੇ ਫਰਜ਼ ਦੇ ਨਿਸ਼ਾਨੇ ਦੀ ਖਾਤਿਰ ਤੂੰ ਇਹ ਕੁਝ ਕੀਤਾ ਹੈ, ਜਿਹੜਾ ਕਦੀ ਭੁਲਾਇਆ ਨਹੀਂ ਜਾਵੇਗਾ।"

ਆਜ਼ਾਦੀ ਦੇ ਲਈ ਸੰਘਰਸ਼ ਅਤੇ ਦੂਜਿਆਂ ਦੇ ਲਈ ਆਤਮ ਬਲੀਦਾਨ ਦੇ ਵਿਚਾਰ ਅਸੀਂ ਉਨ੍ਹਾਂ ਦੀ ਡਾਇਰੀ ਦੇ ਹਰ ਸਫ਼ੇ ਉੱਤੇ ਦੇਖਦੇ ਹਾਂ। ਸਫਾ 23 ਉੱਤੇ ਭਗਤ ਸਿੰਘ ਨੇ ਥਾਮਸ ਜੈਫਰਸਨ[5] ਦੇ ਇਹ ਪ੍ਰਸਿੱਧ ਸ਼ਬਦ ਲਿਖੇ : "ਆਜ਼ਾਦੀ ਦੇ ਰੁੱਖ ਨੂੰ ਸਮੇਂ ਸਮੇਂ 'ਤੇ ਦੇਸ਼ ਭਗਤਾਂ ਅਤੇ ਤਾਨਾਸ਼ਾਹਾਂ ਦੇ ਖੂਨ ਨਾਲ ਤਾਜ਼ਾ ਕੀਤਾ ਜਾਣਾ ਚਾਹੀਦਾ ਹੈ। ਇਹ ਕੁਦਰਤੀ ਖਾਦ ਹੈ।" ਇਤਿਹਾਸ, ਦਰਸ਼ਨ ਅਤੇ ਅਰਥ ਸ਼ਾਸ਼ਤਰ ਦੇ ਵੱਖ-ਵੱਖ ਵਿਦਵਾਨਾਂ ਦੀਆਂ ਕਿਤਾਬਾਂ 'ਚੋਂ ਜਿਹੜੀਆਂ ਉਦਾਹਰਣਾਂ ਭਗਤ ਸਿੰਘ ਨੇ ਆਪਣੀ ਡਾਇਰੀ 'ਚ ਉਤਾਰੀਆਂ, ਉਹ ਬੇਹੱਦ ਦਿਲਚਸਪ ਹਨ। ਇਹ ਕਹਿਣਾ ਸੱਚ ਹੀ ਹੋਵੇਗਾ ਕਿ ਜੇਲ੍ਹ ਅੰਦਰਲੀਆਂ ਹਾਲਤਾਂ 'ਚ ਉਹ ਕੋਈ ਤਰਤੀਬਵਾਰ ਅਤੇ ਵਿਸ਼ੇਸ਼ ਅਧਿਐਨ ਨਹੀਂ ਕਰ ਸਕਦੇ ਸਨ। ਉਹਨਾਂ ਲਈ ਬਾਹਰੋਂ ਕਿਤਾਬਾਂ ਹਾਸਲ ਕਰਨ ਤੱਕ ਦੀਆਂ ਮੁਸ਼ਕਲਾਂ ਸਨ। ਉਹਨਾਂ ਦੇ ਨੋਟ ਪੜ੍ਹਦਿਆਂ ਇੱਕ ਗੱਲ ਵੱਲ ਧਿਆਨ ਜਾਂਦਾ ਹੈ ਕਿ ਉਨ੍ਹਾਂ ਨੇ ਠੇਠ ਭਾਰਤੀ ਸਮੱਸਿਆਵਾਂ ਵੱਲ ਕਿਤੇ ਘੱਟ ਧਿਆਨ ਦਿੱਤਾ। ਸਿਰਫ ਕੁਝ ਕੁ ਥਾਈਂ ਹੀ ਲਾਲਾ ਲਾਜਪਤ ਰਾਏ, ਬਿਪਨ ਚੰਦਰ ਪਾਲ ਅਤੇ ਮਦਨ ਮੋਹਨ ਮਾਲਵੀਆ ਵਰਗੇ ਸੁਤੰਤਰਤਾ ਸੰਗਰਾਮੀਆਂ ਦਾ ਜ਼ਿਕਰ ਕੀਤਾ। ਇੱਕ ਅੰਗਰੇਜ਼ੀ ਲੇਖਕ ਦੀ ਕਿਤਾਬ 'ਚੋਂ ਉਨ੍ਹਾਂ ਮਹਾਤਮਾ ਗਾਂਧੀ ਦੀ ਸਿਰਫ਼ ਇੱਕ ਮਿਸਾਲ ਨੋਟ ਕੀਤੀ। ਸਾਲਾਂ ਬੱਧੀ ਅੰਗਰੇਜ਼ਾਂ ਵੱਲੋਂ ਭਾਰਤ ਦੀ ਲੁੱਟ ਦੇ ਢੰਗ ਤਰੀਕਿਆਂ ਦਾ ਵਿਸ਼ਲੇਸ਼ਨ ਅਤੇ ਬਸਤੀਵਾਦੀ ਰਾਜਤੰਤਰ ਦੇ ਨਿਰੰਕੁਸ਼ ਉਪਾਵਾਂ ਦਾ ਪਰਦਾਫਾਸ਼ ਕਰਨਾ ਭਾਰਤੀ ਦੇਸ਼ ਭਗਤਾਂ ਦੇ ਅਧਿਐਨ ਦਾ ਪਰੰਪਰਾਗਤ ਵਿਸ਼ਾ ਰਿਹਾ ਹੈ। ਭਗਤ ਸਿੰਘ ਨੇ ਸਿਰਫ਼ ਦੋ ਤਿੰਨ ਵਾਰੀ ਹੀ ਇਹਨਾਂ ਦਾ ਜ਼ਿਕਰ ਕੀਤਾ ਹੈ। ਸ਼ਾਇਦ ਇਹ ਮੰਨਦਿਆਂ ਹੋਇਆਂ ਕਿ ਇਸ ਵਿਸ਼ੇ ਤੇ ਬਹੁਤ ਕੁਝ ਲਿਖਿਆ ਜਾ ਚੁੱਕਾ ਹੈ, ਕਿ ਬਸਤੀਵਾਦੀ ਗੁਲਾਮੀ ਤੋਂ ਉਹਨਾਂ ਦੇਸ਼ ਨੂੰ ਮੁਕਤ ਕਰਵਾਉਣ ਦੀ ਲੋੜ ਸਭ ਦੇ ਲਈ ਸਪਸ਼ਟ ਅਤੇ ਪ੍ਰਮਾਣਿਤ ਹੋ ਚੁੱਕੀ ਹੈ। ਉਸ ਸਮੇਂ ਉਨ੍ਹਾਂ ਦਾ ਬਿਆਨ ਸਮਾਜ ਦੇ ਵਿਕਾਸ ਦੀਆਂ ਆਮ ਸਮੱਸਿਆਵਾਂ ਵੱਲ ਵਧੇਰੇ ਸੀ। ਸੋ ਉਹ ਭਾਰਤੀ ਚਿੰਤਕਾਂ ਦੇ ਮੁਕਾਬਲੇ ਉੱਤੇ ਪੱਛਮੀ ਚਿੰਤਕਾਂ ਦੇ ਵੱਲ ਜ਼ਿਆਦਾ ਆਕਰਸ਼ਿਤ ਹੋਏ। ਜਿੱਥੇ ਉਨ੍ਹਾਂ ਦੇ ਪੂਰਬਲੇ, ਕੌਮੀ ਇਨਕਲਾਬੀ, ਭਾਰਤ ਨੂੰ ਹੀ ਦੁਨੀਆਂ ਦੇ ਅੰਤਰ ਵਿਰੋਧਾਂ ਦਾ ਕੇਂਦਰ ਮੰਨਦੇ ਸਨ, ਉੱਥੇ ਭਗਤ ਸਿੰਘ ਸੌੜੇ ਕੌਮੀਅਤਵਾਦੀ ਪੂਰਬਲਿਆਂ ਤੋਂ ਪੂਰੀ ਤਰ੍ਹਾਂ ਉੱਪਰ ਉੱਠ ਗਏ ਸਨ ਅਤੇ ਇਹ ਮੰਨਦੇ ਸਨ ਕਿ ਭਾਰਤ ਦੀਆਂ ਸਮੱਸਿਆਵਾਂ ਵਿਸ਼ਵ ਦੇ ਵਿਕਾਸ ਦੇ ਚੌਖਟੇ ਵਿੱਚ ਹੀ ਹੱਲ ਕੀਤੀਆਂ ਜਾ ਸਕਦੀਆਂ ਹਨ।

ਜਿਨ੍ਹਾਂ ਲੇਖਕਾਂ ਦੇ ਹਵਾਲੇ ਭਗਤ ਸਿੰਘ ਨੇ ਆਪਣੀ ਡਾਇਰੀ 'ਚ ਲਿਖੇ ਉਹਨਾਂ ਪ੍ਰਤੀ ਉਹਨਾਂ ਦਾ ਨਜ਼ਰੀਆ ਪੂਰੀ ਤਰ੍ਹਾਂ ਸਤਿਕਾਰਤ ਹੈ। ਸ਼ੁਰੂ 'ਚ ਉਹ 18ਵੀਂ ਸਦੀ ਦੀਆਂ ਅਮਰੀਕੀ ਤੇ ਫਰਾਂਸੀਸੀ ਇਨਕਲਾਬਾਂ ਅਤੇ ਵਿਚਾਰਕਾਂ ਦੇ ਵੱਲ ਭਾਰਤੀ ਇਨਕਲਾਬੀਆਂ ਦਾ ਪਰੰਪਰਾਗਤ ਲਗਾਉ ਦਰਸਾਉਂਦੇ ਹਨ। ਉਹਨਾਂ 'ਚ ਰੂਸੋ[7], ਟਾਮਸ ਪੇਨ[8], ਟਾਮਸ ਜੈਫਰਸਨ ਅਤੇ ਪੈਟਰਿਕ ਹੈਨਰੀ[9] ਆਦਿ ਦੇ ਆਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਉੱਤੇ ਵਿਚਾਰ ਨੋਟ ਕੀਤੇ ਹਨ। ਪੇਜ 16 ਉੱਤੇ ਉਹਨਾਂ ਪੈਟਰਿਕ ਹੈਨਰੀ ਦਾ ਹੇਠ ਲਿਖਿਆ ਭਾਵਪੂਰਨ ਕਥਨ ਨੋਟ ਕੀਤਾ ਹੈ, "ਕੀ ਜ਼ਿੰਦਗੀ ਐਨੀ ਪਿਆਰੀ ਅਤੇ ਚੈਨ ਐਨਾ ਮਿੱਠਾ ਹੈ ਕਿ ਬੇੜੀਆਂ ਅਤੇ ਗੁਲਾਮੀ ਦੀ ਕੀਮਤ ਉੱਤੇ ਉਹਨੂੰ ਖ੍ਰੀਦਿਆ ਜਾ ਸਕੇ। ਮਾਫ ਕਰੋ, ਸਰਵਸ਼ਕਤੀਮਾਨ ਪ੍ਰਮਾਤਮਾ! ਮੈਂ ਨਹੀਂ ਜਾਣਦਾ ਕਿ ਉਹ ਕਿਹਾ ਰਾਹ ਅਪਣਾਉਣਗੇ, ਮੈਨੂੰ ਤਾਂ ਬੱਸ 'ਆਜ਼ਾਦੀ ਜਾਂ ਮੌਤ' ਦੇ ਦਿਉ।"

ਤਾਨਾਸ਼ਾਹੀ ਦਾ ਪੜਦਾਚਾਕ ਤੇ ਵਿਰੋਧ ਕਰਨ ਦੇ ਲਈ ਭਗਤ ਸਿੰਘ ਫਿਲਾਸਫੀ ਦੀਆਂ ਰਚਨਾਵਾਂ ਦਾ ਹੀ ਨਹੀਂ ਲਲਿਤ (ਕਲਾ) ਸਾਹਿਤ ਦਾ ਵੀ ਸਹਾਰਾ ਲੈਂਦੇ ਹਨ। ਮਾਰਕ ਟਰਵੇਨ ਦੇ ਹੇਠਲੇ ਸ਼ਬਦ ਉਨ੍ਹਾਂ ਆਪਣੀ ਡਾਇਰੀ 'ਚ ਲਾਹੇ ਹਨ : "ਅਸੀਂ ਇਸ ਗੱਲ ਨੂੰ ਭਿਆਨਕ ਮੰਨਦੇ ਹਾਂ ਕਿ ਲੋਕਾਂ ਦੀਆਂ ਧੌਣਾਂ ਉਡਾਈਆਂ ਜਾਂਦੀਆਂ ਹਨ ਪਰ ਸਾਨੂੰ ਇਹ ਵੇਖਣਾ ਨਹੀਂ ਸਿਖਾਇਆ ਗਿਆ ਕਿ ਜ਼ਿੰਦਗੀ ਭਰ ਲੰਮੀ ਉਹ ਮੌਤ ਕਿੰਨੀ ਭਿਆਨਕ ਹੈ ਜਿਹੜੀ ਗਰੀਬੀ ਅਤੇ ਤਾਨਾਸ਼ਾਹੀ ਪੂਰੀ ਆਬਾਦੀ ਉੱਤੇ ਲੱਦਦੀ ਹੈ।"

ਪੂੰਜੀਵਾਦੀ ਵਿਕਾਸ ਦੇ ਨਿਯਮਾਂ ਨੂੰ ਸਮਝਣ ਲਈ ਭਗਤ ਸਿੰਘ ਦੇ ਯਤਨਾਂ ਨੂੰ ਉਜਾਗਰ ਕਰਦੀ ਵੀ ਬਹੁਤ ਸਾਰੀ ਸਾਮੱਗਰੀ ਹੈ। ਉਨ੍ਹਾਂ ਇਸ ਵਿਸ਼ੇ ਨੂੰ ਗੰਭੀਰਤਾ ਨਾਲ ਲਿਆ ਅਤੇ ਅਣਗਿਣਤ ਸਮਗਰੀਆਂ ਦਾ ਅਧਿਐਨ ਕੀਤਾ। ਭਖਦੇ ਸਮਾਜਕ ਅੰਤਰ ਵਿਰੋਧਾਂ ਨੂੰ ਦਿਖਾਉਂਦੇ ਅੰਕੜਿਆਂ ਦੇ ਵੱਲ ਉਹਨਾਂ ਸਭ ਤੋਂ ਪਹਿਲਾਂ ਧਿਆਨ ਦਿੱਤਾ। ਅਲੱਗ ਅਲੱਗ ਕਿਤਾਬਾਂ ਵਿੱਚੋਂ ਜਿਹੜੇ ਉਦਾਹਰਨ ਉਨ੍ਹਾਂ ਨੇ ਲਏ, ਉਹ ਸੰਖੇਪ, ਪਰ ਪ੍ਰਭਾਵਸ਼ਾਲੀ ਹਨ। ਮਿਸਾਲ ਵਜੋਂ ਉਹ ਲਿਖਦੇ ਹਨ ਕਿ ਬਰਤਾਨੀਆ ਦੀ ਆਬਾਦੀ ਦਾ ਨੌਂਵਾਂ ਹਿੱਸਾ ਉਥੋਂ ਦੀ ਅੱਧੀ ਪੈਦਾਵਾਰ ਨੂੰ ਹਥਿਆਉਂਦਾ ਹੈ ਅਤੇ ਇਸ ਪੈਦਾਵਾਰ ਦਾ ਸਿਰਫ਼ ਸੱਤਵਾਂ ਹਿੱਸਾ ਹੀ ਦੋ ਤਿਹਾਈ ਆਬਾਦੀ ਦੇ ਹਿੱਸੇ 'ਚ ਆਉਂਦਾ ਹੈ ਕਿ ਅਮਰੀਕਾ ਦੀ

ਆਬਾਦੀ ਦਾ ਇੱਕ ਫੀਸਦੀ ਤੋਂ ਘੱਟ ਅੰਸ਼ ਉਹ ਵਰਗ ਹੈ, ਜਿਹਦੇ ਕੋਲ 67 ਅਰਬ ਡਾਲਰ ਤੱਕ ਦੀ ਜਾਇਦਾਦ ਹੈ, ਜਦੋਂ ਕਿ 70 ਫੀਸਦੀ ਆਬਾਦੀ ਮਿਹਨਤਕਸ਼ਾਂ ਦੀ ਹੈ, ਜਿਹੜੀ ਕੌਮੀ ਉਤਪਾਦਨ ਦੇ ਸਿਰਫ ਚਾਰ ਫੀਸਦੀ ਉੱਤੇ ਦਾਅਵਾ ਕਰ ਸਕਦੀ ਹੈ।

ਬਹੁਤ ਸਾਰੀਆਂ ਮਿਸਾਲਾਂ ਇਹ ਦਿਖਾਉਂਦੀਆਂ ਹਨ ਕਿ ਕਿਰਤੀਆਂ ਪ੍ਰਤੀ ਉਹਨਾਂ ਦੇ ਮਨਾਂ 'ਚ ਗਹਿਰੀ ਸਦਭਾਵਨਾ ਸੀ ਅਤੇ ਪੂੰਜੀਵਾਦੀ ਵਿਵਸਥਾ ਪ੍ਰਤੀ ਉਨ੍ਹਾਂ ਦਾ ਰੁਖ ਕੱਟੜ ਆਲੋਚਨਾਤਮਕ ਸੀ। ਮਿਸਾਲ ਵਜੋਂ : ਫੂਰੀਏ ਦੀ ਇੱਕ ਮਿਸਾਲ ਉਨ੍ਹਾਂ ਨੋਟ ਕੀਤੀ ਹੈ ਅਤੇ ਉਸ ਦਾ ਸਿਰਲੇਖ ਰੱਖਿਆ ਹੈ : 'ਸਭ ਦੇ ਵਿਰੁੱਧ ਇਕੱਲਾ' : ਮੌਜੂਦਾ ਸਮਾਜਿਕ ਵਿਵਸਥਾ ਇੱਕ ਬੇਹੂਦਾ ਕਾਰਜਤੰਤਰ ਹੈ, ਜਿਸ 'ਚ ਸਮੁੱਚ ਦੇ ਅੰਸ਼ ਇੱਕ ਦੂਜੇ ਦੇ ਵਿਰੋਧੀ ਹਨ ਅਤੇ ਸਮੁੱਚ ਦੇ ਵਿਰੁੱਧ ਕੰਮ ਕਰਦੇ ਹਨ। ਅਸੀਂ ਵੇਖਦੇ ਹਾਂ ਕਿ ਸਮਾਜ ਵਿੱਚ ਹਰੇਕ ਵਰਗ ਆਪਣੇ ਸਵਾਰਥਾਂ ਦੇ ਕਾਰਨ ਦੂਸਰੇ ਵਰਗਾਂ ਦਾ ਮਾੜਾ ਚਾਹੁੰਦਾ ਹੈ। ਹਰ ਤਰ੍ਹਾਂ ਨਾਲ ਵਿਅਕਤੀਗਤ ਹਿਤ ਨੂੰ ਲੋਕ ਭਲਾਈ ਦੇ ਵਿਰੁੱਧ ਰੱਖਦਾ ਹੈ, (ਅਤੇ ਅੱਗੇ ਲਿਖਦੇ ਹਨ ਕਿ ਡਾਕਟਰ ਦਾ ਸੁਆਰਥ ਇਹ ਹੈ ਕਿ ਸਮਾਜ ਵਿੱਚ ਜ਼ਿਆਦਾ ਤੋਂ ਜ਼ਿਆਦਾ ਰੋਗ ਹੋਣ, ਵਕੀਲ ਜ਼ਿਆਦਾ ਤੋਂ ਜ਼ਿਆਦਾ ਮੁਕੱਦਮੇ ਚਾਹੁੰਦਾ ਹੈ......)। ਇਸੇ ਭਾਵਨਾ ਦੀ ਲੜੀ 'ਚ ਰਵਿੰਦਰ ਨਾਥ ਠਾਕੁਰ ਦੇ ਜਪਾਨੀ ਵਿਦਿਆਰਥੀਆਂ ਦੇ ਅੱਗੇ ਦਿੱਤੇ ਉਸ ਭਾਸ਼ਣ ਦਾ ਜ਼ਿਕਰ ਹੈ, ਜਿਸ ਵਿੱਚ ਠਾਕੁਰ ਨੇ ਜਾਪਾਨ ਵਿੱਚ ਪੈਸੇ ਦੇ ਪਿੱਛੇ ਦੌੜ ਨੂੰ, "ਮਾਨਵਜਾਤੀ ਲਈ ਭਿਆਨਕ ਖ਼ਤਰਾ" ਦੱਸਿਆ ਜਿਹੜੀ "ਤਾਕਤ ਦੇ ਆਦਰਸ਼ ਨੂੰ ਨਿਰਮਲਤਾ ਤੋਂ ਉੱਪਰ ਰੱਖਦੀ ਹੈ।"

ਇਹ ਸਾਰੀਆਂ ਮਿਸਾਲਾਂ ਦੱਸਦੀਆਂ ਹਨ ਕਿ ਭਗਤ ਸਿੰਘ ਪੂੰਜੀਵਾਦ ਨੂੰ ਰੱਦਦੇ ਹਨ। ਇਸ ਲਈ ਉਨ੍ਹਾਂ ਨੇ ਇਹ ਸਿੱਟਾ ਕੱਢਿਆ ; ਸਵਾਲ ਇਹ ਨਹੀਂ ਹੈ ਕਿ ਮੌਜੂਦਾ ਸਭਿਅਤਾ ਨੂੰ ਬਦਲਿਆ ਜਾਣਾ ਚਾਹੀਦਾ ਹੈ ਜਾਂ ਨਹੀਂ ਸਗੋਂ ਇਹ ਹੈ ਕਿ ਇਹ ਨੂੰ ਬਦਲਿਆ ਕਿਵੇਂ ਜਾਵੇਗਾ।"

ਭਗਤ ਸਿੰਘ ਨੇ ਪੂੰਜੀਵਾਦ ਦੀ ਆਲੋਚਨਾ ਸਮਾਜਿਕ ਤੇ ਰਾਜਨੀਤਕ ਦੋਹਾਂ ਪ੍ਰਬੰਧਾਂ ਦੇ ਪ੍ਰਸੰਗ 'ਚ ਹੀ ਕੀਤੀ। ਸਫ਼ਾ 46 ਉੱਤੇ ਲੈਨਿਨ ਦਾ ਨਾਂ ਪਹਿਲੀ ਵੇਰ ਆਇਆ ਹੈ। ਇੱਥੇ ਭਗਤ ਸਿੰਘ ਨੇ ਅਮਰੀਕੀ ਸਮਾਜਵਾਦੀ ਮੌਰਿਸ ਹਿਲਕਵੀਟਸ ਦੀ ਕਿਤਾਬ 'ਮਾਰਕਸ ਤੋਂ ਲੈਨਿਨ ਤੱਕ' 'ਚੋਂ ਬੁਰਜੂਆ ਜਮਹੂਰੀਅਤ ਦੇ ਸੀਮਤ ਸਵਰੂਪ ਦਾ ਉਦਾਹਰਣ ਲਿਆ, "ਪੂੰਜੀਵਾਦ ਵਿੱਚ ਲੋਕਤੰਤਰ ਇੱਕ ਆਮ ਰੂਪ ਵਿੱਚ ਨਿਰ ਆਧਾਰ ਲੋਕਤੰਤਰ ਨਹੀਂ ਸੀ ਸਗੋਂ ਵਿਸ਼ੇਸ਼ ਬੁਰਜੂਆ ਲੋਕਤੰਤਰ ਜਾਂ ਜਿਵੇਂ ਕਿ ਲੈਨਿਨ ਨੇ ਕਿਹਾ ਸੀ, ਬੁਰਜੂਆ ਵਰਗ ਦੇ ਲਈ ਲੋਕਤੰਤਰ।" ਅਗਾਂਹ ਉਹ ਲਿਖਦੇ ਹਨ, : "ਲੋਕਤੰਤਰ ਸਿਧਾਂਤਕ ਤੌਰ ਤੇ : ਰਾਜਨੀਤਕ ਅਤੇ ਕਾਨੂੰਨੀ ਸਮਾਨਤਾ ਦਾ ਪ੍ਰਬੰਧ ਹੈ। ਪਰੰਤੂ ਠੋਸ ਅਤੇ ਵਿਵਹਾਰਕ ਰੂਪ ਵਿੱਚ ਇਹ ਨਿਰਾ ਝੂਠ ਹੈ। ਕਿਉਂਕਿ ਜਦੋਂ ਤੱਕ ਆਰਥਿਕ ਤੌਰ ਤੇ ਨਾ ਬਰਾਬਰਤਾ ਹੈ, ਉਦੋਂ ਤੱਕ ਕੋਈ ਬਰਾਬਰੀ ਨਹੀਂ ਹੋ ਸਕਦੀ ; ਨਾ ਹੀ ਰਾਜਨੀਤੀ 'ਚ ਤੇ ਨਾ ਹੀ ਕਾਨੂੰਨ ਦੇ ਸਾਹਮਣੇ। ......ਪੂੰਜੀਵਾਦੀ ਸ਼ਾਸ਼ਨ ਵਿੱਚ ਲੋਕਤੰਤਰ ਦੀ ਸਾਰੀ ਮਸ਼ੀਨਰੀ ਘੱਟ ਗਿਣਤੀ ਰਾਜ ਕਰ ਰਹੀ ਧਿਰ ਨੂੰ ਬਹੁਗਿਣਤੀ ਮਿਹਨਤੀ ਵਰਗ ਉੱਤੇ ਜ਼ਬਰ ਦੇ ਦਾਬੇ ਦੇ ਨਾਲ ਸੱਤਾ ਬਣਾਈ ਰੱਖਣ ਲਈ ਕੰਮ ਕਰਦੀ ਹੈ।"

ਭਗਤ ਸਿੰਘ ਨੇ ਬੁਰਜੂਆ ਪ੍ਰਬੰਧ ਦੇ ਵਿਚਾਰਧਾਰਕ ਸੰਰਚਨਾ ਦੇ ਵੱਲ ਵੀ ਧਿਆਨ ਦਿੱਤਾ ਅਤੇ ਇਸ ਸਿਲਸਿਲੇ ਵਿੱਚ ਬੁਰਜੂਆ ਸਮਾਜ ਵਿੱਚ ਧਰਮ ਦੀ ਭੂਮਿਕਾ ਵਿੱਚ ਰੁਚੀ ਲਈ। ਆਪਣੀ ਪੱਧਰ ਤੇ ਉਹ ਧਰਮ ਦਾ ਸੁਆਲ ਹੱਲ ਕਰ ਚੁੱਕੇ ਸਨ। ਇਸ ਸਮੇਂ ਤੱਕ ਉਹ ਪੱਕੇ ਨਿਰਈਸ਼ਵਰਵਾਦੀ (ਨਾਸਤਿਕ) ਬਣ ਚੁੱਕੇ ਸਨ। ਪਰ ਉਹਨਾਂ ਨੇ ਭਾਰਤੀ ਸਮਾਜ ਵਿੱਚ ਧਰਮ ਦੀ ਭੂਮਿਕਾ ਅਤੇ ਸਥਾਨ ਨੂੰ ਤੇ ਆਪਣੇ ਸਾਥੀਆਂ ਕੌਮੀ ਇਨਕਲਾਬੀਆਂ ਦੀ ਵਿਚਾਰਧਾਰਾ ਉੱਤੇ ਇਹਦੇ ਪ੍ਰਭਾਵ ਨੂੰ ਸਮਝਣਾ ਚਾਹਿਆ।

'ਧਰਮ-ਸਥਾਪਿਤ ਵਿਵਸਥਾ ਦਾ ਸਮਰਥਕ : 'ਗੁਲਾਮੀ' ਸਿਰਲੇਖ ਨਾਲ ਉਹਨਾਂ ਨੇ ਅਮਰੀਕਾ ਦੇ ਪ੍ਰੇਸਬਿਟੇਰਿਅਨ ਚਰਚ ਦੀ ਮਹਾਂਸਭਾ (1835) ਦੇ ਹੁਕਮਨਾਮੇ (ਪ੍ਰਸਤਾਵ) ਦੀ ਇਹ ਮਿਸਾਲ ਨੋਟ ਕੀਤੀ ਕਿ, "ਗੁਲਾਮੀ ਨੂੰ ਬਾਈਬਲ ਦੇ ਪੁਰਾਣੇ ਅਤੇ ਧਰਮ ਗਰੰਥਾਂ ਵਿੱਚ ਮਾਨਤਾ ਪ੍ਰਾਪਤ ਹੈ ਅਤੇ ਪ੍ਰਮਾਤਮਾ ਦੀ ਸੱਤਾ ਇਹਦੀ ਨਿੰਦਿਆ ਨਹੀਂ ਕਰਦੀ।" ਭਗਤ ਸਿੰਘ ਅੱਗੇ ਲਿਖਦੇ ਹਨ ਕਿ ਉਸੇ ਸਾਲ ਚਾਲਸਰਟਨ ਬੈਪਟਿਸਟ ਐਸੋਸੀਏਸ਼ਨ ਨੇ "ਆਪਣੇ ਗੁਲਾਮਾਂ ਦੇ ਸਮੇਂ ਦੀ ਵਰਤੋਂ ਕਰਨ ਵਿੱਚ ਮਾਲਿਕਾਂ ਦੇ ਅਧਿਕਾਰ" ਦੀ ਪੁਸ਼ਟੀ ਕੀਤੀ। ਇਸ ਸਿਲਸਿਲੇ ਵਿੱਚ ਭਗਤ ਸਿੰਘ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਧਰਮ ਨੇ "ਪੂੰਜੀਵਾਦ ਦਾ ਸਮਰਥਨ" ਕੀਤਾ ਹੈ।

ਧਰਮ ਦੀ ਉਤਪਤੀ ਦੇ ਕਾਰਨਾਂ ਅਤੇ ਉਹਦੇ ਮਰਮ (ਟੀਸ) ਨੂੰ ਸਮਝਣ ਦੀ ਖਾਹਿਸ਼ (ਚੇਸ਼ਠਾ) ਵਿੱਚ ਉਹ ਮਾਰਕਸ ਦੇ ਵੱਲ ਮੁੜੇ। ਸਫਾ 40 ਉੱਤੇ ਅਸੀਂ ਮਾਰਕਸ ਦੀ ਰਚਨਾ 'ਹੀਗਲ ਦੇ ਨਿਆਂ ਦਰਸ਼ਨ ਦੀ ਸਮਾਲੋਚਨਾ ਦਾ ਯਤਨ' ਵਿੱਚੋਂ 'ਧਰਮ ਦੇ ਸੰਬੰਧ 'ਚ ਮਾਰਕਸ ਦੇ ਵਿਚਾਰ' ਸਿਰਲੇਖ ਦੀ ਇੱਕ ਮਿਸਾਲ ਵੇਖਦੇ ਹਾਂ ...... "ਮਨੁੱਖ ਧਰਮ ਦੀ ਰਚਨਾ ਕਰਦਾ ਹੈ, ਧਰਮ ਮਨੁੱਖ ਦੀ ਰਚਨਾ ਨਹੀਂ ਕਰਦਾ......। ਮਨੁੱਖ ਦਾ ਮਤਲਬ ਹੈ ਮਨੁੱਖ ਦਾ ਸੰਸਾਰ, ਰਾਜ, ਸਮਾਜ। ਇਹ ਰਾਜ ਇਹ ਸਮਾਜ ਧਰਮ ਨੂੰ, ਇੱਕ ਵਿਸ਼ਾਲ ਵਿਸ਼ਵ ਦ੍ਰਿਸ਼ਟੀਕੋਣ ਨੂੰ ਜਨਮ ਦਿੰਦੇ ਹਨ। ਕਿਉਂਕਿ ਉਹ ਖੁਦ ਇੱਕ ਵਿਸ਼ਾਲ ਸੰਸਾਰ ਹੈ। ਧਰਮ ਇਸ ਸੰਸਾਰ ਦਾ, ਆਮ ਸਿਧਾਂਤ, ਉਹਦਾ ਸਾਰ ਸੰਗ੍ਰਹਿ ਸ਼ਬੋਧ (ਸਰਲ ਤੇ ਸਮਝ 'ਚ ਆਉਣ ਵਾਲਾ) ਰੂਪ ਵਿੱਚ ਉਹਦਾ ਤਰਕ ਹੈ। ...... ਧਰਮ ਦੇ ਵਿਰੁੱਧ ਸੰਘਰਸ਼ ਪਰੋਖ (ਅਪ੍ਰਤੱਖ) ਰੂਪ ਵਿੱਚ ਉਸ ਸੰਸਾਰ ਦੇ ਵਿਰੁੱਧ ਸੰਘਰਸ਼ ਹੈ, ਜਿਹਦਾ ਅਧਿਆਤਮਕ ਸੰਤੋਖ (ਤ੍ਰਿਪਤੀ) ਧਰਮ ਹੈ। ...... ਧਰਮ ਲੋਕਾਂ ਦੇ ਲਈ ਅਫੀਮ ਹੈ।" ਵਰਨਣਯੋਗ ਹੈ ਕਿ ਸਫਾ 192 ਉੱਤੇ ਭਗਤ ਸਿੰਘ ਨੇ ਅੰਤਿਮ ਵਾਕ ਦੁਹਰਾਇਆ ਹੈ।

ਸੋ, ਆਪਣੇ ਨੋਟਾਂ ਵਿੱਚ ਭਗਤ ਸਿੰਘ ਨੇ ਪੂੰਜੀਵਾਦ ਨੂੰ ਜੜ੍ਹੋਂ ਉਖਾੜਨ ਦੇ ਪੱਖ ਵਿੱਚ ਠੋਸ ਤਰਕ ਪੇਸ਼ ਕੀਤੇ। ਮਾਰਕਸਵਾਦ ਲੈਨਿਨਵਾਦ ਦੇ ਸੰਸਥਾਪਕਾਂ ਦੇ ਵਾਗੂੰ ਉਹ ਵੀ ਇਹੋ ਮੰਨਦੇ ਸਨ ਕਿ ਅਗਲੇਰਾ ਸਮਾਜ ਸਿਰਫ਼ ਸਮਾਜਵਾਦੀ ਸਮਾਜ ਹੀ ਹੋ ਸਕਦਾ ਹੈ। ਉਹਨਾਂ ਦੇ ਨੋਟ ਕੀਤੇ ਹਵਾਲਿਆਂ ਵਿੱਚ ਅਗਲੇਰੇ ਸਮਾਜ ਦਾ ਕੋਈ ਵਿਸਥਾਰਤ ਵਰਣਨ ਤਾਂ ਨਹੀਂ ਹੈ, ਪਰ ਕੁਝ ਵਿਚਾਰ ਇਹ ਦਰਸਾਉਂਦੇ ਹਨ ਕਿਵੇਂ ਉਹ ਸਮਾਜਵਾਦ ਦੀ ਧਾਰਨਾ ਦਾ ਵਿਗਿਆਨਕ ਅਰਥ ਲਗਾਉਂਦੇ ਸਨ। ਉਹਨਾਂ ਨੇ ਅਗਲੇਰੇ ਸਮਾਜ ਦੇ ਖੱਬੇ ਪੱਖੀ ਸਮਾਜਕ-ਜਮਹੂਰੀਅਤ ਪਸੰਦਾਂ ਦੇ ਆਦਰਸ਼ਾਂ ਨੂੰ ਰੱਦ ਕੀਤਾ ਅਤੇ ਪੂੰਜੀਵਾਦ ਦੀ ਥਾਂ ਤੇ ਸਮਾਜਵਾਦ ਲਿਆਉਣ ਦੀ ਸਮੱਸਿਆ ਦੇ ਪ੍ਰਤੀ ਸਮਾਜਿਕ ਸੁਧਾਰਵਾਦੀ ਰੁਖ ਨੂੰ ਵੀ। ਉਹਨਾਂ ਨੇ ਪੱਛਮ ਦੇ ਖੱਬੇ ਪੱਖੀਆਂ ਸਮਾਜਵਾਦੀਆਂ ਦੀ ਨਿੰਦਾ ਕੀਤੀ ਅਤੇ ਆਰ. ਮੈਕਡਨਾਲਡ ਨੂੰ 'ਬਰਤਾਨਵੀ ਲੇਬਰ ਪਾਰਟੀਦਾ ਸਾਮਰਾਜਵਾਦੀ ਆਗੂ' ਕਿਹਾ (ਸਫਾ 13) ਸਫਾ 52 ਉੱਤੇ

ਦੂਜੀ ਕੌਮਾਂਤਰੀ ਤੇ ਆਗੂਆਂ ਵੱਲੋਂ ਮਜ਼ਦੂਰ ਜਮਾਤ ਦੇ ਫਰਜ਼ਾਂ ਨਾਲ ਕੀਤੀ ਗਈ ਗਦਾਰੀ ਦੇ ਸੰਬੰਧ 'ਚ ਹਿਲਕਵੀਟ ਦੀ ਕਿਤਾਬ 'ਚੋਂ ਇੱਕ ਉਦਾਹਰਣ ਹੈ।

ਜੇਲ੍ਹ 'ਚ ਉਹ ਪੂਰੀ ਤਰ੍ਹਾਂ ਪੂੰਜੀਵਾਦੀ ਪ੍ਰਬੰਧ ਦਾ ਤਖਤਾ ਪਲਟਨ ਅਤੇ ਸਾਰੀ ਮਨੁੱਖ ਜਾਤੀ ਦੇ ਹਿਤ 'ਚ ਅਰਥ ਵਿਵਸਥਾ ਅਤੇ ਸਾਰੇ ਕੁਦਰਤੀ ਸਾਧਨਾਂ ਤੇ ਅਧਿਕਾਰ ਸਥਾਪਤ ਕਰਨ ਦੇ ਵੱਲ ਵਿਸ਼ਵ ਸਮਾਜਵਾਦੀ ਇਨਕਲਾਬ ਦੇ ਵਿਚਾਰਾਂ ਵਿੱਚ ਰੁਚਿਤ ਰਹੇ। ਸਫਾ 190 ਉੱਤੇ ਉਹਨਾਂ ਨੇ ਲਿਖਿਆ : "ਸਮਾਜਵਾਦੀ ਵਿਵਸਥਾ ਹਰੇਕ ਨੂੰ ਉਹਦੀ ਯੋਗਤਾ ਦੇ ਅਨੁਸਾਰ, ਹਰੇਕ ਨੂੰ ਉਹਦੀ ਲੋੜ ਦੇ ਅਨੁਸਾਰ।" ਭਗਤ ਸਿੰਘ ਸਮਾਜਵਾਦ ਦੇ ਵਿਕਾਸ ਨੂੰ ਮਜ਼ਦੂਰ ਜਮਾਤ ਦੇ ਸੰਘਰਸ਼ ਦੇ ਨਾਲ ਜੋੜਦੇ ਸਨ, ਜਿਹੜੀ ਅਗਲੇਰੇ ਸਮਾਜ ਦੀ ਸੱਤਾਧਾਰੀ ਜਮਾਤ ਬਣੇਗੀ। ਸਫਾ 69 ਉੱਤੇ 'ਕਮਿਊਨਿਸਟ ਪਾਰਟੀ ਦਾ ਐਲਾਨਨਾਮਾ' 'ਚੋਂ ਇੱਕ ਮਿਸਾਲ ਹੈ ......"ਮਜ਼ਦੂਰ ਜਮਾਤ ਦੇ ਇਨਕਲਾਬ ਦਾ ਪਹਿਲਾ ਕਦਮ ਮਜ਼ਦੂਰ ਜਮਾਤ ਨੂੰ ਚੁੱਕ ਕੇ ਸੱਤਾਧਾਰੀ ਜਮਾਤ ਦੀ ਗੱਦੀ ਉੱਤੇ ਬਿਠਾਉਣਾ ਅਤੇ ਜਮਹੂਰੀਅਤ ਲਈ ਲੜੀ ਜਾਣ ਵਾਲੀ ਲੜਾਈ ਨੂੰ ਜਿੱਤਣਾ ਹੈ।

"ਮਜ਼ਦੂਰ ਜਮਾਤ ਆਪਣਾ ਰਾਜਨੀਤਕ ਪ੍ਰਭੂਸੱਤਾ, ਪੂੰਜੀਵਾਦੀ ਜਮਾਤ ਤੋਂ ਸਹਿਜੇ ਸਹਿਜੇ ਸਮੁੱਚੀ ਪੂੰਜੀ ਖੋਹਣ ਦੇ ਲਈ, ਪੈਦਾਵਾਰ ਦੇ ਸੰਦਾਂ ਸਾਧਨਾਂ ਨੂੰ ਰਾਜ ਭਾਵ ਸੱਤਾਧਾਰੀ ਜਮਾਤ ਦੇ ਰੂਪ 'ਚ ਜਥੇਬੰਦ ਮਜ਼ਦੂਰ ਜਮਾਤ : ਦੇ ਹੱਥਾਂ 'ਚ ਕੇਂਦਰਤ ਕਰਨ ਦੇ ਲਈ ਅਤੇ ਸਰਗਰਮ ਪੈਦਾਵਾਰੀ ਸ਼ਕਤੀਆਂ ਵਿੱਚ, ਜਿੰਨੀ ਛੇਤੀ ਹੋ ਸਕੇ ਵਾਧੇ ਦੇ ਲਈ ਵਰਤੋਂ ਕਰੇਗਾ।"[10]

ਭਗਤ ਸਿੰਘ ਨੇ ਇਹ ਵੀ ਨੋਟ ਕੀਤਾ ਹੈ ਕਿ ਜੇ ਮਜ਼ਦੂਰ ਜਮਾਤ ਦੀ ਅਗਵਾਈ ਉਹਦਾ ਹਰਿਆਵਲ ਦਸਤਾ, ਉਹਦੀ ਪਾਰਟੀ, ਜਿਹੜੀ ਮਜ਼ਦੂਰ ਇਨਕਲਾਬ ਦਾ ਲਾਜ਼ਮੀ ਸੰਦ ਹੈ, ਨਾ ਕਰ ਰਹੀ ਹੋਵੇ ਤਾਂ ਕੋਈ ਇਨਕਲਾਬ ਨਹੀਂ ਹੋ ਸਕਦਾ। ਉਹਨਾਂ ਨੇ ਮਜ਼ਦੂਰ ਜਮਾਤ ਦੇ ਕੌਮਾਂਤਰੀ ਗੀਤ "ਇੰਟਰਨੈਸ਼ਨਲ" ਦੀਆਂ ਪੰਕਤੀਆਂ ਵੀ ਆਪਣੀ ਡਾਇਰੀ 'ਚ ਉਤਾਰੀਆਂ ਹਨ।

ਇਹ ਤਰਕ ਸੰਗਤ ਹੀ ਸੀ ਕਿ ਭਗਤ ਸਿੰਘ ਇਨਕਲਾਬ ਦੇ ਆਰੰਭ ਦੇ ਸੰਬੰਧ 'ਚ ਹਥਿਆਰਬੰਦ ਵਿਦਰੋਹ ਭਾਰਤੀ ਇਨਕਲਾਬੀਆਂ ਦੀਆਂ ਅਨੇਕਾਂ ਪੀੜੀਆਂ ਦਾ ਟੀਚਾ ਰਿਹਾ ਸੀ। ਪਰੰਤੂ ਉਹ ਇਹਨੂੰ ਲਿਆਉਣ ਵਿੱਚ ਸਫ਼ਲ ਨਹੀਂ ਰਹੇ ਸਨ। ਇਹੋ ਕਾਰਨ ਹੈ ਕਿ ਭਗਤ ਸਿੰਘ ਨੇ ਇਸ ਵਿਸ਼ੇ ਉੱਤੇ ਮਾਰਕਸਵਾਦੀ ਰਚਨਾਵਾਂ ਵਿੱਚ ਖ਼ਾਸ ਦਿਲਚਸਪੀ ਲਈ। ਉਹਨਾਂ ਨੇ ਏਂਗਲਜ਼ ਦੀ ਰਚਨਾ 'ਜਰਮਨੀ 'ਚ ਇਨਕਲਾਬ ਦੇ ਉਲਟ ਇਨਕਲਾਬ' 'ਚੋਂ ਲੰਮੀਆਂ ਲੰਮੀਆਂ ਮਿਸਾਲਾਂ ਲਾਹੀਆਂ। ਹਾਲਾਂਕਿ ਇਹ ਉਹਨਾਂ ਨੇ ਮੂਲ ਰਚਨਾ 'ਚੋਂ ਨਹੀਂ, ਸਗੋਂ ਇੱਕ ਹੋਰ ਪੁਸਤਕ 'ਚੋਂ ਕੀਤਾ ਸੀ। ਅਤੇ ਉਹ ਇਸ ਲਈ ਇਸ ਭਰਮ 'ਚ ਰਹੇ ਕਿ ਉਹ ਮਾਰਕਸ ਨੂੰ ਪ੍ਰਚੰਡ ਕਰ ਰਹੇ ਹਨ। : "ਪਹਿਲੀ ਗੱਲ ਵਿਦਰੋਹ ਨਾਲ ਉਦੋਂ ਤੱਕ ਖਿਲਵਾੜ ਨਾ ਕਰੋ, ਜਦੋਂ ਤੱਕ ਤੁਸੀਂ ਉਸ ਖੇਡ ਦੇ ਸਿੱਟਿਆਂ ਦਾ ਸਾਹਮਣਾ ਕਰਨ ਦੇ ਲਈ ਪੂਰੀ ਤਰ੍ਹਾਂ ਤਿਆਰ ਨਹੀਂ ਹੁੰਦੇ। ਵਿਦਰੋਹ ਤਾਂ ਇੱਕ ਅਜਿਹਾ ਤਜਰਬਾ ਹੈ ਜਿਹਦੇ ਸਿੱਟੇ ਹਮੇਸ਼ਾ ਅਣਇੱਛਿਤ ਹੁੰਦੇ ਹਨ, ਜਿਹਨਾਂ ਦਾ ਮੂਲ ਰੋਜ ਬਦਲ ਸਕਦਾ ਹੈ, ਮੁਕਾਬਲੇ 'ਚ ਖਲੋਤੀਆਂ ਤਾਕਤਾਂ ਨੂੰ ਜਥੇਬੰਦ, ਅਨੁਸ਼ਾਸ਼ਨ ਤੇ ਪਰੰਪਰਾਗਤ ਸਥਾਪਤੀ ਦੇ ਸਾਰੇ ਲਾਭ ਹਾਸਲ ਹੁੰਦੇ ਹਨ। ਜੇ ਵਿਦਰੋਹ 'ਚ ਆਪਣੇ ਦੁਸ਼ਮਣਾਂ ਦੇ ਵਿਰੁੱਧ ਅਤੇ ਵੱਡੀ ਤਾਕਤ ਮੈਦਾਨ 'ਚ ਨਹੀਂ ਉਤਾਰਾਂਗੇ, ਤਾਂ ਉਹ ਹਾਰ ਜਾਣਗੇ ਅਤੇ ਬਰਬਾਦ ਹੋ ਜਾਣਗੇ। ਦੂਜੀ ਚੀਜ਼ ਇੱਕ ਵਾਰੀ ਬਗਾਵਤ ਸ਼ੁਰੂ ਹੋਣ ਤੇ ਜ਼ਿਆਦਾਤਰ ਦ੍ਰਿੜ ਸੰਕਲਪ ਦੇ ਨਾਲ ਕੰਮ ਕਰਨ ਅਤੇ ਹਮਲਾਵਰ ਰਹਿਣ ਦੀ ਲੋੜ ਹੁੰਦੀ ਹੈ। ਸੁਰੱਖਿਆ ਦੀ ਸਥਿਤੀ, ਹਰੇਕ ਹਥਿਆਰਬੰਦ ਬਗਾਵਤ ਵਿੱਚ ਮੌਤ ਹੁੰਦੀ ਹੈ : ਆਪਣੇ ਦੁਸ਼ਮਨ ਨਾਲ ਮੁਕਾਬਲਾ ਹੋਣ ਤੋਂ ਪਹਿਲਾਂ ਹੀ ਮੈਦਾਨ ਹੱਥ 'ਚੋਂ ਨਿਕਲ ਜਾਂਦਾ ਹੈ।"[11]

ਇਸ ਮਿਸਾਲ ਵਿੱਚ ਹਰੇਕ ਸ਼ਬਦ ਬਗਾਵਤ ਦੇ ਸੁਆਲ ਉੱਤੇ ਭਗਤ ਸਿੰਘ ਦੇ ਸਾਥੀਆਂ ਦੇ ਸੱਤਹੀ ਰੁਖ ਦੇ ਵਿਰੁੱਧ ਅਤੇ ਕੁਝ ਹੱਦ ਤੱਕ ਇਨਕਲਾਬੀ ਸਰਗਰਮੀਆਂ ਦੇ ਸ਼ੁਰੂ ਵਿੱਚ 'ਖੁਦ' ਭਗਤ ਸਿੰਘ ਦੇ ਦ੍ਰਿਸ਼ਟੀਕੋਣ ਦੇ ਵਿਰੁੱਧ ਚੇਤਾਵਨੀ ਦਿੰਦਾ ਹੈ।

ਬੜੇ ਲੰਮੇ ਸਮੇਂ ਤੱਕ ਭਾਰਤੀ ਇਨਕਲਾਬੀਆਂ ਨੇ ਨਾ ਤਾਂ ਅਗਲੇਰੇ (ਭਵਿੱਖਤ) ਆਜ਼ਾਦ ਭਾਰਤ ਵਿੱਚ ਸੱਤਾ ਦੇ ਸਵਰੂਪ ਉੱਤੇ ਅਤੇ ਨਾ ਹੀ ਉਸਦੀ ਸਰਕਾਰ ਦੀਆਂ ਆਰਥਿਕ ਸਮਾਜਿਕ ਨੀਤੀਆਂ ਦੇ ਸੁਆਲ ਉੱਤੇ ਵਿਚਾਰ ਕੀਤਾ। ਉਹ ਇਹ ਸੋਚਦੇ ਸਨ ਕਿ ਆਜ਼ਾਦੀ ਹੀ ਇੱਕ "ਰਾਮ ਬਾਣ" ਹੋਵੇਗੀ। ਮਾਰਕਸਵਾਦੀ ਸਾਹਿਤ ਤੋਂ ਪ੍ਰਭਾਵਿਤ ਹੋ ਕੇ ਭਗਤ ਸਿੰਘ ਨੇ ਉਹਨਾਂ ਦੀ ਮਜ਼ਦੂਰ ਜਮਾਤ ਦੀ ਤਾਨਾਸ਼ਾਹੀ ਦੇ ਵਿਚਾਰ ਨੂੰ ਸਵੀਕਾਰ ਕਰ ਲਿਆ ਸੀ। ਸ਼ੁਰੂ 'ਚ ਉਹਨਾਂ ਏਂਗਲਜ਼ ਦੀ ਇਹ ਉਕਤੀ ਨੋਟ ਕੀਤੀ ਕਿ ਜੇਤੂ ਮਜ਼ਦੂਰ ਜਮਾਤ ਨੂੰ ਦੁਸ਼ਮਣ ਨੂੰ ਕੁਚਲਣ ਦੇ ਲਈ ਤਾਨਾਸ਼ਾਹੀ ਦੀ ਲੋੜ ਹੈ ਅਤੇ ਇਸ ਲਈ ਇੱਕ "ਆਜ਼ਾਦ ਲੋਕ ਰਾਜ" ਦੀ ਗੱਲ ਕਰਨੀ ਬੇਤੁਕੀ ਹੈ (ਸਫਾ 62)। ਇਸ ਤੋਂ ਅਗਾਂਹ ਉਨ੍ਹਾਂ ਲੈਨਿਨ ਦੀ ਪ੍ਰੀਭਾਸ਼ਾ ਜੋੜੀ : "ਤਾਨਾਸ਼ਾਹੀ ਪ੍ਰਤੱਖ ਰੂਪ ਵਿੱਚ ਹਿੰਸਾ ਤੇ ਆਧਾਰਿਤ ਅਤੇ ਕਿਸੇ ਵੀ ਕਾਨੂੰਨ ਨਾਲ ਨਾ ਬੱਧੀ ਹੋਈ ਸੱਤਾ ਹੈ।"

"ਮਜ਼ਦੂਰ ਜਮਾਤ ਦੀ ਇਨਕਲਾਬੀ ਤਾਨਾਸ਼ਾਹੀ, ਮਜ਼ਦੂਰ ਜਮਾਤ ਵੱਲੋਂ ਬੁਰਜੂਆ ਜਮਾਤ ਦੇ ਵਿਰੁੱਧ ਹਿੰਸਾ ਰਾਹੀਂ ਹਾਸਲ ਕੀਤੀ ਜਾਣ ਵਾਲੀ ਅਤੇ ਬਰਕਰਾਰ ਰੱਖੀ ਜਾਣ ਵਾਲੀ ਸੱਤਾ ਹੈ। ਕਿਸੇ ਵੀ ਕਾਨੂੰਨ ਨਾਲ ਨਾ ਬੱਧੀ ਹੋਈ ਸੱਤਾ ਹੈ।"[12]

ਭਗਤ ਸਿੰਘ ਦੇ ਹਵਾਲਿਆਂ 'ਚ ਮਜ਼ਦੂਰ ਜਮਾਤ ਦੀ ਤਾਨਾਸ਼ਾਹੀ ਦੇ ਸਾਰ ਉੱਤੇ ਸੁਧਾਰਵਾਦੀ ਨਜ਼ਰੀਏ ਦੀ ਆਲੋਚਨਾ ਅਸੀਂ ਵੇਖਦੇ ਹਾਂ ਉਹਨਾਂ ਨੇ ਲੈਨਿਨ ਦੀ ਰਚਨਾ, "ਮਜ਼ਦੂਰ ਇਨਕਲਾਬ ਤੇ ਗਦਾਰ ਕਾਊਟਸਕੀ" 'ਚੋਂ ਲੰਮੇ ਹਵਾਲੇ ਲਾਹੇ ਹਨ ਅਤੇ ਲੈਨਿਨ ਦੇ ਇਸ ਵਿਚਾਰ ਉੱਤੇ ਵਿਸ਼ੇਸ਼ ਧਿਆਨ ਦਿੱਤਾ ਕਿ ਬੁਰਜੂਆ ਨਿੰਦ "ਸ਼ੁੱਧ ਲੋਕਤੰਤਰ" ਦਾ ਸਹਾਰਾ ਲੈ ਕੇ ਸੋਵੀਅਤ ਸਰਕਾਰ ਉੱਤੇ ਅੱਤਿਆਚਾਰੀ ਹੋਣ ਦਾ ਦੋਸ਼ ਲਾਉਂਦੇ ਹਨ : "ਪਰੰਤੂ ਹੁਣ ਕਿਉਂਕਿ ਕਿਰਤੀ ਅਤੇ ਲੁੱਟੀਂਦੇ ਵਰਗਾਂ ਨੇ ਸਾਮਰਾਜਵਾਦੀ ਜੰਗ ਦੇ ਕਾਰਨ ਵਿਦੇਸ਼ਾਂ ਵਿੱਚ ਆਪਣੇ ਭਰਾਵਾਂ ਤੋਂ ਕੱਟੇ ਰਹਿਕੇ ਵੀ ਇਤਿਹਾਸ ਵਿੱਚ ਪਹਿਲੀ ਵੇਰ ਖੁਦ ਆਪਣੀਆਂ ਸੋਵੀਅਤਾਂ ਦੀ ਸਥਾਪਨਾ ਕਰ ਲਈ ਹੈ ਉਨ੍ਹਾਂ ਲੋਕ ਸਮੂਹਾਂ ਨੂੰ ਰਾਜਨੀਤਕ ਨਿਰਮਾਣ ਦੇ ਕੰਮ 'ਚ ਜੁਟਾ ਦਿੱਤਾ ਹੈ, ਜਿਹਨਾਂ ਉੱਤੇ ਬੁਰਜੂਆ ਵਰਗ ਅਤਿਆਚਾਰ ਕਰਦਾ ਸੀ, ਜਿਹਨਾਂ ਨੂੰ ਉਹ ਕੁਚਲਦਾ ਸੀ ਅਤੇ ਜਿਹਨਾਂ ਨੂੰ ਮੂਰਖ ਬਣਾਉਂਦਾ ਸੀ, ਹੁਣ ਕਿਉਂਕਿ ਉਹਨਾਂ ਨੇ ਖੁਦ ਇੱਕ ਨਵੇਂ ਮਜ਼ਦੂਰ ਜਮਾਤ ਦੇ ਰਾਜ ਦੀ ਉਸਾਰੀ ਸ਼ੁਰੂ ਕਰ ਦਿੱਤੀ ਹੈ, ਜ਼ਬਰਦਸਤ ਸੰਘਰਸ਼ ਦੀ ਜਵਾਲਾ ਦੇ ਵਿੱਚ, ਗ੍ਰਹਿ ਯੁੱਧ ਦੀ ਜਵਾਲਾ ਦੇ ਵਿੱਚ, ਲੁਟੇਰਿਆਂ ਤੋਂ ਮੁਕਤ ਰਾਜ ਦੇ ਬੁਨਿਆਦੀ ਸਿਧਾਂਤਾਂ ਦੀ ਰੂਪ ਰੇਖਾ ਤਿਆਰ ਕਰਨੀ ਸ਼ੁਰੂ ਕਰ ਦਿੱਤੀ ਹੈ – ਇਸ ਲਈ ਸਾਰੇ ਲੁੱਚੇ ਬੁਰਜੂਆ ਲੋਕ, ਖ਼ੂਨ ਚੂਸਣ ਵਾਲੇ ਗ੍ਰੋਹ' ਦਾ 'ਮਨਮਾਨੀਆ'

ਦਾ ਰੌਲਾ ਗੌਲਾ ਕਰਨ ਲੱਗੇ ਹਨ ਅਤੇ ਕਾਉਂਟਸਕੀ ਵੀ ਉਹਨਾਂ ਦੇ ਸੁਰ ਦਾ ਆਲਾਪ ਕਰ ਰਿਹਾ ਹੈ।"[13]

ਮਜ਼ਦੂਰ ਜਮਾਤ ਦੀ ਤਾਨਾਸ਼ਾਹੀ ਨੂੰ ਨਵੇਂ ਸਮਾਜ ਦੇ ਨਿਰਮਾਣ ਦਾ ਸੰਦ ਮੰਨਦਿਆਂ ਹੋਇਆਂ ਭਗਤ ਸਿੰਘ ਨੇ ਅਜਿਹੇ ਸਮਾਜ ਦੀ ਸਥਾਪਨਾ ਦੇ ਰਾਹ ਦੇ ਵੱਲ ਬਹੁਤ ਧਿਆਨ ਦਿੱਤਾ। ਇਸ ਸਿਲਸਿਲੇ ਵਿੱਚ ਉਹ ਸੋਵੀਅਤ ਰੂਸ ਦੇ ਤਜਰਬਿਆਂ ਅਤੇ ਕੁਝ ਸਮਾਂ ਪਹਿਲਾਂ ਹੋਏ ਇਨਕਲਾਬੀ ਪੁਨਰਗਠਨ ਦੇ ਵੱਲ ਲਗਾਤਾਰ ਨਿਗਾਹ ਰੱਖਣ ਲੱਗੇ। ਡਾਇਰੀ ਦੇ ਸਫਾ 36 ਉੱਤੇ ਪਹਿਲੀ ਵੇਰ "ਬੋਲਸ਼ੇਵਿਕ ਰੂਸ" ਦਾ ਜ਼ਿਕਰ ਆਇਆ ਹੈ। ਇਸ ਤੋਂ ਅੱਗੇ ਹਾਸ਼ੀਆਂ ਉੱਤੇ ਵੱਖ-ਵੱਖ ਲੇਖਕਾਂ ਵੱਲੋਂ ਰੂਸ ਉੱਤੇ ਲਿਖੀਆਂ ਕਿਤਾਬਾਂ ਦੀ ਸੂਚੀ ਹੈ। ਰੇਨੇ ਫੁਲੋਪਮਿਲਰ ਦੀ "ਬੋਲਸ਼ਇਜ਼ਮ ਦਾ ਚਿਹਰਾ ਤੇ ਦਿਮਾਗ", ਐਮ.ਓ.ਹਾਰਾ ਦੀ 'ਰਸ਼ੀਆ', ਲੌਂਸਲੋ ਲੋਟੋਨ ਦੀ "ਰੂਸੀ ਇਨਕਲਾਬ", ਇੰਟਨ ਕਾਰਲਗ੍ਰੀਨ ਦੀ "ਬੋਲਸ਼ਵਿਕ ਰੂਸ" ਅਤੇ "ਮਾਰਕਸ, ਲੈਨਿਨ ਅਤੇ ਇਨਕਲਾਬੀ ਵਿਗਿਆਨ" (ਸਫਾ 191)। ਇਸ ਸੂਚੀ ਵਿੱਚ ਰੂਸ ਉੱਤੇ ਉਹ ਸਾਰੀਆਂ ਕਿਤਾਬਾਂ ਨਹੀਂ ਹਨ, ਜਿਨ੍ਹਾਂ 'ਚ ਭਗਤ ਸਿੰਘ ਨੇ ਜੇਲ੍ਹ 'ਚ ਦਿਲਚਸਪੀ ਦਿਖਾਈ ਸੀ। ਜੇ. ਸਨਿਆਲ ਦੇ ਮੁਤਾਬਕ ਭਗਤ ਸਿੰਘ ਨੇ ਜੌਨ ਰੀਡ ਦੀ 'ਦਸ ਦਿਨ ਜਿਨ੍ਹਾਂ ਦੁਨੀਆਂ ਹਿਲਾ ਦਿੱਤੀ', ਗੋਰਕੀ ਦੀ 'ਮਾਂ', ਅਤੇ ਸ. ਸਤੇਪਨਯਾਕ ਕਰਾਂਵਚੀਸਕੀ ਦੀ "ਰੂਸੀ ਲੋਕਤੰਤਰ ਦਾ ਜਨਮ" ਵੀ ਪੜ੍ਹੀਆਂ ਸਨ।[14]

ਜੇ. ਸਨਿਆਲ ਅੱਗੇ ਲਿਖਦੇ ਹਨ : "ਹਾਲਾਂਕਿ ਸਮਾਜਵਾਦ ਉਨ੍ਹਾਂ ਦਾ ਵਿਸ਼ੇਸ਼ ਵਿਸ਼ਾ ਸੀ, ਫਿਰ ਵੀ ਉਨ੍ਹਾਂ ਨੇ 19ਵੀਂ ਸਦੀ ਦੇ ਸ਼ੁਰੂ ਤੋਂ ਰੂਸੀ ਇਨਕਲਾਬੀਆਂ ਦੇ ਅੰਦੋਲਨ ਦੇ ਜਨਮ ਲੈਣ ਤੋਂ 1917 ਦੇ ਅਕਤੂਬਰ ਇਨਕਲਾਬ ਤੱਕ ਉਹਨਾਂ ਦੇ ਇਤਿਹਾਸ ਦਾ ਗਹਿਰਾਈ 'ਚ ਅਧਿਐਨ ਕੀਤਾ। ਇਹ ਮੰਨਿਆ ਜਾਂਦਾ ਹੈ ਕਿ ਭਾਰਤ ਵਿੱਚ ਬਹੁਤ ਘੱਟ ਲੋਕ ਅਜਿਹੇ ਸਨ, ਜਿਨ੍ਹਾਂ ਦੇ ਇਸ ਵਿਸ਼ੇ ਉੱਤੇ ਗਿਆਨ ਦੀ ਤੁਲਨਾ ਭਗਤ ਸਿੰਘ ਦੇ ਗਿਆਨ ਨਾਲ ਕੀਤੀ ਜਾ ਸਕਦੀ ਹੈ। ਬੋਲਸ਼ਵਿਕ ਰਾਜ ਸੱਤਾ ਹੇਠ ਰੂਸ 'ਚ ਹੋ ਰਹੇ ਆਰਥਿਕ ਪ੍ਰਯੋਗ ਵਿੱਚ ਵੀ ਉਨ੍ਹਾਂ ਦੀ ਗਹਿਰੀ ਦਿਲਚਸਪੀ ਸੀ।"[15]

ਭਗਤ ਸਿੰਘ ਇਹੋ ਸਮਝਦੇ ਸਨ ਕਿ ਸਮਾਜਵਾਦੀ ਇਨਕਲਾਬ ਦੇ ਸਾਹਮਣੇ ਵਿਸ਼ਾਲ ਸਿਰਜਣਾਤਮਕ ਕਾਰਜ ਹਨ, ਜਿਹੜੇ ਇਹਨੂੰ ਬੁਰਜੂਆ ਇਨਕਲਾਬ ਤੋਂ ਅਲੱਗ ਕਰਦੇ ਹਨ। ਹੇਠਲੀ ਮਿਸਾਲ ਵਿੱਚ ਇਸ ਗੱਲ ਤੇ ਜ਼ੋਰ ਦਿੱਤਾ ਗਿਆ ਹੈ : "ਬੁਰਜੂਆ ਇਨਕਲਾਬ ਆਮ ਤੌਰ ਤੇ ਸੱਤਾ ਹਾਸਲ ਕਰਨ ਪਿੱਛੋਂ ਖ਼ਤਮ ਹੋ ਜਾਂਦਾ ਹੈ। ਮਜ਼ਦੂਰ ਜਮਾਤ ਦੇ ਲਈ ਸੱਤਾ ਹਾਸਲ ਕਰਨਾ ਇੱਕ ਸ਼ੁਰੂਆਤ ਹੀ ਹੈ। ਸੱਤਾ ਪਾ ਲੈਣ ਉਪਰੰਤ ਉਹਦੀ ਵਰਤੋਂ ਪੁਰਾਣੀ ਅਰਥਵਿਵਸਥਾ ਦੀ ਕਾਇਆ ਕਲਪ ਕਰਨ ਅਤੇ ਨਵੀਂ ਅਰਥ ਵਿਵਸਥਾ ਉਸਾਰਨ ਦੇ ਲਈ ਕੀਤੀ ਜਾਂਦੀ ਹੈ।" (ਸਫਾ 120)

ਇਨਕਲਾਬ ਦੇ ਮਾਰਕਸਵਾਦੀ ਸਿਧਾਂਤ ਦਾ ਖੁਦ ਹੀ ਆਜ਼ਾਦ ਰੂਪ ਵਿੱਚ ਅਧਿਐਨ ਕਰਦਿਆਂ ਹੋਇਆਂ ਭਗਤ ਸਿੰਘ ਨੇ ਉਹਦੇ ਸਭ ਤੋਂ ਵਧੇਰੇ ਮਹੱਤਵਪੂਰਨ ਤੱਤਾਂ ਦੀ ਪਹਿਚਾਣ ਕੀਤੀ। ਉਹਨਾਂ ਨੇ ਪੁਰਾਣੀ ਰਾਜਸੀ ਮਸ਼ੀਨਰੀ ਨੂੰ ਤੋੜਨ ਅਤੇ ਨਵੀਂ ਮਸ਼ੀਨਰੀ ਬਣਾਉਣ ਉੱਤੇ ਲੈਨਿਨ ਦੇ ਵਿਚਾਰ ਨੋਟ ਕੀਤੇ ਅਤੇ ਇਹ ਦਰਜ ਕੀਤਾ ਕਿ ਅੰਦਰੂਨੀ ਮਾਮਲਿਆਂ ਤੋਂ ਛੁੱਟ ਸਮਾਜਵਾਦੀ ਇਨਕਲਾਬ ਦੇ ਸਾਹਮਣੇ ਕੌਮਾਂਤਰੀ ਕਾਰਜ ਵੀ ਹੁੰਦੇ ਹਨ ਕਿਉਂਕਿ ਵਿਸ਼ਵ ਇਨਕਲਾਬ ਤੋਂ ਬਿਨਾਂ ਕਿਸੇ ਵੀ ਦੇਸ਼ 'ਚ ਕਮਿਊਨਿਸਟ ਸੱਤਾ ਖ਼ਤਰੇ ਤੋਂ ਮੁਕਤ ਨਹੀਂ ਹੋ ਸਕਦੀ। ਕਿਉਂਕਿ ਕੌਮਾਂਤਰੀ ਪੂੰਜੀਵਾਦ ਦੀ ਦਖ਼ਲਅੰਦਾਜ਼ੀ ਦਾ ਖ਼ਤਰਾ ਉਹਦੇ ਸਿਰ ਤੇ ਹਮੇਸ਼ਾ ਮੰਡਰਾਉਂਦਾ ਰਹਿੰਦਾ ਹੈ। (ਸਫ਼ਾ 120)

ਭਾਰਤੀ ਇਨਕਲਾਬੀ ਹਰਿਆਵਲ ਦਸਤੇ ਦੇ, ਜਿਹਦਾ ਲੋਕਤਾ ਨਾਲ ਪਹਿਲਾਂ ਕਦੇ ਕੋਈ ਸੰਪਰਕ ਨਹੀਂ ਰਿਹਾ, ਆਗੂ ਦੇ ਰੂਪ ਵਿੱਚ ਭਗਤ ਸਿੰਘ ਵੱਲੋਂ ਲੈਨਿਨ ਦੇ ਇਸ ਵਿਚਾਰ ਨੂੰ ਸਵੀਕਾਰ ਕੀਤਾ ਜਾਣਾ ਇੱਕ ਬਹੁਤ ਵੱਡੀ ਗੱਲ ਸੀ ਕਿ, "ਲੋਕਾਂ ਉੱਤੇ ਪਾਰਟੀ ਦਾ ਪ੍ਰਭਾਵ ਹੋਣਾ ਇੱਕ ਬਹੁਤ ਮਹੱਤਵਪੂਰਨ ਗੱਲ ਹੈ।" ਸਫਾ 121 ਉੱਤੇ ਉਹਨਾਂ ਦੇ ਨੋਟ, ਲੈਨਿਨ ਦੇ ਇਸ ਵਿਚਾਰ ਨੂੰ ਪ੍ਰਤੀਬਿੰਬਤ ਕਰਦੇ ਹਨ ਕਿ ਮਜ਼ਦੂਰ ਜਮਾਤ ਨੂੰ ਆਬਾਦੀ ਦੇ ਵੱਡੇ ਹਿੱਸੇ ਨੂੰ ਆਪਣੇ ਪੱਖ 'ਚ ਲਿਆਉਣਾ ਪੈਂਦਾ ਹੈ ਅਤੇ ਨਾਲ ਹੀ ਜਮਾਤੀ ਸਹਿਯੋਗ ਦੀ ਵਕਾਲਤ ਕਰਨ ਵਾਲੇ ਬੁਰਜੂਆ ਤੇ ਟਟਪੂੰਜੀਆ ਤੱਤਾਂ ਦੇ ਮਿਹਨਤਕਸ਼ਾਂ ਉੱਤੇ ਪ੍ਰਭਾਵ ਨੂੰ ਖ਼ਤਮ ਕਰਨਾ ਹੁੰਦਾ ਹੈ।

ਇਉਂ ਅਸੀਂ ਵੇਖਦੇ ਹਾਂ ਕਿ ਜੇਲ੍ਹ ਵਿੱਚ ਥੋੜ੍ਹੇ ਸਮੇਂ ਵਿੱਚ ਹੀ ਭਗਤ ਸਿੰਘ ਨੇ ਮਾਰਕਸਵਾਦੀ ਵਿੱਦਿਆ ਦੇ ਪ੍ਰਮੁੱਖ ਸਿਧਾਂਤਾਂ ਨੂੰ ਸਮਝ ਲਿਆ ਸੀ ਅਤੇ ਉਨ੍ਹਾਂ ਨਾਲ ਆਤਮਸਾਤ ਕਰ ਲਿਆ ਸੀ। ਉਹਨਾਂ ਦੀ ਜ਼ਿੰਦਗੀ ਦਾ ਅਜਿਹੇ ਪਲ ਵਿੱਚ ਦੁਖਦਾਈ ਅੰਤ ਹੋ ਗਿਆ, ਜਦੋਂ ਉਹ ਮਾਰਕਸਵਾਦੀ ਗਿਆਨ ਦੀ ਵਰਤੋਂ ਕਰਨ ਦੇ ਯੋਗ ਹੋ ਗਏ ਸਨ।

ਪਰੰਤੂ ਜੇਲ੍ਹ ਵਿੱਚ ਉਹਨਾਂ ਜਿਹੜੀ ਬਹੁਤ ਸਖਤ ਮਿਹਨਤ ਕੀਤੀ, ਉਹ ਨਿਰਅਰਥਕ (ਬੇਮਾਇਨੇ) ਨਹੀਂ ਸੀ। ਭਗਤ ਸਿੰਘ ਨੇ ਖ਼ੁਦ ਜੋ ਜਾਣਿਆ ਸਮਝਿਆ, ਉਹਨੂੰ ਉਹਨਾਂ ਨੇ ਆਪਣੇ ਮਿੱਤਰਾਂ ਅਤੇ ਸਾਥੀਆਂ ਤੱਕ ਪਹੁੰਚਾਉਣ ਦੀ ਕੋਸ਼ਿਸ਼ ਕੀਤੀ। ਇਹ ਸਮਝਦਿਆਂ ਹੋਇਆਂ ਕਿ ਭਾਰਤ ਵਿੱਚ ਇਨਕਲਾਬੀ ਲਹਿਰ ਦੇ ਵਿਕਾਸ ਦੇ ਲਈ ਮਾਰਕਸਵਾਦੀ ਸਿਧਾਂਤ ਕਿੰਨਾ ਮਹੱਤਵਪੂਰਨ ਹੈ। ਇਹ ਕੋਈ ਸੰਜੋਗ ਦੀ ਗੱਲ ਨਹੀਂ ਕਿ ਆਪਣੇ ਇੱਕ ਖ਼ਤ ਵਿੱਚ ਉਹਨਾਂ ਆਪਣੇ ਆਪ ਨੂੰ ਇੱਕ ਆਜ਼ਾਦੀ ਸੰਗਰਾਮੀਆ ਨਹੀਂ, ਸਮਾਜਵਾਦੀ ਵਿਚਾਰਾਂ ਦਾ ਪ੍ਰਚਾਰਕ ਕਿਹਾ ਹੈ।[16]

ਜੇਲ੍ਹ ਵਿੱਚ ਭਗਤ ਸਿੰਘ ਨੇ ਆਪਣੇ ਇਨਕਲਾਬੀ ਸਾਥੀਆਂ ਨਾਲ ਹੀ ਨਹੀਂ ਸਗੋਂ ਗਦਰ ਪਾਰਟੀ ਦੇ ਬਹੁਤ ਸਾਰੇ ਮੈਂਬਰਾਂ ਨਾਲ ਵੀ ਸੰਪਰਕ ਸਥਾਪਤ ਕੀਤੇ ਜਿਹੜੇ ਪਹਿਲੀ ਸੰਸਾਰ ਜੰਗ ਦੇ ਸਮੇਂ ਤੋਂ ਜੇਲ੍ਹਾਂ 'ਚ ਬੰਦ ਸਨ। ਕੌਮੀ ਮੁਕਤੀ ਅੰਦੋਲਨ ਦੀਆਂ ਸਮੱਸਿਆਵਾਂ ਉੱਤੇ ਉਹਨਾਂ ਗਦਰ ਪਾਰਟੀ ਵਾਲਿਆਂ ਨਾਲ ਲੰਮੇ ਵਿਚਾਰ ਵਟਾਂਦਰੇ ਕੀਤੇ। ਜੀ.ਦਿਓਲ ਨੇ ਗਦਰ ਪਾਰਟੀ ਦੇ ਮੈਂਬਰਾਂ ਨਾਲ ਭਗਤ ਸਿੰਘ ਦੇ ਸੰਬੰਧਾਂ ਦੇ ਬਾਰੇ 'ਚ ਇੱਕ ਲੇਖ ਲਿਖਿਆ ਹੈ।[17] ਜੇਲ੍ਹ ਵਿੱਚ ਉਹ ਗਦਰ ਪਾਰਟੀ ਦੇ ਇੱਕ ਆਗੂ ਸੋਹਨ ਸਿੰਘ ਭਕਨਾ ਨੂੰ ਵੀ ਮਿਲੇ, ਜੋ ਪਿੱਛੋਂ ਜਾ ਕੇ ਭਾਰਤ ਵਿੱਚ ਕਮਿਊਨਿਸਟ ਲਹਿਰ ਦੇ ਇੱਕ ਪਮੁੱਖ ਆਗੂ ਬਣੇ।[18]

ਭਗਤ ਸਿੰਘ ਆਪਣੇ ਸਾਥੀਆਂ ਨੂੰ ਸਲਾਹ ਦਿੰਦੇ ਸਨ ਕਿ ਮਾਰਕਸਵਾਦ ਦਾ ਅਧਿਐਨ ਕਰੋ। ਮਿਸਾਲ ਵਜੋਂ ਉਹਨਾਂ ਨੇ ਮਾਰਕਸ ਦੀ 'ਪੂੰਜੀ' ਦੇ ਅਧਿਐਨ ਦੀ ਲੋੜ ਉੱਤੇ ਜ਼ੋਰ ਦਿੱਤਾ। ਜੈਦੇਵ ਪ੍ਰਸ਼ਾਦ ਗੁਪਤ ਨੂੰ 24 ਜੁਲਾਈ 1930 ਨੂੰ ਲਿਖੀ ਇੱਕ ਚਿੱਠੀ 'ਚ ਉਹਨਾਂ ਨੇ ਆਪਣੇ ਲਈ ਕਿਤਾਬਾਂ ਮੰਗਵਾਈਆਂ ਸਨ ਅਤੇ ਕਿਹਾ ਸੀ ਕਿ ਆਪਣੇ ਸਾਥੀਆਂ ਦੇ ਲਈ ਕਿਤਾਬਾਂ ਦੀ ਸੂਚੀ ਪਹਿਲਾਂ ਭੇਜ ਚੁੱਕੇ ਹਨ ਅਤੇ ਬੇਨਤੀ ਕੀਤੀ ਸੀ ਕਿ ਉਹਨਾਂ ਦੀ ਇਹ ਗੁਜ਼ਾਰਿਸ਼ ਛੇਤੀ ਪੂਰੀ ਕੀਤੀ ਜਾਵੇ। ਕਿਉਂਕਿ ਉਹਨਾਂ ਨੂੰ ਕਿਤਾਬਾਂ ਦੀ ਸਖਤ ਤੰਗੀ ਹੈ।[19]

ਇਸ ਗੱਲ ਦੇ ਵੀ ਸਬੂਤ ਮਿਲੇ ਹਨ ਕਿ ਜਿਹੜੇ ਸਾਥੀ ਸੁਭਾਗ ਵਜੋਂ ਜੇਲ੍ਹ ਜਾਣ ਤੋਂ ਬਚ ਗਏ ਉਹਨਾਂ ਨਾਲ ਵੀ ਭਗਤ ਸਿੰਘ ਨੇ ਸੰਪਰਕ ਬਣਾਈ ਰੱਖੇ। ਆਪਣੀ ਕਾਲ ਕੋਠੜੀ ਵਿੱਚੋਂ ਵੀ ਉਹ 1929 'ਚ ਲਾਹੌਰ 'ਚ ਹੋਈ ਨੌਜਵਾਨ ਭਾਰਤ ਸਭਾ ਦੀ ਕਾਂਗਰਸ ਨੂੰ ਇੱਕ ਮਹੱਤਵਪੂਰਨ ਸੰਦੇਸ਼ ਭੇਜਣ 'ਚ ਸਫਲ ਰਹੇ। ਆਪਣੇ ਇਨਕਲਾਬੀ ਪੈਂਫਲਟ, ਜਿਨ੍ਹਾਂ 'ਚੋਂ ਇੱਕ 'ਬੰਬ ਦਾ ਦਰਸ਼ਨ' ਵੀ ਸੀ ਦੀਆਂ ਹੱਥਲਿਖਤਾਂ, ਉਹਨਾਂ ਜੇਲ੍ਹ 'ਚੋਂ ਬਾਹਰ ਭਿਜਵਾ ਦਿੱਤੀਆਂ। ਫਾਂਸੀ ਉੱਤੇ ਚੜ੍ਹਨ ਤੋਂ ਕੁਝ ਦਿਨ ਪਹਿਲਾਂ ਹੀ ਉਹਨਾਂ ਨੌਜਵਾਨ ਰਾਜਨੀਤਕ ਕਾਰਕੁੰਨਾਂ ਦੇ ਨਾਂ ਆਪਣਾ ਇੱਕ ਐਲਾਨ ਲਿਖਿਆ ਤੇ ਬਾਹਰ ਭਿਜਵਾਇਆ। ਜਿਹਨੂੰ ਉਹਨਾਂ ਦੀ ਅੰਤਿਮ ਇੱਛਾ ਤੇ ਵਸੀਅਤਨਾਮਾ ਕਿਹਾ ਜਾ ਸਕਦਾ ਹੈ।[20*]

ਜੇਲ੍ਹ 'ਚ ਉਨ੍ਹਾਂ ਕੁਝ ਹੋਰ ਕਿਤਾਬਾਂ ਵੀ ਲਿਖੀਆਂ : ਜਿਨ੍ਹਾਂ 'ਚ 'ਆਤਮ ਕਥਾ', 'ਸਮਾਜਵਾਦ ਦਾ ਆਦਰਸ਼' ਅਤੇ 'ਭਾਰਤ ਦੀਆਂ ਇਨਕਲਾਬੀ ਲਹਿਰਾਂ'। ਅਫਸੋਸ ਕਿ ਇਹਨਾਂ ਪੁਸਤਕਾਂ ਦੇ ਖਰੜੇ ਨਹੀਂ ਬਚੇ ਰਹੇ। ਹਾਲਾਂਕਿ ਉਹਨਾਂ ਦੇ ਵਿਅਕਤੀਗਤ ਅਤੇ ਰਾਜਸੀ ਪੱਤਰ ਬਚੇ ਰਹੇ। ਇਨ੍ਹਾਂ ਪੱਤਰਾਂ ਤੋਂ ਹੀ ਭਗਤ ਸਿੰਘ ਦੀ ਇਸ ਸਵੈ ਆਲੋਚਨਾਂ ਦੀ ਪੁਸ਼ਟੀ ਹੁੰਦੀ ਹੈ ਕਿ ਉਹ ਸਮਾਜਵਾਦੀ ਵਿਚਾਰਾਂ ਦਾ ਪ੍ਰਚਾਰਕ ਹੈ ਅਤੇ ਇਸ ਗੱਲ ਦੀ ਵੀ ਕਿ ਉਹਨਾਂ ਨੇ ਆਪਣੇ ਸਾਥੀਆਂ ਨੂੰ ਮਾਰਕਸਵਾਦੀ ਨਜ਼ਰੀਆ ਅਪਣਾਉਣ ਵਿੱਚ ਮੱਦਦ ਕਰਨ ਦੀ ਕੋਸ਼ਿਸ਼ ਕੀਤੀ।"

ਸੁਖਦੇਵ, ਜਿਨ੍ਹਾਂ ਨੂੰ ਭਗਤ ਸਿੰਘ ਦੇ ਨਾਲ ਹੀ ਫਾਂਸੀ ਦਿੱਤੀ ਗਈ, ਨੂੰ ਲਿਖਿਆ ਇੱਕ ਖਤ ਛਪਿਆ ਹੈ। ਜਿਸ ਤੋਂ ਇਸ ਗੱਲ ਦੀ ਪੁਸ਼ਟੀ ਹੁੰਦੀ ਹੈ ਕਿ ਭਗਤ ਸਿੰਘ ਇਸ ਸੱਚਾਈ ਨੂੰ ਸਮਝਣ ਲੱਗੇ ਸਨ ਕਿ ਭਾਰਤ ਦੀਆਂ ਵਿਆਪਕ ਹਾਲਤਾਂ ਵਿੱਚ ਸਮਾਜਵਾਦ ਇੱਕ ਤਰਕਸੰਗਤ ਰਾਹ ਹੈ। ਇਸ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਭਗਤ ਸਿੰਘ ਭਾਰਤ ਦੇ ਸਮਾਜਿਕ ਜੀਵਨ ਉੱਤੇ ਆਪਣੇ ਪ੍ਰਭਾਵ ਨੂੰ ਸਮਝਦੇ ਸਨ।

ਉਹਨਾਂ ਨੇ ਲਿਖਿਆ ਕਿ ਆਪਣੇ ਸਾਥੀਆਂ ਦੇ ਨਾਲ ਉਹਨਾਂ ਨੇ (ਰਾਜਨੀਤਿਕ) ਮਾਹੌਲ ਨੂੰ ਕਾਫ਼ੀ ਬਦਲਿਆ ਅਤੇ ਉਹ ਆਪਣੇ ਸਮੇਂ ਦੀ ਪੈਦਾਇਸ਼ ਸਨ। ਮਾਰਕਸ ਦਾ ਹਵਾਲਾ ਦਿੰਦਿਆਂ ਹੋਇਆਂ, ਜਿਹਨਾਂ ਨੇ ਭਗਤ ਸਿੰਘ ਸ਼ਬਦਾਂ ਵਿੱਚ, ਸਨਅਤੀ ਇਨਕਲਾਬ 'ਚੋਂ ਪੈਦਾ ਹੋਈ ਵਿਚਾਰਧਾਰਾ ਨੂੰ ਨਿਰੂਪਤ (ਵਿਵੇਚਨ) ਕੀਤਾ। ਉਹਨਾਂ ਨੇ ਲਿਖਿਆ ਹੈ ਕਿ ਉਹਨਾਂ ਨੇ ਅਤੇ ਉਹਨਾਂ ਦੇ ਸਾਥੀਆਂ ਨੇ ਭਾਰਤ ਵਿੱਚ ਸਮਾਜਵਾਦੀ ਅਤੇ ਕਮਿਊਨਿਸਟ ਵਿਚਾਰਾਂ ਦੀ ਰਚਨਾ ਨਹੀਂ ਕੀਤੀ ਹੈ, ਸਗੋਂ ਇਹ ਤਾਂ ਸਮੇਂ ਅਤੇ ਪ੍ਰਸਥਿਤੀਆਂ ਦੇ ਪ੍ਰਭਾਵ ਦਾ ਸਿੱਟਾ ਹੈ। ਪਰੰਤੂ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਉਨ੍ਹਾਂ ਨੇ ਆਪਣੀ ਸਮਰੱਥਾ ਅਨੁਸਾਰ ਇਹਨਾਂ ਵਿਚਾਰਾਂ ਦਾ ਪ੍ਰਚਾਰ ਕਰਨ ਵਿੱਚ ਮੱਦਦ ਕੀਤੀ ਹੈ।[21]

ਭਗਤ ਸਿੰਘ ਆਪਣੀ ਜ਼ਿੰਦਗੀ ਦੇ ਅਖੀਰਲੇ ਪਲ ਤੱਕ ਮਾਰਕਸਵਾਦੀ ਵਿਚਾਰਾਂ ਦਾ ਪ੍ਰਚਾਰ ਕਰਦੇ ਰਹੇ। 'ਬੰਬ ਦਾ ਫ਼ਲਸਫ਼ਾ' ਕਿਤਾਬ 'ਚ ਉਨ੍ਹਾਂ ਨੇ ਵਰਗ ਰਹਿਤ ਸਮਾਜ ਅਤੇ ਮਜ਼ਦੂਰ ਜਮਾਤ ਦੀ ਤਾਨਾਸ਼ਾਹੀ ਦਾ ਸਮਰਥਨ ਕੀਤਾ।[22] ਫਾਂਸੀ ਦੀ ਸਜ਼ਾ ਸੁਣਾਏ ਜਾ ਚੁੱਕਣ ਤੋਂ ਪਿੱਛੋਂ ਵੀ ਪੰਜਾਬ ਦੇ ਗਵਰਨਰ ਨੂੰ ਭੇਜੇ ਇੱਕ ਖਤ ਵਿੱਚ ਭਗਤ ਸਿੰਘ ਨੇ ਲਿਖਿਆ ਕਿ ਭਾਰਤ ਵਿੱਚ ਮਿਹਨਤਕਸ਼ ਲੋਕਾਈ ਅਤੇ ਉਹਨਾਂ ਨੂੰ ਲੁੱਟਣ ਵਾਲਿਆਂ ਵਿੱਚ ਇੱਕ ਲੰਮਾ ਸੰਘਰਸ਼ ਚੱਲ ਰਿਹਾ ਹੈ ਅਤੇ ਇਹ ਸੰਘਰਸ਼ ਦੁੱਗਣੇ ਉਤਸ਼ਾਹ ਸਾਹਸ ਅਤੇ ਅਟੁੱਟ ਸੰਕਲਪ ਦੇ ਨਾਲ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਕਿ ਇੱਕ ਸਮਾਜਵਾਦੀ ਲੋਕ ਰਾਜ ਦੀ ਸਥਾਪਨਾ ਨਹੀਂ ਹੋ ਜਾਂਦੀ। ਮੌਜੂਦਾ ਵਿਵਸਥਾ ਦੀ ਥਾਂ ਇੱਕ ਨਵੀਂ ਵਿਵਸਥਾ ਨਹੀਂ ਲੈ ਲੈਂਦੀ, ਜਿਹਦਾ ਉਦੇਸ਼ ਲੋਕ ਭਲਾਈ ਹੋਵੇਗਾ ਅਤੇ ਜਿਸ 'ਚ ਹਰ ਤਰ੍ਹਾਂ ਦੀ ਲੁੱਟ ਦਾ ਖ਼ਾਤਮਾ ਹੋ ਜਾਵੇਗਾ ਅਤੇ ਮਨੁੱਖ ਜਾਤੀ ਸੱਚੀ ਅਤੇ ਸਰਵਵਿਆਪੀ ਅਮਨ ਦੇ ਯੁੱਗ ਵਿੱਚ ਦਾਖ਼ਲ ਹੋਵੇਗੀ। (ਇੱਸ ਖਤ ਦੀ ਇੱਕ ਕਾਪੀ ਮੈਨੂੰ ਭਗਤ ਸਿੰਘ ਦੇ ਸਾਥੀ ਵਿਜੈ ਕੁਮਾਰ ਸਿਨਹਾ ਨੇ ਦਿੱਤੀ ਸੀ।)

ਭਾਰਤ ਦੀ ਆਜ਼ਾਦੀ ਦੇ ਪ੍ਰਚੰਡ ਸਿਪਾਹੀ ਭਗਤ ਸਿੰਘ ਨੇ ਆਪਣਾ ਤਨ ਮਨ ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਦੀਆਂ ਸਮੱਸਿਆਵਾਂ ਵਿੱਚ ਅਤੇ ਕੌਮੀ ਇਨਕਲਾਬੀ ਸੰਗਠਨਾਂ ਨੂੰ ਮਜ਼ਬੂਤ ਕਰਨ ਵਿੱਚ ਲਾਇਆ। ਵਿਅਕਤੀਗਤ ਦਹਿਸ਼ਤ ਦੀ ਨੀਤੀ ਤੋਂ ਉਹਨਾਂ ਪੂਰੀ ਤਰ੍ਹਾਂ ਇਨਕਾਰ ਕਰ ਦਿੱਤਾ। ਉਹਨਾਂ ਨੇ ਸਾਰੀਆਂ ਪੇਚੀਦਗੀਆਂ, ਅਪ੍ਰਤੱਖ ਮੌਤਾਂ ਅਤੇ ਉਤਰਾਵਾਂ ਚੜ੍ਹਾਵਾਂ ਦੇ ਨਾਲ ਰਾਜਨੀਤਕ ਸੰਘਰਸ਼ ਦੇ ਮਹੱਤਵ ਨੂੰ ਸਵੀਕਾਰ ਕੀਤਾ ਅਤੇ ਉਹ ਇਸ ਗੱਲ ਦੇ ਲਈ ਉਤਸੁਕ ਸਨ ਕਿ ਉਹਨਾਂ ਦੇ ਜਿਹੜੇ ਸਾਥੀ ਜੇਲ ਜਾਣ ਤੋਂ ਬਚ ਗਏ ਸਨ, ਉਹ ਬਿਲਕੁਲ ਅਜਿਹੇ ਸੰਘਰਸ਼ ਲਈ ਜੁੱਟ ਜਾਣ। 2 ਫਰਵਰੀ 1931 ਦੇ ਆਪਣੇ ਖ਼ਤ ਵਿੱਚ ਉਨ੍ਹਾਂ ਸਾਥੀਆਂ ਨੂੰ ਇੱਕ ਸਲਾਹ ਦਿੰਦਿਆਂ ਹੋਇਆਂ ਉਹਨਾਂ ਨੇ ਲੈਨਿਨ ਦੇ ਤਜਰਬੇ ਨੂੰ ਧਿਆਨ 'ਚ ਰੱਖਿਆ। ਇਸ ਤੋਂ ਪਤਾ ਲੱਗਦਾ ਹੈ ਕਿ ਉਹਨਾਂ ਨੇ ਸਮਕਾਲੀਨ ਭਾਰਤੀ ਇਨਕਲਾਬੀਆਂ ਦੇ ਲਈ ਲਗਭਗ ਬਹੁਤ ਸਾਰੇ "ਖੱਬੇ ਪੱਖੀ" ਦ੍ਰਿਸ਼ਟੀਕੋਨਾਂ ਤੋਂ ਛੁਟਕਾਰਾ ਪਾ ਲਿਆ ਸੀ। ਉਹਨਾਂ ਇਸ ਗੱਲ ਦਾ ਅਹਿਸਾਸ ਕਰਨ ਦੇ ਲਈ ਕਿ ਸੰਘਰਸ਼ ਦੀਆਂ ਕੁਝ ਮੰਜ਼ਿਲਾਂ ਵਿੱਚ ਦੁਸ਼ਮਨ ਦੇ ਨਾਲ ਗੱਲ ਬਾਤ ਕੀਤੀ ਜਾ ਸਕਦੀ ਹੈ, ਉਹਨਾਂ ਨੇ ਲਿਖਿਆ ਕਿ ਸਮਝੌਤੇ ਆਪਣੇ ਆਪ 'ਚ ਕੋਈ ਮਾੜੀ ਗੱਲ ਨਹੀਂ ਅਤੇ ਆਪਣਾ ਟੀਚਾ ਹਾਸਲ ਕਰਨ ਲਈ ਸ਼ੁਰੂ 'ਚ ਇਸਦੀ ਵਰਤੋਂ ਕੀਤੀ ਜਾ ਸਕਦੀ ਹੈ। 1905-1907 ਵਿੱਚ ਡੂਮਾਂ ਪ੍ਰਤੀ ਲੈਨਿਨ ਦੀ ਨੀਤੀ ਦਾ ਹਵਾਲਾ ਦਿੰਦਿਆਂ ਹੋਇਆਂ ਲਿਖਿਆ ਕਿ "ਸਮਝੌਤਾ" ਇੱਕ ਅਜਿਹਾ ਹਥਿਆਰ ਹੈ, ਜਿਹਦੀ ਰਾਜਨੀਤਕ ਸੰਘਰਸ਼ ਵਿੱਚ ਵਰਤੋਂ ਕੀਤੀ ਜਾਣੀ ਚਾਹੀਦੀ ਹੈ, ਤਾਂ ਕਿ ਕੌਮ ਨੂੰ ਕੁਝ ਸਮੇਂ ਲਈ ਆਰਾਮ ਮਿਲ ਸਕੇ ਅਤੇ ਉਹ ਆਪਣੇ ਆਪ ਨੂੰ ਅਗਲੇਰੇ ਸੰਘਰਸ਼ ਦੇ ਲਈ ਤਿਆਰ ਕਰ ਸਕੇ। ਭਗਤ ਸਿੰਘ ਨੇ ਇਨਕਲਾਬੀਆਂ ਨੂੰ ਸੱਦਾ ਦਿੱਤਾ ਕਿ ਉਹ ਆਪਣੇ ਅੰਤਿਮ ਨਿਸ਼ਾਨੇ ਨੂੰ ਕਦੇ ਵੀ ਨਾ ਭੁੱਲਣ।

ਮਈ 1931 ਵਿੱਚ ਇਹ ਖਤ ਭਾਰਤੀ ਪ੍ਰੈਸ ਵਿੱਚ ਛਪ ਗਿਆ ਸੀ। ਇਸ ਨੂੰ ਛਾਪਨ ਵਾਲਿਆਂ 'ਚ ਇਲਾਹਾਬਾਦ ਤੋਂ ਨਿਕਲਦਾ 'ਅਭਯੁਦਯ' ਅਤੇ ਪੰਜਾਬ 'ਚੋਂ ਛਪਦਾ 'ਕੇਸਰੀ' ਵੀ ਸੀ।[23] ਇਉਂ ਭਾਰਤੀ ਜਨਤਾ ਇਸ ਤੋਂ ਜਾਣੂੰ ਹੋ ਸਕੀ ਅਤੇ ਇਸ ਨੇ ਉਹ ਮੰਤਵ ਪੂਰਾ ਕੀਤਾ ਜਿਸਦੇ ਲਈ ਲੇਖਕ ਨੇ ਇਹਨੂੰ ਲਿਖਿਆ ਸੀ।

ਭਗਤ ਸਿੰਘ ਦੀਆਂ ਅਪ੍ਰਕਾਸ਼ਿਤ ਰਚਨਾਵਾਂ ਵਿੱਚ ਉਹ ਭੂਮਿਕਾ ਧਿਆਨ ਦੇਣ ਯੋਗ ਹੈ, ਜਿਹੜੀ ਉਹਨਾਂ ਨੇ ਗਦਰ ਪਾਰਟੀ ਦੇ ਲਾਲਾ ਰਾਮ ਸ਼ਰਨ ਦੀ ਯੂਟੋਪੀਆ ਰਚਨਾ 'ਸੁਪਨ ਸੰਸਾਰ' (ਡਰੀਮਲੈਂਡ) ਦੇ ਲਈ 15 ਜਨਵਰੀ 1931 ਨੂੰ ਲਿਖੀ ਸੀ। ਇਹ ਕਿਤਾਬ ਤਾਂ ਛਪ ਨਾ ਸਕੀ ਪਰ ਇਹਦੀ ਭੂਮਿਕਾ ਪ੍ਰੀਵਾਰ ਵਾਲਿਆਂ ਨੇ ਸੰਭਾਲ ਕੇ ਰੱਖੀ ਹੋਈ ਹੈ।[24] ਇਸ ਲੇਖ ਦੀ ਅੰਤਰਵਸਤੂ ਕਿਤਾਬ ਦੇ ਵਿਸ਼ੇ ਨਾਲੋਂ ਕਿਤੇ ਵਧੇਰੇ ਵਿਆਪਕ ਹੈ : ਭਗਤ ਸਿੰਘ ਨੇ ਠੋਸ ਰੂਪ ਵਿੱਚ ਆਪਣੇ ਵਿਚਾਰ ਪ੍ਰਗਟ ਕਰਨ ਦੇ ਲਈ ਅਤੇ ਆਪਣੇ ਸਾਥੀਆਂ ਨੂੰ ਸਲਾਹ ਦੇਣ ਦੇ ਲਈ ਇਸ ਮੌਕੇ ਦਾ ਲਾਭ ਉਠਾਇਆ।

ਭੂਮਿਕਾ ਇਸ ਕਥਨ ਤੋਂ ਸ਼ੁਰੂ ਹੁੰਦੀ ਹੈ ਕਿ ਭਾਰਤ ਦੇ ਰਾਜਨੀਤਕ ਅੰਦੋਲਨ ਦਾ ਕੋਈ ਸਪਸ਼ਟ ਆਦਰਸ਼ ਨਹੀਂ ਹੈ ਅਤੇ ਇਸ ਨਜ਼ਰੀਏ ਤੋਂ ਇਨਕਲਾਬੀ ਅੰਦੋਲਨ ਵੀ ਕੋਈ ਅਪਵਾਦ ਨਹੀਂ ਹੈ। ਸਿਰਫ਼ ਗਦਰ ਪਾਰਟੀ ਨੇ ਹੀ ਆਪਣਾ ਆਦਰਸ਼ ਸਪਸ਼ਟ ਰੂਪ 'ਚ ਰੱਖਿਆ ਸੀ : ਸੱਤਾ ਦੇ ਜਮਹੂਰੀਅਤ ਰੂਪ ਦੀ ਹਮਾਇਤ ਕੀਤੀ ਸੀ। ਭਗਤ ਸਿੰਘ ਨੇ ਲਿਖਿਆ ਕਿ ਇਹ ਸਾਫ਼ ਸਾਫ਼ ਸਮਝ ਲੈਣਾ ਚਾਹੀਦਾ ਹੈ ਕਿ ਇਨਕਲਾਬ ਦਾ ਅਰਥ ਉਥਲ ਪੁਥਲ ਜਾਂ ਸਿਰਫ਼ ਖ਼ੂਨੀ ਜੰਗ ਹੀ ਨਹੀਂ ਹੈ। ਇਨਕਲਾਬ ਦਾ ਉਦੇਸ਼ ਲਾਜ਼ਮੀ ਰੂਪ ਵਿੱਚ : ਇੱਕ ਅਜਿਹੇ ਪ੍ਰੋਗਰਾਮ ਨੂੰ ਲਾਗੂ ਕਰਨਾ ਹੈ ਜੋ ਨਵੇਂ ਅਤੇ ਵਧੇਰੇ ਚੰਗੇ ਆਧਾਰ ਤੇ ਸਮਾਜ ਦਾ ਪੁਨਰਗਠਨ ਕਰੇ। ਉਹਨਾਂ ਨੇ ਕਿਹਾ ਕਿ ਨਾ ਸਿਰਫ਼ ਖੱਬੇ ਪੱਖੀ ਕਾਂਗਰਸੀ, ਸਗੋਂ ਕੌਮੀ ਇਨਕਲਾਬੀ ਲਹਿਰ ਦੇ ਆਗੂ ਵੀ, "ਇਨਕਲਾਬੀ" ਕਹਾਉਣ ਦੇ ਹੱਕਦਾਰ ਨਹੀਂ ਹਨ, ਕਿਉਂਕਿ ਸੰਘਰਸ਼ ਦੇ ਹਿੰਸਕ ਢੰਗਾਂ ਨੂੰ ਮੰਨਣਾ ਹੀ ਇਸਦੇ ਲਈ ਕਾਫ਼ੀ ਨਹੀਂ ਹੈ।

ਲਾਲਾ ਰਾਮ ਸ਼ਰਨ ਦੀ ਕਿਤਾਬ ਦੀ ਚਰਚਾ ਕਰਦਿਆਂ ਹੋਇਆਂ ਭਗਤ ਸਿੰਘ ਨੇ ਲਿਖਿਆ ਕਿ ਲੇਖਕ ਉਸ ਦਰਸ਼ਨ ਦੇ ਵਿਵੇਚਨ ਨਾਲ ਸ਼ੁਰੂ ਕਰਦਾ ਹੈ, ਜਿਹਨੂੰ ਉਹ ਬੰਗਾਲ ਅਤੇ ਪੰਜਾਬ ਦੇ ਸਮੁੱਚੇ ਅੰਦੋਲਨ ਦਾ ਆਧਾਰ ਮੰਨਦਾ ਹੈ। ਉਹਨਾਂ ਨੇ ਕਿਹਾ ਕਿ ਉਹ ਲੇਖਕ ਦੇ ਮਤ ਨਾਲ ਸਹਿਮਤ ਨਹੀਂ ਹੈ ਕਿਉਂਕਿ ਲੇਖਕ ਸੰਸਾਰ ਦੀ ਵਿਓਹਾਰਵਾਦੀ ਅਤੇ ਜੜ੍ਹਵਾਦੀ ਵਿਆਖਿਆ ਕਰਦਾ ਹੈ, ਜਦੋਂ ਕਿ ਉਹ ਖੁਦ ਇੱਕ ਭੌਤਿਕਵਾਦੀ ਹੈ। ਉਹਨਾਂ ਨੇ ਰੱਬ 'ਚ ਵਿਸ਼ਵਾਸ਼ ਅਤੇ ਰਹੱਸਵਾਦ ਦੇ ਲਈ ਲੇਖਕ ਦੀ ਆਲੋਚਨਾ ਕੀਤੀ ; ਅਲੱਗ ਅਲੱਗ ਧਰਮਾਂ ਵਿੱਚ ਅਨੁਕੂਲਤਾ ਬਿਠਾਉਣ ਦੇ ਲਈ ਲੇਖਕ ਦੇ ਯਤਨਾਂ ਨੂੰ ਅਸਵੀਕਾਰ ਕੀਤਾ ਅਤੇ ਇਸ ਸੁਆਲ ਉੱਤੇ ਆਪਣਾ ਰੁਖ ਮਾਰਕਸ ਦੇ ਸ਼ਬਦਾਂ ਵਿੱਚ ਜ਼ਾਹਰ ਕੀਤਾ, "ਧਰਮ ਲੋਕਾਂ ਦੇ ਲਈ ਅਫ਼ੀਮ ਹੈ।"

ਲੇਖਕ ਵੱਲੋਂ ਰੇਖਾਂਕਤ ਭਵਿੱਖਤ ਸਮਾਜ ਦਾ ਵਿਸ਼ਲੇਸ਼ਨ ਕਰਦਿਆਂ ਹੋਇਆਂ ਭਗਤ ਸਿੰਘ ਨੇ ਸਮਾਜਿਕ ਵਿਕਾਸ ਵਿੱਚ ਯੂਟੋਪੀਆਈ ਸਿਧਾਂਤਾਂ ਦੀ ਉਪਯੋਗੀ ਭੂਮਿਕਾ ਨੂੰ ਸਵੀਕਾਰ ਕੀਤਾ : "ਸੇਂਟ ਸਿਮੋ, ਫੂਰੀਏ, ਅਤੇ ਰਾਬੇਰਟ ਉਵੇਨ ਅਤੇ ਉਹਨਾਂ ਦੇ ਸਿਧਾਂਤਾਂ ਦੇ ਬਿਨਾਂ ਮਾਰਕਸ ਦਾ ਵਿਗਿਆਨਕ ਸਮਾਜਵਾਦ ਦਾ ਨਿਰੂਪਤ (ਵਿਵੇਚਨ) ਨਹੀਂ ਹੋ ਸਕਦਾ ਸੀ।" ਉਨ੍ਹਾਂ ਨੇ ਇਸ ਗੱਲ ਉੱਤੇ ਜ਼ੋਰ ਦਿੱਤਾ ਕਿ ਭਵਿੱਖਤ ਸਮਾਜ ਕਮਿਊਨਿਸਟ ਸਮਾਜ ਹੋਵੇਗਾ। ਜਿਹਦੀ ਉਸਾਰੀ ਦੇ ਲਈ ਉਹ ਅਤੇ ਉਹਦੇ ਸਾਥੀ ਯਤਨਸ਼ੀਲ ਹਨ। ਇੱਕ ਅੱਧੀ ਵਾਰ ਉਹ ਸੋਵੀਅਤ ਰੂਸ ਦੇ ਇਤਿਹਾਸ ਵੱਲ ਰੁਚਿਤ ਹੋਏ, ਸ਼ਰੀਰੀਕ ਅਤੇ ਦਿਮਾਗੀ ਕੰਮ ਦੇ ਲਈ ਬਰਾਬਰ ਦੀ ਮਜ਼ਦੂਰੀ ਅਤੇ ਲੋਕ ਵਿੱਦਿਆ ਦੇ ਖੇਤਰ ਵਿੱਚ ਉਹਦੀ ਨੀਤੀ ਦੀਆਂ ਮਿਸਾਲਾਂ ਦਿੱਤੀਆਂ। ਅਗਲੇਰੇ ਸਮਾਜ ਵਿੱਚ ਯੁੱਧਾਂ ਦਾ ਮੁਲਅੰਕਨ ਕਰਦਿਆਂ ਹੋਇਆਂ ਉਨ੍ਹਾਂ ਲਿਖਿਆ ਕਿ ਸੋਵੀਅਤ ਰੂਸ ਨੂੰ ਮਜ਼ਦੂਰ ਜਮਾਤ ਦੀ ਤਾਨਾਸ਼ਾਹੀ ਦਾ ਦੇਸ਼ ਹੋਣ ਦੇ ਕਾਰਨ ਪੂੰਜੀਵਾਦੀ ਸਮਾਜ ਤੋਂ ਆਪਣੀ ਰਾਖੀ ਕਰਨ ਦੇ ਲਈ ਫੌਜ ਰੱਖਣੀ ਪੈ ਰਹੀ ਹੈ।

ਭਗਤ ਸਿੰਘ ਜੇਲ੍ਹ ਦੀ ਡਾਇਰੀ ਅਤੇ ਦੂਸਰੀਆਂ ਸਮੱਗਰੀਆਂ, ਜਿਨ੍ਹਾਂ ਉੱਤੇ ਇੱਥੇ ਗੌਰ ਕੀਤਾ ਗਿਆ ਹੈ, ਇਸ ਨੌਜਵਾਨ ਇਨਕਲਾਬੀ ਦੇ ਦ੍ਰਿਸ਼ਟੀਕੋਨ ਦਾ ਵਿਕਾਸ ਦਿਖਾਉਂਦੀਆਂ ਹਨ। ਨਾਲ ਹੀ ਇਹ ਇਸ ਲਿਹਾਜ਼ ਨਾਲ ਵੀ ਬਹੁਮੁੱਲੀਆਂ ਹਨ ਕਿ ਇਹਨਾਂ 'ਚੋਂ ਸਾਨੂੰ ਭਗਤ ਸਿੰਘ ਦੀ ਵਿਚਾਰਧਾਰਕ ਖੋਜਾਂ ਦਾ ਪਤਾ ਲੱਗਦਾ ਹੈ। ਅਸੀਂ ਵੇਖਦੇ ਹਾਂ ਕਿ ਭਾਰਤੀ ਇਨਕਲਾਬੀਆਂ ਦਾ ਮਾਰਕਸਵਾਦ ਦੇ ਵੱਲ ਰੁਝਾਨ ਸੀ ਅਤੇ ਉਹ ਲੈਨਿਨ ਅਤੇ ਰੂਸੀ ਇਨਕਲਾਬ ਦੇ ਵਿਚਾਰਾਂ ਤੋਂ ਪ੍ਰਭਾਵਿਤ ਸਨ।

ਭਗਤ ਸਿੰਘ ਉਸ ਦੌਰ ਦੇ ਮੱਧਵਰਗੀ ਨੌਜਵਾਨਾਂ ਜਿਹੜੇ ਕਾਂਗਰਸ ਦੇ ਬੁਰਜੂਆ ਆਗੂਆਂ ਤੋਂ ਨਿਰਾਸ਼ ਸਨ, ਦੀਆਂ ਭਾਵਨਾਵਾਂ ਦਾ ਮੂਰਤਰੂਪਨ ਹਨ। ਇਨ੍ਹਾਂ ਨੌਜਵਾਨਾਂ ਨੂੰ ਭਗਤ ਸਿੰਘ ਨੇ ਇਹ ਵਿਖਾਇਆ ਕਿ ਉਹਨਾਂ ਨੂੰ ਕਿਹੜਾ ਰਾਹ ਅਪਣਾਉਣਾ ਚਾਹੀਦਾ ਹੈ। ਜਦੋਂ ਇਸ ਇਨਕਲਾਬੀ ਨੂੰ ਫਾਂਸੀ ਦੇ ਦਿੱਤੀ ਗਈ ਤਾਂ ਉਹਨਾਂ ਦੀ ਮਿਸਾਲ ਵੱਲ ਵੇਖਦਿਆਂ ਹੋਇਆਂ ਇਨਕਲਾਬੀਆਂ ਨੇ ਜੇਲ੍ਹ ਵਿੱਚ ਹੀ ਮਾਰਕਸਵਾਦ ਦਾ ਅਧਿਐਨ ਕਰਨਾ ਸ਼ੁਰੂ ਕਰ ਦਿੱਤਾ ਅਤੇ ਕਿਤਾਬਾਂ ਦਾ ਪ੍ਰਬੰਧ ਵੀ ਕਰ ਲਿਆ।

ਸੋਵੀਅਤ ਸੰਘ ਵਿੱਚ ਹੋ ਰਹੀਆਂ ਇਨਕਲਾਬੀ ਤਬਦੀਲੀਆਂ ਅਤੇ ਪਾਰਟੀ ਕਾਰਕੁੰਨਾਂ ਤੋਂ ਸਿੱਖਿਅਤ ਕਰਨ ਦੀ ਉਹਦੀ ਵਿਚਾਰਧਾਰਕ ਅਤੇ ਰਾਜਨੀਤਕ ਪ੍ਰਣਾਲੀ ਤੋਂ ਭਗਤ ਸਿੰਘ ਬਹੁਤ ਪ੍ਰਭਾਵਿਤ ਹੋਏ। ਉਹ ਅਕਤੂਬਰ ਇਨਕਲਾਬ ਦੇ ਅਨੁਭਵਾਂ ਦਾ ਪ੍ਰਤੱਖ ਅਧਿਐਨ ਕਰਨਾ ਚਾਹੁੰਦੇ ਸਨ ਅਤੇ ਉਹਨਾਂ ਨੇ ਆਪਣੇ ਸਾਥੀਆਂ ਤੋਂ ਅਜਿਹੇ ਯੋਗ ਉਮੀਦਵਾਰਾਂ ਦੀ ਚੋਣ ਕਰਨ ਲਈ ਵੀ ਕਿਹਾ ਜਿਹਨਾਂ ਨੂੰ ਇਸ ਮਕਸਦ ਲਈ ਮਾਸਕੋ ਭੇਜਿਆ ਜਾ ਸਕੇ।

ਜਾਣੇ ਪਛਾਣੇ ਪ੍ਰਸਿੱਧ ਆਜ਼ਾਦੀ ਘੁਲਾਟੀਏ ਬਾਬਾ ਪ੍ਰਿਥਵੀ ਸਿੰਘ ਆਜ਼ਾਦ ਨੇ 'ਲੈਨਿਨ ਦੀ ਧਰਤੀ ਤੇ' ਨਾਮੀ ਆਪਣੀ ਕਿਤਾਬ 'ਚ ਲਿਖਿਆ ਹੈ :

"ਉਹਨੀਂ ਦਿਨੀਂ ਭਗਤ ਸਿੰਘ ਜੇਲ੍ਹ 'ਚ ਮਾਰਕਸਵਾਦ ਅਤੇ ਲੈਨਿਨਵਾਦ ਦਾ ਅਧਿਐਨ ਕਰ ਰਹੇ ਸਨ ਅਤੇ ਉਹਨਾਂ ਦੀ ਇਨਕਲਾਬੀ ਦ੍ਰਿਸ਼ਟੀ ਨੂੰ ਇੱਕ ਨਵੀਂ, ਵਧੇਰੇ ਪਰਪੱਕ ਸਿਖਰ ਪ੍ਰਾਪਤ ਹੋ ਰਹੀ ਸੀ। ਉਹ ਭਾਰਤ ਦੀ ਆਜ਼ਾਦੀ ਅਤੇ ਲੋਕਾਈ ਦੀ ਲੁੱਟ ਤੋਂ ਮੁਕਤੀ ਦੀ ਸਮੱਸਿਆ ਉੱਤੇ ਵਧੇਰੇ ਵਿਆਪਕ ਪਰਿਪੇਖ ਵਿੱਚ ਪੁਨਰਵਿਚਾਰ ਕਰ ਰਹੇ ਸਨ। ਉਹ ਚੰਗੀ ਤਰ੍ਹਾਂ ਜਾਣਦੇ ਸਨ ਕਿ ਉਹਨਾਂ ਨੂੰ ਫਾਂਸੀ ਹੋਵੇਗੀ ਪਰੰਤੂ ਸ਼ਹੀਦ ਹੋਣ ਤੋਂ ਪਹਿਲਾਂ ਉਹ ਸੰਤੁਸ਼ਟ ਹੋ ਜਾਣਾ ਚਾਹੁੰਦੇ ਸਨ ਕਿ ਭਾਰਤ ਵਿੱਚ ਇਨਕਲਾਬੀ ਲਹਿਰ ਉਸ ਨਵੀਂ ਹਾਲਤ ਵਿੱਚ ਦਾਖ਼ਲ ਹੋ ਜਾਵੇ, ਜਿਹਦੀ ਕਲਪਨਾ ਉਹਨਾਂ ਨੇ ਮਾਰਕਸਵਾਦੀ ਸਿਧਾਂਤਾਂ ਅਤੇ ਸੋਵੀਅਤ ਇਨਕਲਾਬ ਦੇ ਅਧਿਐਨ ਦੇ ਆਧਾਰ 'ਤੇ ਕੀਤੀ ਸੀ।"

ਅਗਾਂਹ ਉਹ ਲਿਖਦੇ ਹਨ : "ਚੰਦਰ ਸ਼ੇਖਰ ਅਤੇ ਧਨਵੰਤਰੀ ਨੇ ਮੈਨੂੰ ਕਿਹਾ : ਸਰਦਾਰ ਭਗਤ ਸਿੰਘ ਜੇਲ੍ਹ 'ਚ ਮਾਰਕਸ ਤੇ ਲੈਨਿਨ ਦੇ ਕਮਿਊਨਿਸਟ ਦਰਸ਼ਨ ਦਾ ਗਹਿਰਾਈ 'ਚ ਅਧਿਐਨ ਕਰਦੇ ਰਹੇ ਸਨ ਅਤੇ ਆਪਣੇ ਸਾਥੀਆਂ ਨੂੰ ਵੀ ਇਹਦੀ ਪ੍ਰੇਰਣਾ ਦਿੰਦੇ ਰਹੇ ਸਨ। ......ਉਹਨਾਂ ਨੇ ਹੀ ਤੁਹਾਨੂੰ ਮਿਲਣ ਅਤੇ ਤੁਹਾਨੂੰ ਇੰਡੀਅਨ ਸ਼ੋਸ਼ਲਿਸਟ ਆਰਮੀ ਦਾ ਮੈਂਬਰ ਬਣਾ ਕੇ ਸੋਵੀਅਤ ਸੰਘ 'ਚ ਪੜ੍ਹਾਈ ਕਰਨ ਲਈ ਭੇਜਣ ਨੂੰ ਕਿਹਾ ਸੀ।[25]

ਫੜੇ ਜਾਣ ਤੋਂ ਪਹਿਲਾਂ ਭਗਤ ਸਿੰਘ ਖੁਦ ਵੀ ਸੋਵੀਅਤ ਸੰਘ ਜਾ ਕੇ ਸਮਾਜਵਾਦ ਦੇ ਦੇਸ਼ ਨੂੰ ਆਪਣੀਆਂ ਅੱਖਾਂ ਨਾਲ ਵੇਖਣਾ ਚਾਹੁੰਦੇ ਸਨ। 'ਸੋਵੀਅਤ ਸੰਘ ਵਿੱਚ ਨਵਾਂ ਮਨੁੱਖ' ਨਾਮੀ ਕਿਤਾਬ ਵਿੱਚ ਵਿਜੈ ਕੁਮਾਰ ਸਿਨਹਾ ਲਿਖਦੇ ਹਨ : "ਉਹਨੀਂ ਦਿਨੀਂ ਹੀ ਸ਼ੌਕਤ ਅਸਮਾਨੀ, ਜਿਹੜੇ ਕੁਝ ਹੋਰ ਲੋਕਾਂ ਦੇ ਨਾਲ ਤੀਜੀ ਕਮਿਊਨਿਸਟ ਕੌਮਾਂਤਰੀ ਦੀ ਛੇਵੀਂ ਕਾਂਗਰਸ ਵਿੱਚ ਹਿੱਸਾ ਲੈਣ ਦੇ ਲਈ ਚੋਰੀ ਛਿਪੇ ਮਾਸਕੋ ਜਾ ਰਹੇ ਸਨ, ਕਾਨਪੁਰ ਵਿੱਚ ਮੈਨੂੰ ਮਿਲੇ ਅਤੇ ਆਪਣੇ ਨਾਲ ਚੱਲਣ ਲਈ ਮੈਨੂੰ ਕਿਹਾ। .....ਮੈਂ ਭਗਤ ਸਿੰਘ ਨਾਲ ਗੱਲ

ਕੀਤੀ : ਸਾਨੂੰ ਲੱਗਾ ਕਿ ਇਹ ਢੁੱਕਵਾਂ ਸਮਾਂ ਨਹੀਂ ਹੈ। ਅਸੀਂ ਸੋਚਿਆ ਕਿ ਅਸੀਂ ਕੁੱਝ ਸਮੇਂ ਪਿੱਛੋਂ ਮਾਸਕੋ ਜਾਵਾਂਗੇ।[26] ਅਫਸੋਸ ਕਿ ਇਹ ਯੋਜਨਾ ਕਦੇ ਵੀ ਸਾਕਾਰ ਨਾ ਹੋ ਸਕੀ।

ਕੁਲਬੀਰ ਸਿੰਘ ਨੇ ਜਿਨ੍ਹਾਂ ਦੀ ਕਿਰਪਾ ਨਾਲ ਮੈਂ ਉਹਨਾਂ ਦੇ ਵੱਡੇ ਭਰਾ ਭਗਤ ਸਿੰਘ ਦੀ ਜੇਲ੍ਹ ਡਾਇਰੀ ਦਾ ਅਧਿਐਨ ਕਰ ਸਕਿਆ ਅਤੇ ਉਹਦੀ ਨਕਲ ਲਾਹ ਸਕਿਆ, ਉਹਨਾਂ ਦੀ ਜ਼ਿੰਦਗੀ ਅਤੇ ਕਾਰਵਿਹਾਰ ਉੱਤੇ ਵਿਸਥਾਰਤ ਕੀਮਤੀ ਸਮੱਗਰੀ ਇਕੱਠੀ ਕੀਤੀ ਹੈ, ਜਿਹਦਾ ਬਾਰੀਕੀ ਨਾਲ ਅਧਿਐਨ ਕੀਤਾ ਜਾਣਾ ਚਾਹੀਦਾ ਹੈ। ਉਹਨਾਂ ਦੇ ਮੁਤਾਬਕ ਭਗਤ ਸਿੰਘ ਜੇਲ੍ਹ ਵਿੱਚ ਗੁਪਤ ਭਾਸ਼ਾ ਵਿੱਚ ਵੀ ਇੱਕ ਡਾਇਰੀ ਲਿਖਦੇ ਸਨ, ਜਿਹੜੀ ਅਜੇ ਤੱਕ ਨਹੀਂ ਮਿਲ ਸਕੀ।

ਭਗਤ ਸਿੰਘ ਦੇ ਦੂਸਰੇ ਭਰਾ ਕੁਲਤਾਰ ਸਿੰਘ ਵੀ ਬੜੇ ਸਨੇਹ ਅਤੇ ਅਪਣੱਤ ਨਾਲ ਮੈਨੂੰ ਮਿਲੇ। ਉਹਨਾਂ ਦੀ ਸਪੁੱਤਰੀ ਵਰਿੰਦਰ ਸੰਧੂ ਨੇ ਉਪਰੋਕਤ ਕਿਤਾਬ ਲਿਖੀ ਹੈ। ਜਿਹਦੇ ’ਚ ਉਹ ਦੱਸਦੀ ਹੈ ਕਿ ਜੁਲਾਈ 1929 ਵਿੱਚ ਦਿੱਲੀ ਵਿੱਚ ਮੁਕੱਦਮੇ ਦੀ ਸੁਣਵਾਈ ਵਿੱਚ ਭਗਤ ਸਿੰਘ ਨੇ ਕਿਹਾ ਸੀ। “ਅਸੀਂ ਉਹਨਾਂ ਇਤਿਹਾਸਕ ਸਿੱਟਿਆਂ ਉੱਤੇ ਜ਼ੋਰ ਦਿੰਦੇ ਹਾਂ, ਜਿਨ੍ਹਾਂ ਉੱਤੇ ਅਸੀਂ ਪਹੁੰਚੇ ਹਾਂ। ...... ਜਿਵੇਂ ਫਾਂਸੀ ਦੇ ਤਖ਼ਤੇ ਅਤੇ ਸਾਇਬੇਰੀਆ ਦੀਆਂ ਖਾਨਾਂ ਦੇ ਡਰ ਨਾਲ ਰੂਸ ਵਿੱਚੋਂ ਇਨਕਲਾਬ ਦੀ ਜਵਾਲਾ ਨਹੀਂ ਬੁਝੀ, ਉਸੇ ਤਰ੍ਹਾਂ ਸਰਕਾਰ ਦੇ ਆਦੇਸ਼ ਅਤੇ “ਅਸਾਧਾਰਨ” ਕਾਨੂੰਨ ਭਾਰਤ ਵਿੱਚ ਆਜ਼ਾਦੀ ਦੇ ਸੰਗਰਾਮ ਦੀ ਜਵਾਲਾ ਨਹੀਂ ਬੁਝਾ ਸਕਦੇ।

21 ਜਨਵਰੀ 1930 ਨੂੰ ਲੈਨਿਨ ਦੇ ਜਨਮ ਦਿਨ ਤੇ ਭਗਤ ਸਿੰਘ ਅਤੇ ਉਹਨਾਂ ਦੇ ਸਾਥੀ ਲਾਲ ਰੁਮਾਲ ਗਲੇ ’ਚ ਬੰਨ ਕੇ ਅਦਾਲਤ ’ਚ ਆਏ। ਕਟਿਹਰੇ ’ਚ ਪਹੁੰਚੇ ਤਾਂ ਉਨ੍ਹਾਂ ਨਾਹਰੇ ਲਾਏ : ‘ਸਮਾਜਵਾਦੀ ਇਨਕਲਾਬ ਜ਼ਿੰਦਾਬਾਦ’, “ਕਮਿਊਨਿਸਟ ਕੌਮਾਂਤਰੀ ਜ਼ਿੰਦਾਬਾਦ”, “ਲੈਨਿਨ ਅਮਰ ਰਹੇ”, “ਲੋਕ ਏਕਤਾ ਜ਼ਿੰਦਾਬਾਦ”, “ਸਾਮਰਾਜਵਾਦ-ਮੁਰਦਾਬਾਦ।”

ਇਸ ਤੋਂ ਪਿੱਛੋਂ ਭਗਤ ਸਿੰਘ ਨੇ ਉਹ ਤਾਰ ਪੜ੍ਹੀ ਜਿਹੜੀ ਉਹਨਾਂ ਨੇ ਅਤੇ ਉਹਨਾਂ ਦੇ ਸਾਥੀਆਂ ਨੇ ਤੀਜੀ ਕੌਮਾਂਤਰੀ ਨੂੰ ਭੇਜਣ ਦੇ ਲਈ ਅਦਾਲਤ ਨੂੰ ਦਿੱਤੀ ਸੀ। ਇਸ ਵਿੱਚ ਕਿਹਾ ਗਿਆ ਸੀ : “ਲੈਨਿਨ ਦੇ ਦਿਨ ਤੇ ਅਸੀਂ ਉਨ੍ਹਾਂ ਸਾਰੇ ਲੋਕਾਂ ਨੂੰ ਹਾਰਦਿਕ ਵਧਾਈ ਭੇਜਦੇ ਹਾਂ, ਜਿਹੜੇ ਮਹਾਨ ਲੈਨਿਨ ਦੇ ਵਿਚਾਰਾਂ ਨੂੰ ਅੱਗੇ ਲਿਜਾਣ ਦੇ ਲਈ ਯਤਨਸ਼ੀਲ ਹਨ ਰੂਸ ਜਿਹੜੇ ਮਹਾਨ ਪ੍ਰਯੋਗ ਕਰ ਰਿਹਾ ਹੈ, ਉਨ੍ਹਾਂ ਦੇ ਸਫ਼ਲ ਹੋਣ ਦੀ ਕਾਮਨਾ ਅਸੀਂ ਕਰਦੇ ਹਾਂ। ਅਸੀਂ ਕੌਮਾਂਤਰੀ ਮਜ਼ਦੂਰ ਲਹਿਰ ਦੀ ਆਵਾਜ਼ ’ਚ ਆਵਾਜ਼ ਮਿਲਾਉਂਦੇ ਹਾਂ। ਮਜ਼ਦੂਰ ਜਮਾਤ ਦੀ ਜਿੱਤ ਹੋ ਕੇ ਹੀ ਰਹੇਗੀ, ਪੂੰਜੀਵਾਦ ਦੀ ਹਾਰ ਹੋਵੇਗੀ। ਸਾਮਰਾਜਵਾਦ ਮੁਰਦਾਬਾਦ।”

ਭਾਰਤ ਵਿੱਚ ਇੱਕ ਅਜਿਹੇ ਆਦਮੀ ਨਾਲ ਵੀ ਮੇਰੀ ਮੁਲਾਕਾਤ ਹੋਈ ਜਿਹੜੇ ਭਗਤ ਸਿੰਘ ਨੂੰ ਫਾਂਸੀ ਦਿੱਤੇ ਜਾਣ ਤੋਂ ਕੁਝ ਘੰਟੇ ਪਹਿਲਾਂ ਹੀ ਉਹਨਾਂ ਨੂੰ ਮਿਲੇ ਸਨ। ਉਹ ਸਨ ਪ੍ਰਾਣਨਾਥ ਮੇਹਤਾ, ਭਗਤ ਸਿੰਘ ਦੇ ਮਿੱਤਰ ਅਤੇ ਵਕੀਲ। ਉਹਨਾਂ ਨੇ ਮੈਨੂੰ ਦੱਸਿਆ, “ਉਹਨੀਂ ਦਿਨੀਂ ਮੈਂ ਡਾਇਰੀ ਰੱਖਦਾ ਸਾਂ (ਆਪਣੇ ਕੰਮ ਦੇ ਲਈ ਵੀ ਮੈਨੂੰ ਇਹਦੀ ਲੋੜ ਹੁੰਦੀ ਸੀ।) ਬਦਕਿਸਮਤੀ ਨਾਲ 1947 ਦੀ ਵੰਡ ਵੇਲੇ ਮੈਨੂੰ ਲਾਹੌਰ ਛੱਡਣਾ ਪਿਆ। ਮੇਰੇ ਕਾਗਜ਼ ਉੱਥੇ ਹੀ ਰਹਿ ਗਏ। ਕੋਈ ਪਤਾ ਨਹੀਂ ਉਨ੍ਹਾਂ ਦਾ ਕੀ ਬਣਿਆ ?”

“ਭਾਵੇਂ ਡਾਇਰੀਆਂ ਤਾਂ ਗੁੰਮ ਹੋ ਗਈਆਂ ਪਰ ਉਨ੍ਹਾਂ ਦਿਨਾਂ ਦੀਆਂ ਘਟਨਾਵਾਂ ਨੇ ਮੇਰੇ ਦਿਮਾਗ ਉੱਤੇ ਐਨੀ ਗਹਿਰੀ ਛਾਪ ਛੱਡੀ ਹੈ ਕਿ ਉਹਨਾਂ ਨੂੰ ਨਾ ਵਕਤ ਮਿਟਾ ਸਕਿਆ ਨਾ ਹੀ ਕੋਈ ਦੂਸਰੀਆਂ ਘਟਨਾਵਾਂ। ......”

“23 ਮਾਰਚ 1931 ਨੂੰ ਮੈਨੂੰ ਉਹ ਕਿਤਾਬ ਮਿਲ ਗਈ ਜਿਹੜੀ ਭਗਤ ਸਿੰਘ ਨੇ ਮੰਗਵਾਈ ਸੀ। ਮੈਂ ਉਹਨਾਂ ਨੂੰ ਮਿਲਣ ਗਿਆ। ਜੇਲ੍ਹ ਦੇ ਗੇਟ ਉੱਤੇ ਮੈਨੂੰ ਦੱਸਿਆ ਗਿਆ ਭਗਤ ਸਿੰਘ ਅਤੇ ਉਹਦੇ ਸਾਥੀਆਂ ਨੇ ਕਿਸੇ ਨੂੰ ਮਿਲਣ ਤੋਂ ਇਨਕਾਰ ਕਰ ਦਿੱਤਾ ਹੈ। ਵਜ੍ਹਾ ਇਹ ਸੀ ਕਿ ਜੇਲ੍ਹ ਅਧਿਕਾਰੀਆਂ ਨੇ ਕਰੀਬੀ ਰਿਸ਼ਤੇਦਾਰਾਂ ਨੂੰ ਛੱਡ ਕੇ ਹੋਰ ਕਿਸੇ ਨਾਲ ਮਿਲਣ ’ਤੇ ਵੀ ਪਾਬੰਦੀ ਲਾ ਦਿੱਤੀ ਸੀ। ਇਹਦੇ ਵਿਰੋਧ ਵਿੱਚ ਭਗਤ ਸਿੰਘ ਅਤੇ ਉਹਦੇ ਸਾਥੀਆਂ ਨੇ ਕਿਹਾ ਕਿ ਉਹ ਕਿਸੇ ਨੂੰ ਵੀ ਨਹੀਂ ਮਿਲਣਗੇ।”

“ਕੁਝ ਕਰਨਾ ਚਾਹੀਦਾ ਹੈ। ਮੈਂ ਜੇਲ੍ਹ ਦੇ ਅਧਿਕਾਰੀਆਂ ਨੂੰ ਮਿਲਣ ਗਿਆ। ਉਹਨਾਂ ’ਚ ਮਿਸਟਰ ਪੁਰੀ ਨੇਕ ਇਨਸਾਨ ਨਿਕਲਿਆ। ਉਹਨੇ ਮੈਨੂੰ ਸਲਾਹ ਦਿੱਤੀ ਕਿ ਤਿੰਨਾਂ ਕੈਦੀਆਂ ਦੇ ਵਕੀਲ ਹੋਣ ਦੇ ਨਾਤੇ ਮੈਂ ਅਰਜ਼ੀ ਦਿਆਂ ਕਿ ਮੈਂ ਉਹਨਾਂ ਦੀ ਆਖਰੀ ਇੱਛਾ ਲਿਖਣ ਦੇ ਲਈ ਉਹਨਾਂ ਨੂੰ ਮਿਲਣਾ ਹੈ। ਫਿਰ ਉਹਨੇ ਮੈਨੂੰ ਭਗਤ ਸਿੰਘ ਦੀ ਕਾਲ ਕੋਠੜੀ ਵਿੱਚ ਹੀ ਉਹਨਾਂ ਨਾਲ ਮਿਲਣ ਦੀ ਇਜਾਜ਼ਤ ਦੇ ਦਿੱਤੀ। ਥੋੜੀ ਦੇਰ ਪਿੱਛੋਂ ਰਾਜਗੁਰੂ ਅਤੇ ਸੁਖਦੇਵ ਨੂੰ ਵੀ ਉਥੇ ਲੈ ਆਂਦਾ ਗਿਆ।”

“ਉਸ ਸਮੇਂ ਮੈਨੂੰ ਇਹ ਪਤਾ ਨਹੀਂ ਸੀ ਕਿ ਲਾਹੌਰ ਜੇਲ੍ਹ ਦੇ ਇਨ੍ਹਾਂ ਤਿੰਨਾਂ ਕੈਦੀਆਂ ਨਾਲ ਮੇਰੀ ਇਹ ਆਖ਼ਰੀ ਮੁਲਾਕਾਤ ਹੈ, ਕਿ ਦੋ ਤਿੰਨ ਘੰਟੇ ਪਿੱਛੋਂ ਇਨ੍ਹਾਂ ਨੂੰ ਫਾਂਸੀ ਦੇ ਦਿੱਤੀ ਜਾਵੇਗੀ।”

“ਭਗਤ ਸਿੰਘ ਨੇ ਮੈਨੂੰ ਪੁੱਛਿਆ ਕਿ ਮੈਂ ਕਿਤਾਬ ਲਿਆਇਆ ਹਾਂ ਜਾਂ ਨਹੀਂ। ਮੈਂ ਉਹਨੂੰ ਕਿਤਾਬ ਦੇ ਦਿੱਤੀ ਤਾਂ ਉਹ ਖੁਸ਼ ਹੋਇਆ। ਕਿਤਾਬ ਲੈਂਦਿਆਂ ਹੋਇਆਂ ਬੋਲਿਆ : “ਅੱਜ ਰਾਤ ਨੂੰ ਹੀ ਇਸ ਨੂੰ ਖ਼ਤਮ ਕਰ ਦਿਆਂਗਾ। ਇਸ ਤੋਂ ਪਹਿਲਾਂ ਕਿ......” ਉਸ ਵਿਚਾਰੇ ਨੂੰ ਕੀ ਪਤਾ ਸੀ ਕਿ ਉਹ ਕਿਤਾਬ ਅਖੀਰ ਤੱਕ ਕਦੀ ਨਹੀਂ ਪੜ੍ਹ ਸਕੇਗਾ।”

ਮੈਂ ਪ੍ਰਾਣ ਨਾਥ ਮੇਹਤਾ ਨੂੰ ਪੁੱਛਿਆ ਕਿ ਉਹਨੂੰ ਕਿਤਾਬ ਦਾ ਨਾਂ ਯਾਦ ਹੈ, ਜਿਹੜੀ ਉਹ ਭਗਤ ਸਿੰਘ ਦੇ ਲਈ ਲੈ ਕੇ ਗਏ ਸਨ। ਉਹਨਾਂ ਦਾ ਜੁਆਬ ਸੀ : “ਸੱਚ ਪੁੱਛੋ ਤਾਂ ਮੈਨੂੰ ਯਾਦ ਨਹੀਂ ਕਿ ਇਹ ਲੈਨਿਨ ਦੇ ਸੰਬੰਧ ’ਚ ਕਿਤਾਬ ਸੀ ਜਾਂ ਲੈਨਿਨ ਦੀ ਕਿਤਾਬ ਸੀ। ਇੱਕ ਛੋਟੀ ਜਿਹੀ ਕਿਤਾਬ ਸੀ। ......ਦੂਜੇ ਦਿਨ ਜੇਲ੍ਹ ਦੇ ਸੰਤਰੀ ਨੇ ਮੈਨੂੰ ਦੱਸਿਆ ਕਿ ਜਦੋਂ ਭਗਤ ਸਿੰਘ ਨੂੰ ਲਿਜਾਣ ਲਈ ਆਏ ਸਨ ਤਾਂ ਉਹ ਉਹੋ ਕਿਤਾਬ ਪੜ੍ਹ ਰਿਹਾ ਸੀ। ਬਾਅਦ ਵਿੱਚ ਭਗਤ ਸਿੰਘ ਜਿਹੜੀਆਂ ਚੀਜ਼ਾਂ ਛੱਡ ਗਏ ਸਨ, ਉਹਨਾਂ ਦੇ ਨਾਲ ਮੈਨੂੰ ਉਹ ਕਿਤਾਬ ਵੀ ਮਿਲੀ ਸੀ।”

“ਸ਼ਾਇਦ ਉਸੇ ਸੰਤਰੀ ਨੇ”, ਮਹਿਤਾ ਨੇ ਅੱਗੇ ਕਿਹਾ, “ਭਗਤ ਸਿੰਘ ਦੇ ਰਿਸ਼ਤੇਦਾਰਾਂ ਨੂੰ ਉਹਨਾਂ ਨੇ ਆਖ਼ਰੀ ਪਲਾਂ ਦੇ ਸੰਬੰਧ ਵਿੱਚ ਵੀ ਦੱਸਿਆ ਸੀ।”

ਵਰਿੰਦਰ ਸੰਧੂ ਨੇ ਆਪਣੀ ਕਿਤਾਬ ਵਿੱਚ ਲਿਖਿਆ ਹੈ ਕਿ ਭਗਤ ਸਿੰਘ ਪ੍ਰਾਣਨਾਥ ਮੇਹਤਾ ਵੱਲੋਂ ਲਿਆਂਦੀ ਲੈਨਿਨ ਦੀ ਜੀਵਨੀ ਪੜ੍ਹ ਰਹੇ ਸਨ ਜਦੋਂ ਦਰਵਾਜ਼ਾ ਖੁੱਲ੍ਹਿਆ ਦਹਿਲੀਜ਼ ਉੱਤੇ ਅਫਸਰ ਖਲੋਤਾ ਸੀ।

“ਸਰਦਾਰ ਜੀ” ਉਸਨੇ ਕਿਹਾ, “ਫਾਂਸੀ ਲੱਗਾਉਣ ਦਾ ਹੁਕਮ ਆ ਗਿਆ ਹੈ

ਤਿਆਰ ਹੋ ਜਾਓ।"

ਭਗਤ ਸਿੰਘ ਦੇ ਸੱਜੇ ਹੱਥ 'ਚ ਕਿਤਾਬ ਸੀ, ਉਸਤੋਂ ਨਜ਼ਰਾਂ ਚੁੱਕਿਆਂ ਬਿਨਾਂ ਹੀ ਉਹਨਾਂ ਨੇ ਖੱਬਾ ਹੱਥ ਚੁੱਕ ਕੇ ਕਿਹਾ, "ਠਹਿਰੋ। ਇੱਥੇ ਇੱਕ ਇਨਕਲਾਬੀ ਦੂਸਰੇ ਇਨਕਲਾਬੀ ਨੂੰ ਮਿਲ ਰਿਹਾ ਹੈ।"

"ਕੁਝ ਲਾਈਨਾਂ ਹੋਰ ਪੜ੍ਹ ਕੇ ਉਹਨਾਂ ਨੇ ਕਿਤਾਬ ਇੱਕ ਪਾਸੇ ਰੱਖ ਦਿੱਤੀ ਅਤੇ ਉੱਠ ਕੇ ਖਲੋਂਦਿਆਂ ਬੋਲੇ : 'ਚੱਲੋ।'

ਭਗਤ ਸਿੰਘ ਇਨਕਲਾਬੀ ਦਲ ਵਿੱਚੋਂ ਇੱਕ ਹੋਰ ਰੜ੍ਹਿਆ (ਪਰਪੱਕ) ਇਨਕਲਾਬੀ ਨਿੱਕਲਿਆ ਜਿਹੜਾ ਅੱਗੇ ਚੱਲ ਕੇ ਭਾਰਤੀ ਕਮਿਊਨਿਸਟ ਪਾਰਟੀ ਦਾ ਜਨਰਲ ਸਕੱਤਰ ਬਣਿਆ। ਉਹ ਸੀ ਅਜੈ ਕੁਮਾਰ ਘੋਸ਼।

'ਭਗਤ ਸਿੰਘ ਅਤੇ ਓਹਦੇ ਸਾਥੀ' ਨਾਮੀ ਕਿਤਾਬ ਵਿੱਚ ਅਜੈ ਕੁਮਾਰ ਘੋਸ਼ ਨੇ ਲਿਖਿਆ ਸੀ ਕਿ ਭਗਤ ਸਿੰਘ ਭਾਰਤ ਦੇ ਰਾਜਨੀਤਿਕ ਆਕਾਸ਼ ਦੇ ਇੱਕ ਭਾਗ ਉੱਤੇ ਇੱਕ ਚਮਕਦੇ ਤਾਰੇ ਦਾ ਵਾਗੂੰ ਚਮਕੇ ਅਤੇ ਲੁਪਤ ਹੋਣ ਤੋਂ ਪਹਿਲਾਂ ਉਹ ਲੱਖਾਂ ਲੋਕਾਂ ਦੇ ਲਈ, ਜਿਨ੍ਹਾਂ ਨੂੰ ਮੌਤ ਦਾ ਡਰ ਨਹੀਂ ਸੀ, ਜਿਹੜੇ ਸਾਮਰਾਜਵਾਦੀ ਜੂਲੇ ਨੂੰ ਲਾਹ ਸੁੱਟਣ ਅਤੇ ਆਪਣੇ ਮਹਾਨ ਦੇਸ਼ 'ਚ ਇੱਕ ਆਜ਼ਾਦ ਰਾਜ ਦਾ ਭਵਨ ਉਸਾਰਨ ਲਈ ਦ੍ਰਿੜ ਸੰਕਲਪ ਲਈ ਬੈਠੇ ਸਨ।

ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਵਰਗੇ ਨਿਡਰ ਇਨਕਲਾਬੀਆਂ ਦਾ ਬਲੀਦਾਨ ਵਿਅਰਥ ਨਹੀਂ ਸੀ। ਉਹਨਾਂ ਦੇ ਦਲ ਦੇ ਸਭ ਤੋਂ ਸੁਲਝੇ ਆਗੂ ਇਸ ਸਿਟੇ ਤੇ ਪਹੁੰਚੇ ਕਿ ਮੁੱਠੀ ਭਰ ਨੌਜਵਾਨ ਇਨਕਲਾਬ ਨਹੀਂ ਲਿਆ ਸਕਦੇ ਅਤੇ ਬੜੇ ਠਰ੍ਹੰਮੇ, ਧੀਰਜ ਅਤੇ ਮਿਹਨਤ ਦੇ ਨਾਲ ਆਮ ਲੋਕਾਈ ਦੇ ਵਿੱਚ ਕੰਮ ਕਰਨਾ ਚਾਹੀਦਾ ਹੈ। ਲੋਕਾਂ ਨੂੰ ਸੰਘਰਸ਼ ਦੇ ਲਈ ਸੰਗਠਿਤ ਕਰਨਾ ਚਾਹੀਦਾ ਹੈ। ਠੋਸ ਕਾਰਜ ਨੀਤੀਆਂ ਤਿਆਰ ਕਰਨੀਆਂ ਚਾਹੀਦੀਆਂ ਹਨ, ਉਨ੍ਹਾਂ ਉੱਤੇ ਅਮਲ ਕਰਨਾ ਅਤੇ ਲੋਕਾਂ ਨੂੰ ਸੱਤਾ ਦੇ ਲਈ ਅਖੀਰਲੇ ਸੰਘਰਸ਼ ਦੇ ਵੱਲ ਲਿਜਾਣਾ ਚਾਹੀਦਾ ਹੈ।

*(1981 'ਚ ਛਪੀ ਕਿਤਾਬ Lenin and India 'ਚੋਂ)*

## ਹਵਾਲੇ


1. *ਅ.ਵ. ਰਾਈਕੋਵ, "ਭਗਤ ਸਿੰਘ ਅਤੇ ਉਨ੍ਹਾਂ ਦੀ ਵਿਚਾਰਧਾਰਕ ਵਿਰਾਸਤ' (ਪੁਸਤਕ ਏਸ਼ੀਆ ਅਤੇ ਅਫਰੀਕਾ ਦੀਆਂ ਆਬਾਦੀਆਂ) ਅੰਕ 1, 1971 ਰੂਸੀ 'ਚ।*
2. *ਲ.ਵ. ਮਿਤਰੋਬਿਨ 'ਲੈਨਿਨ ਦੇ ਸੰਬੰਧ 'ਚ ਭਾਰਤ' ਨਾਊਕਾ ਪ੍ਰਕਾਸ਼ਨ ਮਾਸਕੋ (ਰੂਸੀ 'ਚ) 1971*
3. *ਐਮ ਵਿੰਡਮਿਲਰ ਤੇ ਜੀ.ਡੀ. ਉਵਰਸਟਰੀਟ ਦੀ ਪੁਸਤਕ 'ਕਮਿਊਨਿਜ਼ਮ ਇਨ ਇੰਡੀਆ' ਬ੍ਰੇਕਲੇ 1959 ਪੰਨਾ 240*
4. *ਪੂਰਾ ਪੱਤਰ ਪਿੱਛੇ ਦੇਖੋ।*
5. *ਜੇ. ਸਾਨਿਆਲ, ਸਰਦਾਰ ਭਗਤ ਸਿੰਘ ਲਾਹੌਰ 1930 ਸਫਾ 104 (ਨੋਟ-ਸਾਨਿਆਲ ਜੀ ਦੀ ਇਸ ਕਿਤਾਬ 'ਤੇ ਅੰਗਰੇਜ਼ਾਂ ਨੇ ਪਾਬੰਦੀ ਲਾ ਦਿੱਤੀ ਸੀ, ਇਹ ਵਰਨਣਯੋਗ ਹੈ ਕਿ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੇ ਸੰਬੰਧ 'ਚ ਕਿਤਾਬਾਂ ਕਵਿਤਾਵਾਂ ਅਤੇ ਉਨ੍ਹਾਂ ਦੀ ਰੱਖਿਆ ਲਈ ਅਪੀਲਾਂ ਗੈਰ ਕਾਨੂੰਨੀ ਸਾਹਿਤ ਦੀ ਸੂਚੀ ਵਿੱਚ ਵਿਸ਼ੇਸ਼ ਸਥਾਨ ਸੀ ਅਮਰੀਕੀ ਖੋਜਾਰਥੀ ਐਨ.ਜੇਰਾਲਡ ਬੈਰੀਅਨ ਨੇ ਆਪਣੀ ਕਤਾਬ, "ਬੈਨਡ ਕੰਨਟਰੋਵਰਸਲ ਲਿਟਰੇਚਰ ਅਤੇ ਪੁਲੀਟੀਕਲ ਕੰਟਰੋਲ ਇਨ ਬ੍ਰਿਟਸ਼ ਇੰਡੀਆ 1907-1947 ਦੇ ਸਫਾ 224-25 ਉੱਤੇ ਅਜਿਹੀਆਂ 16 ਪ੍ਰਕਾਸ਼ਨਾਵਾਂ ਗਿਣਾਈਆਂ ਹਨ)।*
6. *ਟਾਮਸ ਜੈਫਰਸਨ (1743-1828) ਅਮਰੀਕੀ ਰਾਜਨੇਤਾ, 1801-1809 ਦੇ ਦੌਰਾਨ ਸੰਯੁਕਤ ਰਾਜ ਅਮਰੀਕਾ ਦੇ ਰਾਸ਼ਟਰਪਤੀ।*
7. *ਜਯਾਂ ਜੌਕ ਰੂਸੋ (1712-1778) ਪ੍ਰਸਿੱਧ ਫਰਾਂਸੀਸੀ ਫਿਲਾਸਫਰ ਤੇ ਚਿੰਤਕ।*
8. *ਟਾਮਸ ਪੇਨ (1737-1809) ਪ੍ਰਸਿੱਧ ਅਮਰੀਕੀ ਤੇ ਬਰਤਾਨਵੀ ਸਮਾਜਿਕ ਤੇ ਰਾਜਨੀਤਕ ਆਗੂ, ਤੇ ਇਨਕਲਾਬੀ ਪੱਖ ਦਾ ਮੁਦਈ।*
9. *ਪੈਟਰਿਕ ਹੈਨਰੀ (1736-1799) ਪ੍ਰਸਿੱਧ ਅਮਰੀਕੀ ਰਾਜਨੀਤੀਵਾਨ ਤੇ ਬੁਲਾਰਾ।*
10. *ਕਾਰਲ ਮਾਰਕਸ ਤੇ ਫਰੈਡਰਿਕ ਏਂਗਲਜ਼, "ਕਮਿਊਨਿਸਟ ਪਾਰਟੀ ਦਾ ਐਲਾਨਨਾਮਾ (1847-1849) ਵਿੱਚ।*
11. *ਏਂਗਲਜ਼ ਜਰਮਨੀ 'ਚ ਇਨਕਲਾਬ ਤੇ ਉਲਟ ਇਨਕਲਾਬੀ (1851-18752)*
12. *ਲੈਨਿਨ, "ਮਜ਼ਦੂਰ ਇਨਕਲਾਬ ਤੇ ਗਦਾਰ ਕਾਉਂਟਸਕੀ (1918)*
13. *ਲੈਨਿਨ - ਉਹੀ - (1918)*
14. *ਜੇ. ਸਾਨਿਆਲ, 'ਸਰਦਾਰ ਭਗਤ ਸਿੰਘ' ਲਾਹੌਰ (1030) ਸਫਾ 104*
15. *ਜੇ. ਸਾਨਿਆਲ, 'ਸਰਦਾਰ ਭਗਤ ਸਿੰਘ' ਸਫ਼ਾ 103 (ਵਰਿੰਦਰ ਸੰਧੂ ਨੇ ਆਪਣੀ ਕਿਤਾਬ ਵਿੱਚ ਲਿਖਿਆ ਹੈ ਕਿ ਭਗਤ ਸਿੰਘ ਰੂਸੀ ਇਨਕਲਾਬ ਨੂੰ ਉਹਦੇ ਤੋਂ ਜਿਹੜੇ ਰਾਹ ਤਹਿ ਕੀਤੇ ਸਨ ਤੇ ਜਿਹੜੇ ਨਤੀਜ਼ੇ ਹਾਸਲ ਕੀਤੇ ਸਨ, ਨੂੰ ਸਮਝਣ ਲਈ ਦਿਨ ਰਾਤ ਕੋਸ਼ਿਸ਼ਾਂ ਜੁਟਾ ਰਹੇ ਸਨ।)*
16. *N.K. Singh, The impect of Marxist ideas on Indian Revolutionary Movement after the October Revolution. Mittilegendes Institus for Orient fors chung. BDXVII*
17. *G. Deol. The Ghadarites and shaheed Bhagat Singh-Peoples Path March 1968.*
18. *S.S. Josh, Baba Sohan Singh Bhakna. New Delhi, 1970 P.P. 61 & 62*
19. *Peoples Path June 1968 P-17*
20. *N.K. Singh, The Impact of Marxist Ideas on Indian Revolutionary Movement after October Revolution-P 247.*
   ** ਸਬੰਧਤ ਦਸਤਾਵੇਜ ਤੇ ਪੱਤਰ ਰੈਡੀਕਲ ਪਬਲੀਕੇਸ਼ਨ ਮਾਨਸਾ ਵੱਲੋਂ ਛਾਪੀ ਤੇ ਜਗਮੋਹਨ ਸਿੰਘ ਵੱਲੋਂ ਸੰਪਾਦਤ ਪੁਸਤਕ ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੀਆਂ ਲਿਖਤਾਂ 'ਚ ਛਪ ਚੁੱਕੇ ਹਨ।*
21. *N.K. Singh The Impact of the Marxist ideas on Indian Revolution Movement Page-71 (1958) P.P. 383-393*
22. *B.Hardas Armed Struggle for freedom - Poona (1958) P.P. 383-393*
   *ਨੋਟ :- ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਦੇ ਵਿਚਾਰਧਾਰਕ ਵਿਕਾਸ ਉੱਤੇ ਸ਼ਿਵ ਵਰਮਾ ਦਾ ਲੇਖ ਇਨਕਲਾਬੀ ਅੰਦੋਲਨ ਦਾ ਵਿਚਾਰਧਾਰਕ ਵਿਕਾਸ ਸਭ ਤੋਂ ਵੱਧ ਮਹੱਤਵਪੂਰਨ ਹੈ, ਜਿਹੜਾ ਮਿਤਰੋਬਿਨ ਦੀ ਕਿਤਾਬ ਦੇ ਪਿੱਛੋਂ ਪ੍ਰਕਾਸ਼ਿਤ ਹੋਇਆ ਸੀ। ਇਸਦਾ ਪੰਜਾਬੀ ਅਨੁਵਾਦ ਵੀ ਸਰਦਲ 'ਚ ਦਿਆਂਗੇ।*
23. *M.N. Gupta History of Indian Revolutionary Movement Bombay N.Delhi 1972 P. 132*
24. *ਇਸ ਭੂਮਿਕਾ ਦਾ ਸੰਖੇਪ 'ਲਿੰਕ' 24 ਅਗਸਤ 1969 ਦੇ ਅੰਕ 'ਚ ਛਪਿਆ ਸੀ। ਇਹ ਲੇਖ ਡਰੀਮਲੈਂਡ ਦੀ ਭੂਮਿਕਾ ਨਾਮ ਹੇਠ ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੀਆਂ ਲਿਖਤਾਂ - ਰੈਡੀਕਲ ਪ੍ਰਕਾਸ਼ਨ (ਮਾਨਸਾ) ਵਿੱਚ ਪੂਰੇ ਦਾ ਪੂਰਾ ਛਪ ਚੁੱਕਾ ਹੈ। 1969-70 'ਚ ਜਲੰਧਰੋਂ ਨਿਕਲਦੇ 'ਦੇਸ਼ ਭਗਤ ਯਾਦਾਂ' 'ਚ ਵੀ ਛਪਿਆ ਸੀ।*
25. *Baba Pirthvi Singh Azad, In Lenin's Land New Delhi 1978 P P 29-32-38*
26. *Bejoy Kumar Sinha, 'The New Men in Soviet Union' Peoples Publishing House N. Delhi. 1971 P.2.*

# ਸ਼ਹੀਦੇ-ਆਜ਼ਮ ਦੀ ਜੇਲ੍ਹ ਨੋਟ ਬੁੱਕ

ਭਗਤ ਸਿੰਘ ਦੁਆਰਾ ਜੇਲ੍ਹ ਵਿੱਚ (1929-31)
ਅਧਿਐਨ ਦੇ ਦੌਰਾਨ ਲਏ ਗਏ
ਨੋਟਸ ਅਤੇ ਹਵਾਲੇ

ਨੋਟ ਬੁੱਕ ਖੋਲਦਿਆਂ ਹੀ ਪਹਿਲੇ ਪੰਨੇ (ਟਾਈਟਲ ਪੇਜ਼) ਉੱਪਰ ਅੰਗਰੇਜ਼ੀ ਵਿੱਚ ਲਿਖਿਆ ਹੈ :

"ਭਗਤ ਸਿੰਘ ਦੇ ਵਾਸਤੇ
ਚਾਰ ਸੌ ਚਾਰ (404) ਪੰਨੇ....."

ਹੇਠਾਂ ਇੱਕ ਦਸਖਤ ਹਨ ਅਤੇ 12.9.29 ਦੀ ਤਾਰੀਖ ਪਾਈ ਹੋਈ ਹੈ। ਸਪਸ਼ਟ ਹੈ ਕਿ ਇਹ ਅੰਦਰਾਜ ਜੇਲ੍ਹ ਅਧਿਕਾਰੀਆਂ ਦੁਆਰਾ ਭਗਤ ਸਿੰਘ ਨੂੰ ਕਾਪੀ ਦਿੰਦੇ ਸਮੇਂ ਕੀਤਾ ਗਿਆ ਹੈ।

ਇਸਦੇ ਹੇਠਾਂ ਭਗਤ ਸਿੰਘ ਦੇ ਦੋ ਪੂਰੇ ਅਤੇ ਦੋ ਛੋਟੇ ਦਸਖਤ ਹਨ।

ਪੰਨੇ ਦੇ ਉਪਰਲੀ ਸੱਜੀ ਨੁੱਕਰ ਉੱਪਰ ਵੀ ਅੰਗਰੇਜ਼ੀ ਵਿੱਚ ਭਗਤ ਸਿੰਘ ਦਾ ਨਾਮ ਲਿਖਿਆ ਹੈ। (ਵੇਖੋ ਸਾਹਮਣੇ ਦਾ ਪੰਨਾ)

ਜੇਲ ਮੈਨੂਅਲ/ਨਿਯਮਾਵਲੀ ਦੇ ਜਾਣਕਾਰ ਜਾਣਦੇ ਹਨ ਕਿ ਜਦੋਂ ਵੀ ਕੋਈ ਕੈਦੀ ਲਿਖਣ ਦੇ ਲਈ ਕਾਪੀ ਮੰਗਦਾ ਹੈ ਤਾਂ ਜੇਲ ਅਧਿਕਾਰੀ ਨੂੰ ਕਾਪੀ ਦੇ ਆਰੰਭ ਅਤੇ ਅੰਤ ਵਿੱਚ ਅਜਿਹਾ ਲਿਖਣਾ ਹੁੰਦਾ ਹੈ ਅਤੇ ਕੈਦੀ ਨੇ ਵੀ ਪ੍ਰਾਪਤ ਕਰਦੇ ਵਕਤ ਉਥੇ ਦਸਖਤ ਕਰਨੇ ਹੁੰਦੇ ਹਨ। ਭਗਤ ਸਿੰਘ ਦੇ ਦਸਖਤ (ਅੰਗਰੇਜ਼ੀ ਵਿੱਚ) ਟਾਈਟਲ ਪੇਜ਼ ਉੱਪਰ ਵੀ ਮੌਜੂਦ ਹਨ ਅਤੇ 12-9-29 ਦੀ ਤਾਰੀਖ ਦੇ ਨਾਲ ਕਾਪੀ ਦੇ ਅੰਤ ਵਿੱਚ ਵੀ।

ਨੋਟਬੁੱਕ ਦੀ ਜੋ ਡੁਪਲੀਕੇਟ/ਹੱਥਲਿਖਤ ਪ੍ਰਤੀਲਿਪੀ ਜੀ.ਬੀ. ਕੁਮਾਰ ਹੂਜਾ ਨੂੰ ਗੁਰੂਕੁਲ ਇੰਦ੍ਰਪ੍ਰਸਥ ਵਿੱਚੋਂ ਮਿਲੀ, ਉਸ ਵਿੱਚ ਹੇਠਾਂ ਖੱਬੀ ਨੁੱਕਰ ਵਿੱਚ ਅੰਗਰੇਜ਼ੀ ਵਿੱਚ ਇਹ ਵੀ ਲਿਖਿਆ ਹੋਇਆ ਸੀ : "ਪ੍ਰਤੀਲਿਪੀ ਸ਼ਹੀਦ ਭਗਤ ਸਿੰਘ ਦੇ ਭਤੀਜੇ ਅਭੈ ਕੁਮਾਰ ਸਿੰਘ ਦੁਆਰਾ ਤਿਆਰ।"

ਨੋਟ ਬੁੱਕ ਆਮ ਸਕੂਲੀ ਕਾਪੀ ਦੇ ਆਕਾਰ ਦੀ ਸੀ, ਲਗਭਗ
6.75 **x** 8.50 ਇੰਚ ਜਾਂ 17.50 **x** 21 ਸੈਂਟੀਮੀਟਰ

**- ਸੰਪਾਦਕ**

ਪੰਨਾ 2 (2)[1]

*ਜ਼ਮੀਨ ਦੇ ਮਾਪ[2] :*

**ਜਰਮਨ 20 ਹੈਕਟੇਅਰ = 50 ਏਕੜ, ਅਰਥਾਤ 1 ਹੈਕਟੇਅਰ = $2\frac{1}{2}$ ਏਕੜ**

*1. ਨੋਟਬੁੱਕ ਦੀ ਪੰਨਾ ਸੰਖਿਆ ਟਾਈਟਲ ਪੇਜ਼ ਤੋਂ ਗਿਣੀ ਗਈ ਹੈ। ਬ੍ਰੈਕਟਾਂ ਵਿੱਚ ਦਿੱਤੀ ਗਈ ਸੰਖਿਆ ਉਹਨਾਂ ਪੰਨਿਆਂ ਦੀ ਹੈ ਜਿਹਨਾਂ ਉੱਪਰ ਲਿਖਿਆ ਗਿਆ ਹੈ। ਉਦਾਹਰਣ ਦੇ ਵਾਸਤੇ ਪੰਨਾ ਸੰਖਿਆ 2 (2) ਦੇ ਬਾਦ ਤਿੰਨ ਪੰਨੇ ਸਾਫ਼ ਹਨ ਅਤੇ ਅਗਲੀ ਲਿਖਤ ਪੰਨਾ ਸੰਖਿਆ 6 (3) ਉੱਪਰ ਹੈ। ਨੋਟਬੁੱਕ ਅੰਦਰ ਵਿੱਚ-ਵਿੱਚ ਕੁਝ ਪੰਨੇ ਨਹੀਂ ਹਨ ਅਤੇ ਕਈ ਸਫ਼ੇ ਖਾਲੀ ਛੱਡੇ ਹੋਏ ਹਨ। ਕੁੱਲ 145 ਸਫਿਆਂ ਉੱਪਰ ਭਗਤ ਸਿੰਘ ਨੇ ਨੋਟਸ ਲਿਖੇ ਹਨ।*

*2. ਨੋਟ ਬੁੱਕ ਦੇ ਪੰਨਾ ਦੋ ਉੱਪਰ ਜ਼ਮੀਨ ਦੇ ਮਾਪ ਸੰਬੰਧੀ ਸਿਰਫ਼ ਇਹਨਾਂ ਦੋ ਇਕਾਈਆਂ ਹੈਕਟੇਅਰ ਅਤੇ ਏਕੜ ਦੀ ਆਪਸੀ ਤੁਲਨਾ ਦਰਜ਼ ਹੈ।*

ਪੰਨਾ 6 (3)

**ਸੰਪਤੀ ਤੋਂ ਮੁਕਤੀ -** "ਸੰਪਤੀ ਦੀ ਸੁਤੰਤਰਤਾ" --- ਜਿੱਥੋਂ ਤੱਕ ਛੋਟੇ ਪੂੰਜੀਪਤੀ ਅਤੇ ਕਿਸਾਨ ਸੰਪਤੀ ਮਾਲਕਾਂ ਦਾ ਸਵਾਲ ਹੈ, "ਸੰਪਤੀ ਤੋਂ ਮੁਕਤੀ" ਬਣ ਗਈ।

ਵਿਆਹ ਆਪਣੇ ਆਪ ਵਿੱਚ, ਪਹਿਲਾਂ ਦੀ ਭਾਂਤਿ ਹੀ, ਵੇਸ਼ਵਾਬ੍ਰਿਤੀ ਦਾ ਕਾਨੂੰਨੀ ਤੌਰ ਤੇ ਪ੍ਰਵਾਨਤ ਰੂਪ, ਔਪਚਾਰਿਕ ਪਰਦਾ, ਬਣਿਆ ਰਿਹਾ ------।

*(ਸੋਸ਼ਲਿਜ਼ਮ ਸਾਇੰਟੀਫਿਕ ਐਂਡ ਯੂਟੋਪੀਆ)* [1]

-------o-------

**ਦਿਮਾਗੀ ਗੁਲਾਮੀ -** "ਇੱਕ ਸੱਤਾ ਨੇ ਮਾਨਵ ਸਮਾਜ ਨੂੰ ਵੈਸਾ ਹੀ ਰਚਿਆ, ਜਿਹੋ ਜਿਹਾ ਅੱਜ ਉਹ ਹੈ, ਅਤੇ 'ਸ੍ਰੇਸਠਤਰ' ਤੇ 'ਸੱਤਾ' ਦੇ ਪ੍ਰਤੀ ਸਮਰਪਣ ਦੈਵੀ ਇੱਛਾ ਤੋਂ ਹੀ 'ਨਿਮਨਤਰ' ਵਰਗਾਂ ਉੱਤੇ ਲਾਗੂ ਕੀਤਾ ਗਿਆ ਹੈ।" ਉਪਦੇਸ਼ਕ ਲੋਕੀਂ ਉਪਦੇਸ਼ ਮੰਚ ਅਤੇ ਪ੍ਰੈਸ ਵੱਲੋਂ ਦਿੱਤੇ ਜਾਣ ਵਾਲੇ ਇਸ ਸੰਦੇਸ਼ ਨੇ ਆਦਮੀ ਦੇ ਦਿਮਾਗ ਨੂੰ ਸੰਮੋਹਤ ਕਰ ਰੱਖਿਆ ਹੈ ਅਤੇ ਇਹ ਸੋਸ਼ਣ ਦੇ ਸਭ ਤੋਂ ਮਜ਼ਬੂਤ ਸਤੰਭਾਂ ਵਿੱਚੋਂ ਇੱਕ ਹੈ।

*(ਔਰਿਜਿਨ ਆਫ ਦਾ ਫੈਮਿਲੀ ਵਿੱਚ ਅਨੁਵਾਦਕ ਦੀ ਭੂਮਿਕਾ)* [2]

ਪੰਨਾ 7 (4)

**ਏਗਲਜ਼ ਦੀ ਰਚਨਾ** *ਦਾ ਔਰਿਜਿਨ ਆਫ਼ ਦਾ ਫੈਮਿਲੀ* ------

ਆਦਮ ਸਮਾਜ ਦੇ ਇਤਿਹਾਸ ਵਿੱਚ ਇੱਕ ਤਰਕ ਸੰਗਤ ਵਿਵਸਥਾ ਪ੍ਰਸਤੁਤ ਕਰਨ ਦਾ ਯਤਨ ਸਭ ਤੋਂ ਪਹਿਲਾਂ ਮਾਰਗਨ ਨੇ ਕੀਤਾ।[3]

ਉਹ ਇਸਨੂੰ ਤਿੰਨ ਮੁੱਖ ਯੁੱਗਾਂ ਵਿੱਚ ਵੰਡਦਾ ਹੈ।

1. ਅਸੱਭਯਤਾ 2. ਬਰਬਰਤਾ 3. ਸੱਭਯਤਾ

**1. ਅਸੱਭਯਤਾ** :- ਅੱਗੇ ਤਿੰਨ ਅਵਸਥਾਵਾਂ ਵਿੱਚ ਤਕਸੀਮ :

1. ਨਿਮਨਤਰ 2. ਮੱਧਯ 3. ਉੱਚਤਰ

1. **ਅਸੱਭਸਤਾ ਦੀ ਨਿਮਨਤਰ ਅਵਸਥਾ** : ਮਾਨਵ ਜਾਤੀ ਦਾ ਸ਼ਿਸ਼ੂ ਕਾਲ।

*1. ਫਰੈਡਰਿਕ ਏਂਗਲਜ਼ ਦੀ ਰਚਨਾ - ਸਮਾਜਵਾਦ ਕਾਲਪਨਿਕ ਅਤੇ ਵਿਗਿਆਨ।*

*2. ਫਰੈਡਰਿਕ ਏਂਗਲਜ਼ ਦੀ ਰਚਨਾ - ਪਰਿਵਾਰ, ਵਿਅੱਕਤੀਗਤ ਸੰਪਤੀ ਅਤੇ ਰਾਜਸੱਤਾ ਦੀ ਉਤਪਤੀ।*

*3. ਲੁਈਸ ਐਚ. ਮਾਰਗਨ (1818-1881) - ਅਮਰੀਕੀ ਸਮਾਜ ਸ਼ਾਸ਼ਤਰੀ ਜਿਸਨੇ 1877 ਵਿੱਚ ਪ੍ਰਕਾਸ਼ਿਤ ਆਪਣੀ ਪੁਸਤਕ ਪ੍ਰਾਚੀਨ ਸਮਾਜ (ਏਨੀਸੀਐਂਟ ਸੁਸਾਇਟੀ, ਔਰ ਰਿਸਰਚਜ਼ ਇਨ ਦਾ ਲਾਈਨਜ਼ ਆਫ ਹਿਊਮਨ ਪ੍ਰੋਗਰੈਸ ਫਰਾਮ ਸੇਵੇਜਰੀ ਥਰੂ ਬਾਰਬਰਿਜ਼ਮ ਟੂ ਸਿਵਲਾਈਜੇਸ਼ਨ) ਵਿੱਚ ਵਿਸਤਰਿਤ ਸਮਾਜਕ ਅਧਿਐਨ ਦੇ ਆਧਾਰ ਤੇ ਇਤਿਹਾਸ ਵਿਕਾਸ ਦੀ ਭੌਤਿਕਵਾਦੀ ਧਾਰਨਾ ਦੀ ਪੁਸ਼ਟੀ ਕੀਤੀ ਸੀ। ਏਂਗਲਜ਼ ਨੇ ਆਪਣੀ ਪੁਸਤਕ ਪਰਿਵਾਰ, ਵਿਅਕਤੀਗਤ ਸੰਪਤੀ ਅਤੇ ਰਾਜ ਸੱਤਾ ਦੀ ਉਤਪਤੀ ਲਿਖਣ ਵਿੱਚ ਮੁੱਖ ਤੌਰ ਤੇ ਮਾਰਗਨ ਵੱਲੋਂ ਪ੍ਰਸਤੁਤ ਸਮੱਗਰੀ ਨੂੰ ਆਧਾਰ ਬਣਾਇਆ ਸੀ।*

1. ਦਰਖਤਾਂ ਉੱਪਰ ਰਹਿਣਾ 2. ਭੋਜਨ ਹੁੰਦਾ ਸੀ ਫਲ, ਗਿਰੀਫਲ ਤੇ ਕੰਦਮੂਲ 3. ਸੁਸੰਗਤ ਬੋਲੀ ਦਾ ਵਿਕਾਸ ਇਸ ਕਾਲ ਦੀ ਪ੍ਰਮੁੱਖ ਉਪਲੱਬਧੀ।

2. **ਮੱਧਯ ਅਵਸਥਾ** : 1. ਅੱਗ ਦੀ ਖੋਜ 2. ਮੱਛੀ ਭੋਜਨ ਵੱਜੋਂ ਇਸਤੇਮਾਲ 3. ਸ਼ਿਕਾਰ ਦੇ ਵਾਸਤੇ ਪੱਥਰ ਦੇ ਔਜ਼ਾਰਾਂ ਦੀ ਕਾਢ 4. ਮਨੁੱਖੀ ਮਾਸ ਖਾਣਾ ਪ੍ਰਚੱਲਤ ਹੋ ਜਾਂਦਾ ਹੈ।[1]

3. **ਉੱਚਤਰ ਅਵਸਥਾ** : 1. ਕਮਾਣ ਅਤੇ ਤੀਰ, ਕੁਲਹਾੜੀ ਨਹੀਂ 2. ਪੇਂਡੂ ਬਸਤੀਆਂ 3. ਘਰ ਬਣਾਉਣ ਵਿੱਚ ਇਮਾਰਤੀ ਲੱਕੜੀ ਦੀ ਵਰਤੋਂ 4. ਕੱਪੜੇ ਬੁਣੇ ਜਾਣ ਲੱਗੇ।

ਅਸੱਭਯਤਾ ਦੀ ਅਵਸਥਾ ਵਿੱਚ ਕਮਾਣ ਅਤੇ ਤੀਰ ਵੈਸੇ ਹੀ ਸਨ ਜਿਹੋ ਜਿਹੇ ਬਰਬਰਤਾ ਦੀ ਅਵਸਥਾ ਵਿੱਚ ਲੋਹੇ ਦੀ ਤਲਵਾਰ ਅਤੇ ਸੱਭਯਤਾ ਦੀ ਅਵਸਥਾ ਵਿੱਚ ਅਗਨਸ਼ਾਸ਼ਤਰ ਯਾਨੀ ਪ੍ਰਭੂਤਵ ਦੇ ਹਥਿਆਰ।

ਪੰਨਾ 8 (5)

**2. ਬਰਬਰਤਾ :**

1. **ਨਿਮਨਤਰ ਅਵਸਥਾ** :- 1. ਘੁਮਿਆਰ ਕਿੱਤੇ ਦਾ ਆਰੰਭ, ਪਹਿਲਾਂ ਲੱਕੜੀ ਦੇ ਬਰਤਨਾਂ ਉੱਤੇ ਮਿੱਟੀ ਦੀਆਂ ਤਹਿਾਂ ਚੜ੍ਹਾਈਆਂ ਜਾਂਦੀਆਂ ਸਨ, ਲੇਕਿਨ ਬਾਦ ਵਿੱਚ ਮਿੱਟੀ ਦੇ ਬਰਤਨਾਂ ਦੀ ਖੋਜ਼ ਕਰ ਲਈ ਗਈ।

2. ਮਾਨਵ ਜਾਤੀਆਂ ਦੋ ਸਪਸ਼ਟ ਵਰਗਾਂ ਵਿੱਚ ਤਕਸੀਮ :

(i) ਪੂਰਬੀ, ਜੋ ਜਾਨਵਰ ਪਾਲਦੀਆਂ ਸਨ ਅਤੇ ਅਨਾਜ ਪੈਦਾ ਕਰਦੀਆਂ ਸਨ।

(ii) ਪੱਛਮੀ, ਜਿਹਨਾਂ ਦੇ ਕੋਲੋ ਸਿਰਫ਼ 'ਮੱਕਾ' ਸੀ ਮੱਕੀ ਦੀ ਫ਼ਸਲ

**2. ਮੱਧ ਅਵਸਥਾ :**

(ੳ) ਪੱਛਮੀ ਗੋਲਾਰਧ : ਅਰਥਾਤ ਅਮਰੀਕਾ ਵਿੱਚ ਉਹ ਅੰਨ ਵਾਲੀਆਂ ਫ਼ਸਲਾਂ ਉਗਾਉਂਦੇ ਸਨ, (ਖੇਤੀ ਅਤੇ ਸਿੰਜਾਈ) ਅਤੇ ਘਰ ਬਣਾਉਣ ਲਈ ਇੱਟਾਂ ਪਕਾਉਂਦੇ ਸਨ।

(ਅ) ਪੂਰਬੀ ਉਹ ਦੁੱਧ ਤੇ ਮਾਸ ਦੇ ਵਾਸਤੇ ਪਸ਼ੂ ਪਾਲਣ ਕਰਦੀਆਂ ਸਨ। ਇਸ ਅਵਸਥਾ ਵਿੱਚ ਕੋਈ ਖੇਤੀ ਨਹੀਂ।

**3. ਉੱਚਤਰ ਅਵਸਥਾ :**

(i) ਕੱਚੇ ਲੋਹੇ ਨੂੰ ਗਾਲਣਾ।

(ii) ਦਸਤਾਵੇਜ਼ ਲਿਖਣ ਦੇ ਵਾਸਤੇ ਅੱਖਰ ਲਿਪੀ ਦਾ ਵਿਕਾਸ ਅਤੇ ਇਸਦੀ ਵਰਤੋਂ। ਇਸ ਅਵਸਥਾ ਵਿੱਚ ਅਨੇਕ ਕਾਢਾਂ ਕੱਢੀਆਂ ਗਈਆਂ। ਯੂਨਾਨੀ ਨਾਇਕਾਂ ਦਾ ਇਹੋ ਹੀ ਯੁੱਗ ਹੈ।

(iii) ਵੱਡੇ ਪੈਮਾਨੇ ਉੱਪਰ ਮੱਕੀ ਦੀ ਖੇਤੀ ਕਰਨ ਲਈ ਪਸ਼ੂਆਂ ਵਾਲੇ ਲੋਹੇ ਦੇ ਹਲ ਖਿੱਚੇ ਜਾਂਦੇ ਹਨ।

(iv) ਜੰਗਲਾਂ ਦੀ ਕਟਾਈ ਅਤੇ ਲੋਹੇ ਦੀਆਂ ਕੁਹਾੜੀਆਂ ਤੇ ਲੋਹੇ ਦੀਆਂ ਕੁਦਾਲਾਂ ਦੀ ਵਰਤੋਂ ਹੋਣ ਲੱਗੀ।

*1. ਇੱਥੇ ਭਗਤ ਸਿੰਘ ਨੇ ਹਾਸ਼ੀਏ ਵਿੱਚ ਲਿਖਿਆ ਹੈ : ਬੇਨਿਸਨ=ਸ਼ਿਕਾਰ ਤੋਂ ਪ੍ਰਾਪਤ ਪਸ਼ੂ-ਮਾਸ।*

(v) ਮਹਾਨ ਉਪਲੱਬਧੀਆਂ : (i) ਲੋਹੇ ਦੇ ਉੱਨਤ ਔਜ਼ਾਰ (ii) ਪਾਥੀਆਂ (iii) ਜਾਤਾਂ (iv) ਘੁਮਿਆਰ ਦਾ ਚੱਕ (v) ਤੇਲ ਅਤੇ ਸ਼ਰਾਬ ਕੱਢਣਾ (vi) ਧਾਤਾਂ ਦੀ ਢਲਾਈ (vii) ਗੱਡੀ ਤੇ ਰੱਥ (viii) ਜਹਾਜ਼ ਨਿਰਮਾਣ ***{ ਪੰਨਾ 9 (6) }***

(ix) ਕਲਾਤਮਕਾ ਵਸਤੂ ਸ਼ਿਲਪਕਾਰੀ (x) ਸ਼ਹਿਰ ਤੇ ਕਿਲਿਆਂ ਦਾ ਨਿਰਮਾਣ (xi) ਹੋਮਰ ਯੁੱਗ ਅਤੇ ਸੰਪੂਰਣ ਮਿਥਕ ਸ਼ਾਸ਼ਤਰ

ਇਹਨਾਂ ਉਪਲੱਬਧੀਆਂ ਦੇ ਨਾਲ ਹੀ, ਯੂਨਾਨੀ ਤੀਜੀ ਅਵਸਥਾ – "**ਸੱਭਿਅਤਾ**" ਵਿੱਚ ਪ੍ਰਵੇਸ਼ ਕਰ ਜਾਂਦੇ ਹਨ।

ਸੰਖੇਪ ਵਿੱਚ :

1. *ਅਸੱਭਿਅਤਾ* :– ਮੁੱਖ ਤੌਰ ਤੇ ਤਿਆਰ ਸ਼ੁਦਾ ਪ੍ਰਾਕ੍ਰਿਤਕ ਉਤਪਾਦਾਂ ਦੇ ਬਟੋਰਨ (ਅਦਾਨ–ਪ੍ਰਦਾਨ) ਦਾ ਯੁੱਗ, ਮਾਨਵੀ ਬੁੱਧੀ ਕੁਸ਼ਲਤਾ ਮੁੱਖ ਤੌਰ ਤੇ ਇਸ ਅਦਾਨ–ਪ੍ਰਦਾਨ ਵਿੱਚ ਸਹਾਇਕ ਸਿੱਧ ਹੋਣ ਵਾਲੇ ਉਪਯੋਗੀ ਔਜ਼ਾਰਾਂ ਦੀ ਕਾਢ ਕੱਢਦੀ ਹੈ।

2. *ਬਰਬਰਤਾ* :– ਪਸ਼ੂ ਪਾਲਣ, ਖੇਤੀ ਤੇ ਮਨੁੱਖ ਰਾਹੀਂ ਪ੍ਰਕ੍ਰਿਤੀ ਦੀ ਉਤਪਾਦਕਤਾ ਵਧਾਉਣ ਦੇ ਨਵੇਂ ਨਵੇਂ ਤਰੀਕਿਆਂ ਦੇ ਹਾਸਿਲ ਕਰਨ ਦਾ ਯੁੱਗ।

3. *ਸੱਭਿਅਤਾ* :– ਪ੍ਰਾਕ੍ਰਿਤਕ ਉਤਪਾਦਾਂ ਦਾ ਵਿਆਪਕ ਉਪਯੋਗ ਸਿੱਖਣ ਦਾ, ਮੈਨੂਫੈਕਚਰਿੰਗ (ਨਿਰਮਾਣ) ਦਾ ਅਤੇ ਕਲਾ ਦਾ ਯੁੱਗ।

-------o-------

ਇਸ ਤਰ੍ਹਾਂ ਸਾਨੂੰ ਮਨੁੱਖੀ ਵਿਕਾਸ ਦੀਆਂ ਤਿੰਨ ਮੁੱਖ ਅਵਸਥਾਵਾਂ ਨਾਲ ਆਮ ਤੌਰ ਤੇ ਮੇਲ ਖਾਂਦੇ ਹੋਏ ਟੱਬਰ ਦੇ ਤਿੰਨ ਮੁੱਖ ਰੂਪ ਮਿਲਦੇ ਹਨ।

1. ਅਸੱਭਿਅਤਾ ਦੇ ਯੁੱਗ ਵਿੱਚ : "ਯੂਥ ਵਿਆਹ"

2. ਬਰਬਰਬਰਤਾ ਦੇ ਯੁੱਗ ਵਿੱਚ : ਯੁਗਮ ਪਰਿਵਾਰ

3. ਸੱਭਿਅਤਾ ਦੇ ਯੁੱਗ ਵਿੱਚ : ਇਕਨਿਸ਼ਠ ਵਿਆਹ ਦੇ ਨਾਲ ਨਾਲ ਵਿਭਚਾਰ ਅਤੇ ਵੇਸ਼ਵਾਵ੍ਰਿਤੀ। ਯੁਗਮ ਪਰਿਵਾਰ ਅਤੇ ਇਕਨਿਸ਼ਠ ਵਿਆਹ ਦੇ ਦਰਮਿਆਨ, ਬਰਬਰਤਾ ਦੀ ਉੱਚਤਮ ਅਵਸਥਾ ਵਿੱਚ, ਦਾਸੀਆਂ ਦੇ ਉੱਪਰ ਪੁਰਸ਼ਾਂ ਦੇ ਸ਼ਾਸ਼ਕ ਅਤੇ ਬਹੁਪਤਨੀ ਵਿਆਹ ਦੇ ਪ੍ਰਵੇਸ਼। *(ਪੰ 90)*

ਪੰਨਾ 10 (7)

**ਵਿਆਹ ਦੇ ਦੋਸ਼ :**

ਖਾਸ ਤੌਰ ਤੇ ਇੱਕ ਦੀਰਘਕਾਲੀ ਲਗਾਵ, ਦਸ ਮਾਮਲਿਆਂ ਵਿੱਚੋਂ ਨੌਂ ਵਿੱਚ, ਵਿਭਚਾਰ ਦਾ ਇੱਕ ਪੱਕਾ ਟਰੇਨਿੰਗ (ਸਿਖਲਾਈ) ਸਕੂਲ ਹੁੰਦਾ ਹੈ। *(ਪੰ: 91)*

-------o-------

**ਸਮਾਜਵਾਦੀ ਇਨਕਲਾਬ ਅਤੇ ਵਿਆਹ ਸੰਸਥਾ**

ਹੁਣ ਅਸੀਂ ਇੱਕ ਅਜਿਹੇ ਸਮਾਜਕ ਇਨਕਲਾਬ (ਤਬਦੀਲੀ) ਵੱਲੀਂ ਵਧ ਰਹੇ ਹਾਂ ਜਿਸਦੇ ਪਰਿਣਾਮਸਰੂਪ ਇੱਕ ਨਿਸ਼ਠ ਵਿਆਹ ਦਾ ਵਰਤਮਾਨ ਆਰਥਿਕ ਆਧਾਰ ਉਨੇ ਹੀ ਨਿਸ਼ਚਤ ਰੂਪ ਵਿੱਚ ਮਿਟ ਜਾਏਗਾ, ਜਿੰਨੇ ਨਿਸ਼ਚਤ ਰੂਪ ਵਿੱਚ ਇਕਨਿਸ਼ਠ ਵਿਆਹ ਦੇ ਅਨੁਪੂਰਕ ਦਾ, ਵੇਸ਼ਵਾਬ੍ਰਿਤੀ ਦਾ ਆਰਥਕ ਆਧਾਰ ਮਿਟ ਜਾਏਗਾ। ਇਕਨਿਸ਼ਠ ਵਿਆਹ ਦਾ ਰਿਵਾਜ ਇੱਕ ਵਿਅਕਤੀ ਦੇ – ਉਹ ਵੀ ਇੱਕ ਮਰਦ ਦੇ – ਹੱਥਾਂ ਵਿੱਚ ਬਹੁਤ ਸਾਰਾ ਧਨ ਇਕੱਤਰ ਹੋਣ ਦੇ ਕਾਰਣ ਅਤੇ ਇਸ ਇੱਛਾ ਦੇ ਫਲਸਰੂਪ ਉਤਪੰਨ ਹੋਇਆ ਸੀ ਕਿ ਉਹ ਧਨ ਕਿਸੇ ਦੂਜੇ ਦੀ ਸੰਤਾਨ ਦੇ ਲਈ ਨਹੀਂ, ਸਿਰਫ਼ ਆਪਣੀ ਸੰਤਾਨ ਦੇ ਵਾਸਤੇ ਛੱਡ ਜਾਵੇ। ਇਸ ਉਦੇਸ਼ ਦੇ ਵਾਸਤੇ ਔਰਤ ਦੀ ਇਕਨਿਸ਼ਠਾ ਅਵੱਸ਼ਕ ਸੀ, ਮਰਦ ਦੀ ਨਹੀਂ। ਇਸ ਲਈ ਨਾਰੀ ਦੀ ਇਕਨਿਸ਼ਠਾ ਨਾਲ ਮਰਦ ਦੇ ਖੁੱਲੇ ਜਾਂ ਛੁਪੇ ਹੋਏ ਬਹੁਪਤਨੀਤਵ ਵਿੱਚ ਕੋਈ ਰੋਕ ਨਹੀਂ ਪੈਂਦੀ ਸੀ।

ਪਰੰਤੂ ਆਉਣ ਵਾਲਾ ਸਮਾਜਕ ਇਨਕਲਾਬ ਸਥਾਈ ਜੱਦੀ ਧਨ-ਸੰਪਤੀ ਦੇ ਅਧਿਕਤਰ ਹਿੱਸੇ ਨੂੰ – ਯਾਨੀ ਉਤਪਾਦਨ ਦੇ ਸਾਧਨਾਂ ਨੂੰ – ਸਮਾਜਕ ਸੰਪਤੀ ਬਣਾ ਦੇਏਗਾ ਅਤੇ ਅਜਿਹਾ ਕਰਕੇ ਸੰਪਤੀ ਦੀ ਵਿਰਾਸਤ ਸੰਬੰਧੀ ਇਸ ਸਾਰੀ ਚਿੰਤਾ ਨੂੰ ਘੱਟ ਤੋਂ ਘੱਟ ਬਣਾ ਦੇਵੇਗਾ। ਪਰੰਤੂ ਇਕਨਿਸ਼ਠ ਵਿਆਹ ਕਿਉਂਕਿ ਆਰਥਕ ਕਾਰਣਾਂ ਤੋਂ ਉਤਪੰਨ ਹੋਇਆ ਸੀ, ਕੀ ਇਹਨਾਂ ਕਾਰਣਾਂ ਦੇ ਮਿਟ ਜਾਣ ਨਾਲ ਉਹ ਵੀ ਮਿਟ ਜਾਏਗਾ ?

*(ਪੰ: 91)*[1]

-------o-------

ਪੰਨਾ 11 (8)

"ਭਰ ਦੇਵੋ ਪਿਆਲਾ ਹੇ ਪਿਆਰੇ ਮੇਰੇ, ਜੋ ਦੂਰ ਕਰੇ,
ਅੱਜ ਬੀਤਦੇ ਦੁੱਖ ਅਤੇ ਅੱਗੇ ਦੇ ਭੈਅ ਨੂੰ –
ਕੱਲ੍ਹ ? – ਕਿਉਂ, ਕੱਲ੍ਹ ਹੋ ਸਕਦੈ ਮੈਂ ਹੋ ਜਾਵਾਂ
ਸੱਤ ਹਜ਼ਾਰ ਵਰ੍ਹਿਆਂ ਦੇ ਕੱਲ੍ਹ ਦਾ ਅਤੀਤ।
.... .... ....
ਏਥੇ ਘਣੀਆਂ ਝਾੜੀਆਂ ਦੇ ਹੇਠਾਂ, ਕੋਲੇ ਰੋਟੀ,
ਮਦਿਰਾ ਦੀ ਸੁਰਾਹੀ, ਸ਼ਾਇਰੀ ਦੀ ਕਿਤਾਬ – ਅਤੇ ਤੂੰ
ਗਾ ਰਹੀ ਬਗਲ ਵਿੱਚ ਮੇਰੇ ਇਸ ਨਿਰਜਨ ਉਜਾੜ ਵਿੱਚ!
ਹੁਣ ਤਾਂ ਸਵਰਗ ਬਣਿਆ ਇਹ ਨਿਰਜਨ ਉਜਾੜ ਹੀ।

*"ਓਮਰ ਖ਼ੱਯਾਮ"*

**ਰਾਜ :** ਰਾਜ ਦੀ ਪੂਰਵਮਾਨਤਾ ਹੈ ਬਲ ਪ੍ਰਯੋਗ ਦੀ ਇੱਕ ਸਰਵਜਨਕ ਸੱਤਾ, ਜੋ ਆਪਣੇ ਮੈਂਬਰਾਂ ਦੇ ਸੰਪੂਰਣ ਸੰਗਠਨ ਤੋਂ ਅਲੱਗ–ਥਲੱਗ ਹੋ ਚੁੱਕੀ ਹੈ।

– *(ਏਂਗਲਜ਼) (ਪੰ: 116)*[2]

-------o-------

*1. ਪਰਿਵਾਰ, ਵਿਅਕਤੀਗਤ ਸੰਪਤੀ ਅਤੇ ਰਾਜਸੱਤਾ ਦੀ ਉਤਪਤੀ – ਏਂਗਲਜ਼*

*2. ਉਹੀ*

**ਰਾਜ ਦੀ ਉਤਪਤੀ :**

...ਪੁਰਾਣੇ ਜ਼ਮਾਨੇ ਵਿੱਚ ਕਬੀਲਿਆਂ ਦਰਮਿਆਨ ਹੋਣ ਵਾਲੇ ਯੁੱਧਾਂ ਰਾਹੀਂ ਭ੍ਰਿਸ਼ਟ ਹੁੰਦੇ ਹੋਏ ਨਵਾਂ ਰੂਪ ਧਾਰਣ ਰੋਟੀ ਰੋਜ਼ੀ ਦੇ ਸਾਧਨਾਂ ਦੇ ਰੂਪ ਵਿੱਚ ਪਸ਼ੂ, ਦਾਸ ਅਤੇ ਧਨ-ਦੌਲਤ ਲੁੱਟਣ ਦੇ ਲਈ ਜ਼ਮੀਨ ਅਤੇ ਪਾਣੀ ਦੇ ਰਸਤਿਆਂ ਤੋਂ ਬਾਕਾਇਦਾ ਹਮਲੇ, ਸੰਖੇਪ ਵਿੱਚ, ਧਨ-ਦੌਲਤ ਨੂੰ ਦੁਨੀਆ ਵਿੱਚ ਸਭ ਤੋਂ ਵੱਡੀ ਚੀਜ਼ ਸਮਝਿਆ ਜਾਣ ਲੱਗਿਆ, ਉਸਨੂੰ ਸਤਿਕਾਰ ਅਤੇ ਪ੍ਰਸ਼ੰਸਾ ਦੀ ਨਜ਼ਰ ਨਾਲ ਵੇਖਿਆ ਜਾਣ ਲੱਗਿਆ ਅਤੇ ਪੁਰਾਣੇ ਗੋਤਰ ਸਮਾਜ ਦੀਆਂ ਸੰਸਥਾਵਾਂ ਅਤੇ ਪ੍ਰਥਾਵਾਂ ਨੂੰ ਭ੍ਰਿਸ਼ਟ ਕੀਤਾ ਜਾਣ ਲੱਗਿਆ ਤਾਂ ਕਿ ਧਨ-ਦੌਲਤ ਨੂੰ ਜ਼ਬਰਦਸਤੀ ਲੁੱਟਣਾ ਜਾਇਜ਼ ਠਹਿਰਾਇਆ ਜਾ ਸਕੇ। ਹੁਣ ਸਿਰਫ਼ ਇੱਕ ਚੀਜ਼ ਦਰਕਾਰ ਸੀ, ਅਜਿਹੀ ਸੰਸਥਾ ਦੀ, ਜੋ ਨਾ ਕੇਵਲ ਅਲੱਗ ਅਲੱਗ ਵਿਅਕਤੀਆਂ ਨੂੰ ਨਵੀਂ ਹਾਸਿਲ ਕੀਤੀ ਹੋਈ ਸੰਪਤੀ ਨੂੰ ਗੋਤਰ - ਵਿਵਸਥਾ ਦੀਆਂ ਪੁਰਾਣੀਆਂ ਸਮੁਦਾਇਕ ਪਰੰਪਰਾਵਾਂ ਤੋਂ ਬਚਾ ਸਕੇ ਜੋ ਨਿੱਜੀ ਮਲਕੀਅਤ ਨੂੰ ਜਿਸਦੀ ਪਹਿਲਾਂ ਵੱਧ ਪ੍ਰਤਿਸ਼ਠਾ ਨਹੀਂ ਸੀ, ਨਾ ਸਿਰਫ਼ ਪਵਿੱਤਰ ਕਰਾਰ ਦੇਵੇ ਅਤੇ ਇਸ ਪਵਿੱਤਰਤਾ ਨੂੰ ਮਾਨਵ ਸਮਾਜ ਦਾ ਅੰਤਿਮ ਉਦੇਸ਼ ਵੀ ਐਲਾਨ ਕਰ ਦੇਵੇ, ਬਲਕਿ ਜੋ ਸੰਪਤੀ ਪ੍ਰਾਪਤ ਕਰਨ, ਅਤੇ ਇਸ ਲਈ ਧਨ ਦੌਲਤ ਨੂੰ ਨਿਰੰਤਰ ਵਧਾਉਂਦੇ ਰਹਿਣ ਦੇ ਨਵੀਨ ਅਤੇ ਵਿਕਸਤ ਹੁੰਦੇ ਹੋਏ ਢੰਗਾਂ ਉੱਪਰ ਸਰਵਜਨਿਕ ਮਾਨਤਾ ਦੀ ਮੋਹਰ ਵੀ ਲਗਾ ਦੇਵੇ, ਅਜਿਹੀ ਸੰਸਥਾ ਦੀ ਜੋ ਨਾ ਸਿਰਫ਼ ਸਮਾਜ ਦੇ ਨਵਜਾਤ ਵਰਗ ਵਿਭਾਜਨ ਨੂੰ, ਬਲਕਿ ਧਨਵਾਨ ਵਰਗ ਰਾਹੀਂ ਨਿਰਧਨ ਵਰਗ ਦੇ ਸ਼ੋਸ਼ਣ ਕੀਤੇ ਜਾਣ ਦੇ ਅਧਿਕਾਰ ਨੂੰ ਅਤੇ ਨਿਰਧਨ ਵਰਗ ਉੱਪਰ ਧਨਵਾਨ ਵਰਗ ਦੇ ਸ਼ਾਸ਼ਨ ਨੂੰ ਵੀ ਸਥਾਈ ਬਣਾ ਦੇਵੇ।

ਅਤੇ ਇਹ ਸੰਸਥਾ ਵੀ ਆ ਪਹੁੰਚੀ। ਰਾਜ ਦਾ ਆਵਿਸ਼ਕਾਰ ਹੋਇਆ।

*(ਪੰ.129-130)*[1]

-------o-------

ਇੱਕ ਅੱਛੀ ਸਰਕਾਰ ਦੀ ਪਰਿਭਾਸ਼ਾ : "ਅੱਛੀ ਸਰਕਾਰ ਸਵੈ ਸ਼ਾਸ਼ਨ ਦਾ ਵਿਕਲਪ ਕਦੇ ਨਹੀਂ ਹੋ ਸਕਦੀ।"

*"ਹੈਨਰੀ ਕੈਂਪਬੈਲ ਬੈਨਰਮੈਨ"* [2]

-------o-------

"ਸਾਨੂੰ ਯਕੀਨ ਹੈ ਕਿ ਸਰਕਾਰ ਦਾ ਸਿਰਫ਼ ਇੱਕ ਹੀ ਰੂਪ ਹੈ, ਚਾਹੇ ਇਸਨੂੰ ਜਿਸ ਨਾਮ ਨਾਲ ਵੀ ਪੁਕਾਰਿਆ ਜਾਵੇ, ਜਿਸ ਵਿੱਚ ਅੰਤਿਮ ਨਿਯੰਤਰਣ ਜਨਤਾ ਦੇ ਹੱਥਾਂ ਵਿੱਚ ਹੁੰਦਾ ਹੈ।

*"ਅਰਲ ਆਫ਼ ਬਾਲਫੋਰ"* [3]

-------o-------

1. *ਪਰਿਵਾਰ, ਵਿਅਕਤੀਗਤ ਸੰਪਤੀ ਅਤੇ ਰਾਜਸੱਤਾ ਦੀ ਉਤਪਤੀ ਏਂਗਲਜ਼*
2. *ਅਗਿਆਤ*
3. *ਸੰਭਾਵਤ, ਆਰਥਰ ਜੇਮਜ਼, ਪਹਿਲਾ ਅਰਲ ਆਫ ਬਾਲਫੋਰ (1848-1930) ਬ੍ਰਿਟਿਸ਼ ਰਾਜਨਾਇਕ ਅਤੇ ਪ੍ਰਧਾਨ ਮੰਤਰੀ (1902-1905)*

**ਧਰਮ** : "ਧਰਮ ਦੇ ਪ੍ਰਤੀ ਮੇਰਾ ਆਪਣਾ ਦ੍ਰਿਸ਼ਟੀਕੋਣ ਉਹ ਹੀ ਹੈ ਜੋ ਲਿਊਕਰੇਤੀਅਸ ਦਾ ਹੈ। ਮੈਂ ਇਸਨੂੰ ਭੈਅ ਤੋਂ ਪੈਦਾ ਹੋਈ ਇੱਕ ਬਿਮਾਰੀ ਦੇ ਰੂਪ ਵਿੱਚ ਅਤੇ ਮਾਨਵ ਜਾਤੀ ਦੇ ਵਾਸਤੇ ਇੱਕ ਅਤਿਕਥਨਯੋਗ ਦੁੱਖ ਦੇ ਰੂਪ ਵਿੱਚ ਮੰਨਦਾ ਹਾਂ। ਲੇਕਿਨ, ਮੈਂ ਇਸਤੋਂ ਇਨਕਾਰ ਨਹੀਂ ਕਰ ਸਕਦਾ ਕਿ ਇਸਨੇ ਸੱਭਿਅਤਾ ਵਿੱਚ ਕੁੱਝ ਯੋਗਦਾਨ ਵੀ ਕੀਤਾ ਹੈ। ਇਸਨੇ ਆਰੰਭਿਕ ਕਾਲ ਵਿੱਚ ਪੰਚਾਂਗ-ਨਿਰਧਾਰਣ ਵਿੱਚ ਮੱਦਦ ਕੀਤੀ, ਅਤੇ ਇਸਦੇ ਚੱਲਦਿਆਂ ਮਿਸਰ ਦੇ ਪਰੋਹਿਤਾਂ ਨੇ ਗ੍ਰਹਿਣਾਂ ਦਾ ਲੇਖਾ ਜੋਖਾ ਐਨੀ ਸਾਵਧਾਨੀ ਦੇ ਨਾਲ ਰੱਖਿਆ ਕਿ ਬਾਦ ਵਿੱਚ ਉਹ ਇਹਨਾਂ ਸੰਬੰਧੀ ਭਵਿੱਖਬਾਣੀ ਕਰ ਸਕਣ ਵਿੱਚ ਸਮਰੱਥ ਬਣ ਗਏ। ਇਹਨਾਂ ਦੋ ਸੇਵਾਵਾਂ ਨੂੰ ਤਾਂ ਮੈਂ ਮੰਨਣ ਦੇ ਲਈ ਤਿਆਰ ਹਾਂ, ਪਰੰਤੂ ਹੋਰ ਕਿਸੇ ਦੇ ਬਾਰੇ ਮੈਂ ਨਹੀਂ ਜਾਣਦਾ।

*- ਬਰਟਰੇਂਡ ਰੱਸਲ*[1]

ਪੰਨਾ 13 (10)

**ਪਰਉਪਕਾਰੀ ਨਿਰੰਕੁਸ਼ਤਾ** : ਮਾਂਟੇਗੂ - ਚੇਮਸਫੋਰਡ[2] ਨੇ ਬਰਤਾਨਵੀ ਸਰਕਾਰ ਨੂੰ ਇੱਕ "ਪਰਉਪਕਾਰੀ ਨਿਰੰਕੁਸ਼ਤਾ" ਆਖਿਆ ਹੈ ਅਤੇ ਬਰਤਾਨਵੀ ਲੇਬਰ ਪਾਰਟੀ ਦੇ ਸਾਮਰਾਜਵਾਦੀ ਨੇਤਾ ਰੈਮਜੇ ਮੈਨਡੋਨਾਡਲ[3] ਦੇ ਅਨੁਸਾਰ "ਇੱਕ 'ਪਰਉਪਕਾਰੀ ਨਿਰੰਕੁਸ਼ਤਾ' ਦੁਆਰਾ ਕਿਸੇ ਦੇਸ਼ ਉੱਪਰ ਸ਼ਾਸ਼ਨ ਕਰਨ ਦੇ ਸਾਰੇ ਯਤਨਾਂ ਵਿੱਚ ਜਨਤਾ ਨੂੰ ਕੁਚਲ ਦਿੱਤਾ ਜਾਂਦਾ ਹੈ। ਉਹ ਵਿਵਹਾਰਸ਼ੀਲ ਨਾਗਰਿਕ ਨਹੀਂ, ਆਗਿਆਕਾਰੀ ਪਰਜਾ ਬਣ ਜਾਂਦੇ ਹਨ। ਉਹਨਾਂ ਦਾ ਸਾਹਿਤ, ਉਹਨਾਂ ਦੀ ਕਲਾ, ਉਹਨਾਂ ਦੀ ਆਤਮਕ ਅਭਿਵਿਕਤੀ ਮਰ ਜਾਂਦੀ ਹੈ।"

-------o-------

**ਭਾਰਤ ਸਰਕਾਰ :** ਭਾਰਤ ਦੇ ਪ੍ਰਭਾਰੀ ਵਿਦੇਸ਼ ਮੰਤਰੀ ਆਨਰੇਬਲ ਐਸ. ਮਾਂਟੇਗੂ ਨੇ ਹਾਊਸ ਆਫ਼ ਕਾਮਨਜ਼ ਵਿੱਚ 1917 ਵਿੱਚ ਆਖਿਆ, "ਭਾਰਤ ਸਰਕਾਰ, ਆਧੁਨਿਕ ਉਦੇਸ਼ਾਂ ਦੇ ਲਈ ਕਿਸੇ ਵੀ ਕੰਮ ਲਾਇਕ ਹੋਣ ਦੇ ਨਜ਼ਰੀਏ ਤੋਂ ਬੇਹੱਦ ਜੜ੍ਹ ਬੇਹੱਦ ਨਿਰਮਮ, ਬੇਹੱਦ ਆਦਿਮ ਅਤੇ ਬੇਹੱਦ ਦਕਿਆਨੂਸੀ ਹੈ। ਭਾਰਤ ਸਰਕਾਰ ਅਸਮੱਥ ਹੈ।"

-------o-------

1. *ਮਹਾਨ ਗਣਿਤ ਸ਼ਾਸ਼ਤਰੀ ਅਤੇ ਦਾਰਸ਼ਨਿਕ ਬਰਟਰੇਂਡ ਆਰਥਰ ਵਿਲੀਅਮ ਰੱਸੇਲ (1872-1972)*
2. *ਭਾਰਤ ਵਿੱਚ ਸੰਵਿਧਾਨ ਸੁਧਾਰਾਂ ਦੇ ਸੰਬੰਧ ਵਿੱਚ ਮਾਂਟੇਗੂ ਚੇਮਸਫੋਰਡ ਰਿਪੋਰਟ (1918) ਜਿਸਦੇ ਆਧਾਰ ਤੇ ਭਾਰਤ ਸਰਕਾਰ ਅਧਿਨਿਯਮ, 1919 ਦੇ ਅਧੀਨ ਦੂਹਰਾ ਸ਼ਾਸ਼ਨ ਲਾਗੂ ਹੋਇਆ। ਐਡਵਿਨ ਸੈਮੂਅਲ ਮਾਂਟੇਗੂ (1877-1924) 1917 ਤੋਂ 1922 ਤੱਕ ਭਾਰਤ ਦੇ ਮਾਮਲਿਆਂ ਦਾ ਪ੍ਰਭਾਰੀ ਬ੍ਰਿਟਿਸ਼ ਵਿਦੇਸ਼ ਮੰਤਰੀ ਅਤੇ ਲਾਰਡ ਚੈਮਸਫੋਰਡ 1916 ਤੋਂ 1920 ਤਕ ਭਾਰਤ ਦਾ ਵਾਇਸਰਾਏ ਰਿਹਾ।*
3. *ਜੇਮਜ ਰੈਮਜ਼ੇ ਮੈਕਡੋਨਾਲਡ (1866-1937) : ਬ੍ਰਿਟਿਸ਼ ਸਿਆਸਤਦਾਨ ਅਤੇ ਬਰਤਾਨਵੀ ਲੇਬਰ ਪਾਰਟੀ ਦਾ ਸੰਸਥਾਪਕ ਮੈਂਬਰ। 1923-24 ਵਿੱਚ ਅਤੇ 1929-35 ਵਿੱਚ ਬਰਤਾਨੀਆ ਦਾ ਪ੍ਰਧਾਨ ਮੰਤਰੀ ਰਿਹਾ।*

**ਭਾਰਤ ਵਿੱਚ ਬ੍ਰਿਟਿਸ਼ ਸ਼ਾਸ਼ਨ :**

ਡਾ. ਰਥਫੋਰਡ[1] ਦੇ ਸ਼ਬਦ : "ਭਾਰਤ ਵਿੱਚ ਬਰਤਾਨਵੀ ਸ਼ਾਸ਼ਨ ਜਿਵੇਂ ਚਲਾਇਆ ਜਾ ਰਿਹਾ ਹੈ ਉਹ ਦੁਨੀਆ ਵਿੱਚ ਸਰਕਾਰ ਦੀ ਸਭ ਤੋਂ ਗੰਵਾਰੂ ਅਤੇ ਸਭ ਤੋਂ ਅਨੈਤਿਕ ਪ੍ਰਣਾਲੀ ਹੈ – ਇੱਕ ਰਾਸ਼ਟਰ ਵੱਲੋਂ ਦੂਜੇ ਰਾਸ਼ਟਰ ਦਾ ਸੋਸ਼ਣ – ਹੈ।"

-------o-------

**ਆਜ਼ਾਦੀ ਅਤੇ ਅੰਗਰੇਜ਼ ਲੋਕ**

"ਅੰਗਰੇਜ਼ ਲੋਕ ਆਜ਼ਾਦੀ ਨੂੰ ਖ਼ੁਦ ਆਪਣੀ ਖਾਤਿਰ ਹੀ ਪਿਆਰ ਕਰਦੇ ਹਨ। ਉਹ ਅਨਿਆ ਦੀਆਂ ਸਾਰੀਆਂ ਕਾਰਵਾਈਆਂ ਨੂੰ ਘ੍ਰਿਣਾ ਕਰਦੇ ਹਨ ਸਿਵਾਏ ਉਹਨਾਂ ਦੇ ਜੋ ਉਹ ਖ਼ੁਦ ਕਰਦੇ ਹਨ। ਉਹ ਅਜਿਹੇ ਆਜ਼ਾਦੀ-ਪ੍ਰੇਮੀ ਲੋਕ ਹਨ ਕਿ ਕਾਂਗੋ ਵਿੱਚ ਦਖਲ ਅੰਦਾਜ਼ੀ ਕਰਦੇ ਹਨ ਅਤੇ ਬੈਲਜ਼ੀਅਨਾਂ ਵਿੱਚ 'ਸ਼ਰਮ ਸ਼ਰਮ' ਚੀਖਦੇ ਹਨ। ਲੇਕਿਨ ਉਹ ਭੁੱਲ ਜਾਂਦੇ ਹਨ ਕਿ ਉਹਨਾਂ ਦੀਆਂ ਅੱਡੀਆਂ ਭਾਰਤ ਦੀ ਸੰਘੀ ਉੱਪਰ ਹਨ।"

*– ਇੱਕ ਆਇਰਿਸ਼ ਲੇਖਕ*[2]

ਪੰਨਾ 14 (11)

**ਭੀੜ੍ਹ ਦਾ ਬਦਲਾ**

...."ਹੁਣ ਆਓ ਅਸੀਂ ਵੇਖੀਏ ਕਿ ਕਿਵੇਂ ਲੋਕ ਇਸ ਢੰਗ ਨਾਲ ਸਜ਼ਾ ਦੇਣ ਦੇ ਵਿਚਾਰ ਦੇ ਕਾਇਲ ਹੋਏ।

"ਉਹ ਇਸਨੂੰ ਉਹਨਾਂ ਸਰਕਾਰਾਂ ਤੋਂ ਸਿਖਦੇ ਹਨ ਜਿਹਨਾਂ ਦੇ ਅੰਤਰਗਤ ਉਹ ਜਿਉਂ ਰਹੇ ਹੁੰਦੇ ਹਨ ਅਤੇ ਬਦਲੇ ਵਿੱਚ ਉਹੀ ਸਜ਼ਾ ਦਿੰਦੇ ਹਨ ਜਿਸਨੂੰ ਭੋਗਣ ਦੇ ਉਹ ਆਦੀ ਹੋ ਚੁੱਕੇ ਹੁੰਦੇ ਹਨ। ਸੂਲੀ ਉਪਰ ਟੰਗੇ ਸਿਰ, ਜੋ ਵਰ੍ਹਿਆਂ ਤੱਕ ਟੈਂਪਲ ਬਾਰ ਦੇ ਉੱਪਰ ਲੱਗੇ ਰਹੇ, ਪੈਰਿਸ ਵਿੱਚ ਸੂਲੀ ਉੱਤੇ ਟੰਗੇ ਜਾਣ ਵਾਲੇ ਸਿਰਾਂ ਦੇ ਦ੍ਰਿਸ਼ ਦੀ ਆਤੰਕਤਾ ਤੋਂ ਭੋਰਾ ਵੀ ਭਿੰਨ ਨਹੀਂ ਸੀ, ਫਿਰ ਵੀ ਅੰਗਰੇਜ਼ ਸਰਕਾਰ ਨੇ ਇਹੋ ਹੀ ਕੀਤਾ। ਸ਼ਾਇਦ ਕਿਹਾ ਜਾਂ ਸਕਦਾ ਹੈ ਕਿ ਇਸ ਨਾਲ ਆਦਮੀ ਨੂੰ ਕੋਈ ਖਾਸ ਫ਼ਰਕ ਨਹੀਂ ਪੈਂਦਾ ਕਿ ਮਰਨ ਤੋਂ ਬਾਦ ਉਸਦੇ ਨਾਲ ਕੀ ਕੀਤਾ ਜਾਂਦਾ ਹੈ, ਲੇਕਿਨ ਜਿਉਂਦਿਆਂ ਨੂੰ ਇਸ ਨਾਲ ਕਾਫੀ ਫ਼ਰਕ ਪੈਂਦਾ ਹੈ, ਇਸ ਨਾਲ ਜਾਂ ਤਾਂ ਉਹਨਾਂ ਦੀਆਂ ਭਾਵਨਾਵਾਂ ਮੁਰਦਾ ਹੋ ਜਾਂਦੀਆਂ ਹਨ ਜਾਂ ਉਹਨਾਂ ਦੇ ਦਿਲ ਪੱਥਰ ਬਣ ਜਾਂਦੇ ਹਨ ਅਤੇ ਦੋਵੇਂ ਹੀ ਸੂਰਤਾਂ ਵਿੱਚ, ਇਹ ਉਹਨਾਂ ਨੂੰ ਸਬਕ ਸਿਖਾਉਂਦਾ ਹੈ ਕਿ ਜਦੋਂ ਸੱਤਾ ਉਹਨਾਂ ਦੇ ਹੱਥ ਵਿੱਚ ਆਵੇ ਤਾਂ ਉਹ ਕਿਵੇਂ ਸਜ਼ਾ ਦੇਣ।

"ਤਾਂ ਕੁਹਾੜੀ ਨਾਲ ਜੜ ਉੱਤੇ ਹੀ ਹਮਲਾ ਕਰੋ ਅਤੇ ਸਰਕਾਰਾਂ ਨੂੰ ਮਾਨਵਤਾ ਸਿਖਾ ਦੇਵੋ। ਇਹ ਉਹਨਾਂ ਦੀਆਂ ਖ਼ੂੰਖਾਰ ਸਜ਼ਾਵਾਂ ਹੀ ਹਨ ਜੋ ਮਾਨਵ ਜਾਤੀ ਨੂੰ ਭ੍ਰਿਸ਼ਟ ਕਰਦੀਆਂ ਹਨ ---। ਜਨ ਸਾਧਾਰਣ ਦੇ ਸਾਹਮਣੇ ਪ੍ਰਦਰਸ਼ਿਤ ਇਹਨਾਂ ਕਰੂਰ ਦ੍ਰਿਸ਼ਾਂ ਦਾ ਪ੍ਰਭਾਵ ਸੰਵੇਦਨਸ਼ੀਲਤਾ ਨੂੰ ਖ਼ਤਮ ਕਰਨ ਜਾਂ ਬਦਲੇ ਦੀ ਭਾਵਨਾ ਨੂੰ ਭੜਕਾਉਣ ਦੇ ਰੂਪ ਵਿੱਚ ਸਾਹਮਣੇ ਆਉਂਦਾ ਹੈ, ਅਤੇ ਵਿਵੇਕ (ਤਰਕ) ਦੀ ਬਜਾਏ ਆਤੰਕ ਦੇ ਰਾਹੀਂ ਲੋਕਾਂ ਉੱਪਰ ਸ਼ਾਸ਼ਨ ਕਰਨ ਦੀ ਇਸ ਘ੍ਰਿਣਤ ਅਤੇ ਝੂਠੀ ਧਾਰਨਾ ਦੇ ਜ਼ਰੀਏ ਬੇ-ਮਿਸਾਲ ਬਣਦੇ ਹਨ।"

*(ਰਾਈਟਸ ਆਫ ਮੈਨ, (ਪੰ.32) ਟੀ.ਪੇਨ)*[1]

*1. ਅਗਿਆਤ 2. ਅਗਿਆਤ*

ਪੰਨਾ 15 (12)

**ਰਾਜਾ ਅਤੇ ਰਾਜਤੰਤਰ :**

ਰਾਸ਼ਟਰ ਨੇ ਲੂਈ ਚੌਦਹਵੇਂ ਦੇ ਵਿਰੁੱਧ ਨਹੀਂ ਬਲਕਿ ਸਰਕਾਰ ਦੇ ਤਾਨਾਸ਼ਾਹੀ ਸਿਧਾਤਾਂ ਦੇ ਵਿਰੁੱਧ ਵਿਦਰੋਹ ਕੀਤਾ। ਇਹ ਸਿਧਾਂਤ ਮੁੱਖ ਤੌਰ ਤੇ, ਉਸ ਤੋਂ ਨਹੀਂ, ਬਲਕਿ ਕਈ ਸਦੀਆਂ ਪਹਿਲਾਂ ਸਥਾਪਤ ਆਰੰਭਕ ਵਿਵਸਥਾ ਸਮੇਂ ਪੈਦਾ ਹੋਏ ਸਨ ਅਤੇ ਐਨੀ ਡੂੰਘਾਈ ਤੱਕ ਜੜ੍ਹਾ ਜਮਾ ਚੁੱਕੇ ਸਨ ਕਿ ਖਤਮ ਨਹੀਂ ਕੀਤੇ ਜਾ ਸਕੇ ਸਨ, ਅਤੇ ਪਰਜੀਵੀਆਂ ਤੇ ਲੁਟੇਰਿਆਂ ਦਾ ਗੰਦਗੀ ਨਾਲ ਭਰਿਆ ਹੋਇਆ ਅਸਤਬਲ ਵੀ ਐਨੇ ਘ੍ਰਿਣਾਤਮਕ ਤੌਰ ਤੇ ਗੰਦਾ ਸੀ ਕਿ ਇੱਕ ਸੰਪੂਰਣ ਇਨਕਲਾਬ ਹੀ ਉਸਨੂੰ ਸਾਫ਼ ਕਰ ਸਕਦਾ ਸੀ। ਜਦੋਂ ਕੋਈ ਕੰਮ ਕਰਨਾ ਜ਼ਰੂਰੀ ਹੋ ਜਾਂਦਾ ਹੈ, ਤਾਂ ਉਸਨੂੰ ਇੱਕ-ਚਿੱਤ ਹੋ ਕੇ ਕਰਨਾ ਚਾਹੀਦਾ ਹੈ, ਜਾਂ ਉਸਨੂੰ ਕਰਨ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ ......। ਰਾਜਾ ਅਤੇ ਰਾਜਤੰਤਰ ਦੋ ਅਲੱਗ ਅਲੱਗ ਭਿੰਨ ਚੀਜ਼ਾਂ ਸਨ, ਅਤੇ ਪੂਰਨ ਉੱਨਤ (ਯਾਨੀ ਰਾਜਾ – ਸੰ.) ਜਾਂ ਉਸਦੇ ਸਿਧਾਤਾਂ ਦੇ ਹੀ ਵਿਰੋਧ ਵਿੱਚ ਇਹ ਵਿਦਰੋਹ ਹੋਇਆ ਅਤੇ ਇਨਕਲਾਬ ਕੀਤਾ ਗਿਆ।

*– (ਪ.19)*[2]

-------o-------

**ਪ੍ਰਾਕਿਰਤਕ ਅਤੇ ਨਾਗਰਿਕ ਅਧਿਕਾਰ :**

ਮਨੁੱਖ ਨੇ ਸਮਾਜ ਵਿੱਚ ਪ੍ਰਵੇਸ਼ ਇਸ ਲਈ ਨਹੀਂ ਕੀਤਾ ਕਿ ਉਹ ਪਹਿਲਾਂ ਤੋਂ ਵੀ ਬੁਰਾ ਬਣ ਜਾਵੇ, ਬਲਕਿ ਇਸ ਲਈ ਕਿ ਉਸਦੇ ਅਧਿਕਾਰ ਪਹਿਲਾਂ ਨਾਲੋਂ ਬੇਹਤਰ ਢੰਗ ਨਾਲ ਸੁਰੱਖਿਅਤ ਹੋਣ। ਉਸਦੇ ਪ੍ਰਾਕ੍ਰਿਤਕ ਆਧਿਕਾਰ ਹੀ ਉਸਦੇ ਸਾਰੇ ਅਧਿਕਾਰਾਂ ਦਾ ਮੂਲ ਆਧਾਰ ਹੁੰਦੇ ਹਨ।

ਪ੍ਰਾਕ੍ਰਿਤਕ ਅਧਿਕਾਰ ਉਹ ਹਨ ਜੋ ਮਨੁੱਖ ਦੇ ਜਿਉਣ ਦੇ ਅਧਿਕਾਰ ਨਾਲ ਸੰਬੰਧਿਤ ਹਨ (ਬੌਧਿਕ – ਮਾਨਸਿਕ ਆਦਿ)

ਨਾਗਰਿਕ ਅਧਿਕਾਰ ਉਹ ਹਨ ਜੋ ਮਨੁੱਖ ਦੇ ਸਮਾਜ ਦਾ ਇੱਕ ਮੈਂਬਰ ਹੋਣ ਨਾਲ ਸੰਬੰਧਿਤ ਹਨ।

*– (ਪੰਨ – 44)*[3]

*1. ਥਾਮਸ ਪੇਨ ਦੀ ਇੱਕ ਰਚਨਾ, ਦਾ ਰਾਈਟਸ ਆਫ ਮੈਨ, ਅਮਰੀਕੀ ਲੇਖਕ ਅਤੇ ਪ੍ਰਚਾਰਕ ਥਾਮਸ ਪੇਨ (1737-1809) ਅਮਰੀਕੀ ਸੁਤੰਤਰਤਾ-ਸੰਗਰਾਮ ਅਤੇ ਫਰਾਂਸੀਸੀ ਕਰਾਂਤੀ ਵਿੱਚ ਆਪਣੀ ਵੱਡਮੁੱਲੀ ਭੂਮਿਕਾ ਦੇ ਲਈ ਸਾਰੇ ਸੰਸਾਰ ਵਿੱਚ ਪ੍ਰਸਿੱਧ ਹੈ, ਉਸਦਾ ਪਰਚਾ ਕਾਮਨ ਸੈਂਸ ਅਤੇ ਰਚਨਾ ਰਾਈਟਸ ਆਫ਼ ਮੈਨ, ਇਤਿਹਾਸ ਦੀਆਂ ਵਡਮੁੱਲੀਆਂ ਧਰੋਹਰ ਹਨ। ਅਮਰੀਕੀ ਸੁਤੰਤਰਤਾ ਸੰਗਰਾਮ ਦੇ ਦੌਰਾਨ ਲਿਖਿਆ ਗਿਆ ਰਾਈਟਸ ਆਫ ਮੈਨ ਅਮਰੀਕੀ ਸੰਵਿਧਾਨ ਦਾ ਮੁੱਖ ਆਧਾਰ ਬਣਿਆ।*

*2. ਦਾ ਰਾਈਟਸ ਆਫ਼ ਮੈਨ ਵਿੱਚੋਂ*

*3. ਉਹੀ*

ਪੰਨਾ 16 (13)

**ਰਾਜੇ ਦੀ ਤਨਖਾਹ :** ਇੱਕ ਵਿਅਕਤੀ ਦੇ ਪੇਟ ਭਰਨ ਦੇ ਵਾਸਤੇ ਕਿਸੇ ਦੇਸ਼ ਦੇ ਸਰਵਜਨਕ ਟੈਕਸਾਂ ਵਿੱਚੋਂ, ਦਸ ਲੱਖ ਸਟਰਲਿੰਗ ਦੇਣ, ਦੀ ਗੱਲ ਕਰਨਾ ਅਣਮਨੁੱਖੀ ਹੈ, ਜਦੋਂ ਕਿ ਹਜਾਰਾਂ ਲੋਕ ਜੋ ਇਸ ਵਿੱਚ ਯੋਗਦਾਨ ਕਰਨ ਲਈ ਮਜ਼ਬੂਰ ਕੀਤੇ ਜਾਂਦੇ ਹਨ, ਤੋਟਾਂ ਨਾਲ ਤੰਗ ਅਤੇ ਬਦਹਾਲੀ ਨਾਲ ਜੂਝ ਰਹੇ ਹਨ। **ਸਰਕਾਰ ਜੇਲ੍ਹਾਂ ਅਤੇ ਰਾਜ ਮਹੱਲਾਂ ਦੇ ਵਿਚਕਾਰ, ਜਾਂ ਕੰਗਾਲੀ ਅਤੇ ਸ਼ਾਨ-ਸ਼ੌਕਤ ਦੇ ਵਿਚਕਾਰ ਕਿਸੇ ਸਮਝੌਤੇ ਦੇ ਰੂਪ ਵਿੱਚ ਨਹੀਂ ਹੁੰਦੀ**, ਇਹ ਇਸ ਲਈ ਨਹੀਂ ਬਣਾਈ ਜਾਂਦੀ ਕਿ ਜ਼ਰੂਰਤਮੰਦ ਤੋਂ ਉਸਦੀ ਦਮੜੀ ਵੀ ਲੁੱਟ ਲਈ ਜਾਵੇ ਅਤੇ ਖਸਤਹਾਲਾਂ ਦੀ ਦੁਰਦਸ਼ਾ ਹੋਰ ਵਧਾ ਦਿੱਤੀ ਜਾਵੇ।

*– (ਪੰ. 204)*[1]

-------o-------

**"ਮੈਨੂੰ ਆਜ਼ਾਦੀ ਦੇਵੋ ਜਾਂ ਮੌਤ"**

"......ਮਾਮਲੇ ਨੂੰ ਹਲਕਾ ਬਣਾਉਣਾ ਬੇਕਾਰ ਹੈ, ਸ਼੍ਰੀਮਾਨ ਜੀ। ਸ਼ਰੀਫ ਲੋਕ ਸ਼ਾਂਤੀ ਸ਼ਾਂਤੀ ਚੀਖ ਸਕਦੇ ਹਨ – ਲੇਕਿਨ ਕੋਈ ਸ਼ਾਂਤੀ ਨਹੀਂ ਹੈ। ਯੁੱਧ ਤਾਂ ਵਾਸਤਵ ਵਿੱਚ ਸ਼ੁਰੂ ਹੀ ਹੋ ਚੁੱਕਿਆ ਹੈ। ਹੁਣ ਅਗਲਾ ਝੱਖੜ ਜੋ ਉੱਤਰ ਵੱਲੋਂ ਉੱਠਕੇ --- ਸਾਡੇ ਕੰਨਾਂ ਤੱਕ ਪੁੱਜ ਰਿਹਾ ਹੈ, ਗੂੰਜਣ ਵਾਲੇ ਹਥਿਆਰਾਂ ਦੀਆਂ ਟਕਰਾਹਟਾਂ ਦਾ ਹੈ। ਸਾਡੇ ਦੋਸਤ–ਮਿੱਤਰ ਤਾਂ ਪਹਿਲਾਂ ਤੋਂ ਹੀ ਲੜਾਈ ਦੇ ਮੈਦਾਨ ਵਿੱਚ। ਅਸੀਂ ਏਥੇ ਬੇਕਾਰ ਕਿਉਂ ਖੜੇ ਹਾਂ ? ਆਖਿਰ ਸ਼ਰੀਫ ਲੋਕ ਚਾਹੁੰਦੇ ਕੀ ਹਨ ? ਉਹ ਕੀ ਕਰਨਗੇ ? ਕੀ ਜ਼ਿੰਦਗੀ ਐਨੀ ਪਿਆਰੀ ਜਾਂ ਸ਼ਾਂਤੀ ਐਨੀ ਮਿੱਠੀ ਹੈ ਕਿ ਉਸਨੂੰ ਬੇੜੀਆਂ ਅਤੇ ਗੁਲਾਮੀ ਦੀ ਕੀਮਤ ਤੇ ਵੀ ਖਰੀਦ ਲਿਆ ਜਾਵੇ?

ਰੋਕੋ ਇਹਨੂੰ, ਹੇ ਸਰਬਸ਼ਕਤੀਮਾਨ ਈਸ਼ਵਰ। ਮੈਂ ਨਹੀਂ ਜਾਣਦਾ ਕਿ ਹੋਰ ਲੋਕੀਂ, ਕਿਹੜਾ ਰਾਹ ਅਖਤਿਆਰ ਕਰਨਗੇ। ਲੇਕਿਨ ਜਿੱਥੋਂ ਤੱਕ ਮੇਰਾ ਸਵਾਲ ਹੈ, ਮੈਨੂੰ "ਆਜ਼ਾਦੀ" ਦੇਵੋ ਜਾਂ "ਮੌਤ।"

*– ਪੈਟ੍ਰਿਕ ਹੈਨਰੀ*[2]

**ਮਜ਼ਦੂਰ ਦਾ ਅਧਿਕਾਰ :**

"ਜੋ ਕੋਈ ਵੀ ਕਠਿਨ ਮਿਹਨਤ ਨਾਲ ਕੋਈ ਵੀ ਚੀਜ਼ ਪੈਦਾ ਕਰਦਾ ਹੈ ਉਸਨੂੰ ਇਹ ਦੱਸਣ ਦੇ ਵਾਸਤੇ ਕਿਸੇ ਖ਼ੁਦਾਈ ਪੈਗ਼ਾਮ ਦੀ ਜ਼ਰੂਰਤ ਨਹੀਂ ਕਿ ਪੈਦਾ ਕੀਤੀ ਗਈ ਚੀਜ਼ ਉੱਪਰ ਉਸੇ ਦਾ ਹੀ ਅਧਿਕਾਰ ਹੈ।"

*– ਰਾਬਰਟ ਜੀ.ਇੰਗਰਸੋਲ*[3]

---

*1. ਸਰੋਤ ਅਗਿਆਤ*

*2. ਪੈਟ੍ਰਿਕ ਹੈਨਰੀ (1736–1790) : ਅਮਰੀਕੀ ਸੁਤੰਤਰਤਾ ਸੰਗਰਾਮ ਦੇ ਨੇਤਾਵਾਂ ਵਿੱਚੋਂ ਇੱਕ, ਪ੍ਰਚੰਡ ਬੁਲਾਰਾ, ਅਤੇ ਸਾਂਸਦ*

*3. ਅਮਰੀਕੀ ਵਕੀਲ, ਬੁਲਾਰਾ ਅਤੇ ਲੇਖਕ (1832–1899)*

50 ਪੰਨਾ 17 (14)

"ਲੋਕਾਂ ਦੇ ਸਿਰ ਕਲਮ ਕਰ ਦਿੱਤੇ ਜਾਣ ਨੂੰ ਤਾਂ ਅਸੀਂ ਭਿਅੰਕਰ ਮੰਨਦੇ ਹਾਂ, ਪਰ ਸਾਨੂੰ ਜੀਵਨ ਉਪਰੰਤ ਬਰਕਾਰ ਰਹਿਣ ਵਾਲੀ ਮੌਤ ਦੀ ਉਸ ਭਿਅੰਕਰਤਾ ਨੂੰ ਵੇਖਣਾ ਨਹੀਂ ਸਿਖਾਇਆ ਗਿਆ ਹੈ ਜੋ ਗਰੀਬੀ ਅਤੇ ਅੱਤਿਆਚਾਰ ਦੇ ਰਾਹੀਂ ਵਿਆਪਕ ਆਬਾਦੀ ਤੇ ਥੋਪ ਦਿੱਤੀ ਗਈ ਹੈ।

*– ਮਾਰਕ ਟ੍ਵੇਨ*[1]

-------o-------

**ਅਰਾਜਕਤਾਵਾਦੀ :** "......ਸਾਹਿੱਤ ਦੀ ਚੋਣ ਵਿੱਚ ਅਰਾਜਕਤਾਵਾਦੀਆਂ ਅਤੇ ਵਿਦਰੋਹ ਭੜਕਾਉਣ ਵਾਲਿਆਂ ਨੂੰ ਵੀ ਸਥਾਨ ਮਿਲ ਜਾਂਦਾ ਹੈ ਅਤੇ ਜੇਕਰ ਉਸਦੀਆਂ ਕੁਝ ਚੀਜ਼ਾਂ ਪਾਠਕ ਨੂੰ ਮਹਿਜ਼ ਗੁੱਸੇ ਦਾ ਪ੍ਰਗਟਾਵਾ ਹੀ ਜਾਪਣ, ਤਾਂ ਵੀ ਮੈਂ ਆਖਣਾ ਚਾਹੁੰਗਾ ਕਿ ਇਸਦੇ ਵਾਸਤੇ ਸਾਹਿੱਤ ਦੇ ਸਮਰਪਤ ਚੋਣ ਕਰਤਾ ਨੂੰ ਦੋਸ਼ ਨਹੀਂ ਦੇਣਾ ਚਾਹੀਦਾ, ਇੱਥੋਂ ਤੱਕ ਕਿ ਰਚਨਾਕਾਰ ਨੂੰ ਵੀ ਦੋਸ਼ ਨਹੀਂ ਦੇਣਾ ਚਾਹੀਦਾ – ਉਸਨੂੰ (ਯਾਨੀ ਪਾਠਕ ਨੂੰ – ਸੰ.) ਖ਼ੁਦ ਆਪਣੇ ਆਪ ਨੂੰ ਹੀ ਦੋਸ਼ ਦੇਣਾ ਚਾਹੀਦਾ ਹੈ, ਕਿ ਉਸਨੇ ਉਹਨਾਂ ਪਰਸਥਿਤੀਆਂ ਦੀ ਮੌਜੂਦਗੀ ਵਿੱਚ ਮੋਨ ਧਾਰ ਲਿਆ ਹੈ, ਜਿਹਨਾਂ ਦੇ ਰਹਿੰਦਿਆਂ ਉਸਦੇ ਦੇਸ਼ ਸਮਾਜ ਦੇ ਲੋਕ ਪਾਗਲਪਣ ਅਤੇ ਨਿਰਾਸ਼ਾ ਦੀ ਹੱਦ ਤੱਕ ਜਾ ਪਹੁੰਚੇ ਹਨ।"

*– ਅਪਟਨ ਸਿਨਕਲੇਅਰ*[2]*, ਭੂਮਿਕਾ 19*
*ਕਰਾਈ ਫਾਰ ਜਸਟਿਸ*

-------o-------

**ਬੁੱਢਾ ਮਜ਼ਦੂਰ :**

"......ਉਹ (ਬੇਰੁਜ਼ਗਾਰ ਬੁੱਢਾ ਮਜ਼ਦੂਰ) ਉਮਰ ਨਾਲ, ਪ੍ਰਾਕਿਰਤੀ ਨਾਲ, ਪਰਸਥਿਤੀਆਂ ਨਾਲ ਜੂਝ ਰਿਹਾ ਸੀ, ਸਮਾਜ, ਕਾਨੂੰਨ ਅਤੇ ਵਿਵਸਥਾ ਦਾ ਸਾਰਾ ਬੋਝ ਉਸਦੇ ਲਈ ਭਾਰੀ ਪੈਂਦਾ ਸੀ। ਉਸਨੂੰ ਆਪਣਾ ਆਤਮ–ਸਨਮਾਨ ਅਤੇ ਆਜ਼ਾਦੀ ਗੰਵਾ ਦੇਣ ਤੇ ਮਜ਼ਬੂਰ ਕਰ ਰਿਹਾ ਸੀ......। ਉਸਨੇ ਫਾਰਮਾਂ ਦੇ ਦਰਵਾਜ਼ੇ ਖੜਕਾਏ ਅਤੇ ਉਹ ਸਿਰਫ਼ ਮਨੁੱਖ ਵਿੱਚ ਹੀ ਅੱਛਾਈ ਪਾ ਸਕਿਆ – ਕਾਨੂੰਨ ਅਤੇ ਵਿਵਸਥਾ ਵਿੱਚ ਨਹੀਂ, ਬਲਕਿ ਸਿਰਫ਼ ਮਨੁੱਖ ਵਿੱਚ ਹੀ।"

*– ਰਿਚਰਡ ਜੇਫਰੀਜ਼ (80)*[3]

ਪੰਨਾ 18 (15)

**ਗਰੀਬ ਮਜ਼ਦੂਰ :** "...... ਅਤੇ ਅਸੀਂ ਲੋਕ ਜਿਹਨਾਂ ਨੇ ਇਸ ਕੰਮ ਨੂੰ ਨੇਪਰੇ ਚਾੜ੍ਹਨ ਦਾ ਬੀੜਾ ਉਠਾਇਆ, ਇਸ ਦੁਨੀਆ ਵਿੱਚ ਕੁਜਾਤ ਹੀ ਰਹੇ। ਇੱਕ ਅੰਨ੍ਹੀ ਕਿਸਮਤ, ਇੱਕ ਵਿਰਾਟ ਬੇਰਹਿਮ ਤੰਤ੍ਰ

---

*1. ਅਸਲੀ ਨਾਮ ਸੈਮੂਅਲ ਲੈਂਗਹਾਰਨ ਕਲੀਮੇਂਸ (1835–1910) ਮਸ਼ਹੂਰ ਨਾਵਲਕਾਰ ਅਤੇ ਵਿਅੰਗਕਾਰ*

*2. ਮਸ਼ਹੂਰ ਅਮਰੀਕੀ ਨਾਵਲਕਾਰ ਅਤੇ ਸਮਾਜਵਾਦੀ – ਸੁਧਾਰਕ (1878–1968)*

*3. ਅੰਗਰੇਜ਼ ਪ੍ਰਕ੍ਰਿਤੀਵਾਦੀ ਅਤੇ ਨਾਵਲਕਾਰ (1848–1887)।*

ਨੇ ਕੱਟ-ਵੱਢਕੇ ਸਾਡੇ ਅਸਤਿਤਵ ਦਾ ਢਾਂਚਾ ਨਿਰਧਾਰਤ ਕਰ ਦਿੱਤਾ। ਅਸੀਂ ਉਸ ਵਕਤ ਘ੍ਰਿਣਤ ਹੋਏ, ਜਦੋਂ ਅਸੀਂ ਸੱਭ ਤੋਂ ਵੱਧ ਉਪਯੋਗੀ ਸਾਂ। ਸਾਨੂੰ ਉਸ ਵਕਤ ਦੁਤਕਾਰ ਦਿੱਤਾ ਗਿਆ ਜਦੋਂ ਸਾਡੀ ਜ਼ਰੂਰਤ ਨਹੀਂ ਸੀ ਅਤੇ ਸਾਨੂੰ ਉਸ ਵਕਤ ਵਿਸਾਰ ਦਿੱਤਾ ਗਿਆ ਜਦੋਂ ਸਾਡੇ ਉੱਪਰ ਬਿਪਤਾਵਾਂ ਦਾ ਪਹਾੜ ਟੁੱਟਿਆ ਹੋਇਆ ਸੀ। ਸਾਨੂੰ ਰੋਹੀ ਬੀਆਬਾਨ ਬੰਜਰ ਸਾਫ਼ ਕਰਨ ਦੇ ਵਾਸਤੇ, ਉਥੋਂ ਪਰਾਂਹ ਸਾਰੀਆਂ ਆਦਿਮ ਭਿਅੰਕਰਤਾਵਾਂ ਨੂੰ ਦੂਰ ਕਰਨ ਦੇ ਲਈ ਅਤੇ ਉਸਦੇ ਵਿਸ਼ਵ ਪੁਰਾਤਨ ਅਵਰੋਧਾਂ ਨੂੰ ਟੋਟੇ ਟੋਟੇ ਕਰ ਸੁੱਟਣ ਦੇ ਵਾਸਤੇ ਭੇਜ ਦਿੱਤਾ ਜਾਂਦਾ। ਅਸੀਂ ਜਿੱਥੇ ਵੀ ਕੰਮ ਕਰਦੇ, ਉਥੇ ਇੱਕ ਦਿਨ ਇੱਕ ਨਵਾਂ ਸ਼ਹਿਰ ਜਨਮ ਲੈ ਲੈਂਦਾ ; ਅਤੇ ਜਦੋਂ ਉਹ ਜਨਮ ਲੈ ਹੀ ਰਿਹਾ ਹੁੰਦਾ, ਤਾਂ ਜੇਕਰ ਸਾਡੇ ਵਿੱਚੋਂ ਕੋਈ ਉਥੇ ਚਲਿਆ ਜਾਂਦਾ, ਤਾਂ ਉਸਨੂੰ 'ਬਿਨਾ ਨਿਸ਼ਚਤ ਪਤੇ ਦਾ ਆਦਮੀ' ਆਖਕੇ ਫੜ ਲਿਆ ਜਾਂਦਾ ਅਤੇ ਸਿਰਫਿਰਿਆ ਆਵਾਰਾ ਆਖਕੇ ਉਸ ਉੱਪਰ ਮੁਕੱਦਮਾ ਚਲਾਇਆ ਜਾਂਦਾ।"

*- (ਪੈਟ੍ਰਿਕ ਮੈਕਗਿਲ ਦੀ ਰਚਨਾ*
*'ਚਿਲਡਰਨ ਆਫ ਦਾ ਡੈਡ ਐਂਡ', ਸੀ.ਜੇ. 48 ਵਿੱਚੋਂ)*[1]

--------o--------

**ਨੈਤਿਕਤਾ :** "ਨੈਤਿਕਤਾ ਅਤੇ ਧਰਮ ਉਸ ਵਿਅਕਤੀ ਦੇ ਵਾਸਤੇ ਮਹਿਜ ਸ਼ਬਦ ਮਾਤਰ ਹਨ ਜੋ ਰੋਟੀ-ਰੋਜ਼ੀ ਦਾ ਜੁਗਾੜ ਕਰਨ ਦੇ ਲਈ ਗੰਦੇ ਨਾਲੇ ਵਿੱਚੋਂ ਮੱਛੀ ਮਾਰਦਾ ਹੈ, ਅਤੇ ਪਾਲੇ ਦੀ ਰਾਤ ਵਿੱਚ ਕੜਾਕੇ ਦੀ ਸੀਤ ਲਹਿਰ ਤੋਂ ਬਚਣ ਦੇ ਲਈ ਸੜਕਾਂ ਉੱਤੇ ਢੋਲਾਂ ਦੇ ਪਿੱਛੇ ਪਨਾਹ ਲੈਂਦਾ ਹੈ।"

*- ਹੋਰੇਸ ਗ੍ਰੀਲੇ (128)*[2]

--------o--------

**ਭੁੱਖ :** "ਰਾਜੇ ਦੇ ਵਾਸਤੇ ਢੁੱਕਵਾਂ ਇਹ ਹੈ ਕਿ ਉਸਦੇ ਸ਼ਾਸ਼ਨ ਵਿੱਚ ਕੋਈ ਵੀ ਆਦਮੀ ਠੰਢ ਅਤੇ ਭੁੱਖ ਤੋਂ ਪੀੜਤ ਨਾ ਰਹੇ। ਆਦਮੀ ਦੇ ਕੋਲੇ ਜਦੋਂ ਜੀਉਣ ਦੇ ਮਾਮੂਲੀ ਸਾਧਨ ਵੀ ਨਹੀਂ ਰਹਿੰਦੇ, ਤਾਂ ਉਹ ਆਪਣੇ ਨੈਤਿਕ ਮਿਆਰ ਨੂੰ ਬਰਕਰਾਰ ਨਹੀਂ ਰੱਖ ਸਕਦਾ।"

*- ਕੋਂਕੋ ਹੋਸ਼ੀ*
*(ਜਾਪਾਨ ਦਾ ਬੋਧੀ ਭਿਕਸ਼ੂ, 14ਵੀਂ ਸਦੀ, ਪੰ.135)*

ਪੰਨਾ 19 (16)

ਉਏ ਇਨਸਾਨੋ ! ਆਖਦੇ ਹੋ ਮਾਣ ਨਾਲ
ਕਿ ਤੁਸੀਂ ਨਾਤੀ ਹੋ ਸੁਤੰਤਰ ਤੇ ਸੂਰਮੇ ਪਿੱਤਰਾਂ ਦੇ,
ਪਰ ਜੇ ਲੈਂਦਾ ਸਾਹ ਇੱਕ ਵੀ ਗੁਲਾਮ ਧਰਤੀ ਤੇ
ਤਾਂ ਕੀ ਸੱਚੀਂ ਮੁੱਚੀਂ ਤੁਸੀਂ ਹੋ ਸੁਤੰਤਰ ਤੇ ਸੂਰਮੇ ?

1. ਅਗਿਆਤ
2. ਅਮਰੀਕੀ ਪੱਤਰਕਾਰ ਅਤੇ ਰਾਜਨੀਤੀਵਾਨ (1811-1872)

ਜੇ ਤੁਹਾਨੂੰ ਅਹਿਸਾਸ ਨਹੀਂ ਜਦੋਂ
ਬੇੜੀ ਦਰਦ ਦਿੰਦੀ ਹੈ ਇੱਕ ਭਾਈ ਨੂੰ
ਤਾਂ ਕੀ ਸੱਚੀਂਮੁੱਚੀਂ ਤੁਸੀਂ ਨਹੀਂ ਗੁਲਾਮ
ਜੋ ਕਾਬਿਲ ਨਹੀਂ ਸੁਤੰਤਰ ਹੋਣ ਦੇ ?
ਕੀ ਹੈ ਉਹ ਸੱਚੀ ਮੁਕਤੀ, ਜੋ ਤੋੜੇ
ਜੰਜੀਰਾਂ ਬੱਸ ਆਪਣੀ ਖਾਤਿਰ,
ਅਤੇ ਭੁਲਾ ਦੇਵੇ ਸੰਕੀਰਣ ਹੋ ਕੇ
ਕਿ ਮਾਨਵਤਾ ਦਾ ਕਰਜ਼ ਹੈ ਅਸਾਂ ਪਰ ?
ਨਹੀਂ, ਸੱਚੀ ਮੁਕਤੀ ਤਾਂ ਹੀ ਜਦੋਂ ਅਸੀਂ ਵੰਡੀਏ
ਸਭ ਜ਼ੰਜ਼ੀਰਾਂ, ਜੋ ਪਹਿਨੇ ਹਨ ਆਪਣੇ ਭਾਈ
ਅਤੇ ਭਾਵ ਅਤੇ ਕਰਮ ਨਾਲ ਜੁੱਟਕੇ
ਹੋਈਏ ਹੋਰਾਂ ਦੀ ਮੁਕਤੀ ਲਈ ਤਤਪਰ।
ਗੁਲਾਮ ਤਾਂ ਉਹ ਜੋ ਭੈਅ ਖਾਂਦੇ ਨੇ ਆਵਾਜ਼ ਬੁਲੰਦ ਕਰਨ ਵਿੱਚ
ਡਿੱਗੇ ਹੋਏ ਅਤੇ ਦੁਰਬਲ ਦੀ ਖਾਤਿਰ ;
ਗੁਲਾਮ ਤਾਂ ਉਹ ਜੋ ਨਹੀਂ ਚੁਣਨਗੇ
ਘ੍ਰਿਣਾ, ਡਾਂਟ ਅਤੇ ਗਾਲ੍ਹਾਂ
ਅਤੇ ਦੁਬਕ ਕੇ ਮੂੰਹ ਮੋੜਨਗੇ
ਸੱਚ ਕੋਲੋਂ, ਇਸਤੇ ਸੋਚ ਜ਼ਰੂਰੀ,
ਗੁਲਾਮ ਤਾਂ ਉਹ ਜੋ ਹਿੰਮਤ ਨਾ ਕਰਨ
ਦੋ ਜਾਂ ਤਿੰਨ ਵੀ ਹੋਣ ਜੇ ਸੱਚ ਦੇ ਹੱਕ ਵਿੱਚ।

*- 'ਜੇਮਜ਼ ਰਸੇਲ ਲਾਵਲੇ' (ਪੰ:189)*[1]

ਪੰਨਾ 20 (17)

ਭਰੇ ਪਏ ਹਨ ਸਫੈਦ ਅਤੇ ਨਿਰਮਲ ਆਭਾ ਦੇ ਰਤਨ ਘਨੇਰੇ
ਸਾਗਰ ਦੀ ਅਨੰਤ ਅਥਾਹ ਗਹਿਰਾਈ ਅੰਦਰ,
ਖਿੜਦੇ ਹਨ ਬਥੇਰੇ ਫੁੱਲ ਅਣਦੇਖ ਸ਼ਰਮਾਉਂਦੇ ਮੁਰਝਾਉਂਦੇ ਹੋਏ,
ਅਤੇ ਲੁਟਾ ਦਿੰਦੇ ਆਪਣੀ ਸੁਗੰਧ ਬੇਆਬਾਦ ਬੀਆਬਾਨ ਅੰਦਰ।[2]

--------o--------

**ਆਵਿਸ਼ਕਾਰ :** ਅਜੇ ਤੱਕ ਇਹ ਸਵਾਲ ਬਰਕਰਾਰ ਹੈ ਕਿ ਕੀ ਕਦੋਂ ਤੱਕ ਕੀਤੇ ਗਏ ਸਾਰੇ ਦੇ ਸਾਰੇ ਅਵਿਸ਼ਕਾਰ ਕਿਸੇ ਵੀ ਆਦਮੀ ਦੀ ਨਿੱਤ ਪ੍ਰਤੀ ਦਿਨ ਦੀ ਸਖ਼ਤ ਮੁਸ਼ਕੱਤ ਭਰੀ ਜ਼ਿੰਦਗੀ ਨੂੰ ਸੌਖਾ ਕਰ ਸਕੇ ਹਨ।

*- ਜੇ.ਐਸ.ਮਿੱਲ,*[3] *199*

1. ਅਮਰੀਕਨ ਕਵੀ ਨਿਬੰਧਕਾਰ ਅਤੇ ਸੰਪਾਦਕ (1891-91)
2. ਅੰਗਰੇਜ਼ ਕਵੀ ਟਾਮਸ ਗ੍ਰੇ (1716-7) ਦੀ ਰਚਨਾ "ਏਲਿਜੀ ਰਿਟੇਨ ਇਨ ਏਕ ਕੰਟਰੀ ਚਰਚਯਾਰਡ" ਵਿੱਚੋਂ
3. ਜਾਨ ਸਟੂਅਰਟ ਮਿੱਲ, ਅੰਗਰੇਜ਼ ਨਿਬੰਧਕਾਰ ਅਤੇ ਉਦਾਰਵਾਦੀ ਦਾਰਸ਼ਨਿਕ (1808-73)

**ਭੀਖ :** "ਧਰਤੀ ਉੱਪਰ ਉਸ ਆਦਮੀ ਤੋਂ ਵੱਧ ਘ੍ਰਿਣਾਯੋਗ ਅਤੇ ਨਫ਼ਰਤ ਕਰਨ ਯੋਗ ਹੋਰ ਕੋਈ ਨਹੀਂ ਹੈ ਜੋ ਭੀਖ ਦਿੰਦਾ ਹੈ। ਅਤੇ ਵੈਸੇ ਹੀ ਉਸ ਆਦਮੀ ਨਾਲੋਂ ਅਧਿਕ ਤਰਸ ਯੋਗ ਹੋਰ ਕੋਈ ਨਹੀਂ ਹੈ ਜੋ ਉਸਨੂੰ ਸਵੀਕਾਰ ਕਰਦਾ ਹੈ।

*– ਮੈਕਸਿਮ ਗੋਰਕੀ [1], ਪੰਨਾ 204*

-------o-------

**ਸੁਤੰਤਰਤਾ :**

ਔਹ ਮੁਰਦਾ ਸਰੀਰ ਨੌਜਵਾਨਾਂ ਦੇ,
ਉਹ ਸ਼ਹੀਦ ਜੋ ਝੂਲ ਗਏ ਫਾਂਸੀ ਦੇ ਫੰਦੇ ਤੋਂ-
ਉਹ ਦਿਲ ਜੋ ਛਲਣੀ ਹੋ ਗਏ ਭੂਰੇ ਸੀਸੇ ਤੋਂ,
ਰੰਢੇ ਅਤੇ ਬੇਹਰਕਤ ਜੋ ਲੱਗਦੇ ਨੇ, ਜੀਵਤ ਨੇ ਕਿਧਰੇ ਹੋਰ,
ਬੇਰੋਕ ਤੇਜ਼ ਦੇ ਨਾਲ।
ਉਹ ਜਿਉਂਦੇ ਨੇ ਹੋਰ ਨੌਜਵਾਨਾਂ ਵਿੱਚ, ਓਏ ਰਜਵਾੜਿਓ।
ਉਹ ਜਿਉਂਦੇ ਨੇ ਹੋਰ ਬੰਧੂ ਜਨਾਂ ਵਿੱਚ, ਫਿਰ ਤੋਂ ਤੁਹਾਨੂੰ ਵੰਗਾਰਨ ਲਈ ਤਿਆਰ।
ਉਹ ਪਵਿੱਤਰ ਹੋ ਗਏ ਮੋਹ ਨਾਲ –
ਸਿਖਿਅਤ ਅਤੇ ਅਥਾਹ ਬੁਲੰਦੀਆਂ ਤੱਕ ਉੱਚੇ।

ਪੰਨਾ 21 (18)

ਦਫ਼ਨ ਨਹੀਂ ਹੁੰਦੇ ਆਜ਼ਾਦੀ ਤੇ ਮਰਨ ਵਾਲੇ
ਪੈਦਾ ਕਰਦੇ ਨੇ ਮੁਕਤੀ ਬੀਜ, ਫਿਰ ਹੋਰ ਬੀਜ ਪੈਦਾ ਕਰਨ ਨੂੰ
ਜਿਸਨੂੰ ਲੈ ਜਾਂਦੀ ਦੂਰ ਹਵਾ ਅਤੇ ਫਿਰ ਬੀਜਦੀ ਹੈ ਅਤੇ ਜਿਸਨੂੰ
ਪਾਲਣ ਪੋਸ਼ਣ ਕਰਦੇ ਹਨ ਵਰਖਾ ਜਲ ਅਤੇ ਠੰਢਕ।
ਦੇਹ ਮੁਕਤ ਜੋ ਹੋਈ ਆਤਮਾ ਉਸਨੂੰ ਨਾ ਕਰ ਸਕਦੇ ਭਿੰਨ-ਭਿੰਨ
ਅਸਤਰ ਸ਼ਸ਼ਤਰ ਅੱਤਿਆਚਾਰੀ ਦੇ
ਬਲਕਿ ਹੋ ਕੇ ਅਜਿੱਤ ਵਿਚਰਦੀ ਧਰਤੀ ਤੇ, ਗੁਣਗੁਣਾਉਂਦੀ,
ਬਾਤਾਂ ਪਾਉਂਦੀ, ਚੌਂਕਸ ਕਰਦੀ।

*(ਵਾਲਟ ਹਿਟਮੈਨ [2], ਪੰਨਾ 268)*

-------o-------

**ਮੁਕਤ ਚਿੰਤਨ :** "ਜੇ ਕੋਈ ਅਜਿਹੀ ਚੀਜ਼ ਹੋਵੇ ਜੋ ਸੁਤੰਤਰ ਚਿੰਤਨ ਨੂੰ ਬਰਦਾਸ਼ਤ ਨਾ ਕਰ ਸਕੇ, ਤਾਂ ਉਹ ਜਾਏ ਢੱਠੇ ਖੂਹ ਵਿੱਚ।"

*– ਵਿੰਡੇਲ ਫਿਲਿਪ [3], ਪੰ. 271*

*1. ਪ੍ਰਸਿੱਧ ਰੂਸੀ ਸਰਵਹਾਰਾ ਇਨਕਲਾਬੀ ਲੇਖਕ*
*2. ਵਾਲਟ ਵਿਹਟਮੈਨ (1819-92):ਪ੍ਰਸਿੱਧ ਅਮਰੀਕੀ ਕਵੀ, ਹਵਾਲਾ ਅਧੀਨ ਕਵਿਤਾ ਦਾ ਸ੍ਰੋਤ ਅਗਿਆਤ*
*3. ਵਿੰਡੇਲ ਫਿਲਿਪਸ (1811-1884) : ਅਮਰੀਕੀ ਬੁਲਾਰਾ, ਸੁਧਾਰਕ, ਅਤੇ ਗੁਲਾਮੀ ਵਿਰੋਧੀ ਅੰਦੋਲਨ ਦਾ ਸਰਗਰਮ ਕਾਰਕੁੰਨ*

**ਰਾਜ :** "ਰਾਜ ਦਫ਼ਾ ਹੋ ਜਾਏ! ਮੈਂ ਅਜਿਹੇ ਇਨਕਲਾਬ ਵਿੱਚ ਭਾਗ ਲਵਾਂਗਾ। ਰਾਜ ਦੀ ਸਮੁੱਚੀ ਅਵਧਾਰਣਾ ਦਾ ਬੀਜ ਨਾਸ਼ ਕਰ ਦੇਵੋ, ਮੁਕਤ ਚੋਣ ਅਤੇ ਆਤਮਕ ਭਰੱਪਣ ਨੂੰ ਹੀ ਕਿਸੇ ਏਕਤਾ ਦੀਆਂ ਇੱਕ ਮਾਤਰ ਸਭ ਤੋਂ ਵੱਧ ਮਹੱਤਵਪੂਰਣ ਸ਼ਰਤਾਂ ਹੋਣ ਦੀ ਘੋਸ਼ਣਾ ਕਰੋ, ਅਤੇ ਤਾਂ ਹੀ ਤੁਸੀਂ ਇੱਕ ਅਜਿਹੀ ਆਜ਼ਾਦੀ ਦੀ ਸ਼ੁਰੂਆਤ ਕਰੋਗੇ ਜਿਸਦੀ ਕੋਈ ਸਾਰਥਕਤਾ ਹੋਵੇਗੀ।"

*– ਹੈਨਰਿਕ ਇਬਸਨੇ [1], ਪੰ. 273*

-------o-------

**ਉਤਪੀੜਨ :** "ਉਤਪੀੜਨ ਨਿਸ਼ਚੇ ਹੀ ਇੱਕ ਸਮਝਦਾਰ ਆਦਮੀ ਨੂੰ ਪਾਗਲ ਬਣਾ ਦਿੰਦਾ ਹੈ।"

*– (ਪੰ. 278)* [2]

ਪੰਨਾ 22 (19)

**ਸ਼ਹੀਦ :** ਜੋ ਆਦਮੀ ਆਪਣੇ ਸਾਥੀ ਇਨਸਾਨਾਂ ਵੱਲੋਂ ਕੀਤੇ ਜਾਣ ਵਾਲੇ ਅੱਤਿਆਚਾਰ ਦਾ ਵਿਰੋਧ ਕਰਨ ਦੇ ਯਤਨ ਵਿੱਚ, ਆਪਣੀ ਜਾਨ ਤੇ ਖੇਡਦੇ ਹੋਇਆਂ ਆਪਣਾ ਸਾਰਾ ਜੀਵਨ ਨਿਛਾਵਰ ਕਰ ਦਿੰਦਾ ਹੈ, ਉਹ ਜ਼ਬਰ ਅਤੇ ਅਨਿਆ ਦੇ ਸਰਗਰਮ ਅਤੇ ਗੈਰਸਰਗਰਮ ਸਮਰਥਕਾਂ ਦੀ ਤੁਲਨਾ ਵਿੱਚ ਇੱਕ ਸੰਤ ਹੈ, ਭਲੇ ਹੀ ਉਸਦੇ ਵਿਰੋਧ ਨਾਲ ਉਸਦੀ ਆਪਣੀ ਜ਼ਿੰਦਗੀ ਦੇ ਨਾਲ-ਨਾਲ ਹੋਰ ਜ਼ਿੰਦਗੀਆਂ ਵੀ ਕਿਉਂ ਨਾ ਨਸ਼ਟ ਹੋ ਜਾਂਦੀਆਂ ਹੋਣ। ਅਜਿਹੇ ਵਿਅਕਤੀ ਉੱਪਰ ਪਹਿਲਾਂ ਪੱਥਰ ਉਹੀ ਮਾਰਨ ਦਾ ਹੱਕਦਾਰ ਹੋ ਸਕਦਾ ਹੈ ਜਿਸਨੇ ਕਦੇ ਕੋਈ ਪਾਪ ਨਾ ਕੀਤਾ ਹੋਵੇ।

*(ਪੰ.287)* [3]

-------o-------

**ਹੇਠਲਾ ਵਰਗ :**

ਜਦੋਂ ਤੱਕ ਕੋਈ ਹੇਠਲਾ ਵਰਗ ਹੈ, ਮੈਂ ਉਸੇ ਵਿੱਚ ਹੀ ਹਾਂ।
ਜਦੋਂ ਤੱਕ ਕੋਈ ਅਪਰਾਧੀ ਅਨਸਰ ਹੈ, ਮੈਂ ਉਸੇ ਵਿੱਚ ਹੀ ਹਾਂ।
ਜਦੋਂ ਤੱਕ ਕੋਈ ਜੇਲ੍ਹ ਵਿੱਚ ਕੈਦ ਹੈ, ਮੈਂ ਆਜ਼ਾਦ ਨਹੀਂ ਹਾਂ।

*– ਯੂਜੀਨ ਬੀ. ਡੇਬਸ [4] (144)*

-------o-------

**ਸਭ ਦੇ ਵਿਰੁੱਧ ਇੱਕ** *(ਚਾਰਲਸ ਫੂਰੀਏ : 1772-1837)* [5]

ਮੌਜੂਦਾ ਸਮਾਜਕ ਵਿਵਸਥਾ ਇੱਕ ਹਾਸੋਹੀਣਾ ਤੰਤਰ ਹੈ, ਜਿਸ ਵਿੱਚ ਸੰਪੂਰਣ ਦੇ ਅੰਸ਼ ਇਸ ਸੰਪੂਰਣ ਦੇ ਵਿਰੁੱਧ ਇੱਕ ਟਕਰਾਉ ਵਿੱਚ ਸਰਗਰਮ ਹਨ। ਅਸੀਂ ਵੇਖਦੇ ਹਾਂ ਕਿ

*1. ਹੈਨਰਿਕ ਇਬਸਨ (1828-1906) : ਨਾਰਵੇ ਦਾ ਪ੍ਰਸਿੱਧ ਨਾਟਕਕਾਰ*
*2. ਅਗਿਆਤ 3. ਅਗਿਆਤ*
*4. ਯੂਜੀਨ ਡੇਬਸ (1855-1926) : ਅਮਰੀਕੀ ਸਮਾਜਵਾਦੀ ਨੇਤਾ, ਹਵਾਲੇ ਦਾ ਸ੍ਰੋਤ ਅਗਿਆਤ*
*5. ਫਰਾਂਸਵਾ ਮੇਰੀ ਚਾਰਲਸ ਫੂਰੀਏ (1772-1837) : ਫਰਾਂਸੀਸੀ ਸਮਾਜਵਾਦੀ ਲੇਖਕ, ਹਵਾਲੇ ਦਾ ਸਰੋਤ ਅਗਿਆਤ*

ਸਮਾਜ ਦਾ ਹਰ ਇੱਕ ਵਰਗ, ਸਰਵਜਨਕ ਹਿੱਤ ਦੀ ਥਾਂ ਤੇ ਹਰ ਤਰ੍ਹਾਂ ਨਾਲ, ਆਪਣੇ ਨਿੱਜੀ ਹਿੱਤ ਅੱਗੇ ਰੱਖਦਿਆਂ ਹੋਇਆਂ, ਦੂਜੇ ਵਰਗਾਂ ਦੀ ਬਦਕਿਸਮਤੀ ਦੀ ਕੀਮਤ ਉਪਰ, ਆਪਣੇ ਹਿੱਤ ਦੀ ਕਾਮਨਾ ਕਰਦਾ ਹੈ। ਵਕੀਲ, ਖਾਸ ਤੌਰ ਤੇ ਧਨੀਆਂ ਦੇ ਵਿੱਚ, ਮੁਕੱਦਮੇਬਾਜ਼ੀ ਅਤੇ ਮੁਕੱਦਮਿਆਂ ਦੀ ਕਾਮਨਾ ਕਰਦਾ ਹੈ, ਡਾਕਟਰ ਬਿਮਾਰੀ ਦੀ ਕਾਮਨਾ ਕਰਦਾ ਹੈ। ਜੇ ਹਰ ਕੋਈ ਬਿਨਾ ਬਿਮਾਰੀ ਦੇ ਮਰਨ ਲੱਗੇ ਤਾਂ ਇਹ (ਡਾਕਟਰ) ਵੈਸੇ ਹੀ ਬਰਬਾਦ ਹੋ ਜਾਣਗੇ, ਜਿਵੇਂ ਸਾਰੇ ਝਗੜੇ ਆਪਸੀ ਗੱਲਬਾਤ ਰਾਹੀਂ ਹੱਲ ਹੋਣ ਲੱਗਣ ਤਾਂ (ਵਕੀਲ) ਨਾਕਾਰਾ ਹੋ ਜਾਣਗੇ। ਸੈਨਿਕ ਲੜਾਈ ਚਾਹੁੰਦਾ ਹੈ, ਤਾਂਕਿ ਉਸਦੇ ਅੱਧੇ ਸਾਥੀ ਮਾਰੇ ਜਾਣ ਅਤੇ ਉਸਦੀ ਤਰੱਕੀ ਯਕੀਨੀ ਬਣ ਜਾਵੇ, ਅੰਤਮ ਰਸਮਾਂ ਕਰਾਉਣ ਵਾਲਾ ਕਫ਼ਨ ਦਫਨ ਦੀ ਕਾਮਨਾ ਕਰਦਾ ਹੈ ; ਇਜਾਰੇਦਾਰ ਅਤੇ ਜਮਾਂਖੋਰ, ਅਨਾਜ ਦੀਆਂ ਕੀਮਤਾਂ ਦੁੱਗਣੀਆਂ ਜਾਂ ਤਿੱਗਣੀਆਂ ਕਰਨ ਦੇ ਲਈ ਅਕਾਲ ਚਾਹੁੰਦੇ ਹਨ, ਵਸਤੂਕਾਰ, ਕਾਰੀਗਰ, ਰਾਜ ਮਿਸਤਰੀ ਅੱਗਜਨੀ ਚਾਹੁੰਦੇ ਹਨ ਤਾਂਕਿ ਸੈਂਕੜੇ ਘਰ ਜਲਕੇ ਭਸਮ ਹੋ ਜਾਣ ਅਤੇ ਉਹਨਾਂ ਦੀਆਂ ਆਪਣੀਆਂ ਸਾਖਾਵਾਂ ਦਾ ਧੰਦਾ ਚੱਲਦਾ ਰਹੇ।

*– (ਪੰ.202)*

---

ਪੰਨਾ 23 (20)

---

**ਨਵਾਂ ਸਿਧਾਂਤ :** ਸਮਾਜ-ਹੱਤਿਆ, ਵਿਭਚਾਰ ਜਾਂ ਠੱਗੀ ਨੂੰ ਨਜ਼ਰ ਅੰਦਾਜ਼ ਕਰ ਸਕਦਾ ਹੈ, ਪਰ ਉਹ ਇੱਕ ਨਵੇਂ ਸਿਧਾਂਤ ਦੇ ਪ੍ਰਚਾਰ ਨੂੰ ਕਦੇ ਮਾਫ਼ ਨਹੀਂ ਕਰਦਾ।

*– ਫਰੈਡਰਿਕ ਹੈਰਿਸਨੇ [1] (ਪੰ.327)*

-------o-------

**ਆਜ਼ਾਦੀ ਦਾ ਬਿਰਵਾ :** ਆਜ਼ਾਦੀ ਦੇ ਬੂਟੇ ਦਾ ਸਮੇਂ ਸਮੇਂ ਤੇ ਦੇਸ਼ ਭਗਤਾਂ ਅਤੇ ਅੱਤਿਆਚਾਰੀਆਂ ਦੇ ਖ਼ੂਨ ਨਾਲ ਸਿੰਜਿਆ ਜਾਣਾ ਆਵੱਸ਼ਕ ਹੈ। ਇਹ ਹੀ ਇਸਦੀ ਕੁਦਰਤੀ ਖਾਦ ਹੈ।

*– ਥਾਮਸ ਜੇਫਰਸਨ [2] (ਪੰ.332)*

-------o-------

**ਸ਼ਿਕਾਗੋ ਦੇ ਸ਼ਹੀਦ :** ਹੁਣ ਕੋਈ ਭਲੇ ਹੀ ਇਹ ਆਖੇ ਕਿ ਉਸਨੇ ਭਾਰੀ ਗਲਤੀ ਕੀਤੀ ਪਰੰਤੂ ਜੇ ਉਹਨਾਂ ਦੀ ਗਲਤੀ ਦਸ ਗੁਣਾ ਵੀ ਅਧਿਕ ਵੱਡੀ ਹੁੰਦੀ ਤਾਂ ਵੀ ਇਸਨੂੰ ਉਸਦੀ ਕੁਰਬਾਨੀ ਮਾਨਵ ਯਾਦਸ਼ਕਤੀ ਪਰਦੇ ਤੋਂ ਪੂੰਝ ਹੀ ਸੁੱਟਦੀ..........

ਚਲੋ ਅਸੀਂ ਇਹ ਪੂਰੀ ਤਰ੍ਹਾਂ ਮੰਨ ਲੈਂਦੇ ਹਾਂ ਕਿ ਉਹਨਾਂ ਨੇ ਆਪਣੀ ਨਜ਼ਰ ਵਿੱਚ ਵਿਰੋਧ ਦਾ ਜੋ ਸਭ ਤੋਂ ਵਧੀਆ ਤਰੀਕਾ ਅਪਣਾਇਆ, ਉਸਦੀ ਧਾਰਨਾ ਪੂਰੀ ਤਰ੍ਹਾਂ ਗਲਤ ਅਤੇ ਅਸੰਭਵ ਸੀ ਮੰਨ ਲਿਆ ਕਿ ਉਹਨਾਂ ਨੇ ਕਾਰਵਾਈ ਦਾ ਸਭ ਤੋਂ ਅੱਛਾ ਰਸਤਾ ਨਹੀਂ ਅਪਣਾਇਆ। ਲੇਕਿਨ ਉਹ ਕਿਹੜੀ ਚੀਜ਼ ਸੀ ਜਿਸਨੇ ਉਹਨਾਂ ਨੂੰ ਮੌਜੂਦਾ ਸਮਾਜਕ ਵਿਵਸਥਾ ਦੇ ਖਿਲਾਫ਼ ਧਾਵਾ ਬੋਲਣ ਦੇ ਲਈ ਉਕਸਾਇਆ ? ਉਹ ਅਤੇ ਹਜ਼ਾਰਾਂ ਲੋਕੀਂ ਜੋ ਉਹਨਾਂ ਦੇ ਨਾਲ ਉੱਠ ਖੜੇ ਹੋਏ, ਬੁਰੇ ਆਦਮੀ ਤਾਂ ਨਹੀਂ ਸਨ, ਭ੍ਰਿਸ਼ਟ ਨਹੀਂ ਸਨ, ਖ਼ੂਨ ਦੇ ਪਿਆਸੇ ਨਹੀਂ ਸਨ, ਸੰਕੀਰਣ ਨਹੀਂ ਸਨ, ਅਪਰਾਧੀ ਨਹੀਂ ਸਨ, ਅਤੇ ਨਾ ਹੀ ਸਵਾਰਥੀ ਜਾਂ ਪਾਗਲ ਸਨ। ਤਾਂ ਫੇਰ ਉਹ ਕਿਹੜੀ ਚੀਜ਼ ਸੀ ਜਿਸਨੇ ਐਨੇ ਤਿੱਖੇ ਅਤੇ ਗੰਭੀਰ ਪ੍ਰਤੀਵਾਦ ਨੂੰ ਉਕਸਾਵਾ ਦਿੱਤਾ...... ?

ਕਿਸੇ ਨੇ ਵੀ ਇਸ ਸਰਲ ਸਿੱਧੀ ਗੱਲ ਵੱਲੀਂ ਗੌਰ ਨਹੀਂ ਕੀਤਾ ਕਿ ਮਨੁੱਖ ਆਪਣੇ ਆਪਨੂੰ ਕਿਸੇ ਵਿਰੋਧ ਦੇ ਵਾਸਤੇ ਬਿਨਾ ਇਸ ਵਿਸਵਾਸ਼ ਦੇ ਇਕਜੁੱਟ ਨਹੀਂ ਕਰਦੇ ਕਿ ਕੋਈ ਨਾ ਕੋਈ ਅਜਿਹੀ ਚੀਜ਼ ਹੈ ਜਿਸਦਾ ਉਹਨਾਂ ਨੇ ਵਿਰੋਧ ਕਰਨਾ ਹੈ ਅਤੇ ਕਿ ਕਿਸੇ ਵੀ ਸੰਗਠਿਤ ਸਮਾਜ ਵਿੱਚ ਵਿਆਪਕ ਵਿਰੋਧ ਇੱਕ ਅਜਿਹੀ ਚੀਜ਼ ਹੈ ਜੋ ਡੂੰਘੀ ਛਾਣਬੀਣ ਦੀ ਦਰਕਾਰ ਰੱਖਦੀ ਹੈ।

*– ਚਾਰਲਸ ਐਡਵਰਡ ਰਸੇਲ [1] (333)*

---

ਪੰਨਾ 24 (21)

---

## ਇਨਕਲਾਬੀ ਦੀ ਵਸੀਅਤ

"ਮੈਂ ਆਪਣੇ ਦੋਸਤਾਂ ਨੂੰ ਇਹ ਵੀ ਆਖਣਾ ਚਾਹੁੰਗਾ ਕਿ ਉਹ ਮੇਰੇ ਸੰਬੰਧ ਵਿੱਚ ਘੱਟ ਤੋਂ ਘੱਟ ਚਰਚਾ ਕਰਨਗੇ ਜਾਂ ਬਿਲਕੁਲ ਹੀ ਚਰਚਾ ਨਹੀਂ ਕਰਨਗੇ, ਕਿਉਂਕਿ ਜਦੋਂ ਆਦਮੀ ਦੀ ਤਾਰੀਫ਼ ਹੋਣ ਲੱਗਦੀ ਹੈ ਤਾਂ ਉਸਨੂੰ ਇਨਸਾਨ ਦੀ ਬਜਾਏ ਦੇਵਤਾ ਜਿਹਾ ਬਣਾ ਦਿੱਤਾ ਜਾਂਦਾ ਹੈ ਅਤੇ ਇਹ ਮਾਨਵਜਾਤੀ ਦੇ ਭਵਿੱਖ ਦੇ ਵਾਸਤੇ ਬਹੁਤ ਬੁਰੀ ਗੱਲ ਹੈ ---। ਸਿਰਫ਼ ਕਰਮਾਂ ਉੱਪਰ ਹੀ ਗੌਰ ਕਰਨਾ ਚਾਹੀਦਾ ਹੈ, ਉਹਨਾਂ ਦੀ ਹੀ ਤਾਰੀਫ਼ ਜਾਂ ਨਿੰਦਾ ਹੋਣੀ ਚਾਹੀਦੀ ਹੈ, ਚਾਹੇ ਉਹ ਕਿਸੇ ਵੱਲੋਂ ਵੀ ਕੀਤੇ ਗਏ ਹੋਣ, ਜੇਕਰ ਲੋਕਾਂ ਨੂੰ ਇਹਨਾਂ ਤੋਂ ਸਰਵਜਨਕ ਹਿੱਤ ਦੇ ਵਾਸਤੇ ਪ੍ਰੇਰਣਾ ਮਿਲਦੀ ਵਿਖਾਈ ਦੇਵੇ ਤਾਂ ਉਹ ਇਹਨਾਂ ਦੀ ਤਾਰੀਫ਼ ਕਰ ਸਕਦੇ ਹਨ, ਲੇਕਿਨ ਜੇ ਇਹ ਆਮ ਹਿੱਤ ਦੇ ਲਈ ਹਾਨੀਕਾਰਕ ਲੱਗਣ ਤਾਂ ਉਹ ਇਹਨਾਂ ਦੀ ਨਿੰਦਾ ਵੀ ਕਰ ਸਕਦੇ ਹਨ ਤਾਂ ਕਿ ਫੇਰ ਇਹਨਾਂ ਦੀ ਸੁਰਜੀਤੀ ਨਾ ਹੋ ਸਕੇ।

"ਮੈਂ ਚਾਹੁੰਗਾ ਕਿ ਕਿਸੇ ਵੀ ਅਵਸਰ ਤੇ, ਮੇਰੀ ਕਬਰ ਦੇ ਨੇੜੇ ਜਾਂ ਦੂਰ, ਕਿਸੇ ਵੀ ਕਿਸਮ ਦੇ ਰਾਜਨੀਤਕ ਜਾਂ ਧਾਰਮਕ ਪ੍ਰਦਰਸ਼ਨ ਨਾ ਕੀਤੇ ਜਾਣ, ਕਿਉਂਕਿ ਮੈਂ ਸਮਝਦਾ ਹਾਂ ਕਿ ਮਰੇ ਹੋਏ ਦੇ ਵਾਸਤੇ ਖਰਚ ਕੀਤੇ ਜਾਣ ਵਾਲੇ ਸਮੇਂ ਦਾ ਬਿਹਤਰ ਇਸਤੇਮਾਲ ਉਹਨਾਂ ਲੋਕਾਂ ਦੀਆਂ ਜੀਵਨ ਹਾਲਤਾਂ ਨੂੰ ਸੁਧਾਰਨ ਵਿੱਚ ਕੀਤਾ ਜਾ ਸਕਦਾ ਹੈ, ਜਿਹਨਾਂ ਵਿੱਚੋਂ ਬਥੇਰਿਆਂ ਨੂੰ ਇਸਦੀ ਭਾਰੀ ਲੋੜ ਹੈ।"

***– ਫਰਾਂਸਿਸਕੋ ਫੇਰੇਰ [2] ਦੀ ਵਸੀਅਤ***

***ਸਪੇਨੀ ਸਿਖਿਆ ਸ਼ਾਸ਼ਤਰੀ (1859-1909) ਜਿਸਨੂੰ ਧਰਮ ਪੁਰੋਹਿਤਾਂ ਵੱਲੋਂ ਬਾਰਸੀਲੋਨਾ ਦੰਗਿਆਂ ਦੇ ਬਾਦ ਵੈਰ ਭਾਵ ਤਹਿਤ ਇੱਕ ਸਾਜਿਸ਼ ਅਧੀਨ ਫਾਂਸੀ ਦੇ ਦਿੱਤੀ ਗਈ।***

---

*1. ਫਰੈਡਰਿਕ ਹੈਰਿਸਨ (1831-1923) : ਪ੍ਰਸਿੱਧ ਕਾਨੂੰਨਦਾਨ, ਇਤਿਹਾਸ, ਰਾਜਨੀਤੀ ਅਤੇ ਸਾਹਿੱਤ ਬਾਰੇ ਕਈ ਪੁਸਤਕਾਂ ਦਾ ਲੇਖਕ*

*2. ਥਾਮਸ ਜੇਫਰਸਨ (1743-1826) : ਅਮਰੀਕਾ ਦੇ ਤੀਜੇ ਰਾਸ਼ਟਰਪਤੀ ਅਮਰੀਕੀ ਸੁਤੰਤਰਤਾ ਸੰਗਰਾਮ ਦੇ ਆਗੂ ਨੇਤਾ ਅਤੇ ਸੰਵਿਧਾਨ ਨਿਰਮਾਤਾਵਾਂ ਵਿੱਚੋਂ ਪ੍ਰਮੁੱਖ*

*1. ਅਗਿਆਤ 2. ਪੂਰਾ ਨਾਮ ਫਰਾਂਸਿਸਕੋ ਫੇਰੇਰ ਗੁਆਰਦਿਯਾ (1859-1909) ਸਪੇਨੀ ਸਿੱਖਿਆ ਸ਼ਾਸ਼ਤਰੀ ਜੋ ਬਾਦ ਵਿੱਚ ਸਮਾਜਵਾਦੀ ਬਣ ਗਿਆ, ਬੇਸ਼ੱਕ ਉਸਨੇ ਹਿੰਸਾ ਦਾ ਵਿਰੋਧ ਕੀਤਾ ਸੀ, ਫਿਰ ਵੀ ਉਸਨੂੰ ਗਿਰਫ਼ਤਾਰ ਕਰਕੇ ਮੁਕੱਦਮਾ ਚਲਾਇਆ ਗਿਆ ਅਤੇ ਫਾਂਸੀ ਦੇ ਦਿੱਤੀ ਗਈ, ਜਿਸਨੂੰ ਬਾਦ ਵਿੱਚ "ਅਦਾਲਤੀ ਹੱਤਿਆ" ਨਾਮ ਦਿੱਤਾ ਗਿਆ।*

**ਦਾਨ :** "ਮੇਰੇ ਮਗਰ ਆਉ।" ਈਸਾ ਮਸੀਹ ਨੇ ਧਨੀ ਨੌਜਵਾਨ ਨੂੰ ਆਖਿਆ। ਲੇਕਿਨ ਆਪਣੇ ਕਾਰੋਬਾਰ ਵਿੱਚ ਲੱਗੇ ਰਹਿਣਾ ਅਤੇ ਆਪਣੀ ਕੁੱਲ ਦੌਲਤ ਨੂੰ ਦਾਨ-ਪੁੰਨ ਵਿੱਚ ਲਾਉਣਾ ਮੁਕਾਬਲਤਨ ਸੌਖਾ ਸੀ। ਪਰਉਪਕਾਰ ਹਰ ਇੱਕ ਯੁੱਗ ਦਾ ਚਲਣ ਰਿਹਾ ਹੈ, ਦਾਨ ਗਰੀਬੀ ਦੇ ਵਿਦਰੋਹੀ ਤੇਵਰ ਨੂੰ ਨਸ਼ਟ ਕਰ ਦਿੰਦਾ ਹੈ। ਇਸ ਕਰਕੇ ਪਰਉਪਕਾਰੀ ਧਨਵਾਨ ਆਦਮੀ ਆਪਣੇ ਹੀ ਢੰਗ ਨਾਲ ਦੌਲਤਮੰਦਾਂ ਦਾ ਹੀ ਹਿਤੈਸ਼ੀ ਹੁੰਦਾ ਹੈ ਅਤੇ ਉਹਨਾਂ ਦੀ ਅਹਿਸਾਨਮੰਦੀ ਮਹਿਸੂਸ ਕਰਦਾ ਹੈ, ਉਸਦੇ ਲਈ ਸੱਭਯ ਸਮਾਜ ਦੇ ਸਾਰੇ ਦਰਵਾਜ਼ੇ ਖੁੱਲੇ ਹੁੰਦੇ ਹਨ। ਇਸ ਵਾਸਤੇ ਉਹਨਾਂ ਨੇ (ਯਾਨੀ ਈਸਾ ਮਸੀਹ ਨੇ - ਸੰ.) ਭੀਖ ਦਾਨ ਨੂੰ ਸਮਾਜਕ ਕਾਇਆ ਦੇ ਡੂੰਘੇ ਜ਼ਖ਼ਮਾਂ ਦੀ ਮੱਲ੍ਹਮ ਪੱਟੀ ਦੇ ਰੂਪ ਵਿੱਚ ਪ੍ਰਵਾਨਗੀ ਦੇਣ ਤੋਂ ਇਨਕਾਰ ਕਰ ਦਿੱਤਾ। ਪਰਉਪਕਾਰ ਨੂੰ ਨਿਆਂ ਦੇ ਇੱਕ ਵਿਕਲਪ ਵਜੋਂ ਉਹਨਾਂ ਨੇ ਕਦੇ ਵੀ ਤਰਜੀਹ ਨਹੀਂ ਦਿੱਤੀ। { **ਪੰਨਾ** 25 (22) }

ਦਾਨ ਦੋਹਰਾ ਅਭਿਸ਼ਾਪ (ਸਰਾਪ) ਹੈ - ਇਹ ਦਾਤਾ ਨੂੰ ਸੰਕੀਰਣ ਤੰਗਦਿਲ ਅਤੇ ਪ੍ਰਾਪਤ ਕਰਤਾ ਨੂੰ ਨਰਮ ਦਿਲ ਬਣਾਉਂਦਾ ਹੈ। ਇਹ ਗਰੀਬਾਂ ਦਾ ਸੋਸ਼ਣ ਤੋਂ ਕਿਤੇ ਵੱਧ ਨੁਕਸਾਨ ਕਰਦਾ ਹੈ, ਕਿਉਂਕਿ ਇਹ ਉਹਨਾਂ ਨੂੰ ਲੁੱਟੇ ਜਾਣ ਦੇ ਇੱਛੁਕ ਬਣਾਉਂਦਾ ਹੈ। ਇਹ ਦਾਸ ਭਾਵਨਾ ਨੂੰ ਜਨਮ ਦਿੰਦਾ ਹੈ, ਜੋ ਨੈਤਿਕ ਆਤਮ ਹੱਤਿਆ ਹੀ ਹੈ। ਈਸਾ ਮਸੀਹ ਨੇ ਅਥਾਹ ਦੌਲਤ ਦੇ ਵਾਸਤੇ ਸਿਰਫ਼ ਇੱਕ ਹੀ ਇਜਾਜਤ ਦਿੱਤੀ ਸੀ ਅਤੇ ਉਹ ਇਹ ਸੀ ਕਿ ਉਸਨੂੰ ਇਨਕਲਾਬੀ ਪ੍ਰਚਾਰ ਦੇ ਵਾਸਤੇ ਸਮਰਪਿਤ ਕਰ ਦਿੱਤਾ ਜਾਵੇ, ਤਾਂਕਿ ਬਾਦ ਵਿੱਚ ਅਥਾਹ ਦੌਲਤ ਦਾ ਜਮ੍ਹਾਂ ਹੋਣਾ ਹੀ ਹਮੇਸ਼ਾ ਦੇ ਲਈ ਅਸੰਭਵ ਹੋ ਜਾਵੇ ------।

*- ਬੱਕ ਵਹਾਈਟ, ਪਾਦਰੀ ਜਨਮ 1870 ਯੂ.ਐਸ.ਏ. ਪੰ (353)*[1]

-------o-------

**ਮੁਕਤੀ - ਯੁੱਧ**

ਫੌਜਾਂ ਦੀ ਤਾਕਤ ਇੱਕ ਵਿਖਾਈ ਦੇਣ ਵਾਲੀ ਚੀਜ਼ ਹੈ
ਸਪੱਸ਼ਟ, ਅਤੇ ਦੇਸ਼ ਕਾਲ ਵਿੱਚ ਕੈਦ
ਲੇਕਿਨ ਕੌਣ ਖੋਜ ਸਕਦਾ ਹੈ ਉਸ ਸ਼ਕਤੀ ਦੀਆਂ ਸੀਮਾਵਾਂ ਨੂੰ
ਜਿਹਨਾਂ ਨੂੰ ਇੱਕ ਬਹਾਦਰ ਜਨਤਾ ਹੀ ਪ੍ਰਗਟ ਕਰ ਸਕਦੀ ਹੈ
ਜਾਂ ਚਾਹੇ ਤਾਂ, ਛਿਪਾ ਸਕਦੀ ਹੈ - ਮੁਕਤੀ ਯੁੱਧ ਵਿੱਚ
ਭੜਕ ਉੱਠੇ ਨਿਆਂ ਸੰਗਤ ਪ੍ਰਤੀਰੋਧ ਦਾ - ਕੋਈ ਪੈਰ ਪਿੱਛਾ ਨਹੀਂ ਕਰ ਸਕਦਾ
ਕੋਈ ਅੱਖ ਨਹੀਂ ਵੇਖ ਸਕੀ ਉਸ ਜਾਨਲੇਵਾ ਜਗਾਹ ਨੂੰ
ਇੱਕ ਤਾਕਤ ਚਾਹੇ ਤਾਂ ਉਡਾਣ ਭਰੇ ਖੰਭ ਲਗਾਕੇ
ਪ੍ਰਚੰਡ ਵਾਯੂ ਦੀ ਭਾਂਤਿ, ਜਾਂ ਸੌਵੇਂ ਮੰਦ ਵਾਯੂ ਦੀ ਭਾਂਤਿ
ਆਪਣੀ ਡਰੌਣੀਆਂ ਗੁਫ਼ਾਵਾਂ ਵਿੱਚ - ਸਾਲ - ਦਰ ਸਾਲ
ਫੈਲਾਉਂਦੀ ਮਿੱਟੀ ਤੋਂ ਜਨਮੇ ਇਸ ਵਿਚਾਰ ਨੂੰ - ਨੇੜੇ ਤੋਂ ਦੂਰ
ਨਹੀਂ ਨੂੜ ਸਕਦੀ ਕੋਈ ਵੀ ਕਲਾ - ਇਸ ਸੂਖਮ ਤਾਕਤ ਨੂੰ
ਜੋ ਫੁੱਟਦੀ ਧਰਤੀ 'ਚੋਂ ਜਲਧਾਰਾ ਦੀ ਭਾਂਤਿ

*1. ਵਿਵਰਣ ਉਪਲੱਬਧ ਨਹੀਂ।*

ਅਤੇ ਪਾ ਲੈਂਦੀ ਹਰ ਕੋਨੇ ਵਿੱਚ ਇੱਕ ਹੋਂਠ
ਜੋ ਇਸਦੀ ਕਦਰ ਕਰੇ।

*- ਡਬਲਯੂ ਵਰਡਸਵਰਥ*[1]

ਪੰਨਾ 26 (23)

**ਲਾਈਟ ਬ੍ਰਿਗੇਡ ਦਾ ਧਾਵਾ**

ਅਧੀ ਲੀਗ ਅੱਧੀ ਲੀਗ
ਅੱਧੀ ਲੀਗ ਹੋਰ,
ਮੌਤ ਦੀ ਘਾਟੀ ਵਿੱਚ
ਕੂਚ ਕਰ ਚਲੇ ਛੇ ਸੌ ਵੀਰ।
ਵਧੇ ਚਲੋ ਲਾਈਟ ਬ੍ਰਿਗੇਡ
ਭਰ ਲੋ ਬੰਦੂਕਾਂ। ਉਹ ਗਰਜਿਆ
ਮੌਤ ਦੀ ਘਾਟੀ ਵਿੱਚ
ਕੂਚ ਕਰ ਚਲੇ ਛੇ ਸੌ ਵੀਰ।
ਵਧੇ ਚਲੋ ਲਾਈਟ ਬਿੰਗੇਡ
ਕੀ ਕੋਈ ਘਬਰਾਇਆ ਸੀ ?
ਨਹੀਂ ਕਿਉਂਕਿ ਪਤਾ ਸੀ ਸੈਨਿਕਾਂ ਨੂੰ
ਕਿਸੇ ਨੇ ਕਰ ਦਿੱਤੀ ਸੀ ਭਾਰੀ ਭੁੱਲ,
ਉਹਨਾਂ ਦਾ ਕੰਮ ਨਹੀਂ ਸੀ ਉੱਤਰ ਦੇਣਾ,
ਉਹਨਾਂ ਦਾ ਕੰਮ ਨਹੀਂ ਸੀ ਸਵਾਲ ਪੁੱਛਣਾ,
ਉਹਨਾਂ ਨੇ ਤਾਂ ਸੀ ਬੱਸ ਲੜਨਾ ਅਤੇ ਮਰ ਜਾਣਾ
ਮੌਤ ਦੀ ਘਾਟੀ ਵਿੱਚ
ਕੂਚ ਕਰ ਚਲੇ ਛੇ ਸੌ ਵੀਰ
ਤੋਪਾਂ ਉਹਨਾਂ ਦੇ ਸੱਜੇ ਬਾਜੂ
ਤੋਪਾਂ ਉਹਨਾਂ ਦੇ ਖੱਬੇ ਬਾਜੂ
ਤੋਪਾਂ ਉਹਨਾਂ ਦੇ ਐਨ ਸਾਹਮਣੇ
ਦਗਦੀਆਂ ਅਤੇ ਗਰਜਦੀਆਂ ;
ਗੋਲਾਬਾਰੀ ਦੇ ਝੱਖੜ ਅੰਦਰ
ਵੱਧ ਚਲੇ ਨਿੱਡਰ ਉਹ ਸਿੱਧੇ
ਮੌਤ ਦੇ ਜਬਾੜ੍ਹਿਆਂ ਵਿੱਚ
ਨਰਕ ਦੇ ਮੂੰਹ ਦੇ ਅੰਦਰ
ਕੂਚ ਕਰ ਚੱਲੇ ਛੇ ਸੌ ਵੀਰ।

*1. ਵਿਲੀਅਮ ਵਰਡਜ਼ਵਰਥ (1750-1850) : ਪ੍ਰਸਿੱਧ ਅੰਗਰੇਜ਼ ਕਵੀ*

ਚਮਕਾਉਂਦੇ ਸਭ ਨੰਗੀਆਂ ਤਲਵਾਰਾਂ
ਹਵਾ ਵਿੱਚ ਜਦੋਂ ਉਹਨਾਂ ਨੂੰ ਲਹਿਰਾਉਂਦੇ
ਵੱਢਦੇ ਜਾਂਦੇ ਤੋਪਚੀਆਂ ਨੂੰ
ਧਾਵਾ ਕਰਦੇ ਸੈਨਾ ਉੱਪਰ, ਜਦ ਕਿ
ਸਾਰੀਆ ਦੁਨੀਆਂ ਚਕਰਾਉਂਦੀ,

ਪੰਨਾ 27 (24)

ਭਿੜ ਪਏ ਤੋਪ ਦੇ ਧੂੰਏਂ ਵਿੱਚ
ਵਧ ਚਲੇ ਤੋੜਕੇ ਮੋਰਚਾ
ਕੱਜ਼ਾਕ ਅਤੇ ਰੂਸੀ ਸਿਪਾਹੀ
ਖਾ ਕੇ ਤਲਵਾਰਾਂ ਦੇ ਫੱਟ
ਭਿੰਨ-ਭਿੰਨ ਹੋ ਜਾਂਦੇ।
ਤੋਪਾਂ ਉਹਨਾਂ ਦੇ ਸੱਜੇ ਬਾਜੂ
ਤੋਪਾਂ ਉਹਨਾਂ ਦੇ ਖੱਬੇ ਬਾਜੂ
ਤੋਪਾਂ ਉਹਨਾਂ ਦੀ ਪਿੱਠ ਦੇ ਪਿੱਛੇ
ਦਗਦੀਆਂ ਅਤੇ ਗਰਜਦੀਆਂ,
ਗੋਲਾਬਾਰੀ ਦੇ ਝੱਖੜ ਵਿੱਚ
ਭਾਵੇਂ ਡਿੱਗੇ ਘੋੜੇ ਅਤੇ ਨਾਇਕ
ਫੇਰ ਐਨਾ ਵਧੀਆ ਜੂਝੇ
ਕਿ ਹੋ ਕੇ ਮੌਤ ਦੇ ਜ਼ਬਾੜਿਆਂ ਤੱਕ
ਪਰਤੇ ਉਹ ਨਰਕ ਦੇ ਮੂੰਹੋਂ
ਜੋ ਵੀ ਸਨ ਬਚੇ ਰਹਿ ਗਏ
ਛੇ ਸੌ ਵਿੱਚੋਂ ਬਚੇ ਰਹਿ ਗਏ।
ਕਦੋਂ ਹੋ ਸਕਦੈ ਘਸਮੈਲਾ ਉਹਨਾਂ ਦਾ ਜੱਸ ?
ਹਾਏ ! ਉਹ ਉਹਨਾਂ ਦੀ ਬੁਲੰਦ ਚੜ੍ਹਾਈ!
ਸਾਰੀ ਦੁਨੀਆ ਚਕਰਾਉਂਦੀ।
ਆਦਰ, ਉਸ ਹਮਲੇ ਨੂੰ
ਆਦਰ, ਲਾਈਟ ਬ੍ਰਿਗੇਡ ਨੂੰ
ਸ਼੍ਰੇਸ਼ਟ ਛੇ ਸੌ ਵੀਰਾਂ ਨੂੰ

*– ਲਾਰਡ ਟੈਨੀਸਨ* [1]

*1. ਲਾਰਡ ਟੈਨੀਸਨ (1809–1897) : ਪ੍ਰਸਿੱਧ ਅੰਗਰੇਜ਼ ਰਾਸ਼ਟਰਵਾਦੀ ਕਵੀ*

ਨੋਟ : ਪੰਨਾ 27 (24) ਦੇ ਅੰਤ ਵਿੱਚ ਇਹ ਤਿੰਨ ਸ਼ੇਅਰ ਉਰਦੂ ਵਿੱਚ ਲਿਖੇ ਹੋਏ ਹਨ। ਇਹ ਕਿਸ ਸ਼ਾਇਰ ਦੇ ਹਨ, ਇਹ ਸਪੱਸ਼ਟ ਨਹੀਂ ਹੈ। ਹੇਠਾਂ ਇਹ ਸ਼ੇਅਰ ਦੇਵਨਾਗਰੀ ਵਿੱਚ ਪ੍ਰਸਤੁਤ ਹਨ :

*ਦਿਲ ਦੇ ਤੂ ਇਸ ਮਿਜ਼ਾਜ ਕਾ ਪਰਵਰ ਦਿਗਾਰ ਦੇ*
*ਜੋ ਗ਼ਮ ਦੀ ਘੜੀ ਕੋ ਭੀ ਖੁਸ਼ੀ ਸੇ ਗੁਜ਼ਾਰ ਦੇ*
-------o-------
*ਸਜ਼ਾ ਕਰ ਮੱਯਤ-ਏ-ਉਮੀਦ ਨਾਕਾਮੀ ਨੇ ਫੂਲੋਂ ਸੇ*
*ਕਿਸੀ ਹਮਦਰਦ ਨੇ ਰਖਦੀ ਮੇਰੇ ਟੂਟੇ ਹੂਏ ਦਿਲ ਮੇਂ।*
-------o-------
*ਛੇੜ ਨਾ ਐ ਫਰਿਸ਼ਤੇ! ਤੂ ਜ਼ਿਕਰੇ ਗ਼ਮੇ-ਜਾਨਾਂ।*
*ਕਿਉਂ ਯਾਦ ਦਿਲਾਤੇ ਹੋ ਭੂਲਾ ਹੂਆ ਅਫ਼ਸਾਨਾ।*
-------o-------

ਪੰਨਾ 28 (25)

**ਜਨਮ ਸਿੱਧ ਅਧਿਕਾਰ :**

ਅਸੀਂ ਸਪੂਤ ਹਾਂ ਉਹਨਾਂ ਪਿੱਤਰਾਂ ਦੇ ਜਿਹਨਾਂ ਨੱਕੀਂ ਚਣੇ ਚਬਾਏ ਸਨ
ਤਖ਼ਤਾਂ-ਤਾਜ਼ਾਂ ਅਤੇ ਜ਼ੋਰਾਵਰ ਦੇ ਅੱਤਿਆਚਾਰ ਨੂੰ,
ਉਹਨਾਂ ਵੰਗਾਰਿਆ ਸੀ ਮੈਦਾਨੇ-ਜੰਗ 'ਚੋਂ ਅਤੇ ਫਾਂਸੀ ਦੇ ਤਖ਼ਤੇ ਤੋਂ
ਆਪਣੇ ਜਨਮ-ਸਿੱਧ ਅਧਿਕਾਰ ਦੇ ਲਈ ਅਸੀਂ ਵੀ ਇਹੋ ਹੀ ਕਰਾਂਗੇ!

*(ਜੇ. ਕੈਂਪਬੈਲ)*[2]

-------o-------

**ਉਦੇਸ਼ ਦੀ ਮਹਿਮਾ :**

ਅਰੇ! ਬੇਕਾਰ ਦੀ ਨਫ਼ਰਤ ਦੇ ਵਾਸਤੇ ਨਹੀਂ,
ਨਾ ਸਨਮਾਨ ਦੇ ਲਈ, ਨਾ ਹੀ ਆਪਣੀ ਬੱਲੇ-ਬੱਲੇ ਵਾਸਤੇ,
ਬਲਕਿ ਉਦੇਸ਼ ਦੀ ਮਹਿਮਾ ਦੇ ਵਾਸਤੇ,
ਕੀਤਾ ਜੋ ਤੁਸੀਂ, ਭੁਲਾਇਆ ਨਹੀਂ ਜਾਊਗਾ।

*(ਆਰਥਲ ਕਲਾਗ)*[3]

-------o-------

**ਆਤਮਾ ਦੀ ਅਮਰਤਾ :**

ਜੇ ਤੁਹਾਨੂੰ ਕੋਈ ਅਜਿਹਾ ਆਦਮੀ ਮਿਲ ਜਾਵੇ ਜੋ ਅਮਰਤਾ ਵਿੱਚ ਵਿਸਵਾਸ਼ ਰੱਖਦਾ ਹੋਵੇ, ਤਾਂ ਬੱਸ ਸਮਝ ਲਵੋ ਕਿ ਹੁਣ ਤੁਹਾਡੀ ਕੋਈ ਵੀ ਤਮੰਨਾ ਬਾਕੀ ਨਹੀਂ ਰਹਿ ਜਾਏਗੀ, ਤੁਸੀਂ ਉਸਦੀਆਂ ਸਾਰੀਆਂ ਚੀਜ਼ਾਂ ਲੈ ਸਕਦੇ ਹੋ - ਜੇ ਤੁਸੀਂ ਚਾਹੋ ਤਾਂ ਜਿਉਂਦੇ ਜੀ ਉਸਦੀ ਖੱਲ੍ਹ ਲਾਹ ਸਕਦੇ ਹੋ - ਅਤੇ ਉਹ ਇਸਨੂੰ ਇਕਦਮ ਖੁਸ਼ੀ ਖੁਸ਼ੀ ਲਾਹੁਣ ਦੇਵੇਗਾ।

*(ਅਪਟਨ ਸਿਨਕਲੇਅਰ 403) ਸੀ.ਜੀ.*[4]

-------o-------

**ਖੁਦਾਈ ਅੱਤਿਆਚਾਰੀ**

ਇਕ ਜ਼ਾਲਮ ਸ਼ਾਸਕ ਦੇ ਵਾਸਤੇ ਜ਼ਰੂਰੀ ਹੈ ਕਿ ਉਹ ਜ਼ਾਹਿਰਾ ਤੌਰ ਤੇ ਧਰਮ ਵਿੱਚ ਅਸਾਧਾਰਣ ਆਸਥਾ ਵਿਖਾਵੇ। ਲੋਕੀਂ ਇੱਕ ਅਜਿਹੇ ਸ਼ਾਸ਼ਕ ਦੇ ਦੁਰਵਿਹਾਰ ਦੇ ਪ੍ਰਤੀ ਘੱਟ ਸੁਚੇਤ ਹੁੰਦੇ ਹਨ, ਜਿਸਨੂੰ ਉਹ ਰੱਬ ਤੋਂ ਡਰਨ ਵਾਲਾ ਅਤੇ ਪਵਿੱਤਰ ਮੰਨਦੇ ਹਨ ਦੂਜੇ ਉਹ

1. *ਅੰਗਰੇਜ਼ੀ ਵਿੱਚ ਸ਼ਬਦ ਸਪਸ਼ਟ ਨਹੀਂ*
2. *ਸੰਭਾਵਤ : **ਆਇਰਸ਼ ਕਵੀ ਜੋਸੇਫ਼ ਕੈਂਪਬੇਲ** (1879-1944)*
3. ***ਆਰਥਰ ਹਜ ਕਲਾਗ** (1819-1861) : ਇੱਕ **ਅੰਗਰੇਜ਼** ਕਵੀ*
4. *ਸੰਭਾਵਤ : "ਕਰਾਈ ਫਾਰ ਜਸਟਿਸ" ਦਾ ਸੰਖੇਪ*

ਸੌਖਿਆਂ ਉਸਦੇ ਵਿਰੋਧ ਵਿੱਚ ਨਹੀਂ ਉੱਠਦੇ, ਕਿਉਂਕਿ ਉਹਨਾਂ ਨੂੰ ਵਿਸ਼ਵਾਸ਼ ਰਹਿੰਦਾ ਹੈ ਕਿ ਦੇਵਤੇ ਵੀ ਸਾਸ਼ਕ (ਰਾਜੇ) ਦੇ ਨਾਲ ਹਨ।[1]

ਪੰਨਾ 29 (26)

**ਸੈਨਿਕ ਅਤੇ ਚਿੰਤਨ :**

"ਜੇ ਮੇਰੇ ਸੈਨਿਕ ਸੋਚਣਾ ਸ਼ੁਰੂ ਕਰ ਦੇਣ, ਤਾਂ ਫੇਰ ਉਹਨਾਂ ਵਿੱਚੋਂ ਕੋਈ ਵੀ ਫੌਜ ਵਿੱਚ ਨਹੀਂ ਰਹੂਗਾ।"

*(ਫਰੈਡਰਿਕ ਮਹਾਨ)*[2] *562*

-------o-------

**ਮਰੇ ਸੋ ਸ੍ਰੇਸ਼ਟ ਸੂਰੇ :**

ਮਾਰੇ ਗਏ ਨੇ ਸਰਵ ਸ੍ਰੇਸ਼ਟ ਸੂਰੇ, ਦੱਬ ਦਿੱਤੇ ਗਏ ਨੇ ਉਹ
    ਚੁੱਪ-ਚੁਪੀਤੇ, ਇੱਕ ਰੋਹੀ ਬੀਆਬਾਨ ਦੇ ਅੰਦਰ,
ਹੰਝੂ ਕੋਈ ਨਹੀਂ ਵਗੇ ਉਹਨਾਂ ਦੀ ਖਾਤਿਰ
ਬੇਗਾਨੇ ਹੱਥਾਂ ਨੇ ਉਹਨਾਂ ਨੂੰ ਪੁਚਾ ਦਿੱਤਾ ਕਬਰਾਂ ਦੇ ਅੰਦਰ,
ਕੋਈ ਸਲੀਬ ਨਹੀਂ, ਨਹੀਂ ਕੋਈ ਚੌਂਕ, ਕੋਈ ਸਮਾਧੀ ਲੇਖ ਨਹੀਂ,
    ਜੋ ਦੱਸ ਸਕੇ ਉਹਨਾਂ ਦੇ ਗੌਰਵਸ਼ਾਲੀ ਨਾਮ।
ਘਾਹ ਉੱਗ ਰਹੀ ਹੈ ਉਹਨਾਂ ਉੱਤੇ, ਇੱਕ ਮਰੀਅਲ ਜਿਹੀ ਪੱਤੀ
    ਝੁਕੀ ਹੋਈ, ਜਾਣਦੀ ਹੈ ਇਸ ਰਹੱਸ ਨੂੰ,
ਬੱਸ ਇਕ ਮਾਤਰ ਗਵਾਹ ਸਨ ਸ਼ੂਕਦੀਆਂ ਲਹਿਰਾਂ
    ਜੋ ਪ੍ਰਚੰਡ ਵਾਰ ਕਰਦੀਆਂ ਨੇ ਤਟ ਉੱਤੇ,
ਲੇਕਿਨ ਉਹ ਪ੍ਰਚੰਡ ਲਹਿਰਾਂ ਵੀ ਨਹੀਂ ਪੁਚਾ ਸਕਦੀਆਂ
    ਅਲਵਿਦਾ ਦੇ ਸੰਦੇਸ਼
        ਉਹਨਾਂ ਦੇ ਦੂਰ ਦੁਰੇਡੇ ਘਰਾਂ ਤੱਕ।

*(ਵੀ.ਐਨ. ਫਿਗਨਰ)*[3]

-------o-------

**ਕੈਦਖਾਨਾ :**

"ਤਾਰ ਨਹੀਂ, ਦੇਸ਼ ਨਹੀਂ, ਕਾਲ ਨਹੀਂ
ਠਹਰਾਵ ਨਹੀਂ, ਬਦਲਾਵ ਨਹੀਂ, ਨੇਕੀ ਨਹੀਂ, ਬਦੀ ਨਹੀਂ

1. *ਪੰਨੇ ਦਾ ਕੋਨਾ ਫਟਿਆ ਹੋਣ ਕਾਰਨ ਸਰੋਤ ਦਾ ਪਤਾ ਨਹੀਂ*
2. *ਪ੍ਰਸ਼ਾ ਦਾ ਫਰੈਡਰਿਕ (1712-1786) : ਜ਼ਾਲਮ ਤਾਨਾਸ਼ਾਹ ਸ਼ਾਸਕ ਦੇ ਤੌਰ ਤੇ ਵਿਖਿਆਤ*
3. *ਵੇਰਾ ਨਿਕੋਲਾਇਏਨਾ ਫਿਗਨਰ (1835-1942) : ਰੂਸੀ ਮਹਿਲਾ ਇਨਕਲਾਬਣ ਅਤੇ ਸ਼ਹੀਦ, ਜ਼ਾਰਸ਼ਾਹੀ ਦੇ ਵਿਰੁੱਧ ਯੁੱਧ ਦਾ ਐਲਾਨ ਕਰਨ ਵਾਲੀਆਂ ਪਹਿਲੀਆਂ ਔਰਤਾਂ ਵਿੱਚੋਂ ਇੱਕ*

ਬਲਕਿ ਚੁੱਪ ਚਾਂਦ, ਅਤੇ ਇੱਕ ਬੇਜਾਨ ਸਾਹ
ਜੋ ਨਾ ਜੀਵਨ ਦੀ, ਨਾ ਮੌਤ ਦੀ

*(ਦਾ ਪ੍ਰਿਜਨਰ ਆਫ਼ ਚਿਲੋਨ)*[1]

ਪੰਨਾ 30 (27)

**ਦੋਸ਼-ਸਿੱਧ ਹੋ ਜਾਣ ਦੇ ਬਾਦ :**

ਆਪਣੀ ਸਜ਼ਾ ਸੁਣ ਲੈਣ ਦੇ ਫੌਰਨ ਬਾਦ ਦੇ ਪਲਾਂ ਵਿੱਚ ਸਜ਼ਾ ਦੇ ਲਈ ਦੋਸ਼ੀ ਵਿਅਕਤੀ ਦਾ ਦਿਮਾਗ ਕਈ ਮਾਅਨਿਆਂ ਵਿੱਚ ਉਸ ਆਦਮੀ ਦੇ ਦਿਮਾਗ ਵਰਗਾ ਹੋ ਜਾਂਦਾ ਹੈ ਜੋ ਮੌਤ ਦੇ ਕੰਢੇ ਤੇ ਝੂਲ ਰਿਹਾ ਹੁੰਦਾ ਹੈ। ਚੁੱਪ-ਚਾਪ, ਅਤੇ ਸਮਝੋ ਅੰਤਰ ਪ੍ਰੇਰਿਤ ਹੋ ਕੇ, ਹੁਣ ਉਹ ਉਹਨਾਂ ਸਭ ਚੀਜਾਂ ਤੋਂ ਨਿਰਮੋਹੀ ਹੋ ਜਾਂਦਾ ਹੈ ਜਿਹਨਾਂ ਨੂੰ ਉਸਨੇ ਛੱਡ ਕੇ ਜਾਣਾ ਹੈ ਅਤੇ ਉਹ ਦ੍ਰਿੜ-ਚਿੱਤ ਨਾਲ, ਆਪਣੇ ਸਾਹਮਣੇ ਵੇਖਦਿਆਂ ਹੋਇਆਂ, ਉਸ ਸੱਚਾਈ ਦੇ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਹੋ ਜਾਂਦਾ ਹੈ, ਜੋ ਲਾਜ਼ਮੀ ਹੀ ਵਾਪਰਨ ਵਾਲੀ ਹੁੰਦੀ ਹੈ।

*(ਵੀ.ਐਨ.ਫਿਗਨਰ)*

-------o-------

**ਕੈਦੀ :** "ਘੁਟਣ ਹੁੰਦੀ ਹੈ ਇਸ ਨੀਵੀ, ਗੰਦੀ ਛੱਤ ਦੇ ਹੇਠਾਂ,
ਨੁੱਚੜਦੀ ਜਾ ਰਹੀ ਹੈ ਮੇਰੀ ਤਾਕਤ ਸਾਲ ਦਰ ਸਾਲ,
ਉਤਪੀੜਤ ਕਰਦੇ ਨੇ ਮੈਨੂੰ - ਇਹ ਪਥਰੀਲਾ ਫ਼ਰਸ਼,
ਇਹ ਲੋਹੇ ਦੀਆਂ ਜੰਜ਼ੀਰਾਂ ਨਾਲ ਬੰਨ੍ਹੀ ਮੇਜ਼,
ਇਹ ਮੰਜੀ, ਇਹ ਕੁਰਸੀ ਜਕੜੀ ਹੋਈ ਜੰਜ਼ੀਰਾਂ ਵਿੱਚ
ਕੰਧ ਦੇ ਨਾਲ, ਤਾਬੂਤ ਦੇ ਪੱਟੜਿਆਂ ਦੀ ਭਾਂਤਿ,
ਇਸ ਚਿਰ ਸਥਾਈ ਲਾਚਾਰ ਮੁਰਦਾ ਖਾਮੋਸ਼ੀ ਅੰਦਰ
ਖੁਦ ਨੂੰ ਬਸ ਇੱਕ ਲਾਸ਼ ਹੀ ਸਮਝਿਆ ਜਾ ਸਕਦਾ ਹੈ।"

*"ਐਨ.ਏ.ਮੋਰੋਜ਼ੋਵ"* [2]

-------o-------

*1. ਪ੍ਰਸਿੱਧ ਅੰਗਰੇਜ਼ ਕਵੀ ਲਾਰਡ ਬੈਰਨ (1788-1824) ਦੀ ਇਸ ਕਵਿਤਾ ਵਿੱਚ ਜੇਨੇਵਾ ਝੀਲ ਦੇ ਕੋਲੇ ਚਿਲੋਨ ਦੇ ਕਿਲੇ ਵਿੱਚ ਕੈਦ ਇੱਕ ਦੇਸ਼ ਭਗਤ ਫ੍ਰਾਂਸਵਾ ਦੀ ਬੋਨਿਵਾਰ ਦੇ ਜੇਲ੍ਹ-ਜੀਵਨ ਦਾ ਵਰਨਣ ਕੀਤਾ ਗਿਆ ਹੈ।*

*2. ਨਿਕੋਲਾਈ ਅਲੈਕਜਾਂਦਰ ਮੋਰੋਜ਼ੋਵ (1854-1946) : ਰੂਸੀ ਇਨਕਲਾਬੀ ਲੇਖਕ, ਕਵੀ ਅਤੇ ਵਿਗਿਆਨਕ, 1880 ਵਿੱਚ ਲੰਡਨ ਵਿੱਚ ਮਾਰਕਸ ਨਾਲ ਮੁਲਾਕਾਤ ਅਤੇ ਕਮਿਊਨਿਸਟ ਘੋਸ਼ਣਾ ਪੱਤਰ ਦੇ ਰੂਸੀ ਵਿੱਚ ਅਨੁਵਾਦ ਦੀ ਜ਼ੁੰਮੇਵਾਰੀ , 1875 ਤੋਂ 1878 ਤੱਕ, ਅਤੇ 1881 ਤੋਂ 1905 ਤੱਕ, ਕਰੀਬ 25 ਸਾਲਾਂ ਦੀ ਜੇਲ ਸਜ਼ਾ ਦੌਰਾਨ ਰਸਾਇਣ ਵਿਗਿਆਨ, ਭੌਤਿਕੀ ਗਣਿਤ ਅਤੇ ਖਗੋਲ ਵਿਗਿਆਨ ਬਾਰੇ 28 ਪੁਸਤਕਾਂ ਦੇ ਇਲਾਵਾ ਕਵਿਤਾਵਾਂ ਅਤੇ ਕਹਾਣੀਆਂ ਵੀ ਲਿਖੀਆਂ।*

ਨੰਗੀਆਂ ਦੀਵਾਰਾਂ, ਜੇਲ੍ਹ ਦੇ ਖਿਆਲਾਤ
ਕਿੰਨੇ ਅੰਧਿਆਰੇ ਅਤੇ ਉਦਾਸ ਹੋ ਤੁਸੀਂ
ਕਿੰਨਾ ਮੁਸ਼ਕਲ ਹੈ ਕਿ ਕੈਦੀ ਬਣ ਬੇਹਰਕਤ ਰਹਿਣਾ,
ਅਤੇ ਵੇਖਣੇ ਸੁਫ਼ਨੇ ਆਜ਼ਾਦੀ ਦੇ ਦਿਨਾਂ ਦੇ।

*(ਮੋਰੋਜ਼ੋਵ)*

-------o-------

ਪੰਨਾ 31 (28)

ਹਰੀ ਚੀਜ਼ ਏਥੇ ਹੈ ਕਿੰਨੀ ਖਾਮੋਸ਼, ਬੇਜ਼ਾਨ, ਫਿੱਕੀ
ਸਾਲ ਗੁਜ਼ਰ ਜਾਂਦੇ ਨੇ ਉਂਝ ਹੀ, ਕੁੱਝ ਪਤਾ ਨਹੀਂ ਲੱਗਦਾ,
ਹਫ਼ਤੇ ਅਤੇ ਦਿਨ ਲੰਘਦੇ ਨੇ ਬਹੁਤ ਮੁਸ਼ਕਲ ਦੇ ਨਾਲ,
ਦਿੰਦਾ ਹੈ ਸਿਰਫ਼ ਬੋਰੀਅਤ ਇਹਨਾਂ ਦਾ ਇਹ ਸਿਲਸਿਲਾ।

*(ਮੋਰੋਜ਼ੋਵ)*

-------o-------

ਲੰਬੀ ਕੈਦ ਨਾਲ ਸਾਡੇ ਖ਼ਿਆਲ ਬਣ ਜਾਂਦੇ ਨੇ ਮਨਹੂਸ,
ਭਾਰੀਪਣ ਮਹਿਸੂਸ ਹੁੰਦਾ ਹੈ ਸਾਡੀਆਂ ਹੱਡੀਆਂ ਵਿੱਚ,
ਤਸੀਹਿਆਂ ਦੀ ਟੀਸ ਨਾਲ, ਲਮਹੇ ਲੱਗਦੇ ਨੇ ਅੰਤਹੀਣ,
ਚਾਰ ਡਗ ਚੌੜੀ ਇਸ ਕੋਠੜੀ ਵਿੱਚ।

-------o-------

ਅਸੀਂ ਜਿਉਣਾ ਹੈ ਪੂਰੀ ਤਰ੍ਹਾਂ ਆਪਣੇ ਹਮਸਫ਼ਰ ਭਾਈਆਂ ਦੀ ਖਾਤਿਰ,
ਸਾਨੂੰ ਦੇਣਾ ਹੋਊਗਾ ਆਪਣਾ ਸਭ ਹੀ ਕੁਝ ਉਹਨਾਂ ਦੀ ਖਾਤਿਰ,
ਅਤੇ ਉਹਨਾਂ ਦੀ ਹੀ ਖਾਤਿਰ ਲੜਨਾ ਹੋਊਗਾ ਬਦਨਸੀਬੀ ਦੇ ਖਿਲਾਫ਼!
..... ..... .....

*(ਮੋਰੋਜ਼ੋਵ)*

*1. ਮੂਲ ਉਰਦੂ ਵਿੱਚ ਇਹ ਸ਼ੇਅਰ ਲਿਖਿਆ ਹੋਇਆ ਹੈ :*
*ਤੁਝੇ ਜਬਹ ਕਰਨੇ ਦੀ ਖੁਸ਼ੀ, ਮੁਝੇ ਮਰਨੇ ਦਾ ਸ਼ੌਂਕ,*
*ਮੇਰੀ ਭੀ ਮਰਜ਼ੀ ਵਹੀ ਹੈ, ਜੋ ਮੇਰੇ ਸੈਯਾਦ ਕੀ ਹੈ।*

## ਆਏ ਮੈਨੂੰ ਆਜ਼ਾਦ ਕਰਨ :

ਆਖਿਰ ਲੋਕ ਆਏ ਮੈਨੂੰ ਆਜ਼ਾਦ ਕਰਨ
ਮੈਂ ਨਹੀਂ ਪੁੱਛਿਆ ਕਿਉਂ ਅਤੇ ਨਾ ਸੋਚਿਆ ਕਿੱਥੇ
ਮੇਰੇ ਲਈ ਤਾਂ ਕੁੱਲ ਮਿਲਾਕੇ ਇਕ ਹੀ ਸੀ
ਬੰਨ੍ਹੇ ਰਹਿਣਾ ਜਾਂ ਬੰਧਨ ਮੁਕਤ ਹੋਣਾ,
ਮੈਂ ਨਿਰਾਸ਼ਾ ਨਾਲ ਪਿਆਰ ਕਰਨਾ ਸਿੱਖ ਲਿਆ ਸੀ,
ਅਤੇ ਇਸ ਤਰ੍ਹਾਂ ਆਖ਼ਿਰ ਜਦੋਂ ਉਹ ਪ੍ਰਗਟ ਹੋਏ
ਅਤੇ ਲਾਹ ਸੁੱਟੇ ਮੇਰੇ ਸਾਰੇ ਬੰਧਨ,
ਇਹ ਭਾਰੀ ਦੀਵਾਰਾਂ ਬਣ ਚੁੱਕੀਆਂ ਸਨ ਮੇਰੇ ਵਾਸਤੇ,
ਇੱਕ ਸੰਨਿਆਸ ਆਸ਼ਰਮ ਪੂਰੀ ਤਰ੍ਹਾਂ ਆਪਣਾ।

*(ਦਾ ਪ੍ਰਿਜਨਰ ਆ.ਫ ਚਿਲੋਨ)*

---

ਪੰਨਾ 32 (29)

---

"ਅਤੇ ਅਸੀਂ ਸਨਮਾਨਤ ਕੀਤੇ ਗਏ ਹਾਂ ਇੱਕ ਮਿਸ਼ਨ ਦੇ ਕੇ!
ਅਸੀਂ ਇੱਕ ਕਠਨ ਸਕੂਲ ਪਾਸ ਕੀਤਾ ਹੈ, ਲੇਕਿਨ ਹਾਸਲ ਕਰ ਲਿਆ
ਉੱਚਾ ਗਿਆਨ।
ਜੇਲ੍ਹ, ਅਤੇ ਮੁਸ਼ਕਲ ਦਿਨਾਂ ਦੀ ਬਦੌਲਤ
ਅਸੀਂ ਜਾਣ ਗਏ ਹਾਂ ਅਤੇ ਮੁੱਲ ਸਮਝਦੇ ਹਾਂ ਸੱਚਾਈ ਅਤੇ ਆਜ਼ਾਦੀ ਦੀ
ਦੁਨੀਆ ਦਾ।"

*(ਪ੍ਰਿਜਨਰ ਆਫ ਸ਼ਲੂਸੇਲਬਰਗ)*[1]

-------o-------

## ਇੱਕ ਬੱਚੇ ਦੀ ਮੌਤ ਅਤੇ ਪੀੜਾ

'ਇੱਕ ਬੱਚਾ ਪੈਦਾ ਹੋਇਆ। ਉਸਨੇ ਸੁਚੇਤ ਤੌਰ ਤੇ ਨਾ ਤਾਂ ਕੋਈ ਬੁਰਾ ਕੰਮ ਕੀਤਾ, ਨਾ ਅੱਛਾ ਕੰਮ ਕੀਤਾ। ਉਹ ਬਿਮਾਰ ਹੋ ਗਿਆ, ਉਹ ਲੰਬੇ ਅਰਸੇ ਤੱਕ ਕਾਫ਼ੀ ਕਸ਼ਟ ਭੋਗਦਾ ਰਿਹਾ, ਉਦੋਂ ਤੱਕ ਜਦੋਂ ਤੱਕ ਕਿ ਉਸ ਅਸਹਿ ਦੁੱਖ ਨਾਲ ਮਰ ਨਹੀਂ ਗਿਆ। ਕਿਉਂ ? ਕੀ ਵਜਾਹ ਸੀ ? ਦਾਰਸ਼ਨਿਕ ਦੇ ਵਾਸਤੇ ਇਹ ਇੱਕ ਸਦੀਵੀ ਬੁਝਾਰਤ ਹੈ।'[2]

-------o-------

---

*1. ਲੈਨਿਨਗਰਾਦ ਖੇਤਰ ਵਿੱਚ ਸਥਿਤ ਸ਼ਲੂਸੇਬਰਗ ਕਸਬੇ ਦੇ ਨਜ਼ਦੀਕ ਇੱਕ ਟਾਪੂ ਉੱਪਰ ਪੀਟਰ ਮਹਾਨ ਦੀ ਸੈਨਾ ਵੱਲੋਂ 1702 ਵਿੱਚ ਬਣਾਏ ਗਏ ਕਿਲੇ ਨੂੰ ਬਾਦ ਵਿੱਚ ਇੱਕ ਕੈਦਖਾਨੇ ਵਿੱਚ ਬਦਲ ਦਿੱਤਾ ਗਿਆ ਸੀ। ਇਸ ਕੈਦਖਾਨੇ ਵਿੱਚ ਅਨੇਕ ਦਿਸੰਬਰਵਾਦੀ ਇਨਕਲਾਬੀ, ਅਰਾਜਕਤਾਵਾਦੀ ਬਾਕੂਨਿਨ, ਪੋਲੈਂਡ ਦਾ ਦੇਸ਼ ਭਗਤ ਲੁਕਾਸੋਵਿਸਲਾਗ, ਮਾਰਸ਼ਲ ਦੋਲਗੋਰੂਕੀ ਅਤੇ ਲੈਨਿਨ ਦੇ ਭਾਈ ਅਲੈਕਜਾਂਦਰ ਨੂੰ ਕੈਦ ਕਰਕੇ ਰੱਖਿਆ ਗਿਆ ਸੀ (ਲੈਨਿਨ ਦੇ ਭਾਈ ਨੂੰ ਏਥੇ ਹੀ ਫਾਂਸੀ ਦਿੱਤੀ ਗਈ ਸੀ)।*

*2. ਸਰੋਤ ਅਗਿਆਤ*

## ਇੱਕ ਇਨਕਲਾਬੀ ਦੇ ਦਿਮਾਗ ਦੀ ਬਨਾਵਟ :

"ਜੋ ਵਿਅਕਤੀ ਕਦੇ ਵੀ ਈਸਾ ਮਸੀਹ ਦੇ ਜੀਵਨ ਤੋਂ ਪ੍ਰਭਾਵਤ ਰਿਹਾ ਹੈ, ਜਿਹਨਾਂ ਨੇ ਇੱਕ ਆਦਰਸ਼ ਦੇ ਨਾਂ ਤੇ ਪੀੜਾ, ਅਪਮਾਨ ਅਤੇ ਮੌਤ ਨੂੰ ਪ੍ਰਣਾਇਆ ਹੈ, ਜਿਸਨੇ ਉਹਨਾਂ ਨੂੰ ਕਦੇ ਇੱਕ ਆਦਰਸ਼ ਅਤੇ ਉਹਨਾਂ ਦੇ ਜੀਵਨ ਨੂੰ ਅਮਰ ਪ੍ਰੇਮ ਦੀ ਮੂਰਤੀ ਮੰਨਿਆ ਹੈ ਉਹੀ ਉਸ ਇਨਕਲਾਬੀ ਦੇ ਦਿਮਾਗ ਦੀ ਬਨਾਵਟ ਸਮਝ ਸਕਦਾ ਹੈ ਜਿਸਨੂੰ ਸਜ਼ਾ ਦਿੱਤੀ ਗਈ ਹੈ, ਅਤੇ ਜਨਤਾ ਦੀ ਆਜ਼ਾਦੀ ਦੇ ਵਾਸਤੇ ਕੰਮ ਕਰਨ ਦੇ ਜੁਰਮ ਵਿੱਚ ਜਿਉਂਦੇ ਹੀ ਕਬਰ ਵਿੱਚ ਗੱਡ ਦਿੱਤਾ ਗਿਆ ਹੈ।"

*(ਵੇਰਾ.ਐਨ.ਫਿਗਨਰ)*

-------o-------

## ਅਧਿਕਾਰ :

ਅਧਿਕਾਰ ਮੰਗਣ ਨਾਲ ਨਹੀਂ, ਅੱਗੇ ਵਧਕੇ ਲੈ ਲਵੋ। ਅਤੇ ਉਹਨਾਂ ਕਿਸੇ ਨੂੰ ਵੀ ਤੁਹਾਨੂੰ ਦੇਣ ਨਾ ਦੇਵੋ। ਜੇ ਮੁਫ਼ਤ ਵਿੱਚ ਤੁਹਾਨੂੰ ਕੋਈ ਅਧਿਕਾਰ ਦਿੱਤਾ ਜਾਂਦਾ ਹੈ ਤਾਂ ਸਮਝੋ ਕਿ ਉਸ ਵਿੱਚ ਕੋਈ ਨਾ ਕੋਈ ਰਾਜ਼ ਜ਼ਰੂਰ ਹੈ। ਜ਼ਿਆਦਾ ਸੰਭਾਵਨਾ ਇਹ ਹੀ ਹੈ ਕਿ ਕਿਸੇ ਗਲਤ ਗੱਲ ਨੂੰ ਉਲਟਾ ਦਿੱਤਾ ਗਿਆ ਹੈ।[1]

---

ਪੰਨਾ 33 (30)

---

## ਕੋਈ ਦੁਸ਼ਮਣ ਨਹੀਂ ?

ਤੁਸੀਂ ਆਖਦੇ ਹੋ, ਤੁਹਾਡਾ ਕੋਈ ਦੁਸ਼ਮਣ ਨਹੀਂ ?
ਅਫਸੋਸ ! ਮੇਰੇ ਦੋਸਤ, ਇਸ ਸ਼ੇਖੀ ਵਿੱਚ ਦਮ ਨਹੀਂ ?
ਜੋ ਸ਼ਾਮਿਲ ਹੁੰਦਾ ਹੈ ਫਰਜ਼ ਦੀ ਲੜਾਈ ਵਿੱਚ
ਜਿਸਨੂੰ ਬਹਾਦਰ ਲੜਿਆ ਹੀ ਕਰਦੇ ਨੇ,
ਉਸਦੇ ਦੁਸ਼ਮਣ ਹੋਇਆ ਹੀ ਕਰਦੇ ਨੇ। ਜੇ ਨਹੀਂ ਹਨ ਤੁਹਾਡੇ
ਤਾਂ ਉਹ ਕਾਰਜ ਤਾਂ ਤੁੱਛ ਹੈ, ਜੋ ਤੁਸੀਂ ਕੀਤਾ ਹੈ।
ਤੁਸੀਂ ਕਿਸੇ ਗੱਦਾਰ ਦੇ ਚੂਕਣੇ ਤੇ ਵਾਰ ਨਹੀਂ ਕੀਤਾ ਹੈ,
ਤੁਸੀਂ ਝੂਠੀਆਂ ਕਸਮਾਂ ਖਾਣ ਵਾਲੇ ਦੇ ਹੋਠਾਂ ਤੋਂ ਜਾਮ ਨਹੀਂ ਖੋਹਿਆ ਹੈ,
ਤੁਸੀਂ ਕਦੇ ਕਿਸੇ ਗਲਤੀ ਨੂੰ ਦਰੁਸਤ ਨਹੀਂ ਕੀਤਾ ਹੈ,
ਤੁਸੀਂ ਤਾਂ ਕਾਇਰ ਹੀ ਬਣੇ ਰਹੇ ਲੜਾਈ ਵਿੱਚ।

*(ਚਾਰਲਸ ਮੌਕੇ, 747)*[2]

---

*1. ਪੰਨਾ ਫਟਿਆ ਹੋਇਆ - ਸਰੋਤ ਅਗਿਆਤ*

*2. ਸੰਭਾਵਤ ਸਕਾਟ ਲੇਖਕ ਤੇ ਕਵੀ ਚਾਰਲਸ ਮੌਕੇ (1814–1889)*

**ਬਾਲ ਮਜ਼ਦੂਰੀ :**

ਚਿੜੀ ਦਾ ਬੋਟ ਚਿੜੀ ਨੂੰ ਚੋਗਾ ਨਹੀਂ ਚੁਗਾਉਂਦਾ,
ਚੂਚਾ ਮੁਰਗੀ ਨੂੰ ਚੋਗਾ ਨਹੀਂ ਖਵਾਉਂਦਾ
ਬਿੱਲੀ ਦਾ ਬਲੂੰਗੜਾ ਬਿੱਲੀ ਖਾਤਿਰ ਚੂਹੇ ਨਹੀਂ ਮਾਰਦਾ
ਇਹ ਵਡੱਪਣ ਤਾਂ ਸਿਰਫ਼ ਮਨੁੱਖ ਨੂੰ ਹੀ ਨਸੀਬ ਹੈ।
ਅਸੀਂ ਸਭ ਤੋਂ ਬੁੱਧੀਵਾਨ, ਸਭ ਤੋਂ ਬਲਵਾਨ ਨਸਲ ਹਾਂ
ਅਸੀਂ ਕਾਬਿਲੇ ਤਾਰੀਫ਼ ਹਾਂ।
ਇੱਕ ਮਾਤਰ ਜਿੰਦਾ ਪ੍ਰਾਣੀ
ਜੋ ਜਿਉਂਦਾ ਹੈ ਆਪਣੇ ਬੱਚਿਆਂ ਦੀ ਮਿਹਨਤ ਉੱਪਰ।

*(ਸ਼ਾਰਲੋਟ ਪਾਰਕਿਨਜ ਗਿਲਮੈਨ)*[1]

ਪੰਨਾ 34 (31)

## ਕੋਈ ਵਰਗ ਨਹੀਂ! ਕੋਈ ਸਮਝੌਤਾ ਨਹੀਂ!!!

*(ਜਾਰਜ ਡੀ. ਹੇਰਸਨ)*

ਸਮਾਜਵਾਦੀ ਅੰਦੋਲਨ ਦੇ ਦੌਰਾਨ ਇੱਕ ਅਜਿਹਾ ਵਕਤ ਆ ਰਿਹਾ ਹੈ ਅਤੇ ਸੰਭਵ ਹੈ, ਉਹ ਵਕਤ ਆ ਚੁੱਕਿਆ ਹੈ, ਜਦੋਂ ਸੁਧਰੇ ਹੋਏ ਹਾਲਾਤ ਜਾਂ ਸਮਾਂ ਵੱਧ ਉਜ਼ਰਤਾਂ ਮਜ਼ਦੂਰਾਂ ਦੀਆਂ ਮੰਗਾਂ ਦਾ ਜਵਾਬ ਨਹੀਂ ਰਹਿ ਜਾਣਗੀਆਂ ਅਤੇ ਉਦੋਂ ਇਹ ਚੀਜ਼ਾਂ ਸਾਧਾਰਣ ਬੁੱਧੀ ਦੇ ਵਾਸਤੇ ਇੱਕ ਅਪਮਾਨ ਦੇ ਇਲਾਵਾ ਹੋਰ ਕੁੱਝ ਵੀ ਸਾਬਿਤ ਨਹੀਂ ਹੋਣਗੀਆਂ। ਅੱਜ ਦੁਨੀਆ ਭਰ ਵਿੱਚ ਜਿਹੜਾ ਸਮਾਜਵਾਦੀ ਅੰਦੋਲਨ ਚੱਲ ਰਿਹਾ ਹੈ ਉਹ ਬੇਹਤਰ ਉਜ਼ਰਤਾਂ, ਸੁਧਰੀਆਂ ਹੋਈਆਂ ਪੂੰਜੀਵਾਦੀ ਸਹੂਲਤਾਂ ਜਾਂ ਪੂੰਜੀਵਾਦੀ ਮੁਨਾਫ਼ੇ ਵਿੱਚੋਂ ਹਿੱਸਾ ਵੰਡਾਉਣ ਦੇ ਲਈ ਨਹੀਂ ਚਲ ਰਿਹਾ ਹੈ, ਇਹ ਚਲ ਰਿਹਾ ਹੈ ਉਜਰਤਾਂ ਅਤੇ ਮੁਨਾਫ਼ੇ ਦੇ ਖਾਤਮੇ ਵਾਸਤੇ, ਅਤੇ ਪੂੰਜੀਵਾਦੀ ਤੇ ਨਿੱਜੀ ਪੂੰਜੀਪਤੀਆਂ ਦੀ ਸੰਪਤੀ ਦੇ ਵਾਸਤੇ। *ਸੁਧਰੀਆਂ ਹੋਈਆਂ* ਰਾਜਨੀਤਕ ਸੰਸਥਾਵਾਂ, ਪੂੰਜੀ ਅਤੇ ਮਜ਼ਦੂਰੀ ਦੇ ਵਿੱਚ ਸਮਝੌਤਾ ਕਰਾਉਣ ਵਾਲੀਆਂ ਪ੍ਰੀਸ਼ਦਾਂ ਪਰਉਪਕਾਰ ਅਤੇ ਵਿਸ਼ੇਸ਼ ਅਧਿਕਾਰ ਜੋ ਪੂੰਜੀਪਤੀਆਂ ਦੀ ਭੀਖ ਦੇ ਸਿਵਾਏ ਹੋਰ ਕੁਝ ਨਹੀਂ ਹਨ – ਇਹਨਾਂ ਵਿੱਚੋਂ ਕੋਈ ਵੀ ਚੀਜ਼ ਉਸ ਸਵਾਲ ਦਾ ਜਵਾਬ ਨਹੀਂ ਦੇ ਸਕਦੀ ਜੋ ਮੰਦਰਾਂ, ਸੱਤਾ ਦੇ ਸਿੰਘਾਸਣਾਂ ਅਤੇ ਸੰਸਦਾਂ ਨੂੰ ਕਾਂਬਾ ਚਾੜ ਰਿਹਾ ਹੈ। ਜੋ ਲੋਕ ਦੱਬੇ ਕੁਚਲੇ ਹਨ ਅਤੇ ਜੋ ਲੋਕ ਉਹਨਾਂ ਦੇ ਮੋਢਿਆਂ 'ਤੇ ਚੜਕੇ ਅੱਗੇ ਵਧੇ ਹੋਏ ਹਨ, ਹੁਣ ਇਹਨਾਂ ਦੋਵਾਂ ਦੇ ਵਿੱਚ ਕੋਈ ਅਮਨ ਚੈਨ ਨਹੀਂ ਰਹਿ ਸਕਦਾ। ਹੁਣ ਵਰਗਾਂ ਦੇ ਵਿੱਚ ਕੋਈ ਮੇਲ ਮਿਲਾਪ ਨਹੀਂ ਹੋ ਸਕਦਾ, ਹੁਣ ਤਾਂ ਵਰਗਾਂ ਦਾ ਅੰਤ ਹੀ ਹੋ ਸਕਦਾ ਹੈ। ਜਦੋਂ ਤੱਕ ਪਹਿਲਾਂ ਇਨਸਾਫ਼ ਨਾ ਹੋਵੇ, ਉਦੋਂ ਤੱਕ ਸਦਭਾਵਨਾ ਦੀ ਗੱਲ ਕਰਨਾ ਬੇਹੂਦਾ ਸ਼ੋਰ-ਗੁੱਲ ਹੈ, ਅਤੇ ਜਦੋਂ ਤੱਕ ਇਸ ਦੁਨੀਆ ਦਾ ਨਿਰਮਾਣ ਕਰਨ ਵਾਲਿਆਂ ਦਾ ਆਪਣੀ ਮਿਹਨਤ ਉੱਤੇ ਅਧਿਕਾਰ ਨਾ ਹੋਵੇ, ਉਦੋਂ ਤੱਕ ਇਨਸਾਫ਼ ਦੀ ਗੱਲ ਕਰਨਾ ਫਜ਼ੂਲ ਹੈ। ਦੁਨੀਆ ਦੇ ਮਜ਼ਦੂਰਾਂ ਦੀ ਮੰਗ ਦਾ ਜਵਾਬ ਉਹਨਾਂ ਦੀ ਮਿਹਨਤ ਦੀ ਸਮੁੱਚੀ ਕਮਾਈ ਦੇ ਇਲਾਵਾ ਹੋਰ ਕੁੱਝ ਨਹੀਂ ਹੋ ਸਕਦਾ। *(ਜਾਰਜ ਡੀ. ਹੇਰਸਨ)*[2]

*1. ਪੰਨੇ ਦਾ ਹੇਠਲਾ ਹਿੱਸਾ ਪਾਟਿਆ ਹੋਇਆ ਹੈ – ਸ੍ਰੋਤ ਪੜ੍ਹਿਆ ਨਹੀਂ ਜਾਂਦਾ 2. ਅਗਿਆਤ*

ਪੰਨਾ 35 (32)

## ਪੂੰਜੀਵਾਦ ਦੀਆਂ ਬਰਬਾਦੀਆਂ[1]

ਆਸਟਰੇਲੀਆ ਸੰਬੰਧੀ ਆਰਥਿਕ ਅਨੁਮਾਨ *ਥਿਓਡੋਰ ਹਰਟਜ਼ਕਾ*[2] (1886) ਦੁਆਰਾ:

ਹਰ ਇਕ ਟੱਬਰ : 40 ਵਰਗ ਫ਼ੁੱਟ ਵਿੱਚ 5 ਕਮਰਿਆਂ ਵਾਲਾ ਮਕਾਨ 50 ਸਾਲਾਂ ਤੱਕ ਚੱਲਣ ਯੋਗ।[3]

ਮਜ਼ਦੂਰਾਂ ਦੀ ਕੰਮ ਕਰਨ ਦੀ ਉਮਰ = 16–50 (ਵਰ੍ਹੇ-ਸੰ)

ਇਸ ਤਰਾਂ ਸਾਡੇ ਕੋਲ ਹਨ 5,000,000 (ਮਜ਼ਦੂਰ-ਸੰ)

615,000 ਮਜ਼ਦੂਰਾਂ ਦੀ ਮਿਹਨਤ = ਮਿਹਨਤ ਦਾ 12.3 ਪ੍ਰਤੀਸ਼ਤ 22,000,000 ਲੋਕਾਂ ਦਾ ਭੋਜਨ ਪੈਦਾ ਕਰਨ ਦੇ ਲਈ ਕਾਫੀ ਹੈ।

ਆਵਾਜਾਈ – ਪਰਿਵਹਨ ਦੀ ਮਿਹਨਤ ਲਾਗਤ ਸਮੇਤ, ਵਿਸ਼ੇਸ਼ਤਾਵਾਂ ਹੇਠ ਸਿਰਫ਼ 315,000 = 6.33 ਪ੍ਰਤੀਸ਼ਤ ਮਜ਼ਦੂਰਾਂ ਦੀ ਮਿਹਨਤ ਦੀ ਲੋੜ ਪੈਂਦੀ ਹੈ।

ਇਸਦਾ ਮਤਲਬ ਇਹ ਹੋਇਆ ਕਿ ਉਪਲੱਬਧ ਮਿਹਨਤ ਦਾ 20 ਪ੍ਰਤੀਸ਼ਤ ਹੀ ਸਮੁੱਚੇ ਮਹਾਂਦੀਪ ਦੇ ਪਾਲਣ-ਪੋਸ਼ਣ ਦੇ ਲਈ ਕਾਫ਼ੀ ਹੈ। ਬਾਕੀ 80 ਪ੍ਰਤੀਸ਼ਤ ਸਮਾਜ ਦੀ ਪੂੰਜੀਵਾਦੀ ਵਿਵਸਥਾ ਦੇ ਕਾਰਣ ਸੋਸ਼ਿਤ ਅਤੇ ਬਰਬਾਦ ਹੋ ਜਾਂਦਾ ਹੈ।

ਪੰਨਾ 36 (33)

## ਜ਼ਾਰਸ਼ਾਹੀ ਸਾਸ਼ਨ ਅਤੇ ਬੋਲਸ਼ਵਿਕ ਸ਼ਾਸ਼ਨ[4]

ਬ੍ਰਿਜੀਅਰ ਹੰਟ[5] ਆਖਦਾ ਹੈ ਕਿ ਬੋਲਸ਼ਵਿਕਾਂ ਨੇ ਆਪਣੇ ਸ਼ਾਸ਼ਨ ਦੇ ਪਹਿਲੇ ਚੌਦਾਂ ਮਹੀਨਿਆਂ ਵਿੱਚ 4500 ਲੋਕਾਂ ਨੂੰ ਮੌਤ ਦੀ ਸਜ਼ਾ ਦਿੱਤੀ ਜਿਹਨਾਂ ਵਿੱਚੋਂ ਵੱਧ ਜਣਿਆਂ ਦਾ ਜੁਰਮ ਚੋਰੀ ਅਤੇ ਸੱਟੇਬਾਜ਼ੀ ਸੀ।

1905 ਦੇ ਇਨਕਲਾਬ ਦੇ ਬਾਦ, ਜ਼ਾਰ ਦੇ ਮੰਤਰੀ ਸਤੋਲੀਪਨ[6] ਨੇ ਬਾਰ੍ਹਾਂ ਮਹੀਨਿਆਂ ਦੇ ਅੰਦਰ 32773 ਲੋਕਾਂ ਨੂੰ ਮੌਤ ਦੀ ਸਜ਼ਾ ਦਿੱਤੀ ਸੀ।

*(ਪੰ.390 ਬਰਾਸ ਚੈਕ)*[7]

-------o-------

*1. ਇਹ ਸਿਰਲੇਖ ਵੱਡੇ ਅੱਖਰਾਂ ਵਿੱਚ ਲਿਖਿਆ ਹੋਇਆ ਹੈ।*
*2. ਸ੍ਰੋਤ ਅਗਿਆਤ*
*3. ਮਕਾਨ ਦੇ ਖੇਤਰਫਲ ਵਿੱਚ ਕੁੱਝ ਗੜਬੜ ਹੈ, ਅੰਕੜੇ ਸਪਸ਼ਟ ਨਹੀਂ*
*4. ਸ੍ਰੋਤ ਦਾ ਪਤਾ ਨਹੀਂ*
*5. ਅਗਿਆਤ*
*6. ਪਿਓਤਰ ਅਰਕਾਦੀਏ ਵਿੱਚ ਸਤੋਲੀਪਨ (1862–1911) : 1906 ਤੋਂ 1911 ਤੱਕ ਜ਼ਾਰ ਦੀ ਮੰਤਰੀ ਪ੍ਰੀਸ਼ਦ ਦਾ ਪ੍ਰਧਾਨ ਅਤੇ ਗ੍ਰਹਿ ਮੰਤਰੀ*
*7. ਅਗਿਆਤ ਅਜਿਹੀਆਂ ਕਈ ਟਿੱਪਣੀਆਂ ਦੀ ਤਰ੍ਹਾਂ ਇਹ ਹਾਸ਼ੀਏ ਤੇ ਉਪਰਲੇ ਕਿਨਾਰੇ ਵੱਲੀਂ ਲਿਖਿਆ ਹੋਇਆ ਹੈ।*

ਪੰਨਾ 37 (34)

## ਸਮਾਜਿਕ ਸੰਸਥਾਵਾਂ ਦਾ ਸਥਾਈਪਣ

"ਹਰ ਇੱਕ ਪੀੜ੍ਹੀ ਦੇ ਭਰਮਾਂ ਵਿੱਚੋਂ ਇੱਕ ਭਰਮ ਇਹ ਹੈ ਕਿ ਉਹ ਜਿਹਨਾਂ ਸਮਾਜਿਕ ਸੰਸਥਾਵਾਂ ਦੇ ਤਹਿਤ ਜਿਉਂ ਰਹੀ ਹੈ, ਉਹ ਕੁਝ ਖਾਸ ਮਾਅਨਿਆਂ ਵਿੱਚ, "ਪ੍ਰਾਕ੍ਰਿਤਕ" ਅਬਦਲ ਅਤੇ ਸਥਾਈ ਹਨ। ਫਿਰ ਵੀ ਅਣਗਿਣਤ ਹਜ਼ਾਰਾਂ ਵਰ੍ਹਿਆਂ ਅੰਦਰ, ਸਮਾਜਿਕ ਸੰਸਥਾਵਾਂ ਨਿਰੰਤਰ ਪੈਦਾ ਹੁੰਦੀਆਂ ਰਹੀਆਂ ਹਨ, ਵਿਕਾਸ ਕਰਦੀਆਂ ਰਹੀਆਂ ਹਨ, ਪਤਨਸ਼ੀਲ ਹੁੰਦੀਆਂ ਰਹੀਆਂ ਹਨ ਅਤੇ ਸਮੇਂ ਦੇ ਅਨੁਰੂਪ ਅਵੱਸ਼ਕਤਾਵਾਂ ਦੇ ਅਨੁਕੂਲ ਦੂਜੀਆਂ ਹੋਰ ਬੇਹਤਰ ਸੰਸਥਾਵਾਂ ਰਾਹੀਂ ਵਿਸਥਾਪਤ ਕੀਤੀਆਂ ਜਾਂਦੀਆਂ ਰਹੀਆਂ ਹਨ .......। ਹੁਣ, ਸਵਾਲ ਇਹ ਨਹੀਂ ਹੈ ਕਿ ਸਾਡੀ ਮੌਜੂਦਾ ਸੱਭਿਅਤਾ ਬਦਲੂਗੀ ਜਾਂ ਨਹੀਂ, ਬਲਕਿ ਇਹ ਹੈ ਕਿ ਉਹ ਕਿਸ ਤਰ੍ਹਾਂ ਬਦਲੂਗੀ ?

ਇਹ ਚੰਗੀ ਤਰ੍ਹਾਂ ਸੋਚੇ ਵਿਚਾਰੇ ਅਨੁਕੂਲਨ ਦੇ ਰਾਹੀਂ, ਸਿਲਸਿਲੇਵਾਰ ਅਤੇ ਚੁੱਪ ਚਾਪ ਇੱਕ ਨਵਾਂ ਰੂਪ ਲੈ ਸਕਦੀ ਹੈ। ਜਾਂ, ਜੇਕਰ ਅਨੁਕੂਲਣ ਦੀ ਥਾਂ ਤੇ ਕੋਈ ਉਗਰ ਪ੍ਰਤੀਰੋਧ ਉੱਠ ਖੜ੍ਹਾ ਹੁੰਦਾ ਹੈ ਤਾਂ ਇਹ ਧਮਾਕੇ ਦੇ ਨਾਲ ਤਬਾਹ ਹੋ ਸਕਦੀ ਹੈ, ਅਤੇ ਮਾਨਵ ਜਾਤੀ ਨੂੰ ਸਮਾਜਿਕ ਅਰਾਜਕਤਾ ਅਤੇ ਅਵਿਵਸਥਾ ਦੀ ਅਵਸਥਾ ਦੇ ਹੇਠਲੇ ਪੱਧਰ ਤੋਂ ਇੱਕ ਨਵੀਂ ਸੱਭਿਅਤਾ ਦੇ ਨਿਰਮਾਣ ਦੀ ਕਸ਼ਟਦਾਇਕ ਜ਼ਿੰਮੇਵਾਰੀ ਸੌਂਪ ਸਕਦੀ ਹੈ, ਜਿਸ ਵਿੱਚ ਪਿਛਲੀ ਵਿਵਸਥਾ ਦੀ ਸਿਰਫ਼ ਬੁਰਾਈਆਂ ਹੀ ਨਹੀਂ, ਬਲਕਿ ਉਸਦੀਆਂ ਭੌਤਿਕ, ਬੌਧਿਕ ਅਤੇ ਨੈਤਿਕ ਉਪਲੱਬਧੀਆਂ ਵੀ ਨਹੀਂ ਰਹਿਣਗੀਆਂ।"

*– ਪੀ.ਆਈ.ਡਿਕੇ ਆਫ ਕੈਂਪ ਸਿਵਿਲਾਈਜੇਸ਼ਨ* [1]

ਪੰਨਾ 38 (35)

## ਪੂੰਜੀਵਾਦ ਅਤੇ ਵਣਜਵਾਦ :

ਜਾਪਾਨੀ ਵਿਦਿਆਰਥੀਆਂ ਦੀ ਇੱਕ ਇਕੱਤਰਤਾ ਵਿੱਚ ਰਾਵਿੰਦਰ ਨਾਥ[2] ਦਾ ਭਾਸ਼ਣ :

"ਜਾਪਾਨ ਅੰਦਰ ਤੁਹਾਡਾ ਉਦਯੋਗ ਸੀ, ਉਹ ਕਿੰਨੇ ਜ਼ੁੰਮੇਵਾਰਾਨਾ ਭਾਵ ਨਾਲ ਇਮਾਨਦਾਰ ਅਤੇ ਸੱਚਾ ਸੀ, ਇਸਨੂੰ ਤੁਸੀਂ ਇਸਦੇ ਉਤਪਾਦਾਂ ਤੋਂ – ਉਹਨਾਂ ਦੇ ਮਿਆਰ ਅਤੇ ਤਾਦਾਦ ਤੋਂ ਛੋਟੀਆਂ ਛੋਟੀਆਂ ਚੀਜ਼ਾਂ ਪ੍ਰਤੀ ਉਹਨਾਂ ਦੇ ਗੌਰ ਕਰਨ ਤੋਂ ਜਾਣ ਸਕਦੇ ਹੋ, ਜਿਹਨਾਂ ਉੱਪਰ ਸ਼ਾਇਦ ਹੀ ਕੋਈ ਟੀਕਾ-ਟਿੱਪਣੀ ਕੀਤੀ ਜਾ ਸਕੇ। ਪਰੰਤੂ ਤੁਹਾਡੀ ਧਰਤੀ ਤੇ ਝੂਠ ਦੀ ਇੱਕ ਲਹਿਰ ਦੁਨੀਆ ਦੇ ਉਸ ਭਾਗ ਤੋਂ ਵਹਿਕੇ ਆ ਚੁੱਕੀ ਹੈ ਜਿੱਥੇ ਵਿਉਪਾਰ ਸਿਰਫ਼ ਵਿਉਪਾਰ ਹੈ ਅਤੇ ਇਮਾਨਦਾਰੀ ਨੂੰ ਸਿਰਫ਼ ਸਭ ਤੋਂ ਅੱਛੀ ਨੀਤੀ ਮੰਨਿਆ ਜਾਂਦਾ ਹੈ। ਕੀ ਤੁਹਾਨੂੰ ਕਦੇ ਸ਼ਰਮ ਨਹੀਂ ਮਹਿਸੂਸ ਹੁੰਦੀ, ਜਦੋਂ ਤੁਸੀਂ ਉਹਨਾਂ ਵਪਾਰਕ ਵਿਗਿਆਪਨਾਂ ਨੂੰ ਵੇਖਦੇ ਹੋ, ਜੋ ਸਿਰਫ਼ ਸਮੁੱਚੇ ਸ਼ਹਿਰੀ ਖੇਤਰ ਨੂੰ ਹੀ ਝੂਠ ਅਤੇ ਅੱਤਕਥਨੀਆਂ ਨਾਲ ਨਹੀਂ ਪਾੜ ਰਹੇ ਹਨ, ਬਲਕਿ ਉਹਨਾਂ ਹਰੇ ਭਰੇ ਪੇਂਡੂ ਖੇਤਰਾਂ ਉੱਪਰ ਵੀ ਧਾਵਾ ਬੋਲਦੇ ਜਾ ਰਹੇ ਹਨ, ਜਿੱਥੇ ਕਿਸਾਨ ਇਮਾਨਦਾਰੀ ਨਾਲ ਮਿਹਨਤ ਕਰਦੇ ਹਨ ਅਤੇ ਉਹਨਾਂ ਪਹਾੜੀ ਚੋਟੀਆਂ ਨੂੰ ਵੀ ਆਪਣਾ ਨਿਸ਼ਾਨਾ ਬਣਾਈ ਜਾ ਰਹੇ ਹਨ, ਜੋ ਸੁਬਾਹ ਦੀ ਪਹਿਲੀ ਨਿਰਮਲ ਕਿਰਣ ਦਾ ਸਵਾਗਤ ਕਰਦੀਆਂ ਹਨ ? ਆਪਣੀਆਂ ਭੱਦੀਆਂ ਸਜ਼ਾਵਾਂ ਦੀ ਬਰਬਰਤਾ ਦੇ ਨਾਲ ਉਹ ਵਣਜਵਾਦ ਸਮੁੱਚੀ ਮਾਨਵਤਾ ਵਾਸਤੇ ਇੱਕ ਭਿਆਨਕ ਮਹਾਂ-ਆਫਤ ਹੈ, ਕਿਉਂਕਿ ਇਹ ਪ੍ਰਵੀਨਤਾ ਦੇ ਉਪਰ ਤਾਕਤ ਦੇ ਆਦਰਸ਼ ਦਾ ਅਰੋਪਣ ਕਰ ਰਿਹਾ ਹੈ। ਇਹ ਆਪਣੀ ਨੰਗੀ ਬੇਸ਼ਰਮੀ ਦੇ ਨਾਲ ਆਪਣੇ 'ਚ ਹੀ ਮਗਨ ਰਹਿਣ ਦੀ ਆਦਤ ਨੂੰ ਗੌਰਵਮਈ ਬਣਾ ਰਿਹਾ ਹੈ। ਇਸਦੀਆਂ ਹਰਕਤਾਂ ਹਿੰਸਕ ਹਨ ਅਤੇ ਇਸਦਾ ਸ਼ੋਰ-ਸ਼ਰਾਬਾ ਬੇਸੁਰਾ ਕਿਰਕਿਰਾ ਹੈ। ਇਹ ਆਪਣੇ ਹੀ ਸਰਬਨਾਸ਼ ਵੱਲੀਂ ਵਧ ਰਿਹਾ ਹੈ, ਕਿਉਂਕਿ ਇਹ ਉਹੀ ਮਾਨਵਤਾ ਨੂੰ ਦਰੜ ਕੇ ਕਰੂਪ ਬਣਾ ਰਿਹਾ ਹੈ ...... ਜਿਸ ਉੱਪਰ ਉਹ ਖੁਦ ਖੜਾ ਹੈ।

*{ ਪੰਨਾ 39 (36) }*

ਇਹ ਆਨੰਦ ਦੇ ਮੁੱਲ ਉੱਤੇ ਧਨ ਪੈਦਾ ਕਰਨ ਦੀ ਇੱਕ ਸਖ਼ਤ ਮੁਸ਼ੱਕਤ ਵਿੱਚ ਜੁੱਟਿਆ ਹੋਇਆ ਹੈ। ਯੂਰਪ ਦੀ ਮੌਜੂਦਾ ਸੱਭਿਅਤਾ ਦੀ ਮੁੱਖ ਇੱਛਾ ਇਹ ਹੀ ਹੈ ਕਿ ਸ਼ੈਤਾਨ ਉੱਪਰ ਉਸਦਾ ਹੀ ਇੱਕ ਮਾਤਰ ਅਧਿਕਾਰ ਹੋਵੇ।

-------o-------

## ਪੂੰਜੀਵਾਦੀ ਸਮਾਜ

"ਰਾਜਨੀਤਕ ਅਰਥ ਸ਼ਾਸ਼ਤਰ ਦੀ ਸੱਭ ਤੋਂ ਵੱਡੀ ਸੱਚਾਈ ਇਹ ਹੈ ਕਿ ਹਰ ਕੋਈ ਯਥਾ ਸੰਭਵ ਘੱਟ ਤੋਂ ਘੱਟ ਤਿਆਗ ਕਰਕੇ ਵਿਅੱਕਤੀਗਤ ਦੌਲਤ ਪ੍ਰਾਪਤ ਕਰ ਲੈਣਾ ਚਾਹੁੰਦਾ ਹੈ।"

*– "ਨਾਸੈਨ ਸੀਨੀਅਰ"* [1]

ਪੰਨਾ 40 (37)

## ਧਰਮ ਦੇ ਬਾਰੇ ਕਾਰਲ ਮਾਰਕਸ ਦਾ ਦ੍ਰਿਸ਼ਟੀਕੋਣ

ਮਨੁੱਖ ਧਰਮ ਨੂੰ ਬਣਾਉਂਦਾ ਹੈ, ਧਰਮ ਮਨੁੱਖ ਨੂੰ ਨਹੀਂ ਬਣਾਉਂਦਾ। ਧਰਮ ਵਾਸਤਵ ਵਿੱਚ ਮਨੁੱਖ ਦੀ ਹੀ ਸਵੈ-ਚੇਤਨਾ ਅਤੇ ਸਵੈ-ਭਾਵਨਾ ਹੈ, ਜਿਸਨੇ ਜਾਂ ਤਾਂ ਅਜੇ ਤੱਕ ਆਪਣੇ ਆਪ ਨੂੰ ਸਮਝਿਆ ਹੀ ਨਹੀਂ ਹੈ, ਜਾਂ (ਜੇ ਆਪਣੇ ਆਪ ਨੂੰ ਸਮਝ ਵੀ ਲਿਆ ਹੈ ਤਾਂ) ਆਪਣੇ ਆਪ ਨੂੰ ਫਿਰ ਤੋਂ ਗੰਵਾ ਲਿਆ ਹੈ, ਲੇਕਿਨ ਆਦਮੀ ਕੋਈ ਅਜਿਹੀ ਅਮੂਰਤ ਸੱਤਾ ਨਹੀਂ ਹੈ ਜੋ ਦੁਨੀਆ ਤੋਂ ਬਾਹਰ ਕਿਧਰੇ ਪਾਲਥੀ ਮਾਰੀ ਬੈਠੀ ਹੋਵੇ। ਮਨੁੱਖ ਦੀ ਦੁਨੀਆ ਮਨੁੱਖਾਂ, ਰਾਜ, ਸਮਾਜ ਦੀ ਦੁਨੀਆਂ ਹੈ। ਇਹ ਰਾਜ, ਇਹ ਸਮਾਜ ਧਰਮ ਪੈਦਾ ਕਰਦਾ ਹੈ, ਇੱਕ ਉਲਟਾਂ ਸੰਸਾਰ ਚੇਤਨਾ ਪੈਦਾ ਕਰਦਾ ਹੈ, ਕਿਉਂਕਿ ਇਹ ਖੁਦ ਇੱਕ ਉਲਟੀ ਦੁਨੀਆ ਹੈ। ਧਰਮ ਏਸੇ ਦੁਨੀਆ ਦਾ ਇੱਕ ਸਾਧਾਰਣੀਕ੍ਰਿਤ ਸਿਧਾਂਤ ਹੈ, ਇਸਦਾ ਵਿਸ਼ਵਕੋਸ਼ੀ ਸਾਰ-ਸੰਗ੍ਰਹਿ ਹੈ, ਇੱਕ ਲੋਕਪ੍ਰਿਯ ਰੂਪ ਵਿੱਚ ਦੁਨੀਆ ਦੇ ਵਿਰੁੱਧ ਇੱਕ ਪ੍ਰਤੱਖ ਲੜਾਈ ਹੈ ਜਿਸਦੀ

*1. ਸੰਭਾਵਤ : ਪਊਟਰੀਫੈਕਸ਼ਨ ਐਂਡ ਇਨਟਰਨਲ ਡਿਕੇ ਆਫ ਕੈਪੀਟਲਿਸਟ ਸਿਵਿਲਾਈਜੇਸ਼ਨ – ਪਰ ਠੀਕ ਠੀਕ ਸਰੋਤ ਅਤੇ ਸੰਦਰਭ ਦਾ ਪਤਾ ਨਹੀਂ।*

*2. ਰਾਵਿੰਦਰਨਾਥ ਠਾਕੁਰ (1861-1941) ਭਾਸ਼ਣ ਦਾ ਸਥਾਨ, ਸਮਾਂ ਅਤੇ ਹੋਰ ਵੇਰਵੇ ਉਪਲੱਬਧ ਨਹੀਂ ਹਨ।*

*1. ਅਗਿਆਤ*

ਆਤਮਿਕ ਸੁਗੰਧ ਧਰਮ ਹੈ। ਇਸਦਾ ਤਰਕ ਹੈ ......। ਇਸ ਲਈ ਧਰਮ ਦੇ ਵਿਰੁੱਧ ਸੰਘਰਸ਼ ਉਸ ਦੁਨੀਆ ਦੇ ਵਿਰੁੱਧ ਇੱਕ ਪ੍ਰਤੱਖ ਸ਼ੁਰੂਆਤ ਹੈ ਜਿਸਦੀ ਆਤਮਿਕ ਸੁਗੰਧੀ ਧਰਮ ਹੈ।

{ ਪੰਨਾ 41 (38) }

ਧਰਮ ਦੁਖੀ ਪ੍ਰਾਣੀ ਦੀ ਆਹ ਹੈ, ਇੱਕ ਪੱਥਰ ਦਿਲ ਦੁਨੀਆ ਦਾ ਦਿਲ ਹੈ, ਠੀਕ ਵੈਸੇ ਹੀ ਜਿਵੇਂ ਕਿ ਇਹ ਆਤਮਹੀਣ ਪਰਸਥਿਤੀਆਂ ਦੀ ਆਤਮਾ ਹੈ। **ਇਹ ਲੋਕਾਂ ਦੇ ਵਾਸਤੇ ਅਫੀਮ** ਹੈ।

ਲੋਕੀਂ ਵਾਸਤਵ ਵਿੱਚ ਉਦੋਂ ਤੱਕ ਸੁਖੀ ਨਹੀਂ ਹੋ ਸਕਦੇ ਜਦੋਂ ਤੱਕ ਕਿ ਉਹ ਧਰਮ ਦਾ ਫਸਤਾ ਵੱਢ ਕੇ ਇਸਦੇ ਮਿੱਥਿਆ ਸੁੱਖ ਤੋਂ ਛੁਟਕਾਰਾ ਨਹੀਂ ਪਾ ਲੈਂਦੇ। ਇਹ ਉਮੀਦ ਕਿ ਲੋਕ ਇਸ ਮ੍ਰਿਗਤ੍ਰਿਸ਼ਨਾ ਤੋਂ ਆਪਣੇ ਆਪ ਨੂੰ ਖੁਦ ਆਪਣੀ ਹੀ ਹਾਲਤ ਦੇ ਖਾਤਿਰ ਮੁਕਤ ਕਰਨ, ਇਹ ਉਮੀਦ ਹੈ ਕਿ ਉਹ **ਉਸ ਹਾਲਤ ਦਾ ਤਿਆਗ ਕਰਨ ਜਿਸਨੂੰ ਇਸ ਮ੍ਰਿਗ ਤ੍ਰਿਸ਼ਨਾ ਦੀ ਜ਼ਰੂਰਤ ਹੁੰਦੀ ਹੈ।**

ਅਲੋਚਨਾ ਦਾ ਹਥਿਆਰ, ਹਥਿਆਰਾਂ ਦੀ ਆਲੋਚਨਾ ਦੀ ਥਾਂ ਨਹੀਂ ਲੈ ਸਕਦਾ। ਭੌਤਿਕ ਸ਼ਕਤੀਆਂ ਨੂੰ ਨਿਸ਼ਚਤ ਰੂਪ ਵਿੱਚ ਭੌਤਿਕ ਸ਼ਕਤੀਆਂ ਵੱਲੋਂ ਹੀ ਉਖਾੜਿਆ ਜਾਣਾ ਚਾਹੀਦਾ ਹੈ, ਲੇਕਿਨ ਸਿਧਾਂਤ ਵੀ ਜਦੋਂ ਜਨ ਸਮੁਦਾਇਆਂ ਵਿੱਚ ਰਚ-ਮਿਚ ਜਾਂਦਾ ਹੈ, ਤਾਂ ਇੱਕ ਭੌਤਿਕ ਸ਼ਕਤੀ ਬਣ ਜਾਂਦਾ ਹੈ। [1]

ਪੰਨਾ 42 (39)

## ਇਨਕਲਾਬ ਯੂਟੋਪੀਆਈ ਨਹੀਂ

ਇੱਕ ਮੂਲਪਰਵਰਤਨਵਾਦੀ ਇਨਕਲਾਬ, ਯਾਨੀ ਮਾਨਵ ਜਾਤੀ ਦੀ ਆਮ ਮੁਕਤੀ, ਜਰਮਨੀ ਦੇ ਵਾਸਤੇ ਸੁਪਨਾ ਨਹੀਂ ਹੈ, ਯੂਟੋਪੀਆਈ ਤਾਂ ਇੱਕ ਅੰਸ਼ਿਕ, ਇੱਕ ਵਿਸ਼ੁੱਧ ਰਾਜਨੀਤਕ ਇਨਕਲਾਬ ਦੀ ਧਾਰਣਾ ਹੁੰਦੀ ਹੈ, ਜੋ (ਪੂੰਜੀਵਾਦੀ ਵਿਵਸਥਾ ਪ - ਸ.) ਇਮਾਰਤ ਦੇ ਥਮਲਿਆਂ ਨੂੰ ਖੜਿਆਂ ਛੱਡ ਦੇਵੇਗੀ।[2]

-------o-------

"ਮਹਾਨ ਇਸ ਕਰਕੇ ਮਹਾਨ ਹੈ ਕਿਉਂਕਿ
ਅਸੀਂ ਗੋਡਿਆਂ ਪਰਨੇ ਹਾਂ
ਆਓ ਉਠਕੇ ਖੜੇ ਹੋਈਏ।"[3]

ਪੰਨਾ 43 (40)

ਰਾਜ ਦੇ ਸੰਬੰਧ ਵਿੱਚ ਹਰਬਰਟ ਸਪੈਂਸਰ[4] ਦਾ ਦ੍ਰਿਸ਼ਟੀਕੋਣ

"ਭਲੇ ਹੀ ਇਹ ਸੱਚ ਹੋਵੇ ਜਾਂ ਨਾ ਹੋਵੇ ਕਿ ਮਨੁੱਖ ਨਿਹਕਲੰਕ ਪੈਦਾ ਹੋਇਆ ਅਤੇ ਪਾਪ ਵਿੱਚ ਲਿਪਤ ਹੋ ਗਿਆ, ਪਰੰਤੂ ਇਹ ਪੱਕੇ ਤੌਰ ਤੇ ਸੱਚ ਹੈ ਕਿ ਸਰਕਾਰ ਦਾ ਜਨਮ

1. *'ਹੇਗੇਲ ਦੇ ਨਿਆਏ - ਸ਼ਾਸ਼ਤਰ ਦੀ ਸਮਾਲੋਚਕਾ ਦਾ ਪ੍ਰਯਾਬ -' ਕਾਰਲ ਮਾਰਕਸ ਵਿੱਚੋਂ*
2. *ਸ੍ਰੋਤ ਸਪਸ਼ਟ ਨਹੀਂ* 3. *ਮੂਲ ਵਿੱਚ ਇਹ ਪੰਕਤੀਆਂ ਪੰਨੇ ਉੱਤੇ ਟੇਢੀਆਂ ਲਿਖੀਆਂ ਹੋਈਆਂ ਹਨ*
4. *ਹਰਬਰਟ ਸਪੈਂਸਰ (1820-1903) : ਅੰਗਰੇਜ਼ ਦਾਰਸ਼ਨਿਕ, ਮਹੱਤਵਪੂਰਣ ਰਚਨਾਵਾਂ : ਦਾ ਪ੍ਰਿੰਸੀਪਲਜ਼ ਆਫ ਸਾਈਕੋਲੋਜੀ ਅਤੇ ਫਸਟ ਪ੍ਰਿੰਸੀਪਲਜ਼*

ਹਮਲਾਵਰਾਂ ਤੋਂ ਹਮਲਿਆ ਦੇ ਰਾਹੀਂ ਹੋਇਆ।"

-------o-------

## ਮਨੁੱਖ ਅਤੇ ਮਨੁੱਖ ਜਾਤੀ :

"ਮੈਂ ਇੱਕ ਮਨੁੱਖ ਹਾਂ
ਅਤੇ ਉਹਨਾਂ ਸਾਰੀਆਂ ਚੀਜ਼ਾਂ ਨਾਲ ਮੇਰਾ ਸਰੋਕਾਰ ਹੈ ਜੋ ਮਨੁੱਖ ਜਾਤੀ ਨੂੰ
ਪ੍ਰਭਾਵਿਤ ਕਰਦੀਆਂ ਹਨ।"

– *"ਰੋਮਨ ਨਾਟਕਕਾਰ"* [1]

-------o-------

## ਇੰਗਲੈਂਡ ਦੀ ਸਥਿਤੀ ਦੀ ਸਮੀਖਿਆ :

"ਭਲੇ ਲੋਕੋ, ਇੰਗਲੈਂਡ ਵਿੱਚ ਹਾਲਾਤ ਉਦੋਂ ਤੱਕ ਚੰਗੇ ਨਹੀਂ ਹੋ ਸਕਦੇ, ਜਦੋਂ ਤੱਕ ਚੰਗਿਆਈਆਂ ਆਮ ਨਹੀਂ ਹੋ ਜਾਂਦੀਆਂ ਅਤੇ ਜਦੋਂ ਤੱਕ ਸੱਜਣ ਲੋਕਾਂ ਦੇ ਨਾਲ ਦੁਰਜਨ ਲੋਕ ਵੀ ਜਿਉਂਦੇ ਰਹਿੰਦੇ ਹਨ। ਉਹ ਜਿਹਨਾਂ ਨੂੰ ਅਸੀਂ ਲਾਰਡ ਆਖਦੇ ਹਾਂ, ਕਿਸ ਆਧਿਕਾਰ ਨਾਲ ਸਾਡੇ ਤੋਂ ਮਹਾਨ ਹਨ ? ਕਿਸ ਆਧਾਰ ਨਾਲ ਉਹ ਇਸਦੇ ਕਾਬਿਲ ਬਣੇ ਹਨ ? ਉਹ ਕਿਉਂ ਸਾਨੂੰ ਭੂ-ਦਾਸ ਬਣਾਕੇ ਰੱਖੀ ਬੈਠੇ ਹਨ ? ਜੇ ਅਸੀਂ ਸਾਰੇ ਇੱਕ ਹੀ ਬਾਪ ਅਤੇ ਮਾਂ, ਆਦਮ ਅਤੇ ਹੌਵਾ ਦੀਆਂ ਸੰਤਾਨਾਂ ਹਾਂ, ਤਾਂ ਉਹ ਇਹ ਕਿਵੇਂ ਸਿੱਧ ਕਰਦੇ ਹਨ ਕਿ ਉਹ ਸਾਡੇ ਨਾਲੋਂ ਮਹਾਨ ਜਾਂ ਬੇਹਤਰ ਹਨ ? ਅਗਰ ਉਹ ਆਪਣੇ ਲਾਭ ਦੇ ਵਾਸਤੇ ਸਾਡੇ ਕੋਲੋਂ ਮਿਹਨਤ ਨਹੀਂ ਕਰਵਾਉਂਦੇ ਤਾਂ ਉਹ ਆਪਣੀ ਸ਼ਾਨ-ਸ਼ੌਕਤ ਵਿੱਚ ਕੀ ਖਰਚ ਕਰਦੇ ? ਉਹ ਖੁਦ ਤਾਂ ਖੀਨਖਾਫ਼ ਪਹਿਨਦੇ ਹਨ ਅਤੇ ਆਪਣੇ ਆਪ ਨੂੰ ਫਰਕੋਟਾਂ ਅਤੇ ਸ਼ਾਹੀ ਗਰਮ ਦੁਸ਼ਾਲਿਆਂ ਵਿੱਚ ਨਿੱਘਾ ਰੱਖਦੇ ਹਨ, ਜਦੋਂ ਕਿ ਅਸੀਂ ਲੀਰਾਂ ਲਪੇਟੀ ਫਿਰਦੇ ਹਾਂ। ਉਹਨਾਂ ਦੇ ਕੋਲੇ ਤਾਂ ਸ਼ਰਾਬ, ਕਬਾਬ, ਲੱਜਤਦਾਰ ਖਾਣਾ ਤੇ ਡਬਲ ਰੋਟੀ ਹੈ, ਅਤੇ ਸਾਡੇ ਕੋਲੇ ਜੌਂ ਦੇ ਸੱਤੂ, ਸਾਗ ਅਤੇ ਪਾਣੀ। ਉਹਨਾਂ ਦੇ ਕੋਲੇ ਫ਼ੁਰਸਤ ਹੀ ਫ਼ੁਰਸਤ ਹੈ ਅਤੇ ਆਲੀਸ਼ਾਨ ਘਰ ਵੀ ਅਤੇ ਸਾਡੇ ਕੋਲੇ ਹੈ ਕਸ਼ਟ ਅਤੇ ਮੁਸ਼ੱਕਤ, ਖੇਤਾਂ ਵਿੱਚ ਬਾਰਸ਼ ਅਤੇ ਝੱਖੜ, ਫੇਰ ਵੀ ਇਹ ਸਾਡੀ ਮਿਹਨਤ ਹੀ ਹੈ ਜਿਸਦੇ ਸਿਰ 'ਤੇ ਉਹ ਰਾਜ ਕਰ ਰਹੇ ਹਨ।

– *ਫਰਾਇਰ ਆਫ ਵਾਟ ਟੇਲਰਜ ਰਿਬੈਲ* [2]

ਪੰਨਾ 44 (41)

## ਇਨਕਲਾਬ ਅਤੇ ਵਰਗ

ਸਾਰੇ ਦੇ ਸਾਰੇ ਵਰਗ ਸੱਤਾ ਹਾਸਿਲ ਕਰਨ ਦੀ ਖਾਤਿਰ ਇਨਕਲਾਬੀ ਹੀ ਹੁੰਦੇ ਹਨ, ਅਤੇ ਬਰਾਬਰਤਾ ਦੀਆਂ ਗੱਲਾਂ ਕਰਦੇ ਹਨ ਅਤੇ ਸਾਰੇ ਦੇ ਸਾਰੇ ਵਰਗ ਸੱਤਾ ਪ੍ਰਾਪਤ ਕਰ

1. *ਅਗਿਆਤ*
2. *ਕੁੱਝ ਸ਼ਬਦ ਸਪੱਸ਼ਟ ਨਹੀਂ, ਅੱਗੇ ਪੰਨਾ ਪਾਟਿਆ ਹੋਇਆ ਹੈ। ਸ੍ਰੋਤ ਅਗਿਆਤ*

ਲੈਂਦੇ ਹਨ ਤਾਂ ਸੰਕੀਰਣਤਾਵਾਦੀ ਬਣ ਜਾਂਦੇ ਹਨ ਅਤੇ ਮੰਨ ਲੈਂਦੇ ਹਨ ਕਿ ਬਰਾਬਰਤਾ ਇੱਕ ਰੰਗੀਨ ਸੁਫ਼ਨਾ ਭਰ ਹੈ, ਸਾਰੇ ਦੇ ਸਾਰੇ ਵਰਗ ਸਿਰਫ਼ ਇੱਕ ਨੂੰ – ਮਜ਼ਦੂਰ ਵਰਗ ਨੂੰ ਛੱਡਕੇ, ਕਿਉਂਕਿ ਜਿਵੇਂ ਕਾਮਤੇ[1] ਨੇ ਕਿਹਾ ਹੈ, "ਸੱਚ ਕਿਹਾ ਜਾਵੇ ਤਾਂ ਮਜ਼ਦੂਰ ਵਰਗ ਇੱਕ ਵਰਗ ਹੁੰਦਾ ਹੀ ਨਹੀਂ, ਬਲਕਿ ਉਹ ਤਾਂ ਸਮਾਜ ਦੇ ਸਮੂਹ ਦਾ ਸੰਘਟਕ ਹੁੰਦਾ ਹੈ।" ਲੇਕਿਨ ਮਜ਼ਦੂਰ ਵਰਗ ਦਾ ਵਕਤ, ਯਾਨੀ ਸਾਰੇ ਲੋਕਾਂ ਦੇ ਇੱਕ ਹੋ ਜਾਣ ਦਾ ਵਕਤ ਅਜੇ ਵੀ ਨਹੀਂ ਆਇਆ ਹੈ।

*"ਵਰਲਡ ਹਿਸਟਰੀ ਫਾਰ ਵਰਕਰਜ਼" ਪੰ. 47, ਅਲਫਰੈਡ ਬਾਰਟਨ ਕ੍ਰਿਤ*[2]

---

ਪੰਨਾ 45 (42)

---

ਸਰ ਹੈਨਰੀ ਮੈਨ[3] ਨੇ ਆਖਿਆ ਹੈ :

"ਇੰਗਲੈਂਡ ਦੀ ਬਹੁਤੀ ਭੂਮੀ ਵਕੀਲਾਂ ਦੀ ਗਲਤੀ ਨਾਲ ਇਸਦੇ ਮੌਜੂਦਾ ਮਾਲਕਾਂ ਦੇ ਹੱਥਾਂ ਵਿੱਚ ਚਲੀ ਗਈ –ਜਿਹਨਾਂ ਗਲਤੀਆਂ ਦੇ ਪਰਿਨਾਮ ਸਰੂਪ ਛੋਟੇ ਛੋਟੇ ਅਪਰਾਧੀਆਂ ਨੂੰ ਵੀ ਫਾਂਸੀ ਦੀ ਸਜ਼ਾ ਦੇ ਦਿੱਤੀ ਗਈ ਹੈ।"

-------o-------

"ਕਾਨੂੰਨ ਮੁਜਰਿਮ ਕਰਾਰ ਦਿੰਦਾ ਹੈ ਉਸ ਪੁਰਸ਼ ਜਾਂ ਔਰਤ ਨੂੰ
ਜੋ ਚੁਰਾਉਂਦੇ ਨੇ ਆਮ ਆਦਮੀ ਦੀਆਂ ਮੁਰਗੀਆਂ,
ਲੇਕਿਨ ਛੱਡ ਦਿੰਦਾ ਹੈ ਵੱਡੇ ਅਪਰਾਧੀਆਂ ਨੂੰ
ਜੋ ਚੁਰਾ ਲੈਂਦੇ ਨੇ ਮੁਰਗੀਆਂ ਕੋਲੋਂ ਆਮ ਆਦਮੀ ਨੂੰ ਹੀ।"[4]

---

ਪੰਨਾ 46 (43)

---

## ਲੋਕਤੰਤਰ

ਲੋਕਤੰਤਰ, ਸਿਧਾਂਤਕ ਤੌਰ ਤੇ, ਰਾਜਨੀਤਕ ਅਤੇ ਕਾਨੂੰਨੀ ਸਮਾਨਤਾ ਦੀ ਇੱਕ ਪ੍ਰਣਾਲੀ ਹੈ, ਲੇਕਿਨ ਠੋਸ ਅਤੇ ਵਿਵਹਾਰਕ ਕਾਰਵਾਈ ਵਿੱਚ, ਇਹ ਮਿੱਥਿਆ ਹੈ, ਕਿਉਂਕਿ ਕੋਈ ਸਮਾਨਤਾ ਉਦੋਂ ਤੱਕ ਨਹੀਂ ਹੋ ਸਕਦੀ, ਜਿੱਥੋਂ ਤੱਕ ਕਿ ਰਾਜਨੀਤੀ ਵਿੱਚ ਅਤੇ ਕਾਨੂੰਨ ਦੇ ਸਾਹਮਣੇ ਵੀ ਨਹੀਂ, ਜਦੋਂ ਤੱਕ ਕਿ ਆਰਥਕ ਸ਼ਕਤੀ ਵਿੱਚ ਅਸਮਾਨਤਾ ਮੂੰਹ ਅੱਡੀ ਬਰਕਰਾਰ ਰਹੂਗੀ, ਜਦੋਂ ਤੱਕ ਕਿ ਸੱਤਾਧਾਰੀ ਵਰਗ ਮਜ਼ਦੂਰਾਂ ਦੇ ਰੋਜ਼ਗਾਰ ਉੱਤੇ, ਦੇਸ਼ ਦੀ ਪ੍ਰੈਸ ਅਤੇ ਸਕੂਲਾਂ ਉੱਤੇ ਲੋਕ ਰਾਏ ਤਿਆਰ ਕਰਨ ਅਤੇ ਸਵੈ-ਪ੍ਰਗਟਾਵੇ ਦੇ ਸਾਰੇ ਸਾਧਨਾਂ ਉੱਪਰ ਆਪਣਾ ਅਧਿਕਾਰ ਜਮਾਈ ਰੱਖੂਗਾ, ਜਦੋਂ ਤੱਕ ਕਿ ਇਹ ਸਾਰੇ ਸਿਖਿਅਤ ਸਵਰਜਨਕ ਕਾਰਜਕਾਰੀ ਸੰਗਠਨਾਂ ਉੱਤੇ ਆਪਣਾ ਏਕਾਧਿਕਾਰ ਬਣਾਈ ਰੱਖੂਗਾ, ਅਤੇ

*1. ਅਗਸਤ ਕਾਮਤੇ (1798–1857) : ਫਰਾਂਸੀਸੀ ਵਿਚਾਰਕ*

*2. ਅਗਿਆਤ*

*3. ਸੰਭਾਵਤ : ਬ੍ਰਿਟਿਸ਼ ਇਤਿਹਾਸਕਾਰ ਅਤੇ ਕਾਨੂੰਨਦਾਨ ਸਰ ਹੇਨਰੀ ਸਮਰ ਮੈਨ (1822–1888) ਭਾਰਤ ਵਿੱਚ 1863 ਤੋਂ 1869 ਤੱਕ ਕੌਂਸਲ ਦਾ ਮੈਂਬਰ, ਅਤੇ ਕਲਕੱਤਾ ਯੂਨੀਵਰਸਿਟੀ ਦਾ ਉਪ ਕੁਲਪਤੀ ਵੀ ਰਿਹਾ।*

*4. ਅਗਿਆਤ*

ਚੋਣਾਂ ਨੂੰ ਪ੍ਰਭਾਵਤ ਕਰਨ ਦੇ ਲਈ ਬੇਸ਼ੁਮਾਰ ਦੌਲਤ ਖਰਚ ਕਰਦਾ ਰਹੂਗਾ, ਜਦੋਂ ਤੱਕ ਕਿ ਕਾਨੂੰਨ ਸੱਤਾਧਾਰੀ ਵਰਗ ਦੁਆਰਾ ਬਣਾਏ ਜਾਂਦੇ ਰਹਿਣਗੇ ਅਤੇ ਅਦਾਲਤਾਂ ਵਿੱਚ ਏਸੇ ਵਰਗ ਦੇ ਮੈਂਬਰ ਚੌਧਰ ਚਲਾਉਂਦੇ ਰਹਿਣਗੇ, ਜਦੋਂ ਤੱਕ ਕਿ ਵਕੀਲ ਪ੍ਰਾਈਵੇਟ ਪ੍ਰੈਕਟੀਸ਼ਨਰ ਬਣੇ ਰਹਿਣਗੇ ਅਤੇ ਆਪਣੀ ਕਾਨੂੰਨੀ ਮੁਹਾਰਤ ਦਾ ਹੁੱਨਰ ਸਭ ਤੋਂ ਵੱਧ ਫੀਸ ਦੇਣ ਵਾਲੇ ਨੂੰ ਵੇਚਦੇ ਰਹਿਣਗੇ, ਅਤੇ ਅਦਾਲਤੀ ਕਾਰਵਾਈ ਤਕਨੀਕੀ ਅਤੇ ਮਹਿੰਗੀ ਬਣੀ ਰਹੂਗੀ, ਉਦੋਂ ਤੱਕ ਕਾਨੂੰਨ ਦੇ ਸਾਹਮਣੇ ਇਹ ਨਾਮ ਮਾਤਰ ਦੀ ਸਮਾਨਤਾ ਵੀ ਇੱਕ ਖੋਖਲਾ ਮਜ਼ਾਕ ਹੀ ਬਣੀ ਰਹੂਗੀ।

ਇੱਕ ਪੂੰਜੀਵਾਦੀ ਵਿਵਸਥਾ ਵਿੱਚ, ਲੋਕਤੰਤਰ ਦੀ ਪੂਰੀ ਮਸ਼ੀਨਰੀ, ਬਹੁ ਸੰਖਿਅਕ ਮਜ਼ਦੂਰ ਵਰਗ ਨੂੰ ਪੀੜਤ ਕਰਕੇ, ਸੱਤਾਧਾਰੀ ਅਲਪ ਸੰਖਿਅਕ ਵਰਗ ਨੂੰ ਸੱਤਾ ਰੱਖਣ ਦਾ ਕੰਮ ਕਰਦੀ ਹੈ, ਅਤੇ ਜਦੋਂ ਤੱਕ ਬੁਰਜੂਆ ਸਰਕਾਰ ਨੂੰ ਲੋਕ ਤੰਤਰਿਕ ਸੰਸਥਾਵਾਂ ਤੋਂ ਖਤਰਾ ਮਹਿਸੂਸ ਹੁੰਦਾ ਹੈ, ਉਦੋਂ ਤੱਕ ਅਜਿਹੀਆਂ ਸੰਸਥਾਵਾਂ ਨੂੰ ਅਕਸਰ ਬੜੀ ਬੇਰਹਿਮੀ ਦੇ ਨਾਲ ਕੁਚਲ ਦਿੱਤਾ ਜਾਂਦਾ ਹੈ।

*"ਫਰਾਮ ਮਾਰਕਸ ਟੂ ਲੈਨਿਨ"*
*(ਮਾਰਿਸ ਹਿਲਕਵੀਟ[1] ਰਚਿਤ) (ਪੰ: 58)*

-------o-------

ਲੋਕਤੰਤਰ "ਹਰੇਕ ਵਰਗ ਜਾਂ ਪਾਰਟੀ ਨਾਲ ਸੰਬੰਧਿਤ ਹਰੇਕ ਵਿਅਕਤੀ ਦੇ ਵਾਸਤੇ ਸਮਾਨ ਅਧਿਕਾਰ ਅਤੇ ਸਾਰੇ ਰਾਜਨੀਤਕ ਅਧਿਕਾਰਾਂ ਵਿੱਚ ਭਾਗੀਦਾਰੀ" ਯਕੀਨੀ ਨਹੀਂ ਬਣਾਉਂਦਾ (ਕਾਉਸਤਕੀ)। ਇਹ ਤਾਂ ਮੌਜੂਦਾ ਆਰਥਿਕ ਅਸਮਾਨਤਾਵਾਂ ਦੇ ਲਈ ਖੁੱਲੇ ਰਾਜਨੀਤਕ ਅਤੇ ਕਾਨੂੰਨੀ ਖੇਡ ਦੀ ਇਜ਼ਾਜ਼ਤ ਦਿੰਦਾ ਹੈ......। ਇਸ ਪ੍ਰਕਾਰ ਪੂੰਜੀਵਾਦ ਦੇ ਅੰਤਰਗਤ ਲੋਕਤੰਤਰ ਸਾਧਾਰਣ ਅਮੂਰਤ ਲੋਕਤੰਤਰ ਨਹੀਂ ਬਲਕਿ ਵਿਸ਼ੇਸ਼ ਬੁਰਜੂਆ ਲੋਕਤੰਤਰ ...... ਜਾਂ ਜਿਵੇਂ ਕਿ ਲੈਨਿਨ ਨੇ ਇਸਨੂੰ ਨਾਮ ਦਿੱਤਾ ਹੈ – ਬੁਰਜੂਆ ਵਰਗ ਦੇ ਲਈ ਲੋਕਤੰਤਰ ਹੁੰਦਾ ਹੈ।[2]

---

ਪੰਨਾ 47 (44)

---

## ਇਨਕਲਾਬ ਸ਼ਬਦ ਦੀ ਪਰਿਭਾਸ਼ਾ

"ਇਨਕਲਾਬ ਦੀ ਅਵਧਾਰਨਾ ਨੂੰ ਇਸ ਸ਼ਬਦ ਦੀ ਪੁਲਸੀਆ ਵਿਆਖਿਆ ਦੇ ਅਰਥ ਵਿੱਚ ਯਾਨੀ ਹਥਿਆਰਬੰਦ ਵਿਦਰੋਹ ਦੇ ਅਰਥ ਵਿੱਚ ਨਹੀਂ ਲੈਣਾ ਚਾਹੀਦਾ। ਜੇ ਕਿਸੇ ਪਾਰਟੀ ਦੇ ਕੋਲ ਦੂਜੇ, ਘੱਟ ਖਰਚੀਲੇ, ਅਤੇ ਮੁਕਾਬਲਤਨ ਵੱਧ ਸੁਰੱਖਿਅਤ ਤਰੀਕੇ ਇਸਮੇਤਾਲ ਕਰਨ ਦੀ ਗੁੰਜਾਇਸ਼ ਹੈ, ਅਤੇ ਤਾਂ ਵੀ ਉਹ ਸਿਧਾਂਤ ਦੇ ਨਾਤੇ ਵਿਦਰੋਹ ਦਾ ਹੀ ਤਰੀਕਾ ਅਪਨਾਉਂਦੀ ਹੈ, ਤਾਂ ਉਸਨੂੰ ਪਾਗਲ ਹੀ ਆਖਿਆ ਜਾਵੇਗਾ। ਅਜਿਹਾ ਇਹ ਸਿਰਫ਼ ਏਸੇ ਅਰਥ ਵਿੱਚ ਹੈ ਕਿ ਇਹ ਇਸ ਗੱਲ ਨੂੰ ਮੰਨਦਾ ਹੈ ਕਿ ਜਦੋਂ ਇਸਨੂੰ ਰਾਜਨੀਤਕ ਸੱਤਾ ਹਾਸਿਲ ਹੋ ਜਾਏਗੀ, ਤਾਂ ਇਹ ਇਸਦੀ ਵਰਤੋਂ ਵਰਤਮਾਨ ਵਿਵਸਥਾ ਨੂੰ ਟਿਕਾਈ

*1. ਅਮਰੀਕੀ ਸਮਾਜਵਾਦ*

*2. ਪੈਰੇ ਦਾ ਸ੍ਰੋਤ ਅਤੇ ਸੰਦਰਭ ਵਾਲਾ ਹਿੱਸਾ ਫਟਿਆ ਹੋਇਆ ਹੈ। ਸੰਭਾਵਨਾ ਹੈ ਕਿ ਮਾਰਿਸ ਹਿਲਵੀਟ ਦੀ ਪੁਸਤਕ 'ਚੋਂ ਹੀ ਲਿਆ ਗਿਆ ਹੈ।*

ਰੱਖਣ ਵਾਲੀ ਉਤਪਾਦਨ-ਪ੍ਰਣਾਲੀ ਨੂੰ ਖਤਮ ਕਰਨ ਦੇ ਇਲਾਵਾ ਅਤੇ ਕਿਸੇ ਮਕਸਦ ਦੇ ਲਈ ਨਹੀਂ ਕਰੇਗਾ।

*"ਕਾਰਲ ਕਾਉਟਸਕੀ"* [1]

-------o-------

## ਸੰਯੁਕਤ ਰਾਜ ਅਮਰੀਕਾ ਦੇ ਬਾਰੇ ਕੁੱਝ ਤੱਥ ਅਤੇ ਅੰਕੜੇ [2]

5 ਆਦਮੀ 1000 ਲੋਕਾਂ ਲਈ ਰੋਟੀ ਪੈਦਾ ਕਰ ਸਕਦੇ ਹਨ
1 ਆਦਮੀ 250 ਲੋਕਾਂ ਲਈ ਸੂਤੀ ਕੱਪੜਾ ਪੈਦਾ (ਕਰ ਸਕਦਾ) ਹੈ
1 ਆਦਮੀ 300 ਲੋਕਾਂ ਲਈ ਊਨੀ ਕੱਪੜਾ ਪੈਦਾ ਕਰ ਸਕਦਾ ਹੈ
1 ਆਦਮੀ 1000 ਲੋਕਾਂ ਲਈ ਬੂਟ ਅਤੇ ਜੁੱਤੀਆਂ ਪੈਦਾ ਕਰ ਸਕਦਾ ਹੈ

*– ਆਇਰਨ ਹੀਲ* [3] *(3.78)*

15,000,000 ਲੋਕ ਬੇਹੱਦ ਗਰੀਬੀ (ਵਿੱਚ) ਜਿਉਂ ਰਹੇ ਹਨ ਜੋ ਆਪਣੀ ਮਿਹਨਤ ਸਮਰੱਥਾ ਨੂੰ ਵੀ ਨਹੀਂ ਬਣਾਈ ਰੱਖ ਸਕਦੇ।

3,000,000 ਬਾਲ ਮਜ਼ਦੂਰ

-------o-------

## ਦੁਬਾਰਾ ਫੇਰ ਇੰਗਲੈਂਡ[4]

ਯੁੱਧ-ਪੂਰਵ ਅਨੁਮਾਨ

| | |
|---|---|
| ਇੰਗਲੈਂਡ ਦਾ ਕੁੱਲ ਉਤਪਾਦਨ (ਹਰ ਸਾਲ) | £ 2000,000,000 |
| ਵਿਦੇਸ਼ੀ ਨਿਵੇਸ਼ਾਂ ਤੋਂ ਲਾਭ | £ 200,000,000 |
| | £ 2200,000,000 |
| ਜਨਸੰਖਿਆ ਦੇ 1/9ਵੇਂ ਭਾਗ ਨੇ | |
| ਲੈ ਲਿਆ 1/2 | = £ 1100,000,000 |
| ਜਨਸੰਖਿਆ ਦੇ 2/9ਵੇਂ ਭਾਗ ਨੇ | |
| ਲੈ ਲਿਆ ਬਾਕੀ | = £ 1100,000,000 |
| ਦਾ 1/3 ਅਰਥਾਤ | = £ 300,000,000 |

*(ਵੇਰਵੇ ਦਾ ਬਾਕੀ ਹਿੱਸਾ ਫਟਿਆ ਹੋਇਆ – ਸੰ.....)*

---

*1. ਕਾਰਲ ਕਾਉਟਸਕੀ (1854–1938) ਜਰਮਨ ਸਮਾਜਕ ਜਨਵਾਦੀ ਅੰਦੋਲਨ ਅਤੇ ਦੂਜੀ ਇੰਟਰਨੈਸ਼ਨਲ ਦਾ ਇੱਕ ਨੇਤਾ। ਸ਼ੁਰੂ ਵਿੱਚ ਮਾਰਕਸਵਾਦੀ ਸੀ ਪਰ ਬਾਦ ਵਿੱਚ ਮਾਰਕਸਵਾਦ ਨਾਲ ਗੱਦਾਰੀ ਕੀਤੀ ਅਤੇ ਮਜ਼ਦੂਰ ਅੰਦੋਲਨ ਵਿੱਚ ਮੌਜੂਦ ਇੱਕ ਅਵਸਰਵਾਦੀ ਪ੍ਰਵਿਰਤੀ (ਕਾਉਟਸਕੀਵਾਦ) ਦਾ ਸਿਧਾਂਤਕਾਰ ਬਣ ਗਿਆ।*

*2. ਇਹ ਅਤੇ ਹੇਠਾਂ ਆਇਆ ਇੰਗਲੈਂਡ ਸੰਬੰਧੀ ਸਿਰਲੇਖ ਮੋਟੇ ਅੱਖਰਾਂ ਵਿੱਚ ਲਿਖੇ ਹੋਏ ਹਨ।*

*3. ਜੈਨ (ਜਾਨ) ਗ੍ਰਿਫਿਥ ਲੰਡਨ (1876–1916) ਦਾ ਨਾਵਲ "ਆਇਰਨ ਹੀਲ" ਜੋ 1908 ਵਿੱਚ ਪ੍ਰਕਾਸ਼ਿਤ ਹੋਇਆ। ਇਸ ਨਾਵਲ ਵਿੱਚ ਪੂੰਜੀਵਾਦ ਦੇ ਖ਼ੂਨ ਪੀਣ ਅਤੇ ਦਮਨਕਾਰੀ ਚਰਿੱਤਰ ਅਤੇ ਇਸਦੇ ਖਿਲਾਫ਼ ਮਜ਼ਦੂਰਾਂ ਦੇ ਸੰਘਰਸ਼ ਦਾ ਅਤਿਅੰਤ ਪ੍ਰਭਾਵਸ਼ਾਲੀ ਚਿੱਤਰਣ ਹੈ।*

*4. ਸ੍ਰੋਤ ਦਾ ਪਤਾ ਨਹੀਂ*

---

ਪੰਨਾ 48 (45)

---

## ਇੰਟਰਨੈਸ਼ਨਲ [1]

ਲਹਿਰਾਂ ਬਣ ਉੱਠੋ ਭੁੱਖਾਂ ਦੇ ਲਿਤਾੜਿਓ! ਧਰਤੀ ਦਾ ਸਾਰਾ ਦੁੱਖ ਪੀਣ ਵਾਲਿਓ!

ਬੱਝੀਆਂ ਨਾ ਰਹਿਣ ਇਹ ਰਵਾਇਤੀ ਲੜੀਆਂ, ਉੱਠੋ ਵੇ ਗੁਲਾਮੀ ਦੀਆਂ ਤੋੜੋ ਕੜੀਆਂ।
ਕਿਰਤਾਂ ਦਾ ਜ਼ੋਰ ਜੁੱਸਿਆਂ 'ਚ ਭਰਕੇ, ਲੁੱਟ ਦਾ ਇਹ ਰਾਜ ਜੜ੍ਹਾਂ ਤੋਂ ਉਖਾੜਿਓ।

ਬੁੱਢਾ ਹੋ ਪੁਰਾਣਾ ਢਾਂਚਾ ਜਦੋਂ ਥੰਮ੍ਹਦਾ, ਉਹਨੂੰ ਤੋੜ ਨਵਾਂ ਸੰਸਾਰ ਜੰਮਦਾ।
ਨਵਾਂ ਤੇ ਉਸਾਰੂ ਜੱਗ ਰਚਣੇ ਲਈ, ਗਲੀ ਸੜੀ ਹਰ ਚੀਜ਼ ਨੂੰ ਨਕਾਰਿਓ।

ਨਵੀਆਂ ਹੀ ਨੀਹਾਂ ਤੇ ਉਸਾਰ ਹੋਊਗਾ, ਸਾਰਾ ਜੱਗ ਸਾਡਾ ਪਰਿਵਾਰ ਹੋਊਗਾ।
ਲੋਟੂਆਂ ਦੇ ਹੱਥਾਂ ਨੇ ਤੁਹਾਥੋਂ ਖੋਹਿਆ ਜੋ, ਸਭ ਹੋਊ ਤੁਹਾਡਾ ਸਿਰਜਣਹਾਰਿਓ।

ਆਖਰੀ ਹੈ ਆਪਣੀ ਲੜਾਈ ਬੇਲੀਓ, ਥਾਂ ਥਾਂ ਉੱਠੋ ਕਰ ਦੋ ਚੜ੍ਹਾਈ ਬੇਲੀਓ।
ਲੁੱਟ ਦੇ ਮਸੀਹੇ ਤਾਈਂ ਰੱਦ ਕਰਕੇ, ਹੁਕਮ ਕਾਨੂੰਨ ਪੈਰਾਂ 'ਚ ਲਿਤਾੜਿਓ।

ਮਹਿਲਾਂ 'ਚੋਂ ਨਾ ਸਾਡੇ ਤੇ ਕੋਈ ਰਾਜ ਵੇ ਕਰੇ, ਰਾਜਿਆਂ ਦੀ ਸਾਨੂੰ ਹੁਣ ਵਫਾ ਨਾ ਫੜੇ।
ਧੁਖ ਰਹਿਓ ਮਚੋ ਹੁਣ ਲਾਟਾਂ ਬਣਕੇ, ਤਖ਼ਤਾਂ ਨੂੰ ਢਾਵੋ, ਤਾਜਾਂ ਨੂੰ ਉਛਾਲਿਓ।

ਲੋਟੂਆਂ ਤੋਂ ਲੁੱਟ ਵਾਲਾ ਮਾਲ ਖੋਹਣ ਲਈ, ਕੈਦ ਹੋਈਆਂ ਰੂਹਾਂ ਦੇ ਆਜ਼ਾਦ ਹੋਣ ਲਈ।
ਸਾਂਝਿਆਂ ਦੁੱਖਾਂ 'ਚ ਸ਼ਰੀਕ ਹੋਇ ਕੇ, ਮੁਕਤੀ ਦਾ ਰਾਹ ਸੋਚਿਓ ਵਿਚਾਰਿਓ।

ਖ਼ੁਦ ਆਪਣੇ ਹੀ ਕੰਮ ਕਾਰ ਮਿੱਥਾਂਗੇ! ਕਿੱਦਾਂ ਦਾ ਇਹ ਹੋਊ ਸੰਸਾਰ ਮਿੱਥਾਂਗੇ!
ਮਿਹਨਤ 'ਚੋਂ ਉਸਰੀ ਹੈ ਹਰ ਰਚਨਾ, ਦੁਨੀਆ ਤੁਹਾਡੀ ਦੁਨੀਆਂ ਦੇ ਘਾੜਿਓ!

ਲਹਿਰਾਂ ਬਣ ਉੱਠੋ ਭੁੱਖਾਂ ਦੇ ਲਿਤਾੜਿਓ! ਧਰਤੀ ਦਾ ਸਾਰਾ ਦੁੱਖ ਪੀਣ ਵਾਲਿਓ!

---

*1. ਯੂਨੀਨ ਪੋਤੀਏ ਵੱਲੋਂ ਪੈਰਿਸ ਕਮਿਊਨ (1871) ਦੇ ਦੌਰਾਨ ਫਰੈਂਚ ਵਿੱਚ ਲਿਖਿਆ ਗਿਆ ਇਹ ਗੀਤ 'ਇੰਟਰਨੈਸ਼ਨਲ ਦੇ ਨਾਂ ਨਾਲ ਵਿਸ਼ਵ ਸਰਵਹਾਰਾ ਦਾ ਸੰਘਰਸ਼ ਗੀਤ ਬਣ ਗਿਆ। ਜਿਸ ਦਾ ਅਸੀਂ ਪੰਜਾਬ ਵਿੱਚ ਪ੍ਰਚੱਲਤ ਗੀਤ ਰੂਪੀ ਅਨਵਾਦ ਦੇ ਰਹੇ ਹਾਂ।*

ਪੰਨਾ 49 (46) **ਮਾਰਸਈਏਜ**[1]

ਓ ਮਿਹਨਤ ਦੇ ਪੁੱਤਰੋ, ਜਾਗੋ, ਮਾਣ ਪ੍ਰਾਪਤ ਕਰੋ!
ਸੁਣੋ ਸੁਣੋ ਉਹ ਕਰੋੜਾਂ ਆਵਾਜ਼ਾਂ ਕਿ ਤੁਸੀਂ ਜਾਗੋ,
ਬੱਚੇ ਪਤਨੀ, ਅਤੇ ਪੁਰਾਣੇ ਪਿਤਰ ਤੁਹਾਡੇ,
ਵੇਖੋ ਉਨ੍ਹਾਂ ਦੇ ਹੰਝੂ, ਸੁਣੋ ਤੁਸੀਂ ਉਨ੍ਹਾਂ ਦੀਆਂ ਚੀਕਾਂ!
ਕੀ ਨਫਰਤ ਯੋਗ, ਬੇਲਗਾਮ ਸ਼ਾਸ਼ਕ ਕਰਦੇ ਰਹਿਣ ਸ਼ਰਾਰਤਾਂ ?
ਲੈ ਕੇ ਭਾੜੇ ਦੇ ਟੱਟੂ ਅਤੇ ਜੱਥੇ ਗੁੰਡਿਆਂ ਦੇ
ਕਰਦੇ ਰਹਿਣ ਧਰਤੀ ਨੂੰ ਦੁਖੀ ਅਤੇ ਉਜਾੜ
ਜਦੋਂ ਕਿ ਸ਼ਾਂਤੀ ਅਤੇ ਅਸ਼ਾਂਤੀ ਦਾ ਵਹਿੰਦਾ ਰਹੇ ਖ਼ੂਨ ?

*(ਕੋਰਸ)*

ਆਓ ਹਥਿਆਰ ਚੁੱਕੀਏ, ਲਾਈਨ ਵਿੱਚ ਲੱਗ ਜਾਈਏ
ਖੇਤਾਂ ਨੂੰ ਉਨ੍ਹਾਂ ਦੇ ਖੂਨ ਨਾਲ ਸਿੰਜਦੇ ਹੋਏ ਅੱਗੇ ਵਧਦੇ ਜਾਈਏ

ਬੇਹੱਦ ਐਸ਼ ਅਤੇ ਸ਼ਾਨੋ ਸ਼ੌਕਤ ਦਾ
ਹੌਂਸਲਾ ਕਰਦੇ ਨੇ ਇਹ ਨੀਚ, ਅਸੰਤੁਸ਼ਟ, ਬੇਲਗਾਮ
ਸੋਨੇ ਦੀ ਚਿੜੀ ਤੇ ਰਾਜ ਦੀ ਉਨ੍ਹਾਂ ਦੀ ਭੁੱਖ ਨਹੀਂ ਮਿਟਦੀ
ਭੋਗਦੇ ਅਤੇ ਵੇਚਦੇ ਨੇ ਹਵਾ ਵੀ,
ਅਸੀਂ ਢੋਂਦੇ ਹਾਂ ਉਨ੍ਹਾਂ ਦਾ ਭਾਰ ਬਣਕੇ ਲਾਦੂ ਘੋੜੇ
ਉਹ ਕਹਿੰਦੇ ਹਨ ਕਿ ਉਨ੍ਹਾਂ ਦੇ ਦਾਸ ਉਨ੍ਹਾਂ ਨੂੰ ਦੇਵਤਾ ਮੰਨਣ,
ਪਰ ਮਨੁੱਖ ਤੋਂ ਵਧਕੇ ਹੋਰ ਕੌਣ ਹੈ ?
ਫਿਰ ਉਹ ਕਦੋਂ ਤੱਕ ਟਿਕੇ ਰਹਿਣਗੇ, ਕਦੋਂ ਤੱਕ ਮਾਰਨਗੇ ਸਾਨੂੰ ?

*(ਫਿਰ ਉਹੀ ਕੋਰਸ)*

ਐ ਆਜ਼ਾਦੀ! ਕੀ ਮਨੁੱਖ ਛੱਡ ਸਕੇਗਾ ਤੈਨੂੰ,
ਮਹਿਸੂਸ ਕਰਨ ਤੋਂ ਬਾਦ ਤੇਰੀ ਦਿਲਕਸ਼ ਲੌ ਨੂੰ ?
ਕੀ ਰੋਕ ਸਕਣਗੇ ਤੈਨੂੰ ਤਹਿਖਾਨਿਆਂ ਦੇ ਫਾਟਕ ’ਤੇ ਸਲਾਖਾਂ
ਕੀ ਕੋੜੇ (ਛਿੱਤਰ) ਬੰਨ੍ਹ ਸਕਨਗੇ ਤੇਰੇ ਬੁਲੰਦ ਹੌਂਸਲੇ ਨੂੰ ?
ਲੰਬੇ ਅਰਸੇ (ਸਮੇਂ) ਬਿਲਖ ਰਹੀ ਹੈ ਦੁਨੀਆਂ
ਚਲਾ ਰਹੇ ਹਨ ਝੂਠ ਦੀ ਤਲਵਾਰ ਬੇਲਗਾਮ,
ਪਰ ਆਜ਼ਾਦੀ ਹੈ ਤਲਵਾਰ ਤੇ ਢਾਲ ਸਾਡੀ,
ਅਤੇ ਬੇਕਾਰ ਹੈ ਉਨ੍ਹਾਂ ਦੀ ਸਾਰੀ ਕਲਾਕਾਰੀ। *(ਫਿਰ ਉਹੀ ਕੋਰਸ)*

---

*1. **ਲਾ ਮਾਰਸਈਏਜ਼** : ਫਰਾਂਸ ਦਾ ਰਾਸ਼ਟਰੀ ਗੀਤ 24 ਅਪਰੈਲ 1792 ਨੂੰ ਰਚਿਆ ਗਿਆ। ਫਰਾਂਸੀਸੀ ਇਨਕਲਾਬ ਦੀ ਹਿਫਾਜ਼ਤ ਕਰਨ ਦੇ ਲਈ ਯੁੱਧ ਲੜ ਰਹੇ ਸੈਨਿਕਾਂ ਦੇ ਵਾਸਤੇ ਇਸਨੂੰ ਇੱਕ ਫਰਾਂਸੀਸੀ ਕਪਤਾਨ ਕਲੋਦ ਜੋਸ.ਫ ਦਾ ਲਿਲ ਨੇ ਸੰਗੀਤਬੱਧ ਕੀਤਾ। ਮਾਰਸਈਏਜ਼ ਸ਼ਹਿਰ ਤੋਂ ਪੈਰਿਸ ਦੇ ਵੱਲ ਨੂੰ ਮਾਰਚ ਕਰਦੇ ਸੈਨਿਕਾਂ ਨੇ ਜਦੋਂ ਪਹਿਲੀ ਵਾਰੀ ਇਸਨੂੰ ਗਾਇਆ ਤਾਂ ਅਜਿਹਾ ਆਵੇਗ ਅਤੇ ਜੋਸ਼ ਪੈਦਾ ਹੋਇਆ ਕਿ ਲੋਕ ਉਮੜ ਪਏ। ਇੱਕ ਫਰੈਂਚ ਜਨਰਲ ਨੇ ਇੱਕ ਵਾਰੀ ਸੰਦੇਸ਼ ਭੇਜਿਆ ਸੀ ਕਿ ਉਸਦੇ ਕੋਲੇ ਫੌਰਨ **ਮਰਸਈਏਜ਼** ਭੇਜਿਆ ਜਾਏ ਕਿਉਂਕਿ ਇਸਦੀ ਤਾਕਤ ਕਈ ਬਟਾਲੀਅਨਾਂ ਦੇ ਬਰਾਬਰ ਹੈ।*

ਪੰਨਾ 50 (47)

## ਅਵਸਰਵਾਦ ਦਾ ਜਨਮ

ਕਾਨੂੰਨ ਦੇ ਦਾਇਰੇ ਵਿੱਚ ਰਹਿਕੇ ਕੰਮ ਕਰਨ ਦੀ ਸੰਭਾਵਨਾ ਨੇ ਹੀ ਦੂਜੀ ਇੰਟਰਨੈਸ਼ਨਲ ਦੇ ਸਮੇਂ ਵਿੱਚ ਮਜ਼ਦੂਰ ਪਾਰਟੀਆਂ ਦੇ ਅੰਦਰ ਅਵਸਰਵਾਦ ਨੂੰ ਜਨਮ ਦਿੱਤਾ।

*(ਲੈਨਿਨ, ਕੋਲੈਪਸ ਆਫ II ਇੰਟ. ਨੈ.)*[1]

-------o-------

## ਗੈਰ ਕਾਨੂੰਨੀ ਕੰਮ :

“ਕਿਸੇ ਦੇਸ਼ ਵਿੱਚ ਜਿੱਥੇ ਬੁਰਜੂਆ ਵਰਗ ਜਾਂ ਉਲਟ ਇਨਕਲਾਬੀ ਸਮਾਜਕ ਜਨਵਾਦ ਸੱਤਾ ਵਿੱਚ ਹੈ, ਕਮਿਊਨਿਸਟ ਪਾਰਟੀ ਨੂੰ ਆਪਣੇ ਕਾਨੂੰਨੀ ਅਤੇ ਗੈਰ ਕਾਨੂੰਨੀ ਕੰਮਾਂ ਦੇ ਵਿੱਚ ਇੱਕ ਤਾਲਮੇਲ ਰੱਖਣਾ ਅਵੱਸ਼ ਸਿੱਖ ਲੈਣਾ ਚਾਹੀਦਾ ਹੈ, ਅਤੇ ਕਾਨੂੰਨੀ ਕੰਮ ਨੂੰ ਹਮੇਸ਼ਾ ਅਤੇ ਨਿਸ਼ਚਤ ਰੂਪ ਤੋਂ ਗੈਰ ਕਾਨੂੰਨੀ ਪਾਰਟੀ ਦੇ ਪ੍ਰਭਾਵੀ ਨਿਯੰਤਰਣ ਵਿੱਚ ਹੀ ਰਹਿਣਾ ਚਾਹੀਦਾ ਹੈ।

*– ਬੁਖਾਰਿਨ*[2]

-------o-------

## ਦੂਜੀ ਇੰਟਰਨੈਸ਼ਨਲ ਦੇ ਉਦੇਸ਼ ਨਾਲ ਵਿਸਵਾਸ਼ਘਾਤ :

ਸਮਾਜਵਾਦ ਅਤੇ ਮਿਹਨਤ ਦੇ ਇਸ ਵਿਰਾਟ ਸੰਗਠਨ ਨੂੰ ਅਜਿਹੀਆਂ ਸ਼ਾਂਤੀਕਾਲੀਨ ਗਤੀਵਿਧੀਆਂ ਦੇ ਲਈ ਅਨੁਕੂਲਿਤ ਕਰ ਦਿੱਤਾ ਗਿਆ, ਅਤੇ ਜਦੋਂ ਸੰਕਟ ਆਇਆ, ਤਾਂ ਬਹੁਤ ਸਾਰੇ ਨੇਤਾ ਅਤੇ ਜਨ ਸਮੁਦਾਵਾਂ ਦੇ ਭਾਰੀ ਹਿੱਸੇ ਆਪਣੇ ਆਪ ਨੂੰ ਇਸ ਨਵੀਂ ਸਥਿਤੀ ਦੇ ਅਨੁਰੂਪ ਢਾਲਣ ਵਿੱਚ ਅਸਮੱਰਥ ਬਣ ਗਏ। ਇਹ ਹੀ ਉਹ ਲਾਜ਼ਮੀ ਸਥਿਤੀ ਹੈ ਜੋ ਬਹੁਤ ਹੱਦ ਤੱਕ ਦੂਜੀ ਇੰਟਰਨੈਸ਼ਨਲ ਦੇ ਵਿਸਵਾਸ਼ਘਾਤ ਦਾ ਕਾਰਣ ਹੈ।

*– ਮਾਰਕਸ ਟੂ ਲੈਨਿਨ, ਪੰ. 140 (ਮਾਰਿਸ ਹਿਲਕਵੀਟ)*[3]

-------o-------

## “ਦਾ ਸਿਨਿਕਸ ਵਰਡ ਬੁੱਕ” (1906)[4]

ਐਮਬਰੋਸ ਪ੍ਰਿਅਸੋ[5] ਲਿਖਦਾ ਹੈ :

“ਗ੍ਰੇਪ ਸ਼ਾਟ[6] – (ਸੰਗਿਆ) – ਇੱਕ ਤਰਕ ਜਿਸਨੂੰ ਭਵਿੱਖ ਅਮਰੀਕੀ ਸਮਾਜਵਾਦ ਦੀਆਂ ਮੰਗਾਂ ਦੇ ਜਵਾਬ ਵਿੱਚ ਤਿਆਰ ਕਰ ਰਿਹਾ ਹੈ।”

---

*1. ਲੈਨਿਨ ਦੀ ਪੁਸਤਕ ਦੂਜੇ ਇੰਟਰਨੈਸ਼ਨਲ ਦਾ ਪੱਤਨ*

*2. ਨਿਕੋਲਾਈ ਹਵਾਨੋਵਿਚ ਬੁਖਾਰਿਨ (1888–1938) ਰੂਸੀ ਸਮਾਜਕ ਜਨਵਾਦੀ ਮਜ਼ਦੂਰ ਪਾਰਟੀ ਦਾ ਮੈਂਬਰ, ਰਾਜ, ਸਰਵਹਾਰਾ ਡਿਕਟੇਟਰਸ਼ਿਪ ਕੌਮੀਅਤਾਂ ਦੇ ਆਤਮ ਨਿਰਣੇ ਦੇ ਅਧਿਕਾਰ ਅਤੇ ਅਜਿਹੇ ਹੀ ਹੋਰ ਪ੍ਰਸ਼ਨਾਂ ਉੱਪਰ ਲੈਨਿਨ ਵਿਰੋਧੀ ਦ੍ਰਿਸ਼ਟੀਕੋਣ ਅਪਣਾਉਂਦਾ ਰਿਹਾ। ਅਕਤੂਬਰ ਸਮਾਜਵਾਦੀ ਇਨਕਲਾਬ ਦੇ ਬਾਦ ਵਾਰ-ਵਾਰ ਲੈਨਿਨਵਾਦੀ ਪਾਰਟੀ ਨੀਤੀ ਦਾ ਵਿਰੋਧ ਕੀਤਾ। 1937 ਵਿੱਚ ਆਪਣੀਆਂ ਪਾਰਟੀ ਵਿਰੋਧੀ ਸਰਗਰਮੀਆਂ ਦੇ ਕਾਰਣ ਪਾਰਟੀ ਵਿੱਚੋਂ ਕੱਢ ਦਿੱਤਾ ਗਿਆ।*

*3. ਅਮਰੀਕੀ ਸਮਾਜਵਾਦੀ* *4. ਅਤੇ*

*5. ਅਗਿਆਤ* *6. ਬੰਦੂਕ ਦੇ ਛੱਰੇ*

**ਧਰਮ, ਸਥਾਪਤ ਵਿਵਸਥਾ ਦਾ ਸਮਰਥਕ :**

**ਦਾਸਤਾਂ :**

1835 ਵਿੱਚ, ਪਰੇਸੀਬਟੇਰਿਅਨ ਚਰਚ ਦੀ ਜਨਰਲ ਅਸੈਂਬਲੀ ਨੇ ਪ੍ਰਸਤਾਵ ਪਾਰਿਤ ਕੀਤਾ ਕਿ : "ਗੁਲਾਮੀ ਪੁਰਾਣੇ ਅਤੇ ਨਵੇਂ ਦੋਵਾਂ ਹੀ ਹਾਲਤਾਂ ਵਿੱਚ ਪ੍ਰਵਾਨ ਹੈ, ਅਤੇ ਇਸਨੂੰ ਈਸ਼ਵਰੀ ਸੱਤਾ ਨੇ ਵਰਜਿਤ ਨਹੀਂ ਕੀਤਾ ਹੈ।"

ਦਾ ਚਾਰਲਸਟਨ ਬੈਪਟਿਸਟ ਐਸੋਸੀਏਸ਼ਨ ਨੇ 1835 ਵਿੱਚ ਹੇਠਲਾ ਫਰਮਾਨ ਜਾਰੀ ਕੀਤਾ :

"ਮਾਲਕਾਂ ਵੱਲੋਂ ਆਪਣੇ ਗੁਲਾਮਾਂ ਦੇ ਸਮੇਂ ਦੀ ਵਰਤੋਂ ਕਰਨ ਦੇ ਅਧਿਕਾਰ ਨੂੰ ਸਾਰੀਆਂ ਚੀਜ਼ਾਂ ਦੇ ਸ੍ਰਿਸ਼ਟਾ ਨੇ ਸਪੱਸ਼ਟ ਰੂਪ ਵਿੱਚ ਮਾਨਤਾ ਦੇ ਰੱਖੀ ਹੈ, ਜੋ ਆਪਣੀ ਮਰਜ਼ੀ ਨਾਲ ਜਿਸ ਵੀ ਚੀਜ਼ ਉੱਪਰ ਚਾਹੇ ਸੰਪੱਤੀ ਦਾ ਅਧਿਕਾਰ ਲਾਗੂ ਕਰ ਸਕਦਾ ਹੈ।"

ਵਰਜੀਨੀਆ ਦੇ ਮੈਥਡਿਸਟ ਕਾਲਜ ਦੇ ਇੱਕ ਪ੍ਰੋਫੈਸਰ ਰੇਵਰੰਤ ਈ.ਡੀ. ਸਾਈਮਨ, ਡਾਕਟਰ ਆਫ ਡਿਵਾਇਨਟੀ ਨੇ ਲਿਖਿਆ ਹੈ :

"ਹੋਲੀ ਰਿੱਟ (ਇਸਾਈ ਧਰਮ ਸ਼ਾਸ਼ਤਰ ਸੰ.) ਦੇ ਵਿੱਚ ਸਾਫ ਤੌਰ ਉੱਪਰ ਗੁਲਾਮਾਂ ਉੱਤੇ ਸੰਪੱਤੀ ਅਧਿਕਾਰ ਅਤੇ ਇਸ ਅਧਿਕਾਰ ਨਾਲ ਸੰਬੰਧਿਤ ਰੋਜ਼ਮੱਰਾ ਦੀਆਂ ਗੱਲਾਂ ਦਾ ਉਲੇਖ ਕੀਤਾ ਗਿਆ ਹੈ। ਤਾਂ ਕੁੱਲ ਮਿਲਾਕੇ ਗੱਲ ਇਹ ਹੀ ਹੈ ਕਿ ਚਾਹੇ ਅਸੀਂ ਖੁਦ ਈਸ਼ਵਰ ਦੁਆਰਾ ਸਥਾਪਤ ਯਹੂਦੀ ਨੀਤੀ ਨੂੰ ਵੇਖੀਏ, ਜਾਂ ਸਾਰੇ ਯੁੱਗਾਂ ਵਿੱਚ ਮਾਨਵ ਜਾਤੀ ਦੇ ਇੱਕ ਸਮਾਨ ਵਿਚਾਰ ਤੇ ਵਿਵਹਾਰ ਨੂੰ ਲਈਏ ਜਾਂ ਨਿਊ ਟੈਸਟਾਮੈਂਟ ਅਤੇ ਨੈਤਿਕ ਨਿਯਮ ਦੇ ਕਾਨੂੰਨ ਨਿਸ਼ੇਧ ਸੰਬੰਧੀ ਨਿਰਦੇਸ਼ਾਂ ਨੂੰ ਵੇਖੀਏ ਅਸੀਂ ਏਸ ਨਤੀਜੇ ਤੇ ਪੁੱਜਦੇ ਹਾਂ ਕਿ ਦਾਸਤਾਂ (ਗੁਲਾਮੀ) ਅਨੈਤਿਕ ਨਹੀਂ ਹੈ। ਜਦੋਂ ਇਹ ਗੱਲ ਸਿੱਧ ਹੋ ਚੁੱਕੀ ਹੈ ਕਿ ਅਫਰੀਕੀ ਦਾਸ ਕਾਨੂੰਨੀ ਤੌਰ ਤੇ ਖਰੀਦਕੇ ਬੰਧੂਆ ਬਣਾਏ ਜਾਂਦੇ ਸਨ, ਤਾਂ ਉਹਨਾਂ ਦੇ ਬੱਚਿਆਂ ਨੂੰ ਬੰਧੂਆ ਬਣਾ ਕੇ ਰੱਖਣ ਦੀ ਗੱਲ ਵੀ ਲਾਜ਼ਮੀ ਤੌਰ ਤੇ ਸਿੱਧ ਹੀ ਹੋ ਜਾਂਦੀ ਹੈ। ਇਸ ਪ੍ਰਕਾਰ ਅਸੀਂ ਵੇਖਦੇ ਹਾਂ ਕਿ ਅਮਰੀਕਾ ਵਿੱਚ ਜੋ ਗੁਲਾਮੀ ਮੌਜੂਦ ਹੈ, ਉਸਦੀ ਸਥਾਪਨਾ ਸਹੀ ਸੀ।"

**ਪੂੰਜੀਵਾਦ ਦਾ ਸਮਰਥਨ :**

ਹੈਨਰੀ ਵਾਨ ਡਾਈਕ[1] "ਐਸੇ ਇਨ ਐਪਲੀਕੇਸ਼ਨ" (1905) ਵਿੱਚ ਲਿਖਦਾ ਹੈ:

"ਬਾਈਬਲ ਦੀ ਸਿੱਖਿਆ ਹੈ ਕਿ ਈਸ਼ਵਰ ਦੁਨੀਆ ਦਾ ਮਾਲਕ ਹੈ। ਉਹ ਆਪਣੀ ਭਲਾਈ ਦੀ ਇੱਛਾ ਨਾਲ, ਸਾਧਾਰਣ ਨਿਯਮਾਂ ਦੇ ਅਨੁਰੂਪ, ਹਰ ਇੱਕ ਆਦਮੀ ਨੂੰ ਉਸਦਾ ਹਿੱਸਾ ਦਿੰਦਾ ਹੈ।"

*1. ਅਗਿਆਤ*



**ਸੰਯੁਕਤ ਰਾਜ ਅਮਰੀਕਾ ਦੇ ਸੰਬੰਧ ਵਿੱਚ ਅੰਕੜੇ :**

ਸੈਨਾ ਸੰਖਿਆ 50,000 ਸੀ }
ਹੁਣ ਇਹ 300, 000 ਹੈ। }

-------o-------

ਅਮੀਰਾਂ ਦੇ ਕੋਲੇ 67 ਅਰਬ ਦੀ ਦੌਲਤ ਹੈ,
ਕਾਰੋਬਾਰ ਵਿੱਚ ਲੱਗੇ ਕੁੱਲ ਵਿਅਕਤੀਆਂ ਵਿੱਚ
ਸਿਰਫ਼ 9/10 ਪ੍ਰਤੀਸ਼ਤ ਹੀ ਪੂੰਜੀਵਾਦੀ ਤੰਤਰ ਵਿੱਚ ਸ਼ਾਮਲ ਹਨ।
ਫਿਰ ਵੀ ਉਹਨਾਂ ਦੇ ਕੋਲੇ ਕੁੱਲ ਦੌਲਤ ਦਾ 70 ਪ੍ਰਤੀਸ਼ਤ ਹੈ।
ਕਾਰੋਬਾਰ ਵਿੱਚ ਲੱਗੇ ਕੁੱਲ ਵਿਅਕਤੀਆਂ ਵਿੱਚੋਂ
29 ਪ੍ਰਤੀਸ਼ਤ ਮੱਧ ਵਰਗ ਨਾਲ ਸੰਬੰਧਿਤ ਹਨ
ਉਹਨਾਂ ਦੇ ਕੋਲ ਕੁੱਲ ਦੌਲਤ ਦਾ 25 ਪ੍ਰਤੀਸ਼ਤ ਹੈ = 24 ਅਰਬ ਦੇ
ਕਾਰੋਬਾਰ ਵਿੱਚ ਲੱਗੇ ਲੋਕਾਂ ਵਿੱਚੋਂ ਬਾਕੀ 70 ਪ੍ਰਤੀਸ਼ਤ
ਸਰਵਹਾਰਾ ਵਰਗ ਨਾਲ ਸੰਬੰਧਿਤ ਹਨ ਅਤੇ ਉਹਨਾਂ ਦੇ ਕੋਲੇ
ਕੁੱਲ ਦੌਲਤ ਦਾ ਸਿਰਫ਼ 4 ਪ੍ਰਤੀਸ਼ਤ ਅਰਥਾਤ 4 ਅਰਬ ਹੈ।
ਲੂਸੀਅਨ ਸੈਨਿਅਲ ਦੇ ਅਨੁਸਾਰ 1900 ਵਿੱਚ
ਕਾਰੋਬਾਰ ਵਿੱਚ ਲੱਗੇ ਕੁੱਲ ਲੋਕਾਂ ਵਿੱਚੋਂ
= 250, 251 ਪੂੰਜੀਵਾਦੀ ਤੰਤਰ ਨਾਲ ਸੰਬੰਧਿਤ ਸਨ
= 8,429,845 ਮੱਧ ਵਰਗ ਨਾਲ ਸੰਬੰਧਿਤ ਸਨ
= 20,395,137 ਸਰਵਹਾਰਾ ਵਰਗ ਨਾਲ ਸੰਬੰਧਿਤ ਸਨ

*– ਆਇਰਨ ਹੀਲ*[1]

-------o-------

**ਬੰਦੂਕਾਂ :**

"ਤੁਸੀਂ ਆਖਦੇ ਹੋ ਕਿ ਸੰਸਦ ਅਤੇ ਰਾਜਕੀ ਅਹੁਦਿਆਂ ਉੱਪਰ ਤੁਹਾਡਾ ਬਹੁਮੱਤ ਹੋਵੇਗਾ, ਲੈਨਿਨ" ਤੁਹਾਡੇ ਕੋਲੇ ਬੰਦੂਕਾਂ ਕਿੰਨੀਆਂ ਹਨ ? ਕੀ ਤੁਹਾਨੂੰ ਮਾਲੂਮ ਹੈ ਕਿ ਕਾਫ਼ੀ ਸਿੱਕਾ ਤੁਹਾਨੂੰ ਕਿੱਥੋਂ ਮਿਲ ਸਕਦਾ ਹੈ ? ਜਿੱਥੋਂ ਤੱਕ ਬਾਰੂਦ ਦੀ ਗੱਲ ਹੈ, ਰਸਾਇਣਕ ਮਿਸ਼ਰਣ ਯੰਤਰਿਕ ਮਿਸ਼ਰਣਾਂ ਨਾਲੋਂ ਬੇਹਤਰ ਹੁੰਦੇ ਹਨ, ਇਹ ਗੱਲ ਮੇਰੀ ਮੰਨ ਲਵੋ।"

*– ਆਇਰਨ ਹੀਲ, ਪੰਨਾ 198* [2]

*1. ਅਤੇ*
*2. ਜੈਕ ਲੰਡਨ ਦਾ ਨਾਵਲ*

ਪੰਨਾ 53 (50)

**ਸੱਤਾ......** [1]

ਇੱਕ ਸਮਾਜਵਾਦੀ ਨੇਤਾ ਨੇ ਪੂੰਜੀਪਤੀਆਂ ਦੀ ਇੱਕ ਮੀਟਿੰਗ ਨੂੰ ਸੰਬੋਧਨ ਕੀਤਾ ਅਤੇ ਉਹਨਾਂ ਉੱਤੇ ਸਮਾਜ ਦੇ ਦੁਰਪ੍ਰਬੰਧ ਦਾ ਦੋਸ਼ ਲਾਇਆ ਅਤੇ ਇਸ ਤਰ੍ਹਾਂ ਮਾਨਵਤਾ ਦੇ ਸਨਮੁੱਖ ਉਪਸਥਿਤ ਸਾਰੀਆਂ ਭਿਅੰਕਰਤਾਵਾਂ ਅਤੇ ਦੁੱਖ-ਤਕਲੀਫਾਂ ਦੀ ਸਾਰੀ ਦੀ ਸਾਰੀ ਜ਼ਿੰਮੇਵਾਰੀ ਉਹਨਾਂ ਉੱਪਰ ਥੋਪ ਦਿੱਤੀ। ਬਾਦ ਵਿੱਚ ਇੱਕ ਪੂੰਜੀਪਤੀ (ਮਿ. ਵਿਕਸਨ) ਉੱਠ ਖੜਾ ਹੋਇਆ ਅਤੇ ਉਸਨੇ ਇਸ ਤਰ੍ਹਾਂ ਸੰਬੋਧਨ ਕੀਤਾ :[2]

"ਇਸ ਬਾਰੇ ਸਾਡਾ ਜਵਾਬ ਇਹ ਹੈ। ਸਾਡੇ ਕੋਲੇ ਤੁਹਾਡੇ ਉੱਪਰ ਬਰਬਾਦ ਕਰਨ ਦੇ ਲਈ ਸ਼ਬਦ ਨਹੀਂ ਹਨ। ਜਦੋਂ ਤੁਸੀਂ ਆਪਣੇ ਫੌਲਾਦੀ ਮਜ਼ਬੂਤ ਹੱਥ ਸਾਡੇ ਮਹਿਲਾਂ ਅਤੇ ਐਸ਼ੋ ਇਸ਼ਰਤ ਵੱਲੀਂ ਵਧਾਉਗੇ ਤਾਂ ਅਸੀਂ ਤੁਹਾਨੂੰ ਵਿਖਾ ਦੇਵਾਂਗੇ ਕਿ ਸਾਡੀ ਕੀ ਤਾਕਤ ਹੈ। ਬੰਬ ਗੋਲਿਆਂ ਦੀ ਗੜ ਗੜਾਹਟ ਅਤੇ ਮਸ਼ੀਨ ਗੰਨਾਂ ਦੀ ਤੜਤੜਾਹਟ ਨਾਲ ਅਸੀਂ ਆਪਣਾ ਜਵਾਬ ਦੇਵਾਂਗੇ। ਅਸੀਂ ਤੁਹਾਨੂੰ ਇਨਕਲਾਬੀਆਂ ਨੂੰ ਆਪਣੀਆਂ ਅੱਡੀਆਂ ਥੱਲੇ ਦਰੜ ਸੁੱਟਾਂਗੇ ਅਤੇ ਤੁਹਾਡੇ ਚਿਹਰਿਆਂ ਨੂੰ ਰੌਂਦ ਦੇਵਾਂਗੇ। ਇਹ ਦੁਨੀਆ ਸਾਡੀ ਹੈ। ਅਸੀਂ ਇਸਦੇ ਮਾਲਕ ਹਾਂ ਅਤੇ ਇਹ ਸਾਡੀ ਹੀ ਰਹੂਗੀ। ਜਿੱਥੋਂ ਤੱਕ ਮਿਹਨਤ ਦੀ ਗੱਲ ਹੈ, ਇਹ ਤਾਂ ਜਦੋਂ ਤੋਂ ਇਤਿਹਾਸ ਸ਼ੁਰੂ ਹੋਇਆ ਹੈ ਧੂੜ ਚੱਟਦੀ ਰਹੀ ਹੈ, ਅਤੇ ਮੈਂ ਇਤਿਹਾਸ ਨੂੰ ਚੰਗੀ ਤਰ੍ਹਾਂ ਪੜ੍ਹਿਆ ਹੈ ਅਤੇ ਇਹ ਉਦੋਂ ਤੱਕ ਧੂੜ ਫੱਕਦੀ ਰਹੂਗੀ ਜਦੋਂ ਤੱਕ ਸਾਡੇ ਅਤੇ ਸਾਡੇ ਉਤਰਾਧਿਕਾਰੀਆਂ ਦੇ ਹੱਥਾਂ ਵਿੱਚ ਸੱਤਾ ਰਹੂਗੀ।

"ਇੱਕ ਸ਼ਬਦ ਹੈ - ਸੱਤਾ। ਇਹ ਸਾਰੇ ਸ਼ਬਦਾਂ ਦਾ ਬਾਦਸ਼ਾਹ ਹੈ। ਈਸ਼ਵਰ ਨਹੀਂ ਧਨ ਦੌਲਤ ਨਹੀਂ, ਬਲਕਿ ਸੱਤਾ। ਆਪਣੀ ਜ਼ਬਾਨ ਤੇ ਰੱਖ ਲਵੋ ਅਤੇ ਉਦੋਂ ਤੱਕ ਰੱਖੀ ਰੱਖੋ ਜਦੋਂ ਤੱਕ ਕਿ ਇਹ ਛਣਕਾਉਣ ਨਾ ਲੱਗੇ।"

"ਮੈਨੂੰ ਮੇਰਾ ਉੱਤਰ ਮਿਲ ਗਿਆ" ਅਰਨੈਸਟ (ਉਸ ਸਮਾਜਵਾਦੀ ਨੇਤਾ)[3] ਨੇ ਨਿਰਵਿਕਾਰ ਭਾਵ ਨਾਲ ਕਿਹਾ।" ਇੱਕ ਮਾਤਰ ਇਹ ਹੀ ਉੱਤਰ ਦਿੱਤਾ ਵੀ ਜਾ ਸਕਦਾ ਸੀ ਸੱਤਾ। ਅਸੀਂ ਮਜ਼ਦੂਰ ਵਰਗ ਦੇ ਲੋਕ ਏਸੇ ਦਾ ਤਾਂ ਪ੍ਰਚਾਰ ਕਰਦੇ ਹਾਂ। ਅਸੀਂ ਜਾਣਦੇ ਹਾਂ ਆਪਣੇ ਕੌੜੇ ਅਨੁਭਵਾਂ ਤੋਂ ਭਲੀ ਭਾਂਤ ਜਾਣਦੇ ਹਾਂ ਕਿ ਸੱਚ ਦੀ ਨਿਆਂ ਦੀ, ਮਾਨਵਤਾ ਦੀ ਕੋਈ ਵੀ ਅਪੀਲ ਤੁਹਾਨੂੰ ਛੂ ਨਹੀਂ ਸਕਦੀ। ਤੁਹਾਡੇ ਦਿਲ ਵੀ ਤੁਹਾਡੀਆਂ ਉਹਨਾਂ ਅੱਡੀਆਂ ਦੀ ਤਰ੍ਹਾਂ ਹੀ ਕਠੋਰ ਹਨ ਜਿਹਨਾਂ ਨਾਲ ਤੁਸੀਂ ਗਰੀਬਾਂ ਦੇ ਚਿਹਰੇ ਕੁਚਲਦੇ ਹੋ। ਏਸੇ ਲਈ ਤਾਂ ਅਸੀਂ ਸੱਤਾ ਦਾ ਪ੍ਰਚਾਰ ਕੀਤਾ ਹੈ। ਲੇਕਿਨ ਚੋਣਾਂ ਦੇ ਦਿਨ ਸਾਡੀਆਂ ਵੋਟਾਂ ਦੀ ਤਾਕਤ ਤੁਹਾਡੇ ਕੋਲੋਂ ਤੁਹਾਡੀ ਸਰਕਾਰ ਖੋਹ ਲੈ ਜਾਏਗੀ......।"

"ਅਗਰ ਚੋਣਾਂ ਦੇ ਦਿਨ ਤੁਹਾਨੂੰ ਬਹੁਮੱਤ, ਭਾਰੀ ਬਹੁਮੱਤ ਮਿਲ ਹੀ ਜਾਵੇ, ਤਾਂ ਵੀ ਉਸ ਨਾਲ ਕੀ ਫ਼ਰਕ ਪੈਣ ਵਾਲਾ ਹੈ।" ਮਿਸਟਰ ਵਿਕਸਤ ਤਪਾਕ ਦੇਣੀਂ ਬੋਲਿਆ।

"ਮੰਨ ਲਵੋ ਜੇ ਮੱਤ ਪੇਟੀਆਂ ਵਿੱਚ ਤੁਹਾਡੀ ਜਿੱਤ ਦੇ ਬਾਵਜੂਦ ਅਸੀਂ ਤੁਹਾਨੂੰ ਸੱਤਾ ਸੌਂਪਣ ਤੋਂ ਇਨਕਾਰ ਕਰ ਦੇਈਏ ਤਾਂ ?"

*1. ਸਿਰਲੇਖ ਦਾ ਬਾਕੀ ਹਿੱਸਾ ਪਾਟਿਆ ਹੋਇਆ ਹੈ*

*2. ਭਗਤ ਸਿੰਘ ਦੇ ਸ਼ਬਦ*

*3. ਬ੍ਰੈਕਟ ਵਿੱਚ ਭਗਤ ਸਿੰਘ ਦੇ ਸ਼ਬਦ*

ਪੰਨਾ 54 (51)

"ਅਸੀਂ ਉਸ ਬਾਰੇ ਵੀ ਸੋਚ ਰੱਖਿਆ ਹੈ।" ਅਰਨੈਸਟ ਨੇ ਜਵਾਬ ਦਿੱਤਾ।" ਅਤੇ ਇਸਦਾ ਜਵਾਬ ਅਸੀਂ ਤੁਹਾਨੂੰ ਗੋਲੀਆਂ ਨਾਲ ਦੇਵਾਂਗੇ। ਸੱਤਾ, ਤੁਸੀਂ ਹੀ ਇਸਨੂੰ ਸ਼ਬਦਾਂ ਦਾ ਬਾਦਸ਼ਾਹ ਕਿਹਾ ਹੈ। ਬਹੁਤ ਖੂਬ! ਸੱਤਾ, ਵੇਖਾਂਗੇ ਇਹਨੂੰ। ਅਤੇ ਜਿਸ ਦਿਨ ਅਸੀਂ ਚੋਣਾਂ ਵਿੱਚ ਜਿੱਤ ਹਾਸਿਲ ਕਰ ਲਵਾਂਗੇ, ਅਤੇ ਤੁਸੀਂ ਸਾਡੀ ਇਸ ਸੰਵਿਧਾਨਿਕ ਅਤੇ ਸ਼ਾਂਤੀਪੂਰਣ ਢੰਗ ਨਾਲ ਹਾਸਿਲ ਕੀਤੀ ਗਈ ਸੱਤਾ ਨੂੰ ਸੌਂਪਣ ਤੋਂ ਇਨਕਾਰ ਕਰ ਦੇਵੋਗੇ, ਤਾਂ ਤੁਹਾਡੇ ਇਸ ਸਵਾਲ ਦੇ ਜਵਾਬ ਵਿੱਚ ਅਸੀਂ ਕੀ ਕਰਾਂਗੇ - ਉਸ ਦਿਨ - ਮੈਂ ਦੱਸ ਹੀ ਦਿਆਂ - ਕਿ ਅਸੀਂ ਤੁਹਾਨੂੰ ਇਸਦਾ ਜਵਾਬ ਦੇਵਾਂਗੇ, ਅਸੀਂ ਬੰਬ ਗੋਲਿਆਂ ਦੀ ਗੜਗੜਾਹਟ ਅਤੇ ਮਸ਼ੀਨਗੰਨਾਂ ਦੀ ਤੜਤੜਾਹਟ ਨਾਲ ਆਪਣਾ ਜਵਾਬ ਦੇਵਾਂਗੇ।

"ਤੁਸੀਂ ਸਾਥੋਂ ਬਚ ਨਹੀਂ ਸਕਦੇ। ਇਹ ਸਹੀ ਹੈ ਕਿ ਤੁਸੀਂ ਇਤਿਹਾਸ ਨੂੰ ਠੀਕ ਤਰ੍ਹਾਂ ਪੜ੍ਹਿਆ ਹੈ। ਇਹ ਸਹੀ ਹੈ ਕਿ ਮਿਹਨਤ ਇਤਿਹਾਸ ਦੇ ਆਰੰਭ ਤੋਂ ਹੀ ਧੂੜ ਫੱਕਦੀ ਆ ਰਹੀ ਹੈ ਅਤੇ ਇਹ ਵੀ ਸਹੀ ਹੈ ਕਿ ਜਦੋਂ ਤੱਕ ਤੁਹਾਡੇ ਅਤੇ ਤੁਹਾਡੇ ਉਤਰਾਧਿਕਾਰੀਆਂ ਦੇ ਹੱਥਾਂ ਵਿੱਚ ਸੱਤਾ ਰਹੂਗੀ, ਉਦੋਂ ਤੱਕ ਮਿਹਨਤ ਧੂੜ ਹੀ ਚਟੱਦੀ ਰਹੂਗੀ। ਮੈਂ ਤੁਹਾਡੇ ਨਾਲ ਸਹਿਮਤ ਹਾਂ। ਤੁਸੀਂ ਜੋ ਕੁਝ ਕਿਹਾ ਹੈ ਉਹਨਾਂ ਸਾਰੀਆਂ ਗੱਲਾਂ ਨਾਲ ਮੈਂ ਸਹਿਮਤ ਹਾਂ। ਸੱਤਾ ਹੀ ਫੈਸਲਾਕੁੰਨ ਹੋਏਗੀ ਜਿਵੇਂ ਕਿ ਹਮੇਸ਼ਾ ਸੱਚ ਹੁੰਦਾ ਆਇਆ ਹੈ, ਇਹ ਹੀ ਤਾਂ ਵਰਗਾਂ ਦਾ ਸੰਘਰਸ਼ ਹੈ। ਜਿਵੇਂ ਤੁਹਾਡੇ ਵਰਗ ਨੇ ਪੁਰਾਣੇ ਜਗੀਰੂ ਪ੍ਰਬੰਧ ਨੂੰ ਨਸ਼ਟ ਕੀਤਾ, ਠੀਕ ਵੈਸੇ ਹੀ ਮੇਰਾ ਵਰਗ, ਮਜ਼ਦੂਰ ਵਰਗ, ਤੁਹਾਡੇ ਵਰਗ ਨੂੰ ਤਬਾਹ ਕਰ ਸੁੱਟੇਗਾ। ਅਗਰ ਤੁਸੀਂ ਆਪਣੇ ਪ੍ਰਾਣੀ ਵਿਗਿਆਨ ਅਤੇ ਆਪਣੇ ਸਮਾਜ ਵਿਗਿਆਨ ਨੂੰ ਵੀ ਉਨੀ ਹੀ ਸਪਸ਼ਟਤਾ ਨਾਲ ਪੜ੍ਹੋਂ, ਜਿੰਨੀ ਸਪਸ਼ਟਤਾ ਨਾਲ ਤੁਸੀਂ ਇਤਿਹਾਸ ਪੜ੍ਹਦੇ ਹੋ, ਤਾਂ ਤੁਸੀਂ ਵੇਖੋਗੇ ਕਿ ਮੈਂ ਜਿਸ ਹਸ਼ਰ ਦਾ ਵਰਨਣ ਕੀਤਾ ਹੈ ਉਹ ਲਾਜ਼ਮੀ ਹੈ। ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਇਸ ਵਿੱਚ ਇੱਕ ਵਰ੍ਹਾ ਲੱਗੂਗਾ, ਦਸ ਵਰ੍ਹੇ ਲੱਗਣਗੇ ਜਾਂ ਹਜ਼ਾਰ ਵਰ੍ਹੇ ਲੱਗਣਗੇ - ਇਹ ਨਿਸ਼ਚਤ ਹੈ ਕਿ ਤੁਹਾਡਾ ਵਰਗ ਮਿੱਟੀ ਵਿੱਚ ਮਿਲ ਜਾਵੇਗਾ ਅਤੇ ਇਹ ਸੱਤਾ ਦੇ ਜ਼ਰੀਏ ਹੀ ਹੋਵੇਗਾ। ਅਸੀਂ ਮਿਹਨਤਕਸ਼ ਇਸ ਸ਼ਬਦ ਨੂੰ ਐਨਾ ਰਟ ਚੁੱਕੇ ਹਾਂ ਕਿ ਸਾਡੇ ਦਿਮਾਗਾਂ ਵਿੱਚ ਇਸਦਾ ਹੀ ਛਣਕਾਟਾ ਪੈਂਦਾ ਹੈ। ਸੱਤਾ! ਇਹ ਇੱਕ ਬਾਦਸ਼ਾਹ ਸ਼ਬਦ ਹੈ।"

*- ਜੈਕ ਲੰਡਨ ਰਚਿਤ ਆਇਰਨ ਹੀਲ (ਪੰ. 88)*

ਪੰਨਾ 55 (52)

ਅੰਕੜੇ [1]

ਇੰਗਲੈਂਡ :

1922 - ਬੇਰੁਜ਼ਗਾਰਾਂ ਦੀ ਸੰਖਿਆ = 1,35,000

1926 - ਇਹ $1\frac{1}{4}$ ਤੋਂ $1\frac{1}{2}$ ਮਿਲੀਅਨਾਂ ਦੇ ਵਿੱਚ ਅਰਥਾਤ 1,250,000 ਤੋਂ 1,500,000 ਦੇ ਵਿੱਚ ਰਹੀ ਹੈ।

*1. ਸ੍ਰੋਤ ਦਾ ਪਤਾ ਨਹੀਂ*

**ਅੰਗਰੇਜ਼ ਮਜ਼ਦੂਰ ਨੇਤਾਵਾਂ ਦਾ ਵਿਸਵਾਸ਼ਘਾਤ**

1911 ਤੋਂ 1913 ਤੱਕ ਦੇ ਸਾਲ ਆਮ ਤੌਰ ਤੇ ਖਾਨ ਮਜ਼ਦੂਰਾਂ, ਰੇਲ ਕਰਮਚਾਰੀਆਂ ਅਤੇ ਪਰਿਵਹਨ ਮਜ਼ਦੂਰਾਂ ਦੇ ਬੇਮਿਸਾਲ ਵਰਗ ਸੰਘਰਸ਼ਾਂ ਦਾ ਸਮਾਂ ਸੀ। ਅਗਸਤ 1911 ਵਿੱਚ, ਰੇਲਵੇ ਦੀ ਰਾਸ਼ਟਰ ਵਿਆਪੀ ਦੂਜੇ ਸ਼ਬਦਾਂ ਵਿੱਚ, ਆਮ ਹੜਤਾਲ ਫੁੱਟ ਪਈ ਸੀ। ਉਹਨੀਂ ਦਿਨੀ ਬਰਤਾਨੀਆ ਉੱਪਰ ਇਨਕਲਾਬ ਦੀ ਇੱਕ ਧੁੰਦਲੀ ਛਾਇਆ ਮੰਡਰਾ ਰਹੀ ਸੀ ਲੇਕਿਨ ਨੇਤਾਵਾਂ ਨੇ ਇਸ ਅੰਦੋਲਨ ਨੂੰ ਖੱਸੀ ਕਰ ਦੇਣ ਦੇ ਵਾਸਤੇ ਆਪਣੀ ਪੂਰੀ ਤਾਕਤ ਲਾ ਦਿੱਤੀ, ਉਹਨਾਂ ਦਾ ਇਰਾਦਾ "ਦੇਸ਼ ਭਗਤੀ" ਦਾ ਸੀ, ਇਹ ਹਰਕਤ ਅਗਾਦਿਰ ਦੀ ਉਸ ਘਟਨਾ ਵਕਤ ਕੀਤੀ ਜਾ ਰਹੀ ਸੀ, ਜਿਸਨੇ ਜਰਮਨੀ ਦੇ ਨਾਲ ਯੁੱਧ ਦਾ ਖਤਰਾ ਪੈਦਾ ਕਰ ਦਿੱਤਾ ਸੀ। ਜਿਵੇਂ ਕਿ ਅੱਜ ਭਲੀ ਭਾਂਤਿ ਮਾਲੂਮ ਹੈ, ਪ੍ਰਧਾਨ ਮੰਤਰੀ ਨੇ ਮਜ਼ਦੂਰ ਨੇਤਾਵਾਂ ਦੀ ਇੱਕ ਗੁਪਤ ਮੀਟਿੰਗ ਸੱਦੀ ਅਤੇ ਉਹਨਾਂ ਨੂੰ ਪਿੱਤਰ ਭੂਮੀ (ਫਾਦਰ ਲੈਂਡ) ਦੀ ਰੱਖਿਆ ਦੀ ਅਪੀਲ ਕੀਤੀ। ਅਤੇ ਨੇਤਾਵਾਂ ਨੇ, ਬੁਰਜੂਆ ਵਰਗ ਨੂੰ ਮਜ਼ਬੂਤ ਕਰਨ ਦੇ ਲਈ ਆਪਣੇ ਬੁੱਤੇ ਤੇ ਸੱਭ ਕੁੱਝ ਕੀਤਾ ਅਤੇ ਇਸ ਤਰ੍ਹਾਂ ਸਾਮਰਾਜਵਾਦੀ ਨਰਸੰਹਾਰ ਦੇ ਵਾਸਤੇ ਰਾਹ ਮੋਕਲਾ ਕਰ ਦਿੱਤਾ।

*(ਪੰ.3) ਹਵੇਅਰ ਇਜ ਬ੍ਰਿਟੇਨ ਗੋਇੰਗ ?* [1]
*ਟਰਾਟਸਕੀ* [2]

ਪੰਨਾ 56 (53)

**ਵਿਸਵਾਸ਼ਘਾਤ :**

ਕੇਵਲ 1920, ਯਾਨੀ 'ਕਾਲੇ ਸ਼ੁੱਕਰਵਾਰ' ਦੇ ਬਾਦ ਹੀ ਅੰਦੋਲਨ ਹੱਦਾਂ ਵਿੱਚ ਵਾਪਸ ਮੁੜਿਆ, ਜਦੋਂ ਖਾਨ ਕਰਮਚਾਰੀਆਂ, ਰੇਲ ਮਜ਼ਦੂਰਾਂ ਅਤੇ ਪਰਿਵਾਹਕ ਮੁਲਾਜ਼ਮਾਂ ਦੇ ਤਿੰਨ ਪਾਰਟੀ ਗੁੱਟ ਦੇ ਨੇਤਾਵਾਂ ਨੇ ਆਮ ਹੜਤਾਲ ਦੇ ਨਾਲ ਵਿਸਵਾਸ਼ਘਾਤ ਕਰ ਦਿੱਤਾ।

*(ਪੰ.3)* [3]

-------o-------

**ਸੁਧਾਰ ਦੇ ਵਾਸਤੇ ਇਨਕਲਾਬ ਦਾ ਖਤਰਾ ਜ਼ਰੂਰੀ ਹੈ :**

...... ਬ੍ਰਿਟਿਸ਼ ਬੁਰਜੂਆ ਵਰਗ ਨੇ ਇਹ ਸਮਝ ਲਿਆ ਸੀ ਕਿ ਅਜਿਹੇ ਉਪਾਅ (ਸੁਧਾਰ) ਦੇ ਰਾਹੀਂ ਇਨਕਲਾਬ ਨੂੰ ਟਾਲਿਆ ਜਾ ਸਕਦਾ ਹੈ। ਇਸ ਲਈ ਇਸਤੋਂ ਸਿੱਟਾ ਨਿਕਲਦਾ ਹੈ ਕਿ ਸੁਧਾਰਾਂ ਤੱਕ ਨੂੰ ਵੀ ਲਾਗੂ ਕਰਵਾਉਣ ਦੇ ਵਾਸਤੇ, ਸਿਰਫ਼ ਹੌਲੀ ਹੌਲੀ ਕੰਮ ਕਰਦੇ ਰਹਿਣ ਦਾ ਸਿਧਾਂਤ ਕਾਫ਼ੀ ਨਹੀਂ ਹੈ, ਅਤੇ ਕਿ ਇਨਕਲਾਬ ਦਾ ਇੱਕ ਵਾਸਤਵਿਕ ਖਤਰਾ ਜ਼ਰੂਰੀ ਹੈ।

(ਪੰਨ. 29)[1]

-------o-------

**ਸਮਾਜਕ ਏਕਤਾ :**

..... ਅਜਿਹਾ ਹੋ ਸਕਦਾ ਹੈ ਕਿ ਇੱਕ ਵਾਰ ਜਦੋਂ ਅਸੀਂ ਇੱਕ ਅਜਿਹੇ ਵਿਸ਼ੇਸ਼ਧਿਕਾਰ ਗ੍ਰਸਤ ਵਰਗ ਦੇ ਸਫ਼ਾਏ ਵਾਸਤੇ ਉੱਠ ਖੜ੍ਹੇ ਹੋਈਏ, ਜੋ ਰੰਗ ਮੰਚ ਤੋਂ ਹਟਣਾ ਨਾ ਚਾਹੁੰਦਾ ਹੋਵੇ, ਤਾਂ ਵਰਗ ਸੰਘਰਸ਼ ਦੀ ਬੁਨਿਆਦੀ ਅੰਤਰਵਸਤੂ, ਉਸੇ ਵਿੱਚ ਵਿਦਮਾਨ ਜਾਪਦੀ ਹੈ। ਲੇਕਿਨ ਨਹੀਂ ਮੈਡੋਨਾਲਡ[2] ਸਮਾਜਕ ਏਕਤਾ ਦੀ ਚੇਤਨਾ "ਜਾਗ੍ਰਿਤ" ਕਰਨਾ ਚਾਹੁੰਦੇ ਹਨ। ਪਰ ਕਿਸਦੀ ? ਮਜ਼ਦੂਰ ਵਰਗ ਦੀ ਏਕਤਾ ਤਾਂ ਬੁਰਜੂਆ ਵਰਗ ਦੇ ਵਿਰੁੱਧ ਸੰਘਰਸ਼ ਵਿੱਚ ਉਸਦੀ ਅੰਦਰੂਨੀ ਵਰਨਬੱਧਤਾ ਦਾ ਪ੍ਰਗਟਾਵਾ ਹੁੰਦੀ ਹੈ।

ਮੈਡੋਨਾਲਡ ਜਿਸ ਸਮਾਜਕ ਏਕਤਾ ਦਾ ਉਪਦੇਸ਼ ਦਿੰਦੇ ਹਨ, ਉਹ ਲੋਟੂਆਂ ਦੇ ਨਾਲ ਲੁੱਟੇ ਜਾਣ ਵਾਲਿਆਂ ਦਾ ਏਕਤਾ ਜਾਂ ਦੂਜੇ ਸ਼ਬਦਾਂ ਵਿੱਚ ਸ਼ੋਸ਼ਣ ਨੂੰ ਬਰਕਰਾਰ ਰੱਖਣ ਦੇ ਸਿਵਾਏ ਹੋਰ ਕੁੱਝ ਨਹੀਂ ਹੈ।[3]

-------o-------

**ਇਨਕਲਾਬ ਇੱਕ ਆਫਤ :**

"ਰੂਸ ਦੇ ਇਨਕਲਾਬ ਨੇ" ਮੈਕਡੋਨਾਲਡ ਦੇ ਕਥਨ ਅਨੁਸਾਰ, "ਸਾਨੂੰ ਵਧੀਆ ਸਬਕ ਸਿਖਾਇਆ। ਇਸਨੇ ਵਿਖਾ ਦਿੱਤਾ ਕਿ ਇਨਕਲਾਬ ਇੱਕ ਬਰਬਾਦੀ ਅਤੇ ਬਿਪਤਾ ਦੇ ਸਿਵਾਏ ਹੋਰ ਕੁੱਝ ਨਹੀਂ ਹੈ।" **{ ਪੰਨਾ 57 (54) }**

ਇਨਕਲਾਬ ਤਾਂ ਬਿਪਤਾ ਨੂੰ ਹੀ ਜਨਮ ਦਿੰਦਾ ਹੈ ਲੇਕਿਨ ਬ੍ਰਿਟਿਸ਼ ਲੋਕਤੰਤਰ ਨੇ ਤਾਂ ਸਾਮਰਾਜਵਾਦੀ ਯੁੱਧ ਨੂੰ ਜਨਮ ਦੇ ਦਿੱਤਾ ---- ਜਿਸਦੀ ਤਬਾਹੀ ਦੀ ਤੁਲਨਾ ਇਨਕਲਾਬ ਦੀਆਂ ਬਿਪਤਾਵਾਂ ਨਾਲ ਤਾਂ ਯਕੀਨੀ ਤੌਰ ਤੇ ਭੋਰਾ ਵੀ ਨਹੀਂ ਕੀਤੀ ਜਾ ਸਕਦੀ। ਫਿਰ ਵੀ ਜਿਸ ਇਨਕਲਾਬ ਨੇ ਜਾਰਸ਼ਾਹੀ ਕੁਲੀਨਤੰਤਰ ਅਤੇ ਬੁਰਜੂਆ ਵਰਗ ਨੂੰ ਉਖਾੜ ਸੁੱਟਿਆ, ਗਿਰਜੇ ਨੂੰ ਹਿਲਾਕੇ ਰੱਖ ਦਿੱਤਾ, 13 ਕਰੋੜ ਲੋਕਾਂ ਦੇ ਇੱਕ ਰਾਸ਼ਟਰ ਜਾਂ ਰਾਸ਼ਟਰਾਂ ਦੇ ਇੱਕ ਸਮੁੱਚੇ ਕੁੱਲ ਵਿੱਚ, ਇੱਕ ਨਵੇਂ ਜੀਵਨ ਦਾ ਸੰਚਾਰ ਕੀਤਾ, ਉਸਦੇ ਸਾਹਮਣੇ ਇਹ ਘੋਸ਼ਣਾ ਕਰਨ ਦੇ ਵਾਸਤੇ ਕਿ ਇਨਕਲਾਬ ਇੱਕ ਬਿਪਤਾ ਦੇ ਸਿਵਾਏ ਹੋਰ ਕੁੱਝ ਨਹੀਂ ਹੈ – ਅਜਿਹੇ ਹੀ ਬੋਲਿਆਂ ਕੰਨਾਂ ਅਤੇ ਬੇਸ਼ਰਮ ਚਿਹਿਰਆਂ ਦੀ ਲੋੜ ਹੈ।

*(ਪੰਨ:64)*[4]

-------o-------

*1. ਟਰਾਟਸਕੀ ਦੀ ਰਚਨਾ ਹਵੇਅਰ ਇਜ ਬ੍ਰਿਟੇਨ ਗੋਇੰਗ ?*

*2. ਲਿਔਨ ਟਰਾਟਸਕੀ : ਲੇਵ ਦਬੰਦੋਵਿਚ ਟਰਾਟਸਕੀ (1879-1940) ਲੈਨਿਨਵਾਦ ਦਾ ਕੱਟੜ ਵਿਰੋਧੀ, ਰੂਸੀ ਸਮਾਜਿਕ ਜਨਵਾਦੀ ਮਜ਼ਦੂਰ ਪਾਰਟੀ (ਬੋਲਸ਼ਵਿਕ) ਦੀ ਛੇਵੀਂ ਕਾਂਗਰਸ ਵਿੱਚ (1917) ਬੋਲਸ਼ਵਿਕ ਪਾਰਟੀ ਦਾ ਮੈਂਬਰ ਬਣ ਗਿਆ। ਅਕਤੂਬਰ ਇਨਕਲਾਬ ਵਿੱਚ ਮਹੱਤਵਪੂਰਨ ਹਿੱਸੇਦਾਰੀ। ਇਨਕਲਾਬ ਦੇ ਬਾਦ ਕਈ ਸਰਕਾਰੀ ਪਦਾਂ ਉੱਤੇ ਰਿਹਾ। 1923 ਵਿੱਚ ਪਾਰਟੀ ਦੀ ਆਮ ਨੀਤੀ ਅਤੇ ਸਮਾਜਵਾਦ ਦੇ ਨਿਰਮਾਣ ਦੇ ਪ੍ਰੋਗਰਾਮ ਦੇ ਖਿਲਾਫ਼ ਗੁੱਟ ਬੰਦੀ ਭਰਪੂਰ ਸੰਘਰਸ਼ ਚਲਾਇਆ ਅਤੇ ਇਸ ਗੱਲ ਦਾ ਪ੍ਰਚਾਰ ਕੀਤਾ ਕਿ ਸੋਵੀਅਤ ਸੰਘ ਵਿੱਚ ਸਮਾਜਵਾਦ ਦੀ ਜਿੱਤ ਅਸੰਭਵ ਹੈ। ਕਮਿਊਨਿਸਟ ਪਾਰਟੀ ਨੇ ਟਰਾਟਸਕੀਵਾਦ ਨੂੰ ਪਾਰਟੀ ਅੰਦਰ ਨਿਮਨ ਪੂੰਜੀਵਾਦ ਪ੍ਰਬਿਰਤੀ ਦੇ ਰੂਪ ਵਿੱਚ ਬੇਨਕਾਬ ਕੀਤਾ ਅਤੇ ਉਸਨੂੰ ਸੰਗਠਨ ਤੇ ਵਿਚਾਰਧਾਰਾ ਦੇ ਨਜ਼ਰੀਏ ਤੋਂ ਹਰਾਇਆ। ਟਰਾਟਸਕੀ ਨੂੰ 1947 ਵਿੱਚ ਪਾਰਟੀ ਵਿੱਚੋਂ ਕੱਢ ਦਿੱਤਾ ਗਿਆ ਅਤੇ 1929 ਵਿੱਚ ਸੋਵੀਅਤ ਵਿਰੋਧੀ ਸਰਗਰਮੀਆਂ ਕਾਰਣ ਉਹਨੂੰ ਦੇਸ਼ ਨਿਕਾਲਾ ਦੇ ਦਿੱਤਾ ਗਿਆ।*

*1. ਪਹਿਲਾਂ ਵਾਲਾ ਹੀ*

*2. ਸੰਭਾਵਤ ਜੇਮਜ਼ ਮੈਕਡੋਨਾਲਡ (1866-1937) : ਬ੍ਰਿਟਿਸ਼ ਲੇਬਰ ਪਾਰਟੀ ਦਾ ਨੇਤਾ ਅਤੇ ਦੋ ਵਾਰ ਪ੍ਰਧਾਨ ਮੰਤਰੀ*

*3. ਵ੍ਹੇਅਰ ਇਜ਼ ਬ੍ਰਿਟੇਨ ਗੋਇੰਗ ?*

*4. ਉਹੀ*

**ਸ਼ਾਂਤੀਪੂਰਣ ?**

ਕਦੋਂ ਅਤੇ ਕਿੱਥੇ ਸੱਤਾਧਾਰੀ ਵਰਗ ਨੇ ਵੋਟਾਂ ਦੇ ਰਾਹੀਂ ਕਦੇ ਸੱਤਾ ਅਤੇ ਸੰਪਤੀ ਸੌਂਪੀ ਹੈ – ਅਤੇ ਉਹ ਵੀ, ਖਾਸ ਤੌਰ ਤੇ ਬਰਤਾਨਵੀ ਬੁਰਜੂਆ ਵਰਗ ਨੇ, ਜੋ ਸਦੀਆਂ ਤੋਂ ਦੁਨੀਆ ਭਰ ਵਿੱਚ ਲੁੱਟਮਾਰ ਕਰਦਾ ਆਇਆ ਹੈ ? *(ਪੰ. 66)*[1]

-------o-------

**ਸਮਾਜਵਾਦ ਦਾ ਟੀਚਾ : ਸ਼ਾਂਤੀ**

ਇਹ ਇਕਦਮ ਨਿਰਵਿਵਾਦ ਸੱਚਾਈ ਹੈ ਕਿ ਸਮਾਜਵਾਦ ਦਾ ਉਦੇਸ਼, ਸਭ ਤੋਂ ਪਹਿਲਾਂ, ਤਾਕਤ ਦੇ ਸਭ ਤੋਂ ਘਟੀਆ ਅਤੇ ਖ਼ੂੰਖਾਰ ਰੂਪਾਂ ਨੂੰ ਖ਼ਤਮ ਕਰਨਾ ਹੈ, ਅਤੇ ਫੇਰ ਉਸਦੇ ਬਾਦ ਉਹਦੇ ਹੋਰ ਲੁਪਤ ਰੂਪਾਂ ਨੂੰ ਵੀ ਖਤਮ ਕਰਨਾ ਹੈ। *(ਪੰ. 80)*

*"ਹਵੇਅਰ ਇਜ਼ ਬ੍ਰਿਟੇਨ ਗੋਇੰਗ ?" ਤਰਾਤਸਕੀ*

-------o-------

**ਸੰਸਾਰ ਇਨਕਲਾਬ ਦਾ ਉਦੇਸ਼ :**

1. ਪੂੰਜੀਵਾਦ ਨੂੰ ਉਖਾੜ ਸੁੱਟਣਾ

2. ਮਹਾਨਤਾ ਦੀ ਸੇਵਾ ਵਾਸਤੇ ਕੁਦਰਤ ਦਾ ਨਿਯੰਤਰਣ ਕਰਨਾ। ਬੁਖਾਰਿਨ ਨੇ ਇਸਨੂੰ ਇੰਝ ਹੀ ਪਰਿਭਾਸ਼ਤ ਕੀਤਾ ਹੈ।

---

ਪੰਨਾ 58 (55)

---

**ਆਦਮੀ ਅਤੇ ਮਸ਼ੀਨਰੀ**

ਦਾ ਯੂਨਾਈਟਡ ਸਟੇਟਸ ਬਿਊਰੋ ਆਫ਼ ਲੇਬਰ ਦਾ ਕਹਿਣਾ ਹੈ :

– ਮਸ਼ੀਨ ਤੇ ਕੰਮ ਕਰਕੇ ਇੱਕ ਆਦਮੀ 1 ਘੰਟੇ 34 ਮਿੰਟ ਵਿੱਚ ਪਿੰਨਾਂ ਦਾ 12 ਪੌਂਡ ਦਾ ਪੈਕੇਟ ਤਿਆਰ ਕਰ ਸਕਦਾ ਹੈ।

– ਅਗਰ ਆਦਮੀ ਮਸ਼ੀਨ ਤੇ ਨਹੀਂ ਬਲਕਿ ਸਿਰਫ਼ ਔਜ਼ਾਰਾਂ (ਸੰਦਾਂ) ਨਾਲ ਕੰਮ ਕਰੇ ਤਾਂ ਉਨੇ ਹੀ ਕੰਮ ਵਿੱਚ 140 ਘੰਟੇ 55 ਮਿੰਟਾਂ ਦਾ ਸਮਾਂ ਲੱਗੂਗਾ।

(ਅਨੁਪਾਤ – 1.34 : 140.55 ਮਿੰਟ)

– ਮਸ਼ੀਨ ਤੇ ਕੰਮ ਕਰਕੇ 100 ਜੋੜੇ ਜੁੱਤੀਆਂ ਬਣਾਉਣ 'ਚ 234ਘੰਟੇ 25ਮਿੰਟ ਲੱਗਦੇ ਹਨ।

– ਹੱਥਾਂ ਨਾਲ ਇਸ ਵਿੱਚ 1,831 ਘੰਟੇ 40 ਮਿੰਟ ਲੱਗਣਗੇ।

– ਮਸ਼ੀਨ ਤੇ ਕੰਮ ਕਰਨ ਨਾਲ ਮਿਹਨਤ ਦੀ ਲਾਗਤ $69.55 ਆਉਂਦੀ ਹੈ।

– ਹੱਥ ਨਾਲ $457.79 ਆਉਂਦੀ ਹੈ।

– ਮਸ਼ੀਨੀ ਮਿਹਨਤ ਰਾਹੀਂ 500 ਗਜ ਚਾਰਖਾਨੇਦਾਰ ਕੱਪੜਾ ਤਿਆਰ ਕਰਨ ਵਿੱਚ 73 ਘੰਟੇ ਲੱਗਦੇ ਹਨ।

– ਹੱਥਾਂ ਦੀ ਮਿਹਨਤ ਰਾਹੀਂ, ਇਸ ਵਿੱਚ 5,844 ਘੰਟੇ ਲੱਗਦੇ ਹਨ।

– ਮਸ਼ੀਨੀ ਮਿਹਨਤ ਰਾਹੀਂ 100 ਪੌਂਡ ਸਿਲਾਈ ਵਾਲਾ ਸੂਤੀ ਧਾਗਾ 39 ਘੰਟਿਆਂ ਵਿੱਚ ਤਿਆਰ ਹੁੰਦਾ ਹੈ।

– ਹੱਥਾਂ ਨਾਲ ਇਸ ਵਿੱਚ 2,895 ਘੰਟੇ ਲੱਗਦੇ ਹਨ।

*1. ਪਹਿਲਾਂ ਵਾਲਾ ਹੀ*

**ਦੁਬਾਰਾ ਫੇਰ : ਖੇਤੀ :**

– ਇੱਕ ਭਲਾ ਚੰਗਾ ਆਦਮੀ ਦਾਤੀ ਨਾਲ ਇੱਕ ਏਕੜ ਫਸਲ ਇੱਕ ਦਿਨ (12 ਘੰਟੇ) ਵਿੱਚ ਕੱਟ ਸਕਦਾ ਹੈ।

– ਇੱਕ ਮਸ਼ੀਨ ਉਸੇ ਕੰਮ ਨੂੰ 20 ਮਿੰਟਾਂ ਵੱਚ ਕਰ ਦਿੰਦੀ ਹੈ।

– ਛੇ ਆਦਮੀ ਸੋਟੇ ਨਾਲ 60 ਲਿਟਰ ਕਣਕ ਦੀ ਛਟਾਈ ਅੱਧੇ ਘੰਟੇ ਵਿੱਚ ਕਰ ਸਕਦੇ ਹਨ।

– ਇੱਕ ਮਸ਼ੀਨ ਉਨੇ ਹੀ ਸਮੇਂ ਵਿੱਚ 12 ਗੁਣਾ ਵੱਧ ਕੰਮ ਕਰ ਸਕਦੀ ਹੈ।

"ਮਸ਼ੀਨਰੀ ਦੀ ਵਰਤੋਂ ਨਾਲ ਮਾਨਵ ਮੁਸ਼ੱਕਤ ਦੀ ਪ੍ਰਭਾਵਿਕਤਾ ਵਿੱਚ ਹੋਣ ਵਾਲਾ ਵਾਧਾ – ਰਾਈ ਦੇ ਮਾਮਲੇ ਵਿੱਚ 150 ਪ੍ਰਤੀਸ਼ਤ ਤੋਂ ਲੈ ਕੇ ਜੌਂ ਦੇ ਮਾਮਲੇ ਵਿੱਚ 2, 244 ਪ੍ਰਤੀਸ਼ਤ ਤੱਕ ਹੋ ਜਾਂਦਾ ਹੈ।"[1]

---

ਪੰਨਾ 59 (56)

---

**ਸੰ.ਰਾ.ਅ. ਅਤੇ ਉਸਦੀ ਆਬਾਦੀ ਦੀ ਸੰਪਦਾ : (1850-1912)**[2]

| | | ਪ੍ਰਤੀ ਵਿਅਕਤੀ | ਕੁੱਲ ਆਬਾਦੀ |
|---|---|---|---|
| 1850 ਵਿੱਚ ਕੁੱਲ ਸੰਪਦਾ ਸੀ | | | |
| | $ 7,135,780,000 | $ 308 | = 23,191,876 |
| 1860 | $ 16,159,616,000 | $ 514 | = 31,443,321 |
| 1870 | $ 30,068,518,000 | $ 780 | = 38,558,371 |
| 1880 | $ 43,642,000,000 | $ 870 | = 50,155,783 |
| 1890 | $ 65,037,091,000 | $ 1,036 | = 62,947,714 |
| 1900 | $ 88,517,307,000 | $ 1,165 | = 75,994,575 |
| 1904 | $ 107,104,202,000 | $ 1,318 | = 82,466,551 |
| 1912 | $ 187,139,071,000 | $ 1,965 | = 95,40503 |

ਮਸ਼ੀਨੀਕਰਣ ਇਸਤੇਮਾਲ ਦੇ ਕਾਰਣ

-------o-------

ਮਸ਼ੀਨ ਪ੍ਰਕ੍ਰਿਤੀ ਪੱਖੋਂਸਮਾਜਕ ਹੈ, ਜਿਵੇਂ ਕਿ ਔਜ਼ਾਰ ਵਿਅੱਕਤੀਗਤ ਸੀ।[3]

-------o-------

"ਸਾਨੂੰ ਖਰਾਬ ਕੱਪੜਾ ਦੇਵੋ, ਪਰੰਤੂ ਸਾਨੂੰ ਬੇਹਤਰ ਆਦਮੀ ਦੇਵੋ।" ਐਮਰਸਨ[4] ਦਾ ਕਹਿਣਾ ਹੈ "ਸੁਖੰਡੀ ਰੋਗ ਨਾਲ ਮਰ ਰਹੇ ਬਾਲਾਂ ਦੀ ਪ੍ਰਾਣ-ਰੱਖਿਆ ਕਰੋ, ਫਿਰ ਉਸਦੇ ਬਾਦ ਕੱਪੜਾ ਵਪਾਰ ਨੂੰ ਤਰਜੀਹ ਦੇਵੋ (ਪੰ.81)

-------o-------

"ਆਦਮੀ ਨੂੰ ਮਸ਼ੀਨ ਉੱਤੇ ਕੁਰਬਾਨ ਨਹੀਂ ਕੀਤਾ ਜਾ ਸਕਦਾ। ਮਸ਼ੀਨ ਨੂੰ ਨਿਸ਼ਚੇ ਹੀ

*1. ਸ੍ਰੋਤ ਅਗਿਆਤ 2. ਸ੍ਰੋਤ ਅਗਿਆਤ 3. ਅਗਿਆਤ*

*4. ਸੰਭਾਵਤ : ਪ੍ਰਸਿੱਧ ਅੰਗਰੇਜ਼ ਕਵੀ, ਚਿੰਤਕ, ਅਤੇ ਨਿਬੰਧਕਾਰ ਰੈਲਫ਼ ਵਾਲਡੋ ਐਮਰਸਨ (1803-1882)*

ਮਾਨਵਜਾਤੀ ਦੀ ਸੇਵਾ ਵਿੱਚ ਲੱਗਣਾ ਚਾਹੀਦਾ ਹੈ, ਜਦੋਂ ਕਿ ਅਜੇ ਹੀ ਇਸ ਉਦਯੋਗਿਕ ਵਿਵਸਥਾ ਵਿੱਚ ਮਾਨਵਜਾਤੀ ਦੇ ਉੱਤੇ ਭਾਰੀ ਕਹਿਰ ਵਾਪਰਨ ਦਾ ਖਤਰਾ ਮੰਡਰਾਉਣ ਲੱਗਿਆ ਹੈ।

*ਪਾਵਰਟੀ ਐਂਡ ਰਿਚੇਜ਼ (ਪੰ.81), ਸਕਾਟ ਨਿਅਰਿੰਗ* [1]

-------o-------

ਪੰਨਾ 60 (57)

## ਆਦਮੀ ਅਤੇ ਮਸ਼ੀਨਰੀ

ਸੀ. ਨੈਨਫੋਰਡ ਹੇਂਡਰਸਨ ਆਪਣੀ ਰਚਨਾ "ਰੇ ਡੇ" ਵਿੱਚ ਲਿਖਦਾ ਹੈ।

"ਇਹ ਉਦਯੋਗ ਦੀ ਸੰਸਥਾ ਜੋ ਸਭ ਸੰਸਥਾਵਾਂ ਨਾਲੋਂ ਪੁਰਾਣੀ ਹੈ, ਮਾਨਵ ਜਾਤੀ ਨੂੰ ਵਸਤੂਆਂ ਦੀ ਤਾਨਾਸ਼ਾਹੀ ਤੋਂ ਆਜ਼ਾਦ ਕਰਨ ਦੀ ਗਰਜ ਨਾਲ ਸੰਗਠਤ ਅਤੇ ਵਿਕਸਤ ਹੋਈ, ਪਰੰਤੂ ਹੁਣ ਇਹ ਖੁਦ ਆਪ ਹੀ ਉਸ ਨਾਲੋਂ ਵੱਡੀ ਤਾਨਾਸ਼ਾਹੀ ਬਣ ਚੁੱਕੀ ਹੈ, ਜੋ ਵਿਸ਼ਾਲ ਆਬਾਦੀ ਨੂੰ ਗੁਲਾਮਾਂ ਦੀਆਂ ਹਾਲਤਾਂ ਵਿੱਚ ਅਜਿਹੇ ਗੁਲਾਮਾਂ ਦੀਆਂ ਹਾਲਤਾਂ ਵਿੱਚ ਧੱਕਦੀ ਜਾ ਰਹੀ ਹੈ ਜੋ ਲੰਬੇ ਅਤੇ ਥਕਾ ਦੇਣ ਵਾਲੇ ਘੰਟਿਆਂ ਤੱਕ ਕੰਮ ਕਰਦੇ ਕਰਦੇ, ਬੇਓੜਕ ਵਸਤੂਆਂ ਪੈਦਾ ਕਰਦੇ ਰਹਿਣ ਦੇ ਵਾਸਤੇ ਸਰਾਪੇ ਹੋਏ ਹਨ, ਜਦੋਂ ਕਿ ਜੋ ਵਸਤੂਆਂ ਉਹ ਬਣਾਉਂਦੇ ਹਨ, ਖੁਦ ਉਹਨਾਂ ਦੀ ਤੋਟ ਨਾਲ ਪੀੜਤ ਰਹਿਣ ਲਈ ਮਜ਼ਬੂਰ ਹਨ।"

*"ਪਾਵ ਰਿਚੇਜ਼ (ਪੰ.87)"* [2]

-------o-------

## ਆਦਮੀ ਮਸ਼ੀਨਰੀ ਦੇ ਵਾਸਤੇ ਨਹੀਂ ਹੈ

ਆਦਮੀ ਨੇ ਇਸਪਾਤ ਅਤੇ ਅੱਗ ਦੇ ਸੰਯੋਗ ਨਾਲ ਜੋ ਵਸਤੂਆਂ ਪੈਦਾ ਕੀਤੀਆਂ ਹਨ ਅਤੇ ਜਿਹਨਾਂ ਨੂੰ ਮਸ਼ੀਨ ਆਖਿਆ ਹੈ, ਉਸਨੂੰ ਨਿਸ਼ਚੈ ਹੀ ਹਮੇਸ਼ਾ ਮਨੁੱਖ ਦਾ ਮਾਲਕ ਨਹੀਂ, ਬਲਕਿ ਸੇਵਾਦਾਰ ਹੀ ਰਹਿਣਾ ਚਾਹੀਦਾ ਹੈ। ਨਾ ਤਾਂ ਮਸ਼ੀਨ ਅਤੇ ਨਾ ਹੀ ਮਸ਼ੀਨ ਦੇ ਮਾਲਕ ਨੂੰ ਮਾਨਵ ਜਾਤੀ ਉੱਪਰ ਸ਼ਾਸ਼ਨ ਕਰਨ ਦਾ ਅਧਿਕਾਰ ਹੈ। *ਪੰ. 88*

-------o-------

## ਸਾਮਰਾਜਵਾਦ

"ਸਾਮਰਾਜਵਾਦ ਵਿਕਾਸ ਦੇ ਉਸ ਚਰਨ ਦਾ ਪੂੰਜੀਵਾਦ ਹੈ ਜਿਸ ਵਿੱਚ ਅਜ਼ਾਰੇਦਾਰੀਆਂ ਅਤੇ ਵਿੱਤੀ ਪੂੰਜੀ ਨੇ ਇੱਕ ਪ੍ਰਭੁਤਵਕਾਰੀ ਪ੍ਰਭਾਵ ਹਾਸਿਲ ਕਰ ਲਿਆ ਹੈ, ਨਿਰਯਾਤ ਪੂੰਜੀ ਬੇਹੱਦ ਮਹੱਤਵ ਪ੍ਰਾਪਤ ਕਰ ਚੁੱਕੀ ਹੈ, ਅੰਤਰ ਰਾਸ਼ਟਰੀ ਟਰਸਟਾਂ ਨੇ ਦੁਨੀਆਂ ਦਾ ਬਟਵਾਰਾ ਕਰਨਾ ਸ਼ੁਰੂ ਕਰ ਦਿੱਤਾ ਹੈ, ਅਤੇ ਸਭ ਤੋਂ ਵੱਡੇ ਪੂੰਜੀਵਾਦੀ ਦੇਸ਼ਾਂ ਨੇ ਧਰਤੀ ਦੇ ਸਮੁੱਚੇ ਭੂਗੋਲਿਕ ਖੇਤਰਫਲ ਦਾ ਆਪਸ ਵਿੱਚ ਬਟਵਾਰਾ ਪੂਰਾ ਕਰ ਲਿਆ ਹੈ।"

*– ਲੈਨਿਨ* [3]

---

*1. ਅਤੇ 2. ਅਗਿਆਤ*

*3. ਵੀ.ਆਈ.ਲੈਨਿਨ ਸਾਮਰਾਜਵਾਦ ਪੂੰਜੀਵਾਦ ਦੀ ਅੰਤਿਮ ਅਵਸਥਾ*

ਪੰਨਾ 61 (58)

## ਤਾਨਾਸ਼ਾਹੀ :

ਤਾਨਾਸ਼ਾਹੀ ਇੱਕ ਸੱਤਾ ਹੈ ਜੋ ਸਿੱਧੀ ਤਾਕਤ ਉੱਪਰ ਆਧਾਰਿਤ ਹੁੰਦੀ ਹੈ ਅਤੇ ਕਿਸੇ ਕਾਨੂੰਨ ਨਾਲ ਨਹੀਂ ਬੰਨ੍ਹੀ ਹੁੰਦੀ।

ਸਰਵਹਾਰਾ ਵਰਗ ਦੀ ਇਨਕਲਾਬੀ ਡਿਕਟੇਟਰਸ਼ਿਪ ਇੱਕ ਅਜਿਹੀ ਸੱਤਾ ਹੈ ਜੋ ਬਰਜ਼ੂਆ ਵਰਗ ਦੇ ਵਿਰੁੱਧ ਅਤੇ ਉਸਦੇ ਉੱਤੇ, ਸਰਵਹਾਰਾ ਵਰਗ ਵੱਲੋਂ ਤਾਕਤ ਦੀ ਬਦੌਲਤ ਲਾਗੂ ਕੀਤੀ ਜਾਂਦੀ ਹੈ, ਅਤੇ ਜੋ ਕਿਸੇ ਕਾਨੂੰਨ ਵਿੱਚ ਨਹੀਂ ਬੰਨ੍ਹੀ ਹੁੰਦੀ।

*ਪ੍ਰੋਲੇ. ਹੈਵੋ.*[1] *(ਪੰ.18) – ਲੈਨਿਨ*

-------o-------

## ਇਨਕਲਾਬੀ ਡਿਕਟੇਟਰਸ਼ਿਪ :

ਇਨਕਲਾਬ ਇੱਕ ਕਾਰਵਾਈ ਹੈ ਜਿਸਦੇ ਤਹਿਤ ਆਬਾਦੀ ਦਾ ਇੱਕ ਤਬਕਾ ਦੂਜੇ ਤਬਕਿਆ ਉੱਤੇ ਰਫਲਾਂ, ਸੰਗੀਨਾਂ, ਬੰਦੂਕਾਂ ਅਤੇ ਅਜਿਹੇ ਹੀ ਹੋਰ ਅਤਿਅੰਤ ਸੱਤਾਵਾਦੀ ਉਪਾਵਾਂ ਦੇ ਜ਼ਰੀਏ, ਆਪਣੀ ਇੱਛਾ ਠੋਸਦਾ ਹੈ। ਅਤੇ ਜਿਹੜਾ ਪੱਖ ਜੇਤੂ ਹੁੰਦਾ ਹੈ ਉਹ ਆਪਣਾ ਸਾਸ਼ਨ ਅਵੱਸ਼ਕ ਤੌਰ ਤੇ, ਉਸ ਭੈਅ ਦੇ ਜ਼ਰੀਏ ਸਥਾਪਤ ਕਰਦਾ ਹੈ, ਜਿਸਨੂੰ ਉਸਦੇ ਹਥਿਆਰ ਪ੍ਰਤੀਕ੍ਰਿਆਵਾਦੀਆਂ ਦੇ ਵਿੱਚ ਉਤਪੰਨ ਕਰਦੇ ਹਨ। ਜੇ ਪੈਰਿਸ ਦੇ ਕਮਿਊਨ ਨੇ ਬੁਰਜੂਆ ਵਰਗ ਦੇ ਖਿਲਾਫ਼ ਹਥਿਆਰਬੰਦ ਜਨਤਾ ਉੱਪਰ ਭਰੋਸਾ ਨਾ ਕੀਤਾ ਹੁੰਦਾ, ਤਾਂ ਕੀ ਉਹ ਆਪਣੇ ਆਪ ਨੂੰ ਚੌਵੀ ਘੰਟਿਆਂ ਤੋਂ ਵੀ ਵੱਧ ਕਾਇਮ ਰੱਖ ਸਕਿਆ ਹੁੰਦਾ ? ਇਸਦੇ ਉਲਟ, ਕੀ ਸਾਡੀ ਇਹ ਆਲੋਚਨਾ ਜਾਇਜ਼ ਨਹੀਂ ਹੈ ਕਿ ਕਮਿਊਨ ਨੇ ਇਸ ਸੱਤਾ ਦਾ ਬਹੁਤ ਹੀ ਘੱਟ ਇਸਤੇਮਾਲ ਕੀਤਾ ?

*– ਐਫ. ਏਂਗਲਜ਼*[2]

-------o-------

## ਬੁਰਜੂਆ ਲੋਕਰਾਜ :

ਬੁਰਜੂਆ ਲੋਕ ਰਾਜ, ਸਾਮੰਤਵਾਦ ਦੇ ਮੁਕਾਬਲੇ ਵਿੱਚ, ਇੱਕ ਮਹਾਨ ਇਤਿਹਾਸਕ ਤਰੱਕੀ ਹੋਣ ਦੇ ਬਾਵਜੂਦ, ਇੱਕ ਬਹੁਤ ਹੀ ਸੀਮਤ, ਬੇਹੱਦ ਪਾਖੰਡ ਭਰਪੂਰ ਸੰਸਥਾ, ਧਨੀ ਲੋਕਾਂ ਦੇ ਵਾਸਤੇ ਇੱਕ ਸਵਰਗ ਅਤੇ ਲੁੱਟੇ ਜਾਣ ਵਾਲਿਆਂ ਅਤੇ ਗਰੀਬਾਂ ਦੇ ਵਾਸਤੇ ਇੱਕ ਜਾਲ ਅਤੇ ਛਲਾਵੇ ਦੇ ਇਲਾਵਾ ਨਾ ਤਾਂ ਹੋਰ ਕੁੱਝ ਹੈ, ਅਤੇ ਨਾ ਹੀ ਹੋ ਸਕਦਾ ਹੈ।

*– ਲੈਨਿਨ (ਪੰ. 28)*[3]

---

*1. ਲੈਨਿਨ ਦੀ ਰਚਨਾ "ਸਰਵਹਾਰਾ ਇਨਕਲਾਬ ਅਤੇ ਗੱਦਾਰ ਕਾਉਟਸਕੀ" ਵਿੱਚੋਂ*

*2. ਫਰੈਡਰਿਕ ਏਂਗਲਜ਼ (1870–1895) "ਸੱਤਾ ਦੇ ਬਾਰੇ" ਵਿੱਚੋਂ*

*3. "ਸਰਵਹਾਰਾ ਇਨਕਲਾਬ ਅਤੇ ਗੱਦਾਰ ਕਾਉਟਸਕੀ" ਵਿੱਚੋਂ*

ਪੰਨਾ 62 (59)

**ਮਿਹਨਤ ਅਤੇ ਸ਼ੋਸ਼ਣ ਦਾ ਰਾਜ :**

"ਸਿਰਫ ਪ੍ਰਾਚੀਨ ਅਤੇ ਜਗੀਰੂ ਹੀ ਨਹੀਂ, ਬਲਕਿ ਅਜ਼ੋਕਾ ਪ੍ਰਤੀਨਿਧੀ ਰਾਜ ਵੀ ਪੂੰਜੀ ਦੁਆਰਾ ਉਜਰਤੀ ਮਿਹਨਤ ਦੇ ਸ਼ੋਸ਼ਣ (ਲੁੱਟ) ਦਾ ਹੀ ਇੱਕ ਉਪਕਰਣ ਹੈ।"

*– ਏਂਗਲਜ਼*[1]

-------o-------

**ਡਿਕਟੇਟਰਸ਼ਿਪ**

"ਕਿਉਂਕਿ ਰਾਜ ਸਿਰਫ਼ ਇੱਕ ਅਸਥਾਈ ਸੰਸਥਾ ਭਰ ਹੈ ਜਿਸਦਾ ਉਪਯੋਗ ਆਪਣੇ ਦੁਸ਼ਮਣਾਂ ਦਾ ਬਲ ਪੂਰਵਕ ਦਮਨ ਕਰਨ ਦੇ ਵਾਸਤੇ ਇਨਕਲਾਬ ਵਿੱਚ ਕੀਤਾ ਜਾਂਦਾ ਹੈ, ਇਸ ਲਈ ਜਨਤਾ ਦੇ ਸੁਤੰਤਰ ਰਾਜ ਦੀ ਗੱਲ ਕਰਨਾ ਕੋਰਾ ਬਕਵਾਸ ਹੈ, ਜਦੋਂ ਤੱਕ ਸਰਵਹਾਰਾ ਵਰਗ ਨੂੰ ਰਾਜ ਦੀ ਅਵੱਸ਼ਕਤਾ ਰਹਿੰਦੀ ਹੈ, ਉਦੋਂ ਤੱਕ ਇਸਦੀ ਅਵੱਸ਼ਕਤਾ ਸੁਤੰਤਰਤਾ ਦੇ ਹਿੱਤ ਵਿੱਚ ਨਹੀਂ, ਬਲਕਿ ਆਪਣੇ ਵਿਰੋਧੀਆਂ ਨੂੰ ਕੁਚਲਣ ਦੇ ਲਈ ਪੈਂਦੀ ਹੈ ਅਤੇ ਜਿਵੇਂ ਹੀ ਸੁਤੰਤਰਤਾ ਦੀ ਗੱਲ ਕਰਨਾ ਸੰਭਵ ਹੋ ਜਾਂਦਾ ਹੈ, ਵੈਸੇ ਹੀ ਇਸਦੀ ਹੋਂਦ ਆਪਣੇ ਆਪ ਖ਼ਤਮ ਹੋ ਜਾਂਦੀ ਹੈ।"

*ਬੇਬੇਲ ਨੂੰ ਲਿਖੇ ਏਂਗਲਸ ਦੇ ਪੱਤਰਾਂ ਵਿੱਚੋਂ*
*28 ਮਾਰਚ, 1875*[2]

-------o-------

**ਡਰਪੋਕ ਆਦਰਸ਼ਵਾਦੀ :**

ਡਰਪੋਕ ਆਦਰਸ਼ਵਾਦੀ ਦੇ ਵਾਸਤੇ – ਅਤੇ ਬਿਨਾ ਕਿਸੇ ਡਰਪੋਕਤਾ ਦੇ ਸ਼ਾਇਦ ਹੀ ਆਦਮੀ ਪ੍ਰਭਾਵੀ ਸਿੱਧ ਹੋ ਸਕੇ। ਇਹ ਲਗਭਗ ਤਹਿ ਗੱਲ ਹੈ ਕਿ ਦੁਨੀਆ ਨੂੰ ਖੁਸ਼ਹਾਲ ਬਣਾਉਣ ਦੀ ਕੋਸ਼ਿਸ਼ ਵਿੱਚ ਉਸਨੂੰ ਆਪਣੇ ਵਿਰੋਧੀਆਂ ਦੀ ਘ੍ਰਿਣਾ ਦਾ ਪਾਤਰ ਬਨਣਾ ਪਵੇਗਾ ਅਤੇ ਨਿਰਾਸ਼ ਵੀ ਹੋਣਾ ਪੈ ਸਕਦਾ ਹੈ।

*– ਬਰਟਰੇਂਡ ਰੱਸਲ*

ਪੰਨਾ 63 (60)

**ਨੇਤਾ :**

ਕਾਰਲਾਈਲ[3] ਲਿਖਦਾ ਹੈ, "ਕੋਈ ਵੀ ਸਮਾਂ ਨਸ਼ਟ ਨਾ ਹੋਇਆ ਹੁੰਦਾ।" ਜੇ ਕੋਈ ਮਹਾਨ ਆਦਮੀ ਮਿਲ ਜਾਂਦਾ ਜਿਹੜਾ ਕਾਫੀ ਸਮਝਦਾਰ ਅਤੇ ਨੇਕ ਹੁੰਦਾ, ਜਿਸ ਵਿੱਚ ਐਨੀ ਸਮਝਦਾਰੀ ਹੁੰਦੀ ਕਿ ਉਹ ਸਹੀ ਸਹੀ ਜਾਣ ਲਵੇ ਕਿ ਵਕਤ ਦਾ ਤਕਾਜ਼ਾ ਕੀ ਹੈ, ਜਿਸ ਵਿੱਚ ਐਨਾ ਪਰਾਕ੍ਰਮ ਹੁੰਦਾ ਹੈ ਕਿ ਵਕਤ ਦੇ ਲਿਹਾਜ਼ ਨਾਲ ਸਹੀ ਰਾਹ ਉਪਰ ਅਗਵਾਈ ਕਰ ਸਕਦਾ, ਤਾਂ ਫੇਰ ਇਸਦੀ ਬਦੌਲਤ ਕੋਈ ਵੀ ਸਮਾਂ ਮੁਕਤੀ ਦਾ ਸਮਾਂ ਹੋ ਸਕਦਾ ਸੀ।

*1. "ਟੱਬਰ, ਨਿੱਜੀ ਜਾਇਦਾਦ ਅਤੇ ਰਾਜ ਸੱਤਾ ਦੀ ਉਤਪਤੀ" ਵਿੱਚੋਂ*

*2. ਅਗਸਤ ਬੇਬੇਲ (1840–1913) – ਜਰਮਨ ਅਤੇ ਅੰਤਰ ਰਾਸ਼ਟਰੀ ਮਜ਼ਦੂਰ ਅੰਦੋਲਨ ਦਾ ਇੱਕ ਪ੍ਰਸਿੱਧ ਨੇਤਾ। 1867 ਤੋਂ ਜਰਮਨ ਮਜ਼ਦੂਰ ਸੰਘਾਂ ਦੀ ਲੀਗ ਦਾ ਨੇਤਾ, ਪਹਿਲੀ ਇੰਟਰਨੈਸ਼ਨਲ ਦਾ ਮੈਂਬਰ, 1867 ਤੋਂ ਰਾਈਖ ਸਟਾਰਾ (ਜਰਮਨ ਸੰਸਦ) ਦਾ ਮੈਂਬਰ, ਜਰਮਨ ਸਮਾਜਕ-ਜਨਵਾਦ ਦੇ ਸੰਸਥਾਪਕਾਂ ਵਿੱਚੋਂ ਇੱਕ, ਮਾਰਕਸ ਅਤੇ ਏਂਗਲਜ਼ ਦੀ ਮਿੱਤਰ ਅਤੇ ਸਹਿਯੋਗੀ, ਦੂਜੀ ਇੰਟਰਨੈਸ਼ਨਲ ਦਾ ਪ੍ਰਮੁੱਖ ਆਗੂ।*

*3. ਥਾਮਸ ਕਾਰਲਾਈਲ (1795–1881) : ਬ੍ਰਿਟਿਸ਼ ਲੇਖਕ ਅਤੇ ਨਿਬੰਧਕਾਰ*

-------o-------

**ਸਵੈ ਇੱਛਾ ਚਾਰਿਤਾ :**

ਕਾਉਟਸਕੀ ਨੇ "ਪ੍ਰੋਲੇਟਰੀਏਟ ਡਿਕਟੇਟਰਸ਼ਿਪ" ਦੇ ਸਿਰਲੇਖ ਨਾਲ ਇੱਕ ਪੁਸਤਿਕਾ ਲਿਖੀ, ਜਿਸ ਵਿੱਚ ਉਸਨੇ ਬਾਲਸ਼ਵਿਕਾਂ ਵੱਲੋਂ ਬੁਰਜੂਆ ਵਰਗ ਦੇ ਲੋਕਾਂ ਨੂੰ ਵੋਟ ਦੇਣ ਦੇ ਹੱਕ ਤੋਂ ਵਾਂਝੇ ਕੀਤੇ ਜਾਣ ਦੀ ਨਿਖੇਧੀ ਕੀਤੀ। ਇਸ ਉੱਪਰ ਲੈਨਿਨ ਨੇ ਆਪਣੀ, "ਪ੍ਰੋਲੇਟਰੀਏਨ ਰਿਵੋਲਿਊਸ਼ਨ" : (ਪੰ.77) ਵਿੱਚ ਲਿਖਿਆ :

"ਸਵੈ ਇੱਛਾਚਾਰਿਤਾ! ਜ਼ਰਾ ਸੋਚੀਏ ਕਿ ਇਸ ਖੇਦ ਪ੍ਰਕਾਸ਼ ਵਿੱਚ ਕਮੀਨੇਪਣ ਦੇ ਇਸ ਘਟੀਆ ਪੱਧਰ ਤੱਕ ਡਿੱਗਕੇ ਬੁਰਜੂਆ ਦੀ ਚਾਪਲੂਸੀ ਕੀਤੀ ਗਈ ਹੈ, ਅਤੇ ਕਿੰਨਾ ਵੱਧ ਮੂਰਖਤਾਪੂਰਣ ਪੰਡਤਾਊਪੁਣਾ ਵਿਖਾਇਆ ਗਿਆ ਹੈ। ਜਦੋਂ ਕਿ ਸਦੀਆਂ ਤੋਂ, ਮਜ਼ਦੂਰਾਂ ਨੂੰ ਕੁਚਲਣ ਦੇ ਵਾਸਤੇ, ਗਰੀਬ ਲੋਕਾਂ ਨੂੰ ਨੂੜਣ ਦੇ ਲਈ ਅਤੇ ਲੋਕਾਂ ਦੇ ਭੋਲੇ-ਭਾਲੇ ਅਤੇ ਮਿਹਨਤਕਸ਼ ਤਬਕਿਆਂ ਦੇ ਰਾਹ ਵਿੱਚ ਇਕੋਤਰ ਸੌ ਅੜਿੱਕੇ ਅਤੇ ਰੁਕਾਵਟਾਂ ਖੜੀਆਂ ਕਰਦੇ ਰਹਿਣ ਦੇ ਲਈ ਪੂਰੀ ਤਰ੍ਹਾਂ ਬੁਰਜੂਆ ਅਤੇ ਉਸ ਵਿੱਚ ਵੀ ਪੂੰਜੀਵਾਦੀ ਦੇਸ਼ਾਂ ਦੇ ਪ੍ਰਤੀਕ੍ਰਿਆਵਾਦੀ ਕਾਨੂੰਨਦਾਨ ਹੀ ਨਿਯਮ ਵਿਧਾਨ ਬਣਾਉਂਦੇ ਆਏ ਹਨ, ਅਤੇ ਉਹ ਹੀ ਕਾਨੂੰਨ ਦੀਆਂ ਸੰਹਿਤਾਵਾਂ ਅਤੇ ਕਾਨੂੰਨ ਬਾਰੇ ਸੈਂਕੜੇ ਪੋਥੇ ਅਤੇ ਉਹਨਾਂ ਦੀਆਂ ਵਿਆਖਿਆਵਾਂ ਲਿਖਦੇ ਆਏ ਹਨ – ਜਿੱਥੇ ਐਨਾ ਸਭ ਕੁਝ ਕੀਤਾ ਗਿਆ ਹੈ, ਉਥੇ ਬੁਰਜੂਆ ਉਦਾਰਪੰਥੀਆਂ ਅਤੇ ਸ਼੍ਰੀਮਾਨ ਕਾਓਟਸਕੀ ਨੂੰ ਕੋਈ "ਸਵੈ ਇੱਛਾਚਾਰਿਤਾ" ਨਹੀਂ ਵਿਖਾਈ ਦਿੰਦੀ। ਉਦੋਂ ਤਾਂ ਇਹ ਸਭ ਕਾਨੂੰਨ ਵਿਵਸਥਾ ਹੈ। ਇਹ ਸਭ ਇਸ ਵਾਸਤੇ ਸੋਚਿਆ ਅਤੇ ਲਿਖਿਆ ਗਿਆ ਹੈ ਕਿ ਕਿਵੇਂ ਗਰੀਬਾਂ ਨੂੰ ਦਬਾਈ ਰੱਖਕੇ ਚੂੰਡਦੇ ਰਿਹਾ ਜਾਏ। ਹਜ਼ਾਰਾਂ ਹੀ ਬੁਰਜੂਆ ਵਕੀਲ ਅਤੇ ਸਰਕਾਰੀ ਅਹਿਲਕਾਰ ਕਾਨੂੰਨਾਂ ਦੀ ਅਜਿਹੀ ਵਿਆਖਿਆ ਕਰਦੇ ਰਹਿੰਦੇ ਹਨ ਕਿ ਮਜ਼ਦੂਰ ਅਤੇ ਔਸਤਨ ਕਿਸਾਨ ਉਹਨਾਂ ਦੀ ਨਾਕਾਬੰਦੀ ਦੀ ਕੰਡਿਆਲੀ ਤਾਰ ਨੂੰ ਕਦੇ ਤੋੜ ਨਾ ਸਕਣ, ਬੇਸ਼ੱਕ ਇਹ ਕੋਈ ਸਵੈ ਇੱਛਾਚਾਰਿਤਾ ਨਹੀਂ ਹੈ। ਬੇਸ਼ੱਕ, ਇਹ ਉਹਨਾਂ ਗੰਦੇ ਜਾਂ ਮੁਨਾਫ਼ਾਖ਼ੋਰ ਲੋਟੂਆਂ ਦੀ ਤਾਨਾਸ਼ਾਹੀ ਨਹੀਂ ਹੈ ਜਿਹੜੇ ਲੋਕਾਂ ਦਾ ਖੂਨ ਪੀ ਰਹੇ ਹਨ। ਉਫ਼ ਅਜਿਹਾ ਕੁੱਝ ਵੀ ਨਹੀਂ ਹੈ। ਇਹ ਤਾਂ ਸ਼ੁੱਧ "ਲੋਕਤੰਤਰ" ਹੈ, ਜਿਹੜਾ ਦਿਨ ਪ੍ਰਤੀ ਦਿਨ ਵੱਧ ਖਰਾ (ਸ਼ੁਧ) ਹੁੰਦਾ ਜਾ ਰਿਹਾ ਹੈ।

ਪੰਨਾ 64 (61)

ਪ੍ਰੰਤੂ ਜਦੋਂ ਸਾਮਰਾਜਵਾਦੀ ਯੁੱਧ ਦੇ ਰਾਹੀਂ ਸਰਹੱਦ ਪਾਰ ਕਰਕੇ ਆਪਣੇ ਭਾਈਆਂ ਨਾਲੋਂ ਵੱਖ ਕਰ ਦਿੱਤੇ ਗਏ ਮਿਹਨਤਕਸ਼ ਅਤੇ ਲੁੱਟੇ ਜਾਂਦੇ ਜਨ-ਤਬਕਿਆਂ ਨੇ ਇਤਿਹਾਸ ਵਿੱਚ ਪਹਿਲੀ ਵਾਰ ਆਪਣੀਆਂ ਸੋਵੀਅਤਾਂ ਗਠਿਤ ਕਰ ਲਈਆਂ ਹਨ ਜਦੋਂ ਉਹਨਾਂ ਨੇ ਰਾਜਨੀਤਕ ਨਿਰਮਾਣ ਦੇ ਵਾਸਤੇ ਮਜ਼ਦੂਰਾਂ ਨੂੰ ਅਤੇ ਉਹਨਾਂ ਦੇ ਵਰਗਾਂ ਨੂੰ ਅਪੀਲ ਕੀਤੀ ਗਈ ਹੈ ਜਿਹਨਾਂ ਨੂੰ ਬੁਰਜੂਆ ਵਰਗ ਉਤਪੀੜਤ ਅਤੇ ਪੱਥਰ ਬਣਾਈ ਰੱਖਦਾ ਸੀ, ਅਤੇ ਜਦੋਂ ਤੋਂ ਉਹ ਇੱਕ ਸਰਵਹਾਰਾ ਰਾਜ ਸਿਰਜਣ ਦੇ ਕਾਰਜ ਵਿੱਚ ਲੱਗ ਗਏ ਹਨ ਅਤੇ ਵਿਕਟ ਰੂਪ ਨਾਲ ਜਾਰੀ ਯੁੱਧ ਦੌਰਾਨ, ਖਾਨਾਜੰਗੀ ਦੀ ਅੱਗ ਵਿੱਚ, ਜਦੋਂ ਉਹ 'ਲੋਟੂਆਂ ਤੋਂ ਰਹਿਤ

ਰਾਜ" ਦੇ ਬੁਨਿਆਦੀ ਸਿਧਾਂਤ ਨਿਰੂਪਤ ਕਰਨ ਲੱਗੇ, ਤਾਂ ਬੁਰਜੂਆ ਵਰਗ ਦੇ ਸਾਰੇ ਢੌਂਗੀ ਤੱਤ, ਅਤੇ ਖ਼ੂਨ ਚੂਸਣ ਵਾਲਿਆਂ ਦੇ ਸਾਰੇ ਗਿਰੋਹ ਕਾਉਟਸਕੀ ਦੀ ਸੁਰ ਵਿੱਚ ਸੁਰ ਮਿਲਾਕੇ, ਸਵੈ ਇੱਛਾ ਚਾਰਿਤਾ ਦਾ ਚੀਕ-ਚਿਹਾੜਾ ਮਚਾਉਣ ਲੱਗ ਗਏ ਹਨ।

*(ਲੈਨਿਨ) ਪੰ. 77-78*[1]

-------o-------

**ਪਾਰਟੀ :**

ਲੇਕਿਨ ਇਹ ਸਪਸ਼ਟ ਹੋ ਚੁੱਕਿਆ ਹੈ ਕਿ ਜਦੋਂ ਤੱਕ ਇਨਕਲਾਬ ਦੀ ਅਗਵਾਈ ਕਰਨ ਦੇ ਵਾਸਤੇ ਇੱਕ ਸਮਰੱਥ ਪਾਰਟੀ ਨਾ ਹੋਵੇ, ਉਦੋਂ ਤੱਕ ਕੋਈ ਇਨਕਲਾਬ ਸੰਭਵ ਨਹੀਂ ਹੋ ਸਕਦਾ।

*ਪੰ. 15 (ਲੈਸ਼ਨਜ ਆ.ਫ ਅਕਤੂਬਰ, 1917)*[2]

ਪ੍ਰੋਲੇਤਾਰੀ ਇਨਕਲਾਬ ਦੇ ਵਾਸਤੇ ਪਾਰਟੀ ਇੱਕ ਲਾਜ਼ਮੀ ਉਪਕਰਣ ਹੈ।

*(ਪੰ. 17, ਉਹ ਟਰਾਟਸਕੀ ਦੁਆਰਾ ਰਚਿਤ)*

ਪੰਨਾ 65 (62)

***ਬੀ.ਕੇ. ਦੱਤ ਦੇ ਦਸਖ਼ਤ*** [3]

ਉਸਦੇ (ਮਿਹਨਤਕਸ਼ ਆਦਮੀ ਦੇ) ਵਾਸਤੇ ਕਾਨੂੰਨ ਨੈਤਿਕਤਾ, ਧਰਮ ਇਹ ਸਭ ਉਸਦੇ (ਸਰਵਹਾਰਾ ਦੇ) ਵਾਸਤੇ ਵਿਭਿੰਨ ਬੁਰਜੂਆ ਦਿਖਾਵੇ ਮਾਤਰ ਹਨ, ਜਿਹਨਾਂ ਦੀ ਆੜ ਵਿੱਚ ਏਨੇ ਹੀ ਬੁਰਜੂਆ ਸਵਾਰਥ ਦਾਅ ਲਾਈ ਰੱਖਦੇ ਹਨ।

*ਕਾਰਲ ਮਾਰਕਸ - ਘੋਸ਼ਣਾ ਪੱਤਰ* [4]

---

*1. ਲੈਨਿਨ 'ਸਰਵਹਾਰਾ ਇਨਕਲਾਬ ਅਤੇ ਗ਼ੱਦਾਰ ਕਾਓਤਸਕੀ'*

*2. **ਲਿਓਨ ਤਰਾਤਸਕੀ** ਦੀ ਕਿਤਾਬ, 'ਲੈਸ਼ਨਜ਼ ਆਫ ਅਕਤੂਬਰ 1917' ਵਿੱਚੋਂ (ਅਕਤੂਬਰ 1917 ਦੇ ਸਬਕ)*

*3. ਪੰਨੇ ਦਾ ਉਪਰਲਾ ਦੋ ਤਿਹਾਈ ਭਾਗ ਖਾਲੀ ਹੈ।*

*ਇਸ ਵਿੱਚ ਸਿਰਫ਼ **ਬੀ.ਕੇ. ਦੱਤ (ਬਟੁਕੇਸ਼ਵਰ ਦੱਤ)** ਦਾ ਤਿਰਛਾ ਦਸਖ਼ਤ ਹੈ ਅਤੇ ਤਿਥੀ 12-7-30 ਦੋ ਵਾਰ ਅੰਕਿਤ ਹੈ।*

*4. ਕਮਿਊਨਿਸਟ ਮੈਨੀਫੈਸਟੋ*

ਪੰਨਾ 67 (64)

---

*ਨੋਟ ਬੁੱਕ ਵਿੱਚ ਪੰਨਾ ਸੰਖਿਆ 66 (63) ਨਹੀਂ ਹੈ। ਇਸ ਪੰਨੇ ਯਾਨੀ **ਨੋਟ ਬੁੱਕ ਪੰਨਾ 67 (64)** ਉੱਤੇ, ਵਿਚਕਾਰ ਜਿਹੇ, **ਬੀ.ਕੇ. ਦੱਤ** ਦੇ ਤਾਰੀਖ (12.7.1930) ਸਹਿਤ ਦਸਖ਼ਤ ਹਨ।*

*ਇਸਦੇ ਹੇਠਾਂ **ਭਗਤ ਸਿੰਘ** ਦੀ ਲਿਖਾਈ ਵਿੱਚ ਪੰਨੇ ਉੱਤੇ ਹੇਠਾਂ ਸੱਜੇ ਪਾਸੇ ਇਹ ਟਿੱਪਣੀ ਦਰਜ ਹੈ :*

> *ਬੀ.ਕੇ.ਦੱਤ ਦੀ ਇਸ ਜੇਲ੍ਹ ਤੋਂ ਅੰਤਿਮ ਵਿਦਾਇਗੀ ਤੋਂ ਚਾਰ ਦਿਨ ਪਹਿਲਾਂ ਕੋਠੜੀ ਨੰ. 137, ਸੈਂਟਰਲ ਜੇਲ੍ਹ ਲਾਹੌਰ, ਵਿੱਚ 12 ਜੁਲਾਈ 30 ਨੂੰ ਲਿਆ ਗਿਆ ਆਟੋਗਰਾਫ਼*

*ਵਿੱਚ ਤਾਰੀਖ ਨਹੀਂ ਹੈ। ਇਸਦੇ ਹੇਠਾਂ ਭਗਤ ਸਿੰਘ ਦੇ ਦਸਖ਼ਤ ਹਨ। ਇਹਨਾਂ ਦੇ ਇਲਾਵਾ ਹੋਰ ਕਿਸੇ ਵੀ **ਨੋਟ ਬੁੱਕ ਵਿੱਚ ਪੰਨਾ 68 (65) ਨਹੀਂ ਹੈ।***

ਪੰਨਾ 69 (66)

## ਕਮਿਊਨਿਸਟਾਂ ਦਾ ਉਦੇਸ਼

ਕਮਿਊਨਿਸਟ ਆਪਣਾ ਦ੍ਰਿਸ਼ਟੀਕੋਣ ਅਤੇ ਉਦੇਸ਼ ਲੁਕੋਣ ਨੂੰ ਘ੍ਰਿਣਾ ਕਰਦੇ ਹਨ। ਉਹ ਖੁੱਲੇ ਤੌਰ ਤੇ ਐਲਾਨ ਕਰਦੇ ਹਨ ਕਿ ਉਹਨਾਂ ਦਾ ਉਦੇਸ਼ ਸਿਰਫ਼ ਸਮੁੱਚੀਆਂ ਮੌਜੂਦਾ ਸਮਾਜਕ ਪ੍ਰਸਥਿਤੀਆਂ ਨੂੰ ਬਲ ਪੂਰਵਕ ਪੁੱਟ ਸੁੱਟਣ ਦੇ ਰਾਹੀਂ ਹੀ ਪ੍ਰਾਪਤ ਹੋ ਸਕਦਾ ਹੈ। ਸ਼ਾਸ਼ਕ ਵਰਗਾਂ ਨੂੰ ਕਮਿਊਨਿਸਟ ਇਨਕਲਾਬ ਦੇ ਭੈਅ ਨਾਲ ਕੰਬਣ ਦੇਵੋ। ਸਰਵਹਾਰਾ ਦੇ ਕੋਲੇ ਆਪਣੀਆਂ ਬੇੜੀਆਂ ਦੇ ਸਿਵਾਏ ਗੰਵਾਉਣ ਦੇ ਵਾਸਤੇ ਕੁੱਝ ਨਹੀਂ ਹੈ। ਜਿੱਤਣ ਦੇ ਵਾਸਤੇ ਉਹਨਾਂ ਦੇ ਸਾਹਮਣੇ ਸਾਰਾ ਸੰਸਾਰ ਹੈ।

ਦੁਨੀਆ ਦੇ ਮਜ਼ਦੂਰੋ ਇੱਕ ਹੋ ਜਾਓ![1]

-------o-------

## ਕਮਿਊਨਿਸਟ ਇਨਕਲਾਬ ਦਾ ਉਦੇਸ਼

"ਅਸੀਂ ਉੱਪਰ ਵੇਖ ਚੁੱਕੇ ਹਾਂ, ਕਿ ਮਜ਼ਦੂਰ ਵਰਗ ਦੇ ਇਨਕਲਾਬ ਵਿੱਚ ਪਹਿਲਾ ਕਦਮ, ਸਰਵਹਾਰਾ (ਪ੍ਰੋਲੇਤਾਰੀ) ਵਰਗ ਨੂੰ ਉਠਾ ਕੇ ਸਾਸ਼ਕ ਵਰਗ ਦੀ ਸਥਿਤੀ ਵਿੱਚ ਲਿਆਉਣਾ ਹੈ, ਜਨਵਾਦ ਦੀ ਲੜਾਈ ਨੂੰ ਜਿੱਤਣਾ ਹੈ। ਸਰਵਹਾਰਾ ਆਪਣੇ ਰਾਜਨੀਤਕ ਪ੍ਰਭੁਤਵ ਦੀ ਵਰਤੋਂ ਬੁਰਜ਼ੂਆ ਵਰਗ ਤੋਂ ਹੌਲੀ-ਹੌਲੀ ਕਰਕੇ ਸਾਰੀ ਪੂੰਜੀ ਖੋਹਣ, ਪੈਦਾਵਾਰ ਦੇ ਸਾਰੇ ਉਪਕਰਣਾਂ (ਸਾਧਨਾਂ) ਨੂੰ ਰਾਜ ਦੇ ਅਰਥਾਤ ਸ਼ਾਸ਼ਕ ਵਰਗ ਦੇ ਰੂਪ ਵਿੱਚ ਸੰਗਠਿਤ ਸਰਵਹਾਰਾ ਵਰਗ ਦੇ ਹੱਥਾਂ ਵਿੱਚ ਕੇਂਦਰਿਤ ਕਰਨ ਅਤੇ ਪੈਦਾਵਾਰੀ ਸ਼ਕਤੀਆਂ ਦੇ ਵਿੱਚ ਜਿੰਨੀ ਛੇਤੀ ਹੋਵੇ ਵਾਧਾ ਕਰਨ ਦੇ ਵਾਸਤੇ ਕਰੂਗਾ।"

*"ਕਮਿਊਨਿਸਟ ਮੈਨੀਫੈਸਟੋ"* [2]

ਪੰਨਾ 70 (67)

## ਕਾਰਲ ਮਾਰਕਸ ਦੀਆਂ ਗਲਤੀਆਂ ਕੱਢਣੀਆਂ :

...ਅਤੇ ਇਹ ਨਿਸ਼ਚਤ ਮਾਲੂਮ ਹੁੰਦਾ ਹੈ ਕਿ ਟਰਾਟਸਕੀ ਸਮਝੋ ਉਸ ਨਾਲ ਸੰਬੰਧਤ ਸਨ ਜਿਸਨੂੰ ਜਰਮਨ 'ਅਸਲੀ ਰਾਜਨੀਤੀ' ਦਾ ਸਕੂਲ ਆਖਿਆ ਕਰਦੇ ਸਨ ਅਤੇ ਕਿਸੇ ਵੀ ਵਿਚਾਰਧਾਰਾ ਦੇ ਪ੍ਰਤੀ ਇੱਕ ਦਮ ਉਨੇ ਹੀ ਮਾਸੂਮ ਸਨ ਜਿੰਨਾ ਕਿ ਬਿਸਮਾਰਕ। ਅਤੇ, ਏਸੇ ਵਾਸਤੇ, ਇਹ ਦੇਖਕੇ ਹੈਰਾਨੀ ਹੁੰਦੀ ਹੈ ਕਿ ਟਰਾਟਸਕੀ ਵੀ ਐਨੇ ਇਨਕਲਾਬੀ ਨਹੀਂ ਹਨ ਕਿ ਆਖ ਸਕਣ ਕਿ ਮਾਰਕਸ ਨੇ ਇਕ ਗਲਤੀ ਕੀਤੀ ਸੀ। ਬਲਕਿ ਉਹ ਇੱਕ ਜਾਂ ਵੱਧ ਪੰਨੇ ਅਰਥ ਨਿਰੂਪਣ ਦੇ ਕੰਮ ਵਿੱਚ ਅਰਥਾਤ ਇਹ ਸਿੱਧ ਕਰਨ ਵਿੱਚ ਲਾਉਣਾ ਜ਼ਰੂਰੀ ਸਮਝਦੇ ਹਨ ਕਿ ਪਵਿੱਤਰ ਪੁਸਤਕਾਂ ਵਿੱਚ ਜੋ ਕੁੱਝ ਆਖਿਆ ਗਿਆ ਹੈ, ਉਸਦੇ ਅਰਥ ਉਸ ਨਾਲੋਂ ਇੱਕ ਦਮ ਵੱਖਰੇ ਹਨ।

ਟਰਾਟਸਕੀ ਰਚਿਤ *"ਲੈਸ਼ਨਜ਼ ਆਫ਼ ਅਕਤੂਬਰ 1917"* ਦੀ ਭੂਮਿਕਾ ਭੂਮਿਕ ਏ. ਸੂਸਨ ਲਾਰੇਂਸ ਵੱਲੋਂ ਲਿਖੀ ਗਈ।

*1. ਕਮਿਊਨਿਸਟ ਮੈਨੀਫੈਸਟੋ ਦਾ ਆਖਰੀ ਪੈਰਾ*
*2. ਕਮਿਊਨਿਸਟ ਮੈਨੀਫੈਸਟੋ*

## ਲੋਕਾਂ ਦੀ ਆਵਾਜ਼ :

ਸਾਨੂੰ ਜਿੰਨੀਆਂ ਸਰਕਾਰਾਂ ਬਾਰੇ ਜਾਣਕਾਰੀ ਹੈ, ਉਹ ਸਾਰਿਆਂ ਦੇ ਸਾਰੇ ਮੁੱਖ ਤੌਰ ਤੇ ਲੋਕਾਂ ਦੇ ਪ੍ਰਤੀ ਉਦਾਸੀਨ ਰਹਿ ਕੇ ਹੀ ਸ਼ਾਸ਼ਨ ਕਰਦੀਆਂ ਰਹੀਆਂ ਹਨ, ਉਹ ਹਮੇਸ਼ਾ ਹੀ ਦੇਸ਼ ਦੇ ਰਾਜਨੀਤਕ ਸਰੂਪ ਤੋਂ ਸੁਚੇਤ ਜਾਂ ਉਸ ਤਬਕੇ ਦੀਆਂ ਘੱਟ ਗਿਣਤੀ ਸਰਕਾਰਾਂ ਹੀ ਰਹੀਆਂ ਹਨ, ਲੇਕਿਨ ਜਦੋਂ ਇਹ ਦੈਂਤ (ਭਾਵ ਲੋਕਾਈ - ਸੰ.) ਜਾਗ ਪਵੇਗਾ, ਤਾਂ ਉਸਦੀ ਮਰਜ਼ੀ ਲਾਗੂ ਹੋਵੇਗੀ, ਪਰੰਤੂ ਸਭ ਤੋਂ ਵੱਡੀ ਗੱਲ ਇਹ ਹੈ ਕਿ ਇਹ ਸਮੇਂ ਸਿਰ ਜਾਗੂਗਾ ਜਾਂ ਨਹੀਂ।

*- ਭੂਮਿਕਾ*[1]

ਪੰਨਾ 71 (68)

ਲੈਨਿਨ ਨੇ ਜੁਲਾਈ 1917 ਵਿੱਚ ਲਿਖਿਆ ਇਹ ਅਕਸਰ ਹੁੰਦਾ ਹੈ ਕਿ ਜਦੋਂ ਘਟਨਾਵਾਂ ਅਚਾਨਕ ਮੋੜ ਕੱਟ ਲੈਂਦੀਆਂ ਹਨ, ਤਾਂ ਇੱਕ ਆਗੂ ਪਾਰਟੀ ਵੀ ਕੁਝ ਸਮੇਂ ਤੱਕ ਲਈ ਇਸ ਨਵੀਂ ਪ੍ਰਸਥਿਤੀ ਦੇ ਨਾਲ ਆਪਣੀ ਇਕ ਸੁਰਤਾ ਨਹੀਂ ਬਣਾ ਸਕਦੀ। ਉਹ ਉਹੀ ਪੁਰਾਣੀਆਂ ਅਖਾਵਤਾਂ ਦਰਸਾਉਂਦੀ ਰਹਿੰਦੀ ਹੈ, ਜੋ ਇਸ ਨਵੀਂ ਪਰਸਥਿਤੀ ਵਿੱਚ ਅਰਥਹੀਣ ਹੋ ਚੁੱਕੀਆਂ ਹਨ ਅਤੇ ਜਿਸ ਅਨੁਪਾਤ ਵਿੱਚ ਘਟਨਾਵਾਂ ਅੰਦਰ ਅਣਕਿਆਸਿਆ ਪਰਿਵਰਤਨ ਹੋ ਚੁੱਕਿਆ ਹੁੰਦਾ ਹੈ, ਉਸੇ ਅਨੁਪਾਤ ਵਿੱਚ ਉਹਨਾਂ ਦਾ ਅਰਥ ਵੀ 'ਅਣਕਿਆਸੇ ਰੂਪ ਨਾਲ' ਖਤਮ ਹੋ ਚੁੱਕਾ ਹੁੰਦਾ ਹੈ।

*ਲੈਸ਼ਨਜ਼ ਆਫ਼ ਅਕਤੂਬਰ (ਪੰ. 17)*[2]

-------o-------

## ਰਣਕੌਸ਼ਲ ਅਤੇ ਰਣਨੀਤੀ :

ਜਿਵੇਂ ਯੁੱਧ ਵਿੱਚ, ਵੈਸੇ ਹੀ ਰਾਜਨੀਤੀ ਵਿੱਚ ਵੀ, ਰਣ ਕੌਸ਼ਲ ਦਾ ਅਰਥ ਹੈ ਅਲੱਗ ਅਲੱਗ ਕਾਰਵਾਈ ਦਾ ਸੰਚਾਲਨ ਕਰਨ ਦੀ ਕਲਾ, ਰਣਨੀਤੀ ਦਾ ਅਰਥ ਹੈ ਜਿੱਤ ਪ੍ਰਾਪਤ ਕਰਨ ਦੀ ਅਰਥਾਤ ਸੱਤਾ ਉੱਤੇ ਵਾਸਤਵਿਕ ਕਬਜ਼ਾ ਕਰਨ ਦੀ ਕਲਾ।

*(ਪੰ.18)*[3]

-------o-------

## ਪ੍ਰਚਾਰ ਅਤੇ ਕਾਰਵਾਈ :

ਅਤੇ ਜਦੋਂ ਸਰਵਹਾਰਾ ਵਰਗ ਦੀ ਪਾਰਟੀ ਤਿਆਰੀ ਨਾਲ, ਯਾਨੀ ਪ੍ਰਚਾਰ ਅਤੇ ਸੰਗਠਨ ਅਤੇ ਅੰਦੋਲਨ ਰਾਹੀਂ, ਅੱਗੇ ਵਧਕੇ ਸੱਤਾ ਦੇ ਵਾਸਤੇ ਵਾਸਤਵਿਕ ਸੰਘਰਸ਼ ਵਿੱਚ ਉਤਰਦੀ ਹੈ ਅਤੇ ਬੁਰਜੂਆ ਵਰਗ ਦੇ ਖਿਲਾਫ਼ ਇੱਕ ਵਾਸਤਵਿਕ ਜਨ-ਵਿਦਰੋਹ ਨੂੰ ਅੰਜਾਮ ਦੇਣ ਲੱਗਦੀ ਹੈ ਤਾਂ ਇੱਕ ਅਤਿਅੰਤ ਅਚਾਨਕ ਇੱਕ ਬਦਲਾਉ ਘਟਿਤ ਹੁੰਦਾ ਹੈ। ਏਸੇ ਸਮੇਂ ਪਾਰਟੀ ਦੇ ਅੰਦਰ ਅਜਿਹੇ ਤੱਤ ਜਿਹੜੇ ਦ੍ਰਿੜ ਸੰਕਲਪ ਨਹੀਂ ਰੱਖਦੇ ਜਾਂ ਸੰਵੇਦਨਸ਼ੀਲ ਜਾਂ ਸਮਝੌਤਾਵਾਦੀ ਜਾਂ ਕਾਇਰ ਹੁੰਦੇ ਹਨ - ਉਹ ਜਨ-ਵਿਦਰੋਹ ਦਾ ਵਿਰੋਧ

*1. ਪੁਰਵਕਤ*
*2. ਅਤੇ 3. 1926 'ਚ ਪ੍ਰਕਾਸ਼ਤ* ***ਤ੍ਰਾਤਸਕੀ*** *ਦੀ ਕਿਤਾਬ 'ਲੇਸਨਜ਼ ਆਫ਼ ਅਕਤੂਬਰ 1917' 'ਚੋਂ।*

ਕਰਨ ਲੱਗਦੇ ਹਨ, ਆਪਣੇ ਵਿਰੋਧ ਨੂੰ ਜਾਇਜ਼ ਠਹਿਰਾਉਣ ਦੇ ਵਾਸਤੇ ਸਿਧਾਂਤਕ ਦਲੀਲਾਂ (ਤਰਕ) ਖੋਜਣ ਲੱਗਦੇ ਹਨ, ਅਤੇ ਉਹਨਾਂ ਨੂੰ ਇਹ ਤਰਕ, ਆਪਣੇ ਕੱਲ ਤੱਕ ਦੇ ਵਿਰੋਧੀਆਂ ਦੇ ਵਿੱਚੋਂ, ਇੱਕ ਦਮ ਪੱਕੇ-ਪਕਾਏ ਤੌਰ ਤੇ ਮਿਲ ਵੀ ਜਾਂਦੇ ਹਨ।

*ਟਰਾਟਸਕੀ 19* [1]

-------o-------

ਪੰਨਾ 72 (69)

"ਹੁਣ ਜ਼ਰੂਰਤ ਇਸ ਗੱਲ ਦੀ ਹੈ ਕਿ ਅਸੀਂ ਆਪਣੇ ਆਪ ਨੂੰ ਪੁਰਾਣੇ ਫਾਰਮੂਲਿਆਂ ਨਾਲ ਨਹੀਂ ਬਲਕਿ ਨਵੀਆਂ ਵਾਸਤਵਿਕਤਾਵਾਂ ਰਾਹੀਂ ਨਿਰਦੇਸ਼ਤ ਕਰੀਏ।"

*– ਲੈਨਿਨ (ਪੰ.25)* [2]

ਉਹ ਹਮੇਸ਼ਾ ਹੀ ਭਵਿੱਖ ਦੇ ਵਾਸਤੇ ਅਤੀਤ ਨਾਲ ਲੜਦੇ ਰਹੇ।

*ਪੰ. 41*[3]

-------o-------

...ਲੇਕਿਨ ਇੱਕ ਪਲ ਅਜਿਹਾ ਵੀ ਆਉਂਦਾ ਹੈ ਜਦੋਂ ਸੋਚਣ ਦੀ ਇਹ ਆਦਤ, ਕਿ ਦੁਸ਼ਮਣ ਵੱਧ ਸ਼ਕਤੀਸ਼ਾਲੀ ਹੈ, ਜਿੱਤ ਦੇ ਵਾਸਤੇ ਮੁੱਖ ਰੁਕਾਵਟ ਬਣ ਜਾਂਦੀ ਹੈ।

*ਟਰਾਟਸਕੀ ਪੰ.48*[4]

...ਲੇਕਿਨ ਅਜਿਹੀਆਂ ਪ੍ਰਸਥਿਤੀਆਂ ਵਿੱਚ ਹਰ ਇੱਕ ਪਾਰਟੀ ਦੇ ਕੋਲੇ ਆਪਣਾ ਲੈਨਿਨ ਤਾਂ ਹੋਵੇਗਾ ਨਹੀਂ।

...ਮਹੱਤਵਪੂਰਣ ਪਲ ਨੂੰ ਗੰਵਾ ਦੇਣ ਦਾ ਕੀ ਮਤਲਬ ਹੁੰਦਾ ਹੈ ?......

ਰਣਕੌਸ਼ਲਾਂ ਦੀ ਸਾਰੀ ਕਲਾ ਏਸੇ ਵਿੱਚ ਹੈ, ਕਿ ਜਦੋਂ ਪਰਸਥਿਤੀਆਂ ਦਾ ਸੰਯੋਗ ਸਰਵ ਅਧਿਕ ਅਨੁਕੂਲ ਹੋਵੇ ਤਾਂ ਉਸ ਪਲ ਦੇ ਅਨੁਰੂਪ ਕਾਰਵਾਈ ਕੀਤੀ ਜਾਏ।

ਪਰਸਥਿਤੀਆਂ ਨੇ ਅਜਿਹਾ ਹੀ ਸੰਜੋਗ ਪੇਸ਼ ਕੀਤਾ ਸੀ ਅਤੇ ਲੈਨਿਲ ਨੇ ਕਿਹਾ ਸੀ ਕਿ ਸੰਕਟ ਨੂੰ ਕਿਸੇ ਨਾ ਕਿਸੇ ਪੱਖ ਵਿੱਚ ਹੱਲ ਕਰਨਾ ਜ਼ਰੂਰੀ ਹੈ। ਲੈਨਿਨ ਨੇ ਵਾਰ ਵਾਰ ਆਖਿਆ, 'ਹੁਣੇ ਜਾਂ ਕਦੇ ਨਹੀਂ।'

*ਪੰ. 52*[5]

ਪੰਨਾ 73 (70)

ਇੱਕ ਇਨਕਲਾਬੀ ਪਾਰਟੀ ਦੀ ਤਾਕਤ ਇੱਕ ਨਿਸ਼ਚਤ ਸੀਮਾ ਤੱਕ ਵਧਦੀ ਹੈ, ਲੇਕਿਨ ਇਸਦੇ ਬਾਦ ਇਸਦਾ ਉਲਟਾ ਵੀ ਹੋ ਸਕਦਾ ਹੈ......।[6]

---

*1. 2. 3. 4. ਅਤੇ 5 ਟਰਾਟਸਕੀ ਦੀ ਕਿਤਾਬ ਲੈਸ਼ਨਜ਼ ਆਫ਼ ਅਕਤੂਬਰ, 1917 ਵਿੱਚੋਂ*

*6. ਆਖਰੀ ਸ਼ਬਦ ਮੂਲ ਵਿੱਚ ਅਸਪੱਸ਼ਟ, ਲੈਸ਼ਨਜ਼ ਆਫ਼ ਅਕਤੂਬਰ 1917 ਵਿੱਚੋਂ*

"ਝਿਜਕਣਾ ਅਪਰਾਧ ਹੈ" ਅਕਤੂਬਰ ਦੇ ਆਰੰਭ ਵਿੱਚ (ਲੈਨਿਲ ਨੇ) ਲਿਖਿਆ, "ਸੋਵੀਅਤਾਂ ਦੀ ਕਾਂਗਰਸ ਦਾ ਇੰਤਜ਼ਾਰ ਕਰਨਾ ਔਪਚਾਰਕਤਾਵਾਂ ਦੀ ਇੱਕ ਖੇਡ ਖੇਡਣਾ ਹੈ, ਔਪਚਾਰਕਾਵਾਂ ਦੇ ਨਾਲ ਇਹ ਅਪਮਾਨਜਨਕ ਖੇਡ ਖੇਡਣਾ ਹੈ, ਇਹ ਇਨਕਲਾਬ ਦੇ ਨਾਲ ਵਿਸਵਾਸ਼ਘਾਤ ਕਰਨਾ ਹੈ।"

-------o-------

**ਢੁਕਵੀਂ ਘੜੀ**

ਰਾਜਨੀਤੀ ਵਿੱਚ ਸਮਾਂ ਇੱਕ ਮਹੱਤਵਪੂਰਣ ਕਾਰਜ ਹੈ, ਅਤੇ ਯੁੱਧ ਤੇ ਇਨਕਲਾਬ ਵਿੱਚ ਤਾਂ ਇਹ ਹਜ਼ਾਰਾਂ ਗੁਣਾ ਵੱਧ ਮਹੱਤਵਪੂਰਣ ਹੈ। ਚੀਜ਼ਾਂ ਜੋ ਅੱਜ ਕੀਤੀਆਂ ਜਾ ਸਕਦੀਆਂ ਹਨ, ਕੱਲ ਨਹੀਂ ਕੀਤੀਆਂ ਜਾ ਸਕਦੀਆਂ। ਹਥਿਆਰ ਲੈ ਕੇ ਉੱਠ ਖੜੇ ਹੋਣਾ, ਦੁਸ਼ਮਣ ਨੂੰ ਹਰਾਉਣਾ, ਸੱਤਾ ਉੱਤੇ ਕਬਜ਼ਾ ਕਰਨਾ, ਅੱਜ ਸੰਭਵ ਹੋ ਸਕਦਾ ਹੈ, ਅਤੇ ਕੱਲ ਨੂੰ ਅਸੰਭਵ ਹੋ ਸਕਦਾ ਹੈ। ਲੇਕਿਨ ਤੁਸੀਂ ਆਖ ਸਕਦੇ ਹੋ ਕਿ ਸੱਤਾ ਉੱਤੇ ਕਬਜ਼ਾ ਕਰਨ ਦਾ ਮਤਲਬ ਤਾਂ ਇਤਿਹਾਸ ਦੀ ਵਹਿਣ ਨੂੰ ਬਦਲ ਦੇਣਾ ਹੁੰਦਾ ਹੈ, ਅਤੇ ਕੀ ਇਹ ਸੰਭਵ ਹੈ ਕਿ ਇੱਕ ਅਜਿਹੀ ਗੱਲ ਮਹਿਜ 24 ਘੰਟਿਆਂ ਦੀ ਦੇਰੀ ਉੱਤੇ ਨਿਰਭਰ ਹੋਵੇ ? ਹਾਂ, ਜਦੋਂ ਹਥਿਆਰਬੰਦ ਜਨ-ਵਿਦਰੋਹ (ਲੋਕ-ਬਗਾਵਤ) ਦੀ ਘੜੀ ਆ ਜਾਂਦੀ ਹੈ, ਤਾਂ ਘਟਨਾਵਾਂ ਉੱਤੇ ਰਾਜਨੀਤੀ ਦੇ ਲੰਬੇ ਪੈਮਾਨੈ ਨਾਲ ਨਹੀਂ ਬਲਕਿ ਯੁੱਧ ਦੇ ਛੋਟੇ ਪੈਮਾਨੇ ਨਾਲ ਨਾਪੀਆਂ ਜਾਂਦੀਆਂ ਹਨ। ਇਸ ਵਿੱਚ ਕੁਝ ਕੁ ਹਫ਼ਤੇ, ਕੁਝ ਕੁ ਦਿਨ, ਜਾਂ ਇੱਥੋਂ ਤੱਕ ਕਿ ਕਦੇ-ਕਦੇ ਇੱਕ ਦਿਨ ਦੀ ਦੇਰੀ ਦਾ ਮਤਲਬ ਇਨਕਲਾਬ ਦਾ ਸਦੀਵੀ ਤਿਆਗ ਹੋ ਸਕਦਾ ਹੈ, ਗੋਡੇ ਟੇਕ ਦੇਣਾ ਹੋ ਸਕਦਾ ਹੈ।

-------o-------

ਰਾਜਨੀਤਕ ਚਾਲਬਾਜ਼ੀ, ਖਾਸ ਤੌਰ ਤੇ ਇਨਕਲਾਬ ਵਿੱਚ, ਹਮੇਸ਼ਾ ਖਤਰਨਾਕ ਹੁੰਦੀ ਹੈ। ਤੁਸੀਂ ਦੁਸ਼ਮਣ ਨੂੰ ਧੋਖਾ ਦੇ ਸਕਦੇ ਹੋ, ਲੇਕਿਨ ਇਸ ਨਾਲ ਤੁਹਾਡੇ ਪਿੱਛੇ ਚੱਲਣ ਵਾਲੇ ਸਾਧਾਰਣ ਲੋਕੀਂ ਭਰਮਿਤ ਹੋ ਸਕਦੇ ਹਨ।

ਪੰਨਾ 74 (71)

**ਹਿਚਕਚਾਹਟ :**

ਆਗੂਆਂ ਵੱਲੋਂ ਵਿਖਾਈ ਜਾਣ ਵਾਲੀ, ਅਤੇ ਉਹਨਾਂ ਦੇ ਅਨੁਆਈਆਂ ਵੱਲੋਂ ਮਹਿਸੂਸ ਕੀਤੀ ਜਾਣ ਵਾਲੀ ਹਿਚਕਚਾਹਟ (ਝਿਜਕ) ਰਾਜਨੀਤੀ ਵਿੱਚ ਆਮ ਤੌਰ ਤੇ ਨੁਕਸਾਨਦੇਹ ਸਾਬਿਤ ਹੁੰਦੀ ਹੈ, ਅਤੇ ਹਥਿਆਰਬੰਦ ਲੋਕ-ਬਗਾਵਤ ਦੀ ਸਥਿਤੀ ਵਿੱਚ ਤਾਂ ਇਹ ਇੱਕ ਘਾਤਕ ਖਤਰਾ ਹੈ।

-------o-------

**ਯੁੱਧ :**

"... ਯੁੱਧ ਯੁੱਧ ਹੈ" ਚਾਹੇ ਜੋ ਵੀ ਹੋਵੇ, ਇਸ ਵਿੱਚ ਕੋਈ ਹਿਚਕਚਾਹਟ (ਝਿਜਕ ਜਾਂ ਆਨਾਕਾਨੀ) ਜਾਂ ਵਕਤ ਦੀ ਬਰਬਾਦੀ ਨਹੀਂ ਹੋਣੀ ਚਾਹੀਦੀ।[1]

---

*1. ਉਪਰੋਕਤ ਸਾਰੀਆਂ ਟੂਕਾਂ ਸੰਭਾਵਤ : ਟਰਾਟਸਕੀ ਦੀ ਕਿਤਾਬ ਲੈਸ਼ਨਜ਼ ਆਫ਼ ਅਕਤੂਬਰ 1917 ਵਿੱਚੋਂ ਹਨ।*

**ਅਸਮੱਰਥ ਨੇਤਾ :**

..ਅਜਿਹੇ ਨੇਤਾਵਾਂ ਦੀਆਂ ਦੋ ਕਿਸਮਾਂ ਹਨ ਜਿਹੜੇ ਪਾਰਟੀ ਨੂੰ ਅਜਿਹੇ ਵਕਤ ਪਿੱਛੇ ਖਿੱਚਣ ਦਾ ਰੁਝਾਨ ਰੱਖਦੇ ਹਨ, ਜਦੋਂ ਉਸਨੂੰ ਸਭ ਤੋਂ ਤੇਜ਼ ਗਤੀ ਨਾਲ ਅੱਗੇ ਵਧਣ ਦੀ ਲੋੜ ਹੁੰਦੀ ਹੈ। ਇੱਕ ਕਿਸਮ ਅਜਿਹੇ ਨੇਤਾਵਾਂ ਦੀ ਹੈ ਜਿਹਨਾਂ ਦੀ ਪ੍ਰਵਿਰਤੀ ਇਨਕਲਾਬ ਦੇ ਰਾਹ ਵਿੱਚ ਹਮੇਸ਼ਾ ਹੀ ਬੇਪਨਾਹ ਕਠਿਨਾਈਆਂ ਅਤੇ ਰੁਕਾਵਟਾਂ ਵੇਖਣ ਦੀ ਹੁੰਦੀ ਹੈ, ਅਤੇ ਜੋ ਉਹਨਾਂ ਨੂੰ ਵੇਖਕੇ - ਸੁਚੇਤ ਜਾਂ ਅਚੇਤ ਤੌਰ ਤੇ ਉਹਨਾਂ ਤੋਂ ਬਚਣ ਦੀ ਇੱਛਾ ਰੱਖਦੇ ਹਨ। ਉਹ ਮਾਰਕਸਵਾਦ ਨੂੰ ਤੋੜ - ਮਰੋੜ ਕੇ ਇਸ ਰੂਪ ਵਿੱਚ ਬਿਆਨਣ ਲੱਗਦੇ ਹਨ ਕਿ ਇਨਕਲਾਬੀ ਕਾਰਵਾਈ ਕਿਉਂ ਅਸੰਭਵ ਹੈ।

ਦੂਜੀ ਕਿਸਮ ਦੇ ਨੇਤਾ ਮਹਿਜ਼ ਸਤਹੀ ਅੰਦੋਲਨ ਕਰਤਾ ਭਰ ਹੁੰਦੇ ਹਨ। ਉਹ ਜਦੋਂ ਤੱਕ ਰੁਕਾਵਟਾਂ ਨਾਲ ਟਕਰਾਕੇ ਆਪਣਾ ਸਿਰ ਨਹੀਂ ਭੰਨਾ ਲੈਂਦੇ, ਉਦੋਂ ਤੱਕ ਉਹਨਾਂ ਨੂੰ ਕਦੇ ਰੁਕਾਵਟਾਂ ਵਿਖਾਈ ਨਹੀਂ ਦਿੰਦੀਆਂ। ਉਹ ਸਮਝਦੇ ਹਨ ਕਿ ਬੱਸ ਭਾਸ਼ਣ ਝਾੜਕੇ ਹੀ ਵਾਸਤਵਿਕ ਕਠਿਨਾਈਆਂ ਤੋਂ ਛੁਟਕਾਰਾ ਪਾ ਲੈਣਗੇ। ਉਹ ਹਰ ਇੱਕ ਚੀਜ਼ ਨੂੰ ਅਤੀ ਆਸ਼ਾਵਾਦ ਦੇ ਨਾਲ ਵੇਖਦੇ ਹਨ, ਅਤੇ ਜਦੋਂ ਸੱਚ ਮੁੱਚ ਕੁੱਝ ਕਰਨਾ ਹੁੰਦਾ ਹੈ, ਤਾਂ ਠੀਕ ਐਨ ਉਸੇ ਵਕਤ ਪਾਲਾ ਬਦਲ ਲੈਂਦੇ ਹਨ।

*ਪੰ. 80*[1]

---

***ਪੰਨਾ ਸੰ. 75 ਤੋਂ 100 ਨੋਟ ਬੁੱਕ ਦੀ ਸਾਨੂੰ ਪ੍ਰਾਪਤ ਹੋਈ ਨਕਲ ਵਿੱਚ ਨਹੀਂ ਸਨ। ਅਸਲੀ ਪੰਨਾ ਸੰ. 101 (74) ਹੈ - ਸੰਪਾਦਕ***

---

ਪੰਨਾ 101 (74)

***ਸਮਾਜ ਸ਼ਾਸਤਰ***[2]

**ਮੁੱਲ :**

"ਪਾਈਆ ਮੱਕੀ = ਕ/ਲੋਹੇ ਦੀ ਕੀਮਤ। ਇਹ ਸਮੀਕਰਣ ਸਾਨੂੰ ਕੀ ਦੱਸਦਾ ਹੈ? ਇਹ ਸਾਨੂੰ ਦੱਸਦਾ ਹੈ ਕਿ ਦੋ ਭਿੰਨ-ਭਿੰਨ ਚੀਜ਼ਾਂ ਵਿੱਚ ਮੱਕੀ ਪਾਈਆ ਭਰ ਵਿੱਚ ਅਤੇ ਲੋਹੇ ਦੀ ਕੀਮਤ ਵਿੱਚ ਸਾਮਾਨ ਗੁਣਾਂ ਵਾਲੀ ਕੋਈ ਚੀਜ਼ ਦੋਵਾਂ ਵਿੱਚ ਪੱਕੇ ਤੌਰ ਤੇ ਮੌਜੂਦ ਹੈ। ਇਸ ਲਈ ਇਹਨਾਂ ਦੋ ਚੀਜ਼ਾਂ ਨੂੰ ਅਵੱਸ਼ ਹੀ ਕਿਸੇ ਅਜਿਹੀ ਤੀਜੀ ਚੀਜ਼ ਦੇ ਬਰਾਬਰ ਹੋਣਾ ਚਾਹੀਦਾ ਹੈ, ਜੋ ਖੁਦ ਨਾ ਤਾਂ ਪਹਿਲੀ ਚੀਜ਼ ਹੋਵੇ ਅਤੇ ਨਾ ਹੀ ਦੂਜੀ ਚੀਜ਼ ......। ਹੁਣ ਆਓ ਆਪਾਂ ਇਹਨਾਂ ਦੋਵਾਂ ਉਤਪਾਦਾਂ ਵਿੱਚੋਂ ਹਰ ਇੱਕ ਦੇ ਅੰਦਰ ਲੁਕੀ ਹੋਈ ਇਸ ਤੀਜੀ ਬਚੀ-ਖੁਚੀ ਚੀਜ਼ ਬਾਰੇ ਵਿਚਾਰ ਕਰੀਏ, ਇਹ ਹਰ ਇੱਕ ਉਤਪਾਦ ਵਿੱਚ, ਇੱਕ ਹੀ ਅਭੌਤਿਕ ਯਥਾਰਥ ਦੇ ਰੂਪ ਵਿੱਚ, ਇੱਕ ਸਾਰ ਮਾਨਵੀ ਮਿਹਨਤ (ਮਜ਼ਦੂਰੀ), ਯਾਨੀ ਉਸ ਮਿਹਨਤ ਸ਼ਕਤੀ ਦੇ ਮਹਿਜ ਇੱਕ ਜਮਾਓ ਦੇ ਰੂਪ ਵਿੱਚ ਨਿਹਿਤ ਹੈ, ਜਿਸ ਵਿੱਚ ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਉਸ ਮਿਹਨਤ-ਸ਼ਕਤੀ ਦੇ ਖਰਚ ਕੀਤੇ ਜਾਣ ਦੀ ਵਿੱਧਿਆ

---

*1. ਸੰਭਾਵਤ : ਲੈਸ਼ਨਜ਼ ਆਫ਼ ਅਕਟੂਬਰ 1917 ਵਿੱਚੋਂ ਹੀ।*

*2. ਹਾਸ਼ੀਏ ਉੱਤੇ ਦਰਜ਼ ਕੀਤਾ ਹੋਇਆ*

ਕੀ ਰਹੀ ਹੋਵੇ। ਹੁਣ ਇਹ ਸਾਰੀਆਂ ਚੀਜ਼ਾਂ ਸਾਨੂੰ ਦੱਸਦੀਆਂ ਹਨ, ਉਪਰੋਕਤ ਉਤਪਾਦਾਂ ਦੇ ਉਤਪਾਦਨ ਵਿੱਚ ਮਨੁੱਖੀ ਮਿਹਨਤ ਖਰਚ ਕੀਤੀ ਗਈ ਹੈ। ਯਾਨੀ ਕਿ ਉਹਨਾਂ ਵਿੱਚ ਮਜ਼ਦੂਰੀ ਹੀ ਮੂਰਤੀਮਾਨ ਹੋਈ ਹੈ। ਜਦੋਂ ਅਸੀਂ ਇਸ ਸਮਾਜਕ ਪਦਾਰਥ ਯਾਨੀ ਮਜ਼ਦੂਰੀ ਨੂੰ ਉਸਦੇ ਵੱਖ-ਵੱਖ ਸਪੱਸ਼ਟ ਮੂਰਤੀਮਾਨ ਰੂਪਾਂ ਵਿੱਚ ਵੇਖਦੇ ਹਾਂ, ਤਾਂ ਸਰਬ ਸਾਧਾਰਣ ਦੇ ਵਾਸਤੇ, ਉਹ ਹੀ '**ਮੁੱਲ**' ਅਖਵਾਉਂਦੀ ਹੈ।

*ਮਾਰਕਸ - "ਪੂੰਜੀ" ਅੰਗਰੇਜ਼ੀ ਅਨੁਵਾਦ (ਪੰ.3.4.5)*

-------o-------

✓ **ਕਾਨੂੰਨ**[1] **:**

"ਬਹਰਹਾਲ, ਸਮਾਜ ਕਾਨੂੰਨ ਉੱਪਰ ਨਹੀਂ ਆਧਾਰਿਤ ਹੁੰਦਾ ਹੈ। ਇਹ ਤਾਂ ਇੱਕ ਕਾਨੂੰਨੀ ਗੱਲਪ ਹੈ। ਇਸਦੇ ਉਲਟ, ਕਾਨੂੰਨ ਨੂੰ ਅਵੱਸ਼ ਹੀ ਸਮਾਜ ਉੱਪਰ ਆਧਾਰਿਤ ਹੋਣਾ ਚਾਹੀਦਾ ਹੈ। ਇਸਨੂੰ ਲਾਜ਼ਮੀ ਹੀ ਸਮਾਜ ਦੇ ਹਿੱਤ ਅਤੇ ਲੋਕਾਂ ਦਾ ਪ੍ਰਗਟਾਵਾ ਹੋਣਾ ਚਾਹੀਦਾ ਹੈ ਅਤੇ ਇਸਨੂੰ ਉਦਯੋਗਿਕ ਉਤਪਾਦਨ ਦੀ ਸਵੈ ਇੱਛਾ ਚਾਰਿਤਾ ਦੀ ਬਜਾਏ, ਪੈਦਾਵਾਰ ਦੀ ਸਮਾਜਕ ਅਤੇ ਨਿਰਵਿਵਾਦ ਤੌਰ ਤੇ ਭੌਤਿਕ ਉਤਪਾਦਨ ਪ੍ਰਣਾਲੀ ਤੋਂ ਅਲਹਿਦਾ ਹੋਣਾ ਚਾਹੀਦਾ ਹੈ। ਇਸ ਵਕਤ ਮੇਰੇ ਹੱਥ ਵਿੱਚ ਨਪੋਲੀਅਨ ਸੰਹਿਤਾ ਹੈ, ਲੇਕਿਨ ਇਸਨੇ ਆਧੁਨਿਕ ਨਾਗਰਿਕ ਸਮਾਜ ਨੂੰ ਨਹੀਂ ਪੈਦਾ ਕੀਤਾ ਹੈ। 18ਵੀਂ ਸਦੀ ਵਿੱਚ ਜੰਮਿਆ ਅਤੇ 19ਵੀਂ ਸਦੀ ਵਿੱਚ ਵਿਕਸਤ ਹੋਇਆ ਸਮਾਜ ਇਸ ਸੰਹਿਤਾ ਵਿੱਚ ਸਿਰਫ਼ ਇੱਕ ਕਾਨੂੰਨੀ ਅਭਿਵਿਅਕਤੀ ਦੇ ਰੂਪ ਵਿੱਚ ਨਿਹਿਤ ਹੈ। ਜਦੋਂ ਇਹ ਸਮਾਜਕ ਪਰਸਥਿਤੀਆਂ ਦੇ ਅਨੁਰੂਪ ਨਹੀਂ ਰਹਿ ਜਾਵੇਗਾ, ਤਾਂ ਇਹ ਮਹਿਜ਼ ਰੱਦੀ ਕਾਗਜ਼ ਦਾ ਪੁਲੰਦਾ ਹੀ ਸਾਬਿਤ ਹੋਏਗਾ ......। ਜੀਵਨ ਦੀਆਂ ਬਦਲਦੀਆਂ ਪਰਸਥਿਤੀਆਂ ਦੇ ਨਾਲ-ਨਾਲ ਕਾਨੂੰਨ ਵੀ ਲਾਜ਼ਮੀ ਤੌਰ ਤੇ ਬਦਲਦੇ ਰਹੇ ਹਨ, ਪਰੰਤੂ ਸਮਾਜਕ ਵਿਕਾਸ ਦੀਆਂ ਨਵੀਆਂ ਅਵੱਸ਼ਕਤਾਵਾਂ ਅਤੇ ਇੱਛਾਵਾਂ ਨੂੰ ਦਰ ਕਿਨਾਰ ਕਰ ਕੇ (ਯੁੱਗ ਦੀ ਪੁਕਾਰ ਦੇ ਲਿਹਾਜ਼ ਨਾਲ) ਪੁਰਾਣੇ ਕਾਨੂੰਨ ਨੂੰ ਬਣਾਏ ਰੱਖਣਾ, ਦਰਅਸਲ ਜਨ ਸਾਧਾਰਣ ਦੇ ਹਿੱਤ ਦੇ ਵਿਪਰੀਤ ਕਿਸੇ ਖਾਸ ਹਿੱਤਾਂ ਦੀ ਪਾਖੰਡਪੂਰਣ ਹਿਮਾਇਤ ਦੇ ਇਲਾਵਾ ਹੋਰ ਕੁਝ ਨਹੀਂ ਹੈ।"

*ਮਾਰਕ (ਕੋਲੋਨ ਦੀ ਜੂਰੀ ਅਦਾਲਤ ਵਿੱਚ)*[2]

-------o-------

---

*1. ਮੂਲ ਵਿੱਚ ਸਿਰਲੇਖ ਦੇ ਖੱਬੇ ਪਾਸੇ 'ਸਹੀ' ਦਾ ਨਿਸ਼ਾਨ*

*2. 1848 ਵਿੱਚ ਮਾਰਕਸ ਉੱਤੇ ਅਖਬਾਰ ਨੂੰ ਲੈ ਕੇ ਕੋਲੋਨ (ਜਰਮਨੀ) ਵਿੱਚ ਇੱਕ ਪ੍ਰਸਿੱਧ ਮੁਕੱਦਮਾ ਚੱਲਿਆ। ਮਈ 1848 ਵਿੱਚ ਕਾਰਲ ਮਾਰਕਸ ਅਤੇ ਫਰੈਡਰਿਕ ਏਂਗਲਜ਼ ਕੁੱਝ ਦੋਸਤਾਂ ਦੀ ਮੱਦਦ ਨਾਲ, "ਨਿਊ ਰਾਇਨਿਸ਼ ਜਾਈਟੁੰਗ' ਨਾਂ ਦੇ ਇੱਕ ਰਾਜਨੀਤਕ ਰੋਜ਼ਾਨਾਂ ਅਖਬਾਰ ਦੀ ਸਥਾਪਨਾ ਕੀਤੀ। ਮਾਰਕਸ ਇਸਦੇ ਸੰਪਾਦਕ ਸਨ। ਇਹ ਯੂਰਪ ਵਿੱਚ ਇਨਕਲਾਬੀ ਉਥਲ-ਪੁਥਲ ਦਾ ਦੌਰ ਸੀ। ਨਵੰਬਰ 1848 ਵਿੱਚ ਜਦੋਂ ਪ੍ਰਸ਼ਾ ਦੇ ਰਾਜਾ ਨੇ ਨੈਸ਼ਨਲ ਅਸੈਂਬਲੀ ਨੂੰ ਭੰਗ ਕਰ ਦਿੱਤਾ ਤਾਂ ਮਾਰਕਸ ਤੇ ਉਸਦੇ ਸਾਥੀਆਂ ਨੇ ਲੋਕਾਂ ਨੂੰ ਟੈਕਸ ਨਾ ਅਦਾ ਕਰਨ ਦੀ ਅਪੀਲ ਕੀਤੀ ਅਤੇ ਹਥਿਆਰਬੰਦ ਬਗਾਵਤ ਦੀ ਵਕਾਲਤ ਕੀਤੀ। ਕੋਲੋਨ ਦੀ ਨਾਕਾਬੰਦੀ ਕਰ ਲਈ ਗਈ ਅਤੇ ਉਹਨਾਂ ਦਾ ਅਖਬਾਰ ਬੰਦ ਕਰ ਦਿੱਤਾ ਗਿਆ। ਮੁਕੱਦਮੇ ਦੇ ਦੌਰਾਨ ਮਾਰਕਸ ਨੇ ਆਪਣੀਆਂ ਦਲੀਲਾਂ ਨਾਲ ਜੂਰੀ ਨੂੰ ਹੀ ਦੋਸ਼ੀ ਕਰਾਰ ਦਿੱਤਾ। ਉਹਨਾਂ ਨੂੰ ਬਰੀ ਕਰ ਦਿੱਤਾ ਗਿਆ ਪਰੰਤੂ ਪ੍ਰਸ਼ਾ ਤੋਂ ਦੇਸ਼ ਨਿਕਾਲਾ ਦੇ ਦਿੱਤਾ ਗਿਆ।*

✓ **ਜਨ-ਸਮੁਦਾਇ :**

"ਜਨਤਾ ਇੱਕ ਅਜਿਹੇ ਭਾਰੀ ਡੀਲ ਡੌਲ ਵਾਲੇ ਅਤੇ ਜਾਨਵਰ ਦੀ ਭਾਂਤਿ ਹੁੰਦੀ ਹੈ, ਜੋ ਆਪਣੀ ਹੀ ਤਾਕਤ ਤੋਂ ਅਣਜਾਣ ਰਹਿੰਦਾ ਹੈ ਅਤੇ ਏਸੇ ਵਾਸਤੇ ਬੋਝ ਢੋਂਦੇ ਹੋਇਆਂ ਕੋੜੇ-ਡੰਡੇ ਖਾਂਦਾ ਰਹਿੰਦਾ ਹੈ। ਇਹ ਉਸ ਛੋਟੇ (ਪਿੱਦੇ ਜਿਹੇ) ਬੱਚੇ ਵੱਲੋਂ ਵੀ ਹੱਕ ਲਿਆ ਜਾਂਦਾ ਹੈ, ਜਿਸਨੂੰ ਉਹ ਜਦੋਂ ਚਾਹੇ ਧੱਕੇ ਮਾਰਕੇ ਸੁੱਟ ਸਕਦਾ ਹੈ। ਪਰੰਤੂ ਇਹ ਉਸ ਬੱਚੇ ਤੋਂ ਡਰਦਾ ਹੈ ਅਤੇ ਇਸ ਲਈ ਇਹ ਉਸਦੀਆਂ ਸਾਰੀਆਂ ਸਨਕਾਂ ਅਤੇ ਮਨਮਾਨੀਆਂ ਨੂੰ ਝੱਲਦਾ ਰਹਿੰਦਾ ਹੈ, ਅਤੇ ਕਦੇ ਮਹਿਸੂਸ ਨਹੀਂ ਕਰਦਾ ਕਿ ਇਹ ਬੱਚਾ ਖੁਦ ਉਸ ਕੋਲੋਂ ਕਿੰਨਾ ਡਰਦਾ ਹੈ......। ਅਜੀਬ ਗੱਲ ਹੈ ! ਲੋਕ ਖੁਦ ਆਪਣੇ ਹੀ ਹੱਥ ਨਾਲ ਆਪਣੇ ਆਪ ਨੂੰ ਫਾਂਸੀ ਦੇ ਦਿੰਦੇ ਹਨ ਅਤੇ ਖੁਦ ਹੀ ਜੇਲ੍ਹ ਚਲੇ ਜਾਂਦੇ ਹਨ ਤੇ ਖੁਦ ਹੀ ਆਪਣੇ ਉੱਤੇ ਯੁੱਧ ਅਤੇ ਮੌਤ ਦਾ ਕਹਿਰ ਢਾਹ ਲੈਂਦੇ ਹਨ। ਕਿਸ ਵਾਸਤੇ ? ਬੱਸ ਇੱਕ ਦਮੜੀ ਦੇ ਵਾਸਤੇ, ਜਿਹੜੀ ਉਹਨਾਂ ਤਮਾਮ ਦਮੜੀਆਂ ਵਿੱਚੋਂ ਇੱਕ ਹੁੰਦੀ ਹੈ ਜਿਹਨਾਂ ਨੂੰ ਉਹ ਖੁਦ ਹੀ ਰਾਜੇ ਨੂੰ ਦੇ ਚੁੱਕੇ ਹੁੰਦੇ ਹਨ। ਜਦੋਂ ਕਿ ਧਰਤੀ ਅਤੇ ਆਕਾਸ਼ ਦੇ ਵਿਚਕਾਰ ਜੋ ਕੁੱਝ ਹੈ ਸਭ ਤਾਂ ਉਹਨਾਂ ਦਾ ਹੀ ਹੈ, ਲੇਕਿਨ ਉਹ ਇਸਨੂੰ ਨਹੀਂ ਜਾਣਦੇ (ਸਮਝਦੇ) ਅਤੇ ਅਗਰ ਉਹਨਾਂ ਨੂੰ ਕੋਈ ਇਹ ਦੱਸ (ਸਮਝਾ) ਦੇਵੇ ਤਾਂ ਉਹ ਉਸ ਆਦਮੀ ਨੂੰ ਮਾਰਕੇ ਹੇਠਾਂ ਸੁੱਟ ਲੈਣਗੇ।

*ਟੋਮਾਸੋ ਕੈਂਪਾਨੇਲਾ* [1]

ਪੰਨਾ 102 (75)

**"ਮਾਰਕਸਵਾਦ ਬਨਾਮ ਸਮਾਜਵਾਦ"**

(1908-12) *ਲੇਖਕ ਵਲਾਦੀਮੀਰ ਜੀ. ਸਿਖੋਵਿਚ*

*ਪੀ.ਐਚ.ਡੀ. ਕੋਲੰਬੀਆ ਯੂਨੀਵਰਸਿਟੀ*

ਇਹ ਇਕ-ਇਕ ਕਰਕੇ ਮਾਰਕਸ ਦੇ ਸਾਰੇ ਸਿਧਾਂਤਾਂ ਦੀ ਆਲੋਚਨਾ ਕਰਦਾ ਹੈ ਅਤੇ ਇਹਨਾਂ ਸਾਰਿਆਂ ਨੂੰ ਖਾਰਿਜ ਕਰਦਾ ਹੈ :

1. ਮੁੱਲ ਦਾ ਸਿਧਾਂਤ
2. ਇਤਿਹਾਸ ਦੀ ਆਰਥਕ ਵਿਆਖਿਆ
3. ਸੰਪਤੀ ਦਾ ਮੁੱਠੀ ਭਰ ਹੱਥਾਂ, ਅਰਥਾਤ ਸਰਮਾਏਦਾਰਾਂ ਦੇ ਹੱਥਾਂ ਵਿੱਚ ਕੇਂਦਰੀਕਰਨ ਮੱਧ ਵਰਗ ਦਾ ਪੂਰੀ ਤਰ੍ਹਾਂ ਖਾਤਮਾ ਅਤੇ ਸਰਵਹਾਰਾ ਵਰਗ ਦਾ ਹੜ੍ਹ
4. ਵਧਦੀ ਗਰੀਬੀ ਦਾ ਸਿਧਾਂਤ ਜਿਸਦੀ ਪਰਿਣੀਤੀ ਦੇ ਤੌਰ ਤੇ
5. ਆਧੁਨਿਕ ਰਾਜ ਅਤੇ ਸਮਾਜਕ ਵਿਵਸਥਾ ਦਾ ਲਾਜ਼ਮੀ ਅੰਦਰੂਨੀ ਸੰਕਟ

ਇਹ ਸਿੱਟਾ ਕੱਢਦਾ ਹੈ ਕਿ ਮਾਰਕਸਵਾਦ ਸਿਰਫ਼ ਇਹਨਾਂ ਮੂਲ ਭੂਤ ਸਿਧਾਤਾਂ ਉੱਤੇ ਆਧਾਰਿਤ ਹੈ, ਅਤੇ ਉਹਨਾਂ ਨੂੰ ਇੱਕ ਇੱਕ ਕਰਕੇ ਖਾਰਿਜ ਕਰਦਿਆਂ ਸਿੱਟੇ ਵਜੋਂ ਆਖਦਾ ਹੈ ਕਿ ਇਨਕਲਾਬ ਦੇ ਜਲਦੀ ਫੁੱਟ ਪੈਣ ਦੀਆਂ ਸਾਰੀਆਂ ਧੁੰਦਲੀਆਂ ਅਸ਼ੰਕਾਵਾਂ ਅਜੇ ਤੱਕ ਨਿਰਮੂਲ ਹੀ ਸਾਬਿਤ ਹੋਈਆਂ ਹਨ। ਮੱਧ ਵਰਗ ਘਟ ਨਹੀਂ, ਬਲਕਿ ਵਧ ਰਿਹਾ ਹੈ। ਧਨੀ ਵਰਗ ਸੰਖਿਆ ਵਿੱਚ ਵਧ ਰਿਹਾ ਹੈ, ਅਤੇ ਉਤਪਾਦਨ ਅਤੇ ਉਪਭੋਗ ਦੀ ਪ੍ਰਣਾਲੀ ਵੀ ਪਰਸਥਿਤੀਆਂ ਦੇ ਅਨੁਸਾਰ ਬਦਲ ਰਹੀ ਹੈ, ਇਸ ਲਈ ਮਜ਼ਦੂਰਾਂ ਦੀ ਦਸ਼ਾ ਵਿੱਚ ਸੁਧਾਰ ਕਰਕੇ ਕਿਸੇ ਵੀ ਕਿਸਮ ਦੇ ਸੰਘਰਸ਼ ਨੂੰ ਟਾਲਿਆ ਜਾ ਸਕਦਾ ਹੈ। ਸਮਾਜਕ ਅਸ਼ਾਂਤੀ ਦਾ ਕਾਰਣ ਵਧਦੀ ਗਰੀਬੀ ਨਹੀਂ, ਬਲਕਿ ਉਦਯੋਗਿਕ ਕੇਂਦਰਾਂ ਉੱਤੇ ਗਰੀਬ ਵਰਗ ਦਾ ਸੰਕੇਦਰਣ ਹੈ, ਜਿਸਦੇ ਨਾਤੇ ਵਰਗ ਚੇਤਨਾ ਪੈਦਾ ਹੋ ਰਹੀ ਹੈ। ਇਸ ਵਾਸਤੇ ਇਹ ਸਭ ਚਿੱਲ-ਪੌਂ ਹੁੰਦੀ ਹੈ।[1]

*1. **ਤੋਮਾਸੋ ਕੈਂਮਪਨੇਲਾ** (1668-1639) : **ਇਤਾਲਬੀ** ਕਵੀ ਅਤੇ ਦਾਰਸ਼ਨਿਕ।*

ਪੰਨਾਂ 103 (76)

**ਲੇਸ ਮਿਜ਼ਰੇਬਲਸ ਦੀ ਭੂਮਿਕਾ**

ਜਦੋਂ ਤੱਕ ਕਾਨੂੰਨ ਅਤੇ ਪਰੰਪਰਾ ਦੀ ਬਦੌਲਤ ਇੱਕ ਅਜਿਹੀ ਸਮਾਜਕ ਅਧੋਗਤੀ ਮੌਜੂਦ ਰਹੂਗੀ ਜਿਸ ਵਿੱਚ ਸੱਭਿਅਤਾ ਦੇ ਅੰਦਰ ਨਰਕ ਨਿਰਮਤ ਹੁੰਦੇ ਰਹਿਣਗੇ ਅਤੇ ਦੈਵੀ ਨੀਤੀ ਦੇ ਨਾਲ ਮਾਨਵੀ ਨੀਤੀ ਦਾ ਪੇਚਾ ਪੈਂਦਾ ਰਹੂਗਾ, ਜਦੋਂ ਤੱਕ ਇਸ ਯੁੱਗ ਦੀਆਂ ਤਿੰਨ ਸਮੱਸਿਆਵਾਂ ਗਰੀਬੀ ਦੇ ਕਾਰਣ ਮਨੁੱਖ ਦੀ ਦੁਰਗਤੀ, ਭੁੱਖ ਦੇ ਕਾਰਣ ਔਰਤ ਦੀ ਅਧੋਗਤੀ ਅਤੇ ਅਗਿਆਨਤਾ ਦੇ ਕਾਰਣ ਬੱਚਿਆਂ ਦੀ ਸ਼ੰਕ ਦਾ-ਹੱਲ ਨਹੀਂ ਹੁੰਦਾ, ਜਦੋਂ ਤੱਕ ਕੁਝ ਖੇਤਰਾਂ ਵਿੱਚ ਸਮਾਜਕ ਘੁਟਣ ਮੌਜੂਦ ਰਹੂਗੀ ਦੂਜੇ ਸ਼ਬਦਾਂ ਵਿੱਚ ਅਤੇ ਇੱਕ ਹੋਰ ਵੀ ਵਿਆਪਕ ਦ੍ਰਿਸ਼ਟੀਕੋਣ ਪੱਖੋਂ, ਜਦੋਂ ਤੱਕ ਇਸ ਧਰਤੀ ਉੱਪਰ ਅਗਿਆਨਤਾ ਅਤੇ ਬਦਹਾਲੀ ਬਰਕਰਾਰ ਰਹੂਗੀ, ਉਦੋਂ ਤੱਕ ਅਜਿਹੀਆਂ ਕਿਤਾਬਾਂ ਵਿਅਰਥ ਨਹੀਂ ਸਿੱਧ ਹੋਣਗੀਆਂ।

*"ਵਿਕਟਰ ਹਿਊਗੋ"* [2]

-------o-------

**ਜੱਜ ਦੀ ਪਰਿਭਾਸ਼ਾ :** "ਜੱਜ (ਆਪਣੇ ਫੈਸਲੇ ਨਾਲ) ਜੋ ਕਸ਼ਟ ਪੁਚਾਉਂਦਾ ਹੈ, ਜੇਕਰ ਉਹ ਖੁਦ ਉਸ ਪ੍ਰਤੀ ਕਰੂਰ ਹੋਵੇ, ਤਾਂ ਉਹ ਨਿਆਂ ਕਰਨ ਦਾ ਅਧਿਕਾਰ ਗੰਵਾ ਬੈਠਦਾ ਹੈ।"

*"ਰਵਿੰਦਰਨਾਥ ਠਾਕੁਰ"* [3]

-------o-------

"ਲੇਕਿਨ ਵਿਰੋਧੀ ਸ਼ਹਾਦਤ ਜੋ ਕਰ ਸਕਣ ਵਿੱਚ ਅਸਫਲ ਰਹਿ ਜਾਂਦੀ ਹੈ, ਉਸਨੂੰ ਇਨਸਾਫ਼ ਪ੍ਰੇਮੀ ਅਤੇ ਪ੍ਰਤੀਰੋਧੀ ਸ਼ਕਤੀ ਕਰ ਸੁੱਟਦੀ ਹੈ ਅਤੇ ਅੱਤਿਆਚਾਰੀ ਨੂੰ ਹੋਰ ਵੱਧ ਨੁਕਸਾਨ ਪੁਚਾਉਣ ਵਿੱਚ ਨਾਕਾਮ ਕਰ ਦਿੰਦੀ ਹੈ।" [4]

-------o-------

*1. ਭਗਤ ਸਿੰਘ ਵੱਲੋਂ ਪੁਸਤਕ ਉੱਤੇ ਦਰਜ਼ ਟਿੱਪਣੀ*

*2. ਵਿਕਟਰ ਹਿਊਗੋ (1802-1885) : ਫਰਾਂਸੀਸੀ ਕਵੀ, ਨਾਟਕਕਾਰ, ਨਾਵਲਕਾਰ ਅਤੇ ਰੋਮਾਂਸਵਾਦ ਦਾ ਇੱਕ ਸਮਰਥਕ, ਲੇਸ ਮਿਜਰੇਬਲਸ ਉਸਦਾ 1862 ਵਿੱਚ ਲਿਖਿਆ ਇੱਕ ਕਲਾਸਕੀ ਨਾਵਲ ਹੈ।*

*3. ਇਸ ਟੂਕ ਦਾ ਸਰੋਤ ਉਪਲਬਧ ਨਹੀਂ*

*4. ਅਗਿਆਤ*

"ਧਰਮ ਬਦਲਨ ਦੀ ਬਜਾਇ ਮਾਰੇ ਜਾਵੋ" ਉਸ ਸਮੇਂ ਹਿੰਦੂਆਂ ਦੇ ਵਿਚਕਾਰ ਇਹ ਹੀ ਪੁਕਾਰ ਪ੍ਰਚੱਲਤ ਸੀ। ਲੇਕਿਨ ਰਾਮਦਾਸ[1] ਉੱਠ ਖੜੇ ਹੋਏ ਅਤੇ ਆਖਿਆ, "ਨਹੀਂ! ਇੰਝ ਨਹੀਂ ਧਰਮ ਬਦਲੂ ਹੋਣ ਨਾਲੋਂ ਬੇਹਤਰ ਹੈ ਮਾਰੇ ਜਾਣਾ ਇੰਝ ਕਹਿਣਾ ਕਾਫ਼ੀ ਅੱਛਾ ਹੈ, ਲੇਕਿਨ ਇਸਤੋਂ ਵੀ ਬੇਹਤਰ ਹੈ ਇਹ ਕੋਸ਼ਿਸ਼ ਕਰਨਾ ਕਿ ਨਾ ਤਾਂ ਮਾਰੇ ਜਾਵੋ ਅਤੇ ਨਾ ਹੀ ਧਰਮ ਬਦਲੂ ਬਣੋ, ਬਲਕਿ ਖ਼ੁਦ ਹਿੰਸਾ ਦੀਆਂ ਸ਼ਕਤੀਆਂ ਨੂੰ ਮਾਰ ਸੁੱਟੋ। ਇਸ ਵਿੱਚ ਅਗਰ ਮਰਨਾ ਹੀ ਹੋਵੇ ਤਾਂ ਮਾਰ ਦਿੱਤੇ ਜਾਵੋ, ਲੇਕਿਨ ਜਿੱਤ ਦੀ ਖਾਤਿਰ ਮਾਰਦੇ ਹੋਏ ਮਰੋ – ਇਨਸਾਫ਼ ਦੀ ਜਿੱਤ ਦੇ ਵਾਸਤੇ ਮਰੋ।

*ਹਿੰਦੂ ਪਦ ਪਦਸ਼ਾਹੀ ਪੰ. 181–82*

ਪੰਨਾ 104 (77)

**ਸਾਰੇ ਕਾਨੂੰਨਸਾਜ ਅਪਰਾਧੀਆਂ ਦੇ ਰੂਪ ਵਿੱਚ ਪਰਿਭਾਸ਼ਤ :**

ਆਦਿ ਕਾਲ ਤੋਂ ਲੈ ਕੇ ਲਾਈਕਰਗਾਸ[2], ਸੋਲੋਨ[3], ਮੋਹੰਮਦ[4], ਨੈਪੋਲੀਅਨ[5], ਆਦਿ ਤੱਕ ਮਨੁੱਖਾਂ ਦੇ ਵਾਸਤੇ ਜਿੰਨੇ ਵੀ ਕਾਨੂੰਨਸਾਜ ਅਤੇ ਸਾਸ਼ਕ ਹੋਏ ਹਨ, ਉਹ ਸਾਰਿਆਂ ਦੇ ਸਾਰੇ ਅਪਰਾਧੀ ਰਹੇ ਹਨ, ਕਿਉਂਕਿ ਨਵੇਂ ਕਾਨੂੰਨ ਦਾ ਵਿਧਾਨ ਬਣਾਕੇ, ਸੁਭਾਵਿਕ ਤੌਰ ਤੇ, ਉਹਨਾਂ ਨੇ ਪੁਰਾਣੇ ਕਾਨੂੰਨਾਂ ਨੂੰ ਭੰਗ ਕੀਤਾ, ਜਿਹਨਾਂ ਨੂੰ ਸਮਾਜ ਸ਼ਰਧਾਪੂਰਵਕ ਮੰਨਦਾ ਆ ਰਿਹਾ ਸੀ ਅਤੇ ਜੋ ਪੂਰਵਜ਼ਾਂ ਤੋਂ ਵਿਰਾਸਤ ਵਿੱਚ ਮਿਲੇ ਹੋਏ ਸਨ।

*(ਪੰ. 205) ਅਪਰਾਧ ਅਤੇ ਦੰਡ ਦੋਸਤੋਵਸਕ*[6]

-------o-------

ਬਰਕ[7] ਦਾ ਕਹਿਣਾ ਹੈ, "ਇੱਕ ਸੱਚਾ ਰਾਜਨੀਤੀਵਾਨ, ਹਮੇਸ਼ਾ ਇਸ ਗੱਲ ਬਾਰੇ ਸੋਚਦਾ ਰਹਿੰਦਾ ਹੈ ਕਿ ਕਿਵੇਂ ਉਹ ਆਪਣੇ ਦੇਸ਼ ਵਿੱਚ ਮੌਜੂਦ ਸੰਸਾਧਨਾਂ ਤੋਂ ਵੱਧ ਤੋਂ ਵੱਧ ਅਰਜਿਤ (ਪੈਦਾ) ਕਰੇ।"

---

*1. ਪ੍ਰਸਿੱਧ ਮਰਹੱਟਾ ਸੰਤ ਅਤੇ ਸ਼ਿਵਾਜੀ ਦਾ ਪ੍ਰੇਰਣਾ ਗੁਰੂ*

*2. ਲਾਈਕਰਗਸ : ਪ੍ਰਾਚੀਨ ਸਪਾਰਟਾ (ਯੂਨਾਨ) ਦਾ ਸੰਵਿਧਾਨ ਨਿਰਮਾਤਾ। ਉਸਦੇ ਜੀਵਨੀਕਾਰ ਪਲੂਟਾਰਕ ਦੇ ਅਨੁਸਾਰ ਉਹ "ਕਾਨੂੰਨ ਨਿਰਮਾਤਾ" ਸੀ, ਅਤੇ ਹੇਰਦੋਤਸ ਦੇ ਮੁਤਾਬਿਕ ਉਸਨੇ "ਸਾਰੀਆਂ ਪਰੰਪਰਾਵਾਂ ਬਦਲ ਸੁੱਟੀਆਂ।"*

*3. ਸੋਲੋਨ (639 ਈ. ਪੂ. 599 ਈ. ਪੂ.) : ਪ੍ਰਾਚੀਨ ਏਥਨਜ਼ (ਯੂਨਾਨ) ਦਾ ਰਾਜਨੀਤੀਵਾਨ, ਜਿਸਨੇ ਸੀਮਤ ਲੋਕਤੰਤਰ ਦੇਣ ਦੇ ਵਾਸਤੇ ਏਥਨਜ਼ ਦੇ ਸੰਵਿਧਾਨ ਦਾ ਸੰਸ਼ੋਧਨ ਕੀਤਾ, ਅਤੇ ਭੂਮੀ ਸੁਧਾਰਾਂ ਨੂੰ ਲਾਗੂ ਕੀਤਾ।*

*4. ਹਜ਼ਰਤ ਮੋਹੰਮਦ (570–632 ਈ.) ਦਾ ਉਲੇਖ ਅਰਬ ਦੇਸ਼ਾਂ ਵਿੱਚ ਪੁਰਾਣੇ ਕਾਨੂੰਨਾਂ ਅਤੇ ਰੀਤੀ ਰਿਵਾਜਾਂ ਪ੍ਰਥਾਵਾਂ ਦੀ ਥਾਂ ਤੇ ਇਸਲਾਮੀ ਕਾਨੂੰਨਾਂ ਦੇ ਸੰਸਥਾਪਕ ਦੇ ਰੂਪ ਵਿੱਚ ਕੀਤਾ ਗਿਆ ਹੈ।*

*5. ਨੈਪੋਲੀਅਨ ਬੋਨਾਪਾਰਟ (1769–1821) ਨੇ ਨੈਪੋਲੀਅਨ ਸੰਹਿਤਾ ਤਿਆਰ ਕੀਤੀ ਜਿਸ ਨੂੰ ਯੂਰਪ ਵਿੱਚ ਲਾਗੂ ਕੀਤਾ ਗਿਆ।*

*6. ਪ੍ਰਸਿੱਧ ਰੂਸੀ ਨਾਵਲਕਾਰ ਫਿਓਦਰ ਮਿਖਾਈਲੋਵਿਚ ਦੋਸਤੋਵਸਕੀ (1821–1881) ਦਾ ਬੇਹੱਦ ਮਸ਼ਹੂਰ ਨਾਵਲ "ਅਪਰਾਧ ਅਤੇ ਦੰਡ" ਜੋ 1866 ਵਿੱਚ ਪ੍ਰਕਾਸ਼ਿਤ ਹੋਇਆ।*

*7. ਏਡਮੰਡ ਬਰਕ (1729–1797) : ਬ੍ਰਿਟਿਸ਼ ਰਾਜਨੀਤੀਵਾਨ ਅਤੇ ਲੇਖਕ*

ਪੰਨਾ 105 (78)

**ਕਾਨੂੰਨ ਸ਼ਾਸ਼ਤਰ**[1] **:**

**ਕਾਨੂੰਨ :**

| | |
|---|---|
| 1. ਕਾਨੂੰਨ ਦਾ ਪ੍ਰਾਵਿਧਾਨ<br>2. ਕਾਨੂੰਨ ਦਾ ਇਤਿਹਾਸ<br>3. ਕਾਨੂੰਨ ਵਿਧਾਨ ਦਾ ਵਿਗਿਆਨ | ਜਿਸ ਰੂਪ ਵਿੱਚ ਇਹ ਮੌਜੂਦ ਹੈ<br>ਜਿਸ ਰੂਪ ਵਿੱਚ ਉਸਦਾ ਵਿਕਾਸ ਹੋਇਆ ਜਿਹੋ ਜਿਹਾ ਉਸਨੂੰ ਹੋਣਾ ਚਾਹੀਦਾ ਹੈ |

| | | |
|---|---|---|
| 1. ਸਿਧਾਂਤਕ | ਦਰਸ਼ਨ | ਕਾਨੂੰਨ ਦੇ ਵਿਗਿਆਨ ਵਾਸਤੇ ਆਧਾਰ ਪ੍ਰਦਾਨ ਕਰਨਾ। |
| 2. ਸਾਧਾਰਣ | ਕਾਨੂੰਨਸ਼ਾਸ਼ਤਰ | |

| | |
|---|---|
| 1. ਵਿਸ਼ਲੇਸ਼ਣਾਤਮਕ<br>2. ਇਤਿਹਾਸਕ<br>3. ਨੀਤੀ ਸ਼ਾਸਤਰ | ਕਾਨੂੰਨ ਸ਼ਾਸਤਰ |

1. **ਵਿਸ਼ਲੇਸ਼ਣਾਤਮਕ ਕਾਨੂੰਨ** ਸ਼ਾਸ਼ਤਰ ਕਾਨੂੰਨ ਦੇ ਪਹਿਲੇ ਸਿਧਾਂਤ ਦੀ ਵਿਆਖਿਆ ਕਰਦਾ ਹੈ। ਇਸਦਾ ਵਿਸ਼ਾ–ਵਸਤੂ ਹੈ :

(ੳ) ਨਾਗਰਿਕ ਕਾਨੂੰਨ ਦੀ ਅਵਧਾਰਣਾ
(ਅ) ਨਾਗਰਿਕ ਅਤੇ ਹੋਰਨਾਂ ਕਾਨੂੰਨਾਂ ਵਿੱਚ ਸੰਬੰਧ
(ੲ) ਵਿਭਿੰਨ ਸੰਪਾਦਕ ਵਿਚਾਰ ਜੋ ਕਾਨੂੰਨ ਦੀ ਧਾਰਣਾ, ਜਿਵੇਂ ਰਾਜ, ਪ੍ਰਭੂਸੱਤਾ ਅਤੇ ਨਿਆਂ–ਪ੍ਰਸ਼ਾਸ਼ਨ ਦਾ ਸੰਪਾਦਨ ਕਰਦੇ ਹਨ।
(ਸ) ਕਾਨੂੰਨ ਦੇ ਕਾਨੂੰਨੀ ਸਰੋਤ ਅਤੇ ਕਾਨੂੰਨ ਨਿਰਮਾਣ ਦਾ ਸਿਧਾਂਤ ਆਦਿ।
(ਹ) ਕਾਨੂੰਨ ਦੇ ਵਿਗਿਆਨਕ ਵਰਗੀਕਰਣ
(ਕ) ਕਾਨੂੰਨੀ ਅਧਿਕਾਰ
(ਖ) ਕਾਨੂੰਨੀ (ਨਾਗਰਿਕ ਅਤੇ ਫੌਜਵਾਰੀ) ਜ਼ੁੰਮੇਵਾਰੀ ਦਾ ਸਿਧਾਂਤ
(ਗ) ਹੋਰ ਕਾਨੂੰਨੀ ਅਵਧਾਰਨਾਵਾਂ

ਪੰਨਾ 106 (79)

2. ਇਤਿਹਾਸਕ ਕਾਨੂੰਨ ਸ਼ਾਸ਼ਤਰ ਕਾਨੂੰਨ, ਕਾਨੂੰਨੀ ਅਵਧਾਰਨਾਵਾਂ ਦੀ ਉਤਪਤੀ ਅਤੇ ਵਿਕਾਸ ਨੂੰ ਨਿਰਧਾਰਤ ਕਰਨ ਵਾਲੇ ਸਾਧਾਰਨ (ਆਮ) ਸਿਧਾਤਾਂ ਦਾ ਅਧਿਐਨ ਕਰਦਾ ਹੈ। ਇਹ ਇਤਿਹਾਸ ਹੈ।

---

*1. ਅਜਿਹੀ ਪ੍ਰਤੀਤ ਹੁੰਦਾ ਹੈ ਕਿ ਭਗਤ ਸਿੰਘ ਨੇ ਕਾਨੂੰਨ ਸ਼ਾਸ਼ਤਰ ਸਬੰਧੀ ਵਿਆਪਕ ਤੌਰ ਤੇ ਰੂਪ ਰੇਖਾ ਬਣਾਈ ਸੀ, ਜਿਹੜੀ ਡਾਇਰੀ ਦੇ ਅਗਲੇ ਕਈ ਪੰਨਿਆਂ ਤੱਕ ਜਾਰੀ ਹੈ।*

3. **ਨੀਤੀ ਸ਼ਾਸ਼ਤਰਕ ਕਾਨੂੰਨ ਸ਼ਾਸ਼ਤਰ** : ਇਹ ਕਾਨੂੰਨ ਦੇ ਸੰਬੰਧ ਵਿੱਚ ਇਨਸਾਫ਼ ਦੇ ਸਿਧਾਂਤ ਨਾਲ ਸੰਬੰਧਤ ਹੈ।

**ਕਾਨੂੰਨ ਅਤੇ ਇਨਸਾਫ਼ :**

ਕਾਨੂੰਨ ਦੀ ਨੀਤੀ ਸੰਗਤ ਲੋੜਾ (ਗੂੜ੍ਹ ਅਰਥਾਂ) ਦੀ ਪੂਰਣ ਅਵੱਗਿਆ ਵਿਸਲੇਸ਼ਣਾਤਮਕ ਕਾਨੂੰਨ ਸ਼ਾਸ਼ਤਰ ਨੂੰ ਇੱਕ ਬੇਜਾਨ ਪ੍ਰਣਾਲੀ ਵਿੱਚ ਤਬਦੀਲ ਕਰ ਸਕਦੀ ਹੈ।

**ਇੰਗਲੈਂਡ ਵਿੱਚ :**

ਦੋ ਵੱਖ ਵੱਖ ਸ਼ਬਦ “ਕਾਨੂੰਨ” ਅਤੇ “ਨਿਆਂ” ਲਗਾਤਾਰ ਇਸ ਗੱਲ ਨੂੰ ਚੇਤੇ ਕਰਵਾਉਂਦੇ ਰਹਿੰਦੇ ਹਨ ਕਿ ਇਹ ਦੋਵੇਂ ਇੱਕੋ ਹੀ ਚੀਜ਼ ਨਹੀਂ ਹਨ ਬਲਕਿ ਦੋ ਭਿੰਨ ਚੀਜ਼ਾਂ ਹਨ। ਲੇਕਿਨ ਇਹਨਾਂ ਦੀ ਵਰਤਣ ਵਿੱਚ ਇਹਨਾਂ ਦੋਵਾਂ ਦੇ ਵਿਚਕਾਰ ਮੌਜੂਦ ਵਾਸਤਵਿਕ ਅਤੇ ਘਣੇ ਸੰਬੰਧ ਅਕਸਰ ਅੱਖੋਂ-ਪਰੋਖੇ ਹੋ ਜਾਇਆ ਕਰਦੇ ਹਨ।

**ਅਤੇ ਮਹਾਂਦੀਪ ਵਿੱਚ :**

[ਰੇਚੇਟ : ਰਾਈਟ (ਅਧਿਕਾਰ) = ਡਰਾਇਟ : ਲਾਅ (ਕਾਨੂੰਨ)]

ਮਹਾਂਦੀਪ ਭਾਸ਼ਾ ਸ਼ੈਲੀ “ਕਾਨੂੰਨ” ਅਤੇ “ਅਧਿਕਾਰ” ਦੇ ਵਿਚਲੇ ਫ਼ਰਕ ਨੂੰ ਲੁਕੋਂਦੀ ਹੈ, ਜਦੋਂ ਕਿ ਅੰਗਰੇਜ਼ੀ ਭਾਸ਼ਾ-ਸ਼ੈਲੀ ਉਹਨਾਂ ਵਿਚਲੇ ਸੰਬੰਧ ਨੂੰ ਲੁਕੋਂਦੀ ਹੈ।

ਪੰਨਾ 107 (80)

**ਕਾਨੂੰਨ :**

“ਅਸੀਂ ਉਸ ਕਿਸੇ ਵੀ ਕਿਸਮ ਦੇ ਨਿਯਮ ਜਾਂ ਸਿਧਾਂਤ ਨੂੰ ਕਾਨੂੰਨ ਦਾ ਨਾਂ ਦੇ ਦਿੰਦੇ ਹਾਂ, ਜਿਸਦੇ ਰਾਹੀਂ ਕਾਰਵਾਈਆਂ ਨਿਰਧਾਰਤ ਕੀਤੀਆਂ ਜਾਂਦੀਆਂ ਹਨ।”

*(ਹੂਕਰ)*[1]

“ਕਾਨੂੰਨ ਆਪਣੇ ਸਭ ਤੋਂ ਵੱਧ ਸਾਧਾਰਣ ਅਰਥ ਵਿੱਚ ਕਾਰਵਾਈ ਸੰਬੰਧੀ ਨਿਯਮ ਨੂੰ ਵਿਸ਼ਿਟੀਕ੍ਰਤ ਕਰਦਾ ਹੈ, ਅਤੇ ਇਹ ਸੱਭ ਪ੍ਰਕਾਰ ਦੀ ਕਾਰਵਾਈ ਉੱਤੇ ਬਿਨਾਂ ਭੇਦ ਭਾਵ ਦੇ, ਲਾਗੂ ਹੁੰਦਾ ਹੈ, ਚਾਹੇ ਉਹ ਤਰਕ ਸੰਗਤ ਹੋਵੇ ਜਾਂ ਤਰਕ ਹੀਣ, ਜੀਵ ਧਾਰੀ ਨਾਲ ਸੰਬੰਧਤ ਹੋਵੇ, ਜਾਂ ਨਿਰਜੀਵ ਨਾਲ। ਏਸੇ ਵਾਸਤੇ ਅਸੀਂ ਗਤੀ ਦੇ, ਗੁਰੂਤਾ ਆਕਰਸ਼ਣ ਦੇ, ਪ੍ਰਕਾਸ਼ ਦੇ, ਭੌਤਿਕੀ ਦੇ, ਕੁਦਰਤ ਦੇ ਅਤੇ ਰਾਸ਼ਟਰਾਂ ਦੇ ਨਿਯਮਾਂ ਦੀ ਗੱਲ ਕਰਦੇ ਹਾਂ।”

*(ਬਲੈਕ ਸਟੋਨ)*[2]

*1. ਸੰਭਾਵਤ ਅੰਗਰੇਜ਼ ਧਰਮ ਸ਼ਾਸ਼ਤਰੀ ਰਿਚਰਡ ਹੂਕਰ (1554-1600) ਜਿਸਨੇ ਦਾ ਲਾਅ ਆਫ਼ ਇਕਲੇਸਟੀਕਲ ਪਾਲਿਸੀ ਵਿੱਚ ਏਂਗਲੀਕਨਿਜ਼ਮ ਦੇ ਸਿਧਾਂਤਾਂ ਨੂੰ ਸੰਹਿਤਾਵੱਧ ਕੀਤਾ*

*2. ਸੰਭਾਵਤ : ਸਰ ਵਿਲੀਅਮ ਬਲੈਕਸਟੋਨ (1723-1780) : ਅੰਗਰੇਜ਼ ਕਾਨੂੰਨਦਾਨ, ਜਿਸਨੇ ਕਮੈਂਟਰੀਜ਼ ਔਨ ਦਾ ਲਾਅਜ਼ ਆਫ਼ ਇੰਗਲੈਂਡ (1765-1769) ਲਿਖੀ, ਜੋ ਅੰਗਰੇਜ਼ੀ ਕਾਨੂੰਨ ਦੇ ਸਿਧਾਂਤ ਉੱਤੇ ਇੱਕ ਅਧਿਕਾਰਤ ਪੁਸਤਕ ਮੰਨੀ ਜਾਂਦੀ ਹੈ।*

**ਕਾਨੂੰਨਾਂ ਦੀਆਂ ਕਿਸਮਾਂ**

1. ਲਾਜ਼ਮੀ ਕਾਨੂੰਨ
2. ਭੌਤਿਕ ਨਿਯਮ ਜਾਂ ਵਿਗਿਆਨਕ ਕਾਨੂੰਨ
3. ਪ੍ਰਾਕ੍ਰਿਤਕ ਜਾਂ ਨੈਤਿਕ ਕਾਨੂੰਨ
4. ਪ੍ਰਚੱਲਿਤ ਕਾਨੂੰਨ
5. ਪਰੰਪਰਾਗਤ ਕਾਨੂੰਨ
6. ਵਿਵਹਾਰਕ ਜਾਂ ਤਕਨੀਕੀ ਕਾਨੂੰਨ
7. ਅੰਤਰ ਰਾਸ਼ਟਰੀ ਕਾਨੂੰਨ
8. ਨਾਗਰਿਕ ਕਾਨੂੰਨ ਜਾਂ ਰਾਜ ਦਾ ਕਾਨੂੰਨ

ਪੰਨਾ 108 (81)

| | |
|---|---|
| ਲਾਜ਼ਮੀ ਕਾਨੂੰਨ ਦੀ ਮਨਜ਼ੂਰੀ - 1. ਸਜ਼ਾ, ਯੁੱਧ ਆਦਿ ) | 1. ਲਾਜ਼ਮੀ ਕਾਨੂੰਨ ਦਾ ਅਰਥ ਹੈ ਕਾਰਵਾਈ ਦਾ ਨਿਯਮ, ਜੋ ਕਿਸੇ ਅਜਿਹੀ ਸੱਤਾ ਰਾਹੀਂ ਲੋਕਾਂ ਉੱਤੇ ਲਾਗੂ ਕੀਤਾ ਜਾਂਦਾ ਹੈ ਜੋ ਇਸਦੀ ਪਾਲਣਾ ਬਲ ਪੂਰਵਕ (ਜ਼ਬਰਦਸਤੀ) ਕਰਵਾ ਲੈਂਦੀ ਹੈ। |

“ਕਾਨੂੰਨ ਇੱਕ ਆਦੇਸ਼ ਹੈ ਜਿਹੜਾ ਵਿਅਕਤੀ ਜਾਂ ਵਿਅਕਤੀਆਂ ਨੂੰ ਇੱਕ ਨਿਸ਼ਚਤ ਆਚਰਣ ਕਰਨ ਦੇ ਵਾਸਤੇ ਬੇਵੱਸ ਕਰਦਾ ਹੈ।”

*(ਆਸਟਿਨ)*[1]

ਸਮਾਜ ਦੀ ਪ੍ਰਤੱਖ ਨੈਤਿਕਤਾ ਵੀ ਲਾਜ਼ਮੀ ਕਾਨੂੰਨਾਂ ਦੇ ਘੇਰੇ ਵਿੱਚ ਆਉਂਦੀ ਹੈ।

**ਹੌਬਸ ਦਾ ਦ੍ਰਿਸ਼ਟੀਕੋਣ :**

ਮਨੁੱਖ ਅਤੇ ਹਥਿਆਰ ਹੀ ਕਾਨੂੰਨਾਂ ਦੀ ਸ਼ਕਤੀ ਅਤੇ ਸੰਬਲ ਹਨ।

*(ਹੌਬਸ)*[2]

2. **ਭੌਤਿਕ ਕਾਨੂੰਨ** ਚੱਲ ਰਹੀਆਂ ਕਾਰਵਾਈਆਂ ਦੀ ਅਭਿਵਿਅੱਕਤੀ ਹੈ। (ਨੈਤਿਕ ਕਾਨੂੰਨ ਜਾਂ ਵਿਵੇਕ ਦਾ ਕਾਨੂੰਨ ਕਾਰਵਾਈਆਂ ਦੀ ਇਸ ਰੂਪ ਵਿੱਚ ਅਭਿਵਿਅੱਕਤੀ ਹੈ, ਜਿਵੇਂ ਉਹ ਹੋਣੀ ਚਾਹੀਦੀ ਹੈ)।

3. **ਪ੍ਰਾਕ੍ਰਿਤਕ ਜਾਂ ਨੈਤਿਕ ਕਾਨੂੰਨ** ਦਾ ਅਰਥ ਹੈ ਪ੍ਰਾਕ੍ਰਿਤਕ ਰੂਪ ਤੋਂ ਸਹੀ ਜਾਂ ਗਲਤ ਦਾ ਸਿਧਾਂਤ ਯਾਨੀ ਸਾਰੀਆਂ ਕਾਰਵਾਈਆਂ ਸਮੇਤ ਪ੍ਰਾਕ੍ਰਿਤਕ ਨਿਆਂ ਦੇ ਸਿਧਾਂਤ ਨਿਆਂ (ਇਨਸਾਫ਼) ਦੀਆਂ ਦੋ ਕਿਸਮਾਂ ਹਨ - ਪ੍ਰਤੱਖ ਅਤੇ ਪ੍ਰਾਕ੍ਰਿਤਕ। ਪ੍ਰਾਕ੍ਰਿਤਕ ਨਿਆਂ ਉਹ ਹੈ ਜੋ ਵਾਸਤਵ ਵਿੱਚ ਅਤੇ ਸੱਚਮੁੱਚ ਹੋਵੇ। ਪ੍ਰਤੱਖ ਨਿਆਂ ਇਨਸਾਫ਼ ਦਾ ਉਹ ਰੂਪ ਹੈ ਜਿਸ ਰੂਪ ਵਿੱਚ ਉਸਨੂੰ ਸਮਝਿਆ ਜਾਂਦਾ ਹੈ, ਸਵੀਕਾਰ ਕੀਤਾ ਜਾਂਦਾ ਹੈ ਅਤੇ ਅਭਿਵਿਅਕਤ

*1. ਜਾਨ ਆਸਟਿਨ (1811-1680) : ਬ੍ਰਿਟਿਸ਼ ਦਾਰਸ਼ਨਿਕ ਰਾਜਨੀਤਕ ਚਿੰਤਕ।*

*2. ਥਾਮਸ ਹੌਬਸ (1588-1689) : ਅੰਗਰੇਜ਼ੀ ਦਾਰਸ਼ਨਿਕ ਰਾਜਨੀਤਕ ਚਿੰਤਕ। ਰਾਜ ਦੀ ਉਤਪਤੀ ਦੇ ਸਮਾਜਕ ਸਮਝੌਤੇ ਦੇ ਸਿਧਾਂਤ ਦਾ ਜਨਕ। ਰਾਜ ਤੰਤਰਾਤਮਕ ਤਾਨਾਸ਼ਾਹੀ ਦਾ ਸਮੱਰਥਕ ਸੀ।*

(ਪ੍ਰਗਟ) ਕੀਤਾ ਜਾਂਦਾ ਹੈ।

ਪੰਨਾ 109 (82)

4. **ਪ੍ਰਚਲਿਤ ਕਾਨੂੰਨ** : ਅਜਿਹਾ ਕੋਈ ਵੀ ਨਿਯਮ ਜਾਂ ਨਿਯਮਾਂ ਦੀ ਪ੍ਰਣਾਲੀ ਜਿਸ ਉੱਪਰ ਲੋਕੀਂ ਆਪਣੇ ਆਚਰਣ ਦੇ ਨਿਰਮਾਣ ਦੇ ਵਾਸਤੇ ਰਜ਼ਾਮੰਦ ਹੁੰਦੇ ਹਨ। ਰਜ਼ਾਮੰਦ ਹੋਣ ਵਾਲੇ ਪੱਖਾਂ ਦੀ ਸਹਿਮਤੀ ਹੀ ਕਾਨੂੰਨ ਹੈ।

5. **ਪ੍ਰੰਪਰਾਗਤ ਕਾਨੂੰਨ** : ਮਨੁੱਖਾਂ ਵੱਲੋਂ ਵਾਸਤਵ ਵਿੱਚ ਕੀਤੀਆਂ ਜਾਣ ਵਾਲੀਆਂ ਕਾਰਵਾਈਆਂ ਦਾ ਕੋਈ ਵੀ ਨਿਯਮ ਜਿਹੜਾ ਸਵੈਇੱਛਕ ਕਾਰਵਾਈ ਦੀ ਕਿਸੇ ਵਾਸਤਵਿਕ ਸਮਰੂਪਤਾ ਦਾ ਪ੍ਰਗਟਾਵਾ ਹੈ। ਪ੍ਰੰਪਰਾ ਉਹਨਾਂ ਲੋਕਾਂ ਦਾ ਜਨੂੰਨ ਹੈ ਜਿਹੜੇ ਇਸਨੂੰ ਮੰਨਦੇ ਹਨ।

6. **ਵਿਵਹਾਰਕ ਜਾਂ ਤਕਨੀਕੀ ਕਾਨੂੰਨ** : ਇਸ ਵਿੱਚ ਅਜਿਹੇ ਨਿਯਮ ਆਉਂਦੇ ਹਨ ਜੋ ਵਿਵਹਾਰਕ ਉਦੇਸ਼ ਦੀ ਪ੍ਰਾਪਤੀ ਦੇ ਵਾਸਤੇ ਹੁੰਦੇ ਹਨ। ਖੇਡਾਂ ਵਿੱਚ "ਪ੍ਰਚਲਿਤ ਕਾਨੂੰਨ" ਅਤੇ "ਵਿਵਹਾਰਕ ਕਾਨੂੰਨ" ਦੋਵੇਂ ਹੀ ਆਉਂਦੇ ਹਨ, ਜਿਹਨਾਂ ਵਿੱਚੋਂ ਪਹਿਲੀ ਕਿਸਮ ਦੇ ਕਾਨੂੰਨਾਂ ਦੇ ਅੰਤਰਗਤ ਉਹ ਨਿਯਮ ਆਉਂਦੇ ਹਨ ਜਿਹਨਾਂ ਬਾਰੇ ਖਿਡਾਰੀਆਂ ਦੀ ਰਜ਼ਾਮੰਦੀ (ਸਹਿਮਤੀ) ਹੁੰਦੀ ਹੈ, ਅਤੇ ਦੂਜੀ ਕਿਸਮ ਦੇ ਕਾਨੂੰਨਾਂ ਦੇ ਅੰਤਰਗਤ ਉਹ ਨਿਯਮ ਆਉਂਦੇ ਹਨ, ਜੋ ਖੇਡ ਨੂੰ ਸਫ਼ਲ ਬਣਾਉਂਦੇ ਹਨ, ਜਾਂ ਖੇਡ ਨੂੰ ਸਫਲਤਾਪੂਰਵਕ ਚਲਾਉਣ ਦੇ ਵਾਸਤੇ ਹੁੰਦੇ ਹਨ।

7. **ਅੰਤਰ ਰਾਸ਼ਟਰੀ ਕਾਨੂੰਨ** : ਇਸ ਵਿੱਚ ਉਹ ਨਿਯਮ ਆਉਂਦੇ ਹਨ ਜੋ ਪ੍ਰਭੂਸੱਤਾ ਸੰਪਨ ਰਾਜਾਂ ਦੇ ਆਪਸੀ ਸੰਬੰਧਾਂ ਅਤੇ ਇੱਕ ਦੂਜੇ ਪ੍ਰਤੀ ਆਚਰਣ ਦਾ ਨਿਰਮਾਣ ਕਰਦੇ ਹਨ।

(ੳ) ਐਕਸਪਰੈਸ ਕਾਨੂੰਨ (ਸੰਧੀਆਂ ਆਦਿ)
(ਅ) ਅੰਤ੍ਰਨਿਹਿਤ ਕਾਨੂੰਨ (ਪਰੰਪਰਾਗਤ)
ਮੁੜ ਦੋ ਕਿਸਮਾਂ ਵਿੱਚ ਤਕਸੀਮ :
(ੳ) ਸਾਧਾਰਣ ਕਾਨੂੰਨ (ਸਾਰੇ ਰਾਸ਼ਟਰਾਂ ਦੇ ਵਿਚਕਾਰ)
(ਅ) ਵਿਸ਼ੇਸ਼ ਕਾਨੂੰਨ (ਦੋ ਜਾਂ ਵੱਧ ਵਿਸ਼ੇਸ਼ ਰਾਸ਼ਟਰਾਂ ਦੇ ਵਿਚਕਾਰ)

8. **ਨਾਗਰਿਕ ਕਾਨੂੰਨ** : ਰਾਜ ਜਾਂ ਦੇਸ਼ ਦਾ ਕਾਨੂੰਨ, ਜੋ ਨਿਆਇਕ ਅਦਾਲਤ ਵਿੱਚ ਵਰਤਿਆ ਜਾਂਦਾ ਹੈ।

ਪੰਨਾ 110 (83)

**ਸਜ਼ਾ :**

**ਰਾਜਨੀਤਕ ਜੁਰਮ** : ਅਸੀਂ ਕਾਨੂੰਨ ਘਾੜਿਆਂ ਦੇ ਵੱਡੇ ਸਮੁਦਾਇ ਦੀ ਇਸ ਸੋਚ ਨਾਲ ਸਹਿਮਤ ਹਾਂ ਕਿ ਭਲੇ ਹੀ ਆਮ ਤੌਰ ਤੇ ਉਸ ਵਿਅਕਤੀ ਬਾਰੇ ਸਖ਼ਤ ਕਾਰਵਾਈ ਨਹੀਂ ਕੀਤੀ ਜਾਣੀ ਚਾਹੀਦੀ, ਜਿਹੜਾ ਅਜਿਹੀ ਮੁਜਰਿਮਾਨਾ ਸਾਜਿਸ਼ ਵਿੱਚ ਸ਼ਾਮਲ ਰਿਹਾ ਹੋਵੇ, ਜਿਸ ਸਾਜਿਸ਼ ਨੂੰ ਅੰਜਾਮ ਨਾ ਦਿੱਤਾ ਗਿਆ ਹੋਵੇ, ਫਿਰ ਵੀ ਰਾਜ ਦੇ ਖਿਲਾਫ਼ ਕੀਤੇ ਵੱਡੇ ਜੁਰਮਾਂ ਦੇ ਸਿਲਸਿਲੇ ਵਿੱਚ ਇਸ ਨਿਯਮ ਦਾ ਇੱਕ ਅਪਵਾਦ ਜ਼ਰੂਰ ਰੱਖਿਆ ਜਾਣਾ ਚਾਹੀਦਾ ਹੈ, ਕਾਰਣ ਕਿ ਰਾਜ ਦੇ ਖਿਲਾਫ਼ ਕੀਤੇ ਜਾਣ ਵਾਲੇ ਜੁਰਮਾਂ ਦੀ ਖਾਸੀਅਤ ਇਹ ਹੁੰਦੀ ਹੈ ਕਿ ਜੇ ਉਹਨਾਂ ਵਿੱਚ ਮੁਜਰਿਮ ਕਾਮਯਾਬ ਹੋ ਜਾਂਦਾ ਹੈ, ਤਾਂ ਉਹ ਸਜ਼ਾ ਤੋਂ ਤਕਰੀਬਨ ਸਾਫ਼ ਬਚ ਜਾਂਦਾ ਹੈ। ਕਾਤਿਲ ਕਤਲ ਕਰਨ ਦੇ ਬਾਦ, ਕਤਲ ਕਰਨ ਦੇ ਮੁਕਾਬਲੇ ਕਿਤੇ ਵੱਧ ਖਤਰੇ ਵਿੱਚ ਹੁੰਦਾ ਹੈ, ਪਰੰਤੂ ਰਾਜ ਧ੍ਰੋਹੀ ਜਦੋਂ ਸਰਕਾਰ ਦਾ ਤਖਤਾ ਪਲਟ ਦਿੰਦਾ ਹੈ, ਤਾਂ ਉਹ ਖਤਰੇ ਤੋਂ ਬਾਹਰ ਹੋ ਜਾਂਦਾ ਹੈ। ਕਿਉਂਕਿ ਦੰਡਾਤਮਕ ਕਾਨੂੰਨ ਇੱਕ ਕਾਮਯਾਬ ਵਿਦਰੋਹੀ ਦੇ ਵਿਰੁੱਧ ਨਪੁੰਸਕ ਹੀ ਸਿੱਧ ਹੁੰਦਾ ਹੈ, ਇਸ ਲਈ ਜ਼ਰੂਰੀ ਹੈ ਕਿ ਇਸਨੂੰ ਵਿਦਰੋਹ ਦੀ ਪਹਿਲੀ ਸ਼ੁਰੂਆਤ ਦੇ ਖਿਲਾਫ਼ ਹੀ ਸ਼ਕਤੀਸ਼ਾਲੀ ਅਤੇ ਕਠੋਰ ਬਣਾਇਆ ਜਾਵੇ---।

*(II ਐਲ.ਸੀ.ਸੀ. ਜੱਜਮੈਂਟ 1906, ਪੰ. 120)*[1]

ਪੰਨਾ 111 (84)

**ਸਜ਼ਾ :**

**ਸੁਪਨਾ ਜਿਹੜਾ ਪ੍ਰਾਣਦੰਡ ਦਾ ਕਾਰਣ ਬਣਿਆ** : ਜਦੋਂ **ਮਾਰਸੇਜ** ਨੇ ਸੁਪਨਾ ਵੇਖਿਆ ਕਿ ਉਸਨੇ **ਡਾਇਓਨੀਸੀਅਸ**[2] ਦੀ ਧੌਣ ਵੱਢ ਦਿੱਤੀ ਹੈ, ਤਾਂ ਤਾਨਾਸ਼ਾਹ ਸਾਸ਼ਕ ਨੇ ਉਸਨੂੰ ਪ੍ਰਾਣ ਦੰਡ ਦੇ ਦਿੱਤਾ, ਜਿਸਦੇ ਪਿੱਛੇ ਉਸਦੀ ਦਲੀਲ ਇਹ ਸੀ ਕਿ ਜੇ ਉਸਨੇ ਦਿਨ ਵੇਲੇ ਅਜਿਹਾ ਸੋਚਿਆ ਨਾ ਹੁੰਦਾ ਤਾਂ ਰਾਤ ਨੂੰ ਇਹ ਸੁਫਨਾ ਕਦੇ ਵੀ ਨਹੀਂ ਵੇਖਦਾ ਸੀ।

**ਪ੍ਰਾਣਦੰਡ ਅਤੇ ਡਰੈਕੋ ਦਾ ਕਾਨੂੰਨ** : ਡਰੈਕੋ[3] ਦੇ ਕਾਨੂੰਨ ਵਿੱਚ ਲੱਗਭਗ ਸਾਰੀਆਂ ਕਿਸਮਾਂ ਦੇ ਜੁਰਮਾਂ ਜਿਵੇਂ ਮਾਮੂਲੀ ਚੋਰੀ ਤੋਂ ਲੈ ਕੇ ਧਰਮ ਧਰੋਹ ਅਤੇ ਕਤਲ ਤੱਕ ਦੇ ਲਈ ਇੱਕ ਸਮਾਨ ਮੌਤ ਦੀ ਸਜ਼ਾ ਦਾ ਵਿਧਾਨ ਸੀ ਅਤੇ ਕਿਹਾ ਜਾਂਦਾ ਸੀ ਕਿ ਇਸਦਾ ਇੱਕ ਮਾਤਰ ਸਪਸ਼ਟੀਕਰਨ ਜੋ ਡਰੈਕੋ ਨੇ ਦਿੱਤਾ ਸੀ, ਉਹ ਇਹ ਕਿ ਛੋਟੇ ਮੋਟੇ ਜ਼ੁਰਮਾਂ ਦੀ ਤਾਂ ਇਹੋ ਹੀ ਸਜ਼ਾ ਹੋਣੀ ਚਾਹੀਦੀ ਹੈ ਅਤੇ ਵੱਡੇ ਜੁਰਮਾਂ ਦੇ ਲਈ ਇਸਤੋਂ ਵੱਡੀ ਸਜ਼ਾ ਉਹ ਸੋਚ ਨਹੀਂ ਸਕਿਆ।

-------o-------

**ਸਜ਼ਾ** ਨੂੰ ਵਧੇਰੇ ਦਾਰਸ਼ਨਿਕਾਂ ਨੇ ਇੱਕ **ਅਵੱਸ਼ਕ ਬੁਰਾਈ** ਮੰਨਿਆ ਹੈ।

-------o-------

**ਰਾਜ ਅਤੇ ਮਨੁੱਖ** : ਰਾਜ ਆਪਣੇ ਆਪ ਵਿੱਚ ਕੋਈ ਟੀਚਾ ਨਹੀਂ ਹੈ, ਅਤੇ ਮਨੁੱਖ ਕਾਨੂੰਨ ਜਾਂ ਰਾਜ ਦੇ ਵਾਸਤੇ ਨਹੀਂ, ਬਲਕਿ ਉਹ ਹੀ ਮਨੁੱਖ ਦੇ ਵਾਸਤੇ ਹੁੰਦੇ ਹਨ।

-------o-------

*1. ਸਰੋਤ ਅਤੇ ਵੇਰਵੇ ਉਪਲਬਧ ਨਹੀਂ।*
*2. ਡਾਇਓਨੀਸੀਅਸ ਦਾ ਐਲਡਰ (430-367 ਈ. ਪੂ.) : ਸਿਸਲੀ ਦਾ ਯੂਨਾਨੀ ਰਾਜ ਨੇਤਾ, ਜੋ 400 ਈ: ਪੂ. ਵਿੱਚ ਸਾਇਰੇਨੂਸ ਦਾ ਤਾਨਾਸ਼ਾਹ ਸ਼ਾਸਕ ਬਣਿਆ।*
*3. ਡਰੈਕੋ ਈ. ਪੂ. ਸੱਤਵੀਂ ਸਦੀ ਏਥਨਜ਼ (ਯੂਨਾਨ, ਦਾ ਰਾਜਨੀਤੀਵਾਨ ਜਿਸਨੇ ਪਰੰਪਰਾਗਤ ਅਣਲਿਖਤ ਸੰਵਿਧਾਨ ਨੂੰ ਸੰਹਿਤਾਵੱਧ ਕੀਤਾ, ਛੋਟੇ ਤੋਂ ਲੈ ਕੇ, ਵੱਡੇ ਤੱਕ ਸਾਰੀਆਂ ਸਿਮਾਂ ਦੇ ਜ਼ੁਰਮਾਂ ਦੇ ਵਾਸਤੇ ਪ੍ਰਾਣਦੰਡ ਦੇਣ ਦੇ ਲਈ ਕੁਖਿਆਤ ਉਸਦਾ ਕਾਨੂੰਨ (ਡਰੈਕੋਨੀਅਨ ਲਾਅ) ਅੱਜ ਵੀ ਅਜਿਹੇ ਕਾਲੇ ਕਾਨੂੰਨਾਂ ਦੇ ਲਈ ਮੁਹਾਵਰੇ ਵਜੋਂ ਵਰਤਿਆ ਜਾਂਦਾ ਹੈ।*

ਪੰਨਾ 112 (85)

**ਇਨਸਾਫ਼ (ਨਿਆਂ)** : ਰਾਜ ਦੀ ਭੌਤਿਕ ਤਾਕਤ ਦੇ ਰਾਹੀਂ ਇੱਕ ਰਾਜਨੀਤਕ ਸਮੁਦਾਇ ਦੇ ਅੰਦਰ ਅਧਿਕਾਰ ਬਣਾਈ ਰੱਖਣਾ।

ਇਸਨੇ ਉਸ ਵਿਅਕਤੀਗਤ ਬਦਲੇ ਦਾ ਸਥਾਨ ਲੈ ਲਿਆ ਹੈ, ਜਦੋਂ ਲੋਕ ਗਲਤੀਆਂ ਦਾ ਬਦਲਾ ਖੁਦ ਜਾਂ ਆਪਣੇ ਦੋਸਤਾਂ-ਮਿੱਤਰਾਂ ਦੇ ਸਹਿਯੋਗ ਨਾਲ ਲਿਆ ਕਰਦੇ ਸਨ। ਉਹਨੀ ਦਿਨੀਂ, "ਜਿਸਦੀ ਲਾਠੀ ਉਸਦੀ ਭੈਂਸ" ਦਾ ਸਿਧਾਂਤ ਕੰਮ ਕਰਦਾ ਸੀ।

## ਦੀਵਾਨੀ ਫੌਜਦਾਰੀ ਨਿਆਂ :

ਨਾਗਰਿਕ ਨਿਆਂ ਅਧਿਕਾਰ ਲਾਗੂ ਕਰਦਾ ਹੈ। ਫੌਜਦਾਰੀ ਨਿਆਂ ਗਲਤੀਆਂ ਦੇ ਲਈ ਸਜ਼ਾ ਦਿੰਦਾ ਹੈ।

ਇੱਕ ਆਦਮੀ ਆਪਣੇ ਬਕਾਏ ਦਾ, ਜਾਂ ਉਸ ਤੋਂ ਗਲਤ ਢੰਗ ਨਾਲ ਦੱਬ ਲਈ ਗਈ ਸੰਪਤੀ (ਜਾਇਦਾਦ) ਨੂੰ ਫਿਰ ਤੋਂ ਵਾਪਸ ਲੈਣ ਦਾ ਦਾਅਵਾ ਕਰਦਾ ਹੈ। ਇਹ ਦੀਵਾਨੀ (ਨਿਆਂ ਦਾ ਮਾਮਲਾ) ਹੈ।

ਫੌਜਦਾਰੀ ਦੇ ਮਾਮਲੇ ਵਿੱਚ, ਪ੍ਰਤੀਵਾਦੀ ਉੱਪਰ ਗਲਤ ਕਰਨ ਦਾ ਦੋਸ਼ ਲੱਗਿਆ ਹੁੰਦਾ ਹੈ। ਅਦਾਲਤ ਇਸ ਮੁਜਲਿਮ ਨੂੰ ਕਰਤੱਵ ਦੀ ਅਵੱਗਿਆ (ਨਾ ਪਾਲਣਾ) ਦੇ ਜੁਰਮ ਵਿੱਚ ਅਤੇ ਅਧਿਕਾਰ ਦੇ ਉਲੰਘਣ ਦੇ ਜੁਰਮ ਵਿੱਚ ਸਜ਼ਾ ਦਿੰਦੀ ਹੈ, ਜਿਸ ਵਿੱਚ ਜੇ ਕਤਲ ਦਾ ਜੁਰਮ ਹੈ ਤਾਂ ਫਾਂਸੀ ਅਤੇ ਜੇ ਚੋਰੀ ਦਾ ਜੁਰਮ ਹੈ ਤਾਂ ਜੇਲ੍ਹ ਦੀ ਸਜ਼ਾ ਦਿੰਦੀ ਹੈ।

{ ਪੰਨਾ 113 (86) }

ਦੀਵਾਨੀ ਅਤੇ ਫੌਜਦਾਰੀ, ਦੋਨਾਂ ਹੀ ਕਿਸਮਾਂ ਦੀਆਂ ਕਾਰਵਾਈਆਂ ਵਿੱਚ ਗਲਤੀ ਦੀ ਸ਼ਿਕਾਇਤ ਦਰਜ ਕੀਤੀ ਜਾਂਦੀ ਹੈ।

ਦੀਵਾਨੀ (ਕਾਰਵਾਈ) ਵਿੱਚ ਅਧਿਕਾਰ ਦਾ ਦਾਅਵਾ ਕੀਤਾ ਜਾਂਦਾ ਹੈ।

**ਫੌਜਦਾਰੀ** (ਕਾਰਵਾਈ) ਵਿੱਚ ਗਲਤੀ ਦਾ ਦੋਸ਼ ਲਾਇਆ ਜਾਂਦਾ ਹੈ।

**ਦੀਵਾਨੀ** ਨਿਆਂ ਦਾ ਸਰੋਕਾਰ, ਮੁੱਖ ਤੌਰ ਤੇ, ਮੁੱਦਈ ਅਤੇ ਉਸਦੇ ਅਧਿਕਾਰਾਂ ਨਾਲ ਹੁੰਦਾ ਹੈ।

**ਫੌਜਦਾਰੀ** (ਨਿਆਂ) ਦਾ ਮੁੱਢਲਾ (ਦੋਸ਼ੀ) ਅਤੇ ਉਸ ਉੱਪਰ ਲੱਗੇ ਦੋਸ਼ ਨਾਲ

-------o-------

## ਫੌਜਦਾਰੀ ਨਿਆਂ ਦਾ ਉਦੇਸ਼

**ਸਜ਼ਾ :**

ਇਹ ਨਿਰਪੇਖ ਅਪਰਾਧ ਕਰਤਾਵਾਂ ਜਿਵੇਂ ਰਾਜਨੀਤਕ ਵਿਅਕਤੀਆਂ ਦੇ ਮਾਮਲੇ ਵਿੱਚ ਉਪਯੋਗੀ ਨਹੀਂ ਹੋ ਸਕਦੀ। ਇਹ ਉਹਨਾਂ ਦੇ ਲਈ ਇੱਕ ਬੁਰਾ ਸੌਦਾ ਸਿੱਧ ਹੋ ਸਕਦੀ ਹੈ।

1. **ਨਿਵਾਰਕ** : ਕਾਨੂੰਨ ਦਾ ਪ੍ਰਮੁੱਖ ਉਦੇਸ਼ ਦੋਸ਼ੀ ਵਿਅਕਤੀ ਨੂੰ ਇੱਕ ਨਜ਼ੀਰ (ਦ੍ਰਿਸ਼ਟਾਂਤ ਮਿਸਾਲ) ਉਦਾਹਰਣ ਬਣਾਉਣਾ ਅਤੇ ਉਸ ਵਰਗੇ ਹੋਰ ਸਾਰੇ ਵਿਅਕਤੀਆਂ ਨੂੰ ਚੇਤਾਵਨੀ ਦੇਣਾ ਹੈ। ਇਹ ਹਰ ਇੱਕ ਅਪਰਾਧ ਕਰਤਾ ਦੀ ਇੱਕ ਦੁਰਭਾਵਨਾ ਸਿੱਧ ਕਰਦਾ ਹੈ। (ਇਰਾਦਾ ਤਬਦੀਲੀ)

2. **ਨਿਰੋਧਕ** : ਦੂਜੇ ਮਾਮਲੇ ਵਿੱਚ ਇਹ ਨਿਰੋਧਕ ਜਾਂ ਅਯੋਗ ਸਿੱਧ ਕਰਨ ਵਾਲਾ ਹੈ। ਇਸਦਾ ਖਾਸ ਉਦੇਸ਼ ਅਪਰਾਧ ਕਰਤਾ (ਮੁਜਰਿਮ) ਨੂੰ ਨਾਕਾਮ ਕਰਕੇ ਮੁੜ (ਦੋਬਾਰਾ) ਗਲਤ ਕੰਮ ਕਰਨ ਤੋਂ ਰੋਕਣਾ ਹੈ।

**ਪ੍ਰਾਣਦੰਡ ਦੀ ਉਚਿੱਤਤਾ :** ਅਸੀਂ ਕਾਤਲਾਂ ਨੂੰ ਫਾਂਸੀ ਸਿਰਫ਼ ਇਸ ਕਰਕੇ ਨਹੀਂ ਦਿੰਦੇ ਕਿ ਇਹ ਹੋਰਨਾਂ ਨੂੰ (ਕਤਲ ਕਰਨ ਤੋਂ) ਰੋਕਦੀ ਹੈ, ਬਲਕਿ ਉਸੇ ਕਾਰਨ ਤੋਂ, ਜਿਸ ਕਾਰਨ ਤੋਂ ਅਸੀਂ ਉਦਾਹਰਣ ਦੇ ਵਾਸਤੇ, ਸੱਪ ਨੂੰ ਮਾਰ ਦਿੰਦੇ ਹਾਂ, ਕਿਉਂਕਿ ਸਾਡੇ ਲਈ ਇਹ ਹੀ ਬੇਹਤਰ ਹੈ ਕਿ ਉਹ ਇਸ ਦੁਨੀਆ ਵਿੱਚ ਰਹਿਣ ਦੀ ਥਾਵੇਂ ਇਸ ਤੋਂ ਬਾਹਰ ਹੋ ਜਾਣ।

3. **ਸੁਧਾਰਾਤਮਕ** : ਅਪਰਾਧ ਚਰਿੱਤਰ ਦੇ ਉੱਪਰ ਇਰਾਦਿਆਂ ਦੇ ਪ੍ਰਭਾਵ ਤੋਂ ਕੀਤੇ ਜਾਂਦੇ ਹਨ, ਅਤੇ ਉਹ ਜਾਂ ਤਾਂ ਇਰਾਦਿਆਂ ਦੇ ਬਦਲਾਉ ਨਾਲ ਜਾਂ ਚਰਿੱਤਰ ਦੇ ਬਦਲਾਉ ਨਾਲ ਰੋਕੇ ਜਾ ਸਕਦੇ ਹਨ।

ਨਿਵਾਰਕ ਸਜ਼ਾ ਪਹਿਲੇ ਮਾਮਲੇ ਵਿੱਚ ਦਿੱਤੀ ਜਾਂਦੀ ਹੈ। (ਕੁੱਝ ਸ਼ਬਦ ਅਸਪਸ਼ਟ ਸੰ.) ਜਦੋਂ ਸੁਧਾਰਾਤਮਕ (ਸਜ਼ਾ) ਦੂਸਰੇ ਮਾਮਲੇ ਵਿੱਚ ਦਿੱਤੀ ਜਾਂਦੀ ਹੈ।

ਪੰਨਾ 114 (87)

"ਸੁਧਾਰਾਤਮਕ ਸਿਧਾਂਤ" ਦੇ ਪੈਰੋਕਾਰ ਸਜ਼ਾ ਦੇ ਸਿਰਫ਼ ਉਹਨਾਂ ਹੀ ਰੂਪਾਂ ਦੀ ਹਿਮਾਇਤ ਕਰਦੇ ਹਨ, ਜੋ ਅਪਰਾਧੀ ਦੀ ਸਿੱਖਿਆ ਅਤੇ ਉਸਨੂੰ ਅਨੁਸ਼ਾਸਿਤ ਕਰਨ ਦੇ ਵਾਸਤੇ ਹਿਤਕਾਰੀ ਹੁੰਦੇ ਹਨ, ਅਤੇ ਬਾਕੀ ਸਾਰੀਆਂ (ਸਜ਼ਾਵਾਂ) ਨੂੰ ਨਾ ਮੰਨਣਯੋਗ ਠਹਿਰਾਉਂਦੇ ਹਨ। ਜੋ ਲਾਭਕਾਰੀ ਤੌਰ ਤੇ ਸਿਰਫ਼ ਨਿਵਾਰਕ ਜਾਂ ਅਯੋਗਕਾਰੀ (ਹੁੰਦੀਆਂ ਹਨ)। ਉਹਨਾਂ ਦੀ ਦ੍ਰਿਸ਼ਟੀ ਵਿੱਚ ਮੌਤ ਕੋਈ ਢੁੱਕਵੀਂ ਸਜ਼ਾ ਨਹੀਂ ਹੈ, **"ਸਾਨੂੰ ਆਪਣੇ ਅਪਰਾਧੀਆਂ ਦਾ ਇਲਾਜ ਕਰਨਾ ਚਾਹੀਦਾ ਹੈ, ਉਹਨਾਂ ਦਾ ਕਤਲ ਨਹੀਂ।"** ਕੁੱਟਣਾ ਜਾਂ ਹੋਰ ਸਰੀਰਕ ਸਜ਼ਾਵਾਂ ਬਰਬਰਤਾ (ਹੈਵਾਨੀਅਤ) ਦੀ ਨਿਸ਼ਾਨੀ ਆਖਦੇ ਨਿੰਦੀਆਂ ਜਾਂਦੀਆਂ ਹਨ। ਉਹ ਅਜਿਹੀਆਂ ਸਜ਼ਾਵਾਂ ਨੂੰ ਸਜ਼ਾ ਭੁਗਤਣ ਵਾਲੇ ਅਤੇ ਸਜ਼ਾ ਦੇਣ ਵਾਲੇ ਦੋਵਾਂ ਨੂੰ ਹੀ ਨੀਵਾਂ ਡੇਗਣ ਵਾਲੀਆਂ ਅਤੇ ਵਹਿਸ਼ੀ (ਕਰੂਰ) ਮੰਨਦੇ ਹਨ।

ਕਠੋਰ ਸਜ਼ਾ ਦਾ ਨੀਤਜਾ। ਅਪਰਾਧੀਆਂ ਦਾ ਖਤਰਨਾਕ ਅਤੇ ਹਿੰਮਤੀ ਵਰਗ ਪੈਦਾ ਹੋ ਜਾਂਦਾ ਹੈ।

ਰਾਜ ਦੀ ਬਲ ਪ੍ਰਯੋਗ ਦੀ ਕਾਰਵਾਈ ਜਿੰਨੀ ਸਮਰੱਥ ਹੁੰਦੀ ਹੈ, ਉਹ ਸਾਰੇ ਆਮ ਮਨੁੱਖਾਂ ਨੂੰ ਖਤਰਨਾਕ ਰਾਹਾਂ (ਉੱਪਰ ਜਾਣ) ਤੋਂ ਰੋਕਣ ਵਿੱਚ ਉਨੀ ਹੀ ਸਫ਼ਲ ਹੁੰਦੀ ਹੈ। ਲੇਕਿਨ ਕਾਨੂੰਨ ਤੋੜਨ ਵਾਲਿਆਂ ਵਿੱਚ ਪਤਨ (ਗਿਰਾਵਟ) ਦਾ ਅਨੁਪਾਤ ਵੀ ਓਨਾ ਵੱਧ ਹੁੰਦਾ ਹੈ।

## 4. ਪ੍ਰਤੀਕਾਤਮਕ ਸਜ਼ਾ :

ਸਭ ਤੋਂ ਵੱਧ ਭਿਅੰਕਰ ਸਿਧਾਂਤ। ਅਜਿਹੀ ਸੋਚ ਰੱਖਣ ਵਾਲੇ ਲੋਕੀਂ ਵਾਸਤਵ ਵਿੱਚ ਪ੍ਰਾਚੀਨ ਅਤੇ ਸੱਭਿਅਤਾਪੂਰਣ ਯੁੱਗਾਂ ਦੇ ਵਹਿਸ਼ੀਪੁਣੇ ਦੀ ਮਨੋਸਥਿਤੀਆਂ ਦੇ ਹਮਾਇਤੀ ਹੁੰਦੇ ਹਨ।[1]

*1. ਹਾਸ਼ੀਏ ਉੱਤੇ ਲਿਖਿਆ ਹੋਇਆ*

ਇਹ ਬਦਲੇ ਦੀ ਸੁਭਾਵਿਕ ਪ੍ਰਬਿਰਤੀ ਨੂੰ ਸੰਤੁਸ਼ਟ ਕਰਦੀ ਹੈ, ਜੋ ਸਿਰਫ਼ ਗਲਤੀ ਦਾ ਸ਼ਿਕਾਰ ਹੋਏ ਵਿਅਕਤੀ ਵਿੱਚ ਹੀ ਨਹੀਂ ਮੌਜੂਦ ਰਹਿੰਦੀ, ਬਲਕਿ ਵਿਆਪਕ ਪੈਮਾਨੇ ਤੇ ਸਮਾਜ ਵਿੱਚ ਉਸਦੇ ਪ੍ਰਤੀ ਹਮਦਰਦੀ ਦੇ ਰੂਪ ਵਿੱਚ ਵੀ ਮੌਜੂਦ ਰਹਿੰਦੀ ਹੈ।

ਇਸ ਦ੍ਰਿਸ਼ਟੀਕੋਣ ਦੇ ਅਨੁਸਾਰ ਇਹ ਸਹੀ ਅਤੇ ਉਚਿੱਤ ਹੈ ਕਿ ਬੁਰਾਈ ਦਾ ਬਦਲਾ ਬੁਰਾਈ ਨਾਲ ਲਿਆ ਜਾਵੇ। ਅੱਖ ਦੇ ਬਦਲੇ ਅੱਖ ਅਤੇ ਦੰਦ ਦੇ ਬਦਲੇ ਦੰਦ, ਪ੍ਰਾਕਿਰਤਕ ਨਿਆਂ ਦਾ ਇੱਕ ਸਿੱਧਾ ਅਤੇ ਆਪਣੇ ਆਪ ਵਿੱਚ ਮੁਕੰਮਲ ਨਿਯਮ ਮੰਨਿਆ ਜਾਂਦਾ ਹੈ। **ਸਜ਼ਾ ਖੁਦ ਇੱਕ ਮਕਸਦ ਬਣ ਜਾਂਦੀ ਹੈ।**

ਪੰਨਾ 115 (88)

**ਸਜ਼ਾ ਇੱਕ ਬੁਰਾਈ** :

ਸਜ਼ਾ ਆਪਣੇ ਆਪ ਵਿੱਚ ਇੱਕ ਬੁਰਾਈ ਹੈ, ਅਤੇ ਇਸਨੂੰ ਸਿਰਫ਼ ਇੱਕ ਮਹੱਤਵਪੂਰਣ ਉਦੇਸ਼ ਦੀ ਪ੍ਰਾਪਤੀ ਦੇ ਸਾਧਨ ਦੇ ਤੌਰ ਤੇ ਹੀ ਉਚਿੱਤ ਠਹਿਰਾਇਆ ਜਾ ਸਕਦਾ ਹੈ।

ਲੇਕਿਨ ਪ੍ਰਤੀਕਾਤਮਕ ਸਿਧਾਂਤ ਦੇ ਸਮਰਥਕ ਇਸ ਢੰਗ ਨਾਲ ਦਲੀਲ ਦਿੰਦੇ ਹਨ:

"ਦੋਸ਼ ਧਨ ਸਜ਼ਾ ਬਰਾਬਰ ਨਿਰਦੋਸ਼ਤਾ।"

"ਉਸਨੇ ਇਨਸਾਫ਼ ਦੇ ਕਾਨੂੰਨ ਦੀ ਜਿਸ ਗਲਤੀ ਰਾਹੀਂ ਉਲੰਘਣਾ ਕੀਤੀ ਹੈ, ਉਸ ਨਾਲ ਉਸ ਉੱਤੇ ਇੱਕ ਕਰਜ਼ਾ ਲੱਦਿਆ ਗਿਆ ਹੈ। ਇਸ ਕਰਕੇ ਇਨਸਾਫ਼ ਦਾ ਤਕਾਜਾ ਹੈ ਕਿ ਉਹ ਕਰਜਾ ਭੁਗਤਾ ਦਿੱਤਾ ਜਾਵੇ -- ਸਜ਼ਾ ਦਾ ਪਹਿਲਾ ਉਦੇਸ਼ ਭੰਗ ਕੀਤੇ ਗਏ ਕਾਨੂੰਨ ਨੂੰ ਸੰਤੁਸ਼ਟ ਕਰਨਾ ਹੈ।"

-------o-------

***Peine forte et dure :*** ਤਸੀਹੇ ਦੇ ਕੇ ਮੌਤ...... ਜਿਸਦਾ ਫੈਸਲਾ ਨਿਮਨਲਿਖਤ ਰੂਪ ਵਿੱਚ ਦਿੱਤਾ ਗਿਆ ਹੈ।

"ਕਿ ਤੁਹਾਨੂੰ ਫੇਰ ਉਸੇ ਜੇਲ੍ਹ ਵਿੱਚ ਵਾਪਸ ਲੈ ਜਾਇਆ ਜਾਵੇ ਜਿੱਥੋਂ ਤੁਸੀਂ ਆਏ ਸੀ। ਯਾਨੀ ਕਿ ਉਸ ਲੰਬੀ ਕਾਲ ਕੋਠੜੀ ਵਿੱਚ, ਜਿਸਦੇ ਅੰਦਰ ਕੋਈ ਰੌਸ਼ਨੀ ਨਾ ਜਾ ਸਕੇ, ਫੇਰ ਤੁਹਾਨੂੰ ਉਥੇ ਨੰਗੀ ਫਰਸ਼ ਉੱਤੇ ਪਿੱਠ ਪਰਨੇ ਲਿਟਾਇਆ ਜਾਵੇ, ਸਿਰਫ਼ ਤੁਹਾਡੇ ਲੱਕ ਦੁਆਲੇ ਹੀ ਕੱਪੜਾ ਲਪੇਟਿਆ ਰਹੇ, ਜਦੋਂ ਕਿ ਬਾਕੀ ਸਾਰਾ ਸਰੀਰ ਨੰਗਾ ਰਹੇ, ਕਿ ਤੁਹਾਡੇ ਸਰੀਰ ਉੱਤੇ ਲੋਹੇ ਦਾ ਇੱਕ ਐਨਾ ਭਾਰਾ ਬੋਝ ਰੱਖਿਆ ਜਾਵੇ ਜਿੰਨਾ ਕਿ ਤੁਸੀਂ ਸਹਾਰ ਸਕੋ, ਅਤੇ ਫੇਰ ਉਸ ਤੋਂ ਵੀ ਵੱਧ ਭਾਰਾ, ਕਿ ਤੁਹਾਨੂੰ ਪਹਿਲੇ ਦਿਨ ਖਾਣ ਦੇ ਵਾਸਤੇ ਮੋਟੀਆਂ ਤੋਂ ਮੋਟੀਆਂ ਰੋਟੀਆਂ ਦੇ ਸਿਵਾਏ, ਹੋਰ ਕੋਈ ਚੀਜ਼ ਨਾ ਦਿੱਤੀ ਜਾਵੇ, ਦੂਜੇ ਦਿਨ ਜੇਲ੍ਹ ਦੇ ਫਾਟਕ ਦੇ ਸਭ ਤੋਂ ਨੇੜੇ ਦੇ ਟੋਏ ਵਿੱਚ ਇਕੱਠੇ ਹੋਏ ਪਾਣੀ ਦੀਆਂ ਤਿੰਨ ਘੁੱਟਾਂ ਦਿੱਤੀਆਂ ਜਾਣ, ਤੀਜੇ ਦਿਨ ਫੇਰ ਪਹਿਲਾਂ ਵਰਗਾ ਹੀ ਖਾਣਾ ਦਿੱਤਾ ਜਾਵੇ, ਅਤੇ ਅਜਿਹੀਆਂ ਰੋਟੀਆਂ ਅਤੇ ਅਜਿਹਾ ਪਾਣੀ ਇੱਕ-ਇੱਕ ਦਿਨ ਛੱਡਕੇ ਉਦੋਂ ਤੱਕ ਦਿੱਤਾ ਜਾਵੇ, ਜਦੋਂ ਤੱਕ ਕਿ ਤੁਸੀਂ ਮਰ ਨਾ ਜਾਵੋ।" [1]

**ਇਹ ਸਜ਼ਾ ਔਰਤ-ਮਰਦ ਦੋਵਾਂ ਨੂੰ ਸਮਾਨ ਰੂਪ ਵਿੱਚ ਉਹਨਾਂ ਸਾਰੀਆਂ ਕਿਸਮਾਂ ਦੇ ਜ਼ੁਰਮਾਂ ਦੇ ਵਾਸਤੇ ਦਿੱਤੀ ਗਈ ਜੋ ਗੈਰ ਮਾਮੂਲੀ ਨਹੀਂ ਸਨ।**[2]

*1. ਸਰੋਤ ਦਾ ਪਤਾ ਨਹੀਂ 2. ਹਾਸ਼ੀਏ ਉੱਤੇ ਨੋਟ ਕੀਤਾ ਗਿਆ ਅਤੇ ਰੇਖਾਂਕਿਤ*

ਪੰਨਾ 116 (89)

**ਬਦੇਸ਼ੀ ਗੁਲਾਮੀ :**

ਬਦੇਸ਼ੀ ਜੂਲੇ ਦੀ ਅਧੀਨਤਾ ਰਾਸ਼ਟਰਾਂ ਦੇ ਪਤਨ ਦੇ ਪ੍ਰਬਲ ਕਾਰਣਾਂ ਵੱਚੋਂ ਇੱਕ ਹੈ।

*– ਪ੍ਰੋ.ਈ.ਈ. ਰੌਸ* [1]

-------o-------

**ਲੋਕਤੰਤਰ ਦੀ ਪ੍ਰਭੁਸੱਤਾ ਅਤੇ ਵਿਦੇਸ਼ੀ ਰਾਸ਼ਟਰ :**

ਇੱਕ ਵਿਦੇਸ਼ੀ ਲੋਕਾਂ ਦੇ ਉੱਤੇ ਇੱਕ ਲੋਕਤੰਤਰ ਦੀਆਂ ਕਾਰਵਾਈਆਂ ਜਿੰਨੀਆਂ ਝਪੁੱਟਮਾਰ ਅਤੇ ਬੇਕਿਰਕ ਹੁੰਦੀਆਂ ਹਨ, ਐਨੀਆਂ ਹੋਰ ਕਿਸੇ ਵੀ ਸ਼ਾਸ਼ਨ ਦੀਆਂ ਨਹੀਂ ਹੁੰਦੀਆਂ।

*– ਲਾਲਾ ਜੀ* [2]

-------o-------

**ਵਿਆਹ :**

ਡਾ. ਟੈਗੋਰ [3] ਦੀ ਮਾਨਤਾ ਹੈ ਕਿ ਆਦਿਮ ਯੁੱਗਾਂ ਤੋਂ ਲੈ ਕੇ ਅੱਜ ਤੱਕ ਵਿਆਹ ਦੀ ਪ੍ਰਣਾਲੀ ਸਿਰਫ਼ ਭਾਰਤ ਵਿੱਚ ਹੀ ਨਹੀਂ ਬਲਕਿ ਸਾਰੀ ਦੁਨੀਆ ਵਿੱਚ ਔਰਤ ਅਤੇ ਮਰਦ ਦੇ ਸੱਚੇ ਮਿਲਣ ਦੇ ਰਾਹ ਵਿੱਚ ਇੱਕ ਰੁਕਾਵਟ (ਰੋੜਾ) ਬਣੀ ਹੋਈ ਹੈ, ਜੋ ਕਿ ਸਿਰਫ਼ ਤਾਂ ਹੀ ਸੰਭਵ ਹੈ ਜਦੋਂ ਸਮਾਜ ਐਨਾ ਸਮਰੱਥ ਹੋ ਜਾਵੇ ਕਿ ਉਹ ਔਰਤ ਨੂੰ, ਘਰ ਵਿੱਚ ਰਚਨਾਤਮਕ ਕਾਰਜ ਕਰਨ ਤੋਂ ਰੋਕੇ ਬਗੈਰ, ਉਸਦੀ ਵਿਸ਼ੇਸ਼ ਪ੍ਰਤਿਭਾ ਨੂੰ ਰਚਨਾਤਮਕ ਕਾਰਜ ਵਿੱਚ ਲਿਆਉਣ ਵਾਸਤੇ ਇੱਕ ਵਿਆਪਕ ਖੇਤਰ ਮੁਹੱਈਆ ਕਰ ਸਕੇ।

ਪੰਨਾ 117 (90)

**ਨਾਗਰਿਕ ਅਤੇ ਮਨੁੱਖ :**

ਸਪਾਰਟਾਵਾਸੀ ਪੇਡਾਕਰਟੀਜ਼ ਤਿੰਨ ਸੌ ਦੀ ਪਰੀਸ਼ਦ ਵਿੱਚ ਦਾਖਲੇ ਦੇ ਵਾਸਤੇ ਹਾਜ਼ਰ ਹੋਇਆ, ਪਰੰਤੂ ਉਸਨੂੰ ਵਾਪਸ ਮੋੜ ਦਿੱਤਾ ਗਿਆ ; ਉਹ ਇਸ ਖੁਸ਼ੀ ਵਿੱਚ ਮੁੜ ਗਿਆ ਕਿ 300 ਸਪਾਰਟਾ ਵਾਸੀ ਉਸ ਨਾਲੋਂ ਬੇਹਤਰ ਤਾਂ ਸਨ। ਮੈਂ ਸਮਝਦਾ ਹਾਂ ਕਿ ਇਸ ਵਿੱਚ ਸੰਦੇਹ ਦੀ ਕੋਈ ਗੁੰਜਾਇਸ਼ ਨਹੀਂ ਕਿ ਉਹ ਸੱਚਾ ਸੀ।

ਉਹ ਇੱਕ ਸੱਚਾ ਨਾਗਰਿਕ ਸੀ।

*1. ਅਗਿਆਤ*

*2. ਲਾਲਾ ਲਾਜਪਤ ਰਾਏ (1865-1928) ਲਾਹੌਰ ਵਿੱਚ ਸਾਈਮਨ ਕਮਿਸ਼ਨ ਦਾ ਵਿਰੋਧ ਕਰਨ ਤੇ ਬ੍ਰਿਟਿਸ਼ ਪੁਲਿਸ ਨੇ ਵਹਿਸ਼ੀਆਨਾ ਲਾਠੀ ਚਾਰਜ ਕੀਤਾ, ਅਤੇ ਏਸੇ ਦੌਰਾਨ ਲੱਗੀ ਘਾਤਕ ਚੋਟ ਦੇ ਫਲਸਰੂਪ ਬਾਦ ਵਿੱਚ ਲਾਲਾ ਜੀ ਦੀ ਮੌਤ ਹੋ ਗਈ। ਉਹਨਾਂ ਦੀ ਮੌਤ ਅਤੇ ਪੰਜਾਬ ਦੇ ਅਪਮਾਨ ਦਾ ਬਦਲਾ ਲੈਣ ਦੇ ਵਾਸਤੇ ਭਗਤ ਸਿੰਘ ਅਤੇ ਉਹਨਾਂ ਦੇ ਇਨਕਲਾਬੀ ਸਾਥੀਆਂ ਨੇ ਬ੍ਰਿਟਿਸ਼ ਪੁਲਿਸ ਅਫਸਰ ਸਾਂਡਰਸ ਦੀ ਗੋਲੀ ਮਾਰਕੇ ਹੱਤਿਆ ਕਰ ਦਿੱਤੀ।*

*3. ਰਵਿੰਦਰ ਨਾਥ ਠਾਕੁਰ*

ਇੱਕ ਸਪਾਰਟਾ ਵਾਸੀ ਮਾਂ ਦੇ ਪੰਜ ਪੁੱਤ ਫੌਜ ਵਿੱਚ ਸਨ। ਇੱਕ ਗੁਲਾਮ ਆਇਆ। ਕੰਬਦੇ ਹੋਇਆਂ ਉਸਨੇ ਹਾਲਚਾਲ ਪੁੱਛਿਆ। "ਤੇਰੇ ਪੰਜੇ ਪੁੱਤ ਮਾਰ ਦਿੱਤੇ ਗਏ।"

"ਤੁੱਛ ਗੁਲਾਮ, ਕੀ ਤੇਰੇ ਕੋਲੋਂ ਮੈਂ ਇਹ ਪੁੱਛਿਆ ਸੀ ?"

"ਅਸੀਂ ਜਿੱਤ ਹਾਸਿਲ ਕਰ ਲਈ ਹੈ।" ਉਹ ਦੇਵਤਿਆਂ ਦਾ ਧੰਨਵਾਦ ਕਰਨ ਲਈ ਭੱਜਕੇ ਮੰਦਰ ਵਿੱਚ ਜਾ ਵੜੀ।

ਉਹ ਇੱਕ ਸੱਚੀ ਨਾਗਰਿਕ ਸੀ।

*– ਏਮਿਲੀ, ਪੰ. 8*[1]

-------o-------

## ਜੀਵਨ ਅਤੇ ਸਿੱਖਿਆ :

ਲੋਕ ਸਿਰਫ਼ ਆਪਣੇ ਬੱਚੇ ਦੀ ਜ਼ਿੰਦਗੀ ਦੀ ਸਲਾਮਤੀ ਦੇ ਹੀ ਬਾਰੇ ਸੋਚਦੇ ਰਹਿੰਦੇ ਹਨ, ਪਰੰਤੂ ਐਨਾ ਹੀ ਕਾਫ਼ੀ ਨਹੀਂ ਹੈ, ਅਗਰ ਉਹ ਇਨਸਾਨ ਹੈ ਤਾਂ ਉਸਨੂੰ ਖੁਦ ਵੀ ਆਪਣੀ ਜ਼ਿੰਦਗੀ ਦੀ ਸਲਾਮਤੀ ਸੰਬੰਧੀ ਸਿੱਖਿਅਤ ਹੋਣਾ ਜ਼ਰੂਰੀ ਹੈ, ਤਾਂਕਿ ਉਹ ਕਿਸਮਤ ਦੇ ਥੱਪੜਾਂ ਨੂੰ ਸਹਿ ਸਕੇ। ਸੰਪਦਾ ਅਤੇ ਗਰੀਬੀ ਦਾ ਬਹਾਦਰੀ ਨਾਲ ਟਾਕਰਾ ਕਰ ਸਕੇ, ਲੋੜ ਪੈਣ ਤੇ ਆਈਸਲੈਂਡ ਦੀ ਬਰਫ਼ ਦੇ ਵਿੱਚ ਜਾਂ ਮਾਲਟਾ ਦੀਆਂ ਤੱਪਦੀਆਂ ਚੱਟਾਨਾਂ ਉੱਤੇ ਨਿਵਾਸ ਕਰ ਸਕਣ। ਬੇਕਾਰ ਹੀ ਤੁਸੀਂ ਮੌਤ ਦੇ ਖਿਲਾਫ਼ ਖ਼ੈਰ ਮਨਾਉਂਦੇ ਹੋ ਉਸਨੇ ਮਰਨਾ ਤਾਂ ਹੈ ਹੀ, ਅਤੇ ਭਲੇ ਹੀ ਤੁਸੀਂ ਆਪਣੀਆਂ ਹੋਸ਼ਿਆਰੀਆਂ ਦੇ ਨਾਲ ਉਸਨੂੰ ਨਾ ਮਰਨ ਦੇਣਾ ਚਾਹੋ, ਪਰੰਤੂ ਇਹ ਇੱਕ ਭੁਲੇਖਾ (ਮੁਗਾਲਤਾ) ਹੀ ਹੈ।

**ਉਸਨੂੰ ਮੌਤ ਤੋਂ ਬਚਣ ਦੀ ਬਜਾਇ ਜਿਉਣ ਦੀ ਸਿੱਖਿਆ ਦੇਵੋ !** ਜੀਵਨ ਸਾਹ ਲੈਣਾ ਨਹੀਂ ਬਲਕਿ ਕਰਮ ਹੈ। ਆਪਣੀਆਂ ਇੰਦਰੀਆਂ ਦਾ, ਆਪਣੇ ਦਿਮਾਗ ਦਾ ਆਪਣੀਆਂ ਯੋਗਤਾਵਾਂ ਦਾ ਅਤੇ ਆਪਣੀ ਹੋਂਦ ਨੂੰ ਚੇਤਨ ਬਣਾਈ ਰੱਖਣ ਵਾਲੇ ਹਰ ਇੱਕ ਭਾਗ ਦਾ ਇਸਤੇਮਾਲ ਕਰਨਾ ਹੈ। **ਜੀਵਨ ਦਾ ਅਰਥ ਉਮਰ ਦੀ ਲੰਬਾਈ ਵਿੱਚ ਘਾਟ, ਜਿਉਣ ਦੇ ਬੇਹਤਰ ਢੰਗ ਵਿੱਚ ਵੱਧ ਹੈ।** ਇੱਕ ਆਦਮੀ ਸੌ ਵਰ੍ਹੇ ਜਿਉਣ ਦੇ ਬਾਦ ਕਬਰ ਵਿੱਚ ਜਾ ਸਕਦਾ ਹੈ, ਲੇਕਿਨ ਉਸਦਾ ਜਿਉਣਾ ਬੇਅਰਥ ਵੀ ਹੋ ਸਕਦਾ ਹੈ। ਚੰਗਾ ਹੁੰਦਾ ਕਿ ਉਹ ਜਵਾਨੀ ਵਿੱਚ ਹੀ ਮਰ ਗਿਆ ਹੁੰਦਾ।

*– ਏਮਿਲੀ ਪੰ. 10*

ਪੰਨਾ 118 (91)

ਸੱਚ : ਸੱਚ ਕੋਈ ਖਜ਼ਾਨਾ ਨਹੀਂ ਪ੍ਰਦਾਨ ਕਰਦਾ, ਅਤੇ ਜਨਤਾ ਕੋਈ ਰਾਜਦੂਤ ਜਾਂ

*1. ਏਮਿਲੀ – ਫਰਾਂਸੀਸੀ ਦਾਰਸ਼ਨਿਕ ਜਯਾ ਜਾਕ ਰੂਸੋ (1712–1778) ਦਾ ਨਾਵਲ (1762) ਜਿਸ ਵਿੱਚ ਇਹ ਸਿਧਾਂਤ ਨਿਰੂਪਿਤ ਕੀਤਾ ਗਿਆ ਹੈ ਕਿ ਬੱਚੇ ਨੂੰ ਸੱਭਿਅਤਾ ਦੇ ਬੁਰੇ ਪ੍ਰਭਾਵਾਂ ਤੋਂ ਬਚਾਉਣ ਦੇ ਵਾਸਤੇ ਕੁਦਰਤੀ ਵਾਤਾਵਰਣ ਵਿੱਚ ਵਿਕਾਸ ਦਾ ਪੂਰਣ ਮੌਕਾ ਦਿੱਤਾ ਜਾਣਾ ਚਾਹੀਦਾ ਹੈ।*

ਪ੍ਰੋਫੈਸਰ ਦਾ ਪਦ ਜਾਂ ਪੈਨਸ਼ਨ ਨਹੀਂ ਪ੍ਰਦਾਨ ਕਰਦੀ।

*– ਰੂਸੋ, 122 ਐਸ.ਸੀ.*[1]

-------o-------

## ਜੁਰਮ ਅਤੇ ਮੁਜਰਿਮ :

"...... ਰਟੀਆਂ ਰਟਾਈਆਂ ਧਾਰਨਾਵਾਂ ਦੇ ਕੇ ਜੁਰਮ ਨੂੰ ਸਮਝਾਇਆ ਨਹੀਂ ਜਾ ਸਕਦਾ। ਲੋਕ ਇੰਝ ਸੋਚਦੇ ਹਨ ਉਸ ਨਾਲੋਂ ਇਸਦਾ ਫਲਸਫਾ ਕੁੱਝ ਵੱਧ ਹੀ ਗੁੰਝਲਦਾਰ ਹੈ। ਇਹ ਤਾਂ ਮੰਨੀ ਹੋਈ ਗੱਲ ਹੈ ਕਿ ਨਾ ਕੋਈ ਕੈਦ, ਨਾ ਕੋਈ ਕਾਲ ਕੋਠੜੀ ਅਤੇ ਨਾ ਕੋਈ ਕਠੋਰ ਮੁਸ਼ੱਕਤ ਦੀ ਪ੍ਰਣਾਲੀ ਹੀ ਕਿਸੇ ਮੁਜਰਿਮ ਨੂੰ ਸੁਧਾਰ ਸਕਦੀ ਹੈ। ਦੰਡ–ਵਿਧਾਨ ਦੇ ਇਹ ਰੂਪ ਸਿਰਫ਼ ਉਸਨੂੰ ਦੰਡਿਤ ਕਰਦੇ ਹਨ ਅਤੇ ਸਮਾਜ ਨੂੰ ਇਹ ਯਕੀਨ ਦਿਵਾਉਂਦੇ ਹਨ ਕਿ ਉਹ ਹੋਰ ਜੁਰਮ ਨਹੀਂ ਕਰੂਗਾ। ਕੈਦ, ਨਿਯਮ ਵਿਧਾਨ ਅਤੇ ਕਠੋਰ ਤੋਂ ਕਠੋਰ ਮੁਸ਼ੱਕਤ ਉਸ ਉੱਤੇ ਕੋਈ ਅਸਰ ਨਹੀਂ ਪਾ ਸਕਦੇ, ਸਿਵਾਏ ਇਸਦੇ ਕਿ ਅਜਿਹੇ ਵਿਅਕਤੀ ਵਿੱਚ ਇੱਕ ਭਾਰੀ ਨਫ਼ਰਤ, ਵਰਜਿਤ ਕੰਮ ਨੂੰ ਹੋਰ ਚਾਅ ਨਾਲ ਕਰਨ ਦੀ ਇੱਕ ਲਲਕ, ਅਤੇ ਇੱਕ ਖੌਫਨਾਕ ਨਾ ਫਰਮਾਨੀ ਹੀ ਵਿਕਸਤ ਹੋ ਜਾਂਦੀ ਹੈ। ਇਸ ਲਈ ਮੇਰੀ ਪੱਕੇ ਤੌਰ ਤੇ ਇਹ ਮਾਨਤਾ ਹੈ ਕਿ ਇਹ ਕਾਲ ਕੋਠੜੀ ਵਾਲੀ ਪਰੰਪਰਾਗਤ ਪ੍ਰਣਾਲੀ ਦਿਖਾਵਟੀ ਅਤੇ ਕਪਟ ਪੂਰਣ ਨਤੀਜੇ ਹੀ ਕੱਢਦੀ ਹੈ। ਇਹ ਮੁਜਰਿਮ ਕੋਲੋਂ ਉਸਦੀ ਤਾਕਤ ਨਿਚੋੜ ਲੈਂਦੀ ਹੈ, ਉਸਨੂੰ ਬਲਹੀਣ ਬਣਾਕੇ ਅਤੇ ਡਰਾ ਕੇ ਉਸਦੀ ਆਤਮਾ ਤੇਜ਼ਹੀਣ ਕਰ ਸੁੱਟਦੀ ਹੈ, ਅਤੇ ਇਸ ਤਰ੍ਹਾਂ ਅੰਤ ਨੂੰ ਉਸਨੂੰ ਪਸ਼ਚਾਤਾਪ ਅਤੇ ਸੁਧਾਰ ਦੇ ਇੱਕ ਨਮੂਨੇ ਵਜੋਂ, ਇੱਕ ਬੇਜਾਨ ਯਾਦਗਾਰ ਦੇ ਰੂਪ ਵਿੱਚ ਹੀ ਪ੍ਰਸਤੁਤ ਕਰਦੀ ਹੈ।

*ਦਾ ਹਾਊਸ ਆਫ਼ ਡੈਡ ਪੰ. 17*
*ਫੋਦੋਰ ਦੋਸਤੋਵਸਕੀ*[2]

ਪੰਨਾ 119 (92)

## ਇੱਛਾ ਬਨਾਮ ਸੰਤੁਸ਼ਟੀ !

ਜੇਕਰ ਇੱਕ ਚੇਤਨ ਪ੍ਰਾਣੀ ਦੀਆਂ ਸ਼ਕਤੀਆਂ ਉਸਦੀਆਂ ਇੱਛਾਵਾਂ ਦੇ ਬਰਾਬਰ ਹੁੰਦੀਆਂ ਤਾਂ ਉਹ ਪੂਰੀ ਤਰ੍ਹਾਂ ਸੁਖੀ ਹੁੰਦਾ। ਲੇਕਿਨ ਆਪਣੀਆਂ ਇੱਛਾਵਾਂ ਨੂੰ ਸੀਮਤ ਕਰਨਾ ਹੀ ਕਾਫ਼ੀ ਨਹੀਂ ਹੈ, ਕਿਉਂਕਿ ਜੇਕਰ ਉਹ ਸਾਡੀਆਂ ਸ਼ਕਤੀਆਂ ਤੋਂ ਘੱਟ ਹਨ, ਤਾਂ ਸਾਡੀਆਂ ਯੋਗਤਾਵਾਂ ਦਾ ਇੱਕ ਅੰਸ਼ ਉਂਝ ਹੀ ਬੇਕਾਰ ਚਲਿਆ ਜਾਵੇਗਾ, ਅਤੇ ਤਾਂ ਅਸੀਂ ਆਪਣੇ ਪੂਰੇ ਅਸਤਿੱਤਵ ਦਾ ਅਨੰਦ ਵੀ ਨਹੀਂ ਲੈ ਸਕਾਂਗੇ। ਇਸੀ ਤਰ੍ਹਾਂ, ਆਪਣੀਆਂ ਸ਼ਕਤੀਆਂ

*1. ਰੂਸੋ ਦੀ ਪੁਸਤਕ "ਸ਼ੋਸ਼ਲ ਕੰਟਰੈਕਟ" ਇਸ ਵਿੱਚ ਇੱਕ ਅਜਿਹੇ ਆਦਰਸ਼ ਰਾਜ ਦਾ ਵਰਨਣ ਪੇਸ਼ ਕੀਤਾ ਗਿਆ ਹੈ ਜਿਸ ਵਿੱਚ ਪ੍ਰਭੂਸੱਤਾ ਪੂਰੀ ਜਨਤਾ ਵਿੱਚ ਵਿਦਮਾਨ ਹੁੰਦੀ ਹੈ। ਉਸਦੇ ਵਿਚਾਰ 1789 ਦੀ ਫਰਾਂਸੀਸੀ ਇਨਕਲਾਬ ਦੀ ਇੱਕ ਮਹੱਤਵਪੂਰਣ ਪ੍ਰੇਰਣਾ ਸ਼ਕਤੀ ਬਣੇ।*

*2. ਫਿਓਦੋਰ ਮਿਥਾਈਲੋਵਿਚ ਦੋਸਤੋਵਸਕੀ (1821–1881) ਦਾ ਨਾਵਲ 'ਦਾ ਹਾਊਸ ਆਫ਼ ਡੈਡ' ਜੋ ਖੁਦ ਉਹਨਾਂ ਦੇ ਜੇਲ੍ਹ ਦੇ ਅਨੁਭਵਾਂ ਦੇ ਆਧਾਰ ਤੇ 1861 ਵਿੱਚ ਲਿਖਿਆ ਗਿਆ।*

ਦਾ ਮਹਿਜ ਵਿਸਤਾਰ ਵੀ ਕਾਫ਼ੀ ਨਹੀਂ ਹੈ, ਕਿਉਂਕਿ ਜੇ ਸਾਡੀਆਂ ਇੱਛਾਵਾਂ ਵੀ ਵਧ ਜਾਣ, ਤਾਂ ਫੇਰ ਅਸੀਂ ਹੋਰ ਦੁਖੀ ਹੋ ਜਾਵਾਂਗੇ। ਸੱਚਾ ਸੁਖ ਤਾਂ ਆਪਣੀਆਂ ਇੱਛਾਵਾਂ ਅਤੇ ਆਪਣੀਆਂ ਸ਼ਕਤੀਆਂ ਦੇ ਵਿਚਾਲੇ ਅੰਤਰ ਨੂੰ ਘਟਾਉਂਦੇ ਜਾਣ ਵਿੱਚ ਨਿਹਿਤ ਹੈ।

*– 44 ਏਮਿਲੀ*

ਪੰਨਾ 120 (93)

"ਬੁਰਜੂਆ ਇਨਕਲਾਬ ਦਾ ਜਨਮ ਆਪਣੀ ਪੂਰਵਵਰਤੀ ਸ਼ਾਸ਼ਨ ਵਿਵਸਥਾ ਵਿੱਚ ਪਹਿਲਾਂ ਤੋਂ ਹੀ ਮੌਜੂਦ ਪਰਸਥਿਤੀ ਕਾਰਣ ਹੁੰਦਾ ਹੈ।"

"ਬੁਰਜੂਆ ਇਨਕਲਾਬ ਆਮ ਤੌਰ ਉੱਤੇ ਸੱਤਾ ਉੱਪਰ ਕਬਜ਼ੇ ਦੇ ਨਾਲ ਹੀ ਖਤਮ ਹੋ ਜਾਂਦਾ ਹੈ। ਲੇਕਿਨ ਸਰਵਹਾਰਾ (ਪ੍ਰੋਲੇਤਾਰੀ) ਇਨਕਲਾਬ ਦੇ ਵਾਸਤੇ ਸੱਤਾ ਉੱਪਰ ਕਬਜ਼ਾ ਤਾਂ ਮਹਿਜ ਇੱਕ ਸ਼ੁਰੂਆਤ ਭਰ ਹੈ, ਸੱਤਾ ਜਦੋਂ ਕਬਜ਼ੇ ਵਿੱਚ ਆ ਜਾਂਦੀ ਹੈ ਤਾਂ ਉਹ ਪੁਰਾਣੀ ਅਰਥ ਵਿਵਸਥਾ ਦੇ ਰੂਪਾਂਤਰਣ ਅਤੇ ਇੱਕ ਨਵੀਂ ਅਰਥ-ਵਿਵਸਥਾ ਦੇ ਸੰਗਠਨ ਦੇ ਲਈ ਇੱਕ ਲੀਡਰ ਦੇ ਰੂਪ ਵਿੱਚ ਇਸਤੇਮਾਲ ਕੀਤੀ ਜਾਂਦੀ ਹੈ।

*ਪੰ. 20* [1]

-------o-------

"ਅਜੇ ਵੀ ਦੋ ਬੇਹੱਦ ਔਖੇ ਅਤੇ ਅਤਿਅੰਤ ਕਠਿਨ ਜ਼ੁੰਮੇਵਾਰੀਆਂ ਬਾਕੀ ਹਨ – (ਇੱਕ ਦੇਸ਼ ਯਾਨੀ ਰੂਸ ਵਿੱਚ ਮੌਜੂਦਾ ਸਾਸ਼ਨ ਵਿਵਸਥਾ ਨੂੰ ਉਖਾੜ ਸੁੱਟਣ ਦੇ ਬਾਦ ਵੀ)।

"ਸਭ ਤੋਂ ਪਹਿਲੀ ਜ਼ੁੰਮੇਵਾਰੀ ਹੈ ਅੰਦਰੂਨੀ ਸੰਗਠਨ।

"ਦੂਜੀ ਮਹੱਤਵਪੂਰਣ ਸਮੱਸਿਆ ਸੰਸਾਰ ਇਨਕਲਾਬ ਦੀ ....... ਅੰਤਰ ਰਾਸ਼ਟਰੀ ਸਮੱਸਿਆਵਾਂ ਦਾ ਹੱਲ ਕਰਨ ਦੀ, ਸੰਸਾਰ ਇਨਕਲਾਬ ਨੂੰ ਅੱਗੇ ਵਧਾਉਣ ਦੀ ਹੈ (ਜਿਸਦੇ ਹੱਲ ਕੀਤੇ ਬਗੈਰ ਕਮਿਊਨਿਸਟ ਸਾਸ਼ਨ ਵਿਵਸਥਾ ਅੰਤਰ ਰਾਸ਼ਟਰੀ ਪੂੰਜੀਵਾਦ ਦੇ ਖਤਰੇ ਵਿਰੁੱਧ ਸੁਰੱਖਿਅਤ ਨਹੀਂ ਰਹਿ ਸਕਦੀ।)

*ਪੰ. 21-22*[2]

ਪੰਨਾ 121 (94)

ਜੇਕਰ ਸਰਵਹਾਰਾ ਨੇ ਆਬਾਦੀ ਦੇ ਬਹੁਮੱਤ ਨੂੰ ਆਪਣੇ ਪੱਖ ਵਿੱਚ ਕਰਨਾ ਹੈ ਤਾਂ ਉਸਦੇ ਵਾਸਤੇ ਸਭ ਤੋਂ ਪਹਿਲਾਂ ਜ਼ਰੂਰੀ ਹੈ ਕਿ ਉਹ ਬੁਰਜੂਆ ਵਰਗ ਨੂੰ ਜੜੋਂ ਉਖਾੜ ਸੁੱਟੇ ਅਤੇ ਰਾਜ ਸੱਤਾ ਉੱਪਰ ਕਬਜ਼ਾ ਕਰੇ।

*1. ਅਤੇ 2. **ਲੈਨਿਨ** ਦੀਆਂ ਰਚਨਾਵਾਂ ਵਿੱਚੋਂ ਉਦਾਹਰਣ।*

2. ਦੂਜੇ, ਉਸਨੂੰ ਪੁਰਾਣੇ ਰਾਜ ਉਪਕਰਣ ਨੂੰ ਤੋੜਕੇ ਸੋਵੀਅਤ ਸੱਤਾ ਸਥਾਪਿਤ ਕਰਨਾ ਅਤੇ ਇੱਕ ਝਟਕੇ ਵਿੱਚ ਉਸ ਪ੍ਰਭਾਵ ਨੂੰ ਖਤਮ ਕਰ ਦੇਣਾ ਜ਼ਰੂਰੀ ਹੈ, ਜਿਸਨੂੰ ਬੁਰਜੂਆ ਵਰਗ ਅਤੇ ਵਰਗ-ਸਹਿਯੋਗ ਦੇ ਨਿਮਨ ਬੁਰਜੂਆ ਅਵਰਗੀ ਸਮੱਰਥਕ ਮਿਹਨਤਕਸ਼ (ਗੈਰ-ਸਰਵਹਾਰਾ) ਜਨ ਸਮੁਦਾਇਆਂ ਉੱਤੇ ਪਾਉਂਦੇ ਰਹਿੰਦੇ ਹਨ।

3. ਤੀਜੇ ਸਰਵਹਾਰਾ ਵਰਗ ਦੇ ਵਾਸਤੇ ਅਵੱਸ਼ਕ ਹੈ ਕਿ ਉਹ ਉਸ ਪ੍ਰਭਾਵ ਨੂੰ ਪੂਰੀ ਤਰ੍ਹਾਂ ਅੰਤਿਮ ਤੌਰ ਤੇ ਨਸ਼ਟ ਕਰ ਸੁੱਟੇ, ਜਿਸਨੂੰ ਬੁਰਜੂਆ ਵਰਗ ਅਤੇ ਨਿਮਨ ਬੁਰਜੂਆ ਸਮਝੌਤਾਵਾਦੀ ਬਹੁਸੰਖਿਅਕ ਮਿਹਨਤਕਸ਼ (ਗੈਰ-ਸਰਵਹਾਰਾ) ਜਨ ਸਮੁਦਾਇਆਂ ਦੇ ਉੱਪਰ ਪਾਉਂਦੇ ਰਹਿੰਦੇ ਹਨ। ਇਹ ਸੋਸ਼ਕਾਂ ਦੀ ਕੀਮਤ ਤੇ ਇਹਨਾਂ ਸਮੁਦਾਇਆਂ ਦੀਆਂ ਆਰਥਕ ਲੋੜਾਂ ਦੇ ਇਨਕਲਾਬੀ ਤੁਸ਼ਟੀਕਰਣ ਦੇ ਰਾਹੀਂ ਕੀਤਾ ਜਾਣਾ ਚਾਹੀਦਾ ਹੈ।

*ਨਿਕੋਲਾਈ ਲੈਨਿਨ*[1] *ਪੰ. 23*

-------o-------

"ਸਰਵਹਾਰਾ ਡਿਕਟੇਟਰਸ਼ਿੱਪ ਦਾ ਮਤਲਬ ਹੈ ਜਨ ਸਮੁਦਾਇਆਂ ਦਾ ਕਮਿਊਨਿਸਟ ਪਾਰਟੀ ਰਾਹੀਂ ਮਾਰਗ ਦਰਸ਼ਕ ਅਤੇ ਨਿਰਦੇਸ਼ਨ। ਜੇ ਪਾਰਟੀ ਕਾਫ਼ੀ ਪ੍ਰਭਾਵ ਅਤੇ ਨਿਯੰਤਰਣ ਬਣਾਈ ਰੱਖੇ ਹੋਏ ਹੈ, ਫਿਰ ਵੀ ਏਨਾ ਹੀ ਸਭ ਕੁਝ ਨਹੀਂ ਹੈ। ਆਪਣੇ ਮਾਰਗ ਦਰਸ਼ਨ ਦੇ ਇਲਾਵਾ ਜਨ ਸਮੁਦਾਇਆਂ ਦੀ 'ਇੱਛਾ' ਵੀ ਕਿਸੇ ਉਦੇਸ਼ ਵਿਸ਼ੇਸ਼ ਦੀ ਪ੍ਰਾਪਤੀ ਦੇ ਵਾਸਤੇ ਅਵੱਸ਼ਕ ਹੁੰਦੀ ਹੈ।

"ਸਾਨੂੰ ਇਹ ਸਵੀਕਾਰ ਕਰਨਾ ਹੋਵੇਗਾ ਕਿ ਮਜ਼ਦੂਰਾਂ ਦੇ ਵਿਆਪਕ ਸਮੁਦਾਇਆਂ ਦਾ ਵਰਗ ਚੇਤਨ ਘੱਟ ਗਿਣਤੀ ਰਾਹੀਂ ਅਗਵਾਈ ਅਤੇ ਮਾਰਗ ਦਰਸ਼ਨ ਜ਼ਰੂਰੀ ਹੈ ਅਤੇ ਇਹ ਪਾਰਟੀ ਹੀ ਹੋ ਸਕਦੀ ਹੈ। ਪਾਰਟੀ ਦੇ ਕੋਲੇ ਪਾਰਟੀ ਨੂੰ ਸਰਵਹਾਰਾ ਮਜ਼ਦੂਰਾਂ ਨਾਲ ਜੋੜਨ ਦੇ ਲਈ 'ਟਰੇਡ ਯੂਨੀਅਨਾਂ' ਹਨ – ਰਾਜਨੀਤਕ ਖੇਤਰ ਵਿੱਚ ਸਾਰੀਆਂ ਮਿਹਨਤਕਸ਼, ਜਨ ਸਮੁਦਾਵਾਂ ਨੂੰ ਇਸ ਨਾਲ ਜੋੜਨ ਦੇ ਵਾਸਤੇ ਸੋਵੀਅਤਾਂ ਹਨ।

**{ ਪੰਨਾ 122 (95) }**

ਆਰਥਕ ਖੇਤਰ ਵਿੱਚ ਖਾਸ ਤੌਰ ਤੇ ਕਿਸਾਨ ਸਮੁਦਾਵਾਂ ਨੂੰ ਜੋੜਨ ਦੇ ਲਈ 'ਕੋਆਪ੍ਰੇਟਿਵ' (ਸਹਿਕਾਰੀ ਸੰਸਥਾਵਾਂ) ਹਨ, ਨੌਜਵਾਨ ਪੀੜ੍ਹੀ ਵਿੱਚੋਂ ਕਮਿਊਨਿਸਟਾਂ ਨੂੰ ਸਿੱਖਿਅਤ ਕਰਨ ਦੇ ਲਈ 'ਨੌਜਵਾਨ ਸਭਾਵਾਂ' ਹਨ। ਅੰਤ ਵਿੱਚ, ਪਾਰਟੀ ਖੁਦ ਹੀ ਸਰਵਹਾਰਾ ਡਿਕਟੇਟਰਸ਼ਿਪ ਦੇ ਅੰਤਰਗਤ ਇੱਕ ਪਰਪੱਕ ਮਾਰਗ ਦਰਸ਼ਕ ਹੈ।"[2]

ਪੰਨਾ 123 (96)

**ਅੰਕੜੇ : ਆਮਦਨੀਆਂ ਵਿੱਚ ਅਸਮਾਨਤਾ**

**ਉਤਪਾਦਨ** : ਯੁੱਧ ਤੋਂ ਪਹਿਲਾਂ ਯੂਨਾਈਟਡ ਕਿੰਗਡਮ (ਯੂ.ਕੇ.) ਦਾ (ਇੰਗਲੈਂਡ)

| | |
|---|---|
| ਸਾਲਾਨਾ ਉਤਪਾਦਨ ਦਾ ਮਾਨ ਰਿਹਾ | £ 2000, 000, 000 |
| ਬਦੇਸ਼ੀ ਨਿਵੇਸ਼ਾਂ ਤੋਂ ਲਾਭ | £ 200, 000, 000 |
| ਕੁੱਲ ਜੋੜ | £ 2200, 000, 000 |

*1. ਅਤੇ 2. ਲੈਨਿਨ ਦੀਆਂ ਰਚਨਾਵਾਂ ਵਿੱਚੋਂ*

**ਵੰਡ :**

| | | |
|---|---|---|
| ਕੁੱਲ ਆਬਾਦੀ ਦੇ 1/9 ਅਰਥਾਤ<br>ਪੂੰਜੀਪਤੀ ਜਾਂ ਬੁਰਜੂਆ ਨੇ ਲੈ ਲਿਆ<br>ਕੁੱਲ ਉਤਪਾਦਨ ਦਾ 1/2 | ਅਰਥਾਤ | ਘੱਟ ਤੋਂ ਘੱਟ ਸਾਲਾਨਾ<br>ਔਸਤ ਆਮਦਨ £ 160<br>£ 1100, 000, 000 |
| ਕੁੱਲ ਆਬਾਦੀ ਦੇ 2/9 ਅਰਥਾਤ<br>ਨਿਮਨ ਬੁਰਜੂਆ ਵਰਗ ਨੇ ਬਾਕੀ ਅੱਧ ਦਾ 1/3<br>ਜਾਂ ਕੁੱਲ ਦਾ 1/6 ਲੈ ਲਿਆ | ਅਰਥਾਤ | ਔਸਤ ਆਮਦਨ £ 160<br>ਪ੍ਰਤੀਵਰਸ਼ ਤੋਂ ਘੱਟ<br>£ 300, 000, 000 |
| ਆਬਾਦੀ ਦੇ 2/3 ਅਰਥਾਤ ਸਰੀਰਕ<br>ਮਿਹਨਤ ਕਰਨ ਵਾਲੇ ਜਾਂ ਸਰਵਹਾਰਾ ਨੂੰ<br>ਬਾਕੀ ਮਿਲਿਆ | | ਔਸਤ ਆਮਦਨ ਨੇ £ 60<br>ਵਾਰਸ਼ਿਕ<br>£ 800, 000, 000 |

**ਸੰਯੁਕਤ ਰਾਜ ਅਮਰੀਕਾ** : 1890 ਵਿੱਚ

ਕੁੱਲ ਪੈਦਾਵਾਰ ਦਾ 40 ਪ੍ਰਤੀਸ਼ਤ (ਪੈਦਾਵਾਰ ਦੇ) ਸਾਧਨਾਂ ਦੇ ਮਾਲਕਾਂ ਨੂੰ ਮਿਲਿਆ
ਕੁੱਲ ਉਤਪਾਦਨ ਦਾ 60 ਪ੍ਰਤੀਸ਼ਤ ਸਾਰੇ ਮਜ਼ਦੂਰਾਂ ਨੂੰ ਦਿੱਤਾ ਗਿਆ। [1]

ਪੰਨਾ 124 (97)

**ਜੀਵਨ ਦਾ ਉਦੇਸ਼ :**

"ਜੀਵਨ ਦਾ ਉਦੇਸ਼ ਮਨ ਨੂੰ ਨਿਯੰਤਰਿਤ (ਕੰਟਰੋਲ) ਕਰਨਾ ਨਹੀਂ ਬਲਕਿ ਉਸਦਾ ਸੁਸੰਗਤ ਵਿਕਾਸ ਕਰਨਾ ਹੈ, ਮਰਨ ਦੇ ਬਾਦ ਮੁਕਤੀ ਪ੍ਰਾਪਤ ਕਰਨਾ ਨਹੀਂ, ਬਲਕਿ ਇਸ ਸੰਸਾਰ ਵਿੱਚ ਹੀ ਉਸਦਾ ਸਭ ਤੋਂ ਵਧੀਆ ਇਸਤੇਮਾਲ ਕਰਨਾ ਹੈ, ਕੇਵਲ ਧਿਆਨ ਵਿੱਚ ਹੀ ਨਹੀਂ, ਬਲਕਿ ਰੋਜ਼ਾਨਾ ਜੀਵਨ ਦੇ ਯਥਾਰਥ ਅਨੁਭਵ ਵਿੱਚ ਵੀ ਸੱਚ, ਸ਼ਿਵ ਅਤੇ ਸੁੰਦਰ ਦਾ ਰੂਬਰੂ ਕਰਨਾ ਹੈ, ਸਮਾਜਕ ਉੱਨਤੀ ਕੁੱਝ ਕੁ ਦੀ ਉੱਨਤੀ ਉੱਪਰ ਨਹੀਂ, ਬਲਕਿ ਬਹੁਤਿਆਂ ਦੀ ਸਮਰਿੱਧੀ ਉੱਪਰ ਨਿਰਭਰ ਕਰਦੀ ਹੈ, ਅਤੇ ਆਤਮਿਕ ਲੋਕਤੰਤਰ ਜਾਂ ਸਰਵਭੌਮਿਕ ਭਰੱਪਣ, ਸਿਰਫ਼ ਤਾਂ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ, ਜਦੋਂ ਸਮਾਜਕ - ਰਾਜਨੀਤਕ ਅਤੇ ਉਦਯੋਗਿਕ ਜੀਵਨ ਵਿੱਚ ਮੌਕਿਆਂ ਦੀ ਸਮਾਨਤਾ ਹੋਵੇ।"[2]

---

**ਨੋਟ ਬੁੱਕ ਵਿੱਚ ਪੰਨਾ ਨੰ. 125 ਤੋਂ 164 ਨਹੀਂ ਹੈ।**
**ਸਾਨੂੰ ਮਿਲੀ ਕਾਪੀ ਵਿੱਚ ਪੰ. (97) ਦੇ ਬਾਦ ਪੰ. (100) ਹੈ - ਸੰਪਾਦਕ**

---

*1. ਅਤੇ 2. ਸਰੋਤ ਅਗਿਆਤ*

ਪੰਨਾ 165 (100)

**ਰਾਜ ਦਾ ਵਿਗਿਆਨ**

ਪ੍ਰਾਚੀਨ ਰਾਜ ਵਿਵਸਥਾ : ਰੋਮ[1] ਅਤੇ ਸਪਾਰਟਾ[2], ਅਰਸਤੂ[3] ਅਤੇ ਪਲੈਟੋ[4] : ਰਾਜ ਦੇ ਪ੍ਰਤੀ ਵਿਅਕਤੀ ਦੀ ਮੁਤੈਹਤੀ ਇਹਨਾਂ ਪ੍ਰਾਚੀਨ ਰਾਜ ਵਿਵਸਥਾਵਾਂ (ਪ੍ਰਣਾਲੀਆਂ ਜਾਂ ਪ੍ਰਬੰਧਾਂ), ਸਪਾਰਟਾ ਅਤੇ ਰੋਮ ਦੀ ਪ੍ਰਮੁੱਖ ਖਾਸੀਅਤ ਸੀ। ਹੇਲਾਸ[5] ਵਿੱਚ, ਜਾਂ ਰੋਮ ਵਿੱਚ, ਨਾਗਰਿਕ ਨੂੰ ਬੱਸ ਕੁਝ ਕੁ ਨਿੱਜੀ ਅਧਿਕਾਰ ਪ੍ਰਾਪਤ ਸਨ। ਉਸਦਾ ਆਚਰਣ ਕਾਫੀ ਹੱਦ ਤੱਕ ਸਰਵਜਨਿਕ ਸੈਂਸਰਸ਼ਿੱਪ ਦੇ ਅਧੀਨ ਸੀ, ਅਤੇ ਉਸਦਾ ਧਰਮ ਰਾਜ ਸੱਤਾ ਵੱਲੋਂ ਲਾਗੂ ਕੀਤਾ ਗਿਆ ਹੁੰਦਾ ਸੀ। ਇੱਕ ਮਾਤਰ ਸੱਚੇ ਨਾਗਰਿਕ ਅਤੇ ਪ੍ਰਭੁਸੱਤਾ ਸੰਪਨ ਸੰਗਠਨ ਦੇ ਮੈਂਬਰ ਖਾਸ ਅਧਿਕਾਰਾਂ ਦੇ ਧਾਰਨੀ ਕੁਲੀਨ ਵਰਗ ਦੇ ਸੁਤੰਤਰ ਲੋਕ ਹੁੰਦੇ ਸਨ, ਜਿਹਨਾਂ ਦੇ ਵਾਸਤੇ ਸਰੀਰਕ ਮਿਹਨਤ ਗੁਲਾਮ (ਦਾਸ) ਕਰਿਆ ਕਰਦੇ ਸਨ, ਜਿਹਨਾਂ (ਦਾਸਾਂ) ਕੋਲੇ ਕੋਈ ਨਾਗਰਿਕ ਅਧਿਕਾਰ ਨਹੀਂ ਸਨ।

**ਸੁਕਰਾਤ :** ਸੁਕਰਾਤ[6] ਨੂੰ ਇਹ ਦਲੀਲ ਦਿੰਦਿਆਂ ਪੇਸ਼ ਕੀਤਾ ਜਾਂਦਾ ਹੈ ਕਿ ਜੋ ਕੋਈ ਵੀ ਨਾਗਰਿਕ ਰਾਜ ਵਿੱਚ ਪਹੁੰਚਣ ਦੇ ਬਾਦ, ਜੇਕਰ ਆਪਣੀ ਮਰਜ਼ੀ ਨਾਲ ਇੱਕ ਨਗਰ ਵਿੱਚ ਰਹਿਣ ਲੱਗੇ, ਤਾਂ ਉਸਨੂੰ ਸਰਕਾਰ ਦੀ ਮੁਤੈਹਤੀ (ਅਧੀਨਗੀ) ਸਵੀਕਾਰ ਕਰਨੀ ਚਾਹੀਦੀ ਹੈ, ਭਲੇ ਹੀ ਉਸਨੂੰ ਇਸਦੇ ਕਾਨੂੰਨ ਅਣਉਚਿੱਤ ਕਿਉਂ ਨਾ ਲੱਗਣ, ਇਸ ਅਨੁਸਾਰ ਹੀ ਇਸ ਆਧਾਰ ਤੇ ਕਿ ਜੇ ਉਹ ਜੇਲ ਵਿੱਚੋਂ ਫਰਾਰ ਹੋ ਕੇ ਭੱਜ ਜਾਵੇ, ਤਾਂ ਰਾਜ ਦੇ ਨਾਲ ਉਸਦਾ ਇਕਰਾਰ ਭੰਗ ਹੋ ਜਾਏਗਾ, ਉਹ ਇੱਕ ਗਲਤ ਸਜ਼ਾ ਦੇ ਲਾਗੂ ਹੋਣ ਦਾ ਵੀ ਇੰਤਜ਼ਾਰ ਕਰਦੇ ਰਹਿਣ ਵਾਸਤੇ ਤਿਆਰ ਰਹੇ।

**ਪਲੈਟੋ : (ਸਮਾਜਿਕ ਸਮਝੌਤਾ)** ਉਹ ਸਮਾਜ ਅਤੇ ਰਾਜ ਦੀ ਉਤਪਤੀ ਨੂੰ ਪਰਸਪਰਿਕ (ਆਪਸੀ) ਲੋੜਾਂ ਵਿੱਚੋਂ ਵੇਖਦਾ ਹੈ, ਕਿਉਂਕਿ ਮਨੁੱਖ ਅਲੱਗ-ਅਲੱਗ ਰਹਿਕੇ ਆਪਣੀਆਂ ਬਹੁ-ਪੱਖੀ ਲੋੜਾਂ ਨੂੰ ਸੰਤੁਸ਼ਟ ਕਰਨ ਵਿੱਚ ਅਸਮਰਥ ਹੁੰਦੇ ਹਨ। ਉਹ ਇੱਕ ਆਦਰਸ਼ਵਾਦੀ ਸਪਾਰਟਾ ਦਾ ਚਿਤਰਣ ਕਰਦਿਆਂ ਆਖਦਾ ਹੈ, "ਇੱਕ ਆਦਰਸ਼ ਰਾਜ ਵਿੱਚ, ਦਾਰਸ਼ਨਿਕਾਂ ਨੂੰ ਸਾਸ਼ਨ ਕਰਨਾ ਚਾਹੀਦਾ ਹੈ, ਅਤੇ ਨਾਗਰਿਕਾਂ ਦੇ ਸੰਗਠਨ ਨੂੰ ਇਸ ਕੁਲੀਨ ਤੰਤਰ ਜਾਂ ਸਰਵ ਸ੍ਰੇਸ਼ਟਾਂ ਦੀ ਸਰਕਾਰ ਦੇ ਪ੍ਰਤੀ ਨਿਸ਼ਚਤ ਤੌਰ ਤੇ ਆਗਿਆਕਾਰੀ ਹੋਣਾ ਚਾਹੀਦਾ ਹੈ।" ਉਹ ਨਾਗਰਿਕਾਂ ਦੀ ਸੁਚੇਤ ਸਿੱਖਿਆ ਅਤੇ ਵਿੱਦਿਆ ਉੱਪਰ ਜ਼ੋਰ ਦਿੱਤਾ ਹੈ।

---

*1. ਪ੍ਰਾਚੀਨ ਰੋਮਨ ਗਣਰਾਜ ਅਤੇ ਸਾਮਰਾਜ*
*2. ਯੂਨਾਨ ਦਾ ਪ੍ਰਾਚੀਨ ਨਗਰ ਰਾਜ*
*3. ਅਰਸਤੂ (384-322 ਈ.ਪੂ) : ਯੂਨਾਨੀ ਦਾਰਸ਼ਨਿਕ ਅਤੇ ਪਲੈਟੋ ਦਾ ਚੇਲਾ। ਉਸਨੇ ਬਥੇਰੇ ਵਿਸ਼ਿਆਂ ਉੱਪਰ ਲਿਖਿਆ, ਜਿਹਨਾਂ ਵਿੱਚ ਪਾਲਿਟਿਕਸ ਅਤੇ ਪੋਇਟਿਕਸ ਖਾਸ ਤੌਰ ਤੇ ਵਰਨਣਯੋਗ ਹਨ।*
*4. ਪਲੈਟੋ (427-347 ਈ.ਪੂ) : ਯੂਨਾਨੀ ਦਾਰਸ਼ਨਿਕ ਅਤੇ ਸੁਕਰਾਤ ਦਾ ਚੇਲਾ। ਆਦਰਸ਼ ਰਾਜ ਦੇ ਯੂਟੋਪੀਆ ਦੇ ਤੌਰ ਤੇ, ਰਿਪਬਲਕ ਦਾ ਲੇਖਕ, ਜਿਸ ਵਿੱਚ ਉਸਨੇ ਇੱਕ ਦਾਰਸ਼ਨਿਕ ਰਾਜਾ ਅਤੇ ਵਿਵੇਕ ਸੰਗਤ ਰਾਜ-ਪ੍ਰਣਾਲੀ ਦੀ ਕਲਪਨਾ ਕੀਤੀ ਸੀ।*
*5. ਹੇਲਾਸ : ਪ੍ਰਾਚੀਨ ਯੂਨਾਨ*
*6. ਸੁਕਰਾਤ (469-399 ਈ. ਪੂ.) : ਯੂਨਾਨੀ ਦਾਰਸ਼ਨਿਕ ਜਿਸਨੂੰ ਨੌਜਵਾਨਾਂ ਨੂੰ "ਭ੍ਰਿਸ਼ਟ ਕਰਨ" ਦੇ ਦੋਸ਼ ਵਿੱਚ ਜ਼ਹਿਰ ਦਾ ਪਿਆਲਾ ਪੀ ਕੇ ਆਤਮ ਹੱਤਿਆ ਕਰ ਲੈਣ ਦੀ ਸਜ਼ਾ ਦਿੱਤੀ ਗਈ।*

**ਅਰਸਤੂ :**

ਇਹ ਪਹਿਲਾ ਵਿਅਕਤੀ ਸੀ ਜਿਸਨੇ ਰਾਜਨੀਤੀ ਨੂੰ ਨੀਤੀ ਸ਼ਾਸਤਰ ਤੋਂ ਮੁਕਤ ਕੀਤਾ, ਹਾਲਾਂਕਿ ਉਹ ਚੌਕੰਨਾ ਵੀ ਸੀ ਕਿ ਇਹ ਦੋਨੋਂ ਇੱਕ ਦੂਜੇ ਤੋਂ ਬਿਲਕੁਲ ਹੀ ਵੱਖ ਨਾ ਹੋ ਜਾਣ। ਉਸਦੀ ਦਲੀਲ ਸੀ, "ਲੋਕਾਂ ਦੀ ਬਹੁਗਿਣਤੀ ਵਿਵੇਕ ਦੀ ਬਜਾਏ ਆਪਣੀਆਂ ਭਾਵਨਾਵਾਂ ਨਾਲ ਸਾਸ਼ਿਤ ਹੁੰਦੀ ਹੈ, ਅਤੇ ਇਸ ਲਈ ਰਾਜ ਦੇ ਵਾਸਤੇ ਜ਼ਰੂਰੀ ਹੈ ਕਿ ਉਹ ਉਹਨਾਂ ਨੂੰ ਜੀਵਨ ਭਰ ਅਨੁਸਾਸ਼ਨ ਵਿੱਚ ਰਹਿਣ ਦੀ ਟਰੇਨਿੰਗ ਦੇਵੇ, ਜਿਵੇਂ ਕਿ ਸਪਾਰਟਾ ਵਿੱਚ ਹੈ। ਜਦੋਂ ਤੱਕ ਰਾਜਨੀਤਕ ਸਮਾਜ ਸਥਾਪਤ ਨਹੀਂ ਹੁੰਦਾ, ਉਦੋਂ ਤੱਕ ਇਨਸਾਫ਼ (ਨਿਆਂ) ਦਾ ਕੋਈ ਪ੍ਰਸਾਸ਼ਨ ਨਹੀਂ ਹੋ ਸਕਦਾ (ਲੇਕਿਨ) ਇਸਦੇ ਵਾਸਤੇ ਅਵੱਸ਼ਕ ਹੈ ਕਿ ਸਰਵੋਤਮ ਸੰਵਿਧਾਨ ਅਤੇ ਕਾਨੂੰਨ-ਨਿਰਮਾਣ ਦੀ ਸਰਵੋਤਮ ਪ੍ਰਣਾਲੀ ਦੀ ਖੋਜ ਕੀਤੀ ਜਾਵੇ......।

**{ਪੰਨਾ 166 (101)}**

"ਰਾਜ ਦਾ ਬੀਜ, ਪਰਿਵਾਰ ਜਾਂ ਟੱਬਰ ਵਿੱਚ ਹੁੰਦਾ ਹੈ। ਕਈ ਪਰਿਵਾਰਾਂ ਦੇ ਸੰਯੁਕਤ ਹੋਣ ਨਾਲ ਗ੍ਰਾਮ (ਪਿੰਡ) ਸਮੁਦਾਇ ਦੀ ਉਤਪਤੀ ਹੋਈ ਹੈ (ਜਿਸਦੇ) ਮੈਂਬਰ **ਪਿਤਾ ਸੱਤਾਤਮਕ ਸਰਕਾਰ** ਦੇ ਅਧੀਨ ਹੁੰਦੇ ਹਨ।

"ਕਈ ਪਿੰਡਾਂ ਨੂੰ ਮਿਲਾਕੇ **ਰਾਜ ਦਾ ਨਿਰਮਾਣ** ਹੋਇਆ, ਜੋ ਇੱਕ ਪ੍ਰਕਿਰਤਕ, ਸੁਤੰਤਰ ਅਤੇ ਸਵੈ ਨਿਰਭਰ ਸੰਗਠਨ ਸੀ।

"ਪਰੰਤੂ ਜਿੱਥੇ ਪਰਿਵਾਰ ਇੱਕ ਵਿਅਕਤੀਤਵ ਵੱਲੋਂ ਸਾਸ਼ਿਤ ਹੁੰਦਾ ਹੈ, ਉਥੇ ਸੰਵਿਧਾਨਕ ਸਰਕਾਰਾਂ ਵਿੱਚ ਵਿਅਕਤੀ ਸੁਤੰਤਰ ਅਤੇ ਆਪਣੇ ਸਾਸ਼ਕਾਂ ਦੇ ਸਮਾਨ ਹੁੰਦੇ ਹਨ।

"ਪ੍ਰਕਿਰਤਕ ਸਮਾਜਕ ਮੈਤ੍ਰੀ (ਭਰੱਪਣ) ਅਤੇ ਪਰਸਪਰ ਲਾਭ ਤੋਂ ਏਕਤਾ ਬਣਦੀ ਹੈ। ਮਨੁੱਖ ਆਪਣੇ ਸੁਭਾਅ ਤੋਂ ਇੱਕ ਰਾਜਨੀਤਕ (**ਸਮਾਜਿਕ**) ਪ੍ਰਾਣੀ ਹੈ।

"ਰਾਜ ਇੱਕ ਸੰਗਠਨ (ਸੰਯੋਗ) ਤੋਂ ਕਿਤੇ ਵੱਧ ਹੈ, ਜਿਸ ਨਾਲ ਵਿਅਕਤੀ ਜੁੜ ਸਕਦੇ ਹਨ ਜਾਂ ਬਿਨਾ ਕੋਈ ਫ਼ਰਕ ਪੈਣ ਦੇ ਛੱਡ ਸਕਦੇ ਹਨ, ਲੇਕਿਨ ਸੁਤੰਤਰ ਜਾਂ ਨਾਗਰਿਕਤਾ ਰਹਿਤ ਮਨੁੱਖ ਨਾ ਵਿਸ਼ਵਾਸ਼ ਕਰਨ ਯੋਗ, ਅਸੱਭਿਆ, ਅਤੇ ਇੱਕ ਨਾਗਰਿਕ ਨਾਲੋਂ ਵੱਖਰੀ ਕੋਈ ਚੀਜ਼ ਹੁੰਦਾ ਹੈ।

**ਪਲੈਟੋ :**

ਪਲੈਟੋ ਨੇ ਇੱਕ ਅਜਿਹੇ ਸੰਗਠਨ ਦੇ ਰੂਪ ਵਿੱਚ ਰਾਜ ਦੀ ਇਸ ਅਵਧਾਰਨਾ ਦਾ ਪੂਰਵ ਅਨੁਮਾਨ ਕੀਤਾ ਸੀ ਜਿਸਦੇ ਮੈਂਬਰ **ਇੱਕ ਸਰਬ ਪ੍ਰਵਾਨਿਤ ਉਦੇਸ਼ ਦੇ ਵਾਸਤੇ ਇਕਸੁਰਤਾ ਪੂਰਣ ਢੰਗ ਨਾਲ ਜੁੜੇ ਹੋਣ।**

**ਅਰਸਤੂ :**

ਅਰਸਤੂ ਦੀ ਮਾਨਤਾ ਸੀ ਕਿ ਜਿੱਥੇ ਸੁਤੰਤਰਤਾ ਅਤੇ ਸਮਾਨਤਾ ਹੋਵੇ, ਉਥੇ ਵਾਰੀ ਵਾਰੀ ਨਾਲ ਸਾਸ਼ਨ ਅਤੇ ਅਧੀਨੀਕਰਣ ਹੋਵੇ, ਲੇਕਿਨ ਸਭ ਤੋਂ ਵਧੀਆ ਇਹ ਹੀ ਹੈ ਕਿ ਜੇ ਸੰਭਵ ਹੋਵੇ ਤਾਂ ਉਹ ਹੀ ਵਿਅਕਤੀ ਹਮੇਸ਼ਾ ਸਾਸ਼ਨ (ਰਾਜ) ਕਰਦੇ ਰਹਿਣ।

**ਪਲੈਟੋ ਦੇ ਸਾਮਵਾਦ** ਦੇ ਵਿਰੋਧ ਵਿੱਚ ਉਸਦੀ ਦਲੀਲ ਬਾਕਾਇਦਾ **ਨਿਯਮ ਨਿਰਧਾਰਤ ਨਿੱਜੀ ਜਾਇਦਾਦ** ਦੇ ਪੱਖ ਵਿੱਚ ਸੀ, ਜਿਸਦੇ ਪਿਛਕੋੜ ਵਿੱਚ ਉਸਦਾ ਵਿਚਾਰ ਸੀ ਕਿ ਰਾਜ ਵਿੱਚ ਸਿਰਫ਼ ਇੱਕ ਨੈਤਿਕ ਏਕਤਾ ਸੰਭਵ ਜਾਂ ਇੱਛਤ ਹੈ।

**(ਸਰਕਾਰਾਂ ਦੀਆਂ ਕਿਸਮਾਂ)**

ਉਸਨੇ ਸਰਕਾਰਾਂ ਨੂੰ ਰਾਜਤੰਤਰਾਂ, ਕੁਲੀਨਤੰਤਰਾਂ ਅਤੇ ਗਣਤੰਤਰਾਂ ਅਤੇ ਕ੍ਰਮਵਾਰ ਉਹਨਾਂ ਦੇ ਵਿਗੜੇ ਹੋਏ ਰੂਪਾਂ ਜਿਵੇਂ ਨਿਰੰਕੁਸ਼ ਤੰਤਰਾਂ, ਅਲਪ ਤੰਤਰਾਂ ਅਤੇ ਲੋਕ ਤੰਤਰਾਂ ਵਿੱਚ ਵਰਗੀਕਰਣ ਕੀਤਾ, ਜਿਸਦਾ ਆਧਾਰ ਇਹ ਸੀ ਕਿ ਇਹਨਾਂ ਵਿੱਚ ਸਰਵ ਉੱਚ ਸੱਤਾ ਇੱਕ ਜਾਂ ਕੁੱਝ ਜਾਂ ਕਈਆਂ ਦੇ ਹੱਥਾਂ ਵਿੱਚ ਹੁੰਦੀ ਹੈ, ਅਤੇ ਇਹਨਾਂ ਦਾ ਉਦੇਸ਼ ਆਮ ਹਿੱਤ ਜਾਂ ਸਾਸ਼ਕਾਂ ਦਾ ਨਿੱਜੀ ਹਿੱਤ ਹੁੰਦਾ ਹੈ ਅਤੇ ਇਹਨਾਂ ਵਿੱਚ ਸੁਤੰਤਰਤਾ, ਸੰਪਦਾ, ਸੰਸਕ੍ਰਿਤੀ ਅਤੇ ਕੁਲੀਨਤਾ ਵੱਲੀਂ ਵੀ ਤਵੱਜੋਂ ਦਿੱਤੀ ਜਾਂਦੀ ਹੈ।

ਹਰ ਇੱਕ ਰਾਜ ਪ੍ਰਣਾਲੀ ਦੇ ਤਿੰਨ ਅੰਗ ਹੁੰਦੇ ਹਨ। 1. **ਸਲਾਹਕਾਰੀ** 2. **ਕਾਰਜਕਾਰੀ ਅਤੇ** 3. **ਕਾਨੂੰਨ ਵਿਵਸਥਾ ਜਾਂ ਨਿਆਂ ਪ੍ਰਣਾਲੀ।** ਨਾਗਰਿਕਤਾ ਦਾ ਨਿਰਧਾਰਣ ਨਾ ਤਾਂ ਨਿਵਾਸ ਨਾਲ ਹੁੰਦਾ ਹੈ ਨਾ ਹੀ ਕਾਨੂੰਨੀ ਅਧਿਕਾਰ ਪ੍ਰਾਪਤ ਹੋਣ ਨਾਲ, ਬਲਕਿ ਨਿਆਂਇਕ ਸੱਤਾ ਅਤੇ ਸਰਕਾਰੀ ਕੰਮ ਕਾਜ ਵਿੱਚ ਭਾਗੀਦਾਰ ਹੁੰਦਾ ਹੈ।

ਨੈਤਿਕਤਾ ਦੀ ਇੱਕ ਨਿਸ਼ਚਤ ਪੱਧਰ ਪ੍ਰਾਪਤ ਕਰਕੇ ਕਈਆਂ ਨੂੰ ਸਾਸ਼ਨ ਕਰਨਾ ਚਾਹੀਦਾ ਹੈ, ਕਿਉਂਕਿ ਅਲੱਗ-ਅਲੱਗ ਵਿਅਕਤੀਗਤ ਤੌਰ ਤੇ ਕੰਮ ਦੇ ਯੋਗ ਹੋਣ ਦੇ ਬਾਵਜੂਦ ਉਹ ਸਾਂਝੇ ਤੌਰ ਤੇ, ਕੁੱਝ ਕੁ ਚੋਣਵੇ ਵਿਅਕਤੀਆਂ ਨਾਲੋਂ ਕਿਤੇ ਵੱਧ ਚਤੁਰ ਅਤੇ ਵੱਧ ਸਦਗੁਣ ਸੰਪਨ ਹੁੰਦੇ ਹਨ। ਪਰੰਤੂ ਸਾਰੀਆਂ ਸਲਾਹਕਾਰ ਅਤੇ ਨਿਆਂਇਕ ਕਾਰਵਾਈਆਂ ਨੂੰ ਸੰਭਾਲਣ ਦੇ ਬਾਵਜੂਦ, **ਉਹਨਾਂ ਨੂੰ ਉੱਚਤਮ ਕਾਰਜਕਾਰੀ ਅਹੁਦਿਆਂ ਤੋਂ ਪਰ੍ਹੇ ਹੀ ਰੱਖਣਾ ਚਾਹੀਦਾ ਹੈ। ਸਭ ਤੋਂ ਵਧੀਆ ਰਾਜ ਪ੍ਰਣਾਲੀ** ਉਹ ਹੈ ਜਿਸ ਵਿੱਚ ਬਹੁਤ ਧਨੀ ਅਤੇ ਬਹੁਤ ਗਰੀਬ ਦੇ ਵਿਚਕਾਰਲਾ ਮੱਧ ਵਰਗ ਸਰਕਾਰ ਚਲਾਵੇ, ਕਾਰਣ ਕਿ ਇਸ ਵਰਗ ਦਾ ਜੀਵਨ ਸਭ ਤੋਂ ਸਥਾਈ (ਟਿਕਾਊ) ਹੁੰਦਾ ਹੈ ਅਤੇ ਇਹ ਸਭ ਨਾਲੋਂ ਵੱਧ ਵਿਵੇਕ ਸੰਗਤ, ਅਤੇ ਨਾਲ ਹੀ ਸੰਵਿਧਾਨਕ ਕਾਰਵਾਈ ਵਿੱਚ ਸਭ ਤੋਂ ਸਮਰੱਥ ਵੀ ਹੁੰਦਾ ਹੈ। **{ਪੰਨਾਂ 167 (102)}** ਇਸ ਕਰਕੇ, ਇਸਦੇ ਵਾਸਤੇ ਇਹ ਆਖਿਆ ਜਾਂਦਾ ਹੈ ਕਿ **ਪ੍ਰਭੁਸੱਤਾ ਨੂੰ ਨਾਗਰਿਕਾਂ ਦੀ ਬਹੁਗਿਣਤੀ ਵਿੱਚ ਵਿਦਮਾਨ ਹੋਣਾ ਚਾਹੀਦਾ ਹੈ**, ਜਿਹਨਾਂ ਵਿੱਚ ਬੇਸ਼ੱਕ ਗੁਲਾਮ ਨਹੀਂ ਆਉਂਦੇ।

ਲੋਕਤੰਤਰ **ਵਿਅਕਤੀਗਤ ਸੁਤੰਤਰਤਾ ਦੇ ਮਾਮਲੇ ਵਿੱਚ ਬਰਾਬਰੀ (ਸਮਾਨਤਾ)** ਬਾਰੇ ਇਕਮੱਤ ਹੁੰਦੇ ਹਨ, ਜਿਸਦਾ ਕੁਦਰਤੀ ਅਰਥ ਇਹ ਹੈ ਕਿ ਸਾਰੇ ਨਾਗਰਿਕ, ਰਾਜ ਦੇ ਅਹੁਦਿਆਂ ਉੱਪਰ ਬਿਰਾਜਮਾਨ ਹੋਣ ਜਾਂ ਚੁਣੇ ਜਾਣ ਦੇ ਲਈ, ਅਤੇ ਹਰ ਇੱਕ ਸਾਰਿਆਂ ਉੱਤੇ ਅਤੇ ਸਾਰੇ ਹਰ ਇੱਕ ਉੱਪਰ ਸਾਸ਼ਨ ਕਰਨ ਦੇ ਵਾਸਤੇ ਪ੍ਰਵਾਨਿਤ ਹੁੰਦੇ ਹਨ।

ਅਰਸਤੂ ਵੀ ਪਲੈਟੋ ਦੀ ਭਾਂਤਿ ਹੀ ਲੋਕਤੰਤਰ ਨੂੰ ਸਰਕਾਰ ਦਾ ਇੱਕ ਵਿਗੜਿਆ ਹੋਇਆ ਸਰੂਪ ਮੰਨਦਾ ਸੀ, ਅਤੇ ਕਹਿੰਦਾ ਸੀ ਕਿ ਇਹ ਹੋਰ ਕਿਸੇ ਕਿਸਮ ਦੇ ਰਾਜਾਂ ਦੀ ਤੁਲਨਾ ਵੱਡੇ ਰਾਜਾਂ ਦੇ ਵਾਸਤੇ ਵੱਧ ਢੁਕਵਾਂ ਹੈ।

ਸਟੋਇਕਵਾਦੀ : ਸਿਨਿਕਵਾਦੀ :

**ਏਪੀਨਿਊਰਸਵਾਦੀ** : ਏਪੀਨਿਊਰਸ[1] ਦਾ ਕਹਿਣਾ ਸੀ, "ਇਨਸਾਫ਼ ਨਿਆਂ, ਆਪਣੇ ਆਪ ਵਿੱਚ ਕੁੱਝ ਨਹੀਂ ਹੈ, ਇਹ ਬੱਸ ਪਰਸਪਰ ਨੁਕਸਾਨ ਰੋਕਣ ਦੇ ਵਾਸਤੇ (ਨਿਆਂ ਦੇ ਆਧਾਰ

---

*1. ਏਪੀਨਿਊਰਸ : (341-270 ਈ.ਪੂ) ਯੂਨਾਨੀ ਦਾਰਸ਼ਨਿਕ, ਜੋ ਮੰਨਦਾ ਸੀ ਕਿ ਸਵੈ ਸੰਜਮ ਨਾਲ ਜੀਵਨ ਸੁਖਮਈ ਬਣਾਇਆ ਜਾ ਸਕਦਾ ਹੈ। ਨੈਤਿਕਤਾ ਸੰਤੋਸ਼ ਪ੍ਰਾਪਤੀ ਦਾ ਇੱਕ ਸਾਧਨ ਹੈ।*

ਦੇ ਤੌਰ ਤੇ) ਸਮਝੌਤੇ ਦੀ ਇੱਕ ਤਰਤੀਬ ਮਾਤਰ ਹੈ।

**ਸਟੋਇਕ : *(ਵਾਦ)***

ਦਾਰਸ਼ਨਿਕ ਜੇਨੋ (340–260 ਈ.ਪੂ.)[1] ਦਾ ਇੱਕ ਚੇਲਾ, ਜਿਸਨੇ ਏਥਨਜ ਦੇ ਸਟੋਆ ਪਾਈਕਲਾਈਟ (ਪੇਂਟਡ ਪੋਰਚ) ਨਾਮੀਂ ਬਗੀਚੇ ਵਿੱਚ ਆਪਣੀ ਦਾਰਸ਼ਨਿਕ ਸ਼ਾਖਾ ਦਾ ਸਿਖਲਾਈ ਸੰਸਥਾਨ ਖੋਲਿਆ। ਬਾਦ ਵਿੱਚ ਕੈਟੋ ਦਾ ਯੰਗਰ[2], ਸੇਨੇਕਾ[3], ਮਾਕਰਯੂਸ, ਔਰੇਲੀਅਸ[4] ਰੋਮਨ ਸਟੋਇਕਵਾਦੀ ਹੋਏ। ਸਟੋਇਕ ਸ਼ਬਦ ਦਾ ਸ਼ਬਦਿਕ ਅਰਥ ਹੈ : 'ਉਹ ਵਿਅਕਤੀ ਜੋ ਸੁਖ ਜਾਂ ਦੁੱਖ ਦੇ ਪ੍ਰਤੀ ਉਦਾਸੀਨ ਹੋਵੇ।'

ਸਟੋਇਕਵਾਦ ਪੁਰਾਣੇ ਦਰਸ਼ਨ ਦੀ ਇੱਕ ਸ਼ਾਖਾ ਹੈ, ਜੋ ਜੀਵਨ ਅਤੇ ਕਰਤੱਵ ਦੇ ਪ੍ਰਤੀ ਆਪਣੇ ਦ੍ਰਿਸ਼ਟੀਕੋਣ ਵਿੱਚ ਏਪੀਨਿਊਰਸਵਾਦ ਦੀ ਜ਼ੋਰਦਾਰ ਵਿਰੋਧੀ ਹੈ, ਅਤੇ ਸੁੱਖ ਜਾਂ ਦੁੱਖ ਦੇ ਪ੍ਰਤੀ ਵਿਰਕਤ ਹੈ।

**ਸਿਨਿਕਾਵਾਦ :**

ਦਾਰਸ਼ਨਿਕਾਂ ਦਾ ਇੱਕ ਸੰਪਰਦਾਇ ਜਿਸਦੀ ਸਥਾਪਨਾ ਏਥਨਜ ਦੇ ਏਂਟੀਸਥੇਨੀਜ[5] (ਜਨਮ 444 ਈ. ਪੂ.) ਨੇ ਕੀਤੀ ਸੀ, ਜਿਸਦੀ ਵਰਨਣਯੋਗ ਵਿਸ਼ੇਸ਼ਤਾ ਧਨ ਦੌਲਤ, ਕਲਾ, ਵਿਗਿਆਨ ਅਤੇ ਮਨੋਰੰਜਨ ਦੇ ਵਿਰੁੱਧ ਇੱਕ ਸਪਸ਼ਟ ਘ੍ਰਿਣਾ ਦੇ ਰੂਪ ਵਿੱਚ ਸੀ। ਇਹਨਾਂ ਨੂੰ ਸਿਨਿਕਾ ਇਹਨਾਂ ਦੇ ਰੁੱਖੇ ਵਿਵਹਾਰ ਦੇ ਕਾਰਣ ਆਖਿਆ ਜਾਂਦਾ ਹੈ। ਸਿਨਿਕਾਵਾਦ ਕਦੇ-ਕਦੇ ਮਨੁੱਖੀ ਸੁਭਾ ਦੇ ਪ੍ਰਤੀ ਤ੍ਰਿਸਕਾਰ (ਘ੍ਰਿਣਾਮਈ) ਭਾਵਨਾ ਦੇ ਵਾਸਤੇ ਵੀ ਇਸਤੇਮਾਲ ਕੀਤਾ ਜਾਂਦਾ ਹੈ।

**ਏਪੀਨਿਊਰਸਵਾਦੀ :**

ਏਪੀਨਿਊਰਸ (341–270 ਈ.ਪੂ.) ਇੱਕ ਯੂਨਾਨੀ ਦਾਰਸ਼ਨਿਕ ਸੀ, ਜਿਸਦੀ ਸਿੱਖਿਆ ਸੀ ਕਿ ਸੁੱਖ ਹੀ ਅਸਲੀ ਚੀਜ਼ ਹੈ। ਏਪੀਨਿਊਰਸਵਾਦੀ ਉਸਨੂੰ ਕਿਹਾ ਜਾਂਦਾ ਹੈ ਜਿਹੜਾ ਖਾਓ-ਪੀਓ ਅਤੇ ਮੌਜ-ਮਸਤੀ ਵਿੱਚ ਵਿਸਵਾਸ਼ ਕਰਦਾ ਹੈ।

---

*1. ਜੇਨੋ : ਯੂਨਾਨੀ ਦਾਰਸ਼ਨਿਕ, ਜੋ ਸਵੈ ਸੰਜਮ ਅਤੇ ਕੁਦਰਤ ਦੀ ਸੰਗਤ ਵਿੱਚ ਜੀਵਨ ਜਿਉਣ ਦਾ ਹਮਾਇਤੀ ਸੀ।*

*2. ਕੈਟੋ ਦਾ ਯੰਗਰ (95–46 ਈ.ਪੂ.) : ਰੋਮਨ ਜਿਹੜਾ ਸਟੋਇਕਵਾਦੀਆਂ ਦਾ ਸਰਪ੍ਰਸਤ ਸੰਤ ਬਣਿਆ।*

*3. ਸੇਨੇਕਾ : ਪੂਰਾ ਨਾਮ ਲਊਸਅਸ ਏਨੀਅਸ ਸੇਨੇਕਾ (4 ਈ.ਪੂ. – 65 ਈ) : ਰੋਮਨ ਲੇਖਕ ਅਤੇ ਰਾਜਨੀਤੀਵਾਨ ਤੇ ਰੋਮਨ ਬਾਦਸ਼ਾਹ ਨੀਰੋ ਦਾ ਗੁਰੂ, ਜਿਸਨੇ ਸਟੋਇਕਵਾਦ ਬਾਰੇ ਕਈ ਲੇਖਕ ਅਤੇ ਦੁਖਾਂਤ ਨਾਟਕ ਵੀ ਲਿਖੇ। ਥੋੜ੍ਹੇ ਸਮੇਂ ਦੇ ਵਾਸਤੇ ਉਹ ਇੱਕ ਤਰ੍ਹਾਂ ਨਾਲ ਰੋਮ ਦਾ ਸਾਸ਼ਕ ਵੀ ਰਹਿਆ, ਫਿਰ ਬਾਦ ਵਿੱਚ ਆਤਮ ਹੱਤਿਆ ਕਰਨ ਦੀ ਸਜ਼ਾ ਮਿਲੀ।*

*4. ਮਾਰਕਸ ਔਰੇਲੀਅਸ ਏਂਤੋਨੀਅਸ : (121–180 ਈ.) ਰੋਮਨ ਦਾਰਸ਼ਨਿਕ ਅਤੇ ਸਮਰਾਟ (161–180 ਈ. ਤੱਕ)। ਉਸਨੇ ਮੇਡੀਟੇਸ਼ਨ ਨਾਂ ਦਾ ਇੱਕ ਕਲਾਸਕੀ ਸਟੋਇਕਵਾਦੀ ਗਰੰਥ ਵੀ ਲਿਖਿਆ।*

*5. ਏਂਟੀਸਥੇਨੀਜ਼ (44–365 ਈ.ਪੂ.) : ਸੁਕਰਾਤ ਤੋਂ ਪ੍ਰਭਾਵਿਤ ਯੂਨਾਨੀ ਦਾਰਸ਼ਨਿਕ। ਉਸਦੇ ਸਾਦਗੀ ਭਰੇ ਜੀਵਨ ਅਤੇ ਸਿਖਿਆਵਾਂ ਨੇ ਗਰੀਬਾਂ ਨੂੰ ਆਕਰਸ਼ਿਤ ਕੀਤਾ।*

ਪੰਨਾ 168 (103)

## ਰੋਮਨ ਰਾਜ ਪ੍ਰਣਾਲੀ

"ਰੋਮਨਾਂ ਨੇ ਰਾਜਨੀਤਕ ਸਿਧਾਂਤ ਵਿੱਚ ਘੱਟ ਹੀ ਅਜਿਹਾ ਵਾਧਾ ਕੀਤਾ ਜਿਸਦਾ ਪ੍ਰਤੱਖ ਮਹੱਤਵ ਹੋਵੇ, ਲੇਕਿਨ ਇੱਕ ਗੂੜ੍ਹੇ ਤੌਰ ਤੇ ਸੰਬੰਧਿਤ ਵਿਭਾਗ ਯਾਨੀ ਕਾਨੂੰਨ ਸ਼ਾਸ਼ਨ ਵਿੱਚ ਉਹਨਾਂ ਨੇ ਡੂੰਘੀ ਰੁਚੀ ਵਾਲਾ ਅਤੇ ਵਡਮੁੱਲਾ ਯੋਗਦਾਨ ਪਾਇਆ।

**ਜਸ-ਸਿਵਿਕ**
**ਜਸ-ਜੇਂਟਿਅਮ**

ਗਣਤੰਤਰ ਦੇ ਅੰਤਰਗਤ, "ਨਾਗਰਿਕ ਕਾਨੂੰਨ" *(ਜਸ-ਸਿਵਿਕ)* ਦੇ ਇਲਾਵਾ, *ਜਸ ਜੇਂਟਿਅਮ* (ਰਾਸ਼ਟਰ ਦੇ ਕਾਨੂੰਨ) ਨਾਂ ਨਾਲ ਬਹੁਤ ਸਾਰੇ ਨਿਯਮ ਅਤੇ ਸਿਧਾਂਤ ਅਸਤਿੱਤਵ (ਹੋਂਦ) ਵਿੱਚ ਆ ਚੁੱਕੇ ਸਨ, ਜਿਹੜੇ, ਇਤਾਲਵੀ ਕਬੀਲਿਆਂ ਦੇ ਵਿੱਚ ਪ੍ਰਚੱਲਿਤ ਆਮ ਵਿਸ਼ੇਸ਼ਤਾਵਾਂ ਨੂੰ ਪ੍ਰਤੀਬਿੰਬਤ ਕਰਦੇ ਸਨ।

**ਜਸ-ਨੇਚੂਰਲ**

ਮਹਾਨ ਰੋਮਨ *ਜਿਊਰਸ – ਕੰਨਸਲਟਸ* (ਕਾਨੂੰਨ ਅਤੇ ਵਿਗਿਆਨ ਦੇ ਮਾਹਿਰ) (ਸਟੋਇਕਵਾਦੀਆਂ ਦੇ ਵਿਚਾਰ ਤੋਂ ਪ੍ਰੇਰਣਾ ਲੈ ਕੇ) ਹੌਲੀ-ਹੌਲੀ ਪ੍ਰਕਿਰਤੀ ਦੇ ਕਾਨੂੰਨ (*ਜਸ-ਨੇਚੂਰਲ*) ਨੂੰ *ਜਸ-ਜੇਂਟਿਅਮ* ਦੇ ਸਮਰੂਪ ਮੰਨਣ ਲੱਗੇ।

ਉਹਨਾਂ ਦੀ ਸਿੱਖਿਆ ਸੀ ਕਿ ਇਹ ਕਾਨੂੰਨ ਦੈਵੀ (ਰੱਬੀ) ਅਤੇ ਸ਼ਾਸ਼ਵਤ ਸੀ, ਅਤੇ ਇਹ ਕਈ ਖਾਸ ਰਾਜਾਂ ਦੇ ਕਾਨੂੰਨਾਂ ਨਾਲੋਂ ਆਪਣੀ ਸੱਚਾਈ ਤੇ ਉਚਿੱਤਤਾ ਵਿੱਚ ਵੱਧ ਸ੍ਰੇਸ਼ਟ ਸੀ। **ਪ੍ਰਕ੍ਰਿਤਕ ਕਾਨੂੰਨ** ਨੂੰ ਵਾਸਤਵ ਵਿੱਚ ਅਸਤਿੱਤਵਮਾਨ ਮੰਨਿਆ ਜਾਂਦਾ ਸੀ, ਅਤੇ ਇਸਨੂੰ ਨਾਗਰਿਕ ਕਾਨੂੰਨ ਨਾਲ ਸੰਬੰਧਿਤ ਸਮਝਿਆ ਜਾਂਦਾ ਸੀ।

*ਏਂਟੋਨਿਆਈ ਕਾਲ*[1] ਵਿੱਚ, ਜਦੋਂ ਰੋਮਨ ਕਾਨੂੰਨ ਆਪਣਾ ਮੁਕੰਮਲ ਵਿਕਾਸ ਕਰ ਚੁੱਕਿਆ ਸੀ ਅਤੇ ਸਟੋਇਕਵਾਦੀ ਸਿਧਾਂਤ ਸਰਵਅਧਿਕ ਪ੍ਰਭਾਵੀ ਹੋ ਚੁੱਕੇ ਸਨ, ਤਾਂ ਕਾਨੂੰਨੀ ਮਾਹਿਰਾਂ ਨੇ ਰਾਜਨੀਤਕ ਸਿਧਾਂਤਾਂ ਦੇ ਰੂਪ ਵਿੱਚ ਨਹੀਂ, ਬਲਕਿ ਨਿਆਂ ਸ਼ਾਸ਼ਤਰੀ ਦੇ ਰੂਪ ਵਿੱਚ, ਇਹ ਸਿਧਾਂਤ ਸੂਤਰ ਵੱਧ ਕੀਤਾ ਕਿ,

**"ਸਾਰੇ ਮਨੁੱਖ ਜਮਾਂਦਰੂ ਸੁਤੰਤਰ ਹੁੰਦੇ ਹਨ।"**

ਅਤੇ ਕਿ ਪ੍ਰਕ੍ਰਿਤੀ ਦੇ ਕਾਨੂੰਨ ਪੱਖੋਂ, **"ਸਾਰੇ ਮਨੁੱਖ ਬਰਾਬਰ ਹੁੰਦੇ ਹਨ।"** ਜਿਸਦਾ ਅੰਤਰੀਵੀ ਅਰਥ ਇਹ ਸੀ ਕਿ ਭਲੇ ਹੀ ਨਾਗਰਿਕ ਕਾਨੂੰਨ ਵਿੱਚ ਵਰਗ ਭੇਦ ਦੀ ਮਾਨਤਾ ਸੀ, ਪ੍ਰਕਿਰਤੀ ਦੇ ਕਾਨੂੰਨ ਦੇ ਸਨਮੁੱਖ ਸਮੁੱਚੀ ਮਾਨਵ ਜਾਤੀ ਬਰਾਬਰ ਸੀ।

**ਰੋਮਨ ਰਾਜ ਵਿਵਸਥਾ ਵਿੱਚ ਸਮਾਜਿਕ ਸਮਝੌਤਾ :**

ਜਦੋਂ ਕਿ ਰੋਮਨ ਕਾਨੂੰਨਘਾੜਿਆਂ ਨੇ ਨਾਗਰਿਕ ਸਮਾਜ ਦੀ ਉਤਪਤੀ ਦੇ ਤੌਰ ਤੇ ਕਿਸੇ ਸਮਝੌਤੇ ਨੂੰ ਸਵੀਕਾਰ ਨਹੀਂ ਕੀਤਾ ਸੀ ਫਿਰ ਵੀ ਪ੍ਰਵਾਨਤ ਅਧਿਕਾਰਾਂ ਅਤੇ ਫ਼ਰਜ਼ਾਂ ਨੂੰ ਇੱਕ ਕਲਪਿਤ, ਲੇਕਿਨ ਗੈਰ-ਮੌਜੂਦ ਸਮਝੌਤੇ ਨਾਲ ਸਿੱਧ ਕਰਨ ਦਾ ਇੱਕ ਰੁਝਾਣ ਮੌਜੂਦ ਸੀ।

---

*1. ਰੋਮਨ ਸਮਰਾਟ ਏਂਟੋਨੀਅਸ ਪਾਇਸ (86–161 ਈ.) ਦਾ ਸ਼ਾਸ਼ਨ ਕਾਲ (138–161 ਈ.) ਉਸਦਾ ਸਾਸ਼ਨ ਕਾਲ ਸ਼ਾਂਤੀ ਅਤੇ ਉੱਤਰ ਪ੍ਰਸਾਸ਼ਨ ਦਾ ਯੁੱਗ ਮੰਨਿਆ ਜਾਂਦਾ ਹੈ।*

ਪ੍ਰਭੂਸੱਤਾ ਦੇ ਮਾਮਲੇ ਵਿੱਚ, *ਨਾਗਰਿਕ ਕੋਮੇਟਿਆ ਟ੍ਰਿਬਊਰਾ*[1] ਵਿੱਚ ਇਕੱਤਰ ਹੋ ਕੇ ਗਣਤੰਤਰ ਦੇ ਸੁਨਹਿਰੀ ਦਿਨਾਂ ਵਿੱਚ, ਸਰਵ ਉੱਚ ਸੱਤਾ ਦੇ ਰੂਪ ਵਿੱਚ ਕੰਮ ਕਰਦੇ ਸਨ।

ਸਾਮਰਾਜ ਦੇ ਅੰਤਰਗਤ, ਪ੍ਰਭੂਸੱਤਾ ਸਮਰਾਟ ਵਿੱਚ ਨਿਹਿਤ ਸੀ, ਅਤੇ ਬਾਦ ਦੇ *ਜਿਊਰਸ ਕਨਸਲਟਸ* ਦੇ ਅਨੁਸਾਰ, ਲੋਕ *ਲੇਕਸ ਰੇਜੀਆ*[2] ਦੇ ਅਨੁਸਾਰ, ਸਰਵ ਉੱਚ ਕਮਾਨ ਹਰ ਇੱਕ ਸਮਰਾਟ ਨੂੰ, ਉਸਦੇ ਸਾਸ਼ਨ ਦੇ ਆਰੰਭ ਹੁੰਦੇ ਹੀ, ਸੌਂਪ ਦਿੱਤੀ ਜਾਂਦੀ ਸੀ, ਅਤੇ ਇਸ ਤਰ੍ਹਾਂ ਸਾਸ਼ਨ ਕਰਨ ਅਤੇ ਕਾਨੂੰਨ ਬਣਾਉਣ ਦੇ ਆਪਣੇ ਸਾਰੇ ਅਧਿਕਾਰ ਉਸਦੇ ਹਵਾਲੇ ਕਰ ਦਿੰਦੇ ਸਨ।

ਪੰਨਾ 169 (104)

## ਮੱਧ ਯੁੱਗ

(ਟਾੱਮਸ ਏਕਿਵਨਾਸ)

**ਟਾੱਮਸ ਏਕਿਵਨਾਸ**[3] : (1226-1274) ਦੇ ਸੰਬੰਧੀ ਆਖਿਆ ਜਾਂਦਾ ਹੈ ਕਿ ਉਹ ਮੱਧ ਯੁੱਗ ਦੇ ਰਾਜਨੀਤਕ ਸਿਧਾਂਤ ਦਾ ਪ੍ਰਮੁੱਖ ਪ੍ਰਵਰਤਕ ਸੀ। ਉਸਨੇ ਰੋਮਨ, ਕਾਨੂੰਨਸਾਜ਼ਾਂ ਦਾ ਅਨੁਸਰਣ ਕਰਦੇ ਹੋਇਆਂ, ਇੱਕ ਪ੍ਰਕਿਰਤਕ ਕਾਨੂੰਨ ਨੂੰ ਮਾਨਤਾ ਦਿੱਤੀ, ਜਿਸਦੇ ਸਿਧਾਂਤ ਮਾਨਵੀ ਵਿਵੇਕ ਵਿੱਚ ਦੈਵੀ ਰੂਪ ਤੋਂ ਸਮੋਏ ਗਏ (ਮੰਨੇ ਗਏ-ਸੰ) ਅਤੇ ਇਸਦੇ ਨਾਲ ਹੀ ਉਸਨੇ ਉਹਨਾਂ ਪ੍ਰਤੱਖ ਕਾਨੂੰਨਾਂ ਨੂੰ ਵੀ ਮਾਨਤਾ ਦਿੱਤੀ, ਜੋ ਵੱਖ ਵੱਖ ਰਾਜਾਂ ਵਿੱਚ ਭਿੰਨ ਭਿੰਨ ਹੋਇਆ ਕਰਦੇ ਸਨ।

ਉਸਦਾ ਕਹਿਣਾ ਸੀ ਕਿ ਕਾਨੂੰਨ ਬਣਾਉਣ ਵਾਲੀ ਸੱਤਾ, ਜੋ ਕਿ ਪ੍ਰਭੂਸੱਤਾ ਦੀ ਲਾਜ਼ਮੀ ਖਾਸੀਅਤ ਹੁੰਦੀ ਹੈ, ਆਮ ਕਲਿਆਣ ਦੀ ਦਿਸ਼ਾ ਵਿੱਚ ਨਿਰਦੇਸ਼ਤ ਹੋਣੀ ਚਾਹੀਦੀ ਹੈ, ਅਤੇ ਕਿ ਉਸ ਉਦੇਸ਼ ਦੀ ਪ੍ਰਾਪਤੀ ਵਾਸਤੇ, **ਇਸਨੂੰ ਬਹੁਗਿਣਤੀ ਸੰਖਿਆ ਲੋਕਾਂ ਜਾਂ ਉਹਨਾਂ ਦੇ ਨੁਮਾਇੰਦੇ, ਰਾਜਾਂ ਨਾਲ ਜੁੜੀ ਹੋਣੀ ਚਾਹੀਦੀ ਹੈ।** ਉਸਨੂੰ ਰਾਜਾਂ, ਕੁਲੀਨਾਂ ਅਤੇ ਲੋਕਾਂ ਦੀ ਮਿਲੀ ਜੁਲੀ ਸਰਕਾਰ ਸਭ ਤੋਂ ਵਧੀਆ ਲੱਗਦੀ ਸੀ ਜਿਸ ਵਿੱਚ ਸਰਵ ਉੱਚ ਸੱਤਾ ਦੇ ਰੂਪ ਵਿੱਚ ਪੋਪ (ਮੁੱਖ ਪਾਦਰੀ) ਹੋਵੇ।

### ਪਾਦੂਆ ਦਾ ਮਾਰਸਿਲੀਓ[4]

(1328 ਮੌਤ)

## ਸਮਝੌਤੇ ਦੀ ਧਾਰਣਾ

ਆਪਣੀ ਰਚਨਾ *'ਡਿਫੇਂਸਰ ਪੈਸਿਜ'* ਵਿੱਚ ਪਾਦੂਆ ਦੇ ਮਾਰਸਿਲੀਓ ਨੇ ਲੋਕ-

*1. ਰਾਜਕੀ ਜਾਂ ਸ਼ਾਹੀ ਕਮੇਟੀ, ਜੋ ਸਮਰਾਟ ਵੱਲੋਂ ਗਠਿਤ ਕੀਤੀ ਜਾਂਦੀ ਸੀ।*

*2. ਰਾਜਕੀ ਕਾਨੂੰਨ*

*3. ਟਾਮਸ ਏਕਿਵਨਾਸ (1226-1274) : ਇਤਾਲਵੀ ਦਾਰਸ਼ਨਿਕ*

*4. ਪਾਦੂਆ ਮਾਰਸਿਲੀਓ (ਮੌਤ 1328 ਈ.) : ਇਟਲੀ ਦੇ ਸ਼ਹਿਰ ਪਾਦੂਆ ਦਾ ਵਸਨੀਕ, ਰਾਜਨੀਤਕ ਸਿਧਾਂਤਕਾਰ ਜਿਸਨੇ ਚਰਚ (ਗਿਰਜਾਘਰ) ਅਤੇ ਰਾਜ ਨੂੰ ਇੱਕ ਦੂਜੇ ਨਾਲੋਂ ਵੱਖ ਕਰਨ ਨੂੰ ਲੈ ਕੇ ਬਾਦਸ਼ਾਹ ਲੂਈ ਚੌਥੇ ਦੇ ਵਾਸਤੇ ਡਿਫੇਂਸਰ ਪੈਸਿਸ ਗਰੰਥ ਲਿਖਿਆ, ਜੋ ਕਾਫੀ ਵਿਵਾਦ ਪੂਰਣ ਸਿੱਧ ਹੋਇਆ।*

ਆਧਾਰਿਤ ਪ੍ਰਭੂਸੱਤਾ ਦੇ ਸਿਧਾਂਤ ਦੀ ਵਕਾਲਤ ਕੀਤੀ, ਅਤੇ **ਲੌਕਿਕ ਸੱਤਾ ਦੇ ਪ੍ਰਤੀ ਉਹਨਾਂ ਪੋਪਵਾਦੀ ਪਾਖੰਡਾਂ ਦਾ ਵਿਰੋਧ ਕੀਤਾ**, ਜੋ ਫਾਲਸੋ ਡਿਕ੍ਰਿਟਲਸ ਉੱਪਰ ਆਧਾਰਤ ਸਨ। **(ਲੋਕਾਂ ਦੀ ਖੁਦਮੁਖਤਿਆਰੀ)**

**ਕਿਉਂਕਿ ਮਨੁੱਖ ਨੇ ਨਾਗਰਿਕ ਜੀਵਨ ਆਪਣੇ ਆਪਸੀ ਹਿੱਤ ਦੇ ਵਾਸਤੇ ਅਪਣਾਇਆ** ਇਸ ਲਈ ਕਾਨੂੰਨ ਵੀ ਨਾਗਰਿਕਾਂ ਦੇ ਸੰਗਠਨ ਵੱਲੋਂ ਹੀ ਬਣਾਇਆ ਜਾਣਾ ਚਾਹੀਦਾ ਹੈ, ਕਾਨੂੰਨ ਜਦੋਂ ਤੱਕ ਉਹਨਾਂ ਲੋਕਾਂ ਵੱਲੋਂ ਨਹੀਂ ਬਣਾਏ ਜਾਂਦੇ, ਜਿਹਨਾਂ ਦੇ ਹਿੱਤ ਇਹਨਾਂ ਤੋਂ ਸਿੱਧੇ ਪ੍ਰਭਾਵਤ ਹੁੰਦੇ ਹਨ ਅਤੇ ਜਿਹਨਾਂ ਨੂੰ ਪਤਾ ਹੁੰਦਾ ਹੈ ਕਿ ਉਹਨਾਂ ਦੀਆਂ ਲੋੜਾਂ ਕੀ ਹਨ, ਉਦੋਂ ਤੱਕ ਨਾ ਤਾਂ ਉਹ ਸਰਵੋਤਮ ਆਖੇ ਜਾ ਸਕਦੇ ਹਨ, ਅਤੇ ਨਾ ਹੀ ਉਹਨਾਂ ਦਾ ਤਤਪਰਤਾ ਨਾਲ ਪਾਲਣ ਕੀਤਾ ਜਾ ਸਕਦਾ ਹੈ।

ਉਸਨੇ ਦਾਅਵੇ ਦੇ ਨਾਲ ਕਿਹਾ ਕਿ **ਕਾਨੂੰਨ ਬਣਾਉਣ ਵਾਲੀ ਸੱਤਾ ਲੋਕਾਂ ਵਿੱਚ ਵਿਦਮਾਨ (ਨਿਹਿਤ) ਹੁੰਦੀ ਹੈ**, ਅਤੇ ਵਿਧਾਇਕਾ (ਕਾਨੂੰਨ ਘੜਨੀ) ਦਾ ਕੰਮ ਕਾਰਜਪਾਲਿਕਾ ਦਾ ਗਠਨ ਕਰਨਾ ਹੈ, ਪਰੰਤੂ ਉਹ ਉਸਨੂੰ ਵੀ ਬਦਲ ਜਾਂ ਰੱਦ ਕਰ ਸਕਦੇ ਹਨ।

-------o-------

## ਪੁੱਨਰਜਾਗਰਣ ਸੁਧਾਰ !!

ਪੁੱਨਰਜਾਗਰਣ ਵਿੱਚ, ਗਿਆਨ ਦੇ ਸਾਰੇ ਖੇਤਰ ਜਾਗਰੂਕ ਹੋ ਉੱਠੇ ਅਤੇ ਜੋ ਲਕੀਰ ਦਾ ਫ਼ਕੀਰ ਦਰਸ਼ਨ ਹਜ਼ਾਰਾਂ ਵਰ੍ਹਿਆਂ ਤੋਂ ਧਰਮ ਸ਼ਾਸ਼ਤਰ ਦੀ ਚਾਕਰੀ (ਗੋਲਪੁਣਾ) ਕਰਦਾ ਆ ਰਿਹਾ ਸੀ ਹੁਣ ਉਸਦੀ ਥਾਂ **ਪ੍ਰਕ੍ਰਿਤੀ ਅਤੇ ਮਨੁੱਖ** ਦੇ ਇੱਕ ਨਵੇਂ ਦਰਸ਼ਨ ਨੇ ਲੈ ਲਈ, ਜੋ ਵੱਧ ਉਦਾਰ, ਵੱਧ ਗਹਿਰਾ, ਅਤੇ ਵੱਧ ਬੋਧਗਾਮੀ ਸੀ।

**ਬੇਕਨ**[1] ਨੇ ਮਨੁੱਖ ਅਧਿਭੂਤਵਾਦ (ਸਵਾਮੀਵਾਦ) ਤੋਂ ਪ੍ਰਕ੍ਰਿਤੀ ਅਤੇ ਯਥਾਰਥ ਵੱਲੀਂ ਮੁੜਨ ਦੀ ਅਪੀਲ ਕੀਤੀ।

ਦਰਸ਼ਨ (ਫਿਲਾਸਫੀ) ਦਾ ਆਰੰਭ ਨਿਸ਼ਚੇ ਹੀ ਸਰਵਭੌਮਿਕ ਸੰਦੇਹਵਾਦ ਤੋਂ ਹੋਣਾ ਚਾਹੀਦਾ ਹੈ। ਲੇਕਿਨ ਛੇਤੀ ਹੀ ਇਹ ਤੱਥ ਸੰਦੇਹ ਮੁਕਤ ਵੇਖਿਆ ਜਾਂਦਾ ਹੈ : ਮਨੁੱਖ ਵਿੱਚ ਚਿੰਤਨਸ਼ੀਲ ਸਿਧਾਂਤ ਦਾ ਅਸਤਿੱਤਵ। **ਚੇਤਨਾ ਦਾ ਅਸਤਿਤਵ !**

## ਕਾਰਤਾਵਾਦੀ ਦਰਸ਼ਨ

ਸੁਧਾਰਾਂ ਦੇ ਯੁੱਗ ਵਿੱਚ ਆਤਮਗਤ ਸੱਚਾਈ ਉੱਤੇ ਵਿਸਵਾਸ਼ ਅਤੇ ਵਿਅਕਤੀ ਦੀ ਸੱਤਾ ਦਾ ਜਿਸ ਜ਼ੋਰ ਸ਼ੋਰ ਦੇ ਨਾਲ ਸਵਾਗਤ ਕੀਤਾ ਗਿਆ ਉਹ ਹੀ **ਕਾਰਤਾਵਾਦੀ ਦਰਸ਼ਨ** ਦਾ ਆਧਾਰ ਬਣਿਆ।

ਕਾਰਤਵਾਦੀ ਫਰਾਂਸੀਸੀ ਦਾਰਸ਼ਨਿਕ ਰੇਨੇ ਦਾ ਕਾਰਤ[2] (1596-1650) ਅਤੇ ਉਸਦੇ ਦਰਸ਼ਨ ਨਾਲ ਸੰਬੰਧਿਤ।

*1. ਸੰਭਾਵਤ : ਫਰਾਂਸਿਸ ਬੇਕਨ (1561-1626) : ਅੰਗਰੇਜ਼ ਦਾਰਸ਼ਨਿਕ ਅਤੇ ਰਾਜਨੀਤੀਵਾਨ ਦੀ ਕਿਸੇ ਰਚਨਾ ਵਿੱਚੋਂ ਹਵਾਲਾ*

*2. ਫਰਾਂਸੀਸੀ ਦਾਰਸ਼ਨਿਕ ਅਤੇ ਹਿਸਾਬਦਾਨ : ਕਾਰਤਵਾਦੀ ਦਰਸ਼ਨ ਚੇਤਨਾ ਅਤੇ ਪਦਾਰਥ ਦੇ ਭੇਦ ਉੱਪਰ ਆਧਾਰਿਤ ਹੈ, ਜੋ ਦਕਾਰਤ ਦੀ ਰਚਨਾ 'ਡਿਸਕੋਰਸ ਔਨ ਮੈਟਰ' (1673) ਵਿੱਚ ਉਸਦੇ ਇਸ ਸੂਤਰ ਵਾਕ ਤੋਂ ਸਪਸ਼ਟ ਹੈ : ਕਾਗਨਿਟੋ ਅਰਗੋ ਸਮ ਅਰਥਾਤ "ਮੈਂ ਸੋਚਦਾ ਹਾਂ, ਇਸ ਲਈ ਮੈਂ ਹਾਂ।"*

## ਨਵਾਂ ਯੁੱਗ

ਸੁਧਾਰ ਕਾਲ ਦੇ ਬਾਦ, ਪੋਪ ਦੀ ਸੱਤਾ ਡਗਮਗਾ ਗਈ, ਅਤੇ ਸਾਸ਼ਨ ਤੇ ਜਨਤਾ (ਲੋਕੀਂ) ਦੋਨਾਂ ਦੇ ਦਿਮਾਗ ਆਜ਼ਾਦੀ ਦੀ ਲਹਿਰ ਵਿੱਚ ਰੰਗੇ ਜਾਣ ਲੱਗੇ। ਲੇਕਿਨ ਇੱਕ ਭੰਬਲ ਭੂਸੇ ਦੀ ਸਥਿਤੀ ਵੀ ਪੈਦਾ ਹੋ ਗਈ। ਇਸ ਨਵੀਂ ਸਥਿਤੀ ਨਾਲ ਨਜਿੱਠਣ ਦੇ ਵਾਸਤੇ ਬਥੇਰੇ ਚਿੰਤਕਾਂ ਨੇ ਰਾਜ ਦੇ ਸਵਾਲ ਬਾਰੇ ਸੋਚਣਾ ਆਰੰਭ ਕਰ ਦਿੱਤਾ। ਚਿੰਤਨ ਦੀਆਂ ਵਿਭਿੰਨ ਸ਼ਾਖਾਵਾਂ ਉੱਠ ਖੜ੍ਹੀਆਂ ਹੋਈਆਂ।

### ਮੈਕਿਆਵੇਲੀ :

ਮੈਕਿਆਵੇਲੀ-ਇਸ ਮਸ਼ਹੂਰ ਇਤਾਲਵੀ ਵਿਚਾਰਕ ਨੇ ਸਰਕਾਰ ਦੇ ਗਣਤੰਤਰਿਕ ਸਰੂਪ ਨੂੰ ਸਰਵੋਤਮ ਮੰਨਿਆ, ਪਰੰਤੂ ਸਰਕਾਰ ਦੇ ਇਸ ਰੂਪ ਦੇ ਸਥਾਈਪਨ ਬਾਰੇ ਸੰਦੇਹ ਹੋਣ ਦੇ ਕਾਰਣ, ਉਸਨੇ ਇੱਕ ਸ਼ਕਤੀਸ਼ਾਲੀ ਰਾਜ ਤੰਤਰਾਤਮਕ ਸਾਸ਼ਨ ਨੂੰ ਸੁਰੱਖਿਅਤ ਰੱਖਣ ਦੇ ਸਿਧਾਂਤ ਦਾ ਵੀ ਨਿਰੂਪਣ ਕੀਤਾ ਅਤੇ ਏਸੇ ਨਾਤੇ ਉਸਨੇ 'ਦਾ ਪ੍ਰਿੰਸ' ਦੀ ਰਚਨਾ ਕੀਤੀ।

ਇੱਕ **ਕੇਂਦਰਕ੍ਰਿਤ ਸਰਕਾਰ** ਦੀ ਉਸਦੀ ਹਿਮਾਇਤ ਦਾ ਯੂਰਪ ਦੇ ਰਾਜਨੀਤਕ ਸਿਧਾਂਤ ਅਤੇ ਵਿਵਹਾਰ ਉੱਤੇ ਭਾਰੀ ਪ੍ਰਭਾਵ ਪਿਆ।

ਮੈਕਿਆਵੇਲੀ ਸੰਭਾਵਤ ਪਹਿਲਾ ਲੇਖਕ ਸੀ ਜਿਸਨੇ ਇੱਕ ਦਮ ਧਰਮ ਨਿਰਪੱਖ ਦ੍ਰਿਸ਼ਟੀਕੋਣ "ਰਾਜਨੀਤੀ" ਬਾਰੇ ਵਿਚਾਰ ਕੀਤਾ।

### *ਹੋਰ ਵਿਚਾਰਕ*

### ਇਕਰਾਰ ਅਤੇ ਸਮਝੌਤਾ

ਹੋਰ ਵਿਚਾਰਕਾਂ ਵਿੱਚੋਂ ਜ਼ਿਆਦਾਤਰ ਨੇ ਇਕਰਾਰ ਜਾਂ ਸਮਝੌਤੇ ਦੇ ਸਿਧਾਂਤ ਦਾ ਸਮਰਥਨ ਕੀਤਾ। ਰੋਮਨ ਕਾਨੂੰਨ ਵਿੱਚ (ਇਕਰਾਰ) ਵਿਅਕਤੀਆਂ ਦੇ ਵਿੱਚ ਇੱਕ ਸਹਿਮਤੀ ਦਾ ਸਿੱਟਾ ਹੋਇਆ ਕਰਦਾ ਸੀ ਅਤੇ ਇਸਦਾ ਘੇਰਾ ਸਮਝੌਤੇ ਨਾਲੋਂ ਛੋਟਾ ਹੋਇਆ ਕਰਦਾ ਸੀ। ਜਦੋਂ ਕਿ ਸਮਝੌਤਾ ਇਕਰਾਰ (ਜਾਂ ਇਕਰਾਰ ਨਾਮਾ) ਦੇ ਨਾਲ ਨਾਲ ਇੱਕ ਲਾਜ਼ਮੀ ਫਰਜ਼ ਵੀ ਹੁੰਦਾ ਸੀ।

ਅਜਿਹੇ ਵਿਚਾਰਕਾਂ ਦੇ ਦੋ ਵੱਖ-ਵੱਖ ਸੰਪ੍ਰਦਾਇ ਸਨ। ਪਹਿਲੀ ਕਿਸਮ ਦਾ ਸੰਪ੍ਰਦਾਇ ਈਸ਼ਵਰ (ਰੱਬ) ਅਤੇ ਮਨੁੱਖ ਦੇ ਵਿਚਕਾਰ ਇਕਰਾਰ ਦੀ ਯਹੂਦੀ ਧਾਰਨਾ ਉੱਪਰ ਆਧਾਰਿਤ ਸਿਧਾਂਤ ਦਾ ਪ੍ਰਤੀਪਾਦਨ ਕਰਦਾ ਸੀ, ਜੋ ਸਮਝੌਤੇ ਦੀ ਰੋਮਨ ਧਾਰਨਾ ਨਾਲ ਸਮਰੂਪਿਤ ਸੀ। ਇਹ ਸਰਕਾਰ ਅਤੇ ਲੋਕਾਂ ਦੇ ਵਿੱਚ ਇੱਕ ਅਣਲਿਖਤ ਸਮਝੌਤੇ ਦਾ ਪ੍ਰਤੀਪਾਦਨ ਕਰਦਾ ਸੀ।

*1. ਦਾ ਪ੍ਰਿੰਸ : 1527 ਵਿੱਚ, ਇਤਾਲਵੀ ਰਾਜਨੀਤਕ ਚਿੰਤਕ ਮੈਕਿਆਵੇਲੀ ਵੱਲੋਂ ਲਿਖੀ ਗਈ ਪ੍ਰਸਿੱਧ ਪੁਸਤਕ, ਜਿਸ ਵਿੱਚ ਰਾਜ ਸੱਤਾ ਹਾਸਿਲ ਕਰਨ ਦੇ ਉਪਾਵਾਂ ਦਾ ਵਿਸਤਾਰਪੂਰਵਕ ਵਰਨਣ ਅਤੇ ਵਿਸਲੇਸ਼ਣ ਕੀਤਾ ਗਿਆ ਹੈ। ਮੈਕਿਆਵੇਲੀ ਅਤੇ ਉਸਦੀ ਪੁਸਤਕ ਨੇ ਆਪਣੇ ਸਮੇਂ ਅਤੇ ਬਾਦ ਦੇ ਯੁੱਗ ਵਿੱਚ ਵੀ ਰਾਜਨੀਤੀ ਉੱਤੇ ਕਾਫ਼ੀ ਪ੍ਰਭਾਵ ਪਾਇਆ।*

ਦੂਜਾ ਜਾਂ ਆਧੁਨਿਕ ਕਿਸਮ ਦਾ ਸੰਪ੍ਰਦਾਇ ਵਿਅਕਤੀਆਂ ਦੇ ਵਿਚਕਾਰ ਇੱਕ ਇਕਰਾਰ ਦੇ ਜ਼ਰੀਏ ਰਾਜਨੀਤਕ ਸਮਾਜ ਦੀ ਸੰਸਥਾਵੱਧਤਾ (ਸੰਗਠਨ) ਨਾਲ ਸਬੰਧਤ ਹੈ। ਚਿੰਤਨ ਦੀ ਇਸ ਸ਼ਾਖਾ ਦੇ ਪ੍ਰਮੁੱਖ ਵਿਚਾਰਕ ਹੂਕਰੇ[1], ਹੌਬਸ[2], ਲਾਕ[3] ਅਤੇ ਰੂਸੋ[4] ਹੋਏ ਹਨ।

### ਲੋਕ-ਸੁਤੰਤਰਾ ਦੇ ਹਿਮਾਇਤੀ

### ਹਊਜ਼ਿਨਾਤ[5]

1. *ਵਿੰਡਿਸਿਏ ਕ੍ਰੋਂਟਾ ਟਾਇਰੈਂਨਸ*[6] (1576) **ਹਊਜ਼ਿਨਾਤ ਲੈਂਗੁਏਤ** ਦੀ ਰਚਨਾ ਇਸ ਵਿੱਚ ਦਲੀਲ ਦਿੱਤੀ ਗਈ ਸੀ ਕਿ ਰਾਜਾ ਆਪਣੀ ਸੱਤਾ ਲੋਕਾਂ ਦੀ ਇੱਛਾ ਤੋਂ ਪ੍ਰਾਪਤ ਕਰੇ, ਅਤੇ ਕਿ ਜੇ ਰਾਜਾ ਕਾਨੂੰਨਾਂ ਦੇ ਪਰਿਪਾਲਣ ਵਿੱਚ ਉਸ ਇਕਰਾਰ ਨੂੰ ਭੰਗ ਕਰੇ ਜੋ ਉਸਦੇ ਅਤੇ ਲੋਕਾਂ ਦੇ ਵਿੱਚ ਸੰਯੁਕਤ ਤੌਰ ਤੇ ਰਾਜਸ਼ਾਹੀ ਦੀ ਸਥਾਪਨਾ ਦੇ ਸਮੇਂ ਕੀਤਾ ਗਿਆ ਹੁੰਦਾ ਹੈ, ਤਾਂ **ਲੋਕੀਂ ਵੀ ਰਾਜ ਪ੍ਰਤੀ ਵਫਾਦਾਰੀ ਤੋਂ ਸੁਤੰਤਰ ਹੋ ਜਾਣਗੇ।**

### ਬੁਕਾਨਨ[7] :

2. ਬੁਕਾਨਨ ਦਾ ਵੀ ਇਹੋ ਹੀ ਕਹਿਣਾ ਸੀ ਕਿ ਰਾਜਾ ਅਤੇ ਜਨਤਾ (ਲੋਕੀਂ) ਇੱਕ ਪੈਕਟ (ਸਮਝੌਤੇ) ਦੇ ਤਹਿਤ ਵਚਨਬੱਧ ਹੁੰਦੇ ਹਨ, ਅਤੇ ਕਿ ਜੇ ਰਾਜਾ ਇਸਨੂੰ ਭੰਗ ਕਰ ਦੇਵੇ, ਤਾਂ ਉਹ ਆਪਣੇ ਅਧਿਕਾਰ ਵੀ ਗੰਵਾ ਦਿੰਦਾ ਹੈ।

*1. ਰਿਚਰਡ ਹੂਕਰ : ਵੇਖੋ ਨੋਟ ਬੁੱਕ ਪੰਨਾ 107 (80) ਦਾ ਸੰਦਰਭ 1*

*2. ਥੌਮਸ ਹੌਬਸ : ਵੇਖੋ ਨੋਟ ਬੁੱਕ ਪੰਨਾ 108 (81) ਦਾ ਸੰਦਰਭ 2*

*3. ਜਾਨ ਲਾਕ (1632-1707) : ਅੰਗਰੇਜ਼ ਦਾਰਸ਼ਨਿਕ ਅਤੇ ਇੱਕ ਮੁਹਰੈਲ ਵਿਵਹਾਰਵਾਦੀ ਉਸਨੇ ਸਮਾਜਕ ਸੰਵਿਦਾ ਦੇ ਹੌਬਸ ਦੇ ਸਿਧਾਂਤ ਦੀ ਆਲੋਚਨਾ ਕੀਤੀ ਜੋ ਰਾਜਤੰਤਰ ਦੇ ਸਮਰਥਨ ਤੱਕ ਜਾਂਦੇ ਸਨ। 1689 ਵਿੱਚ ਆਪਣੀ ਪ੍ਰਸਿੱਧ ਰਚਨਾ 'ਟੂ ਟਰੀਟਾਈਜੇਜ਼ ਔਨ ਗਵਰਨਮੈਂਟ' ਲਿਖੀ, ਜਿਸਨੇ ਅੱਗੇ ਚੱਲਕੇ ਅਮਰੀਕੀ ਸੰਵਿਧਾਨ ਨਿਰਮਾਤਾਵਾਂ ਨੂੰ ਪ੍ਰਭਾਵਤ ਕੀਤਾ। ਉਸਦੀ ਦੂਜੀ ਪ੍ਰਸਿੱਧ ਪੁਸਤਕ 'ਐਸੇ ਕਨਸਰਨਿੰਗ ਹਿਊਮਨ ਅੰਡਰਸਟੈਂਡਿੰਗ' ਹੈ ਜੋ ਇੰਦਿਆਵੀ ਅਨੁਭਵ ਉੱਤੇ ਆਧਾਰਤ ਗਿਆਨ ਦੀ ਅਵਧਾਰਣਾ ਦੇ ਸਮਰੱਥਨ ਵਿੱਚ ਹੈ।*

*4. ਜ਼ਯਾ ਜਾਕ ਰੂਸੋ : ਵੇਖੋ ਨੋਟ ਬੁੱਕ ਪੰਨਾ 119 (92) ਦਾ ਸੰਦਰਭ*

*5. ਹਊਜ਼ਿਨਾਤ : ਇਹ ਨਾਮ ਸੋਹਲਵੀਂ ਸਦੀ ਦੇ ਮੱਧ ਤੋਂ ਫਰਾਂਸ ਦੇ ਪ੍ਰੋਟੈਸਟੈਂਟਾਂ ਨੂੰ ਦਿੱਤਾ ਜਾਣ ਲੱਗਿਆ ਸੀ, ਕਾਰਣ ਕਿ ਤੂਰਸ ਸ਼ਹਿਰ ਵਿੱਚ ਸਥਾਨਕ ਪ੍ਰੋਟੈਸਟੈਂਟ ਇਸਾਈ ਰਾਤ ਸਮੇਂ ਰਾਜਾ ਹਊਗੋ ਦੇ ਫਾਟਕ ਤੇ ਮੁਲਾਕਾਤ ਕਰਿਆ ਕਰਦੇ ਸਨ। ਰਾਜਾ ਹਊਗੋ ਨੂੰ ਲੋਕੀਂ ਇੱਕ ਦੈਵੀ ਸ਼ਕਤੀ ਮੰਨਦੇ ਸਨ।*

*6. ਵਿੰਡੀਸੀਏ ਕੌਅਰਾ ਟਾਇਰਨੈਂਸ : ਹਊਬ੍ਰਟ ਲੈਂਗੁਏਡ (1518-1581) ਦੀ ਰਚਨਾ ਜਿਸ ਵਿੱਚ ਤਾਨਾਸ਼ਾਹ ਸਾਸ਼ਨ ਦੇ ਖਿਲਾਫ਼ ਵਿਦਰੋਹ ਕਰਨ ਦਾ ਸਿਧਾਂਤ ਪੇਸ਼ ਕੀਤਾ ਗਿਆ ਹੈ, ਪਰੰਤੂ ਇਸਦੇ ਵਾਸਤੇ ਇਹ ਵੀ ਜ਼ਰੂਰੀ ਆਖਿਆ ਗਿਆ ਹੈ ਕਿ ਅਜਿਹਾ ਵਿਦਰੋਹ ਇੱਕ ਸਮੁੱਚਿਤ ਰੂਪ ਨਾਲ ਗਠਿਤ ਅਧਿਕਾਰਤ ਸੰਗਠਨ ਵੱਲੋਂ ਹੀ ਕੀਤਾ ਜਾਣਾ ਚਾਹੀਦਾ ਹੈ।*

*7. ਸਕਾਟ ਵਿਚਾਰਕ ਜਾਰਜ ਬੁਕਾਨਨ (1506-1582) ਜਿਹਨਾਂ ਨੇ ਆਪਣੀ ਰਚਨਾ ਡੀ ਜਿਊਰ ਰੇਗਨੀ ਏਪੁਡ ਸਕੋਟੋਸ (1579) ਵਿੱਚ ਲਿਖਿਆ ਕਿ ਰਾਜਾ ਉਹਨਾਂ ਪਰਸਥਿਤੀਆਂ ਨਾਲ ਬੰਨ੍ਹਿਆ ਹੁੰਦਾ ਹੈ ਜਿਹਨਾਂ ਦੇ ਤਹਿਤ ਉਸਨੂੰ ਸਰਵਉੱਚ ਸੱਤਾ ਪ੍ਰਦਾਨ ਕੀਤੀ ਗਈ ਅਤੇ ਤਾਨਾਸ਼ਾਹ ਸਾਸ਼ਕਾਂ ਦਾ ਵਿਰੋਧ ਕਰਨਾ ਅਤੇ ਇੱਥੋਂ ਤੱਕ ਕਿ ਉਹਨਾਂ ਨੂੰ ਦੰਡਿਤ ਕਰਨਾ ਵੀ ਨਿਆਂਪੂਰਣ ਹੈ।*

ਪੰਨਾ 171 (106)

**ਜੇਸੂਇਟ**[1] **:**

3. ਇੱਥੋਂ ਤੱਕ ਕਿ ਜੇਸੂਇਟ ਬੇਲਾਰਮਿਕ[2] ਅਤੇ ਮਾਰੀਏਨਾ[3] ਦੀ ਵੀ ਇਹੋ ਹੀ ਦਲੀਲ ਸੀ ਕਿ ਰਾਜਾ ਆਪਣੀ ਸੱਤਾ ਲੋਕਾਂ ਤੋਂ ਹਾਸਿਲ ਕਰੇ, ਪਰੰਤੂ ਪੋਪ ਦੇ ਅਧੀਨ ਰਹੇ।

**ਰਾਜਾ ਜੇਮਜ਼ ਪਹਿਲਾ**[4] (1609) : ਜੇਮਜ਼ ਪਹਿਲੇ ਨੇ ਇਸ ਸਿਧਾਂਤ ਨੂੰ, 1609 ਵਿੱਚ, ਸੰਸਦ ਅੰਦਰ ਇੱਕ ਭਾਸ਼ਣ ਦਿੰਦਿਆਂ ਇਹ ਆਖਕੇ ਸਵੀਕਾਰ ਕੀਤਾ ਕਿ, "ਇੱਕ ਸਥਾਪਤ ਰਾਜ ਦਾ ਹਰ ਇੱਕ ਇਨਸਾਫ਼ ਪਸੰਦ ਰਾਜਾ ਇਹ ਵੇਖਣ ਲਈ ਵਚਨ ਵੱਧ ਹੈ (ਜ਼ਿੰਮੇਵਾਰ ਹੈ) ਕਿ ਉਸਦੀ ਸਰਕਾਰ ਦੇ ਗਠਨ ਵਿੱਚ, ਲੋਕਾਂ ਦੇ ਨਾਲ ਉਸਦੇ ਕਾਨੂੰਨਾਂ ਦੇ ਤਹਿਤ ਜੋ ਪੈਕਟ (ਸਮਝੌਤਾ) ਕੀਤਾ ਜਾਂਦਾ ਹੈ, ਉਹ ਲੋਕਾਂ ਨੂੰ ਮਨਜ਼ੂਰ ਵੀ ਹੋਵੇ।"

**ਕਨਵੈਨਸ਼ਨ ਪਾਰਲੀਆਮੈਂਟ** (1688) : ਕਨਵੈਨਸ਼ਨ ਪਾਰਲੀਆਮੈਂਟ ਨੇ 1688 ਵਿੱਚ ਘੋਸ਼ਣਾ ਕੀਤੀ ਕਿ ਜੇਮਜ਼ ਦੂਜਾ[5] ਨੂੰ ਰਾਜਾ ਅਤੇ ਜਨਤਾ ਦੇ ਵਿਚਕਾਰ ਮੂਲ ਸਮਝੌਤੇ ਨੂੰ ਤੋੜਕੇ ਸੰਵਿਧਾਨ ਨੂੰ ਉਲਟਣ ਦੀ ਕੋਸ਼ਿਸ਼ ਕਰਨ ਦੇ ਕਾਰਣ ਸਿੰਘਾਸਨ ਖਾਲੀ ਕਰ ਦੇਣਾ ਪਿਆ।"

**ਬੌਦੈ**[6] (1586) : ਆਧੁਨਿਕ ਕਾਲ ਦੇ ਪਹਿਲੇ ਸੰਪੂਰਣ ਰਾਜਨੀਤਕ ਦਾਰਸ਼ਨਿਕ ਅਤੇ 'ਰਿਪਬਲਿਕ' (1577 ਅਤੇ 1586) ਦੇ ਲੇਖਕ, ਬੌਦਿਨ ਦਾ ਕਹਿਣਾ ਹੈ ਕਿ "**ਸਮਝੌਤਾ ਨਹੀਂ ਬਲਕਿ ਤਾਕਤ ਤੋਂ ਗਣਰਾਜ ਦੀ ਉਤਪਤੀ ਹੋਈ ਹੈ।**" ਆਦਿ ਕਾਲੀਨ ਪਿੱਤਰ ਸੱਤਾਤਮਕ ਸਰਕਾਰਾਂ ਨੂੰ ਜਿੱਤਕੇ ਜੜ੍ਹੋਂ ਪੁੱਟ ਸੁੱਟਿਆ ਗਿਆ, ਅਤੇ ਇਸ ਤਰ੍ਹਾਂ, ਪ੍ਰਕ੍ਰਿਤਕਿ (ਸੁਭਾਵਿਕ) ਸੁਤੰਤਰਤਾ ਦਾ ਅੰਤ ਹੋ ਗਿਆ।

ਉਸਦੇ ਵਿਚਾਰ ਤੋਂ, "**ਪ੍ਰਭੂਸੱਤਾ ਨਾਗਰਿਕਾਂ ਦੇ ਉੱਤੇ ਸਰਵੋਉੱਚ ਸੱਤਾ ਹੈ।**" ਉਹ ਮੰਨਦਾ ਸੀ ਕਿ, "**ਪ੍ਰਭੂਸੱਤਾ ਸੁਤੰਤਰ, ਅਖੰਡ, ਸਥਾਈ, ਅਬਦਲ ਅਤੇ ਨਿਰਪੱਖ ਸੱਤਾ ਹੈ।**" **ਉਸਨੇ ਪ੍ਰਭੂਸੱਤਾ ਦੀ ਆਪਣੀ ਧਾਰਨਾ ਅਤੇ ਉਸ ਸਮੇਂ ਦੀ ਮੌਜੂਦ ਰਾਜਸ਼ਾਹੀ ਦੇ ਵਿਚਕਾਰ**

*1. ਜੇਸੂਇਟ : ਸੁਸਾਇਟੀ ਆਫ ਜੀਸਸ ਨਾਂ ਦੇ ਸੰਪ੍ਰਦਾਇ ਦਾ ਮੈਂਬਰ, ਇਸ ਕੈਥੋਲਿਕ ਧਾਰਮਿਕ ਸੰਪ੍ਰਦਾਇ ਦੀ ਸਥਾਪਨਾ 1540 ਵਿੱਚ, ਸੇਂਟ ਇਗਨੇਸ਼ੀਅਸ ਲੋਔਲਾ ਨੇ ਕੀਤੀ ਸੀ।*

*2. ਬੇਲਾਰਮਿਨ (ਇਤਾਲਵੀ ਵਿੱਚ ਬੇਲਾਰਮਿਨੋ) ਰਾਬਰਟਾ ਫਰਾਂਸਿਸਕੋ ਰੋਮੋਲੋ (1542–1621) ਇਤਾਲਵੀ ਧਰਮ ਸ਼ਾਸ਼ਤਰੀ, ਉਹ ਮੰਨਦਾ ਸੀ ਕਿ ਪੋਪ ਦੇ ਕੋਲੇ ਇੱਕ ਨਾ ਕਾਬਲ ਸਾਸ਼ਨ ਨੂੰ ਹਟਾ ਦੇਣ ਦਾ ਅਸਿੱਧਾ (ਅਪ੍ਰਤੱਖ) ਅਧਿਕਾਰ ਹੁੰਦਾ ਹੈ।*

*3. ਜੁਆਨ ਦੀ ਮਾਰੀਏਨਾ (1536–1624) : ਸਪੇਨ ਦਾ ਇਤਿਹਾਸਕਾਰ ਅਤੇ ਜੈਸੂਇਟ, ਉਹ ਇੱਕ ਤਾਨਾਸ਼ਾਹ ਸਾਸ਼ਕ ਨੂੰ ਉਖਾੜ ਫੈਂਕਣ ਨੂੰ ਠੀਕ ਮੰਨਦਾ ਸੀ।*

*4. ਜੇਮਜ਼ ਪਹਿਲਾ (1602–1625) : ਬ੍ਰਿਟੇਨ ਦਾ ਰਾਜਾ। ਉਸਨੇ ਰਾਜਾ ਦੇ ਦੈਵੀ ਅਧਿਕਾਰਾਂ ਦੀ ਘੋਸ਼ਣਾ ਕੀਤੀ, ਜਿਸਨੂੰ ਲੈ ਕੇ ਪਾਰਲੀਮੈਂਟ ਨਾਲ ਉਸਦਾ ਟਕਰਾਅ ਹੋਇਆ।*

*5. ਜੇਮਜ਼ ਦੂਜਾ (1633–1701) : ਬ੍ਰਿਟੇਨ ਦਾ ਰਾਜਾ। ਆਪਣੀ ਕੈਥੋਲਿਕ ਪੱਖਬਾਜ਼ੀ ਅਤੇ ਸਵੈ ਇੱਛਾਚਾਰੀ ਸਾਸ਼ਨ ਦੇ ਕਾਰਣ ਉਸਨੂੰ 1688 ਦੇ "ਗੌਰਵਸ਼ਾਲੀ (ਸ਼ਾਨਾਮੱਤੀ) ਇਨਕਲਾਬ" ਦੇ ਬਾਦ, ਸਿੰਘਾਸਣ ਛੱਡਕੇ ਫਰਾਂਸ ਭੱਜਣਾ ਪਿਆ।*

*6. ਜਬਾਂ ਬੌਦੈ (1530–1596) : ਫਰਾਂਸੀਸੀ ਦਾਰਸ਼ਨਿਕ। ਉਸਦੀ ਮਾਨਤਾ ਸੀ ਕਿ ਖੁਦਮੁਖਤਿਆਰ ਸਾਸ਼ਨ ਦੀ ਸੱਤਾ ਨੂੰ ਲੋਕਤਾਂਤਰਿਕ ਸੰਸਦ ਸੋਧ ਸਕਦੀ ਹੈ ਭਾਵ ਬਦਲ ਸਕਦੀ ਹੈ।*

**ਘਾਲਮੇਲ ਕਰ ਦਿੱਤਾ।**

**ਅਲਥੂਸੀਅਸ** (1557–1638)[1] : ਉਹ ਸਪਸ਼ਟ ਰੂਪ ਵਿੱਚ ਇਹ ਆਖਣ ਦੇ ਵਾਸਤੇ ਜਾਣਿਆ ਜਾਂਦਾ ਹੈ ਕਿ **ਪ੍ਰਭੂਸੱਤਾ ਇੱਕ ਮਾਤਰ ਲੋਕਾਂ ਵਿੱਚ ਹੀ ਨਿਹਿਤ ਹੁੰਦੀ ਹੈ।** ਰਾਜਾ ਸਿਰਫ਼ ਉਸਦਾ ਮੈਜਿਸਟਰੇਟ ਜਾਂ ਪ੍ਰਸਾਸ਼ਨ ਭਰ ਹੁੰਦਾ ਹੈ, ਅਤੇ ਕਿ ਸਮੁਦਾਇ ਦਾ ਪ੍ਰਭੂਸੱਤਾ ਦਾ ਅਧਿਕਾਰ ਅਬਦਲ ਹੁੰਦਾ ਹੈ।

**ਗ੍ਰੋਟਿਅਸ** (1625)[2]: ਆਪਣੀ ਰਚਨਾ "ਡੀ ਜਊਰੇ ਬੇਲੀ ਈਟ ਪੇਰਿਸ" (1628) ਵਿੱਚ ਗ੍ਰੋਸ਼ੀਅਸ ਕਹਿੰਦਾ ਹੈ ਕਿ **ਮਨੁੱਖ ਦੇ ਅੰਦਰ ਇੱਕ ਸ਼ਾਂਤੀਪ੍ਰਿਯ ਅਤੇ ਵਿਵਸਥਤ ਸਮਾਜ ਦੀ ਪ੍ਰਬਲ ਇੱਛਾ ਹੁੰਦੀ ਹੈ।** ਲੇਕਿਨ ਉਹ ਅ-ਪ੍ਰਤੀਰੋਧ ਦਾ ਸਿਧਾਂਤ ਵਿਕਸਤ ਕਰਦਾ ਹੈ ਅਤੇ ਇਸ ਗੱਲ ਤੋਂ ਇਨਕਾਰ ਕਰਦਾ ਹੈ ਕਿ **ਲੋਕ ਹਮੇਸ਼ਾ ਅਤੇ ਹਰ ਜਗ੍ਹਾਂ ਪ੍ਰਭੂਸਤਾ ਸੰਪਨ ਹੁੰਦੇ ਹਨ ਜਾਂ ਇਹ ਕਿ ਸਾਰੀਆਂ ਸਰਕਾਰਾਂ ਸਾਸ਼ਿਤਾਂ ਦੇ ਵਾਸਤੇ ਗਠਿਤ ਹੁੰਦੀਆਂ ਹਨ।** ਪ੍ਰਭੂਸੱਤਾ ਜਾਂ ਤਾਂ ਜਿੱਤ ਨਾਲ ਮਿਲਦੀ ਹੈ ਜਾਂ ਸਹਿਮਤੀ ਨਾਲ, ਪਰੰਤੂ ਉਹ ਇਸ ਧਾਰਨਾ ਉੱਤੇ ਜ਼ੋਰ ਦਿੰਦਾ ਹੈ ਕਿ **ਪ੍ਰਭੂਸੱਤਾ ਅਵੰਡ ਸੱਤਾ ਹੈ।**

**ਹੂਕਰ** : ਉਹ ਆਪਣੀ ਰਚਨਾ *"ਇਨਲੇਸਿਏਟੀਕਲ ਪਾਲਿਟੀ"* – ਖੰਡ। (1592–93) ਵਿੱਚ ਪ੍ਰਕਿਰਤੀ ਦੀ ਇੱਕ ਅਜਿਹੀ ਮੌਲਿਕ ਦਸ਼ਾ ਨੂੰ ਸਵੀਕਾਰ ਕਰਦਾ ਹੈ ਜਿਸ ਵਿੱਚ ਸਾਰੇ ਮਨੁੱਖ ਬਰਾਬਰ ਸਨ ਅਤੇ ਕਿਸੇ ਵੀ ਕਾਨੂੰਨ ਦੇ ਮੁਤੈਹਤ ਨਹੀਂ ਸਨ। ਮਨੁੱਖੀ ਗੌਰਵ ਦੇ ਅਨੁਕੂਲ ਜੀਵਨ ਦੀ ਇੱਛਾ ਅਤੇ ਇਕੱਲਾਪਣ ਦੇ ਪ੍ਰਤੀ ਅਰੁੱਚੀ ਨੇ ਉਹਨਾਂ ਨੂੰ 'ਰਾਜਨੀਤਕ ਸਮਾਜਾਂ' ਵਿੱਚ ਇਕਜੁੱਟ ਹੋਣ ਵਾਸਤੇ ਪ੍ਰੇਰਿਤ ਕੀਤਾ। '**ਪ੍ਰਕ੍ਰਿਤਕ ਰੁਝਾਣ**' ਅਤੇ ਇਕੱਠੇ ਜੀਵਨ ਜਿਉਣ (ਗੁਜ਼ਾਰਨ) ਦੀ ਉਹਨਾਂ ਦੀ ਇਕਵੱਧਤਾ ਦੇ ਤੌਰ ਤਰੀਕਿਆਂ ਬਾਰੇ ਪ੍ਰਤੱਖ ਜਾਂ ਗੁਪਤ ਸਹਿਮਤੀ ਨਾਲ ਚੱਲਣ ਵਾਲੀ ਵਿਵਸਥਾ ਹੀ ਵਰਤਮਾਨ 'ਰਾਜਨੀਤਕ ਸਮਾਜਾਂ' ਦੇ ਦੋ ਬੁਨਿਆਦੀ ਆਧਾਰ ਬਣੇ। ਇਹਨਾਂ ਵਿੱਚੋਂ ਦੂਜੇ ਆਧਾਰ ਨੂੰ ਹੀ ਅਸੀਂ *'ਜਨ ਹਿੱਤ ਦੇ ਕਾਨੂੰਨ'* ਆਖਦੇ ਹਾਂ।

ਪੰਨਾ 172 (107)

## ਰਾਜ ਦੀ ਉਤਪਤੀ

***ਪ੍ਰਭੂਸੱਤਾ :*** **ਕਾਨੂੰਨੀ ਸੱਤਾ ਦਾ**
**ਕਾਰਜਪਾਲਕਾ ਉੱਤੇ ਵੀ ਕੰਟਰੋਲ**

'ਸਾਰੀਆਂ ਆਪਸੀ ਸ਼ਿਕਾਇਤਾਂ, ਨੁਕਸਾਨਾਂ ਅਤੇ ਗਲਤੀਆਂ ਨੂੰ ਦੂਰ ਕਰਨ ਦੇ ਵਾਸਤੇ ਇੱਕ ਮਾਤਰ ਤਰੀਕਾ ਕਿਸੇ ਕਿਸਮ ਦੀ ਸਰਕਾਰ, ਜਾਂ ਸਰਵ ਪ੍ਰਵਾਨਤ ਨਿਆਂ ਕਰਤਾ ਦੀ ਵਿਵਸਥਾ ਕਰਨਾ ਹੀ ਸੀ।'

*1. ਜੋਹਾਂਸ ਅਲਥੂਸੀਅਸ (1557–1638) : ਇੱਕ ਜਰਮਨ ਕਾਨੂੰਨਦਾਨ ਅਤੇ ਡੱਚ ਗਣਰਾਜ ਦੀ ਸਰਹੱਦ ਉੱਤੇ ਸਥਿਤ ਇੱਕ ਇੰਮਪੀਰੀਅਲ ਸ਼ਹਿਰ ਏਮਡੈਨ ਦਾ ਚੀਫ਼ ਮੈਜਿਸਟਰੇਟ*

*2. ਹਊਗੋ ਗ੍ਰੋਟਿਅਸ (1583–1645) : ਡੱਚ ਕਾਨੂੰਨਦਾਨ ਅਤੇ ਰਾਜਨੀਤੀਵਾਨ। ਉਸਦੀ ਪੁਸਤਕ ਅੰਤਰ ਰਾਸ਼ਟਰੀ ਕਾਨੂੰਨ ਦਾ ਸਭ ਤੋਂ ਪਹਿਲਾਂ ਨਿਰੂਪਣ ਕਰਨ ਵਾਲੀ ਰਚਨਾ ਮੰਨੀ ਜਾਂਦੀ ਹੈ।*

ਉਹ ਇਸ ਗੱਲ ਤੇ ਅਰਸਤੂ ਨਾਲ ਸਹਿਮਤ ਸੀ ਕਿ **ਸਰਕਾਰ ਦੀ ਉਤਪਤੀ ਰਾਜ ਤੰਤਰ ਤੋਂ ਹੋਈ।** ਲੇਕਿਨ ਉਹ ਇਹ ਵੀ ਕਹਿੰਦਾ ਸੀ ਕਿ, "ਕਾਨੂੰਨ ਸਿਰਫ਼ ਭਲਾਈ ਜਾਂ ਕਲਿਆਣ ਦੀ ਸਿੱਖਿਆ ਹੀ ਨਹੀਂ ਦਿੰਦੇ, ਬਲਕਿ ਵਰਜਣਕਾਰੀ ਸ਼ਕਤੀ ਵੀ ਰੱਖਦੇ ਹਨ, ਜੋ ਸਾਸ਼ਿਤਾਂ ਦੀ ਸਹਿਮਤੀ ਨਾਲ ਪ੍ਰਾਪਤ ਹੁੰਦੀ ਹੈ, ਅਤੇ ਜਿਹੜੀ ਜਾਂ ਤਾਂ ਵਿਅਕਤੀਗਤ ਤੌਰ ਤੇ ਜਾਂ ਪ੍ਰਤੀਨਿਧੀਆਂ (ਨੁਮਾਇੰਦਿਆਂ) ਦੇ ਮਾਰਫਤ ਪ੍ਰਦਰਸ਼ਿਤ ਹੁੰਦੀ ਹੈ।'

"ਕਾਨੂੰਨ ਚਾਹੇ ਜਿਸ ਕਿਸੇ ਵੀ ਕਿਸਮ ਦੇ ਮਨੁੱਖਾਂ ਵਾਸਤੇ ਹੋਣ, ਉਹ ਉਹਨਾਂ ਦੀ ਰਜ਼ਾਮੰਦੀ ਨਾਲ ਹੀ ਉਪਲੱਬਧ (ਅਰਥਾਤ ਉਚਿੱਤ) ਹੁੰਦੇ ਹਨ।"

"ਉਹ ਕਾਨੂੰਨ ਕਾਨੂੰਨ ਨਹੀਂ ਹਨ ਜਿਹੜੇ ਲੋਕਾਂ ਦੀ ਸਹਿਮਤੀ (ਅਨੁਮੋਦਨ) ਨਾਲ ਨਹੀਂ ਬਣਾਏ ਗਏ ਹੁੰਦੇ ਹਨ।"

**"ਲੋਕਾਂ ਦੀ ਪ੍ਰਭੂਸੱਤਾ"**

"ਇਸ ਤਰ੍ਹਾਂ ਉਸਨੇ ਸਪੱਸ਼ਟ ਤੌਰ ਤੇ ਆਖਿਆ ਕਿ ਪ੍ਰਭੂਸੱਤਾ ਜਾਂ ਕਾਨੂੰਨ ਨਿਰਮਾਤ੍ਰੀ ਸੱਤਾ ਅੰਤ ਨੂੰ, ਲੋਕਾਂ ਵਿੱਚ ਹੀ ਨਿਹਿਤ (ਵਿਦਮਾਨ) ਹੁੰਦੀ ਹੈ।"

### *1620 :*

*ਮੇਫਲਾਵਰ* (1620) ਤੇ ਸਵਾਰ **"ਪਿਲਹਾਰਿਮ ਫਾਦਰਜ਼"** [1] **ਦੀ ਮਸ਼ਹੂਰ ਘੋਸ਼ਣਾ**, "ਰੱਬ ਨੂੰ ਹਾਜ਼ਰ ਨਾਜ਼ਰ ਜਾਣਕੇ ਅਸੀਂ ਸਾਰੇ ਇੱਕ ਦੂਜੇ ਇਕਰਾਰ ਦੀ ਘੋਸ਼ਣਾ ਕਰਦੇ ਹਾਂ ਅਤੇ ਆਪਣੇ ਆਪ ਨੂੰ ਇੱਕ ਨਾਗਰਿਕ ਰਾਜਨੀਤਕ ਸੰਗਠਨ ਦੇ ਰੂਪ ਵਿੱਚ ਇੱਕਜੁੱਟ (ਜਥੇਬੰਦ) ਕਰਦੇ ਹਾਂ।"

### *1647 :*

***ਇੰਗਲੈਂਡ ਦੇ ਲੋਕਾਂ ਦਾ ਇਕਰਾਰ :*** ਇੱਕ ਪਾਸੇ ਪ੍ਰਸਿੱਧ ਪਊਰੀਟਨ[2] ਦਸਤਾਵੇਜ਼, ਜੋ ਆਰਮੀ ਆਫ਼ ਦਾ ਪਾਰਲੀਆਮੈਂਟ (**1647**) ਤੋਂ ਪਾਸ ਹੋਇਆ, ਸੋਚ ਦੀ ਇਸ ਪ੍ਰਬਿਰਤੀ ਦਾ ਸੰਕੇਤ ਦਿੰਦਾ ਹੈ।

### *ਮਿਲਟਨ*[3]

### *1649 (ਲੋਕਾਂ ਦੀ ਪ੍ਰਭੂਸੱਤਾ)*[4]

ਆਪਣੀ ਰਚਨਾ 'ਟੈਨਓਰ ਆਫ਼ ਕਿੰਗਜ਼ ਐਂਡ ਮੈਜਿਸਟਰੇਟਸ" (1649) ਵਿੱਚ ਉਹ ਵੀ ਅਜਿਹੇ ਹੀ ਸਿਧਾਤਾਂ ਦਾ ਪ੍ਰਤੀਪਾਦਨ ਕਰਦਾ ਹੈ। ਉਹ ਦਾਵੇ ਦੇ ਨਾਲ ਕਹਿੰਦਾ

*1. "ਪਿਲਗਰਿਮ ਫਾਦਰਜ਼" ਇੰਗਲੈਂਡ ਦੇ ਚਰਚ ਦੇ ਪਊਰਿਟਨ ਵਿਦਰੋਹੀਆਂ ਦਾ ਇੱਕ ਜੱਥਾ ਜੋ ਪ੍ਰੇਸ਼ਾਨ ਕੀਤੇ ਜਾਣ ਤੋਂ ਬਚਣ ਅਤੇ ਉੱਤਰੀ ਅਮਰੀਕਾ ਵਿੱਚ ਜਾ ਵੱਸਣ ਵਾਸਤੇ, ਮੇਫ਼ਲਾਵਰ ਨਾਂ ਦੇ ਜਹਾਜ਼ ਵਿੱਚ ਭੱਜ ਨਿਕਲਿਆ।*

*2. ਪ੍ਰੋਟੈਸਟੈਂਟ ਇਸਾਈ ਸੰਪ੍ਰਦਾਇ ਦਾ ਮੈਂਬਰ*

*3. ਜਾਨ ਮਿਲਟਨ (1608–1674) ਅੰਗਰੇਜ਼ ਕਵੀ। 'ਪੈਰਾਡਾਈਜ਼ ਲੌਸਟ' ਅਤੇ 'ਪੈਰਾਡਾਈਜ਼ ਰੀਗੇਂਡ' ਦਾ ਰਚਣਹਾਰਾ*

*4. ਮੋਟੇ ਅੱਖਰਾਂ ਵਿੱਚ ਹਾਸ਼ੀਏ ਉੱਤੇ ਦਰਜ਼ ਹੈ।*

ਹੈ ਕਿ, "ਸਾਰੇ ਮਨੁੱਖ ਕੁਦਰਤੀ ਤੌਰ ਤੇ ਸੁਤੰਤਰ ਹੀ ਪੈਦਾ ਹੋਏ ਸਨ।" ਉਹ ਇੱਕ "ਆਮ ਸੰਘ ਦੇ ਰੂਪ ਵਿੱਚ ਇੱਕ ਦੂਜੇ ਨਾਲ ਬੰਨ੍ਹੇ ਜਾਣ ਦੇ ਵਾਸਤੇ ਇਸ ਕਰਕੇ ਸਹਿਮਤ ਹੋਏ ਕਿ ਉਹ ਇੱਕ ਦੂਜੇ ਨੂੰ ਨੁਕਸਾਨ ਪੁਚਾਉਣ ਤੋਂ ਬਚ ਸਕਣ ਅਤੇ ਇਕੱਠੇ ਮਿਲਕੇ ਉਸ ਕਿਸੇ ਵੀ ਚੀਜ਼ ਤੋਂ ਆਪਣਾ ਬਚਾ ਕਰ ਸਕਣ ਜੋ ਗੜਬੜ ਪੈਦਾ ਕਰਨ ਵਾਲੀ ਹੋਵੇ ਜਾਂ ਇਸ ਤਰ੍ਹਾਂ ਦੀ ਸਹਿਮਤੀ ਦੇ ਖਿਲਾਫ਼ ਜਾਂਦੀ ਹੋਵੇ। ਇਸਦੀ ਬਦੌਲਤ ਕਸਬੇ, ਨਗਰ ਅਤੇ ਰਾਜ ਹੋਂਦ ਵਿੱਚ ਆਏ। ਉਦੋਂ ਆਤਮ ਰੱਖਿਆ ਅਤੇ ਸੁਰੱਖਿਆ ਦੀ ਇਹ ਅਧਿਕਾਰਤ ਸੱਤਾ ਜੋ ਬੁਨਿਆਦੀ ਤੌਰ ਤੇ ਉਹਨਾਂ ਵਿੱਚੋਂ ਹਰ ਇੱਕ ਦੇ ਅੰਦਰ ਅਤੇ ਸੰਯੁਕਤ ਰੂਪ ਤੋਂ ਸਾਰਿਆਂ ਵਿੱਚ ਮੌਜੂਦ ਸੀ, ਡਿਪਟੀਆਂ ਅਤੇ ਕਮਿਸ਼ਨਰਾਂ ਦੇ ਰੂਪ ਵਿੱਚ ਰਾਜਿਆਂ ਅਤੇ ਮੈਜਿਸਟਰੇਟਾਂ ਨੂੰ ਸੌਂਪ ਦਿੱਤੀ ਗਈ।"

"ਰਾਜਿਆਂ ਅਤੇ ਮੈਜਿਸਟਰੇਟਾਂ ਦੀ ਸੱਤਾ ਹੋਰ ਕੁੱਝ ਵੀ ਨਹੀਂ ਹੈ, ਸਿਵਾਏ ਇਸਦੇ ਕਿ ਇਹ ਸਿਰਫ਼ ਉਹਨਾਂ ਨੂੰ ਲੋਕਾਂ ਵੱਲੋਂ ਸਭ ਦੇ ਕਲਿਆਣ ਦੇ ਭਰੋਸੇ ਨਾਲ ਪ੍ਰਦਾਨਿਤ, ਹਸਤਾਂਤਰਿਤ ਅਤੇ ਸੌਂਪੀ ਗਈ ਸੱਤਾ ਹੈ, **ਜੋ ਅਜੇ ਵੀ ਬੁਨਿਆਦੀ ਤੌਰ ਤੇ ਉਹਨਾਂ ਵਿੱਚ** (ਯਾਨੀ ਲੋਕਾਂ ਵਿੱਚ -ਸੰ.) **ਵਿਦਮਾਨ ਹੁੰਦੀ ਹੈ** ਅਤੇ ਜੋ ਉਸਦੇ ਸੁਭਾਵਿਕ ਜਨਮ - ਸਿੱਧ ਅਧਿਕਾਰ ਦੀ ਉਲੰਘਣਾ ਕੀਤੇ ਬਗੈਰ ਖੋਹੀ ਨਹੀਂ ਜਾ ਸਕਦੀ। ਇਸ ਲਈ ਰਾਸ਼ਟਰ ਰਾਜਿਆਂ ਨੂੰ ਚੁਣ ਜਾਂ ਹਟਾ ਸਕਦੇ ਹਨ, ਸੁਤੰਤਰ ਜਨਮਾ ਮਨੁੱਖ ਦੇ ਮਹਿਜ਼ ਇਸ ਅਧਿਕਾਰ ਅਤੇ ਸੁਤੰਤਰਤਾ ਦੇ ਆਧਾਰ ਤੇ ਕਿ ਉਹ ਕਿਹਨਾਂ ਤੋਂ ਸਾਸ਼ਿਤ ਹੋਣਾ ਸਰਵੋਤਮ ਸਮਝਦੇ ਹਨ।"

ਪੰਨਾ 173 (108)

## ਰਾਜਿਆਂ ਦੇ ਦੈਵੀ ਅਧਿਕਾਰਾਂ ਦਾ ਸਿਧਾਂਤ

## ਪਿੱਤਰਸੱਤਾਤਮਕ ਸਿਧਾਂਤ

ਏਸੇ ਯੁੱਗ ਵਿੱਚ ਜਿੱਥੇ ਬਹੁਤ ਸਾਰੇ ਵਿਚਾਰਕ "ਲੋਕਾਂ ਦੀ ਪ੍ਰਭੂਸੱਤਾ" ਦੇ ਇਹਨਾਂ ਸਿਧਾਤਾਂ ਦੀ ਇਸ ਤਰ੍ਹਾਂ ਪ੍ਰਤੀਪਾਦਨ ਕਰਨ ਵਿੱਚ ਲੱਗੇ ਹੋਏ ਸਨ, ਉਥੇ ਦੂਜੇ ਹੋਰ ਸਿਧਾਂਤਕਾਰ ਵੀ ਸਨ, ਜਿਹੜੇ ਇਹ ਸਾਬਿਤ ਕਰਨ ਦੀ ਕੋਸ਼ਿਸ਼ ਕਰ ਰਹੇ ਸਨ ਕਿ ਰਾਜ ਵੱਡ ਆਕਾਰੀ ਟੱਬਰ (ਪਰਿਵਾਰ) ਹੀ ਹਨ, ਜਿਹਨਾਂ ਵਿੱਚ ਇਹ ਕੁਟੰਬ (ਟੱਬਰ) ਦੇ ਮੁਖੀ ਦੀ ਪੈਤ੍ਰਕ ਸੱਤਾ, ਜੇਠਾ ਕ੍ਰਮ ਦੀ ਵੰਸ਼ ਪ੍ਰੰਪਰਾ ਵਿੱਚ ਪੂਰਵ ਵਰਤੀ ਖੁਦਮੁਖਤਿਆਰ ਸਾਸ਼ਕ ਦੇ ਉਸ ਪ੍ਰਤੀਨਿਧੀ ਨੂੰ ਹਸਤਾਂਤਰਿਤ ਕਰ ਦਿੱਤੀ ਜਾਂਦੀ ਹੈ ਜੋ ਕਿਸੇ ਰਾਸ਼ਟਰ ਤੇ ਸਾਸ਼ਨ ਕਰਨ ਵਿੱਚ ਯੋਗ ਸਿੱਧ ਹੋ ਸਕੇ। **ਇਸ ਲਈ ਰਾਜਸ਼ਾਹੀ ਨੂੰ ਇੱਕ ਅਜਿੱਤ ਅਧਿਕਾਰ ਤੇ ਆਧਾਰਤ ਮੰਨਿਆ ਗਿਆ ਅਤੇ ਰਾਜਾ ਨੂੰ ਕੇਵਲ ਈਸ਼ਵਰ ਦੇ ਪ੍ਰਤੀ ਹੀ ਉੱਤਰਦਾਈ (ਜਵਾਬ ਦੇਹ) ਠਹਿਰਾਇਆ ਗਿਆ।** ਏਸੇ ਨੂੰ ਹੀ **"ਰਾਜਿਆਂ ਦਾ ਦੈਵੀ ਅਧਿਕਾਰ"** ਕਿਹਾ ਗਿਆ। ਏਸੇ ਨੂੰ ਹੀ **'ਪਿੱਤਰ ਸੱਤਾਤਮਕ ਸਿਧਾਂਤ'** ਆਖਿਆ ਗਿਆ।[1]

**ਥਾਮਸ ਹੌਬਸ :**

1642–1650–1651 ਵਿੱਚ ਲਿਖੀਆਂ ਗਈਆਂ ਆਪਣੀਆਂ ਵਿਭਿੰਨ ਰਚਨਾਵਾਂ

*1. ਇਹ ਸਪਸ਼ਟ ਨਹੀਂ ਹੈ ਕਿ ਭਗਤ ਸਿੰਘ ਕਿਸ ਪੁਸਤਕ ਵਿੱਚੋਂ ਹਵਾਲਾ ਨੋਟ ਕਰ ਰਹੇ ਸਨ ਜਾਂ ਇਹ ਉਹਨਾਂ ਦੀਆਂ ਆਪਣੀਆਂ ਟਿੱਪਣੀਆਂ ਹਨ।*

ਵਿੱਚ ਉਸਨੇ ਖੁਦਮੁਖਤਿਆਰ ਸਾਸ਼ਕ ਦੀ ਅਸੀਮਤ ਸੱਤਾ ਦੇ ਸਿਧਾਂਤ ਨੂੰ ਲੋਕਾਂ ਦੇ ਆਰੰਭਿਕ ਇਕਰਾਰ ਦੇ ਵਿਰੋਧੀ ਸਿਧਾਂਤ ਦੇ ਨਾਲ ਇਕੱਠਾ ਕਰ ਦਿੱਤਾ। ਪ੍ਰੰਤੂ ਨਿਰੰਕੁਸ਼ਵਾਦ (ਤਾਨਾਸ਼ਾਹੀ) – ਅਵਾਕ ਜੀ ਹਜ਼ੂਰੀ – ਦੇ ਪ੍ਰਤੀ ਹੌਬਸ ਦੀ ਪੱਖਬਾਜ਼ੀ ਧਰਮ ਸ਼ਾਸਤਰਕ ਨਾ ਹੋ ਕੇ, ਧਰਮ ਨਿਰਪੱਖ ਅਤੇ ਤਰਕਸੰਗਤ ਸੀ। ਉਹ ਸਮੁਦਾਇ (ਸਭ ਦੇ ਸਭ) ਦੇ ਸੁਖ ਨੂੰ ਸਰਕਾਰ ਦਾ ਮਹਾਨ ਉਦੇਸ਼ ਮੰਨਦਾ ਸੀ।

**(ਮਨੁੱਖ ਇਕ ਅਸਮਾਜਿਕ ਪ੍ਰਾਣੀ)**

ਹੌਬਸ ਦਾ ਦਰਸ਼ਨ ਸਿਨਿਕਾਵਾਦੀ ਹੈ। ਉਸਦੇ ਅਨੁਸਾਰ ਮਨੁੱਖ ਦੇ ਮਨੋਵੇਗ ਸੁਭਾਵਿਕ ਰੂਪ ਤੋਂ ਉਸਦੀ ਨਿੱਜੀ ਸੁਰੱਖਿਆ ਅਤੇ ਸੁੱਖ ਦੀ ਦਿਸ਼ਾ ਵਿੱਚ ਨਿਰਦੇਸ਼ਤ ਹੁੰਦੇ ਹਨ, ਅਤੇ ਉਹਨਾਂ ਦੀ ਪ੍ਰਾਪਤੀ ਦੇ ਇਲਾਵਾ ਹੋਰ ਕੋਈ ਉਦੇਸ਼ ਨਹੀਂ ਰੱਖਦਾ। **ਇਸ ਲਈ ਮਨੁੱਖ ਪ੍ਰਕਿਰਤੀ ਪੱਖੋਂ ਇੱਕ ਅਸਮਾਜਿਕ ਪ੍ਰਾਣੀ ਹੈ।** ਉਹ ਆਖਦਾ ਹੈ, "**ਪ੍ਰਕ੍ਰਿਤਕ ਅਵਸਥਾ ਵਿੱਚ, ਹਰ ਇੱਕ ਆਦਮੀ ਆਪਣੇ ਵਰਗਿਆਂ ਨਾਲ ਯੁੱਧ ਕਰਦਾ ਰਹਿੰਦਾ ਸੀ** ਅਤੇ ਹਰ ਇੱਕ ਦਾ ਜੀਵਨ ਖਤਰੇ ਵਿੱਚ, ਇਕੱਠਾ, ਬੇਸਹਾਰਾ, ਅਸੁਰੱਖਿਅਤ, ਪਸ਼ੂਵਤ ਅਤੇ ਥੋੜ ਚਿਰਾ ਹੁੰਦਾ ਹੈ। **ਇਸ ਕਿਸਮ ਦੇ ਜੀਵਨ ਦਾ ਭੈਅ ਹੀ ਉਸਨੂੰ ਰਾਜਨੀਤਕ ਏਕਤਾ ਵਿੱਚ ਬੰਨਣ ਦੇ ਵਾਸਤੇ ਬੇਵੱਸ ਕਰਦਾ ਹੈ।**

**(ਲਗਾਤਾਰ ਖਤਰਾ ਉਹਨਾਂ ਨੂੰ ਰਾਜ ਗਠਿਤ ਕਰਨ ਲਈ ਬੇਵੱਸ ਕਰਦਾ ਹੈ!)**

ਕਿਉਂਕਿ ਸਿਰਫ਼ ਪੈਕਟ ਕੰਮ ਨਹੀਂ ਦਿੰਦਾ, ਇਸ ਵਾਸਤੇ '**ਇੱਕ ਸਰਵ ਉੱਚ ਸਰਵ ਪ੍ਰਵਾਨਤ ਸੱਤਾ**' - "**ਸਰਕਾਰ**" ਦੀ ਸਥਾਪਨਾ।

**("ਜਿੱਤ" ਜਾਂ "ਧਿੰਗੋਜ਼ੋਰੀ ਕਬਜ਼ਾ" ਅਤੇ "ਸੰਸਥਾ ਵੱਧਤਾ" ਸਾਰੇ ਰਾਜਾਂ ਦਾ ਇੱਕ ਮਾਤਰ ਆਧਾਰ)**

ਸਮਾਜ ਦੀ ਸਥਾਪਨਾ "**ਅਧਿਗ੍ਰਹਣ**" ਅਰਥਾਤ ਜਿੱਤ ਦੇ ਰਾਹੀਂ ਜਾਂ "**ਸੰਸਥਾਵੱਧਤਾ**" ਰਾਹੀਂ ਮਸਲਨ ਪਰਸਪਰ ਸਮਝੌਤੇ ਜਾਂ ਇਕਰਾਰ ਦੁਆਰਾ ਹੁੰਦੀ ਹੈ। ਇਸ ਤਰ੍ਹਾਂ ਇੱਕ ਵਾਰ ਜਦੋਂ ਖੁਦ ਮੁਖਤਿਆਰ ਸੱਤਾ ਕਾਇਮ ਹੋ ਜਾਂਦੀ ਹੈ, ਤਾਂ ਸਾਰਿਆਂ ਵਾਸਤੇ ਇਸਦਾ ਆਗਿਆਕਾਰੀ ਹੋਣਾ ਅਵੱਸ਼ਕ ਹੋ ਜਾਂਦਾ ਹੈ। ਇਸਤੋਂ ਬਗਾਵਤ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਖਤਮ ਕਰ ਦਿੱਤਾ ਜਾਣਾ ਚਾਹੀਦਾ ਹੈ। ਉਸਨੂੰ ਤਬਾਹ ਕਰ ਦਿੱਤਾ ਜਾਣਾ ਚਾਹੀਦਾ ਹੈ।

**(ਖੁਦਮੁਖਤਿਆਰ ਸੱਤਾ!)**

ਉਹ[1] ਕਾਨੂੰਨਘੜਨੀ, ਨਿਆਂਪਾਲਿਕਾ ਅਤੇ ਕਾਰਜਪਾਲਕਾ ਦੇ ਸਾਰੇ ਦੇ ਸਾਰੇ ਅਧਿਕਾਰ ਖੁਦਮੁਖਤਿਆਰ ਸਾਸ਼ਕ ਦੇ ਹਵਾਲੇ ਕਰ ਦਿੰਦਾ ਹੈ। ਉਹ ਲਿਖਦਾ ਹੈ, "ਪ੍ਰਭਾਵੀ ਹੋਣ ਦੇ ਵਾਸਤੇ ਖੁਦਮੁਖਤਿਆਰ ਸੱਤਾ ਨੂੰ ਨਿਸ਼ਚੇ ਹੀ ਅਸੀਮਤ, ਅਬਦਲ ਅਤੇ ਅਵੰਡ ਹੋਣਾ ਚਾਹੀਦਾ ਹੈ। ਬੇਸ਼ੱਕ ਅਸੀਮਤ ਸੱਤਾ ਗੜਬੜੀਆਂ ਨੂੰ ਜਨਮ ਦੇ ਸਕਦੀ ਹੈ, ਲੇਕਿਨ ਇਸਦਾ ਸਭ ਨਾਲੋਂ ਬੁਰੇ ਤੋਂ ਬੁਰਾ ਰੂਪ ਵੀ ਉਨਾ ਬੁਰਾ ਨਹੀਂ ਹੈ ਜਿੰਨਾ ਕਿ ਖਾਨਾਜੰਗੀ ਜਾਂ ਅਰਾਜਕਤਾ।

---

*1. ਹੌਬਸ*

ਪੰਨਾ 174 (109)

ਉਸਦੇ ਵਿਚਾਰ ਵਿੱਚ ਰਾਜਸ਼ਾਹੀ, ਕੁਲੀਨਤੰਤਰ ਜਾਂ ਲੋਕਤੰਤਰ ਵਿੱਚ ਵੀ ਸੱਤਾ ਨੂੰ ਲੈ ਕੇ ਕੋਈ ਅੰਤਰ ਨਹੀਂ ਹੈ। ਆਮ ਸ਼ਾਂਤੀ ਅਤੇ ਸੁਰੱਖਿਆ ਦੀ ਦਿਸ਼ਾ ਵਿੱਚ ਇਹਨਾਂ ਦੀਆਂ ਉਪਲੱਬਧੀਆਂ ਇਹਨਾਂ ਰਾਹੀਂ ਸਾਸ਼ਿਤ ਜਨਤਾ ਜਾਂ ਲੋਕਾਂ ਦੀ ਆਗਿਆਕਾਰਿਤਾ ਉੱਪਰ ਨਿਰਭਰ ਕਰਦੀਆਂ ਹਨ। ਫਿਰ ਵੀ ਉਹ 'ਰਾਜਸ਼ਾਹੀ' ਨੂੰ ਹੀ ਵੱਧ ਪਸੰਦ ਕਰਦਾ ਹੈ। ਉਸਦੇ ਵਿਚਾਰ ਵਿੱਚ 'ਸੀਮਤ ਰਾਜਸ਼ਾਹੀ' ਹੀ ਸਰਵੋਤਮ ਹੈ। ਲੇਕਿਨ ਉਹ ਇਸ ਗੱਲ ਤੇ ਵੀ ਜ਼ੋਰ ਦਿੰਦਾ ਹੈ ਕਿ ਖੁਦਮੁਖਤਿਆਰ ਸਾਸ਼ਕ ਨੂੰ ਨਿਸ਼ਚੇ ਹੀ ਧਾਰਮਕ ਦੇ ਨਾਲ ਨਾਲ ਨਾਗਰਿਕ ਮਾਮਲਿਆਂ ਦਾ ਵੀ ਨਿਰਮਾਣ ਕਰਨਾ ਚਾਹੀਦਾ ਹੈ, ਅਤੇ ਇਹ ਤਜਵੀਜ ਵੀ ਕਰਨੀ ਚਾਹੀਦੀ ਹੈ ਕਿ ਕਿਹੜੇ ਸਿਧਾਂਤ ਸ਼ਾਂਤੀ-ਵਿਵਸਥਾ ਬਣਾਈ ਰੱਖਣ ਵਿੱਚ ਸਹਾਇਕ ਸਿੱਧ ਹੋ ਸਕਦੇ ਹਨ।

ਇਸ ਤਰ੍ਹਾਂ, ਉਹ ਪ੍ਰਭੁਸੱਤਾ ਦੇ ਇੱਕ ਸਪਸ਼ਟ ਅਤੇ ਜਾਇਜ਼ ਸਿਧਾਂਤ ਦੀ ਹਮਾਇਤ ਤਾਂ ਕਰਦਾ ਹੈ, ਲੇਕਿਨ ਇਸਦੇ ਨਾਲ ਹੀ ਉਹ ਰਾਜਾ ਜਾਂ ਸਾਸ਼ਕ ਪੈਦਾ ਕਰਨ ਦੇ ਵਾਸਤੇ ਸਮਾਜਕ ਸਮਝੌਤੇ ਦੀ ਕਲਪਨਾ ਨੂੰ ਵੀ ਬਰਕਰਾਰ ਰੱਖਦਾ ਹੈ।

**ਸਿਪਨੋਜਾ :**[1] **(1677)**

**(ਮਨੁੱਖ ਦੀ ਅਸਮਾਜਿਕਤਾ)**

ਆਪਣੀ ਰਚਨਾ *ਟ੍ਰੈਕਟੇਟਸ ਪਾਲਿਟਿਕਸ* (1677), ਵਿੱਚ ਉਹ ਮੰਨਦਾ ਹੈ ਕਿ ਸ਼ੁਰੂ-ਸ਼ੁਰੂ ਵਿੱਚ ਮਨੁੱਖਾਂ ਦਾ ਸਾਰੀਆਂ ਚੀਜ਼ਾਂ ਉੱਪਰ ਬਰਾਬਰ ਅਧਿਕਾਰ ਸੀ, ਇਸ ਲਈ ਪ੍ਰਕ੍ਰਿਤਕ ਅਵਸਥਾ **ਯੁੱਧ ਦੀ ਅਵਸਥਾ** ਸੀ। ਮਨੁੱਖਾਂ ਨੇ ਆਪਣੇ ਵਿਵੇਕ ਤੋਂ ਪ੍ਰੇਰਿਤ ਹੋ ਕੇ ਆਪਣੀਆਂ ਸ਼ਕਤੀਆਂ ਨੂੰ ਨਾਗਰਿਕ ਸਰਕਾਰ ਦੀ ਸਥਾਪਨਾ ਲਈ ਇੱਕ ਜੁੱਟ ਕੀਤਾ। ਕਿਉਂਕਿ ਮਨੁੱਖਾਂ ਦੇ ਕੋਲੋ ਨਿਰੰਕੁਸ਼ ਸੱਤਾ ਸੀ, ਇਸ ਵਾਸਤੇ ਇਸ ਤਰ੍ਹਾਂ ਸਥਾਪਤ **ਖੁਦਮੁਖਤਿਆਰ ਸੱਤਾ** ਵੀ ਨਿਰੰਕੁਸ਼ ਸੱਤਾ ਹੀ ਸੀ। ਉਸਦੇ ਵਿਚਾਰ ਵਿੱਚ 'ਅਧਿਕਾਰ' ਅਤੇ 'ਸੱਤਾ' ਇੱਕ ਬਰਾਬਰ ਹਨ। ਇਸ ਲਈ ਸੱਤਾ ਨਾਲ ਲੈਸ ਹੋ ਕੇ ਖੁਦਮੁਖਤਿਆਰ ਸਾਸ਼ਕ ਨੂੰ ਸਾਰੇ ਦੇ ਸਾਰੇ ਅਧਿਕਾਰ ਆਪਣੇ ਆਪ ਹੀ ਪ੍ਰਾਪਤ ਹੋ ਜਾਂਦੇ ਹਨ। ਇਸ ਤਰ੍ਹਾਂ ਉਹ 'ਨਿਰੰਕੁਸ਼ਤਾਵਾਦ' ਦਾ ਸਮਰੱਥਨ ਕਰਦਾ ਹੈ।

**ਪੂਫੇਨਡੋਰ :**[2]

***(ਲਾਅ ਆਫ਼ ਨੇਚਰ ਐਂਡ ਨੇਸ਼ਨਜ਼ 1672)***[3]

ਉਸਦੇ ਵਿਚਾਰ ਵਿੱਚ, ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ, ਜਿਹੜਾ ਟੱਬਰ ਅਤੇ

---

*1. ਸਿਪਨੋਜਾ (1632-1677) : ਦੇਕਾਰਤ ਤੋਂ ਪ੍ਰਭਾਵਤ ਡੱਚ ਦਾਰਸ਼ਨਿਕ, ਉਸਨੇ ਆਪਣੀ ਪੁਸਤਕ ਏਥਿਕਸ (1677) ਵਿੱਚ ਇਹ ਵਿਚਾਰ ਪ੍ਰਗਟ ਕੀਤਾ ਕਿ ਮਾਨਵ-ਜੀਵਨ ਈਸ਼ਵਰ (ਜਾਂ ਪ੍ਰਕਿਰਤੀ) ਨਾਲ ਔਤਪੋਤ ਹੈ। ਗੈਰ ਪ੍ਰੰਪਰਕ ਵਿਚਾਰਾਂ ਦੇ ਕਾਰਣ ਆਪਣੇ ਮੂਲ ਸੰਪ੍ਰਦਾਇ ਵਿੱਚੋਂ 1656 ਵਿੱਚ ਉਸਦਾ ਭਾਂਡਾ ਛੇਕ ਦਿੱਤਾ ਗਿਆ।*

*2. ਪੂਫੇਨਡੋਰ – ਜਾਂ ਸੈਮੂਅਲ ਬੈਰਕ ਫਾਨ ਪੂਫੈਨਡੋਰ (1632-1684) : ਜਰਮਨ ਕਾਨੂੰਨ ਦਾਨ ਅਤੇ ਇਤਿਹਾਸਕਾਰ ਉਸਦਾ ਵਿਚਾਰ ਸੀ ਕਿ ਰਾਜ ਦੇ ਕਾਨੂੰਨ ਪ੍ਰਕ੍ਰਿਤਕ ਕਾਨੂੰਨ ਵਿੱਚ ਹੀ ਸ਼ਾਮਲ ਹਨ।*

*3. ਸੰਭਾਵਤ : ਪੂਫੈਨਡਰ ਦੀ ਪੁਸਤਕ ਦੀ ਜਯੂਰੇ ਨੇਚੁਰੀ ਏਟ ਜੇਂਟਿਅਮ ਦਾ ਅੰਗਰੇਜ਼ੀ ਸਿਰਲੇਖ ਸ਼ਾਂਤਮਈ ਜੀਵਨ ਦੇ ਵੱਲੀਂ ਸੁਭਾਵਿਕ ਰੁਝਾਣ ਰੱਖਦਾ ਹੈ।*

ਸ਼ਾਂਤੀਮਈ ਜੀਵਨ ਵੱਲ ਸੁਭਾਵਕ ਰੁਝਾਨ ਰੱਖਦਾ ਹੈ।

ਇੱਕ ਆਦਮੀ ਵੱਲੋਂ ਦੂਜੇ ਆਦਮੀ ਨੂੰ ਕੀਤੇ ਜਾ ਸਕਣ ਵਾਲੇ ਨੁਕਸਾਨਾਂ ਦਾ ਅਨੁਭਵ ਹੀ ਨਾਗਰਿਕ ਸਰਕਾਰ ਦੀ ਪ੍ਰੇਰਣਾ ਦਿੰਦਾ ਹੈ, ਜਿਹੜੀ ਇਸ ਤਰ੍ਹਾਂ ਗਠਿਤ ਹੁੰਦੀ ਹੈ।

1. ਇੱਕ ਕਾਮਨਵੈਲਥ ਗਠਿਤ ਕਰਨ ਵਾਸਤੇ ਕੁੱਝ ਲੋਕਾਂ ਦੇ ਵਿਚਾਰ ਇੱਕ ਸਰਬ-ਸੰਮਤ ਆਪਸੀ ਇਕਰਾਰ ਦੇ ਰਾਹੀਂ। 2. ਬਹੁਮੱਤ ਦੇ ਇਸ ਪ੍ਰਸਤਾਵ ਦੇ ਰਾਹੀਂ ਕਿ ਫਲਾਣੇ ਸਾਸ਼ਕ ਨੂੰ ਸੱਤਾ ਉੱਪਰ ਬਿਰਾਜਮਾਨ ਕੀਤਾ ਜਾਵੇ। 3. ਸਰਕਾਰ ਅਤੇ ਜਨਤਾ ਦੇ ਵਿਚਕਾਰ ਇਸ ਇਕਰਾਰ ਦੇ ਰਾਹੀਂ ਕਿ ਸਰਕਾਰ ਸਾਸ਼ਨ ਕਰੇ ਅਤੇ ਜਨਤਾ ਕਾਨੂੰਨ ਸੰਮਤ ਆਦੇਸ਼ਾਂ ਦਾ ਪਾਲਣ ਕਰੇ।

---

ਪੰਨਾ 175 (110)

**ਲਾੱਕ :**

***(ਨਾਗਰਿਕ ਸਰਕਾਰ ਦੇ ਦੋ ਸਿਧਾਂਤ - 1690)***

***"ਕਿਸੇ ਵੀ ਮਨੁੱਖ ਨੂੰ ਸਾਸ਼ਨ ਕਰਨ ਦਾ ਕੁਦਰਤੀ ਅਧਿਕਾਰ ਨਹੀਂ ਹੁੰਦਾ।"***

ਉਹ ਪ੍ਰਕਿਰਤਕ (ਕੁਦਰਤੀ) ਅਵਸਥਾ ਦਾ ਯਾਨੀ ਸਾਸ਼ਨ ਕਰਨ ਦਾ ਅਧਿਕਾਰ ਅਤੇ ਖੁਦਮੁਖਤਿਆਰੀ ਦੇ ਮਾਮਲੇ ਵਿੱਚ ਸੁਤੰਤਰਤਾ ਅਤੇ ਸਮਾਨਤਾ (ਬਰਾਬਰੀ) ਵਾਲੀ ਇੱਕ ਅਜਿਹੀ ਅਵਸਥਾ ਦਾ ਚਿਤਰਣ ਕਰਦਾ ਹੈ ਜੋ ਸਿਰਫ਼ ਪ੍ਰਕ੍ਰਿਤਕ ਕਾਨੂੰਨ ਜਾਂ ਵਿਵੇਕ ਦੇ ਹੀ ਅਧੀਨ ਰਹੇ, ਜੋ ਲੋਕਾਂ ਨੂੰ ਇੱਕ ਦੂਜੇ ਦੇ ਜੀਵਨ, ਸਿਹਤ, ਆਜ਼ਾਦੀ ਅਤੇ ਮਲਕੀਅਤ ਦੇ ਅਧਿਕਾਰਾਂ ਦੇ ਮਾਮਲੇ ਵਿੱਚ ਨੁਕਸਾਨ ਕਰਨ ਤੋਂ ਰੋਕਦੇ ਹਨ। ਨਿਸ਼ੇਧ ਜਾਂ ਘਾਟਾ ਪੂਰਤੀ ਦੇ ਰੂਪ ਵਿੱਚ ਸਜ਼ਾ ਦੇਣ ਦਾ ਅਧਿਕਾਰ ਹਰ ਇੱਕ ਵਿਅਕਤੀ ਦੇ ਹੱਥ ਵਿੱਚ ਹੁੰਦਾ ਹੈ।

**ਪ੍ਰਕਿਰਤਕ ਅਵਸਥਾ !**

"ਪ੍ਰਕ੍ਰਿਤਕ ਅਵਸਥਾ ਦਰਅਸਲ ਇਹ ਹੈ ਜਿਸ ਵਿੱਚ ਲੋਕ ਆਪਸ ਵਿੱਚ ਫੈਸਲਾ ਕਰਨ ਦੇ ਅਧਿਕਾਰ ਦੇ ਨਾਲ, ਬਿਨਾ ਕਿਸੇ ਇੱਕ ਸਰਵ ਪ੍ਰਵਾਨਤ ਸਾਸ਼ਕ ਦੇ, ਸਮਝਦਾਰੀ ਦੇ ਨਾਲ ਇਕੱਠੇ ਰਹਿੰਦੇ ਹਨ।"

**ਨਿੱਜੀ ਸੰਪੱਤੀ !**

"ਹਰ ਇੱਕ ਵਿਅਕਤੀ ਦਾ ਇਹ ਕੁਦਰਤੀ ਅਧਿਕਾਰੀ ਹੈ ਕਿ ਉਹ ਆਪਣੇ ਕੋਲੇ ਸੰਪਤੀ ਰੱਖੇ ਅਤੇ ਪ੍ਰਕਿਰਤਕ ਸਾਮੱਗਰੀ ਉੱਤੇ ਆਪਣੀ ਨਿੱਜੀ ਮਿਹਨਤ ਨਾਲ ਪ੍ਰਾਪਤ ਉਤਪਾਦ (ਪੈਦਾਵਾਰ) ਉਤੇ ਵੀ ਆਪਣਾ ਅਧਿਕਾਰ ਰੱਖੇ। ਇੱਕ ਆਦਮੀ ਜਿੰਨੀ ਭੋਇੰ ਵਾਹ, ਬੀਜ, ਸੁਧਾਰ ਸਕਦਾ ਹੈ ਅਤੇ ਖੇਤੀਬਾੜੀ ਦੇ ਕੰਮ ਵਿੱਚ ਲਿਆ ਸਕਦਾ ਹੈ ਅਤੇ ਉਸਤੋਂ ਪ੍ਰਾਪਤ ਜਿੰਨੀ ਪੈਦਾਵਾਰ ਇਸਤੇਮਾਲ ਵਿੱਚ ਲਿਆ ਸਕਦਾ ਹੈ, ਇਹ ਸਭ ਉਸਦੀ ਸੰਪਤੀ (ਜਾਇਦਾਦ) ਹੈ।

**ਜਾਇਦਾਦ ਅਤੇ ਨਾਗਰਿਕ ਸਮਾਜ !**

ਉਸਦੇ ਅਨੁਸਾਰ, '**ਸੰਪੱਤੀ**' '**ਨਾਗਰਿਕ ਸਮਾਜ**' ਦੀ ਪੂਰਵ ਵਰਤੀ (ਅਗੇਤਰ) ਹੈ।

**ਨਾਗਰਿਕ ਸਮਾਜ ਦੀ ਉਤਪਤੀ !**

ਲੇਕਿਨ ਅਜਿਹਾ ਲੱਗਦਾ ਹੈ ਕਿ ਲੋਕਾਂ ਨੂੰ ਕਿਸੇ ਕਿਸਮ ਦਾ ਖਤਰਾ ਅਤੇ ਭੈਅ ਰਹਿੰਦਾ ਸੀ ਅਤੇ ਇਸ ਵਾਸਤੇ, ਉਹਨਾਂ ਨੇ **ਨਾਗਰਿਕ ਸੁਤੰਤਰਤਾ** ਦੇ ਪੱਖ ਵਿੱਚ, ਆਪਣੀ **ਪ੍ਰਕ੍ਰਿਤਕ ਸੁਤੰਤਰਤਾ** ਨੂੰ ਤਿਲਾਂਜਲੀ ਦੇ ਦਿੱਤੀ। ਸੰਖੇਪ ਵਿੱਚ **ਅਵੱਸ਼ਕਤਾ ਸ਼ਮੂਲੀਅਤ ਅਤੇ ਰੁਝਾਣ ਨੇ ਲੋਕਾਂ ਨੂੰ ਸਮਾਜ ਵਿੱਚ ਇਕੱਠੇ ਹੋਣ ਲਈ ਬੇਵੱਸ (ਮਜ਼ਬੂਰ) ਕੀਤਾ।**

**ਨਾਗਰਿਕ ਸਮਾਜ ਦੀ ਪਰਿਭਾਸ਼ਾ !**

ਜੋ ਲੋਕ ਇੱਕ ਸੰਗਠਨ ਵਿੱਚ ਗਠਿਤ ਹੋ ਚੁੱਕੇ ਹੁੰਦੇ ਹਨ, ਅਤੇ ਜਿਹਨਾਂ ਦੇ ਕੋਲੇ ਇੱਕ ਅਜਿਹਾ ਸਰਬ ਪ੍ਰਵਾਨਤ ਸਥਾਪਤ ਕਾਨੂੰਨ ਅਤੇ ਟ੍ਰਿਬਿਊਨਲ ਹੁੰਦੇ ਹਨ ਜਿਸ ਵਿੱਚ ਅਪੀਲ ਕੀਤੀ ਜਾ ਸਕੇ ਅਤੇ ਜਿਸਨੂੰ ਆਪਸੀ ਮੱਤਭੇਦਾਂ ਨੂੰ ਨਿਪਟਾਉਣ ਤੇ ਦੋਸ਼ੀ ਨੂੰ ਦੰਡਿਤ ਕਰਨ ਦਾ ਅਧਿਕਾਰ ਹੋਵੇ, ਉਹ ਇੱਕ ਨਾਗਰਿਕ ਸਮਾਜ ਵਿੱਚ ਹੁੰਦੇ ਹਨ।

**ਸਹਿਮਤੀ :**

ਦੂਜਿਆਂ ਉੱਤੇ ਜਿੱਤ ਸਰਕਾਰ ਦਾ ਸ੍ਰੋਤ ਨਹੀਂ ਹੈ। ਸਹਿਮਤੀ (ਰਜ਼ਾਮੰਦੀ) ਹੀ ਕਿਸੇ ਜਾਇਜ਼ ਸਰਕਾਰ ਦਾ ਸਰੋਤ ਸੀ ਅਤੇ ਹੋ ਸਕਦੀ ਹੈ।

ਕਾਨੂੰਨ ਘੜਨੀ ਸਭਾ ਲੋਕਾਂ ਦੇ ਜੀਵਨ, ਸੁਤੰਤਰਤਾ ਅਤੇ ਸੰਪੱਤੀ ਦੇ ਉੱਤੇ ਸੰਪੂਰਨ ਮਨਚਾਹਿਆ ਅਧਿਕਾਰ ਨਹੀਂ ਰੱਖਦੀ ਕਿਉਂਕਿ ਇਸਦੇ ਕੋਲੇ ਸਿਰਫ਼ ਉਹ ਹੀ ਸੰਯੁਕਤ ਅਧਿਕਾਰ ਹੁੰਦਾ ਹੈ ਜੋ ਸਮਾਜ ਦੇ ਗਠਨ ਤੋਂ ਪਹਿਲਾਂ ਅਲੱਗ-ਅਲੱਗ ਮੈਂਬਰਾਂ ਦੇ ਕੋਲੇ ਹੋਇਆ ਕਰਦਾ ਸੀ, ਅਤੇ ਜਿਸਨੂੰ ਉਹਨਾਂ ਨੇ ਵਿਸ਼ੇਸ਼ ਅਤੇ ਸੀਮਤ ਉਦੇਸ਼ਾਂ ਦੇ ਵਾਸਤੇ ਸੌਂਪ ਦਿੱਤਾ ਹੈ।

**ਕਾਨੂੰਨ :**

**"ਕਾਨੂੰਨ ਦਾ ਉਦੇਸ਼ ਸੁਤੰਤਰਤਾ ਨੂੰ ਖ਼ਤਮ ਕਰਨਾ ਜਾਂ ਰੋਕਣਾ ਨਹੀਂ, ਬਲਕਿ ਉਸਨੂੰ ਸੁਰੱਖਿਅਤ ਬਣਾਉਣਾ ਅਤੇ ਵਿਸਤਰਿਤ ਕਰਨਾ ਹੈ।"**

**ਕਾਨੂੰਨਘੜਨੀ :**

ਕਨੂੰਨਘੜਨੀ ਕੁਝ ਨਿਸ਼ਚਿਤ ਉਦੇਸ਼ਾਂ ਦੇ ਵਾਸਤੇ ਇੱਕ ਟਰੱਸਟੀ ਸੱਤਾ ਭਰ ਹੈ, ਜੋ ਜਦੋਂ ਇਸ ਵਿੱਚ ਟਰੱਸਟ ਕੀਤੇ ਗਏ ਵਿਸਵਾਸ਼ ਨੂੰ ਖੰਡਿਤ ਕਰੇ, ਤਾਂ ਜਨਤਾ ਵੱਲੋਂ ਭੰਗ ਜਾਂ ਬਦਲੀ ਜਾ ਸਕਦੀ ਹੈ।

**ਜਨਤਾ ਦੀ ਸਰਵ ਉੱਚ ਖੁਦਮੁਖਤਿਆਰੀ !**

ਇਸ ਤਰ੍ਹਾਂ ਸਰਵ ਉੱਚ ਸੱਤਾ ਜਾਂ ਸਰਵ ਉੱਚ ਖੁਦਮੁਖਤਿਆਰੀ ਹਮੇਸ਼ਾ ਆਮ ਲੋਕਾਂ ਦੇ ਵਿੱਚ ਹੀ ਰਹਿੰਦੀ ਹੈ, ਪਰੰਤੂ ਉਹ ਇਸਦੀ ਵਰਤੋਂ ਉਦੋਂ ਤੱਕ ਨਹੀਂ ਕਰਦੇ, ਜਦੋਂ ਤੱਕ ਕਿ ਸਕਰਾਰ ਭੰਗ ਨਹੀਂ ਹੋ ਜਾਂਦੀ।

ਪੰਨਾ 176 (111)

**ਕਾਨੂੰਨਘੜਨੀ ਅਤੇ ਕਾਰਜਪਾਲਕਾ**

ਨਿੱਜੀ ਹਿੱਤਾਂ ਉੱਪਰ ਆਮ ਹਿੱਤਾਂ ਦੀ ਬਲੀ ਰੋਕਣ ਦੇ ਵਾਸਤੇ, ਇਹ ਜ਼ਰੂਰੀ ਹੈ ਕਿ **ਕਾਨੂੰਨਘੜਨੀ** ਅਤੇ **ਕਾਰਜਪਾਲਕਾ** ਦੀਆਂ ਸੱਤਾਵਾਂ ਅਲੱਗ-ਅਲੱਗ ਹੱਥਾਂ ਵਿੱਚ ਰਹਿਣ ਅਤੇ ਕਾਰਜਪਾਲਿਕਾ ਕਾਨੂੰਨਘੜਨੀ ਦੇ ਮੁਤੈਹਤ ਰਹੇ।

ਜਿੱਥੇ ਇਹ ਦੋਵੇਂ ਸੱਤਾਵਾਂ (ਅਧਿਕਾਰ) ਇੱਕ ਹੀ ਨਿਰੰਕੁਸ਼ ਰਾਜਾ ਵਿੱਚ ਨਿਹਿਤ ਹੁੰਦੀਆਂ ਹਨ, ਉਥੇ ਕੋਈ ਨਾਗਰਿਕ ਸਰਕਾਰ ਨਹੀਂ ਹੁੰਦੀ, ਕਿਉਂਕਿ ਰਾਜਾ ਅਤੇ ਉਸਦੀ ਸੱਤਾ ਦੇ ਵਿਚਕਾਰ ਕੋਈ ਸਰਵ ਪ੍ਰਵਾਨਤ ਨਿਆਇਕ (ਕਾਨੂੰਨੀ) ਸੱਤਾ ਨਹੀਂ ਹੁੰਦੀ।

ਸੁਤੰਤਰਤਾ ਸਮਾਜਾਂ ਅੰਦਰ ਰਾਜਾਂ ਦੇ ਵੱਖ-ਵੱਖ ਸਰੂਪ ਹਨ, ਲੋਕਤੰਤਰ, ਅਲਪਤੰਤਰ ਜਾਂ ਨਿਰਵਾਚਤ ਰਾਜਤੰਤਰ ਅਤੇ ਮਿਸ਼ਰਤ ਰੂਪਾਂ ਵਾਲੀਆਂ ਵਿਵਸਥਾਵਾਂ।

**'ਇਨਕਲਾਬ ਦਾ ਅਧਿਕਾਰ !'**

ਜਦੋਂ ਸਰਕਾਰ ਸਮਝੌਤੇ ਪ੍ਰਤੀ ਆਪਣੀ ਜ਼ੁੰਮੇਵਾਰੀ ਪੂਰੀ ਕਰਨ ਯਾਨੀ ਵਿਅਕਤੀਗਤ ਅਧਿਕਾਰਾਂ ਦੀ ਹਿਫਾਜ਼ਤ ਕਰਨ - ਵਿੱਚ ਅਸਫਲ ਹੋ ਜਾਂਦੀ ਹੈ ਤਾਂ ਇਨਕਲਾਬ ਨਿਆਂ ਸੰਗਤ ਬਣ ਜਾਂਦਾ ਹੈ।

***ਰੂਸੋ***[1]

**ਰੂਸੋ**[2] **:**

**ਸਮਾਨਤਾ (ਬਰਾਬਰੀ)**

ਕੋਈ ਵੀ ਆਦਮੀ ਐਨਾ ਵੱਧ ਅਮੀਰ ਨਹੀਂ ਹੋਣਾ ਚਾਹੀਦਾ ਕਿ ਉਹ ਦੂਜਿਆਂ ਨੂੰ ਖਰੀਦ ਸਕੇ, ਅਤੇ ਨਾ ਹੀ ਕੋਈ ਆਦਮੀ ਐਨਾ ਗਰੀਬ ਹੋਣਾ ਚਾਹੀਦਾ ਹੈ ਕਿ ਉਹ ਆਪਣੇ ਆਪ ਨੂੰ ਵੇਚਣ ਦੇ ਲਈ ਮਜ਼ਬੂਰ ਹੋ ਜਾਵੇ। ਵੱਡੀਆਂ ਅਸਮਾਨਤਾਵਾਂ (ਨਾ ਬਰਾਬਰੀਆਂ) ਨਿਰੰਕੁਸ਼ਤਾ ਦੇ ਵਾਸਤੇ ਰਾਹ ਪੱਧਰਾ ਕਰਦੀਆਂ ਹਨ।

**ਸੰਪਤੀ ਅਤੇ ਨਾਗਰਿਕ ਸਮਾਜ :**

ਜਿਸ ਪਹਿਲੇ ਆਦਮੀ ਨੇ ਜ਼ਮੀਨ ਦੇ ਇੱਕ ਟੁਕੜੇ ਨੂੰ ਘੇਰ ਕੇ ਇਹ ਕਹਿਣ ਲਈ ਸੋਚਿਆ ਹੋਵੇਗਾ ਕਿ 'ਇਹ ਮੇਰਾ ਹੈ, ਅਤੇ ਜਿਸਨੂੰ ਆਪਣੀ ਗੱਲ ਤੇ ਵਿਸਵਾਸ਼ ਕਰਨ ਵਾਲੇ ਸਿੱਧੇ ਸਾਦੇ ਲੋਕ ਮਿਲ ਗਏ ਹੋਣਗੇ, ਉਹ ਹੀ ਨਾਗਰਿਕ ਸਮਾਜ ਦਾ ਅਸਲੀ ਸੰਸਥਾਪਕ (ਬਾਨੀ) ਸੀ।

ਜੇ ਕਿਸੇ ਨੇ ਇਸ ਧੋਖੇਬਾਜ਼ੀ ਦਾ ਪਰਦਾ ਫਾਸ਼ ਕਰ ਦਿੱਤਾ ਹੁੰਦਾ, ਅਤੇ ਇਹ ਐਲਾਨ ਕਰ ਦਿੱਤਾ ਹੁੰਦਾ ਕਿ **ਇਹ ਧਰਤੀ ਕਿਸੇ ਦੀ ਜਾਗੀਰ (ਸੰਪਤੀ ਜਾਇਦਾਦ) ਨਹੀਂ ਹੈ ਅਤੇ ਕਿ ਇਸਦੇ ਫਲ ਸਾਰਿਆਂ ਦੇ ਹਨ**, ਤਾਂ ਮਾਨਵਜਾਤੀ ਨੂੰ ਐਨੇ ਯੁੱਧ, ਅਪਰਾਧ ਅਤੇ ਆਤੰਕ ਨਹੀਂ ਝੱਲਣੇ ਪਏ ਹੁੰਦੇ।

*1. ਅਤੇ 2. ਮੂਲ ਵਿੱਚ ਇੰਝ ਹੀ ਨੋਟ ਕੀਤੇ ਗਏ ਹਨ, ਵੇਖੋ ਨੋਟ ਬੁਕ ਪੰ. ਸੰ. 118 (91) ਦਾ ਸੰਦਰਭ।*

ਪੰਨਾ 177 (112)

"ਜੋ ਆਦਮੀ ਧਿਆਨ ਕਰਦਾ (ਸਮਾਧੀ ਲਾਉਂਦਾ) ਹੈ ਉਹ ਦੁਰਾਚਾਰੀ ਪ੍ਰਾਣੀ ਹੈ।"[1]

**ਨਾਗਰਿਕ ਕਾਨੂੰਨ :**

ਕਮਜ਼ੋਰਾਂ ਦੇ ਉਤਪੀੜਨ ਅਤੇ ਸੱਭ ਦੀ ਅਸੁੱਰਖਿਆ ਦੇ ਵੱਲੀਂ ਇਸ਼ਾਰਾ ਕਰਕੇ ਧੱਨਾਢਾਂ ਨੇ ਬਹੁਤ ਹੀ ਚਾਲਾਕੀ ਨਾਲ ਨਿਆਂ ਅਤੇ ਸ਼ਾਂਤੀ ਦੇ ਨਿਯਮ ਨਿਰੂਪਤ ਕੀਤੇ, ਤਾਂ ਕਿ ਉਹਨਾਂ ਦੇ ਰਾਹੀਂ ਸਾਰਿਆਂ ਦੀ ਮਲਕੀਅਤ ਦੀ ਜ਼ਾਮਨੀ ਰਹੇ, ਅਤੇ ਕਾਨੂੰਨ ਨੂੰ ਲਾਗੂ ਕਰਨ ਦੇ ਵਾਸਤੇ ਇੱਕ ਸਰਵ ਉੱਚ ਸਾਸ਼ਕ ਦੀ ਸਥਾਪਨਾ ਕੀਤੀ।

ਨਿਸ਼ਚੇ ਹੀ ਸਮਾਜ ਅਤੇ ਕਾਨੂੰਨਾਂ ਦੀ ਉਤਪਤੀ ਇਸੀ ਤਰ੍ਹਾਂ ਹੋਈ ਹੋਵੇਗੀ, ਜਿਸਨੇ ਗਰੀਬਾਂ ਨੂੰ ਨਵੀਆਂ ਬੇੜੀਆਂ ਪਹਨਾ ਦਿੱਤੀਆਂ ਅਤੇ ਧੱਨਾਢਾਂ ਨੂੰ ਨਵੀਂ ਤਾਕਤ ਪ੍ਰਦਾਨ ਕਰ ਦਿੱਤੀ, ਪ੍ਰਕ੍ਰਿਤਕ ਸੁਤੰਤਰਤਾ ਨੂੰ ਅੰਤਿਮ ਤੌਰ ਤੇ ਖਤਮ ਕਰ ਦਿੱਤਾ, ਅਤੇ ਥੋੜੇ ਜਿਹੇ ਮੁੱਠੀ ਭਰ - ਇੱਛਾਵਾਦੀ ਲੋਕਾਂ ਦੇ ਲਾਭ ਦੇ ਵਾਸਤੇ, ਹਮੇਸ਼ਾ-ਹਮੇਸ਼ਾ ਦੇ ਲਈ ਸੰਪਤੀ ਅਤੇ ਅਸਮਾਨਤਾ (ਨਾ ਬਰਾਬਰੀ) ਦਾ ਕਾਨੂੰਨ ਨਿਰਧਾਰਤ ਕਰ ਦਿੱਤਾ, **ਇੱਕ ਚਲਾਕੀ ਭਰੀ ਲੁੱਟ ਨੂੰ ਇੱਕ ਅਟੱਲ ਅਧਿਕਾਰ ਵਿੱਚ ਤਬਦੀਲ ਕਰ ਦਿੱਤਾ**, ਅਤੇ ਇਸ ਤਰ੍ਹਾਂ ਆਇੰਦਾ ਦੇ ਵਾਸਤੇ ਸਾਰੀ ਮਾਨਵ ਜਾਤੀ ਨੂੰ ਮਿਹਨਤ, ਦਾਸਤਾ ਅਤੇ ਦੁਰਗਤੀ ਦਾ ਸ਼ਿਕਾਰ ਬਣਾ ਦਿੱਤਾ।[2]

**ਅਸਮਾਨਤਾਵਾਂ :**

ਪਰੰਤੂ ਇਹ ਗੱਲ ਪੂਰੀ ਤਰ੍ਹਾਂ ਪ੍ਰਕ੍ਰਿਤਕ ਕਾਨੂੰਨ ਦੇ ਖਿਲਾਫ਼ ਹੈ ਕਿ ਮੁੱਠੀ ਭਰ ਲੋਕ ਤਾਂ ਬੇਸ਼ੁਮਾਰ ਦੌਲਤ ਹੜੱਪਦੇ ਰਹਿਣ, ਜਦੋਂ ਕਿ ਵਿਸ਼ਾਲ ਭੁੱਖੀ ਆਬਾਦੀ ਜ਼ਿੰਦਗੀ ਦੀਆਂ ਜ਼ਰੂਰੀ ਚੀਜ਼ਾਂ ਦੇ ਲਈ ਵੀ ਤਰਸਦੀ ਰਹੇ।[3]

ਪੰਨਾ 178 (113)

**ਉਸਦੀਆਂ ਰਚਨਾਵਾਂ ਦਾ ਹਸ਼ਰ**

*ਏਮਿਲੀ* ਅਤੇ *ਸੋਸ਼ਲ ਕੰਟਰੈਕਟ* ਦੋਵੇਂ ਹੀ 1762 ਵਿੱਚ ਪ੍ਰਕਾਸ਼ਿਤ ਹੋਈਆਂ ਪਹਿਲੀ ਨੂੰ ਪੈਰਿਸ ਵਿੱਚ ਸਾੜਿਆ ਗਿਆ, ਰੂਸੋ ਬੜੀ ਮੁਸ਼ਕਲ ਨਾਲ ਗ੍ਰਿਫ਼ਤਾਰ ਹੁੰਦੇ ਹੁੰਦੇ ਬਚਿਆ, ਫੇਰ ਦੋਵਾਂ ਕਿਤਾਬਾਂ ਨੂੰ ਸਰਵਜਨਕ ਤੌਰ ਤੇ, ਜੇਨੇਆ ਵਿੱਚ, ਉਸਦੀ ਜਨਮ ਭੂਮੀ ਵਿੱਚ, ਸਾੜਿਆ ਗਿਆ, ਜਿੱਥੋਂ ਉਸਨੂੰ ਕਿਤੇ ਵੱਧ ਸ਼ੋਹਰਤ ਮਿਲਣ ਦੀ ਉਮੀਦ ਸੀ।

-------o-------

*1. ਸੰਭਾਵਤ ਰੂਸੋ ਦਾ ਹਵਾਲਾ*
*2. ਰੂਸੋ : ਸੋਸ਼ਲ ਕੰਟਰੈਕਟ*
*3. ਉਹੀ*

## ਰਾਜੇ ਦੀ ਖੁਦਮੁਖਤਿਆਰੀ ਵੱਲੋਂ ਲੋਕਾਂ ਦੀ ਖੁਦਮੁਖਤਿਆਰੀ ਦੇ ਵੱਲ ਨੂੰ

ਰੂਸੋ ਏਕਤਾ ਅਤੇ ਕੇਂਦਰੀਕਰਣ ਦੀਆਂ ਫਰਾਂਸੀਸੀ ਧਾਰਨਾਵਾਂ ਨੂੰ ਬਣਾਈ ਰੱਖਦਾ ਹੈ, ਜਦੋਂ ਕਿ ਸਤਾਹਰਵੀਂ ਸਦੀ ਵਿੱਚ ਰਾਜ (ਜਾਂ ਖੁਦਮੁਖਤਿਆਰੀ) ਨੂੰ ਰਾਜਸ਼ਾਹੀ ਦੇ ਨਾਲ ਗੱਡ-ਮੱਡ ਕਰ ਦਿੱਤਾ ਗਿਆ ਸੀ। 18ਵੀਂ ਸਦੀ ਵਿੱਚ ਰੂਸੋ ਦੇ ਪ੍ਰਭਾਵ ਨਾਲ ਇਹ ਲੋਕਾਂ ਵਿੱਚ ਵਿਦਮਾਨ ਸਮਝੀ ਜਾਣ ਲੱਗੀ।

## ਸਮਝੌਤਾ

ਸਮਝੌਤੇ ਦੇ ਜ਼ਰੀਏ ਲੋਕ ਨਾਗਰਿਕ ਸੁਤੰਤਰਤਾ ਅਤੇ ਨੈਤਿਕ ਸੁਤੰਤਰਤਾ ਦੇ ਵਾਸਤੇ ਪ੍ਰਕ੍ਰਿਤਕ ਸੁਤੰਤਰਤਾ ਦਾ ਵਟਾਂਦਰਾ ਕਰਦੇ ਹਨ।[1]

-------o-------

## ਪਹਿਲਾ ਮਲਕੀਅਤ ਦਾ ਅਧਿਕਾਰ

**ਜਾਇਦਾਦ ਦਾ ਅਧਿਕਾਰ :**

ਇਸਦੀ ਉਚਿੱਤਤਾ ਇਹਨਾਂ ਹਾਲਾਤਾਂ ਤੇ ਨਿਰਭਰ ਕਰਦੀ ਹੈ :

(ੳ) ਕਿ ਜ਼ਮੀਨ ਗੈਰ-ਆਬਾਦ ਹੈ, (ਅ) ਕਿ ਇੱਕ ਆਦਮੀ ਸਿਰਫ਼ ਓਨੇ ਹੀ ਰਕਬੇ ਉੱਤੇ ਕਬਜ਼ਾ ਕਰਦਾ ਹੈ ਜਿੰਨਾ ਕਿ ਉਸਦੇ ਗੁਜ਼ਾਰੇ ਵਾਸਤੇ ਜ਼ਰੂਰੀ ਹੋਵੇ, (ੲ) ਕਿ ਉਹ ਇਸ ਉੱਤੇ ਸਿਰਫ਼ ਖੋਖਲੀ ਔਪਚਾਰਿਕਤਾ ਦੇ ਜ਼ਰੀਏ ਨਹੀਂ, ਬਲਕਿ ਮਿਹਨਤ ਅਤੇ ਖੇਤੀਬਾੜੀ ਕਰਨ ਦੇ ਨਾਤੇ ਦਖਲ ਰੱਖਦਾ ਹੈ।[2]

ਪੰਨਾ 179 (114)

## ਧਰਮ :

ਰੂਸੋ ਧਰਮ ਨੂੰ ਵੀ ਖੁਦਮੁਖਤਿਆਰ ਸਾਸ਼ਕ ਦੀ ਨਿਰੰਕੁਸ਼ਤਾ ਦੇ ਅਧੀਨ ਰੱਖਦਾ ਹੈ।

-------o-------

## ਭੂਮਿਕਾ[3] :

ਮੈਂ ਇਸ ਗੱਲ ਦੀ ਜਾਂਚ ਕਰਨੀ ਚਾਹੁੰਦਾ ਹਾਂ ਕਿ ਕੀ, ਅੱਜ ਲੋਕ ਜਿਹੋ ਜਿਹੇ ਹਨ ਅਤੇ ਜਿਹੋ ਜਿਹੇ ਕਾਨੂੰਨ ਬਣਾਏ ਜਾ ਸਕਦੇ ਹਨ, ਉਹਨਾਂ ਨੂੰ ਮੱਦੇ ਨਜ਼ਰ ਰੱਖਦੇ ਹੋਏ, ਇਹ ਸੰਭਵ ਹੈ ਕਿ ਨਾਗਰਿਕ ਮਾਮਲਿਆਂ ਦੇ ਪ੍ਰਸਾਸ਼ਨ ਵਾਸਤੇ ਕੁੱਝ ਨਿਆਂ ਸੰਗਤ ਅਤੇ ਨਿਸ਼ਚਤ ਨਿਯਮ ਸਥਾਪਤ ਕੀਤੇ ਜਾਣ......।

*1. ਅਤੇ 2. ਸੋਸ਼ਲ ਕੰਟਰੈਕਟ ਦੇ ਆਧਾਰ ਤੇ*
*3. ਰੂਸੋ ਸੋਸ਼ਲ ਕੰਟਰੈਕਟ ਦੀ ਭੂਮਿਕਾ ਵਿੱਚੋਂ*

.....ਮੇਰੇ ਕੋਲੋਂ ਪੁੱਛਿਆ ਜਾ ਸਕਦਾ ਹੈ ਕਿ ਕੀ ਮੈਂ ਕੋਈ ਰਾਜਾ ਜਾਂ ਕਾਨੂੰਨ ਘਾੜਾ ਹਾਂ ਜੋ ਮੈਂ ਰਾਜਨੀਤੀ ਬਾਰੇ ਲਿਖਦਾ ਹਾਂ। ਮੇਰਾ ਉੱਤਰ ਹੈ ਕਿ ਮੈਂ ਨਹੀਂ ਹਾਂ। ਜੇਕਰ ਮੈਂ ਅਜਿਹਾ ਹੁੰਦਾ, ਤਾਂ ਇਹ ਕਹਿਣ ਵਿੱਚ ਸਮਾਂ ਬਰਬਾਦ ਨਾ ਕਰਦਾ ਕਿ ਕੀ ਕੀਤਾ ਜਾਣਾ ਚਾਹੀਦਾ ਹੈ, ਬਲਕਿ ਉਸਨੂੰ ਕਰ ਸੁੱਟਦਾ ਜਾਂ ਖਾਮੋਸ਼ ਰਹਿੰਦਾ।

-------o-------

ਮਨੁੱਖ ਜਨਮ ਤੋਂ ਸੁਤੰਤਰ ਹੁੰਦਾ ਹੈ ਲੇਕਿਨ ਹਰ ਜਮਾਤ ਬੇੜੀਆਂ ਵਿੱਚ ਜਕੜ ਦਿੱਤਾ ਜਾਂਦਾ ਹੈ।[1]

-------o-------

## ਗੁਲਾਮੀ ਦੇ ਜੂਲੇ ਨੂੰ ਬਲਪੂਰਵਕ ਲਾਹ ਸੁੱਟਣਾ !

ਮੈਂ ਕਹਿਣਾ ਚਾਹੁੰਗਾ ਕਿ ਜਦੋਂ ਤੱਕ ਲੋਕ ਆਗਿਆ ਪਾਲਣ ਦੇ ਲਈ ਮਜ਼ਬੂਰ ਕੀਤੇ ਜਾਂਦੇ ਰਹਿਣ ਅਤੇ ਉਹ ਆਗਿਆ ਪਾਲਣ ਕਰਦੇ ਰਹਿਣ, ਠੀਕ ਹੈ, ਪਰੰਤੂ ਉਹ ਜਿੰਨੀ ਛੇਤੀ ਇਸ ਜੂਲੇ ਨੂੰ ਲਾਹ ਸੁੱਟਣ ਅਤੇ ਲਾਹ ਸੁੱਟਦੇ ਹਨ, ਤਾਂ ਉਹ ਹੋਰ ਵੀ ਵਧੀਆ ਹੈ, ਕਾਰਣ ਕਿ ਜੇ ਲੋਕ ਆਪਣੀ ਆਜ਼ਾਦੀ ਫੇਰ ਉਸੇ ਅਧਿਕਾਰ (ਅਰਥਾਤ ਤਾਕਤ) ਨਾਲ ਵਾਪਸ ਲੈਂਦੇ ਹਨ ਜਿਸ ਅਧਿਕਾਰ ਦੇ ਰਾਹੀਂ ਇਹ ਉਹਨਾਂ ਕੋਲੋਂ ਖੋਹੀ ਗਈ ਸੀ, ਤਾਂ ਜਾਂ ਤਾਂ ਉਹਨਾਂ ਦਾ ਇੰਝ ਕਰਨਾ ਨਿਆਂ ਸੰਗਤ ਹੈ, ਜਾਂ ਉਹਨਾਂ ਕੋਲੋਂ ਇਸਨੂੰ ਖੋਹਣ ਦੀ ਕੋਈ ਉਚਿੱਤਤਾ ਨਹੀਂ ਸੀ।[2]

ਪੰਨਾ 180 (115)

## ਤਾਕਤ :

"ਸੱਤਾ, ਜੋ ਹਿੰਸਾ ਦੇ ਰਾਹੀਂ ਹਾਸਿਲ ਕੀਤੀ ਜਾਂਦੀ ਹੈ, ਮਹਿਜ਼ ਇੱਕ ਹੜੱਪੀ ਗਈ ਸੱਤਾ ਹੁੰਦੀ ਹੈ ਅਤੇ ਸਿਰਫ਼ ਉਦੋਂ ਤੱਕ ਹੀ ਬਣੀ ਰਹਿੰਦੀ ਹੈ ਜਦੋਂ ਤੱਕ ਉਸਦੀ ਕਮਾਨ ਸੰਭਾਲਣ ਵਾਲੇ ਦੀ ਤਾਕਤ ਉਸਨੂੰ ਮੰਨਣ ਵਾਲਿਆਂ ਦੀ ਤਾਕਤ ਉੱਤੇ ਹਾਵੀ (ਭਾਰੂ) ਰਹਿੰਦੀ ਹੈ, ਅਤੇ ਜਦੋਂ ਇਸਨੂੰ ਮੰਨਣ ਵਾਲਿਆਂ ਦੀ ਤਾਕਤ ਸਭ ਤੋਂ ਵੱਧ ਹੋ ਜਾਂਦੀ ਹੈ ਅਤੇ ਉਹ ਉਸਦੇ ਜੂਲੇ ਨੂੰ ਲਾਹ ਸੁੱਟਦੇ ਹਨ, ਤਾਂ ਅਜਿਹਾ ਉਹ ਉਨੇ ਹੀ ਅਧਿਕਾਰ ਅਤੇ ਨਿਆਂ ਦੇ ਨਾਲ ਕਰਦੇ ਹਨ ਜਿਸਦੇ ਨਾਲ ਉਹਨਾਂ ਉੱਤੇ ਸੱਤਾ ਥੋਪ ਕੇ ਰੱਖੀ ਗਈ ਸੀ। ਉਹੀ (ਤਾਕਤ ਦਾ) ਕਾਨੂੰਨ ਜੋ ਸੱਤਾ ਦਾ ਅਧਿਕਾਰ ਦਿੰਦਾ ਹੈ, ਬਾਦ ਵਿੱਚ ਉਸਨੂੰ ਖੋਹ ਵੀ ਲੈਂਦਾ ਹੈ, ਇਹ ਸਭ ਤੋਂ ਤਾਕਤਵਰ ਦਾ ਕਾਨੂੰਨ ਹੈ।"

*ਦਿਦੇਰੋ - ਇਨਸਾਈਕਲੋਪੀਡੀਆ*[3]
*"ਸੱਤਾ"*

*1. ਰੂਸੋ ਦੀ ਪ੍ਰਸਿੱਧ ਉੱਨਤੀ, ਸੋਸ਼ਲ ਕੰਟਰੈਕਟ ਵਿੱਚੋਂ*
*2. ਸਰੋਤ ਸਪਸ਼ਟ ਨਹੀਂ - ਸੰਭਾਵਤ ਰੂਸੋ ਜਾਂ ਦਿਦੇਰੋ*
*3. ਡੇਨਿਸ ਦਿਦੇਰੋ (1713-1784) : ਪ੍ਰਬੋਧਨ ਕਾਲ ਦਾ ਫਰਾਂਸੀਸੀ ਦਾਰਸ਼ਨਿਕ। ਵਿਸ਼ਵ ਕੋਸ਼ (ਇਨਸਾਈਕਲੋਪੀਡੀਆ) ਦਾ ਪ੍ਰਮੁੱਖ ਸੰਪਾਦਕ। ਫਰਾਂਸੀਸੀ ਇਨਕਲਾਬ ਦੀ ਵਿਚਾਰਕ ਜ਼ਮੀਨ ਤਿਆਰ ਕਰਨ ਵਿੱਚ ਰੂਸੋ ਅਤੇ ਵਾਲਤੇਅਰ ਦੇ ਨਾਲ ਉਸਦੀ ਮੁੱਖ ਭੂਮਿਕਾ ਸੀ।*

ਗੁਲਾਮ ਆਪਣੀਆਂ ਬੇੜੀਆਂ ਵਿੱਚ ਸੱਭ ਕੁੱਝ ਗੰਵਾ ਦਿੰਦਾ ਹੈ, ਇੱਥੋਂ ਤੱਕ ਕਿ ਉਹਨਾਂ ਤੋਂ ਛੁਟਕਾਰਾ ਪਾਉਣ ਦੀ ਇੱਛਾ ਵੀ।[1]

-------o-------

## ਸਭ ਤੋਂ ਤਾਕਤਵਰ ਦਾ ਅਧਿਕਾਰ

"ਸੱਤਾਧਿਕਾਰੀਆਂ ਦਾ ਆਗਿਆ ਪਾਲਣ ਕਰੋ। ਜੇ ਇਸਦਾ ਮਤਲਬ ਤਾਕਤ ਦੇ ਅੱਗੇ ਝੁਕਣਾ ਹੈ ਤਾਂ ਇਹ ਆਦੇਸ਼ ਵਧੀਆ ਤਾਂ ਹੈ ਪਰੰਤੂ ਗੈਰ ਜ਼ਰੂਰੀ ਹੈ, ਮੇਰਾ ਕਹਿਣਾ ਹੈ ਕਿ ਇਸਦੀ ਕਦੇ ਉਲੰਘਣਾ ਨਹੀਂ ਹੋਵੇਗੀ।"[2]

-------o-------

## ਗੁਲਾਮੀ ਦਾ ਹੱਕ

ਕੀ ਜਦੋਂ ਗੁਲਾਮ ਵਿਅਕਤੀ ਆਪਣੀਆਂ ਇੱਛਾਵਾਂ ਦਾ ਇਸ ਸੂਰਤ ਤੇ ਤਿਆਗ ਕਰ ਦੇਣ ਕਿ ਉਹਨਾਂ ਦੀ ਸੰਪਤੀ ਵੀ ਲੈ ਲਈ ਜਾਵੇ ? ਮੈਂ ਸਮਝ ਨਹੀਂ ਸਕਦਾ ਕਿ ਉਹਨਾਂ ਦੇ ਵਾਸਤੇ ਕੀ ਬਾਕੀ ਰਹਿ ਜਾਊਗਾ।

"ਆਖਿਆ ਜਾ ਸਕਦਾ ਹੈ ਕਿ ਤਾਨਾਸ਼ਾਹ ਸ਼ਾਸ਼ਕ ਆਪਣੇ ਸਾਸ਼ਿਤਾਂ (ਪਰਜਾ) ਦੇ ਵਾਸਤੇ ਨਾਗਰਿਕ ਸ਼ਾਂਤੀ ਯਕੀਨੀ ਬਣਾਉਂਦਾ ਹੈ। ਹੋ ਸਕਦਾ ਹੈ, ਅਜਿਹੀ ਹੀ ਗੱਲ ਹੋਵੇ, ਲੇਕਿਨ ਇਸ ਤੋਂ ਉਹਨਾਂ ਨੂੰ ਕੀ ਮਿਲਦਾ ਹੈ, ਜਦੋਂ ਕਿ ਯੁੱਧ, ਜੋ ਉਹਨਾਂ ਦੀਆਂ ਇੱਛਾਵਾਂ ਦੇ ਰਹਿੰਦਿਆਂ ਉਹਨਾਂ ਉੱਪਰ ਥੋਪ ਦਿੱਤੇ ਜਾਂਦੇ ਹਨ, ਅਤੇ ਉਸਦੇ ਬੇਸਬਰ ਲਾਲਚ ਅਤੇ ਉਸਦੇ ਪ੍ਰਸ਼ਾਸ਼ਨ ਦੇ ਸੰਤਾਪ, ਉਹਨਾਂ ਦੇ ਆਪਣੇ ਵੈਰ-ਵਿਰੋਧ ਤੋਂ ਕਿਤੇ ਵੱਧ ਹੀ ਉਹਨਾਂ ਨੂੰ ਤੰਗ ਕਰਦੇ ਹਨ ?

**{ਪੰਨਾ 181 (116)}**

"ਇਹ ਕਹਿਣਾ, ਕਿ ਇੱਕ ਆਦਮੀ ਆਪਣੇ ਆਪ ਨੂੰ ਬਿਨਾਂ ਕਿਸੇ ਇਵਜ਼ ਦੇ ਐਵੇਂ ਹੀ ਸੌਂਪ ਦਿੰਦਾ ਹੈ, ਇੱਕ ਦਮ ਬਾਹਿਯਾਤ ਅਤੇ ਕਲਪਨਾ ਤੋਂ ਬਾਹਰੀ ਗੱਲ ਹੈ।"

ਇਸ ਤਰ੍ਹਾਂ ਦੀ ਗੱਲ ਚਾਹੇ ਇੱਕ ਆਦਮੀ ਦੂਜੇ ਆਦਮੀ ਨੂੰ ਸੰਬੋਧਨ ਕਰਕੇ ਆਖੇ ਜਾਂ ਰਾਸ਼ਟਰ ਨੂੰ ਸੰਬੋਧਨ ਕਰਕੇ ਆਖੇ, ਹਮੇਸ਼ਾ ਮੂਰਖਤਾ ਪੂਰਣ ਹੀ ਕਹੀ ਜਾਵੇਗੀ।

"ਮੈਂ ਪੂਰੀ ਤਰ੍ਹਾਂ ਨਾਲ ਤੁਹਾਡੀ ਕੀਮਤ ਤੇ ਅਤੇ ਪੂਰੀ ਤਰ੍ਹਾਂ ਨਾਲ ਆਪਣੇ ਲਾਭ ਦੇ ਵਾਸਤੇ ਤੁਹਾਡੇ ਨਾਲ ਇੱਕ ਸਮਝੌਤਾ ਕਰਦਾ ਹਾਂ, ਅਤੇ ਮੈਂ ਇਸਨੂੰ ਉਦੋਂ ਤੱਕ ਲਾਗੂ ਕਰੀ ਰੱਖਾਂਗਾ, ਜਦੋਂ ਤੱਕ ਮੈਂ ਚਾਹੂੰਗਾ, ਅਤੇ ਤੁਸੀਂ ਵੀ ਇਸਨੂੰ ਉਦੋਂ ਤੱਕ ਲਾਗੂ ਕਰੀ ਰੱਖੋਗੇ ਜਦੋਂ ਤੱਕ ਮੈਂ ਚਾਹੂੰਗਾ।"[3]

-------o-------

## ਬਰਾਬਰੀ (ਸਮਾਨਤਾ)

ਜੇ ਤੁਸੀਂ ਰਾਜ ਨੂੰ ਸਥਾਈਪਣ ਪ੍ਰਦਾਨ ਕਰਨਾ ਚਾਹੁੰਦੇ ਹੋ, ਤਾਂ ਇਹਨਾਂ ਦੋ ਅੰਤਿਮ ਅਵਸਥਾਵਾਂ ਨੂੰ ਜਿੱਥੋਂ ਤੱਕ ਸੰਭਵ ਹੋ ਸਕੇ, ਨਜ਼ਦੀਕ ਲੈ ਆਵੋ। ਨਾ ਤਾਂ ਧਨਾਢਾਂ ਨੂੰ ਬਰਦਾਸ਼ਤ ਕਰੋ, ਨਾ ਹੀ ਭਿਖਾਰੀਆਂ ਨੂੰ। ਇਹ ਦੋਵੇਂ ਹੀ ਸਥਿਤੀਆਂ, ਜੋ ਸੁਭਾਵਿਕ ਤੌਰ

*1. 2. ਅਤੇ 3. ਸੰਭਾਵਤ : ਦਿਦੇਰੋ ਦੇ ਹੀ ਹਵਾਲੇ ਹਨ*

ਤੇ ਇੱਕ ਦੂਜੇ ਨਾਲੋਂ ਅਵੰਡ ਹਨ, ਆਮ ਹਿੱਤ ਦੇ ਵਾਸਤੇ ਸਮਾਨ ਰੂਪ ਤੋਂ ਘਾਤਕ ਹਨ। ਇੱਕ ਵਰਗ ਵਿੱਚੋਂ ਤਾਨਾਸ਼ਾਹ ਪੈਦਾ ਹੁੰਦੇ ਹਨ, ਤਾਂ ਦੂਜੇ ਵਰਗ ਵਿੱਚ, ਤਾਨਾਸ਼ਾਹੀ ਦੇ ਸਮੱਰਥਕ : ਹਮੇਸ਼ਾ ਇਹਨਾਂ ਦੋਵਾਂ ਦੇ ਵਿਚਕਾਰ ਸਰਵਜਨਕ ਸੁਤੰਤਰਤਾ ਦਾ ਵਪਾਰ ਚੱਲਦਾ ਰਹਿੰਦਾ ਹੈ : ਇੱਕ ਖਰੀਦਦਾ ਹੈ, ਦੂਜਾ ਵੇਚਦਾ ਹੈ।[1]

ਪੰਨਾ 182 (117)

"ਗੜ੍ਹੇਮਾਰ ਕੁਝ ਕੁ ਖੇਤਰਾਂ ਨੂੰ ਬਰਬਾਦ ਕਰ ਸੁੱਟਦੀ ਹੈ, ਪਰ ਇਸ ਨਾਲ ਅਕਾਲ ਬਿਰਲੇ ਹੀ ਪੈਂਦਾ ਹੈ। ਦੰਗੇ-ਫਸਾਦ ਅਤੇ ਖਾਨਾਜੰਗੀ ਸਰਦਾਰੀ ਕਰਨ ਵਾਲੇ ਲੋਕਾਂ ਨੂੰ ਕਾਫੀ ਚੌਂਕਾ ਦਿੰਦੇ ਹਨ, ਫਿਰ ਵੀ ਉਹ ਰਾਸ਼ਟਰਾਂ ਦੇ ਵਾਸਤੇ ਵਾਸਤਵਿਕ ਸੰਕਟ ਨਹੀਂ ਪੈਦਾ ਕਰਦੇ, ਜਦੋਂ ਤੱਕ ਇਸ ਗੱਲ ਨੂੰ ਲੈ ਕੇ ਵਿਵਾਦ ਚੱਲਦਾ ਹੈ ਕਿ ਕੌਣ ਉਹਨਾਂ ਤੇ ਤਾਨਾਸ਼ਾਹੀ ਰਾਜ ਕਰੇ। ਉਹਨਾਂ ਦੀ ਵਾਸਤਵਿਕ ਖੁਸ਼ਹਾਲੀ ਜਾਂ ਵਿਪਤਾਵਾਂ ਤਾਂ ਉਹਨਾਂ ਦੀਆਂ ਸਥਾਈ ਸਥਿਤੀਆਂ ਵਿੱਚੋਂ ਪੈਦਾ ਹੁੰਦੀਆਂ ਹਨ। ਜਦੋਂ ਸਾਰਾ ਕੁਝ ਜੂਲੇ ਹੇਠਾਂ ਕੁੱਚਲਕੇ ਰੱਖ ਦਿੱਤਾ ਜਾਂਦਾ ਹੈ, ਉਦੋਂ ਹੀ ਸਭ ਕੁਝ ਨਸ਼ਟ ਹੋ ਜਾਂਦਾ ਹੈ, ਉਦੋਂ ਹੀ ਇਹ ਸਾਸ਼ਕ, ਇਤਮਿਨਾਨ ਨਾਲ ਸਭ ਕੁੱਝ ਨਸ਼ਟ ਕਰਨ ਦੇ ਬਾਦ, ਇੱਕ ਮੁਰਦਾ ਖਾਮੋਸ਼ੀ ਪੈਦਾ ਕਰ ਦਿੰਦੇ ਹਨ, ਜਿਸਨੂੰ ਉਹ ਸ਼ਾਂਤੀ ਆਖਦੇ ਹਨ।"

ਪੰ.176[2]

ਪੰਨਾ 183 (118)

## ਫਰਾਂਸੀਸੀ ਇਨਕਲਾਬ[3] :

**ਅਮਰੀਕਾ :** ਅਮਰੀਕੀ ਸੁਤੰਤਰਤਾ ਸੰਗਰਾਮ ਦਾ ਫਰਾਂਸ ਦੀ ਸਥਿਤੀ ਉੱਤੇ ਭਾਰੀ ਪ੍ਰਭਾਵ ਪਿਆ।(1776)

**ਟੈਕਸ :**

"ਰਾਜੇ ਦੇ ਨਾਂ ਤੇ ਕੰਮ ਕਰਨ ਵਾਲੇ ਕੋਰਟ ਜਾਂ ਮੰਤਰੀ ਮੰਡਲ ਨੇ ਮਨਚਾਹੇ ਢੰਗ ਨਾਲ ਟੈਕਸਾਂ ਦੇ ਫਰਮਾਨ ਤਿਆਰ ਕੀਤੇ ਅਤੇ ਉਹਨਾਂ ਨੂੰ ਪਾਰਲੀਆਮੈਂਟ[4] ਵਿੱਚ ਅੰਦਰਾਜ ਕਰਨ ਦੇ ਵਾਸਤੇ ਭੇਜ ਦਿੱਤਾ, ਕਿਉਂਕਿ ਜਦੋਂ ਤੱਕ ਪਾਰਲੀਆਮੈਂਟ ਉਹਨਾਂ ਨੂੰ ਦਰਜ ਨਹੀਂ ਕਰ ਲੈਂਦੀ, ਉਦੋਂ ਤੱਕ ਉਹ ਲਾਗੂ ਨਹੀਂ ਹੋ ਸਕਦੇ ਸਨ।

ਕੋਰਟ ਦਾ ਦਾਅਵਾ ਸੀ ਕਿ ਪਾਰਲੀਆਮੈਂਟ ਦੀ ਸੱਤਾ ਨੂੰ ਇਤਰਾਜ਼ ਦਾ ਕਾਰਣ ਦੱਸਣ ਦੇ ਇਲਾਵਾ ਹੋਰ ਕੋਈ ਅਧਿਕਾਰ ਨਹੀਂ ਸੀ, ਜਦੋਂ ਕਿ ਉਹ (ਯਾਨੀ ਕੋਰਟ ਜਾਂ ਮੰਤਰੀ ਮੰਡਲ) ਆਪਣੇ ਕੋਲ ਇਹ ਫੈਸਲਾ ਕਰਨ ਦਾ ਅਧਿਕਾਰ ਸੁਰੱਖਿਅਤ ਰੱਖੇ ਹੋਏ ਸਨ ਕਿ ਕਾਰਣ ਵਾਜ਼ਬ ਹੈ ਜਾਂ ਗੈਰ-ਵਾਜ਼ਬ ਹੈ, ਅਤੇ ਕਿ ਫੇਰ ਹੀ ਉਹ ਆਪਣੀ ਮਰਜ਼ੀ ਨਾਲ ਚਾਹੇ

*1. ਅਤੇ 2. ਸਰੋਤ ਅਗਿਆਤ ਸੰਭਾਵਤ ਦਿਦੇਰੋ ਜਾਂ ਰੂਸੋ*
*3. ਫਰਾਂਸੀਸੀ ਇਨਕਲਾਬ ਦੇ ਬਾਰੇ ਵਿੱਚ ਭਗਤ ਸਿੰਘ ਦੇ ਇਹਨਾਂ ਨੋਟਸ ਦੇ ਸਰੋਤ ਦਾ ਪਤਾ ਨਹੀਂ ਲੱਗਦਾ*
*4. ਪਾਰਲੀਆਮੈਂਟ ਵਾਸਤਵ ਵਿੱਚ ਕੋਈ ਚੁਣੇ ਹੋਏ ਨੁਮਾਇੰਦਿਆਂ ਦਾ ਸੰਗਠਨ ਜਾਂ ਸੰਸਥਾ ਨਹੀਂ, ਬਲਕਿ ਰਾਜਾਂ ਦੇ ਸਲਾਹਕਾਰਾਂ ਦਾ ਇੱਕ ਸੰਗਠਨ ਜਾਂ ਇਜਲਾਸ ਹੋਇਆ ਕਰਦੀ ਸੀ।*

ਤਾਂ ਫਰਮਾਨ ਵਾਪਸ ਲੈ ਲਵੇ ਜਾਂ ਬਾਕਾਇਦਾ ਉਸਨੂੰ ਅਧਿਕਾਰਤ ਤੌਰ ਤੇ ਅੰਦਰਾਜ ਕੀਤੇ ਜਾਣ ਦਾ ਆਦੇਸ਼ ਜਾਰੀ ਕਰ ਦੇਵੇ। ਦੂਜੇ ਪਾਸੇ, ਪਾਰਲੀਆਮੈਂਟ ਦਾ ਦਾਵਾ ਸੀ ਕਿ ਉਸਦੇ ਕੋਲ ਇਨਕਾਰ ਕਰ ਦੇਣ ਦਾ ਅਧਿਕਾਰ ਸੀ।

ਮੰਤਰੀ **ਐਮ.ਕੈਲੋਨੇ**[1] ਨੂੰ ਪੈਸਾ ਚਾਹੀਦਾ ਸੀ। ਉਹ ਟੈਕਸਾਂ ਦੇ ਮਾਮਲੇ ਵਿੱਚ ਪਾਰਲੀਆਮੈਂਟ ਦੇ ਕਠੋਰ ਰੁਖ ਤੋਂ ਵਾਕਿਫ਼ ਸੀ। ਉਸਨੇ **'ਅਸੈਂਬਲੀ ਆ.ਫ਼ ਨੋਟੇਬਲਜ਼'**[2] ਨਿਮੰਤਰਣ ਕੀਤੀ (1787)।

ਇਹ **ਸਟੇਟਸ ਜਨਰਲ**[3] ਨਹੀਂ ਸੀ ਜੋ ਕਿ ਚੁਣੀ ਜਾਂਦੀ ਸੀ, ਬਲਕਿ ਇਸਦੇ ਸਾਰੇ ਮੈਂਬਰ ਰਾਜਾ ਵੱਲੋਂ ਨਾਮਜ਼ਦ ਕੀਤੇ ਗਏ ਸਨ ਅਤੇ ਇਸ ਵਿੱਚ ਕੁੱਲ **141 ਮੈਂਬਰ** ਸਨ। ਤਾਂ ਵੀ ਉਹ ਬਹੁਮਤ ਦਾ ਸਮਰੱਥਨ ਪ੍ਰਾਪਤ ਨਾ ਕਰ ਸਕਿਆ। ਫੇਰ ਉਸਨੇ ਇਸਨੂੰ **7 ਕਮੇਟੀਆਂ** ਵਿੱਚ ਵੰਡ ਦਿੱਤਾ। ਹਰ ਇੱਕ ਕਮੇਟੀ ਵਿੱਚ **20 ਮੈਂਬਰ** ਸਨ। ਹਰ ਇੱਕ ਸਵਾਲ ਕਮੇਟੀਆਂ ਵਿੱਚ ਬਹੁਮੱਤ ਨਾਲ ਅਤੇ ਅਸੈਂਬਲੀ ਵਿੱਚ ਕਮੇਟੀਆਂ ਦੇ ਬਹੁਮੱਤ ਨਾਲ ਤੈਹ ਕੀਤਾ ਜਾਂਦਾ ਸੀ। ਉਸਨੇ ਕੋਈ ਚਾਰ ਜਾਂ ਹਰ ਇੱਕ ਕਮੇਟੀ ਵਿੱਚ 11 ਅਜਿਹੇ ਮੈਂਬਰ ਰੱਖਣ ਦੀ ਕੋਸ਼ਿਸ਼ ਕੀਤੀ, ਜਿਹਨਾਂ ਉੱਤੇ ਵਿਸਵਾਸ਼ ਕੀਤਾ ਜਾ ਸਕਦਾ ਸੀ। ਪਰੰਤੂ ਉਸਦੀਆਂ ਇਹ ਯੁਕਤਾਂ ਵੀ ਅਸਫ਼ਲ ਰਹੀਆਂ।

ਪੰਨਾ 184 (119)

ਐਮ. ਦਾ ਲਫਾਇਤ[4] ਇੱਕ ਦੂਜੀ ਕਮੇਟੀ ਦਾ ਉਪ ਪ੍ਰਧਾਨ ਸੀ। ਉਸਨੇ ਐਮ. ਕੈਲੋਨ ਉੱਤੇ ਦੋ ਮਿਲੀਅਨ ਲਾਈਵਰ ਵਿੱਚ ਸ਼ਾਹੀ ਜ਼ਮੀਨ ਵੇਚ ਦੇਣ ਦਾ ਦੋਸ਼ ਲਾਇਆ। ਇਸਨੂੰ ਉਸਨੇ ਲਿਖਤੀ ਤੌਰ ਤੇ ਵੀ ਪੇਸ਼ ਕੀਤਾ। ਉਸਦੇ ਕੁੱਝ ਹੀ ਸਮੇਂ ਬਾਅਦ, **ਐਮ. ਕੈਲੋਨ** ਨੂੰ

*1. ਚਾਰਲਸ ਅਤੇ ਕਸਾਂਦਰ ਦਾ ਕੈਲੋਨ (1734-1802) ਫਰਾਂਸੀਸੀ ਰਾਜਨੀਤੀਵਾਨ, ਜੋ ਨਵੰਬਰ 1783 ਵਿੱਚ ਵਿੱਤ ਮੰਤਰੀ ਬਣਿਆ।*

*2. ਅਸੈਂਬਲੀ ਆ.ਫ਼ ਨੋਟੇਬਲਜ਼ : ਰਾਜ ਦਾ ਖਜ਼ਾਨਾ ਖਾਲੀ ਹੋਣ ਦੇ ਕਾਰਣ, ਵਿੱਤ ਮੰਤਰੀ ਕੈਲੋਨ ਸ਼ਾਹੀ ਖ਼ਜ਼ਾਨੇ ਦੇ ਲਈ ਕਰਜ਼ਾ ਲੈਣਾ ਚਾਹੁੰਦਾ ਸੀ, ਪਰੰਤੂ ਪਾਰਲੀਮੈਂਟ ਨੇ ਇਸਨੂੰ ਮਨਜ਼ੂਰ ਨਹੀਂ ਕੀਤਾ। ਤਾਂ ਉਸਨੇ ਰਾਜੇ ਨੂੰ ਸਲਾਹ ਦਿੱਤੀ ਕਿ ਅੰਦਰੂਨੀ ਸੀਮਾ ਟੈਕਸਾਂ ਨੂੰ ਖਤਮ ਕਰ ਦਿੱਤਾ ਜਾਵੇ ਅਤੇ ਨੋਟੇਬਲਜ਼ ਯਾਨੀ ਕੁਲੀਨਾਂ ਅਤੇ ਪਾਦਰੀਆਂ ਤੇ ਟੈਕਸ ਲਾ ਦਿੱਤਾ ਜਾਏ। ਇਸਦੇ ਵਾਸਤੇ ਕੁਲੀਨਾਂ ਦੀ ਇੱਕ ਸਭਾ (ਅਸੈਂਬਲੀ ਆ.ਫ਼ ਨੋਟੇਬਲਜ਼) ਜਨਵਰੀ 1787 ਵਿੱਚ ਬੁਲਾਈ ਗਈ। ਪਰੰਤੂ ਕੁਲੀਨਾਂ ਨੇ ਆਪਣੇ ਵਿਸ਼ੇਸ਼ ਅਧਿਕਾਰ ਵਿੱਚ ਕਟੌਤੀ ਕੀਤੇ ਜਾਣ ਦਾ ਵਿਰੋਧ ਕੀਤਾ।*

*3. ਸਟੇਟਸ - ਜਨਰਲ : ਇਹ ਕੁਲੀਨ ਵਰਗ, ਪਾਦਰੀ ਵਰਗ ਅਤੇ ਬੁਰਜੂਆ ਵਰਗ ਦੇ ਚੁਣੇ ਗਏ ਪ੍ਰਤੀਨਿਧੀ ਦੀ ਇੱਕ ਸਭਾ ਸੀ।*

*4. ਮਾਰਕਿਵਸ ਦਾ ਲਫਾਇਤ (1757-1834) : ਅਮਰੀਕੀ ਸੁਤੰਤਰਤਾ ਸੰਗਰਾਮ ਅਤੇ ਫਰਾਂਸ ਦੇ ਇਨਕਲਾਬ ਵਿੱਚ ਭਾਗ ਲਿਆ। ਉਹ ਫਰਾਂਸੀਸੀ ਸੈਨਾ ਦਾ ਕਰਨਲ (1779) ਅਤੇ ਬਾਦ ਵਿੱਚ ਮੇਜਰ ਜਨਰਲ (1781) ਵੀ ਰਿਹਾ। 1790 ਵਿੱਚ ਉਸਦੀ ਤਰੱਕੀ ਨੈਸ਼ਨਲ ਗਾਰਡ ਆ.ਫ਼ ਪੈਰਿਸ ਦੇ ਕਰਨਲ-ਜਨਰਲ ਪਦ ਤੇ ਹੋ ਗਈ, ਅਤੇ ਉਸਨੇ ਇਨਕਲਾਬ ਦੇ ਮੁੱਢਲੇ ਦੌਰਾਂ ਵਿੱਚ ਬਹੁਤ ਸਰਗਰਮ ਭੂਮਿਕਾ ਨਿਭਾਈ। ਪਰੰਤੂ 1792 ਵਿੱਚ ਸੰਵਿਧਾਨਕ ਰਾਜਤੰਤਰ ਦਾ ਸਮਰੱਥਨ ਕਰਨ ਦੇ ਕਾਰਣ ਅਸੈਂਬਲੀ ਨੇ ਉਸਨੂੰ ਗੱਦਾਰ ਕਰਾਰ ਦਿੱਤਾ ਅਤੇ ਦੇਸ਼ ਨਿਕਾਲਾ ਦੇ ਦਿੱਤਾ। ਆਪਣੇ ਦੇਸ਼ ਨਿਕਾਲੇ ਵਿੱਚ ਵੀ ਉਹ ਆਪਣੀ ਇਨਕਲਾਬੀ ਭੂਮਿਕਾ ਦੇ ਕਾਰਣ 5 ਸਾਲਾਂ ਤੱਕ ਪ੍ਰਸ਼ਾ, ਜਰਮਨੀ ਅਤੇ ਆਸਟਰੀਆ ਦੀਆਂ ਜੇਲ੍ਹਾਂ ਵਿੱਚ ਕੈਦ ਰਿਹਾ, ਅਤੇ ਨੈਪੋਲੀਅਨ ਬੋਨਾਪਾਰਟ ਦੀ ਦਖਲ ਅੰਦਾਜ਼ੀ ਨਾਲ ਹੀ ਜੇਲ੍ਹ ਤੋਂ ਰਿਹਾ ਹੋ ਕੇ 1799 ਵਿੱਚ ਫਰਾਂਸ ਪਰਤਿਆ।*

ਬਰਖਾਸਤ ਕਰ ਦਿੱਤਾ ਗਿਆ।

ਤੈਲੂਸ਼ ਦਾ ਆਰਕਬਿਸ਼ਪ ਪ੍ਰਧਾਨਮੰਤਰੀ ਅਤੇ ਵਿੱਤ ਮੰਤਰੀ ਨਿਯੁਕਤ ਹੋਇਆ। ਉਸਨੇ ਪਾਰਲੀਮੈਂਟ ਦੇ ਸਾਹਮਣੇ ਦੋ ਕਿਸਮਾਂ ਦੇ ਟੈਕਸਾਂ ਦਾ ਪ੍ਰਸਤਾਵ ਰੱਖਿਆ - ਸਟਾਂਪ ਟੈਕਸ ਅਤੇ ਇੱਕ ਕਿਸਮ ਦਾ ਭੂਮੀ ਟੈਕਸ। ਇਸ ਬਾਰੇ ਪਾਰਲੀਮੈਂਟ ਨੇ ਜਵਾਬ ਦਿੱਤਾ,

> ਕਿ ਰਾਸ਼ਟਰ ਹੁਣ ਤੱਕ ਜਿਸ ਤਰ੍ਹਾਂ ਦੇ ਭੂਮੀ ਟੈਕਸ (ਮਾਮਲਾ) ਦੀ ਹਿਮਾਇਤ ਕਰਦਾ ਆ ਰਿਹਾ ਹੈ, ਉਸਦੇ ਨਾਲ ਟੈਕਸਾਂ ਦੀ ਚਰਚਾ ਉਹਨਾਂ ਵਿੱਚ ਕਟੌਤੀ ਕਰਨ ਦੇ ਇਲਾਵਾ ਹੋਰ ਕਿਸੇ ਵੀ ਉਦੇਸ਼ ਨਾਲ ਨਹੀਂ ਕਰਨੀ ਚਾਹੀਦੀ।

ਅਤੇ ਉਹਨਾਂ ਦੋਵਾਂ ਹੀ ਪ੍ਰਸਤਾਵਾਂ ਨੂੰ ਚੁੱਕਕੇ ਰੱਦੀ ਦੀ ਟੋਕਰੀ ਵਿੱਚ ਸੁੱਟ ਦਿੱਤਾ। ਫੇਰ ਉਹਨਾਂ ਨੂੰ ਵਾਰਸਾਈ ਬੁਲਾਇਆ ਗਿਆ, ਜਿੱਥੇ ਰਾਜਾ ਨੇ 'ਏ ਬੈਡ ਆਫ ਜਸਟਿਸ' ਨਾਂ ਦੀ ਇੱਕ ਵਿਸ਼ੇਸ਼ ਬੈਠਕ ਕੀਤੀ ਅਤੇ ਉਹਨਾਂ ਪ੍ਰਸਤਾਵਾਂ ਦਾ ਅੰਦਰਾਜ ਕਰ ਲਿਆ ਪਾਰਲੀਮੈਂਟ ਪੈਰਿਸ ਵਾਪਸ ਚਲੀ ਗਈ। ਉਥੇ ਇੱਕ ਸਮਾਗਮ ਕੀਤਾ। ਵਾਰਸਾਈ ਵਿੱਚ ਕੀਤੀ ਗਈ ਹਰ ਇੱਕ ਕਾਰਵਾਈ ਨੂੰ ਗੈਰ ਕਾਨੂੰਨੀ ਕਰਾਰ ਦਿੰਦੇ ਹੋਇਆਂ, ਅੰਦਰਾਜ਼ ਨੂੰ ਰੱਦ ਕਰ ਦੇਣ ਦਾ ਆਦੇਸ਼ ਦਿੱਤਾ। ਤਾਂ ਸਾਰਿਆਂ ਨੂੰ 'ਲੇਟਰ ਡੀ ਕੈਸ਼ੇਤਸ' ਨਾਮੀ ਸ਼ਾਹੀ ਫਰਮਾਨ ਜਾਰੀ ਹੋਇਆ ਅਤੇ ਸਾਰਿਆਂ ਨੂੰ ਦੇਸ਼ ਨਿਕਾਲਾ ਦੇ ਦਿੱਤਾ ਗਿਆ। ਫੇਰ ਬਾਦ ਵਿੱਚ ਉਹਨਾਂ ਨੂੰ ਵਾਪਸ ਬੁਲਾ ਲਿਆ ਗਿਆ। ਅਤੇ ਫੇਰ ਉਹੋ ਹੀ ਫਰਮਾਨ ਉਹਨਾਂ ਦੇ ਸਾਹਮਣੇ ਰੱਖੇ ਗਏ।

**{ਪੰਨਾ 185 (120)}**

ਫੇਰ ਸਟੇਟਸ ਜਨਰਲ ਦੀ ਬੈਠਕ ਸੱਦਣ ਦਾ ਸਵਾਲ ਉੱਠਿਆ। ਰਾਜੇ ਨੇ ਇਸਦੇ ਲਈ ਪਾਰਲੀਮੈਂਟ ਤੋਂ ਵਾਅਦਾ ਲਿਆ ਪਰੰਤੂ ਮੰਤਰੀ ਮੰਡਲ ਨੇ ਵਿਰੋਧ ਕੀਤਾ। ਇਸਦੇ ਇੱਕ 'ਫੁੱਲ ਕੋਰਟ' ਗਠਿਤ ਕਰਨ ਦਾ ਨਵਾਂ ਸੁਝਾਅ ਰੱਖਿਆ ਪਰੰਤੂ ਇਸਦਾ ਦੋ ਆਧਾਰਾਂ ਤੇ ਵਿਰੋਧ ਹੋਇਆ। ਪਹਿਲਾ ਇਹ ਕਿ ਸਿਧਾਂਤਕ ਆਧਾਰ ਤੇ ਸਰਕਾਰ ਨੂੰ ਖੁਦ ਬਦਲਣ ਦਾ ਕੋਈ ਅਧਿਕਾਰ ਨਹੀਂ ਸੀ। ਇਸ ਤਰ੍ਹਾਂ ਦੀ ਉਦਾਹਰਨ ਨੁਕਸਾਨਦੇਹ ਹੋਵੇਗੀ। ਦੂਜਾ ਵਿਰੋਧ ਸਰੂਪ ਨੂੰ ਲੈ ਕੇ ਸੀ, ਇਸਦੇ ਵਿਰੋਧ ਵਿੱਚ ਇਹ ਦਲੀਲ ਦਿੱਤੀ ਗਈ ਕਿ ਇਹ ਇੱਕ ਵਿਸਤਾਰਤ (ਵਧਾਏ ਹੋਏ) ਮੰਤਰੀ ਮੰਡਲ ਦੇ ਇਲਾਵਾ ਹੋਰ ਕੁੱਝ ਨਹੀਂ ਹੁੰਦਾ।

ਇਸ ਲਈ ਪਾਰਲੀਮੈਂਟ ਨੇ ਇਸ ਪ੍ਰਸਤਾਵ ਨੂੰ ਠੁਕਰਾ ਦਿੱਤਾ। ਫੇਰ ਉਸਨੂੰ ਹਥਿਆਰਬੰਦ ਫੌਜਾਂ ਨੇ ਘੇਰ ਲਿਆ। ਕਈ ਦਿਨਾਂ ਤੱਕ ਘੇਰਾਬੰਦੀ ਚੱਲਦੀ ਰਹੀ। ਫਿਰ ਵੀ ਪਾਰਲੀਮੈਂਟ ਆਪਣੀ ਗੱਲ ਤੇ ਅੜੀ ਰਹੀ। ਤਾਂ ਉਸਦੇ ਕਈ ਮੈਂਬਰਾਂ ਨੂੰ ਗ੍ਰਿਫ਼ਤਾਰ ਕਰਕੇ ਵੱਖ-ਵੱਖ ਜੇਲ੍ਹਾਂ ਵਿੱਚ ਭੇਜ ਦਿੱਤਾ ਗਿਆ।

ਇਸਦਾ ਵਿਰੋਧ ਪ੍ਰਦਰਸ਼ਨ ਕਰਨ ਦੇ ਲਈ ਬ੍ਰਿਟੈਨੀ ਤੋਂ ਇੱਕ ਪ੍ਰਤੀਨਿਧੀ ਮੰਡਲ ਆਇਆ। ਉਸਦੇ ਮੈਂਬਰਾਂ ਨੂੰ ਬਾਸਤੀਆ (ਜੇਲ੍ਹ) ਭੇਜ ਦਿੱਤਾ ਗਿਆ।

'ਅਸੈਂਬਲੀ ਆਫ਼ ਨੋਟੇਬਲਜ਼' ਫੇਰ ਸੱਦੀ ਗਈ ਅਤੇ ਸਟੇਟਸ ਜਨਰਲ ਦੀ ਬੈਠਕ ਬੁਲਾਉਣ ਲਈ ਫੇਰ ਉਹੋ ਹੀ ਤਰੀਕਾ ਅਪਨਾਉਣ ਦਾ ਫੈਸਲਾ ਕੀਤਾ ਗਿਆ, ਜੋ 1614 ਵਿੱਚ ਅਪਣਾਇਆ ਗਿਆ ਸੀ।

ਪਾਰਲੀਮੈਂਟ ਨੇ ਤੈਹ ਕੀਤਾ ਕਿ ਇਸਦੇ ਵਾਸਤੇ ਕੁੱਲ 1200 ਮੈਂਬਰਾਂ ਵਿੱਚੋਂ 600 ਆਮ ਲੋਕਾਂ ਵਿੱਚੋਂ 300 ਪਾਦਰੀ ਵਰਗ ਅਤੇ 300 ਕੁਲੀਨ ਵਰਗ ਵਿੱਚੋਂ ਚੁਣੇ ਜਾਣੇ ਚਾਹੀਦੇ ਹਨ।

**ਸਟੇਟਸ ਜਨਰਲ**[1] ਦੀ ਮੀਟਿੰਗ **ਮਈ 1789** ਵਿੱਚ ਹੋਈ। ਕੁਲੀਨ ਵਰਗ ਅਤੇ ਪਾਦਰੀ ਵਰਗ ਦੇ ਪ੍ਰਤੀਨਿਧੀ ਦੋ ਵੱਖ-ਵੱਖ ਕਮਰਿਆਂ ਵਿੱਚ ਬੈਠੇ।

ਪੰਨਾ 186 (121)

ਤੀਜੀ ਸ਼੍ਰੇਣੀ ਜਾਂ ਸਾਧਾਰਣ ਲੋਕਾਂ ਦੇ ਪ੍ਰਤੀਨਿਧੀਆਂ ਨੇ ਪਾਦਰੀ ਵਰਗ ਅਤੇ ਕੁਲੀਨ ਵਰਗ ਦੇ ਇਸ ਅਧਿਕਾਰ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ ਖੁਦ ਨੂੰ 'ਰਾਸ਼ਟਰ ਦੇ ਪ੍ਰਤੀਨਿਧੀ' ਘੋਸ਼ਤ ਕਰਦੇ ਹੋਇਆਂ, ਆਪਣੇ ਕਮਰੇ ਵਿੱਚ ਨਾਲ ਬੈਠੇ ਰਾਸ਼ਟਰੀ ਪ੍ਰਤੀਨਿਧੀਆਂ ਦੇ ਇਲਾਵਾ, ਹੋਰ ਕਿਸੇ ਵੀ ਹੈਸੀਅਤ ਦੇ ਕਿਸੇ ਵੀ ਮੈਂਬਰ ਦਾ ਕੋਈ ਵੀ ਅਧਿਕਾਰ ਮੰਨਣ ਤੋਂ ਇਨਕਾਰ ਕਰ ਦਿੱਤਾ। ਇਸ ਤਰ੍ਹਾਂ, ਸਟੇਟਸ ਜਨਰਲ ਹੀ 'ਰਾਸ਼ਟਰੀ ਅਸੈਂਬਲੀ' ਬਣ ਗਈ। ਉਸਨੇ ਦੂਜੇ ਕਮਰਿਆਂ ਵਿੱਚ ਸੱਦੇ ਭੇਜੇ। ਪਾਦਰੀ ਵਰਗ ਦੇ ਪ੍ਰਤੀਨਿਧੀਆਂ ਦੀ ਅਧਿਕਤਰ ਸੰਖਿਆ ਉਹਨਾਂ ਦੇ ਨਾਲ ਆ ਗਈ। ਕੁਲੀਨ ਵਰਗ ਦੇ 45 ਮੈਂਬਰ ਉਹਨਾਂ ਦੇ ਨਾਲ ਆ ਰਲੇ, ਫੇਰ ਉਹਨਾਂ ਦੀ ਸੰਖਿਆ ਵਧਕੇ 80 ਅਤੇ ਬਾਦ ਵਿੱਚ ਉਸਤੋਂ ਵੱਧ ਹੋ ਗਈ।

ਪੰਨਾ 187 (122)

## ਟੈਨਿਸ ਕੋਰਟ ਦੀ ਸਹੁੰ

ਕੁਲੀਨ ਵਰਗ ਅਤੇ ਪਾਦਰੀ ਵਰਗ ਦੇ ਦੁਸ਼ਟ ਤੱਤ ਰਾਸ਼ਟਰੀ ਅਸੈਂਬਲੀ ਨੂੰ ਉਖਾੜ ਸੁੱਟਣਾ ਚਾਹੁੰਦੇ ਸਨ। ਉਹਨਾਂ ਨੇ ਮੰਤਰੀ ਮੰਡਲ ਨਾਲ ਮਿਲਕੇ ਇੱਕ ਸਾਜਿਸ਼ ਰਚੀ। ਰਾਸ਼ਟਰ ਦੇ ਪ੍ਰਤੀਨਿਧੀਆਂ ਦੀ ਮੌਜੂਦਗੀ ਵਿੱਚ ਹੀ ਕਮਰੇ ਦਾ ਦਰਵਾਜ਼ਾ ਬੰਦ ਕਰ ਦਿੱਤਾ ਗਿਆ ਅਤੇ ਉਸ ਉੱਤੇ ਅੰਗ-ਰੱਖਿਅਕ ਸੈਨਾ ਦਾ ਪਹਿਰਾ ਬਿਠਾ ਦਿੱਤਾ ਗਿਆ। ਫੇਰ ਉਹ ਇੱਕ ਟੈਨਿਸ ਕੋਰਟ ਵੱਲੀਂ ਚਲੇ ਗਏ ਅਤੇ ਉਥੇ ਸਾਰਿਆਂ ਨੇ ਮਿਲਕੇ ਸਹੁੰ ਖਾਧੀ ਕਿ ਜਦੋਂ ਤੱਕ ਉਹ ਇੱਕ ਸੰਵਿਧਾਨ ਦੀ ਸਥਾਪਨਾ ਨਹੀਂ ਕਰ ਲੈਂਦੇ, ਉਦੋਂ ਤੱਕ ਵੱਖ ਨਹੀਂ ਹੋਣਗੇ।

**ਬਾਸਤੀਆ**[2]

ਦੂਜੇ ਦਿਨ ਕਮਰੇ ਦਾ ਦਰਵਾਜ਼ਾ ਉਹਨਾਂ ਲਈ ਫੇਰ ਖੋਲ੍ਹ ਦਿੱਤਾ ਗਿਆ। ਪਰੰਤੂ ਚੁਪਕੇ-ਚੁਪਕੇ 30 ਹਜ਼ਾਰ ਦੀ ਫੌਜ ਪੈਰਿਸ ਨੂੰ ਘੇਰਨ ਦੇ ਵਾਸਤੇ ਰਵਾਨਾ ਕੀਤੀ ਜਾ ਚੁੱਕੀ ਸੀ। ਪੈਰਿਸ ਦੀ ਨਿਹੱਥੀ ਭੀੜ ਨੇ ਬਾਸਤੀਆ ਉੱਤੇ ਧਾਵਾ ਬੋਲ ਦਿੱਤਾ, ਬਾਸਤੀਆ ਦਾ ਪਤਨ ਹੋ ਗਿਆ।

**14 ਜੁਲਾਈ 1789**

-------o-------

**ਵਰਸਾਈ :**[1]

**5 ਅਕਤੂਬਰ 1789** – ਹਜ਼ਾਰਾਂ ਔਰਤ ਮਰਦ ਰਾਸ਼ਟਰੀ ਪ੍ਰਤੀਕ ਦੇ ਪ੍ਰਤੀ ਅੰਗ ਰੱਖਿਅਕ ਸੈਨਾ ਵੱਲੋਂ ਕੀਤੇ ਗਏ ਗੁਸਤਾਖੀ ਭਰੇ ਵਿਵਹਾਰ ਦਾ ਬਦਲਾ ਲੈਣ ਲਈ ਵਰਸਾਈ ਵੱਲੀਂ ਕੂਚ ਕਰ ਗਏ। ਇਸਨੂੰ ਬਰਸਾਈ ਮੁਹਿੰਮ ਵਜੋਂ ਜਾਣਿਆ ਜਾਂਦਾ ਹੈ, ਉਸਦੇ ਬਾਦ ਵਾਪਰੀਆਂ ਘਟਨਾਵਾਂ ਦੇ ਫਲਸਰੂਪ ਰਾਜਾ ਨੂੰ ਪੈਰਿਸ ਲਿਆਂਦਾ ਗਿਆ।

ਪੰਨਾ 188 (123)

ਹਰੇਕ ਰਾਸ਼ਟਰ ਦਾ ਵਿਵੇਕ ਜਦੋਂ ਜਾਗ ਪੈਂਦਾ ਹੈ, ਤਾਂ ਉਹ ਆਪਣੇ ਸਾਰਿਆਂ ਉਦੇਸ਼ਾਂ ਦੇ ਵਾਸਤੇ ਕਾਫ਼ੀ ਸਿੱਧ ਹੁੰਦਾ ਹੈ।

*(ਪੰ.112, ਰਾਈਟਸ ਆਫ਼ ਮੈਨ)*[2]

-------o-------

ਕਿਉਂਕਿ ਹਰ ਯੁੱਗ ਵਿੱਚ ਸਰਕਾਰ ਦਾ ਸਰੂਪ ਪੂਰੀ ਤਰ੍ਹਾਂ ਨਾਲ ਰਾਸ਼ਟਰ ਦੀ ਇੱਛਾ ਦਾ ਹੀ ਮਾਮਲਾ ਰਿਹਾ ਹੈ, ਯਾਨੀ ਕਿ ਅਗਰ ਉਸਨੇ ਰਾਜਤੰਤਰਾਤਮਕ ਸਰੂਪ ਚੁਣਿਆ, ਤਾਂ ਅਜਿਹਾ ਕਰਨ ਦਾ ਉਸਨੂੰ ਅਧਿਕਾਰ ਸੀ, ਅਤੇ ਉਸਦੇ ਬਾਦ ਜੇ ਉਸਨੇ ਗਣਤੰਤਰਿਕ ਹੋਣਾ ਪਸੰਦ ਕੀਤਾ, ਤਾਂ ਉਸਦਾ ਅਧਿਕਾਰ ਸੀ ਕਿ ਉਹ ਗਣਤੰਤਰਿਕ ਬਣ ਜਾਵੇ, ਅਤੇ ਰਾਜਾ ਨੂੰ ਇਹ ਆਖੇ ਕਿ, "ਹੁਣ ਤੁਹਾਡੇ ਵਾਸਤੇ ਸਾਡੇ ਕੋਲੇ ਕੋਈ ਗੁੰਜਾਇਸ਼ ਨਹੀਂ ਹੈ।"

*ਹਾਊਸ ਆਫ਼ ਲਾਰਡਜ਼ ਵਿੱਚ, ਮੰਤਰੀ ਅਰਲ ਆਫ਼ ਸੇਲਬੋਰਨ*[3]

ਪੰਨਾ 189 (124)

**ਰਾਜਾ :**

ਜੇ ਕੋਈ ਅਜਿਹਾ ਆਦਮੀ ਹੈ ਜਿਹੜਾ ਹੋਰਨਾਂ ਸਭ ਤੋਂ ਆਲੌਕਿਕ ਰੂਪ ਵਿੱਚ ਐਨਾ ਵੱਧ ਬੁੱਧੀਮਾਨ ਹੋਵੇ ਕਿ ਰਾਸ਼ਟਰ ਦੇ ਸੰਚਾਲਨ ਦੇ ਵਾਸਤੇ ਉਸਦੀ ਬੁੱਧੀ ਜ਼ਰੂਰੀ ਹੋਵੇ, ਤਾਂ ਰਾਜਸ਼ਾਹੀ ਦੀ ਕੋਈ ਉਚਿੱਤਤਾ ਮੰਨੀ ਜਾ ਸਕਦੀ ਹੈ, ਪਰੰਤੂ ਜਦੋਂ ਅਸੀਂ ਕਿਸੇ ਦੇਸ਼ ਤੇ

*1. ਸਟੇਟਸ ਜਨਰਲ – 175 ਵਰ੍ਹਿਆਂ ਮਗਰੋਂ ਲੰਬੇ ਅੰਤਰਾਲ ਦੇ ਬਾਦ ਮਈ 1789 ਵਿੱਚ ਇਸਦੀ ਬੈਠਕ ਹੋਈ। ਖਜ਼ਾਨਾ ਖਾਲੀ ਹੋ ਜਾਣ ਦੇ ਕਾਰਣ ਮਜ਼ਬੂਰ ਹੋ ਕੇ ਸਮਰਾਟ ਲੂਈ ਚੌਦਹਵੇਂ ਨੂੰ ਸਾਮੰਤਾਂ, ਚਰਚ ਅਤੇ ਬੁਰਜੁਆ ਵਰਗ ਦੇ ਪ੍ਰਤੀਨਿਧੀਆਂ ਦੀ ਬੈਠਕ ਸੱਦਣੀ ਪਈ। ਪਹਿਲੀਆਂ ਦੋਵਾਂ ਸ਼੍ਰੇਣੀਆਂ ਦੇ ਕਰੀਬ 300-300 ਅਤੇ ਤੀਜੀ ਸ਼੍ਰੇਣੀ ਦੇ ਦੁੱਗਣੇ ਪ੍ਰਤੀਨਿਧ ਆਏ। ਛੇਤੀ ਹੀ ਇਹ ਇੱਕ ਨਵੇਂ ਰਾਜਨੀਤਕ ਸੰਘਰਸ਼ ਦਾ ਕੇਂਦਰ ਬਣ ਗਈ। ਜਨਤਾ ਦੇ ਪ੍ਰਤੀਨਿਧੀਆਂ ਨੇ ਵਧਕੇ ਪਹਿਲ ਆਪਣੇ ਹੱਥਾਂ ਵਿੱਚ ਲੈ ਲਈ। ਫਰਾਂਸੀਸੀ ਇਨਕਲਾਬ ਦੇ ਤੂਫ਼ਾਨੀ ਘਟਨਾ ਕ੍ਰਮ ਦੀ ਸ਼ੁਰੂਆਤ ਇਸ ਤੋਂ ਹੋਈ।*

*2. ਬਾਸਤੀਆ – ਪੈਰਿਸ ਤੋਂ ਦੂਰ ਸਥਿਤੀ ਬਾਸਤੀਆ ਦਾ ਕਿਲਾ, ਜਿੱਥੇ ਰਾਜਤੰਤਰ ਵਿਰੋਧੀ ਕੈਦੀਆਂ ਨੂੰ ਰੱਖਿਆ ਅਤੇ ਤਸੀਹੇ ਦਿੱਤੇ ਜਾਂਦੇ ਸਨ। ਨਿਰੰਕੁਸ਼ਤਾ ਅਤੇ ਦਮਨ ਦਾ ਇੱਕ ਘ੍ਰਿਣਤ ਪ੍ਰਤੀਕ ਸੀ। 14 ਜੁਲਾਈ 1789 ਨੂੰ ਨਿਹੱਥੀ ਜਨਤਾ ਦੀ ਭੀੜ ਨੇ ਇਸ ਉੱਤੇ ਧਾਵਾ ਬੋਲਕੇ ਕਬਜ਼ਾ ਕਰ ਲਿਆ।*

*1. ਬਰਸਾਈ : ਪੈਰਿਸ ਤੋਂ ਕੁੱਝ ਦੂਰ ਸਥਿਤ ਬਰਸਾਈ ਦੇ ਮਹਿਲਾਂ ਵਿੱਚ ਰਾਜਾ ਅਤੇ ਉਸਦੇ ਮੰਤਰੀਆਂ ਦਾ ਟਿਕਾਣਾ ਸੀ ਜਿੱਥੋਂ ਉਹ ਸੈਨਾ ਦੇ ਸਹਾਰੇ ਇਨਕਲਾਬ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੇ ਸਨ। 5 ਅਕਤੂਬਰ 1789 ਨੂੰ ਹਜ਼ਾਰਾਂ ਲੋਕਾ ਨੇ ਬਰਸਾਈ ਉੱਤੇ ਧਾਵਾ ਬੋਲਿਆ ਅਤੇ ਰਾਜਾ ਲੂਈ ਚੌਦਹਵੇਂ, ਰਾਣੀ ਮੈਰੀ ਅੰਤੋਨੇਤ ਅਤੇ ਉਹਨਾਂ ਦੇ ਅਮਲੇ ਨੂੰ ਕੈਦੀ ਬਣਾ ਕੇ ਪੈਰਿਸ ਲੈ ਆਏ।*

*2. ਟਾਮਸ ਪੇਨ ਦੀ ਰਚਨਾ ਰਾਈਟਸ ਆਫ਼ ਮੈਨ ਵਿੱਚੋਂ 1 ਵੇਖੋ ਪੰਨਾ 14 (1) ਦਾ ਸੰਦਰਭ 3*

*3. ਪਹਿਲਾ ਅਰਲ ਆਫ ਸੋਲਬੋਰਨ ਰਾਉਂਡੇਲ ਪਾਮਰ (1812-1895) ਜਾਂ ਉਸਦਾ ਬੇਟਾ ਦੂਜਾ ਅਰਲ ਆਫ਼ ਸੋਲਬੋਰਨ ਵਿਲੀਅਮ ਵਾਲਡ੍ਰੇਗਣ ਪਾਮਰ (1859-1942) ਦੋਵੇਂ ਹੀ ਬ੍ਰਿਟਿਸ਼ ਸੰਸਦ ਦੇ ਮੈਂਬਰ ਸਨ।*

*ਪੇਨ ਅਤੇ ਸੇਲਬੋਰਨ ਦੇ ਹਵਾਲੇ ਮੋਟੇ ਅੱਖਰਾਂ ਵਿੱਚ ਪੇਜ਼ ਉੱਤੇ ਤਿਰਛੇ ਲਿਖੇ ਹੋਏ ਹਨ।*

ਨਜ਼ਰ ਮਾਰਦੇ ਹਨ ਅਤੇ ਵੇਖਦੇ ਹਨ ਕਿ ਕਿਵੇਂ ਉਸਦਾ ਹਰ ਇੱਕ ਹਿੱਸਾ ਆਪਣੇ ਮਾਮਲਿਆਂ ਦੀ ਸੂਝ ਬੂਝ ਰੱਖਦਾ ਹੈ, ਅਤੇ ਜਦੋਂ ਅਸੀਂ ਪੂਰੀ ਦੁਨੀਆ ਉੱਪਰ ਨਜ਼ਰ ਮਾਰਦੇ ਹਾਂ ਅਤੇ ਵੇਖਦੇ ਹਾਂ ਕਿ ਇਸ ਵਿੱਚ ਰਹਿਣ ਵਾਲੇ ਸਾਰੇ ਮਨੁੱਖਾਂ ਵਿੱਚੋਂ ਰਾਜਾ ਦਾ ਵੰਸ਼ ਹੀ ਅਜਿਹਾ ਹੈ ਜਿਹੜਾ ਆਪਣੀ ਯੋਗਤਾ ਵਿੱਚ ਸਭ ਤੋਂ ਘਟੀਆ ਹੈ, ਤਾਂ ਸਾਡੀ ਬੁੱਧੀ ਇਸ ਸਵਾਲ ਤੇ ਚਕਰਾਉਣ ਲੱਗਦੀ ਹੈ ਕਿ-ਆਖਰ ਇਹਨਾਂ ਲੋਕਾਂ ਨੂੰ ਕਿਉਂ ਬਰਕਰਾਰ ਰੱਖਿਆ ਗਿਆ ਹੈ?

*112*[1]

-------o-------

**ਅਪਮਾਨਕਰਤਾ :**

"ਜੇ ਟੈਕਸਾਂ ਦੇ ਜ਼ੁਲਮੋ-ਸਿਤਮ ਨੂੰ ਖ਼ਤਮ ਕਰਨ ਦੀ ਗਰਜ਼ ਨਾਲ ਰਾਜਸ਼ਾਹੀ ਅਤੇ ਹਰੇਕ ਕਿਸਮ ਦੀ ਕੁਣਬਾਪ੍ਰਸਤ ਸਰਕਾਰ ਦੀ ਧੋਖਾਧੜੀ ਅਤੇ ਛਲ-ਕਪਟ ਨਾਲ ਭਰਪੂਰ ਟੈਕਸ ਨੀਤੀ ਦਾ ਭੰਡਾ ਫੋੜ ਕਰਨਾ - ਬੇਸਹਾਰਾ ਬੱਚਿਆਂ ਦੀ ਪੜ੍ਹਾਈ ਅਤੇ ਬੁੱਢਿਆਂ ਤੇ ਮੁਸੀਬਤਾਂ ਦੇ ਮਾਰੇ ਲੋਕਾਂ ਦੀ ਸਹਾਇਤਾ ਦੀਆਂ ਯੋਜਵਨਾਵਾਂ ਪ੍ਰਸਤਾਵਤ ਕਰਨਾ - ਯੁੱਧ ਦੇ ਘ੍ਰਿਣਤ ਚਲਣ ਨੂੰ ਖਤਮ ਕਰਨਾ - ਸਰਵਭੌਮਿਕ ਸ਼ਾਂਤੀ, ਸੱਭਿਅਤਾ ਅਤੇ ਵਪਾਰ ਨੂੰ ਉਤਸ਼ਾਹਿਤ ਕਰਨਾ ਅਤੇ ਰਾਜਨੀਤਕ ਅੰਧ ਵਿਸ਼ਵਾਸ਼ ਦੀਆਂ ਬੇੜੀਆਂ ਨੂੰ ਤੋੜ ਸੁੱਟਣਾ, ਅਤੇ ਅਧੋਗਤੀ ਦੇ ਸ਼ਿਕਾਰ ਮਨੁੱਖ ਨੂੰ ਉਸਦੇ ਵਾਜਬ ਗੌਰਵ ਤੱਕ ਉੱਚਾ ਚੁੱਕਣਾ - ਜੇਕਰ ਇਹ ਸਾਰੀਆਂ ਚੀਜਾਂ ਅਪਮਾਨਜਨਕ ਹਨ, ਤਾਂ ਮੈਨੂੰ ਇੱਕ ਅਪਮਾਨਕਰਤਾ ਦਾ ਜੀਵਨ ਜਿਊਣ ਦੇਵੋ, ਅਤੇ ਮੇਰੀ ਕਬਰ ਉੱਤੇ "ਅਪਮਾਨਕਰਤਾ" ਦਾ ਨਾਮ ਖੁਦਵਾ ਦੇਣਾ।

*xi*[2]

ਪੰਨਾ 190 (125)

ਪਰੰਤੂ ਜਦੋਂ ਸਥਾਨ ਨਹੀਂ ਬਲਕਿ ਸਿਧਾਂਤ ਕਰਮ ਨੂੰ ਉੱਚਾ ਕਰਨ ਵਾਲਾ ਕਾਰਨ ਬਣ ਜਾਂਦਾ ਹੈ ਤਾਂ, ਮੈਂ ਵੇਖਦਾ ਹਾਂ ਕਿ ਆਦਮੀ ਹਰ ਜਗ੍ਹਾ ਇੱਕੋ ਜਿਹਾ ਹੀ ਹੋ ਜਾਂਦਾ ਹੈ।[3]

-------o-------

**ਮੌਤ :**

ਜੇ ਅਸੀਂ ਅਮਰ ਹੁੰਦੇ ਤਾਂ ਬਹੁਤ ਦੁਖੀ ਹੁੰਦੇ, ਇਸ ਵਿੱਚ ਕੋਈ ਸ਼ੱਕ ਨਹੀਂ ਕਿ ਮਰਨਾ ਕਠਿਨ ਹੈ,ਪਰ ਇਹ ਸੋਚਣਾ ਮਧੁਰ ਲੱਗਦਾ ਹੈ ਕਿ ਅਸੀਂ ਹਮੇਸ਼ਾ ਜਿਉਂਦੇ ਹੀ ਨਹੀਂ ਰਹਾਂਗੇ।[4]

*(ਪੰ. 45, ਏਮਿਲੀ)*

**ਸਮਾਜਵਾਦੀ ਵਿਵਸਥਾ :**

"ਹਰ ਇੱਕ ਕੋਲੋਂ ਉਸਦੀ ਯੋਗਤਾ ਦੇ ਅਨੁਸਾਰ, ਹਰ ਇੱਕ ਨੂੰ ਉਸਦੀ ਲੋੜ ਦੇ ਅਨੁਸਾਰ।"[5]

-------o-------

*1. ਅਤੇ 2. ਸਰੋਤ ਦਾ ਪਤਾ ਨਹੀਂ*

*3. ਅਤੇ 4. ਇਹ ਦੋਵੇਂ ਹਵਾਲੇ ਮੋਟੇ ਅੱਖਰਾਂ ਵਿੱਚ ਪੇਜ਼ ਉੱਪਰ ਤਿਰਛੇ (ਟੇਢੇ) ਲਿਖੇ ਹੋਏ ਹਨ।*

*5. ਲੁੱਟ-ਰਹਿਤ, ਵਰਗ-ਰਹਿਤ, ਰਾਜ-ਰਹਿਤ ਸਾਮਵਾਦੀ ਸਮਾਜ ਨੂੰ ਪ੍ਰਗਟਾਉਣ ਵਾਲਾ ਮਾਰਕਸ-ਏਂਗਲਜ਼ ਦਾ ਪ੍ਰਸਿੱਧ ਸੂਤਰ-ਵਾਕ*

ਹੌਂਸਲਾ ਇਨਕਲਾਬ ਵਿੱਚ ਸਫਲਤਾ ਦੀ ਜਾਨ ਹੈ।

-------o-------

ਦਾਤੋਂ[1] ਦਾ ਕਹਿਣਾ ਸੀ, "ਕਾਰਵਾਈ, ਕਾਰਵਾਈ, ਸੱਤਾ ਪਹਿਲਾਂ, ਬਹਿਸ ਬਾਦ ਵਿੱਚ।"[2]

-------o-------

ਪੰਨਾ 191 (126)

## ਰੂਸੀ-ਪ੍ਰਯੋਗ[3]

1917-27

1. *ਫੇਸ ਐਂਡ ਮਾਈਂਡ ਆਫ਼ ਬੋਲਸ਼ੋਵਿਜ਼ਮ*
ਲੇ. ਰੇਨੇ ਫੁਲਪ - ਮਿਲਰ
2. *ਰਸ਼ੀਆ*
ਲੇ. ਮਾਕੀਵ - ਓ'ਹਾਰਾ
3. *ਰਸ਼ੀਅਨ ਰਿਵੋਲਊਸ਼ਨ*
ਲੈ ਲੈਂਸਵਾਟ ਲੋਟਨ (ਮੈਕਮਿਲਨ)
4. *ਬੋਲਸ਼ੋਵਿਸਟ ਰਸ਼ੀਆ*
ਲੇ. ਏਂਟਨ ਕਾਰਲਗਰੀਨ
5. *ਲਿਟਰੇਚਰ ਐਂਡ ਰਿਵੋਲਊਸ਼ਨ*
- ਤਰਾਤਸਕੀ
6. *ਮਾਰਕਸ - ਲੈਨਿਨ ਐਂਡ ਸਾਇੰਸ ਆਫ਼ ਰਿਵੋਲਊਸ਼ਨ*
ਲੇ. ਏਂਟਨ ਕਾਰਲਗਰੀਨ

"ਬੋਲਸ਼ਵਿਕਾਂ ਦਾ ਦਰਸ਼ਨ ਇੱਕ ਦਮ ਧਾਵਕ ਰੂਪ ਤੋਂ ਭੌਤਿਕਵਾਦੀ ਹੈ, ਜਿਸਦੀ ਇੱਕ ਮੁਕਤੀ ਦਾਤਾ ਵਿਸ਼ੇਸ਼ਤਾ ਨੂੰ ਉਹਨਾਂ ਦੇ ਕੱਟੜ ਤੋਂ ਕੱਟੜ ਦੁਸ਼ਮਣਾਂ ਤੱਕ ਨੂੰ ਸਵੀਕਾਰ ਕਰਨਾ ਪਵੇਗਾ, ਅਤੇ ਉਹ ਇਹ ਕਿ ਉਹਨਾਂ ਵਿੱਚ ਕਿਸੇ ਵੀ ਕਿਸਮ ਦੇ ਭੁਲੇਖੇ ਦੀ ਪੂਰੀ ਤਰ੍ਹਾਂ ਅਣਹੋਂਦ ਹੈ।

ਉਹ ਆਪਣੇ ਸੰਸਥਾਪਕ ਦੇ ਇਸ ਵਿਸਵਾਸ਼ ਉੱਤੇ ਪੂਰੀ ਦ੍ਰਿੜਤਾ ਨਾਲ ਕਾਇਮ ਹਨ ਕਿ, "ਹਰ ਇੱਕ ਚੀਜ਼ ਨੂੰ ਪ੍ਰਕਿਰਤਕ ਨਿਯਮਾਂ ਰਾਹੀਂ, ਜਾਂ ਇੱਕ ਸੰਕੀਰਣਤਰ ਅਰਥ ਵਿੱਚ ਆਖੀਏ ਤਾਂ, ਭੌਤਿਕ ਕ੍ਰਿਆ ਨੂੰ ਵਿਗਿਆਨ (ਫਿਜਿਆਲੋਜੀ) ਰਾਹੀਂ ਬਿਆਨ ਕੀਤਾ ਜਾ ਸਕਦਾ ਹੈ।

- ਪੰ.30

*1. ਜਾਰਜ ਜਾਨ ਦਾਂਤੋ (1769-1794) : ਫਰਾਂਸੀਸੀ ਇਨਕਲਾਬੀ ਤਿੱਖਾ ਬੁਲਾਰਾ ਅਤੇ ਫਰਾਂਸੀਸੀ ਇਨਕਲਾਬ ਦੇ ਸਭ ਤੋਂ ਰੈਡਿਕਲ ਨੇਤਾਵਾਂ ਵਿੱਚੋਂ ਇੱਕ ਰਾਜਸ਼ਾਹੀ ਨੂੰ ਉਖਾੜ ਸੁੱਟਣ (1792) ਵਿੱਚ ਉਸਦੀ ਪ੍ਰਮੁੱਖ ਭੂਮਿਕਾ ਸੀ। ਉਹ ਆਰਜੀ ਸਰਕਾਰ ਦਾ ਪ੍ਰਮੁੱਖ ਬਣਿਆ ਅਤੇ ਨਵੀਂ ਸੁਰੱਖਿਆ ਕਮੇਟੀ ਦੀ ਸਥਾਪਨਾ ਕੀਤੀ ਜੋ ਬਾਦ ਵਿੱਚ ਇਨਕਲਾਬੀ ਆਤੰਕ ਪੈਦਾ ਕਰਨ ਦਾ ਸਾਧਨ ਬਣ ਗਈ।*

*2. ਇਹ ਦੋਵੇਂ ਵਾਕ ਮੋਟੇ ਅੱਖਰਾਂ ਵਿੱਚ ਪੇਜ਼ ਉੱਤੇ ਤਿਰਛੇ ਲਿਖੇ ਹੋਏ ਹਨ।*

*3. ਭਗਤ ਸਿੰਘ ਨੇ ਇੱਕ ਪਾਸੇ ਕੁੱਝ ਪੁਸਤਕਾਂ ਅਤੇ ਉਹਨਾਂ ਦੇ ਲੇਖਕਾਂ ਦੇ ਨਾਮ ਦਰਜ ਕੀਤੇ ਹਨ ਅਤੇ ਉਹਨਾਂ ਦੇ ਸਾਹਮਣੇ ਇੱਕ ਹਵਾਲਾ ਲਿਖਿਆ ਹੈ ਜਿਸਦਾ ਸਰੋਤ ਸਪੱਸ਼ਟ ਨਹੀਂ ਹੈ।*

ਮਾਰਕਸ ਨੇ ਕਿਹਾ ਹੈ, "ਦਾਰਸ਼ਨਿਕਾਂ ਨੇ, ਇਸ ਦੁਨੀਆ ਦੀ ਸਿਰਫ਼ ਤਰ੍ਹਾਂ-ਤਰ੍ਹਾਂ ਨਾਲ ਵਿਆਖਿਆ ਕੀਤੀ ਹੈ, ਦਰਅਸਲ ਮਹੱਤਵਪੂਰਣ ਗੱਲ ਤਾਂ ਇਸਨੂੰ ਬਦਲਣ ਦੀ ਹੈ।"[1]

ਪੰਨਾ 192 (197)

## ਧਰਮ ਅਤੇ ਸਮਾਜਵਾਦ

"ਧਰਮ, ਮਾਨਵਤਾ ਦੇ ਵਾਸਤੇ ਇੱਕ ਅਫ਼ੀਮ ਹੈ" ਮਾਰਕਸ ਦਾ ਕਹਿਣਾ ਸੀ।[2]

-------o-------

"ਸਾਰੇ ਦੇ ਸਾਰੇ ਵਿਚਾਰਵਾਦੀ ਚਿੰਤਨ ਅੰਤ ਨੂੰ ਇੱਕ ਨਾਇਕ ਕਿਸਮ ਦੀ ਦੈਵੀਅਤਾ ਦੀ ਅਵਧਾਰਨਾ ਉੱਪਰ ਹੀ ਜਾ ਪਹੁੰਚਦੇ ਹਨ, ਅਤੇ ਇਸ ਵਾਸਤੇ, ਮਾਰਕਸਵਾਦੀਆਂ ਦੀ ਨਜ਼ਰ ਵਿੱਚ, ਉਹ ਸ਼ੁੱਧ ਬਕਵਾਸ ਹਨ। ਇੱਥੋਂ ਤੱਕ ਕਿ ਹੇਗੇਲ[3] ਨੂੰ ਵੀ ਇਸ ਦੁਨੀਆ ਉੱਤੇ ਸ਼ਾਸ਼ਨ ਕਰਨ ਵਾਲੀ ਹਰ ਇੱਕ ਅੱਛੀ ਅਤੇ ਤਰਕਸੰਗਤ ਚੀਜ਼ ਦਾ ਠੋਸ ਰੂਪ ਈਸ਼ਵਰ ਵਿੱਚ ਹੀ ਵਿਖਾਈ ਦਿੰਦਾ ਸੀ, ਵਿਚਾਰਵਾਦੀ ਸਿਧਾਂਤ ਹਰ ਇੱਕ ਚੀਜ਼ ਨੂੰ ਜ਼ਬਰਦਸਤੀ ਇਸ ਬਦਕਿਸਮਤ ਧੌਲੀ ਦਾੜ੍ਹੀ ਵਾਲੇ (ਅਰਥਾਤ, ਈਸ਼ਵਰ-ਸੰ.) ਦੇ ਮੋਢਿਆਂ ਤੇ ਸੁੱਟ ਦਿੰਦਾ ਹੈ, ਜੋ ਉਸਦੇ ਭਗਤਾਂ ਦੀਆਂ ਸਿੱਖਿਆਵਾਂ ਦੇ ਅਨੁਸਾਰ, ਪੂਰਣ ਹੈ, ਅਤੇ ਜਿਸਨੂੰ ਆਦਮ ਦੇ ਇਲਾਵਾ, ਪਿੱਸੂਆਂ ਅਤੇ ਵੇਸ਼ਵਾਵਾਂ, ਕਾਤਿਲਾਂ ਅਤੇ ਕੋਹੜੀਆਂ, ਭੁੱਖ ਅਤੇ ਦੁੱਖ, ਪਲੇਗ ਅਤੇ ਵੋਦਕਾ (ਇੱਕ ਕਿਸਮ ਦੀ ਸ਼ਰਾਬ - ਸੰ.) ਦੀ ਸ੍ਰਿਸ਼ਟੀ ਕੀਤੀ ਹੈ ਤਾਂ ਕਿ ਉਹਨਾਂ ਪਾਪੀਆਂ ਨੂੰ ਸਜ਼ਾ ਦੇ ਸਕੇ, ਜਿਹਨਾਂ ਨੂੰ ਉਸਨੇ ਖੁਦ ਹੀ ਪੈਦਾ ਕੀਤਾ, ਅਤੇ ਜੋ ਖੁਦ ਉਸਦੀ ਮਰਜ਼ੀ ਨਾਲ ਪਾਪ ਕਦੇ ਹਨ......। ਵਿਗਿਆਨਕ ਦ੍ਰਿਸ਼ਟੀਕੋਣ ਤੋਂ, ਇਹ ਸਿਧਾਂਤ ਬੇਹਿਯਾਤ ਹੀ ਸਿੱਧ ਹੁੰਦਾ ਹੈ। ਇਸ ਦੁਨੀਆ ਦੀਆਂ ਸਾਰੀਆਂ ਪਰੀਘਟਨਾਵਾਂ ਦੀ ਇੱਕ ਮਾਤਰ ਵਿਗਿਆਨਕ ਵਿਆਖਿਆ ਤਾਂ ਪੂਰਣ ਭੌਤਿਕਵਾਦ ਹੀ ਦਿੰਦਾ ਹੈ।

*(ਪੰ.32, ਬੁਖਾਰਿਨ)*[4]

-------o-------

ਉਹਨਾਂ ਦੇ (ਯਾਨੀ ਭੌਤਿਕਵਾਦੀਆਂ ਦੇ ਸੰ.) ਅਨੁਸਾਰ,

ਆਰੰਭ ਵਿੱਚ ਸੀ ਪ੍ਰਕਿਰਤੀ (ਕੁਦਰਤ) ; ਉਸਤੋਂ ਜੀਵਨ; ਅਤੇ ਜੀਵਨ ਤੋਂ ਚਿੰਤਨ ਅਤੇ ਉਹ ਸਾਰੀਆਂ ਅਭਿਵਿਅਕਤੀਆਂ (ਸਾਰੇ ਪ੍ਰਗਟਾਵਿਆਂ) ਜਿਹਨਾਂ ਨੂੰ ਅਸੀਂ ਮਾਨਸਿਕ ਜਾਂ ਨੈਤਿਕ ਪਰਿਘਟਨਾਵਾਂ ਆਖਦੇ ਹਾਂ। ਆਤਮਾ ਵਰਗੀ ਕੋਈ ਸ਼ੈਅ ਹੈ ਹੀ ਨਹੀਂ, ਅਤੇ ਮਨ ; ਚੇਤਨਾ ਪਦਾਰਥ ਦੀ, ਇੱਕ ਖਾਸ ਢੰਗ ਨਾਲ ਸੰਗਠਿਤ, ਇੱਕ ਕ੍ਰਿਆ ਦੇ ਇਲਾਵਾ ਹੋਰ ਕੁਝ ਨਹੀਂ ਹੈ।[1]

*(ਪੰ.) 33*

*1. ਮਾਰਕਸ ਦੀ ਥੀਸਿਸ ਔਨ ਫਿਊਰਬਾਖ ਵਿੱਚੋਂ*

*2. ਵੇਖੋ ਨੋਟ ਬੁੱਕ ਪੰਨਾ 40 (37) ਦਾ ਸੰਦਰਭ 1*

*3. ਗੀਔਰਗ ਵਿਲਹੇਲਮ ਫਰੈਡਰਿਕ ਹੇਗੇਲ (1770-1831) ਜਰਮਨ ਦਾਰਸ਼ਨਿਕ ਜਿਸਨੇ ਚਿੰਤਨ ਅਤੇ ਵਿਆਖਿਆ ਦੀ ਵਿਰੋਧ-ਵਿਕਾਸੀ ਪ੍ਰਣਾਲੀ ਦਿੱਤੀ, ਜਿਸਨੂੰ ਮਾਰਕਸ ਨੇ ਭੌਤਿਕਵਾਦੀ ਦਰਸ਼ਨ ਦੇ ਵਾਸਤੇ ਅਪਨਾਇਆ - ਪਰੰਤੂ ਉਲਟਾ ਕਰਕੇ, ਕਿਉਂਕਿ ਇਸ ਪ੍ਰਣਾਲੀ ਵਿੱਚ ਹੇਗੇਲ ਨੇ ਚੇਤਨਾ ਜਾਂ ਧਰਮ ਤੱਤ ਜਾਂ ਈਸ਼ਵਰ ਨੂੰ ਪ੍ਰਾਥਮਿਕ (ਮੁੱਢ ਕਿਹਾ ਸੀ) ਜਦੋਂ ਕਿ ਏਸੇ ਦੀ ਵਰਤੋਂ ਕਰਕੇ ਮਾਰਕਸ ਨੇ ਪਦਾਰਥ ਨੂੰ ਪ੍ਰਾਥਮਿਕ ਅਤੇ ਚੇਤਨਾ ਨੂੰ ਉਸ ਤੋਂ ਬਾਅਦ ਵਿੱਚ ਉਤਪੰਨ ਕੀਤਾ।*

*4. ਵੇਖੋ ਨੋਟ ਬੁੱਕ ਪੰਨਾ 50 (47) ਦਾ ਸੰਦਰਭ 2*

ਪੰਨਾ 193 (128)

## ਆਮ ਬਗਾਵਤ ਸੰਬੰਧੀ ਮਾਰਕਸ ਦਾ ਦ੍ਰਿਸ਼ਟੀਕੋਣ

### ਪਹਿਲੀ ਗੱਲ :

"ਜੇ ਆਮ ਬਗਾਵਤ ਨੂੰ ਉਸਦੇ ਕੌੜੇ ਅੰਜਾਮ ਤੱਕ ਲੈ ਜਾਣ (ਭਾਵ-ਉਸਦੇ ਸਾਰੇ ਪਰਿਣਾਮਾਂ ਨੂੰ ਝੱਲਣ) ਦਾ ਦ੍ਰਿੜ ਸੰਕਲਪ ਨਾ ਹੋਵੇ, ਤਾਂ ਉਸਦੇ ਨਾਲ ਖੇਡੋ ਮੱਤ (ਖਿਲਵਾੜ ਮੱਤ ਕਰੋ - ਛੇੜਖਾਨੀ ਮੱਤ ਕਰੋ)। ਆਮ ਬਗਾਵਤ ਇੱਕ ਅਜਿਹਾ ਸਮੀਕਰਣ ਹੈ ਜਿਸਦੇ ਮਾਨ (ਮੁੱਲ) ਬਹੁਤ ਅਨਿਸ਼ਚਤ ਹੁੰਦੇ ਹਨ, ਜੋ ਹਰ ਰੋਜ਼ ਬਦਲ ਸਕਦੇ ਹਨ। ਇਸ ਵਿੱਚ ਜਿਹਨਾਂ ਸ਼ਕਤੀਆਂ ਦਾ ਵਿਰੋਧ ਕੀਤਾ ਜਾਣਾ ਹੁੰਦਾ ਹੈ ਉਹਨਾਂ ਕੋਲੇ ਸੰਗਠਨ, ਅਨੁਸ਼ਾਸ਼ਨ ਅਤੇ ਪਰੰਪਰਾਗਤ ਸੱਤਾ ਦੀਆਂ ਸਾਰੀਆਂ ਅਨੁਕੂਲ ਸਥਿਤੀਆਂ ਹੁੰਦੀਆਂ ਹਨ।

"ਜੇ ਆਮ ਬਗਾਵਤ ਕਰਨ ਵਾਲੇ ਆਪਣੇ ਦੁਸ਼ਮਣਾਂ ਦੇ ਖਿਲਾਫ਼ ਭਾਰੀ ਤਾਕਤ ਨਹੀਂ ਇਕੱਠੀ ਕਰਦੇ, ਤਾਂ ਉਹ ਕੁਚਲ ਦਿੱਤੇ ਜਾਣਗੇ ਅਤੇ ਨਸ਼ਟ ਕਰ ਦਿੱਤੇ ਜਾਣਗੇ।

### ਦੂਜੀ ਗੱਲ :

"ਜੇ ਆਮ ਬਗਾਵਤ ਇੱਕ ਵਾਰ ਸ਼ੁਰੂ ਹੋ ਗਈ, ਤਾਂ ਇਹ ਲਾਜ਼ਮੀ ਹੈ ਕਿ ਪੱਕੇ ਸੰਕਲਪ ਦੇ ਨਾਲ ਕਾਰਵਾਈ ਕੀਤੀ ਜਾਵੇ ਅਤੇ ਹਮਲਾਵਰ ਰੁਖ ਅਖਤਿਆਰ ਕੀਤਾ ਜਾਵੇ। ਰੱਖਿਆਤਮਕ ਰੁਖ ਹਰੇਕ ਹਥਿਆਰਬੰਦ ਆਮ ਬਗਾਵਤ ਦੀ ਮੌਤ ਸਾਬਿਤ ਹੁੰਦਾ ਹੈ, ਇਹ ਦੁਸ਼ਮਣ ਨਾਲ ਜ਼ੋਰ ਅਜ਼ਮਾਈ ਕਰਨ ਤੋਂ ਪਹਿਲਾਂ ਹੀ ਤਬਾਹ ਹੋ ਜਾਂਦਾ ਹੈ। ਦੁਸ਼ਮਣ ਨੂੰ ਉਸੇ ਵਕਤ ਹੱਕਾ-ਬੱਕਾ ਕਰ ਸੁੱਟਣਾ ਅਵੱਸ਼ਕ ਹੈ ਜਦੋਂ ਉਸਦੇ ਸੈਨਿਕ ਅਜੇ ਖਿੰਡੇ-ਪੁੰਡੇ ਹੋਣ, ਅਤੇ ਹਰ ਰੋਜ਼ ਨਵੀਆਂ ਨਵੀਆਂ ਸਫਲਤਾਵਾਂ ਹਾਸਿਲ ਕਰਨਾ ਜ਼ਰੂਰੀ ਹੈ। ਚਾਹੇ ਉਹ ਕਿੰਨੀਆਂ ਵੀ ਛੋਟੀਆਂ ਕਿਉਂ ਨਾ ਹੋਣ। ਪਹਿਲੀ ਕਾਮਯਾਬੀ ਨਾਲ ਵਧੇ ਮਨੋਬਲ ਨੂੰ ਬਣਾਈ ਰੱਖਣਾ ਜ਼ਰੂਰੀ ਹੈ। ਡਾਵਾਂਡੋਲ ਤੱਤਾਂ ਨੂੰ ਆਮ ਬਗਾਵਤ ਦੇ ਪੱਖ ਵਿੱਚ ਕਰਨਾ ਜ਼ਰੂਰੀ ਹੈ, ਜੋ ਹਮੇਸ਼ਾ ਹੀ ਤਾਕਤਵਰ ਦੇ ਪਿੱਛੇ ਲੱਗ ਪੈਂਦੇ ਹਨ, ਅਤੇ ਹਮੇਸ਼ਾ ਵੱਧ ਸੁਰੱਖਿਅਤ ਪੱਖ ਢੂੰਡਦੇ ਰਹਿੰਦੇ ਹਨ --- ਇੱਕ ਸ਼ਬਦ ਵਿੱਚ ਦਾਂਤੋ - ਹੁਣ ਤੱਕ ਦੀ ਜਾਣਕਾਰੀ ਵਿੱਚ ਇਨਕਲਾਬੀ ਨੀਤੀ ਦੇ ਸੱਭ ਤੋਂ ਮਹਾਨ ਵਿਦਵਾਨ - ਦੇ ਇਹਨਾਂ ਸ਼ਬਦਾਂ ਦੇ ਅਨੁਸਾਰ ਕਾਰਵਾਈ ਕਰੋ: ਦਲੇਰੀ..... ਦਲੇਰੀ..... ਅਤੇ ਇੱਕ ਵਾਰ ਫੇਰ ਦਲੇਰੀ।[2]

*1. ਉਹੀ*

*2. ਏਂਗਲਜ਼ ਦੀ ਰਚਨਾ "ਜਰਮਨੀ ਵਿੱਚ ਇਨਕਲਾਬ ਅਤੇ ਉਲਟ ਇਨਕਲਾਬ' ਵਿੱਚੋਂ। ਭਗਤ ਸਿੰਘ ਨੇ ਇਹ ਹਵਾਲਾ (ਟੂਕ) ਮੂਲ ਰਚਨਾ ਵਿੱਚੋਂ ਨਹੀਂ ਬਲਕਿ ਇਹ ਹੋਰ ਪੁਸਤਕ ਵਿੱਚੋਂ ਲਈ ਸੀ ਅਤੇ ਇਸ ਲਈ ਉਹ ਇਸ ਭੁਲੇਖੇ ਵਿੱਚ ਰਹੇ ਕਿ ਉਹ ਮਾਰਕਸ ਦਾ ਹਵਾਲਾ ਦੇ ਰਹੇ ਹਨ।*

ਨੋਟ ਬੁੱਕ ਵਿੱਚ ਅਗਲੀ ਲਿਖਾਵਟ ਪੰ.ਸੰ. 273 ਉੱਤੇ ਹੈ। ਪੰ. 194 ਤੋਂ ਪੰ. 272 ਤੱਕ ਕੋਰੇ ਹਨ। ਪਿੱਛੇ ਵੀ ਅਜਿਹਾ ਹੀ ਕੋਰੇ ਪੰਨੇ ਜਾਂ ਅੰਤਰਾਲ ਆਏ ਹਨ।

ਹੋ ਸਕਦਾ ਹੈ ਕਿ ਭਗਤ ਸਿੰਘ ਨੇ ਆਪਣੀ 404 ਪੰਨਿਆਂ ਦੀ ਨੋਟ ਬੁੱਕ ਵਿੱਚ ਆਪਣੇ ਅਧਿਐਨ ਦੇ ਵਿਭਿੰਨ ਵਿਸ਼ਿਆਂ ਦੇ ਮੁਤਾਬਿਕ ਅਲੱਗ-ਅਲੱਗ ਹਿੱਸੇ ਨਿਰਧਾਰਤ ਕੀਤੇ ਹੋਣ। ਇੱਥੇ ਖਤਮ ਹੋਏ ਹਿੱਸੇ ਵਿੱਚ ਪੰ. 165 ਤੋਂ 193 ਤੱਕ ਉਹਨਾਂ ਦੇ ਨੋਟ ਰਾਜ ਦੇ ਵਿਗਿਆਨ ਉੱਪਰ ਸੁਤੰਤਰਤਾ ਅਤੇ ਖੁਦਮੁਖਤਿਆਰੀ ਦੀਆਂ ਅਵਧਾਰਣਾਵਾਂ ਅਤੇ ਉਹਨਾਂ ਦੇ ਵਿਕਾਸ ਬਾਰੇ ਅਤੇ ਉਹਨਾਂ ਦੀ ਨਿਰੰਤਰਤਾ ਵਿੱਚ ਫਰਾਂਸੀਸੀ ਇਨਕਲਾਬ ਅਤੇ ਸੋਵੀਅਤ ਪ੍ਰਯੋਗ ਉੱਤੇ ਕੇਂਦਰਿਤ ਰਹੇ। ਅਗਲੇ ਹਿੱਸੇ ਵਿੱਚ ਵਿਭਿੰਨ ਕਾਨੂੰਨੀ ਵਿਸ਼ਿਆਂ ਬਾਰੇ ਉਹਨਾਂ ਦੀਆਂ ਟਿੱਪਣੀਆਂ ਅਤੇ ਪੁਸਤਕਾਂ ਦੀਆਂ ਟੂੱਕਾਂ ਦਰਜ ਹਨ। ਪਰੰਤੂ ਇਹਨਾਂ ਸਭ ਵਿੱਚ ਇੱਕ ਆਮ ਸੂਤਰ ਇਹ ਹੈ ਕਿ ਜ਼ਿਆਦਾਤਰ ਤਤਕਾਲੀਨ ਭਾਰਤੀ ਪਰਸਥਿਤੀਆਂ ਅਤੇ ਹੋਰ ਸੰਬੰਧਿਤ ਮੁੱਦਿਆਂ ਦੇ ਸੰਬੰਧੀ ਹਨ। – ਸੰ.

ਪੰਨਾ 273 (130)*

"... ਕੀ ਤੁਸੀਂ ਚਾਹੁੰਦੇ ਹੋ ਕਿ ਵਿਧਾਨ ਪਰੀਸ਼ਦਾਂ ਦਾ ਹੋਰ ਵਿਸਤਾਰ ਹੋਵੇ ? ਕੀ ਤੁਸੀਂ ਚਾਹੁੰਦੇ ਹੋ ਕਿ ਕੁਝ ਕੁ ਭਾਰਤੀ ਤੁਹਾਡੇ ਪ੍ਰਤੀਨਿਧੀਆਂ ਦੇ ਰੂਪ ਵਿੱਚ ਹਾਊਸ ਆਫ਼ ਕਾਮਨਜ਼ ਵਿੱਚ ਜਾ ਕੇ ਬੈਠਣ ? ਕੀ ਤੁਸੀਂ ਚਾਹੁੰਦੇ ਹੋ ਕਿ ਭਾਰਤੀਆਂ ਦੀ ਇੱਕ ਵੱਡੀ ਗਿਣਤੀ ਸਿਵਿਲ ਸਰਵਿਸ ਵਿੱਚ ਭਰਤੀ ਹੋ ਜਾਵੇ ? ਤਾਂ ਆਓ ਵੇਖੀਏ ਕਿ 50,100,200, ਜਾਂ 300 (ਭਾਰਤੀ-ਸੰ.) ਸਿਵਲੀਅਨ ਭਰਤੀ ਹੋ ਜਾਣ ਨਾਲ, ਸਰਕਾਰ ਸਾਡੀ ਹੋ ਜਾਊਗੀ। ਭਲੇ ਹੀ ਪੂਰੀ ਦੀ ਪੂਰੀ ਸਿਵਲ ਸਰਵਿਸ ਭਾਰਤੀਆਂ ਦੀ ਬਣ ਜਾਵੇ, ਪਰੰਤੂ ਸਿਵਲ ਸਰਵੈਂਟਸ ਨੂੰ ਤਾਂ ਸਿਰਫ਼ ਹੁਕਮ ਦੀ ਹੀ ਤਾਮੀਲ ਕਰਨੀ ਹੋਵੇਗੀ – ਉਹ ਕੋਈ ਹੁਕਮ ਨਹੀਂ ਦੇ ਸਕਦੇ, ਕੋਈ ਨੀਤੀ ਨਹੀਂ ਨਿਰਧਾਰਤ ਕਰ ਸਕਦੇ। ਇਕ ਮੁਰਗਾ ਸਵੇਰਾ ਨਹੀਂ ਲਿਆਉਂਦਾ। ਬ੍ਰਿਟਿਸ਼ ਸਰਕਾਰ ਦੀ ਸੇਵਾ ਵਿੱਚ ਇਕ ਸਿਵਲੀਅਨ, 100 ਸਿਵਲੀਅਨ ਜਾਂ 1000 ਸਿਵਲੀਅਨ ਭਰਤੀ ਹੋ ਕੇ ਸਰਕਾਰ ਨੂੰ ਭਾਰਤੀ ਨਹੀਂ ਬਣਾ ਸਕਦੇ। ਜੋ ਪਰੰਪਰਾਵਾਂ ਹਨ, ਕਾਨੂੰਨ ਹਨ, ਨੀਤੀਆਂ ਹਨ, ਉਹਨਾਂ ਦੀ ਜੀ ਹਜ਼ੂਰੀ ਤਾਂ ਹਰ ਸਿਵਲੀਅਨ ਨੂੰ ਕਰਨੀ ਹੀ ਪਵੇਗੀ, ਚਾਹੇ ਉਹ ਕਾਲਾ ਹੋਵੇ, ਭੂਰਾ ਹੋਵੇ, ਗੋਰਾ ਹੋਵੇ ਅਤੇ ਜਦੋਂ ਤੱਕ ਇਹ ਪਰੰਪਰਾਵਾਂ ਨਹੀਂ ਬਦਲ ਜਾਂਦੀਆਂ, ਜਦੋਂ ਤੱਕ ਇਹਨਾਂ ਦੇ ਸਿਧਾਤਾਂ ਵਿੱਚ ਰੱਦੋ ਬਦਲ ਨਹੀਂ ਕੀਤਾ ਜਾਂਦਾ, ਅਤੇ ਜਦੋਂ ਤੱਕ ਇਹਨਾਂ ਨੀਤੀਆਂ ਵਿੱਚ ਮੁੱਢੋਂ-ਸੁੱਢੋਂ ਤਬਦੀਲੀ ਨਹੀਂ ਕੀਤੀ ਜਾਂਦੀ, ਉਦੋਂ ਤੱਕ ਯੂਰਪੀਨਾਂ ਦੇ ਥਾਂ ਤੇ ਭਾਰਤੀਆਂ ਦੀ ਭਰਤੀ ਕਰ ਦੇਣ ਮਾਤਰ ਨਾਲ ਹੀ ਇਸ ਦੇਸ਼ ਵਿੱਚ ਆਪਣੀ ਸਰਕਾਰ ਨਹੀਂ ਕਾਇਮ ਹੋ ਸਕਦੀ।

*ਨੋਟ ਬੁੱਕ ਪੰਨਾ 194 ਤੋਂ ਨੋਟ ਬੁੱਕ ਪੰਨਾ 272 ਤੱਕ ਖਾਲੀ ਹੈ, ਅਤੇ ਨੋਟ ਬੁੱਕ ਪੰਨਾ 273 ਲਿਖੇ ਹੋਏ ਪੰਨਿਆਂ ਦੇ ਕ੍ਰਮ ਵਿੱਚ (130) ਉੱਤੇ ਹੈ।*

ਜੇਕਰ ਅੱਜ ਸਰਕਾਰ ਮੈਨੂੰ ਆ ਕੇ ਆਖੇ ਕਿ, "ਸਵਰਾਜ ਲਵੋ" ਤਾਂ ਮੈਂ ਇਸ ਤੋਹਫੇ ਦੇ ਵਾਸਤੇ ਧੰਨਵਾਦ ਤਾਂ ਕਰ ਦੇਵਾਂਗਾ, ਪਰ ਉਸ ਚੀਜ਼ ਨੂੰ ਸਵੀਕਾਰ ਨਹੀਂ ਕਰਾਂਗਾ ਜਿਸਨੂੰ ਮੈਂ ਖੁਦ ਆਪਣੇ ਹੱਥਾਂ ਨਾਲ ਪੈਦਾ ਨਹੀਂ ਕੀਤਾ ਹੈ......।

"ਕੋਈ ਵੀ ਸੱਤਾ ਜੋ ਸਾਡੇ ਵਿਰੁੱਧ ਜਾਂਦੀ ਹੈ, ਉਸਨੂੰ ਅਸੀਂ ਜ਼ਬਰਦਸਤੀ ਆਪਣੀ ਮਰਜ਼ੀ ਦੇ ਮੂਹਰੇ ਝੁਕਣ ਦੇ ਲਈ ਮਜ਼ਬੂਰ ਕਰਾਂਗੇ।

"... ਬੁਨਿਆਦੀ ਚੀਜ਼ ਸਰਕਾਰ ਦੀ ਗਰਿਮਾ (ਗੌਰਵ) ਹੈ। **{ਪੰਨਾ 274 (131)}**

ਕੀ ਸਾਮਰਾਜ ਦੇ ਅੰਦਰ ਸਵੈ ਸ਼ਾਸ਼ਨ ਦਾ ਹੋਣਾ ਵਾਸਤਵ ਵਿੱਚ ਇੱਕ ਵਿਵਹਾਰਕ ਆਦਰਸ਼ ਹੋ ਸਕਦਾ ਹੈ ? ਇਸਦਾ ਮਤਲਬ ਕੀ ਹੋਊਗਾ ? ਇਸਦਾ ਮਤਲਬ ਜਾਂ ਤਾਂ ਸਾਡਾ ਕੋਈ ਸਵੈ-ਸ਼ਾਸ਼ਨ ਨਹੀਂ ਹੋਵੇਗਾ, ਜਾਂ ਇੰਗਲੈਂਡ ਦਾ ਸਾਡੇ ਉੱਤੇ ਕੋਈ ਵਾਸਤਵਿਕ ਸਰਦਾਰੀ ਨਹੀਂ ਹੋਵੇਗਾ। ਕੀ ਅਸੀਂ ਸਵੈ ਸ਼ਾਸ਼ਨ ਦੀ ਸਿਰਫ਼ ਪ੍ਰਛਾਈਂ ਦੇ ਨਾਲ ਹੀ ਸੰਤੁਸ਼ਟ ਹੋ ਜਾਵਾਂਗੇ ? ਜੇਕਰ ਨਹੀਂ ਤਾਂ ਇੰਗਲੈਂਡ ਸਾਡੇ ਉੱਤੇ ਆਪਣੀ ਸਿਰਫ਼ ਹੱਥ ਠੋਕਾ ਸਰਕਾਰ ਨਾਲ ਹੀ ਸੰਤੁਸ਼ਟ ਹੋ ਲਵੇਗਾ ? ਦੋਵਾਂ ਹੀ ਹਾਲਤਾਂ ਵਿੱਚ, ਇੰਗਲੈਂਡ ਇੱਕ ਹੱਥ ਠੋਕਾ ਸਰਦਾਰੀ ਭਰ ਨਾਲ ਹੀ ਸੰਤੁਸ਼ਟ ਨਹੀਂ ਹੋ ਸਕਦਾ, ਅਤੇ ਅਸੀਂ ਵੀ ਸਿਰਫ਼ ਹੱਥ-ਠੋਕਾ ਸਵਰਾਜ (ਕਠਪੁਤਲੀ ਸਵੈ ਸ਼ਾਸ਼ਨ) ਨਾਲ ਸੰਤੁਸ਼ਟ ਹੋਣ ਤੋਂ ਇਨਕਾਰ ਕਰਦੇ ਹਾਂ ਅਤੇ ਇਸ ਵਾਸਤੇ ਭਾਰਤ ਵਿੱਚ ਸਵੈਰਾਜ ਅਤੇ ਇੰਗਲੈਂਡ ਦੀ ਉਸ ਉੱਤੇ ਸਰਦਾਰੀ ਦੇ ਵਿਚਕਾਰ ਅਜਿਹੀਆਂ ਪਰਸਥਿਤੀਆਂ ਵਿੱਚ ਕੋਈ ਸਮਝੌਤਾ ਸੰਭਵ ਨਹੀਂ ਹੈ। ਜੇਕਰ ਸਵਰਾਜ-ਵਾਸਤਵਿਕ ਹੋਵੇ, ਤਾਂ ਸਿਰਫ਼ ਭਾਰਤ ਵਿੱਚ ਹੀ ਨਹੀਂ, ਬਲਕਿ ਖੁਦ ਬ੍ਰਿਟਿਸ਼ ਸਾਮਰਾਜ ਦੇ ਅੰਦਰ ਇੰਗਲੈਂਡ ਦੀ ਸਥਿਤੀ ਕੀ ਹੋਵੇਗੀ ? ਸਵਰਾਜ ਦਾ ਮਤਲਬ ਹੈ ਖੁਦ ਟੈਕਸ ਲਾਉਣ ਦਾ ਅਧਿਕਾਰ, ਇਸਦਾ ਮਤਲਬ ਹੈ ਆਪਣਾ ਕੰਟਰੋਲ, ਇਸਦਾ ਮਤਲਬ ਹੈ ਆਪਣੇ ਲੋਕਾਂ ਨੂੰ ਬਦੇਸ਼ੀ ਨਿਰਯਾਤਾਂ ਉੱਤੇ ਰੱਖਿਆਤਮਕ ਅਤੇ ਨਿਸ਼ੇਧਾਤਮਕ ਚੁੰਗੀ ਲਾਉਣ ਦਾ ਅਧਿਕਾਰ। ਜਿਸ ਪਲ ਸਾਨੂੰ ਖੁਦ ਟੈਕਸ ਲਾਉਣ ਦਾ ਹੱਕ ਮਿਲ ਜਾਊਗਾ, ਉਸ ਸਮੇਂ ਅਸੀਂ ਕੀ ਕਰਾਂਗੇ ? ਫੇਰ ਅਸੀਂ ਉਦਯੋਗਿਕ ਬਾਈਕਾਟ ਦੇ ਇਸ ਕਠਨ ਕੰਮ ਵਿੱਚ ਲੱਗਣ ਦੀ ਕੋਸ਼ਿਸ਼ ਨਹੀਂ ਕਰਾਂਗੇ। ਬਲਕਿ ਉਹੋ ਹੀ ਕਰਾਂਗੇ ਜੋ ਹਰ ਇੱਕ ਰਾਸ਼ਟਰ (ਦੇਸ਼) ਕਰਦਾ ਆਇਆ ਹੈ। ਅੱਜ ਅਸੀਂ ਜਿਹਨਾਂ ਪਰਸਥਿਤੀਆਂ ਵਿੱਚ ਜਿਉਂ ਰਹੇ ਹਾਂ, ਉਹਨਾਂ ਦੇ ਮੱਦੇ ਨਜ਼ਰ ਅਸੀਂ ਮਾਨਚੈਸਟਰ ਤੋਂ ਆਉਣ ਵਾਲੇ ਕੱਪੜੇ ਦੇ ਇੱਕ-ਇੱਕ ਇੰਚ ਉੱਤੇ ਅਤੇ ਲੀਡਰਸ ਤੋਂ ਆਉਣ ਵਾਲੀ ਇੱਕ-ਇੱਕ ਬਲੇਡ ਜਾਂ ਛੁਰੀ (ਚਾਕੂ-ਕਰਦ) ਉੱਤੇ, ਭਾਰੀ ਨਿਸ਼ੇਧਾਤਮਕ ਅਤੇ ਸੁਰੱਖਿਆਤਮਕ ਚੁੰਗੀ ਲਾ ਦੇਵਾਂਗੇ। ਅਸੀਂ ਆਪਣੇ ਦੇਸ਼ ਵਿੱਚ ਇੱਕ ਵੀ ਅੰਗਰੇਜ਼ ਨੂੰ ਵੜਨ ਦੀ ਇਜ਼ਾਜ਼ਤ ਨਹੀਂ ਦੇਵਾਂਗੇ। ਅੱਜ ਜਿਸ ਤਰ੍ਹਾਂ ਬਰਤਾਨਵੀ ਪੂੰਜੀ ਭਾਰਤੀ ਸੰਸਾਧਨਾਂ ਦੇ ਵਿਕਾਸ ਦੇ ਨਾਂ ਤੇ ਇੱਥੇ ਲੱਗੀ ਹੋਈ ਹੈ, ਉਸਦੀ ਅਸੀਂ ਹਰਗਿਜ਼ ਆਗਿਆ ਨਹੀਂ ਦੇਵਾਂਗੇ। ਅਸੀਂ ਬਰਤਾਨਵੀ ਪੂੰਜੀਪਤੀਆਂ ਨੂੰ ਦੇਸ਼ ਦੀ ਖਣਿਜ ਸੰਪਦਾ ਦੀ ਖੁਦਾਈ ਕਰਨ ਅਤੇ ਉਸਨੂੰ ਆਪਣੇ ਦੇਸ਼ ਵਿੱਚ ਚੁੱਕ ਕੇ ਲੈ ਜਾਣ ਦਾ ਕੋਈ ਅਧਿਕਾਰ ਨਹੀਂ ਦੇਵਾਂਗੇ। **{ਪੰਨਾ 275 (132)}**

ਸਾਨੂੰ ਬਦੇਸ਼ੀ ਪੂੰਜੀ (ਸਰਮਾਏ) ਦੀ ਲੋੜ ਹੋਊਗੀ। ਪਰ ਇਸਦੇ ਵਾਸਤੇ ਅਸੀਂ ਪੂਰੀ ਦੁਨੀਆ ਦੇ ਖੁੱਲੇ ਬਾਜ਼ਾਰਾਂ ਵਿੱਚ ਬਦੇਸ਼ੀ ਕਰਜ਼ਾ ਲੈਣ ਦੀ ਦਰਖਾਸਤ ਕਰਾਂਗੇ, ਅਤੇ ਕਰਜ਼ੇ ਦੀ ਵਾਪਸੀ ਦੇ ਲਈ ਭਾਰਤੀ ਸਰਕਾਰ, ਭਾਰਤੀ ਰਾਸ਼ਟਰ ਦੀ ਪ੍ਰਮਾਣਿਕਤਾ ਦੀ ਗਰੰਟੀ

ਦੇਵਾਂਗੇ ਅਤੇ ਅੱਜ ਜਿਸ ਤਰ੍ਹਾਂ ਨਾਲ ਇੰਗਲੈਂਡ ਦੇ ਵਪਾਰਕ ਸਵਾਰਥ ਪੂਰੇ ਹੋ ਰਹੇ ਹਨ, ਪਰ, ਲੋਕਾਂ ਦੇ ਸਵਰਾਜ ਦੀ ਹਾਲਤ ਵਿੱਚ ਇਹ ਨਹੀਂ ਪੂਰੇ ਹੋਣਗੇ, ਭਲੇ ਹੀ ਇਹ ਸਰਕਾਰ ਸਾਮਰਾਜ ਦੇ ਅਧੀਨ ਹੀ ਕਿਉਂ ਨਾ ਰਹੇ। ਪਰੰਤੂ ਸਾਮਰਾਜ ਦੇ ਅੰਦਰ ਇਸਦਾ ਕੀ ਮਤਲਬ ਹੋਵੇਗਾ ? ਇਸਦਾ ਮਤਲਬ ਇਹ ਹੋਊਗਾ ਕਿ ਇੰਗਲੈਂਡ ਨੂੰ ਚੁੰਗੀ ਸੰਬੰਧੀ ਕੁੱਝ ਤਰਜੀਹ ਪ੍ਰਾਪਤ ਕਰਨ ਦੇ ਵਾਸਤੇ ਸਾਡੇ ਨਾਲ ਕੁੱਝ ਇਕਰਾਰ ਕਰਨ ਵਾਸਤੇ ਮਜ਼ਬੂਰ ਹੋਣਾ ਪਵੇਗਾ। ਜੇ ਇੰਗਲੈਂਡ ਭਾਰਤ ਵਿੱਚ ਸਾਡੇ ਬਾਜ਼ਾਰਾਂ ਵਿੱਚ ਪ੍ਰਵੇਸ਼ ਦੀ ਖੁੱਲ੍ਹੀ ਛੁੱਟੀ ਚਾਹੂਗਾ, ਤਾਂ ਉਸਨੂੰ ਸਾਡੇ ਵੱਲੋਂ ਰੱਖੀਆਂ ਗਈਆਂ ਸ਼ਰਤਾਂ ਦੇ ਤਹਿਤ ਹੀ ਆਉਣਾ ਹੋਊਗਾ, ਅਤੇ ਇੱਕ ਅਰਸੇ ਦੇ ਬਾਦ ਜਦੋਂ ਅਸੀਂ ਆਪਣੇ ਸੰਸਾਧਨਾਂ ਦਾ ਵਿਕਾਸ ਕਰ ਲਵਾਂਗੇ ਅਤੇ ਆਪਣੇ ਉਦਯੋਗਿਕ ਖੇਤਰ ਨੂੰ ਸਵੈ ਨਿਰਭਰ ਕਰ ਲਵਾਂਗੇ, ਤਾਂ ਅਸੀਂ ਸਿਰਫ਼ ਇੰਗਲੈਂਡ ਦੇ ਵਾਸਤੇ ਹੀ ਨਹੀਂ, ਸਗੋਂ ਬਰਤਾਨਵੀ ਸਾਮਰਾਜ ਦੇ ਹਰ ਇੱਕ ਹਿੱਸੇ ਦੇ ਵਾਸਤੇ ਆਪਣਾ ਦਰਵਾਜ਼ਾ ਖੋਹਲ ਦੇਵਾਂਗੇ ਅਤੇ ਕੀ ਤੁਸੀਂ ਸਮਝਦੇ ਹੋ ਕਿ ਇੰਗਲੈਂਡ ਵਰਗਾ ਮੁੱਠੀ ਭਰ ਆਬਾਦੀ ਵਾਲਾ ਇੱਕ ਛੋਟਾ ਜਿਹਾ ਦੇਸ਼, ਭਾਰਤ ਵਰਗੇ ਪ੍ਰਕਿਰਤਕ ਸੰਸਾਧਨਾਂ ਨਾਲ ਭਰਪੂਰ ਦੇਸ਼ ਦੇ ਨਾਲ ਮੁਕਾਬਲਾ ਕਰ ਸਕੂਗਾ, ਜਿਸਦੇ ਕੋਲੇ ਐਨੀ ਵੱਡੀ ਆਬਾਦੀ ਹੈ ਜੋ ਦੁਨੀਆ ਦੇ ਕਿਸੇ ਵੀ ਭਾਗ ਵਿੱਚ ਸਭ ਤੋਂ ਸਾਊ ਅਤੇ ਸੰਜ਼ਮੀ ਸਮਝੀ ਜਾਂਦੀ ਹੈ ?

ਜੇਕਰ ਸਾਮਰਾਜ ਦੇ ਅੰਦਰ ਸੱਚਮੁੱਚ ਸਾਡੀ ਆਪਣੀ ਸਰਕਾਰ ਬਣ ਜਾਵੇ, ਜੇਕਰ 30 ਕਰੋੜ ਲੋਕਾਂ ਨੂੰ ਉਹੀ ਸੁਤੰਤਰਤਾ ਮਿਲ ਜਾਵੇ ਜੋ ਸਾਮਰਾਜ ਨੂੰ ਹਾਸਿਲ ਹੈ, ਫੇਰ ਤਾਂ ਬਰਤਾਨਵੀ ਸਾਮਰਾਜ ਰਹਿ ਹੀ ਨਹੀਂ ਜਾਊਗਾ। ਭਾਰਤੀ ਸਾਮਰਾਜ ਬਣ ਜਾਊਗਾ---।"

*ਬਿ.ਚ. ਪਾਲ* [1]
*ਨਿਊ ਸਪਿਰਿਟ, 1907 ਵਿੱਚੋਂ*

ਪੰਨਾ 276 (133)

**ਹਿੰਦੂ ਸੱਭਿਅਤਾ :**

ਸਾਨੂੰ ਇਸ ਤਰ੍ਹਾਂ ਲੱਗ ਸਕਦਾ ਹੈ ਕਿ ਆਪਣੇ ਕਈ ਪਹਿਲੂਆਂ ਦੀ ਦ੍ਰਿਸ਼ਟੀ ਤੋਂ ਇਹ ਇੱਕ ਅਜਿਹਾ ਲਗਭਗ ਕਲਪਨਾ ਬਾਹਰੀ ਸਮੂਹ ਹੈ ਜਿਸ ਵਿੱਚ ਇੱਕ ਪਾਸੇ ਅਧਿਆਤਮਵਾਦੀ ਵਿਚਾਰਵਾਦ ਹੈ ਤਾਂ ਦੂਜੇ ਪਾਸੇ ਸਥੂਲ ਭੌਤਿਕਵਾਦ ਵੀ ਹੈ, ਇੱਕ ਪਾਸੇ ਇੰਦਰਿਆਈ ਤਿਆਗ ਤੇ ਦੂਜੇ ਪਾਸੇ ਇੰਦਰਿਆਈ ਮੋਹ ਇੱਕ ਪਾਸੇ ਇਹ ਮਾਨਵੀ ਆਤਮਾ ਨੂੰ ਪਸ਼ੂਵਤ ਆਤਮਾ ਦੇ ਨਾਲ ਏਕਾਕਾਰ ਕਰਨ ਦਾ ਗੌਰਵਮਈ (ਘਮੰਡੀ) ਦਾਵਾ ਕਰਦਾ ਹੈ ਅਤੇ ਮਨੁੱਖ ਨੂੰ ਦੈਵੀਅਤਾ ਵਿੱਚ ਅਤੇ ਦੈਵੀਅਤਾ ਨੂੰ ਮਨੁੱਖ ਵਿੱਚ ਸਮਾਨਿਤ ਕਰਦਾ ਹੈ, ਤਾਂ ਦੂਜੇ ਪਾਸੇ ਇਹ ਹਤਾਸ਼ ਕਰ ਦੇਣ ਵਾਲਾ ਨਿਰਾਸ਼ਾਵਾਦ ਵੀ ਹੈ ਜਿਸਦੇ ਤਹਿਤ ਇਹ

*1. ਬਿਪਨ ਚੰਦਰ ਪਾਲ (1858-1932) : ਸੁਤੰਤਰਤਾ ਸੰਗਰਾਮ ਦੇ ਦੌਰਾਨ ਬੰਗਾਲ ਵਿੱਚ ਅਤੇ ਸਵਦੇਸ਼ੀ ਤੇ ਬਦੇਸ਼ੀ ਵਸਤੂਆਂ ਦੇ ਬਾਈਕਾਟ ਅੰਦੋਲਨਾਂ ਦਾ ਪ੍ਰਮੁੱਖ ਆਗੂ, ਬਾਲ ਗੰਗਾਧਰ ਤਿਲਕ, ਲਾਲ ਲਾਜਪਤ ਰਾਏ ਅਤੇ ਬਿਪਨ ਚੰਦਰ ਪਾਲ ਯਾਨੀ 'ਲਾਲ-ਬਾਲ-ਪਾਲ' ਦੀ ਤਿੱਕੜੀ ਨੇ ਕਾਂਗਰਸ ਵਿੱਚ 'ਗਰਮ ਦਲ' ਦੀ ਅਗਵਾਈ ਕੀਤੀ। ਪਾਲ ਨੇ ਕਈ ਅਖਬਾਰਾਂ ਜਿਵੇਂ ਨਿਊ ਇੰਡੀਆ, ਵੰਦੇ ਮਾਤਰਮ, ਸਵਰਾਜ, ਦਾ ਇੰਡੀਪੇਂਡੈਂਟ ਅਤੇ ਨਿਊ ਸਪਿਰਟ ਦਾ ਸੰਪਾਦਨ ਕੀਤਾ।*

ਉਪਦੇਸ਼ ਦਿੰਦਾ ਹੈ ਕਿ ਜੀਵਨ ਆਪਣੇ ਆਪ ਵਿੱਚ, ਦੁਖਦਾਈ ਅਨੁਭਵ ਦੇ ਇਲਾਵਾ ਹੋਰ ਕੁੱਝ ਵੀ ਨਹੀਂ ਹੈ ਅਤੇ ਕਿ ਇਸਤੋਂ ਮੁਕਤੀ ਦਾ ਅਤੇ ਸਾਰੀਆਂ ਬੁਰਾਈਆਂ ਦਾ ਅੰਤ ਦਾ, ਇੱਕ ਮਾਤਰ ਉਪਾਅ ਅਸਤਿੱਤਵਹੀਣ ਹੋ ਜਾਣ ਵਿੱਚ ਹੀ ਹੈ।"

*ਸ਼ਿਰੋਲ ਪੰ. 26*
*ਇੰਡੀਅਨ ਅਨਰੈਸਟ* [1]

-------o-------

**ਵਿੱਦਿਅਕ ਨੀਤੀ :**

ਭਾਰਤ ਵਿੱਚ ਪੱਛਮੀ ਵਿੱਦਿਆ ਨੂੰ ਚਾਲੂ ਕਰਨ ਦਾ ਮੂਲ ਮੰਤਵ ਨੌਜਵਾਨ ਭਾਰਤੀਆਂ ਦੀ ਇੱਕ ਅੱਛੀ-ਖਾਸੀ ਸੰਖਿਆ ਨੂੰ ਸਿੱਖਿਅਤ (ਟਰੇਂਡ) ਕਰਨਾ ਸੀ, ਤਾਂ ਕਿ ਸਰਕਾਰੀ ਦਫ਼ਤਰਾਂ ਵਿੱਚ ਮੁਤੈਹਤ ਅਹੁਦਿਆ ਨੂੰ ਅੰਗਰੇਜ਼ੀ ਬੋਲਣ ਵਾਲੇ ਦੇਸੀ ਲੋਕਾਂ ਨਾਲ ਭਰਿਆ ਜਾ ਸਕੇ।

*ਪੰ. 34* [2]

ਪੰਨਾ 277 (134)

ਬਰਤਾਨਵੀ ਨੌਕਰਸ਼ਾਹੀ ਦੇ ਅੱਤਿਆਚਾਰ ਦੇ ਖਿਲਾਫ਼ ਆਪਣੇ ਆਪ ਨੂੰ ਰਾਜਨੀਤਕ ਅੰਦੋਲਨ ਵਿੱਚ ਝੋਕ ਦੇਣ ਵਾਲੇ ਕਿੰਨੇ ਪੱਛਮੀ ਵਿੱਦਿਆ ਪ੍ਰਾਪਤ ਭਾਰਤੀਆਂ ਨੇ ਆਪਣੇ ਦੇਸ਼ਵਾਸੀਆਂ ਨੂੰ ਉਹਨਾਂ ਦੀਆਂ ਸਮਾਜਕ ਬੁਰਾਈਆਂ ਦੀ ਕਰੂਰਤਾ ਤੋਂ ਮੁਕਤ ਕਰਨ ਦੇ ਵਾਸਤੇ ਕਦੇ ਉਂਗਲੀ ਉਠਾਈ ਹੈ ? ਉਹਨਾਂ ਵਿੱਚੋਂ ਕਿੰਨੇ ਕੁ ਅਜਿਹੇ ਹਨ ਜੋ ਖੁਦ ਇਸਤੋਂ ਮੁਕਤ ਹਨ, ਜਾਂ ਜੇ ਮੁਕਤ ਵੀ ਹਨ, ਤਾਂ ਕੀ ਉਹਨਾਂ ਵਿੱਚ ਆਪਣੀ ਸੋਚ ਦੇ ਅਨੁਸਾਰ ਆਚਰਣ ਕਰਨ ਦਾ ਹੌਸਲਾ ਵੀ ਹੈ ?

*- ਇੰਡੀਆ ਓਲਡ ਐਂਡ ਨਿਊ, ਪੰ. 107* [3]

ਪੰਨਾ 278 (135)

**ਕਿਸੇ ਭਾਰਤੀ ਸੰਸਦ ਦੀ ਕਲਪਨਾ ਕਰਨਾ ਮੁਸ਼ਕਲ ਹੈ !**

ਭਾਰਤੀ ਰਾਸ਼ਟਰੀ ਕਾਂਗਰਸ ਲਗਭਗ ਸ਼ੁਰੂ ਤੋਂ ਹੀ ਇੱਕ ਸੰਸਦ ਦੀ ਕਾਰਜ ਸ਼ੈਲੀ ਅਪਣਾ ਚੁੱਕੀ ਸੀ। ਪਰੰਤੂ ਭਾਰਤ ਵਿੱਚ ਸੰਸਦ ਦੀ ਨਾ ਤਾਂ ਕੋਈ ਗੁੰਜਾਇਸ਼ ਸੀ, ਅਤੇ ਨਾ

*1. ਸਰ ਵੈਲੇਂਟਾਈਨ ਸ਼ਿਰੋਲ (1858-1929) : ਇੱਕ ਪ੍ਰਸਿੱਧ ਬਰਤਾਨਵੀ ਪੱਤਰਕਾਰ, ਜਿਸਨੇ ਭਾਰਤ ਦਾ 17 ਵਾਰੀ ਦੌਰਾ ਕੀਤਾ, ਉਸਨੇ ਭਾਰਤ ਸੰਬੰਧੀ ਦੋ ਪ੍ਰਮੁੱਖ ਕਿਤਾਬਾਂ ਲਿਖੀਆਂ ; ਇੰਡੀਅਨ ਅਨਰੈਸਟ ਅਤੇ ਇੰਡੀਆ : ਓਲਡ ਐਂਡ ਨਿਊ। ਉਹ 1890 ਤੋਂ 1912 ਤੱਕ ਲੰਡਨ ਦੇ 'ਟਾਈਮਜ਼' ਅਖ਼ਬਾਰ ਦੇ ਵਿਦੇਸ਼ ਵਿਭਾਗ ਦਾ ਇੰਚਾਰਜ ਸੀ ਅਤੇ 1912 ਤੋਂ 1914 ਤੱਕ ਭਾਰਤੀ ਲੋਕ ਸੇਵਾ ਆਯੋਗ ਦਾ ਮੈਂਬਰ ਵੀ ਰਿਹਾ।*

*2. ਇੰਡੀਅਨ ਅਨਰੈਸਟ ਵਿੱਚੋਂ*

*3. ਸਿਰੋਲ ਦੀ ਪੁਸਤਕ*

ਹੈ, ਕਾਰਣ ਕਿ ਜਦੋਂ ਜਦੋਂ ਤੱਕ ਬਰਤਾਨਵੀ ਸਾਸ਼ਨ ਇੱਕ ਹਕੀਕਤ ਬਣਿਆ ਰਹੂਗਾ, ਉਦੋਂ ਤੱਕ ਭਾਰਤ ਸਰਕਾਰ, ਜਿਵੇਂ ਕਿ ਲਾਰਡ ਮੋਸਲੀ ਨੇ ਸਾਫ਼ ਤੌਰ ਤੇ ਕਿਹਾ ਹੈ, ਇੱਕ ਨਿਰੰਕੁਸ਼ ਤੰਤਰ ਹੀ ਹੋ ਸਕਦਾ ਹੈ – ਜੋ ਭਲੇ ਹੀ ਕਲਿਆਣਕਾਰੀ ਹੋਵੇ ਅਤੇ ਭਾਰਤੀ ਵਿਚਾਰਾਂ ਦੇ ਨਾਲ ਪੂਰੀ ਹਮਦਰਦੀ ਰੱਖੇ, ਫੇਰ ਵੀ ਇਹ ਤਾਨਾਸ਼ਾਹ ਹੀ ਹੋਵੇਗਾ।

*154, ਅਨਰੈਸਟ*[1]

-------o-------

**ਕਾਂਗਰਸ ਦਾ ਉਦੇਸ਼ ਜਾਂ ਟੀਚਾ** :

"ਭਾਰਤੀ ਰਾਸ਼ਟਰੀ ਕਾਂਗਰਸ ਦਾ ਉਦੇਸ਼ ਭਾਰਤੀ ਲੋਕਾਂ ਨੂੰ ਸਰਕਾਰ ਦੀ ਇੱਕ ਅਜਿਹੀ ਪ੍ਰਨਾਲੀ ਉਪਲੱਬਧ ਕਰਾਉਣਾ ਹੈ ਜੋ ਠੀਕ ਉਸੇ ਤਰ੍ਹਾਂ ਦੀ ਹੀ ਹੋਵੇ ਜਿਹੋ ਜਿਹੀ ਬਰਤਾਨਵੀ ਸਾਮਰਾਜ ਦੇ ਅੰਤਰਗਤ ਸਵੈ-ਸਾਸ਼ਿਤ ਦੇਸ਼ ਚਲਾ ਰਹੇ ਹਨ। ਜਿਸ ਵਿੱਚ ਉਹ ਸਾਮਰਾਜ ਦੇ ਅਧਿਕਾਰਾਂ ਅਤੇ ਫ਼ਰਜ਼ਾਂ ਵਿੱਚ ਬਰਾਬਰ ਦੇ ਭਾਗੀਦਾਰ ਹੋਣ।"

*ਮਾਲਵੀਆ ਜੀ ਦਾ ਪ੍ਰਧਾਨਗੀ ਭਾਸ਼ਣ 1909*[2]
*(ਕਾਂਗਰਸ ਦਾ ਲਾਹੌਰ ਅਧਿਵੇਸ਼ਨ)*

ਪੰਨਾ 276 (136)

**ਸੁਤੰਤਰ ਭਾਰਤ ਦਾ ਸੰਵਿਧਾਨ**

ਹੋਰ ਕੋਈ ਨਹੀਂ, ਬਲਕਿ ਖੁਦ (ਭਾਰਤ) ਮਾਂ ਹੀ ਇਹ ਤੈਅ ਕਰੂਗੀ ਅਤੇ ਕਰ ਸਕਦੀ ਹੈ ਕਿ ਇੱਕ ਵਾਰੀ ਜਦੋਂ ਉਹ ਆਪਣੀ ਆਜ਼ਾਦੀ ਪ੍ਰਾਪਤ ਕਰ ਲੈਂਦੀ ਹੈ ਅਤੇ ਆਜ਼ਾਦ ਹੋ ਜਾਂਦੀ ਹੈ ਤਾਂ ਇਸ ਇਨਕਲਾਬ (ਕਰਾਂਤੀ) ਦੇ ਸੰਪਨ ਹੋ ਜਾਣ ਦੇ ਬਾਦ ਉਹ ਆਪਣੇ ਜੀਵਨ ਦੇ ਮਾਰਗ ਦਰਸ਼ਨ ਦੇ ਵਾਸਤੇ ਕਿਹੋ ਜਿਹਾ ਸੰਵਿਧਾਨ ਅਪਣਾਏਗੀ...। ਬਿਨਾਂ ਵਿਸਤਾਰ ਵਿੱਚ ਜਾਂਦਿਆ, ਅਸੀਂ ਐਨਾ ਆਖ ਸਕਦੇ ਹਾਂ ਕਿ ਭਾਰਤੀ ਰਾਸ਼ਟਰ ਦੀ ਇੰਮਪੀਰੀਅਲ ਸਰਕਾਰ ਦਾ ਮੁਖੀਆ ਰਾਸ਼ਟਰਪਤੀ ਬਣੂਗਾ ਜਾਂ ਰਾਜਾ, ਇਹ ਉਸ ਉੱਪਰ ਨਿਰਭਰ ਕਰਦਾ ਹੈ ਕਿ ਇਹ ਕਰਾਂਤੀ ਖੁਦ ਨੂੰ ਕਿਵੇਂ ਅੱਗੇ ਵਧਾਉਂਦੀ ਹੈ......। ਮਾਂ ਦਾ ਆਜ਼ਾਦ ਹੋਣਾ, ਉਸਦਾ ਅਖੰਡ ਅਤੇ ਇੱਕ ਹੋਣਾ ਅਤੇ ਉਸਦੀ ਇੱਛਾ ਦਾ ਸਰਵ ਉੱਚ ਰਹਿਣਾ ਜ਼ਰੂਰੀ ਹੈ। ਉਸਦੇ ਬਾਦ ਹੀ ਉਹ ਆਪਣੀ ਇੱਛਾ ਜ਼ਾਹਿਰ ਕਰ ਸਕਦੀ ਹੈ ਕਿ ਉਹ ਆਪਣੇ ਸਿਰ ਉੱਤੇ ਰਾਜਸੀ ਮੁਕਟ ਧਾਰਣ ਕਰੇ ਜਾਂ ਆਪਣੀ ਪਵਿੱਤਰ ਕਾਇਆ ਨੂੰ ਗਣਤਾਂਤਰਿਤ ਲਿਬਾਸ ਨਾਲ ਸਸ਼ੋਭਿਤ ਕਰੇ।

---

*1. ਸਿਰੋਲ ਦੀ ਇੰਡੀਅਨ ਅਨਰੈਸਟ ; ਭਗਤ ਸਿੰਘ ਨੇ ਸਿਰੋਲ ਦੀ ਪੁਸਤਕ ਵਿੱਚੋਂ ਵਿਸਥਾਰਪੂਰਵਕ ਨੋਟਸ ਲਏ ਹਨ। ਖਾਸ ਕਰ ਇਸ ਵਿੱਚ ਦਰਜ਼ ਨੇਤਾਵਾਂ ਦੇ ਭਾਸ਼ਣਾਂ ਅਤੇ ਪਰਚਿਆਂ ਵਿੱਚੋਂ ਇੱਕ ਪਿੱਛੇ ਦਿੱਤਾ ਬਿਪਨ ਚੰਦਰ ਪਾਲ ਦਾ ਲੰਬਾ ਹਵਾਲਾ ਅਤੇ ਅੱਗੇ ਆਇਆ ਮਦਨ ਮੋਹਨ ਮਾਲਵੀਆ ਦਾ ਹਵਾਲਾ ਏਸੇ ਪੁਸਤਕ ਵਿੱਚੋਂ ਲਿਆ ਗਿਆ ਹੈ।*

*2. ਪੰਡਿਤ ਮਦਨ ਮੋਹਨ ਮਾਲਵੀਆ (1861–1946)*

ਪਰ ਮੱਤ ਭੁੱਲੋ ਓਏ ਰਾਜਿਓ ਕਿ ਤੁਹਾਡਿਆਂ ਕਾਰਨਾਮਿਆਂ ਅਤੇ ਕਰਤੂਤਾਂ ਦਾ ਸਖ਼ਤ ਹਿਸਾਬ ਲਿਆ ਜਾਊਗਾ ਅਤੇ ਨਵਾਂ ਜਨਮ ਲਈ ਹੋਈ ਜਨਤਾ ਤੁਹਾਡੇ ਨਾਲ ਤੁਹਾਡੇ ਹੀ ਢੰਗ ਨਾਲ ਹਿਸਾਬ ਚੁਕਤਾ ਕਰਨਾ ਨਹੀਂ ਭੁੱਲੂਗੀ। ਹਰ ਕੋਈ ਜੋ ਲੋਕਾਂ ਦੇ ਨਾਲ ਜਾਣ ਬੁੱਝਕੇ ਵਿਸਵਾਸ਼ਘਾਤ ਕਰੂਗਾ ਆਪਣੇ ਪੁਰਖਿਆਂ ਦਾ ਤਿਰਸਕਾਰ (ਅਪਮਾਨ) ਕਰੂਗਾ ਅਤੇ ਮਾਂ ਦੇ ਖਿਲਾਫ ਜਾ ਕੇ ਆਪਣੇ ਖ਼ੂਨ ਨੂੰ ਗੰਦਾ ਕਰੂਗਾ --- ਉਸਨੂੰ ਕੁਚਲਕੇ ਗਰਦ ਅਤੇ ਧੂੜ ਵਿੱਚ ਮਿਲਾ ਦਿੱਤਾ ਜਾਵੇਗਾ। ਕੀ ਤੁਹਾਨੂੰ ਸਾਡੇ ਇਸ ਕਠੋਰ ਸੰਕਲਪ ਉੱਤੇ ਸ਼ੰਕਾ ਹੈ? ਜੇ ਹੈ, ਤਾਂ ਸੁਣ ਲਵੋ ਨਾਮ ਧੀਂਗੜਾ (ਢੀਂਗਰਾ[1]) ਦਾ ਅਤੇ ਚੁੱਪ ਹੋ ਜਾਵੋ। ਉਸ ਸ਼ਹੀਦ ਦਾ ਨਾਮ ਲੈ ਕੇ ਆਖਦੇ ਹਾਂ ਕਿ ਹੇ ਭਾਰਤੀ ਰਾਜਿਓ, ਇਹਨਾਂ ਸ਼ਬਦਾਂ ਬਾਰੇ ਗੰਭੀਰਤਾ ਅਤੇ ਗਹਿਰਾਈ ਨਾਲ ਸੋਚੋ। ਜਿਵੇਂ ਮਰਜ਼ੀ ਹੋਵੇ ਕਰੋ, ਪਰੰਤੂ ਤੁਸੀਂ ਉਹੀ ਕੱਟੋਗੇ ਜੋ ਬੀਜੋਗੇ। ਚੁਣ ਲਵੋ ਕਿ ਤੁਸੀਂ ਰਾਸ਼ਟਰ ਦੇ ਸੰਸਥਾਪਕਾਂ ਵਿੱਚੋਂ ਪਹਿਲਾ ਬਣੋਗੇ ਜਾਂ ਰਾਸ਼ਟਰ ਦੇ ਅੱਤਿਆਚਾਰੀਆਂ ਵਿੱਚੋਂ ਆਖਰੀ।

*ਪੰ. 196, ਇੰਡੀਅਨ ਅਨਰੈਸਟ*
*"ਤੈਹ ਕਰੋ, ਓਏ ਭਾਰਤੀ ਹੁਕਮਰਾਨੋ"*[2]

-------o-------

**ਅਛੂਤ** :

ਰਾਜਨੀਤਕ ਦ੍ਰਿਸ਼ਟੀਕੋਣ ਤੋਂ ਭਾਰਤੀ ਆਬਾਦੀ ਦੇ ਲੱਖਾਂ ਲੋਕਾਂ ਦਾ ਆਪਣੇ ਸਾਸ਼ਕਾਂ ਦੀ ਆਸਥਾ ਦੇ ਅਨੁਰੂਪ ਧਰਮਾਂਤਰਣ (ਧਰਮ ਬਦਲੀ) ਅਜਿਹੀਆਂ ਸੰਭਾਵਨਾਵਾਂ ਦੇ ਬੂਹੇ ਖੋਹਲ ਦੇਵੇਗਾ ਕਿ ਮੈਂ ਉਹਨਾਂ ਦਾ ਵਿਸਥਾਰ ਪੂਰਵਕ ਵਰਨਣ ਕਰਨ ਦੀ ਜ਼ਰੂਰਤ ਨਹੀਂ ਮਹਿਸੂਸ ਕਰਦਾ।

*ਪੰ. 184*[3]

-------o-------

---

*1. ਮਦਨ ਲਾਲ ਢੀਂਗਰਾ : ਲੰਡਨ ਵਿੱਚ ਇੰਡੀਅਨ ਹੋਮ ਰੂਲ ਸੋਸਾਇਟੀ ਅਤੇ 'ਇੰਡੀਆ ਹਾਉਸ ਗਰੁੱਪ' ਨਾਲ ਜੁੜਿਆ ਨੌਜਵਾਨ ਕਰਾਂਤੀਕਾਰੀ ਸੀ। ਇਸਦੀ ਸਥਾਪਨਾ ਕਰਾਂਤੀਕਾਰੀ ਸ਼ਿਆਮ ਜੀ ਕ੍ਰਿਸ਼ਨ ਵਰਮਾ ਨੇ ਲਾਲਾ ਹਰਦਿਆਲ, ਸਾਵਰਕਰ ਅਤੇ ਢੀਂਗਰਾ (ਧੀਂਗਰਾ) ਵਰਗੇ ਦੇਸ਼ ਭਗਤ ਨੌਜਵਾਨਾਂ ਨੂੰ ਨਾਲ ਲੈ ਕੇ ਕੀਤੀ ਸੀ। ਮਦਨ ਲਾਲ ਢੀਂਗਰਾ ਨੇ ਬੰਗ-ਭੰਗ ਅਤੇ ਅਤੇ ਉਸਦੇ ਬਾਦ ਦੇਸ਼ ਵਿੱਚ ਅੰਦੋਲਨਾਂ ਉੱਤੇ ਵਹਿਸ਼ੀਆਨਾ ਦਮਨ ਦੇ ਵਿਰੋਧ ਵਿੱਚ ਸਰ ਵਿਲੀਅਮ ਕਰਜਨ ਵਾਇਰਲੀ ਦੀ ਲੰਡਨ ਵਿੱਚ 1 ਜੁਲਾਈ 1909 ਨੂੰ ਗੋਲੀ ਮਾਰਕੇ ਹੱਤਿਆ ਕਰ ਦਿੱਤੀ। ਉਸਨੂੰ ਬਾਦ ਵਿੱਚ ਫਾਂਸੀ ਦੇ ਦਿੱਤੀ ਗਈ।*

*2. "ਤੈਹ ਕਰੋ, ਓਏ ਭਾਰਤੀ ਹੁਕਮਰਾਨੋ" ਸਿਰਲੇਖ ਇਹ ਪਰਚਾ ਰਾਸ਼ਟਰਵਾਦੀ ਕਰਾਂਤੀਕਾਰੀਆਂ ਨੂੰ ਭਾਰਤ ਦੇ ਰਜਵਾੜਿਆਂ ਰਿਆਸਤਾਂ ਦੇ ਰਾਜਿਆਂ ਦੇ ਨਾਂ ਭੇਜਿਆ ਸੀ। ਇੱਕ ਰਾਜ ਨੇ ਇਸਨੂੰ ਸਿਰੋਲ ਨੂੰ ਦਿੱਤਾ ਸੀ ਜਿਸਨੇ ਇਸਦੇ ਦੋ ਹਿੱਸੇ ਆਪਣੀ ਪੁਸਤਕ ਇੰਡੀਅਨ ਅਨਰੈਸਟ ਵਿੱਚ ਸ਼ਾਮਲ ਕੀਤੇ।*

*3. ਸਿਰੋਲ ਦੀ ਪੁਸਤਕ ਇੰਡੀਅਨ ਅਨਰੈਸਟ, ਅਧਿਆਇ 'ਦਲਿਤ ਜਾਤਾਂ' ਵਿੱਚੋਂ*

ਪੰਨਾ 280 (137)

## ਕਤਲ ਨਹੀਂ ਯੱਗ [1]

ਸੋਨੇ ਦੀ ਮੁਦਰਾ ਪ੍ਰਾਪਤ ਕਰਨ ਦੇ ਲਾਲਚ ਵਿੱਚ ਮਨੁੱਖੀ ਭੇਖਧਾਰੀ ਭੂਤਨੇ – ਇਨਸਾਨਾਂ, ਭਾਰਤ ਦੇ ਕਲੰਕ – ਪੁਲਸ – ਨੇ ਵਰੀਂਦਰ ਘੋਸ਼[2] ਆਦਿ ਉਹਨਾਂ ਮਹਾਨ ਸਪੂਤਾਂ ਨੂੰ ਗਿਰਫ਼ਤਾਰ ਕਰ ਲਿਆ, ਜਿਹੜੇ ਆਪਣੇ ਨਿੱਜੀਇੱਤਾਂ ਦਾ ਬਲੀਦਾਨ ਕਰਕੇ ਅਤੇ ਬੰਬ ਬਣਾਉਣ ਵਰਗੇ 'ਯੱਗ' ਦੇ ਪਵਿੱਤਰ ਅਨੁਸ਼ਠਾਨ ਨੂੰ ਪੂਰਾ ਕਰਨ ਵਿੱਚ ਆਪਣਾ ਜੀਵਨ ਸਮਰਪਿਤ ਕਰਕੇ ਆਪਣੇ ਦੇਸ਼ ਦੀ ਆਜ਼ਾਦੀ ਦੇ ਵਾਸਤੇ ਕੰਮ ਕਰ ਰਹੇ ਸਨ। ਇਹਨਾਂ ਭੂਤਨੇ–ਇਨਸਾਨਾਂ ਵਿੱਚ ਸਭ ਤੋਂ ਵੱਡਾ ਭੂਤਨਾ, ਆਸ਼ੂਤੋਸ਼ ਵਿਸਵਾਸ[3] ਇਹਨਾਂ ਬਹਾਦਰ ਸਪੂਤਾਂ ਨੂੰ ਫਾਂਸੀ ਦੇ ਤਖਤੇ ਉੱਤੇ ਪੁਚਾਉਣ ਦਾ ਰਾਹ ਸਾਫ਼ ਕਰਨ ਲੱਗਿਆ। ਲੇਕਿਨ ਸ਼ਾਬਾਸ਼ ਚਾਰੂ[4]! (ਆਸ਼ੂਤੋਸ਼ ਵਿਸਵਾਸ ਨੂੰ ਖਤਮ ਕਰਨ ਵਾਲਿਆ) ਤੇਰੇ ਮਾਂ–ਬਾਪ ਸਭ ਦੇ ਪੂਜਣ ਯੋਗ ਹਨ। ਤੂੰ ਉਹਨਾਂ ਦਾ ਸਿਰ ਉੱਚਾ ਕੀਤਾ ਹੈ, ਸਭ ਤੋਂ ਵੱਡੇ ਹੌਂਸਲੇ ਦਾ ਸਬੂਤ ਦਿੱਤਾ ਹੈ, ਜੋ ਇਸ ਪਲ ਭਰ ਜੀਵਨ ਦੀ ਪ੍ਰਵਾਹ ਨਾ ਕਰਦੇ ਹੋਇਆਂ, ਇਸ ਭੂਤਨੇ ਇਨਸਾਨ ਦੀ ਇਸ ਦੁਨੀਆ ਤੋਂ ਛੁੱਟੀ ਕਰ ਦਿੱਤੀ। ਅਜੇ ਜ਼ਿਆਦਾ ਦਿਨ ਨਹੀਂ ਹੋਏ ਜਦੋਂ ਗੋਰਿਆਂ ਨੇ, ਛਲ–ਬਲ ਦੇ ਨਾਲ ਭਾਰਤ ਨੂੰ ਭਾਰਤੀਆਂ (ਮੂਲ ਪਾਠ ਵਿੱਚ ਮੁਹੰਮਦਨਾਂ – ਸੰ.) ਕੋਲੋਂ, ਚੋਰ–ਉਚੱਕਿਆਂ ਦੀ ਤਰ੍ਹਾਂ ਝਪਟ ਲਿਆ ਸੀ। ਅਤੇ ਉਹ ਕਮੀਨਾ ਸਮਸ–ਉਲ–ਆਲਮ[5], ਜਿਸਨੇ ਉਸ ਆਲਮਗੀਰ ਪਾਤਸ਼ਾਹ[6] ਦਾ ਰਸਤਾ ਅਪਣਾਇਆ ਜਿਸਨੇ ਸੋਨੇ ਦੀ

*1. ਕਤਲ ਨਹੀਂ ਯੱਗ : ਇਹ ਪੂਰਾ ਹਵਾਲਾ ਸ਼ਿਰੋਲ ਦੀ ਪੁਸਤਕ ਇੰਡੀਅਨ ਅਨਰੈਸਟ (ਮੈਕਮਿਲ ਐਂਡ ਕੰਪਨੀ, ਲੰਡਨ ਤੋਂ 1910 ਵਿੱਚ ਪ੍ਰਕਾਸ਼ਿਤ) ਦੇ ਟਿੱਪਣੀਆਂ ਵਾਲੇ ਭਾਗ ਵਿੱਚੋਂ ਲਿਆ ਗਿਆ ਹੈ। ਇਸ ਵਿੱਚ "ਦਾ ਰਿਮੂਵਲ ਆਫ਼ ਇਨਫਰਮਰਜ" (ਜਸੂਸਾਂ ਦਾ ਸਫਾਇਆ) ਸਿਰਲੇਖ ਦੇ ਅੰਤਰਗਤ ਲਿਖਿਆ ਗਿਆ ਹੈ ਕਿ "ਸ਼ਮਸ–ਉਲ–ਆਲਮ ਦੀ ਹੱਤਿਆ ਦੇ ਤੁਰੰਤ ਬਾਦ ਨਿਮਨਲਿਖਤ ਅਪੀਲ" ਇਨਕਲਾਬੀਆਂ ਵੱਲੋਂ ਕਲਕੱਤਾ ਵਿਖੇ ਜਾਰੀ ਕੀਤੀ ਗਈ –*

*"ਕਤਲ ਨਹੀਂ ਯੱਗ"*

*ਨਕਦ ਇਨਾਮ : ਇੱਕ ਯੂਰਪੀਨ ਜਾਂ ਦੋ ਜਾਸੂਸਾਂ ਦਾ ਸਿਰ ਵੱਢਣ ਤੇ।*

*50ਵਾਂ ਅੰਕ, ਕਲਕੱਤਾ, ਐਤਵਾਰ ਚੇਤਰ ਅਸ਼ਟਮੀ 1316*

*2. ਵਾਰਿੰਦਰ ਘੋਸ਼ : ਅਰਵਿੰਦੋ ਘੋਸ਼ ਦਾ ਛੋਟਾ ਭਾਈ ਅਤੇ ਇਨਕਲਾਬੀਆਂ ਦੇ ਮਾਨਿਕਤਲਾ ਗੁੱਟ ਦਾ ਇੱਕ ਆਗੂ, ਜੋ ਅਲੀਪੁਰ ਸਾਜਿਸ਼ ਕੇਸ (ਮਈ 1909) ਦਾ ਸਰਗਣਾ ਸੀ, ਉਹ 'ਜਗਤਾਰ' ਨਾਂ ਦਾ ਇਨਕਲਾਬੀ ਅਖਬਾਰ ਵੀ ਪ੍ਰਕਾਸ਼ਿਤ ਕਰਿਆ ਕਰਦਾ ਸੀ।*

*3. ਆਸ਼ੂਤੋਸ਼ ਵਿਸ਼ਵਾਸ : ਇਨਕਲਾਬੀਆਂ ਨੂੰ ਸਜ਼ਾ ਦਿਵਾਉਣ ਦੇ ਵਾਸਤੇ ਤਮਾਮ ਗਲਤ ਹੱਥਕੰਡੇ ਅਪਨਾਉਣ ਵਾਲਾ ਅੰਗਰੇਜ਼ਾਂ ਦਾ ਬੂਟ ਚੱਟ ਇੱਕ ਸਰਕਾਰੀ ਵਕੀਲ ਜਿਸਨੂੰ ਅਲੀਪੁਰ ਪੁਲਿਸ ਕੋਰਟ ਦੇ ਬਾਹਰ ਇਨਕਲਾਬੀ ਚਾਰੂ ਚੰਦਰ ਗੁਹਾ ਨੇ ਗੋਲੀ ਮਾਰਕੇ ਮੌਤ ਦੇ ਘਾਟ ਉਤਾਰ ਦਿੱਤਾ।*

*4. ਚਾਰੂ ਚੰਦਰ ਗੁਹਾ : ਇੱਕ ਬਹਾਦਰ ਨੌਜਵਾਨ ਜਿਸਨੇ ਸੱਜੇ ਹੱਥ ਦੀ ਹਥੇਲੀ ਜਮਾਂਦਰੂ ਹੀ ਨਾ ਹੋਣ ਦੇ ਬਾਵਜੂਦ ਦੇਸ਼ ਧਰੋਹੀ ਸਰਕਾਰੀ ਵਕੀਲ ਆਸ਼ੂਤੋਸ਼ ਵਿਸ਼ਵਾਸ ਨੂੰ ਗੋਲੀ ਮਾਰ ਦਿੱਤੀ। ਉਸਨੂੰ 10 ਮਾਰਚ 1909 ਨੂੰ ਅਲੀਪੁਰ ਸੈਂਟਰਲ ਜੇਲ੍ਹ ਵਿੱਚ ਫਾਂਸੀ ਦੇ ਦਿੱਤੀ ਗਈ।*

*5. ਸ਼ਮਸ–ਉਲ–ਆਲਮ : ਬ੍ਰਿਟਿਸ਼ ਪੁਲਿਸ ਦਾ ਸੀ.ਆਈ.ਡੀ. ਇੰਸਪੈਕਟਰ ਜੋ ਇਨਕਲਾਬੀਆਂ ਦੀ ਮੁਖ਼ਬਰੀ ਕਰਦਾ ਸੀ। ਉਸਨੂੰ ਵੀਰੇਂਦਰ ਨਾਥ ਦੱਤ ਨੇ 24 ਜਨਵਰੀ, 1910 ਨੂੰ ਗੋਲੀ ਨਾਲ ਭੁੰਨ ਦਿੱਤਾ, ਇਸ ਨੌਜਵਾਨ ਇਨਕਲਾਬੀ ਨੂੰ 21 ਫਰਵਰੀ 1910 ਨੂੰ ਫਾਂਸੀ ਤੇ ਲਟਕਾ ਦਿੱਤਾ ਗਿਆ।*

*6. ਆਲਮਗੀਰ ਪਾਤਸ਼ਾਹ : ਮੁਗਲ ਬਾਦਸ਼ਾਹ ਔਰੰਗਜੇਬ ਜਿਸਨੇ ਦਿੱਲੀ ਦੀ ਬਾਦਸ਼ਾਹੀ ਪਾਉਣ ਦੇ ਵਾਸਤੇ ਲਾਲਚ ਵਿੱਚ ਆਪਣੇ ਤਿੰਨ ਭਰਾਵਾਂ – ਦਾਰਾ, ਸੁਜਾ ਅਤੇ ਮੁਰਾਦ ਨੂੰ ਮਰਵਾ ਸੁੱਟਿਆ ਸੀ।*

ਮੁਦਰਾ ਪ੍ਰਾਪਤ ਕਰਨ ਦੇ ਵਾਸਤੇ ਲਾਲਚ ਵਿੱਚ ਆਪਣੀ ਬਜ਼ੁਰਗਾਂ ਦੇ ਨਾਂ ਨੂੰ ਕਲੰਕਿਤ ਕੀਤਾ, ਅੱਜ ਉਸ ਦੁਸ਼ਟ ਨੂੰ ਤੂੰ ਭਾਰਤ ਦੀ ਇਸ ਪਵਿੱਤਰ ਧਰਤੀ ਤੋਂ ਮਿਟਾ ਦਿੱਤਾ ਹੈ। ਨਰੇਨ ਗੋਸਾਈ[1] ਤੋਂ ਲੈ ਕੇ ਤਲਿਤ ਚੱਕਰਵਰਤੀ ਤੱਕ ਸਾਰੇ ਉਸ ਕਮੀਨੇ ਜਾਲਸਾਜ ਸ਼ਮਸ–ਉਲ–ਆਲਾ ਦੀਆਂ ਜਾਲਸਾਜ਼ੀਆਂ ਅਤੇ ਤਸੀਹਿਆਂ ਦੇ ਫਲਸਰੂਪ ਸਰਕਾਰੀ ਗਵਾਹ ਬਣ ਗਏ ਸਨ। ਜੇਕਰ ਤੂੰ ਭੂਤਨੇ ਇਨਸਾਨਾਂ ਦੇ ਇਸ ਮੱਦਦਗਾਰ ਦੀ ਛੁੱਟੀ ਨਾ ਕਰ ਦਿੱਤੀ ਹੁੰਦੀ ਤਾਂ ਕੀ ਭਾਰਤ ਦੇ ਵਾਸਤੇ ਕੋਈ ਉਮੀਦ ਬਚੀ ਰਹਿ ਜਾਂਦੀ ?

ਕਈ ਲੋਕੀਂ ਇਹ ਚੀਕ–ਚਿਹਾੜਾ ਪਾ ਰਹੇ ਹਨ ਕਿ ਬਗਾਵਤ ਕਰਨੀ ਮਹਾਂ ਪਾਪ ਹੈ। ਪਰੰਤੂ ਬਗਾਵਤ ਹੈ ਕੀ ? ਕੀ ਭਾਰਤ ਵਿੱਚ ਕੋਈ ਅਜਿਹੀ ਚੀਜ਼ ਹੈ, ਜਿਸਦੇ ਖਿਲਾਫ਼ ਬਗਾਵਤ ਕੀਤੀ ਜਾਵੇ ? ਕੀ ਇਕ ਫਰੰਗੀ ਨੂੰ ਭਾਰਤ ਦਾ ਬਾਦਸ਼ਾਹ ਮੰਨਿਆ ਜਾ ਸਕਦਾ ਹੈ, ਜਿਸਮ ਛੋਹ ਮਾਤਰ ਨਾਲ, ਜਿਸਦਾ ਮਹਿਜ਼ ਪ੍ਰਛਾਵਾਂ ਲੈ ਜਾਣ ਨਾਲ ਹੀ ਹਿੰਦੂ ਆਪਣਾ ਸ਼ੁੱਧੀਕਰਣ ਕਰਨ ਦੇ ਵਾਸਤੇ ਮਜ਼ਬੂਰ ਹੋ ਜਾਂਦੇ ਹਨ ?

ਇਹ ਮਹਿਜ਼ ਪੱਛਮੀ ਡਾਕੂ ਹਨ ਜੋ ਭਾਰਤ ਨੂੰ ਲੁੱਟ ਰਹੇ ਹਨ......। ਇਹਨਾਂ ਨੂੰ ਬਾਹਰ ਕੱਢ ਸੁੱਟੋ, ਹੇ ਭਾਰਤ ਦੇ ਸਪੂਤੋ! ਉਹ ਤੁਹਾਨੂੰ ਜਿੱਥੇ ਕਿਤੇ ਵੀ ਮਿਲਣ, ਉਹਨਾਂ ਉੱਤੇ ਅਤੇ ਉਹਨਾਂ ਦੇ ਸਾਥੀ ਮੁਖਬਰਾਂ ਅਤੇ ਖੁਫੀਆ ਏਜੰਟਾਂ ਉੱਤੇ ਕੋਈ ਰਹਿਮ ਨਾ ਕਰੋ। ਪਿਛਲੇ ਵਰ੍ਹੇ, ਇਕੱਲੇ ਬੰਗਾਲ ਵਿੱਚ ਹੀ 19 ਲੱਖ ਲੋਕੀਂ ਬੁਖਾਰ, ਚੇਚਕ, ਹੈਜ਼ਾ, ਪਲੇਗ ਅਤੇ ਹੋਰ ਦੂਜੀਆਂ ਬੀਮਾਰੀਆਂ ਨਾਲ ਮਰ ਗਏ। ਤੁਸੀਂ ਆਪਣੇ ਆਪ ਨੂੰ ਖੁਸ਼ਨਸੀਬ ਸਮਝੋ ਕਿ ਤੁਸੀਂ ਬਚ ਗਏ, ਪਰੰਤੂ ਯਾਦ ਰੱਖੋ ਕਿ ਕੱਲ੍ਹ ਨੂੰ ਤੁਸੀਂ ਵੀ ਪਲੇਗ ਅਤੇ ਹੈਜ਼ੇ ਦੀ ਲਪੇਟ ਵਿੱਚ ਆ ਸਕਦੇ ਹੋ। ਕੀ ਤੁਹਾਡੇ ਲਈ ਇਹ ਬੇਹਤਰ ਨਹੀਂ ਹੋਊਗਾ ਕਿ ਤੁਸੀਂ ਬਹਾਦਰਾਂ ਦੀ ਮੌਤ ਮਰੋ? ਜਦੋਂ ਭਗਵਾਨ ਦਾ ਇਹੋ ਹੀ ਵਿਧਾਨ ਹੈ, ਤਾਂ ਜ਼ਰਾ ਸੋਚੋ ਕਿ ਇਸ ਸ਼ੁਭ ਘੜੀ ਵਿੱਚ ਭਾਰਤ ਦੇ ਹਰ ਇੱਕ ਸਪੂਤ ਦਾ ਫਰਜ਼ ਨਹੀਂ ਕਿ ਉਹ ਇਹਨਾਂ ਗੋਰੇ ਦੁਸ਼ਮਣਾਂ ਦਾ ਸਫ਼ਾਇਆ ਕਰੇ?

**{ ਪੰਨਾ 282 (138)[2] }** ਆਪਣੇ ਆਪਨੂੰ ਪਲੇਗ ਅਤੇ ਹੈਜ਼ੇ ਨਾਲ ਨਾਂ ਮਰਨ ਦੇਵੋ, ਅਜਿਹਾ ਕਰਕੇ ਭਾਰਤ ਮਾਂ ਦੀ ਪਵਿੱਤਰ ਭੂਮੀ ਦੂਸ਼ਿਤ ਨਾ ਕਰੋ। ਪੁੰਨ ਅਤੇ ਪਾਪ ਵਿੱਚ ਫ਼ਰਕ ਕਰਨ ਦੇ ਵਾਸਤੇ ਆਪਣੇ ਸ਼ਾਸ਼ਤਰ ਸਾਡਾ ਮਾਰਗ ਦਰਸ਼ਕ ਹਨ। ਆਪਣੇ ਸ਼ਾਸ਼ਤਰ (ਧਾਰਮਕ ਗਰੰਥ) ਵਾਰ ਵਾਰ ਸਾਨੂੰ ਦੱਸਦੇ ਹਨ ਕਿ ਇਹਨਾਂ ਗੋਰੇ ਕਮੀਨਿਆਂ ਅਤੇ ਉਹਨਾਂ ਸਹਿਯੋਗੀ ਝੋਲੀ ਚੁੱਕਾਂ ਅਤੇ ਸਹਿ ਅਪਰਾਧੀਆਂ ਨੂੰ ਕਤਲ ਕਰਨਾ ਅਸ਼ਵਮੇਧ ਯੱਗ ਦੇ ਬਰਾਬਰ ਹੈ। ਆਓ ਸਾਰਿਆਂ ਦੇ ਸਾਰੇ ਆਓ। ਆਓ ਆਪਾਂ ਸਾਰੇ ਮਿਲਕੇ ਇਸ ਬਲੀ ਬੇਦੀ ਉੱਤੇ ਆਪਣੀ ਯੱਗ–ਅਹੁਤੀ ਅਰਪਿਤ ਕਰੀਏ, ਅਤੇ ਪ੍ਰਾਰਥਨਾ ਕਰੀਏ ਕਿ ਇਸ ਯੱਗ ਵਿੱਚ ਸਾਰੇ ਗੋਰੇ ਸੱਪ ਇਸਦੀ ਜਵਾਲਾ ਵਿੱਚ ਇੰਝ ਹੀ ਭਸਮ ਹੋ ਜਾਣ ਜਿਵੇਂ ਜਨਮੇਜਯ ਯੱਗ ਵਿੱਚ ਸੱਪ ਨਸ਼ਟ ਹੋ ਗਏ ਸਨ। ਯਾਦ ਰੱਖੋ, ਇਹ ਕਤਲ ਨਹੀਂ ; ਯੱਗ ਹੈ।

*(ਪੰ. 342, ਨੋਟਸ) ਆਈ.ਯੂ.* [3]

*1. ਪੂਰਾ ਨਾਂ ਨਰੇਂਦਰ ਨਾਥ ਗੋਸਾਈਂ : ਮੁਜ਼ੱਫਰਪੁਰ ਬੰਬ ਕਾਂਡ ਵਿੱਚ (ਜਿਸਦੇ ਵਾਸਤੇ ਖੁਦੀ ਰਾਮ ਬੋਸ ਨੂੰ ਫਾਂਸੀ ਦੇ ਦਿੱਤੀ ਗਈ) ਬ੍ਰਿਟਿਸ਼ ਸਰਕਾਰ ਦਾ ਮੁਖ਼ਬਰ ਜਿਸਨੂੰ 31 ਅਗਸਤ 1908 ਨੂੰ ਕਨਾਈ ਲਾਲ ਦੱਤ ਅਤੇ ਸਤੇਂਦਰ ਨਾਥ ਦੱਤ ਤੇ ਮਾਰ ਸੁੱਟਿਆ।*

*2. ਨੋਟ ਬੁੱਕ ਪੰਨਾ ਸੰਖਿਆ 281 ਨਹੀਂ ਹੈ, ਪਰ ਪੰਨਾ ਸੰਖਿਆ (137) ਦੇ ਬਾਦ ਪੰਨਾ ਸੰਖਿਆ (138) ਦਾ ਕ੍ਰਮ ਠੀਕ ਹੈ।*

*3. ਸਿਰੋਲ ਦੀ ਪੁਸਤਕ ਇੰਡੀਅਨ ਅਨਰੈਸਟ।*

"ਭਾਰਤ ਵਿੱਚ ਕੁੱਲ ਮੱਤਦਾਤਾ 62,00,000 ਅਰਥਾਤ ਭਾਰਤ ਕੁੱਲ ਆਬਾਦੀ ਦਾ 2¾ ਪ੍ਰਤੀਸ਼ਤ ਹਨ ਜਿਹਨਾਂ ਵਿੱਚ ਉਹ ਖੇਤਰ ਸ਼ਾਮਲ ਨਹੀਂ, ਜਿਹਨਾਂ ਉੱਤੇ 1919 ਦਾ ਕਾਨੂੰਨ ਨਹੀਂ ਲਾਗੂ ਹੁੰਦਾ ਸੀ।"

*194*
*ਆਈ.ਓ.ਐਨ.*[1]

ਪੰਨਾ 283 (140)[2]

***ਇੰਡੀਆ ਓਲਡ ਐਂਡ ਨਿਊ*** *:* ਸ਼ਿਰੋਲ ਵੀ.

"ਬ੍ਰਿਟਿਸ਼ ਲੋਕੀਂ ਇਹ ਸਮਝ ਲੈਣ ਕਿ ਜੇਕਰ ਉਹ ਇਨਸਾਫ਼ ਨਹੀਂ ਕਰਨਾ ਚਾਹੁੰਦੇ, ਤਾਂ ਹਰ ਇੱਕ ਭਾਰਤੀ ਦਾ ਪਰਮ-ਕਰਤੱਵ ਬਣ ਜਾਊਗਾ ਕਿ ਇਸ ਸਾਮਰਾਜ ਨੂੰ ਨਸ਼ਟ ਕਰ ਦੇਵੇ।"

*ਮਹਾਤਮਾ ਜੀ* [3] *(ਨਾਗਪੁਰ ਕਾਂਗਰਸ)*

-------o-------

## ਦਿਹਾਤ ਅਤੇ ਸ਼ਹਿਰ ਦਾ ਪ੍ਰਸ਼ਨ

ਕੁੱਲ ਸਰਕਾਰੀ ਸਿਆਣਪ ਇਸ ਰੂਪ ਵਿੱਚ ਵਿਖਾਈ ਗਈ ਸੀ ਕਿ ਭੂਗੋਲਿਕ ਸਥਿਤੀ ਉੱਪਰ ਬਿਨਾ ਧਿਆਨ ਦਿੱਤੇ, ਦੂਰ-ਦੁਰੇਡੇ ਦੇ ਸ਼ਹਿਰਾਂ ਨੂੰ ਇੱਕ ਚੋਣ ਖੇਤਰ ਵਿੱਚ ਰੱਖ ਦਿੱਤਾ ਗਿਆ ਸੀ, ਤਾਂ ਕਿ ਅਜਿਹੇ ਸ਼ਹਿਰੀ ਵਿਅਕਤੀਆਂ ਨੂੰ, ਜੋ ਕਿ (ਸਰਕਾਰ ਦੇ) ਨਾ ਚਾਹੁੰਦੇ ਹੋਇਆਂ ਵੀ ਵੱਧ ਵਿਕਸਤ ਰਾਜਨੀਤਕ ਦ੍ਰਿਸ਼ਟੀਕੋਣ ਅਪਣਾ ਚੁੱਕੇ ਸਨ, ਉਹਨਾਂ ਪੇਂਡੂ ਹਲਕਿਆਂ ਵਿੱਚੋਂ ਉਮੀਦਵਾਰ ਬਣਨ ਤੋਂ ਰੋਕਿਆ ਜਾ ਸਕੇ, ਜਿਹਨਾਂ ਵਿੱਚ ਜੇਕਰ ਉਪਰੋਕਤ ਵਿਵਸਥਾ ਨਾ ਕੀਤੀ ਗਈ ਹੁੰਦੀ ਤਾਂ ਕਈ ਇੱਕ ਛੋਟੇ ਸ਼ਹਿਰ ਵੀ ਸੁਭਾਵਿਕ ਤੌਰ ਤੇ ਸ਼ਾਮਲ ਹੋ ਜਾਂਦੇ। ਇਹ ਇੱਕ ਆਖਰੀ ਯਤਨ ਸੀ ਜਿਹੜਾ ਇਸ ਵਿਸਵਾਸ਼ ਉੱਤੇ ਆਧਾਰਤ ਸੀ ਕਿ ਪੰਜਾਬ ਦੀ ਆਬਾਦੀ ਨੂੰ ਬੱਕਰੀਆਂ ਅਤੇ ਭੇਡਾਂ ਦੇ ਰੂਪ ਵਿੱਚ ਵੰਡਿਆ ਜਾ ਸਕਦਾ ਸੀ ਜਿਸ ਵਿੱਚ ਬੱਕਰੀਆਂ "ਵਿਸ਼ਵਾਸਘਾਤੀ" ਸ਼ਹਿਰੀ ਲੋਕ ਅਤੇ ਭੇਡਾਂ "ਵਿਸਵਾਸ਼ਪਾਤਰ" ਕਿਸਾਨ ਸਮੁਦਾਇ ਦੇ ਲੋਕੀਂ ਮੰਨੇ ਗਏ ਸਨ।[4]

-------o-------

ਖਾਲਸਾ ਕਾਲਜ 1892 ਵਿੱਚ ਸਥਾਪਿਤ ਹੋਇਆ ਸੀ। [5]

-------o-------

*1. ਸ਼ਿਰੋਲ ਦੀ ਪੁਸਤਕ : ਇੰਡੀਆ ਓਲਡ ਐਂਡ ਨਿਊ।*

*2. ਨੋਟ ਬੁੱਕ ਪੰਨਾ 282 ਦੇ ਬਾਦ ਪੰਨਾ 283 ਦਾ ਕ੍ਰਮ ਤਾਂ ਠੀਕ ਹੈ ਪਰ (138) ਦੇ ਬਾਦ (139) ਨਹੀਂ, ਬਲਕਿ (140) ਦਿੱਤਾ ਗਿਆ ਹੈ।*

*3. ਮਹਾਤਮਾ ਗਾਂਧੀ; ਸਿਰੋਲ ਦੀ ਪੁਸਤਕ ਇੰਡੀਆ ਓਲਡ ਐਂਡ ਨਿਊ ਵਿੱਚੋਂ ਹਵਾਲਾ*

*4. ਸਰੋਤ ਅਸਪੱਸ਼ਟ, ਸੰਭਾਵਤ ਇੰਡੀਆ ਓਲਡ ਐਂਡ ਨਿਊ ਵਿੱਚੋਂ ਹਵਾਲਾ*

*5. ਮੂਲ ਵਿੱਚ, ਪੱਕੇ ਦੇ ਹੇਠਾਂ ਵੱਲੀਂ ਹਾਸ਼ੀਏ ਉੱਤੇ ਤਿਰਛਾ ਲਿਖਿਆ ਹੋਇਆ।*

ਪੰਨਾ 284 (141)

## ਭਾਰਤ ਜਿਹੋ ਜਿਹਾ ਮੈਂ ਇਸ ਨੂੰ ਜਾਣਿਆ[1]

"ਇੱਕ ਮਹਾਤਮਾ ਦਾ ਮਾਰਗ ਸੱਚੀਂ ਮੁੱਚੀਂ ਕਠਿਨ ਹੈ ਅਤੇ ਇਹ ਹੈਰਾਨੀਜਨਕ ਨਹੀਂ ਹੈ ਕਿ ਗਾਂਧੀ ਨੇ ਹੁਣੇ ਜਿਹੇ ਹੀ ਇਸ ਉਪਾਧੀ ਨੂੰ - ਅਤੇ ਇਸਦੀ ਜ਼ੁੰਮੇਵਾਰੀਆਂ ਨੂੰ ਤਿਆਗ ਦੇਣ ਦੀ ਕੋਸ਼ਿਸ਼ ਕੀਤੀ ਹੈ। ਭਾਰਤ ਵਿੱਚ ਉਸਦਾ ਪ੍ਰਭਾਵ ਲੱਗਭਗ ਘਟਦਾ ਜਾ ਰਿਹਾ ਹੈ, ਫਿਰ ਵੀ ਉਹਨਾਂ ਦਾ ਸੰਨਿਆਸੀ ਦਾ ਬਾਣਾ ਅਤੇ ਮਹਾਨ ਨੈਤਿਕ ਸੱਚਾਈਆਂ ਦੇ ਰੂਪ ਵਿੱਚ ਉਹਨਾਂ ਵੱਲੋਂ ਅਤਿਅੰਤ ਕੁਸ਼ਲਤਾ ਨਾਲ ਨਿਰੂਪਿਤ ਕੀਤੇ ਜਾਣ ਵਾਲੇ ਅਸਪੱਸ਼ਟ ਅਤੇ ਗੈਰ ਵਿਵਹਾਰਕ ਟਾਲਸਟਾਏ ਮਾਰਗ ਸਿਧਾਂਤ ਬਥੇਰੇ ਲੋਕਾਂ ਨੂੰ ਸਾਰਥਕ ਲੱਗਣ ਦਾ ਭਰਮ ਦਿੰਦੇ ਹਨ ਅਤੇ ਭਾਵੁਕ ਇੰਗਲੈਂਡ ਦੇ ਦੁਰਲਭ ਮਨ ਵਾਲੇ ਅਤੇ ਫਰਾਂਸ ਦੇ ਕੁੱਝ ਤਰਕਸ਼ੀਲ ਲੋਕ ਵੀ ਏਸੇ ਭਰਮ (ਭੁਲੇਖੇ) ਵਿੱਚ ਹਨ, ਜਿਹੜੇ ਪੂਰਬ ਕੋਲੋਂ ਇੱਕ ਨਵੀਂ ਰੌਸ਼ਨੀ ਦੀ ਉਮੀਦ ਲਾਈ ਬੈਠੇ ਹਨ। *ਪੰ. 65*

-------o-------

**ਮੁਖਬਿਰ**[2] **:**

ਆਇਰਸ਼ ਸਾਜਿਸ਼ਾਂ ਵਿੱਚ ਜੋ **ਘ੍ਰਿਣਤ ਪਰੰਤੂ ਉਪਯੋਗੀ ਵਰਗ** ਆਮ ਤੌਰ ਤੇ (ਮੁਖਬਿਰਾਂ ਦੀ - ਸੰ.) ਅਪੂਰਤੀ ਕਰਿਆ ਕਰਦਾ ਸੀ, ਉਹ ਜੜ ਤੋਂ ਹੀ ਕਿਉਂ ਮੁੱਕ ਗਿਆ, ਇਸਦੇ ਮੁੱਖ ਕਾਰਣਾਂ ਵਿੱਚ ਮੈਂ ਸਮਝਦਾ ਹਾਂ ਇੱਕ ਤਾਂ ਇਹ ਹੀ ਰਿਹਾ ਹੋਊਗਾ ਕਿ ਸੱਤਾਧਾਰੀ ਆਪਣੇ ਮੁਖਬਰਾਂ ਨੂੰ ਲੁਕੋਣ ਅਤੇ ਬਚਾਉਣ ਵਿੱਚ ਅਸਫਲ ਰਹੇ। ਜਿਵੇਂ ਜੇਮਜ਼ ਕੈਰੀ ਦੇ ਮਾਮਲੇ ਵਿੱਚ, ਜਦੋਂ ਕਿ ਉਸਨੇ ਇਨਕਲਾਬੀਆਂ ਦੇ ਗੁਪਤ ਗਿਰੋਹ ਦਾ ਪਰਦਾ ਫਾਸ਼ ਕੀਤਾ ਸੀ ਅਤੇ ਉਸੇ ਦੀ ਗਵਾਹੀ ਤੇ ਬਰੈਡੀ, ਫਿਟਜ਼ਹਰਬਰਟ ਅਤੇ ਮੁਲੇਨ ਨੂੰ ਫੀਨਿਕਸ ਪਾਰਕ ਦੀਆਂ ਦੋ ਹੱਤਿਆਵਾਂ, ਅਰਥਾਤ ਚੀਫ ਸੈਕਟਰੀ ਅਤੇ ਅੰਡਰ ਸੈਕਟਰੀ ਦੇ ਕਤਲਾਂ ਦੇ ਬਦਲੇ ਫਾਂਸੀ ਉੱਤੇ ਚੜ੍ਹਾ ਦਿੱਤਾ ਗਿਆ। ਉਸ ਮੁਖਬਰ ਦੀ ਇੱਕ ਨੌਜਵਾਨ ਇਨਕਲਾਬੀ ਓ-ਡਾਨੇਲ ਨੇ ਡਰਬਨ ਵਿੱਚ ਦਿਨ-ਦਿਹਾੜੇ ਗੋਲੀ ਮਾਰਕੇ ਹੱਤਿਆ ਕਰ ਦਿੱਤੀ।[3] ਭਾਵੇਂ ਕਿ ਹੱਤਿਆ ਕਰਨ ਵਾਲਾ ਫੜ ਲਿਆ ਗਿਆ। ਮਹਾਂਯੁੱਧ ਤੋਂ ਪਹਿਲਾਂ ਅਤੇ ਉਸਦੇ ਦੌਰਾਨ,

*1. ਸਰ ਅਟੀਕਲ ਓ ਡਵਾਇਰ (1885-1923) ਦੀ ਪੁਸਤਕ ਦਾ ਸਿਰਲੇਖ : ਇੰਡੀਆ ਐਜ ਆਈ ਨਿਊ ਇਟ, ਜੋ 1925/28 ਵਿੱਚ ਲੰਡਨ ਤੋਂ ਪ੍ਰਕਾਸ਼ਿਤ ਹੋਈ। 1988 ਵਿੱਚ ਮਿੱਤਲ ਪਬਲੀਕੇਸ਼ਨਜ਼ ਦਿੱਲੀ ਤੋਂ ਮੁੜ ਛਾਪੀ ਗਈ। ਓਡਵਾਇਰ ਪਹਿਲੇ ਮਹਾਂਯੁੱਧ ਦੇ ਸਮੇਂ ਪੰਜਾਬ ਦਾ ਲੈਫਟੀਨੈਂਟ ਗਵਰਨਰ ਸੀ, ਉਸਨੇ ਪੰਜਾਬ ਵਿੱਚ ਵੱਡੇ ਪੈਮਾਨੇ ਤੇ ਨੌਜਵਾਨਾਂ ਦੀ ਫੌਜ ਵਿੱਚ ਜ਼ਬਰਦਸਤੀ ਭਰਤੀ ਕਰਵਾਈ, ਲੋਕਾਂ ਨੂੰ ਯੁੱਧ ਵਾਸਤੇ ਸਰਕਾਰ ਨੂੰ ਕਰਜ਼ਾ ਦੇਣ ਵਾਸਤੇ ਮਜ਼ਬੂਰ ਕੀਤਾ ਅਤੇ ਰਾਜਨੀਤਕ ਨੇਤਾਵਾਂ ਨੂੰ ਬੇਰਹਿਮੀ ਨਾਲ ਤਸੀਹੇ ਦਿੱਤੇ। ਜਲ੍ਹਿਆਂ ਵਾਲਾ ਗੋਲੀ ਕਾਂਡ ਦਾ ਉਸਨੇ ਸਮਰਥਨ ਕੀਤਾ। ਬਾਦ ਵਿੱਚ ਊਧਮ ਸਿੰਘ ਨੇ ਲੰਡਨ ਵਿੱਚ ਉਸਦਾ ਕਤਲ ਕਰ ਦਿੱਤਾ।*

*2. ਇਸ ਹਿੱਸੇ ਵਿੱਚ ਓਡਵਾਇਰ ਨੇ ਆਇਰਲੈਂਡ ਦੇ ਇਨਕਲਾਬੀਆਂ ਵੱਲੋਂ ਬ੍ਰਿਟਿਸ਼ ਸਰਕਾਰ ਦੇ ਮੁਖਬਿਰਾਂ ਦੇ ਸਫ਼ਾਏ ਦਾ ਹਵਾਲਾ ਦਿੰਦਿਆਂ ਹੋਇਆਂ ਪੰਜਾਬ ਵਿੱਚ ਖੁਦ ਉਸ ਵੱਲੋਂ ਇਨਕਲਾਬੀਆਂ ਦੇ ਵਿਰੁੱਧ ਅਪਣਾਏ ਢੰਗ ਤਰੀਕਿਆਂ ਦੀ ਚਰਚਾ ਕੀਤੀ ਹੈ।*

*3. ਜਦੋਂ ਆਇਰਸ਼ ਇਨਕਲਾਬੀਆਂ ਨੇ ਫੀਨਿਕਸ ਪਾਰਕ ਵਿੱਚ ਚੀਫ਼ ਸੈਕਟਰੀ ਅਤੇ ਅੰਡਰ ਸੈਕਟਰੀ ਦੀ ਹੱਤਿਆ ਕਰ ਦਿੱਤੀ, ਤਾਂ ਉਹਨਾਂ ਨੂੰ ਫੜਵਾਉਣ ਅਤੇ ਫਾਂਸੀ ਚੜਵਾਉਣ ਵਿੱਚ ਜੇਮਜ਼ ਕੈਰੀ ਨੇ ਮੁਖਬਿਰ ਦੀ ਭੂਮਿਕਾ ਨਿਭਾਈ, ਹਾਲਾਂਕਿ ਉਸਦੀ ਵੀ ਪੈਟਰਿਕ ਓ-ਡੋਨੇਲ ਨਾਂ ਦੇ ਇਨਕਲਾਬੀ ਨੇ ਗੋਲੀ ਮਾਰਕੇ ਹੱਤਿਆ ਕਰ ਦਿੱਤੀ। ਜਿਸ ਨਾਲ ਭਾਰਤ ਦੇ ਇਨਕਲਾਬੀਆਂ ਨੂੰ ਭਾਰੀ ਮਨੋਬਲ ਪ੍ਰਾਪਤ ਹੋਇਆ।*

ਪੰਜਾਬ ਦੇ ਲੈਫਟੀਨੈਂਟ ਗਵਰਨਰ ਦੇ ਰੂਪ ਵਿੱਚ, ਮੇਰਾ ਕਈ ਇਨਕਲਾਬੀ ਸਾਜਿਸ਼ਾਂ ਨਾਲ ਪਾਲਾ ਪਿਆ, ਜਿਹਨਾਂ ਦਾ ਪਰਦਾ ਫਾਸ਼ ਕਰਨ ਵਿੱਚ ਮੁਖਬਿਰਾਂ ਦੇ ਵਰਗ ਨੇ ਇੱਕ ਵੱਡੀ ਭੂਮਿਕਾ ਨਿਭਾਈ ਅਤੇ ਸਾਡੀ ਚੌਕਸੀ ਐਨੀ ਮੁਕੰਮਲ ਰਹੀ ਕਿ ਇੱਕ ਵੀ ਮਾਮਲੇ ਵਿੱਚ ਕਿਸੇ ਵੀ ਮੁਖਬਿਰ ਦਾ ਵਾਲ ਵੀ ਵਿੰਗਾ ਨਹੀਂ ਹੋਇਆ।[1]

---

ਪੰਨਾ 285 (142)

---

ਮੈਂ ਸਮਝ ਸਕਦਾ ਹਾਂ ਕਿ ਆਪਣੀ ਨੀਚਤਾ ਭਰੀ ਚਾਲਬਾਜ਼ੀ, ਬੇਹੱਦ ਘੁਮੰਡ ਅਤੇ ਗੁੱਟ ਬਣਾ ਕੇ ਘਟੀਆ ਸਾਜ਼ਿਸ਼ਾਂ ਰਚਣ ਦੇ ਆਪਣੇ ਜਮਾਂਦਰੂ ਰੁਝਾਣ ਅਤੇ ਅਰੁੱਚੀਕਰ ਤੱਥਾਂ ਉੱਪਰ ਪਰਦਾ ਪਾਉਣ ਦੀ ਸਮਰੱਥਾ ਨਾਲ ਪੂਰੀ ਤਰ੍ਹਾਂ ਲੈਸ ਭਾਰਤੀ ਸਾਜਿਸ਼ਕਾਰੀ ਕਿਵੇਂ ਇਸ ਮਾਹੌਲ ਵਿੱਚ ਆਰਾਮ ਨਾਲ ਕੰਮ ਕਰਦੇ ਸਨ।

*ਪੰ. 187*

*ਇੰਡੀਆ ਐਜ ਆਈ ਨਿਊ ਇਟ* [2]

-------o-------

**ਆਰੀਆ ਸਮਾਜ :**

ਦਰਅਸਲ ਆਰੀਆ ਸਮਾਜ ਪੱਛਮੀ ਪ੍ਰਭਾਵ ਦੇ ਖਿਲਾਫ਼ ਇੱਕ ਰਾਸ਼ਟਰਵਾਦੀ ਪੁਨਰ ਜਾਗਰਣ ਹੈ। ਇਹ ਇਸ ਸੰਪ੍ਰਦਾਇ ਦੇ ਸੰਸਥਾਪਕ ਦਯਾ ਨੰਦ ਦੇ ਅਧਿਕਾਰਕ ਗਰੰਥ, ਸੱਤਯਾਰਥ ਪ੍ਰਕਾਸ਼ ਵਿੱਚ ਆਪਣੇ ਅਨੁਆਈਆਂ ਨੂੰ ਅਪੀਲ ਕਰਦਾ ਹੈ ਕਿ ਉਹ ਵੇਟਾਂ ਦੇ ਵੱਲੀਂ ਪਰਤ ਜਾਣ ਅਤੇ ਆਰੀਆਂ ਦੇ ਕਲਪਨਿਕ ਸਵਰਨ ਯੁੱਗ ਅਤੀਤ ਵਿੱਚ ਭਵਿੱਖ ਦੇ ਸੁਨਹਿਰੀਯੁੱਗ ਦੀ ਤਲਾਸ਼ ਕਰਨ। ਸੱਤਯਾਰਥ ਪ੍ਰਕਾਸ਼ ਗੈਰ ਹਿੰਦੂ ਸਾਸ਼ਨ ਦੇ ਖਿਲਾਫ਼ ਦਲੀਲਾਂ ਵੀ ਦਿੰਦਾ ਹੈ, ਅਤੇ ਕੁਝ ਵਰ੍ਹੇ ਪਹਿਲਾਂ ਇਸ ਸੰਪ੍ਰਦਾਇ ਦੇ ਇੱਕ ਮੁਹਰੈਲ ਅਖਬਾਰ ਨੇ ਤਾਂ ਦਯਾਨੰਦ ਨੂੰ ਹੀ ਸਵਰਾਜ ਦੇ ਸਿਧਾਂਤ ਦਾ ਅਸਲੀ ਬੁਲਾਰਾ ਹੋਣ ਦਾ ਦਾਅਵਾ ਵੀ ਕੀਤਾ।

ਪਰੰਤੂ 1907 ਵਿੱਚ ਜਦੋਂ ਕੁੱਝ ਸ਼ਰਾਰਤੀ ਅਖ਼ਬਾਰਾਂ ਨੇ ਆਰੀਆ ਸਮਾਜ ਦੇ ਵਿਰੁੱਧ ਅਫਵਾਹਾਂ ਫੈਲਾਉਣੀਆਂ ਆਰੰਭ ਕੀਤੀਆਂ, ਤਾਂ ਇਸ ਸੰਪ੍ਰਦਾਇ ਨੇ ਆਪਣੇ ਪੁਰਾਣੇ ਧਰਮ ਸਿਧਾਂਤ ਨੂੰ ਦੁਹਰਾਉਂਦੇ ਹੋਇਆਂ ਇਸ ਇਰਾਦੇ ਦਾ ਇੱਕ ਪ੍ਰਸਤਾਵ ਪ੍ਰਕਾਸ਼ਿਤ ਕਰਨ ਦੀ ਸਿਆਣਪ ਵਿਖਾਈ ਕਿ ਇਸ ਸੰਗਠਨ ਦੇ ਕਿਸੇ ਵੀ ਕਿਸਮ ਦੇ ਰਾਜਨੀਤਕ ਗਰੁੱਪ ਜਾਂ ਕਿਸੇ ਵੀ ਕਿਸਮ ਦੇ ਰਾਜਨੀਤਕ ਅੰਦੋਲਨ ਦੇ ਨਾਲ ਕੋਈ ਸੰਬੰਧ ਨਹੀਂ ਹੈ। ਹੁਣ ਜੇ ਇੱਕ ਸੰਗਠਨ ਦੇ ਰੂਪ ਵਿੱਚ ਸਮਾਜ ਵੱਲੋਂ ਚਰਮ ਪੱਖੀ ਰਾਜਨੀਤੀ ਨਾਲੋਂ ਸੰਬੰਧਾਂ ਦਾ ਤੋੜ ਵਿਛੋੜਾ ਕਰਨ ਦੇ ਇਸ ਦਾਅਵੇ ਨੂੰ ਮੰਨ ਵੀ ਲਿਆ ਜਾਵੇ, ਤਾਂ ਵੀ ਕੱਟੜ ਹਿੰਦੂਆਂ ਦੇ ਵਾਸਤੇ ਇਹ ਗੱਲ ਗੌਰ ਤਲਬ ਹੋਣੀ ਚਾਹੀਦੀ ਹੈ ਕਿ ਭਲੇ ਹੀ, ਆਰੀਆ ਸਮਾਜ ਵਿੱਚ ਪੰਜਾਬ ਦੀ ਹਿੰਦੂ ਆਬਾਦੀ ਦੇ 5 ਪ੍ਰਤੀਸ਼ਤ ਤੋਂ ਵੱਧ ਲੋਕੀਂ ਸ਼ਾਮਲ ਨਹੀਂ ਹਨ, ਫਿਰ ਵੀ 1907 ਤੋਂ ਲੈ ਕੇ ਅੱਜ ਤੱਕ ਹਿੰਦੂਆਂ ਦੀ ਇੱਕ ਵੱਡੀ ਗਿਣਤੀ ਜੋ ਰਾਜ ਧਰੋਹ ਅਤੇ ਦੂਜੇ ਰਾਜਨੀਤਕ ਜ਼ੁਰਮਾਂ ਦੇ ਅਧੀਨ ਦੰਡਤ ਹੁੰਦੀ ਰਹੀ ਹੈ ਉਹ ਇਸ ਸਮਾਜ ਦੀ ਹੀ ਮੈਂਬਰ ਰਹੀ ਹੈ।

*ਪੰ. 184 ਉਹੀ*

---

*1. ਓਡਵਾਇਰ ਦੀ ਪੁਸਤਕ 'ਇੰਡੀਆਂ ਐਜ ਆਈ ਨਿਊ ਇਟ' ਵਿੱਚੋਂ*

*2. ਓਡਵਾਇਰ ਦੀ ਪੁਸਤਕ*

---

ਪੰਨਾ 286 (143)

---

**ਭਾਰਤ ਦੇ ਸੰਬੰਧੀ ਅੰਕੜੇ :**

ਇੰਗਲੈਂਡ ਅਤੇ ਵੇਲਜ਼ ਵਿੱਚ 4/5 ਆਬਾਦੀ ਸ਼ਹਿਰਾਂ ਵਿੱਚ ਰਹਿੰਦੀ ਹੈ

| | |
|---|---|
| ਸ਼ਹਿਰੀ ਜੀਵਨ ਦਾ ਮਾਣਕ ਉਥੋਂ ਸ਼ੁਰੂ ਹੁੰਦਾ ਹੈ ਜਦੋਂ 1000 ਲੋਕੀਂ ਇਕੱਠੇ ਰਹਿਣ ਲੱਗਦੇ ਹਨ। ਸਿਰਫ਼ ਤਾਂ ਹੀ ਨਗਰ ਪਾਲਿਕਾ ਵੱਲੋਂ ਜਲ ਨਿਕਾਸ, ਰੌਸ਼ਨੀ ਅਤੇ ਪਾਣੀ ਦੀ ਸਪਲਾਈ ਦੀ ਵਿਵਸਥਾ ਕੀਤੀ ਜਾ ਸਕਦੀ ਹੈ। | ਭਾਰਤ (ਬ੍ਰਿਟਿਸ਼) ਕੁੱਲ 244,000,000 ਲੋਕਾਂ ਵਿੱਚੋਂ 226,000,000 ਲੋਕੀਂ ਪਿੰਡਾਂ ਵਿੱਚ ਰਹਿੰਦੇ ਹਨ। |

-------o-------

ਇੰਗਲੈਂਡ – ਆਮ ਸਮਿਆਂ ਵਿੱਚ

| | |
|---|---|
| ਮੁਹੈਈਆ ਕਰਦਾ ਹੈ | 58% (ਆਬਾਦੀ ਦਾ – ਸੰ) ਉਦਯੋਗ ਨੂੰ |
| | 8% ਖੇਤੀਬਾੜੀ ਨੂੰ |
| ਭਾਰਤ ਦਿੰਦਾ ਹੈ | 71% ਖੇਤੀਬਾੜੀ ਨੂੰ |
| | 12% ਉਦਯੋਗ ਨੂੰ |
| | 5% ਵਪਾਰ ਨੂੰ |
| | 2% ਘਰੇਲੂ ਸੇਵਾਵਾਂ ਨੂੰ |
| | 1½% ਸੁਤੰਤਰ ਕਾਰੋਬਾਰਾਂ ਨੂੰ |
| | 1½% ਸੈਨਾ ਸਮੇਤ, ਸਰਕਾਰੀ ਸੇਵਾ ਨੂੰ |

– ਸਮੁੱਚੇ ਭਾਰਤ ਵਿੱਚ 31 ਕਰੋੜ 50 ਲੱਖ ਲੋਕਾਂ ਵਿੱਚੋਂ 22 ਕਰੋੜ 60 ਲੱਖ ਲੋਕੀਂ ਭੂਮੀ (ਖੇਤੀਬਾੜੀ) ਉੱਪਰ ਨਿਰਭਰ ਹਨ।

– ਉਹਨਾਂ ਵਿੱਚੋਂ 20 ਕਰੋੜ 80 ਲੱਖ ਲੋਕ ਸਿੱਧੇ ਰੂਪ ਵਿੱਚ ਖੇਤੀਬਾੜੀ ਉੱਪਰ ਜਿਉਂਦੇ ਹਨ ਜਾਂ ਨਿਰਭਰ ਹਨ।

*(ਮਾਊਂਟਫੋਰਡ ਰਿਪੋਰਟ)*[1]

---

*1. ਮਾਊਂਟਫੋਰਡ ਰਿਪੋਰਟ : ਭਾਰਤੀ ਸੰਵਿਧਾਨਕ ਸੁਧਾਰਾਂ ਤੇ ਤਿਆਰ ਕੀਤੀ ਗਈ ਰਿਪੋਰਟ। ਇਸ ਨੂੰ ਮਾਊਂਟਫੋਰਡ ਰਿਪੋਰਟ ਇਸ ਵਾਸਤੇ ਕਿਹਾ ਜਾਂਦਾ ਹੈ ਕਿ ਇਸਨੂੰ ਸੈਕਟਰੀ ਆਫ ਸਟੇਟ, ਮਾਂਟੇਗਊ, ਅਤੇ ਗਵਰਨਰ ਜਨਰਲ ਚੇਮਜ਼ਫੋਰਡ ਨੇ ਮਿਲਕੇ ਤਿਆਰ ਕੀਤਾ ਸੀ, ਇਹ ਰਿਪੋਰਟ 8 ਜੁਲਾਈ 1918 ਨੂੰ ਪੇਸ਼ ਕੀਤੀ ਗਈ।*

ਪੰਨਾ 288 (144)

ਕੁੱਲ ਖੇਤਰਫਲ – 1, 800, 000 ਵਰਗ ਮੀਲ

ਗਰੇਟ ਬ੍ਰਿਟੇਨ ਨਾਲੋਂ 20 ਗੁਣਾ ਵੱਡਾ

– 700, 000 ਵਰਗਮੀਲ ਜਾਂ 1/3 ਨਾਲੋਂ ਵੱਧ ਪ੍ਰਾਂਤਾਂ ਦੇ ਅਧੀਨ ਹੈ। ਭਾਰਤੀ ਪ੍ਰਾਂਤਾਂ ਦੀ ਸੰਖਿਆ 600 ਹੈ।

– ਬਰਮਾ ਫਰਾਂਸ ਨਾਲੋਂ ਵੱਡਾ ਹੈ। ਮਦਰਾਸ ਅਤੇ ਬੰਬਈ (ਪ੍ਰਾਂਤ), ਅਲੱਗ-ਅਲੱਗ ਇਟਲੀ ਨਾਲੋਂ ਵੱਡੇ ਹਨ।

-------o-------

ਭਾਰਤ ਦੀ ਕੁੱਲ ਜਨ ਸੰਖਿਆ (1921 ਦੀ ਮਰਦਮਸ਼ੁਮਾਰੀ) –

318, 942, 000

ਅਰਥਾਤ ਕੁੱਲ ਮਨੁੱਖ ਜਾਤੀ ਦਾ 1/5

– 247, 000, 000 ਆਬਾਦੀ ਬ੍ਰਿਟਿਸ਼ ਭਾਰਤ ਵਿੱਚ ਅਤੇ

71, 900, 000 ਪ੍ਰਾਂਤਾਂ (ਸੂਬਿਆਂ) ਵਿੱਚ ਹੈ

-------o-------

25 ਲੱਖ ਲੋਕ ਅੰਗਰੇਜ਼ੀ ਪੜ੍ਹਨੀ ਜਾਣਦੇ ਹਨ – ਪ੍ਰਤੀ ਇੱਕ ਹਜ਼ਾਰ ਮਰਦਾਂ ਵਿੱਚੋਂ 16

ਅਤੇ ਪ੍ਰਤੀ ਹਜ਼ਾਰ ਔਰਤਾਂ ਵਿੱਚੋਂ 2

**ਦੇਸੀ ਭਾਸ਼ਾਵਾਂ** ਦੀ ਕੁੱਲ ਸੰਖਿਆ 222 ਹੈ

**ਪਿੰਡਾਂ** ਦੀ ਕੁੱਲ ਸੰਖਿਆ 500,000. [1]

ਪੰਨਾ 288 (145)

**ਸਵੇਜ਼ ਨਹਿਰ 1869 ਵਿੱਚ ਖੁੱਲੀ।**

ਉਸ ਵਕਤ ਭਾਰਤ ਦਾ ਕੁੱਲ ਨਿਰਯਾਤ ਸੀ :

ਰੁ: 80 ਕਰੋੜ = £ 80, 000, 000

1926-27 ਅਤੇ ਉਸਤੋਂ ਪਹਿਲਾਂ ਦੇ ਦੋ ਵਰ੍ਹਿਆਂ ਵਿੱਚ ਇਸਦੀ ਔਸਤ ਸੀ :

ਰੁ: 350 ਕਰੋੜ ਅਰਥਾਤ ਲਗਭਗ £ 262, 500, 000

-------o-------

*1. ਉਪਰੋਕਤ ਸਾਰੇ ਅੰਕੜਿਆਂ ਦਾ ਸਰੋਤ ਸੰਭਾਵਤ : ਮਾਊਂਟਫੋਰਡ ਰਿਪੋਰਟ*

ਕੁੱਲ ਜਨ ਸੰਖਿਆ = 31 ਕਰੋੜ 90 ਲੱਖ

ਜਿਸ ਵਿੱਚੋਂ 3 ਕਰੋੜ 20 ਲੱਖ 50 ਹਜ਼ਾਰ ਅਰਥਾਤ 10.2 ਪ੍ਰਤੀਸ਼ਤ ਲੋਕ ਕਸਬਿਆਂ ਅਤੇ ਸ਼ਹਿਰਾਂ (ਸ਼ਹਿਰੀ ਖੇਤਰ) ਵਿੱਚ ਰਹਿੰਦੇ ਹਨ,

ਜਦੋਂ ਕਿ ਇੰਗਲੈਂਡ ਵਿੱਚ ਇਹ 79% ਹੈ। [1]

-------o-------

ਅਤੇ ਕੰਮ ਦਾ ਸਭ ਤੋਂ ਮੁਸ਼ਕਲ ਹਿੱਸਾ ਹੋਊਗਾ ਝੁੱਗੀਆਂ-ਝੌਂਪੜੀਆਂ ਵਿੱਚ ਰਹਿਣ ਵਾਲਿਆਂ ਦੇ ਦਿਮਾਗ ਵਿੱਚ ਕੁਝ ਬੇਹਤਰੀ ਦੀ ਇੱਛਾ ਨੂੰ ਭਰਨਾ।

*ਪੰ: 22*

*ਸਾਈਮਨ ਰਿਪੋਰਟ* [2]

-------o-------

ਪੰਨਾ 304[3]

**ਭਗਤ ਸਿੰਘ**

ਦੇ ਛੋਟੇ ਦਸਖਤ

ਤਾਰੀਖ 12.9.1929

-------o-------

*1. ਅੰਕੜਿਆਂ ਦਾ ਸਰੋਤ ਅਸਪੱਸ਼ਟ*

*2. ਸਾਈਮਨ ਰਿਪੋਰਟ : ਰਿਪੋਰਟ ਆਫ਼ ਦਾ ਇੰਡੀਅਨ ਸਟੇਟਯੂਟਰੀ ਕਮਿਸ਼ਨ (ਸਾਈਮਨ ਕਮਿਸ਼ਨ) (ਲੰਡਨ, 1930)*

*3. ਨੋਟ ਬੁੱਕ ਵਿੱਚ ਪੰਨਾ **289 ਤੋਂ** 303 **ਤੱਕ ਕੁੱਝ ਦਰਜ਼ ਨਹੀਂ** ਹੈ। ਨੋਟ ਬੁੱਕ ਦੇ ਪਹਿਲੇ ਪੰਨੇ ਤੇ ਨੋਟ ਬੁੱਕ ਪੰਨਿਆਂ ਦੀ ਸੰਖਿਆ 404 ਦਰਜ ਹੈ। ਪਰੰਤੂ ਪੰਨਾ 305 ਤੋਂ ਲੈ ਕੇ ਪੰਨਾ 404 ਤੱਕ ਦੇ ਪੰਨਿਆਂ ਦਾ ਕੋਈ ਥਹੁ ਪਤਾ ਨਹੀਂ ਹੈ। ਕੁੱਲ 304 ਪੰਨੇ ਉਪਲਬਧ ਹਨ ਜਿਹਨਾਂ ਉੱਪਰ ਰਬੜ ਦੀ ਮੋਹਰ ਨਾਲ ਨੰਬਰ ਪਾਏ ਗਏ ਹਨ। ਇਹ ਨੰਬਰ ਕਦੋਂ ਅਤੇ ਕਿਸਨੇ ਪਾਏ ਸਪਸ਼ਟ ਨਹੀਂ ਹੈ। ਬਾਦ ਦੇ 100 ਪੰਨਿਆਂ ਦਾ ਕੀ ਹੋਇਆ ? ਉਹ ਗੁੰਮ ਗਏ ਜਾਂ ਕਿਸੇ ਹੋਰ ਕੰਮ ਦੇ ਵਾਸਤੇ ਵਰਤ ਲਏ ਗਏ, ਇਹ ਵੀ ਸਪਸ਼ਟ ਨਹੀਂ ਹੈ।*

*ਭਗਤ ਸਿੰਘ ਨੇ ਕੁੱਲ 145 ਪੰਨਿਆਂ ਉੱਤੇ ਨੋਟਸ ਲਏ ਹਨ ਜਿਹਨਾਂ 'ਚ ਵਿੱਚੋਂ-ਵਿੱਚੋਂ ਖਾਲੀ ਪੰਨੇ ਹਨ।*

# ਜੈ ਦੇਵ ਦੇ ਨਾਮ ਪੱਤਰ✫

ਸੈਂਟਰਲ ਜੇਲ੍ਹ, ਲਾਹੌਰ
24 ਜੁਲਾਈ, 1930

*ਮੇਰੇ ਪਿਆਰੇ ਜੈਦੇਵ!*

ਕਿਰਪਾ ਕਰਕੇ ਹੇਠ ਲਿਖੀਆਂ ਕਿਤਾਬਾਂ ਦਵਾਰਕਾ ਨਾਥ ਲਾਇਬਰੇਰੀ ਤੋਂ ਮੇਰੇ ਨਾਂ ਤੇ ਜਾਰੀ ਕਰਵਾ ਕੇ ਸ਼ਨਿਚਰਵਾਰ ਨੂੰ ਕੁਲਬੀਰ ਦੇ ਹੱਥ ਭੇਜ ਦੇਣੀਆਂ।

ਮਟੀਰੀਅਲਿਜ਼ਮ : ਕਾਰਲ ਲੀਬਕਨੇਖਤ
ਵਹਾਈ ਮੈਨ ਫਾਈਟ : ਬੀ. ਰੱਸੇਲ
ਸੋਵੀਅਤਸ ਐਡ ਵਰਕ
ਕੋਲੈਪਸ ਆਫ ਸੈਕਿੰਡ ਇੰਟਰਨੈਸ਼ਨਲ
ਲੈਫਟ ਵਿੰਗ ਕਮਿਊਨਿਜ਼ਮ
ਮਿਊਚਲ ਏਡ : ਪ੍ਰਿੰਸ ਕ੍ਰੋਪਾਟਕਿਨ
ਫੀਲਡਜ਼, ਫੈਕਟਰੀਜ਼ ਐਂਡ ਵਰਕਸ਼ਾਪ
ਸਿਵਲ ਵਾਰ ਇਨ ਫਰਾਂਸ : ਮਾਰਕਸ
ਲੈਂਡ ਰੈਵੋਲਿਊਸ਼ਨ ਇਨ ਏਸ਼ੀਆ, ਅਤੇ
ਅਪਟਨ ਸਿਨਕਲੇਅਰ ਦੀ 'ਸਪਾਈ'।

ਮਿਹਰਬਾਨੀ ਕਰਕੇ ਜੇ ਹੋ ਸਕੇ ਤਾਂ ਮੈਨੂੰ ਇੱਕ ਕਿਤਾਬ ਹੋਰ ਭੇਜਣ ਦਾ ਪ੍ਰਬੰਧ ਕਰਨਾ ਜਿਸਦਾ ਨਾਂ 'ਥਿਊਰੀ ਆਫ ਹਿਸਟੋਰੀਕਲ ਮਟੀਰੀਅਲਿਜ਼ਮ : ਬੁਖਾਰਿਨ' ਹੈ। ਇਹ ਪੰਜਾਬ ਪਬਲਿਕ ਲਾਇਬਰੇਰੀ ਵਿੱਚੋਂ ਮਿਲ ਜਾਊਗੀ, ਅਤੇ ਲਾਇਬਰੇਰੀ ਦੇ ਪ੍ਰਧਾਨ ਤੋਂ ਇਹ ਪਤਾ ਕਰਨਾ ਕਿ ਕੁੱਝ ਕਿਤਾਬਾਂ ਕੀ ਬੋਸਟਰਲ ਜੇਲ੍ਹ ਵਿੱਚ ਭੇਜੀਆਂ ਗਈਆਂ ਹਨ? ਉਹਨਾਂ ਨੂੰ ਕਿਤਾਬਾਂ ਦੀ ਬਹੁਤ ਲੋੜ ਹੈ। ਉਹਨਾਂ ਨੇ ਸੁਖਦੇਵ ਦੇ ਭਾਈ ਜੈ ਦੇਵ ਦੇ ਹੱਥੀਂ ਇਹ ਸੂਚੀ ਭੇਜੀ ਸੀ ਪਰੰਤੂ ਉਹਨਾਂ ਨੂੰ ਅਜੇ ਤੱਕ ਕਿਤਾਬਾਂ ਨਹੀਂ ਮਿਲੀਆਂ। ਜੇਕਰ ਉਹਨਾਂ ਦੀ (ਲਾਇਬਰੇਰੀ) ਕੋਲੇ ਸੂਚੀ ਨਾ ਹੋਵੇ ਤਾਂ ਕਿਰਪਾ ਕਰਕੇ ਲਾਲਾ ਫਿਰੋਜ਼ਚੰਦ ਤੋਂ ਜਾਣਕਾਰੀ ਲੈ ਲੈਣਾ ਅਤੇ ਉਹਨਾਂ ਦੀ ਪਸੰਦ ਦੀਆਂ ਕੁੱਝ ਰੌਚਕ ਕਿਤਾਬਾਂ ਭੇਜ ਦੇਣਾ। ਇਸ ਐਤਵਾਰ ਜਦੋਂ ਮੈਂ ਉਥੇ ਜਾਵਾਂ ਤਾਂ ਉਹਨਾਂ ਕੋਲੇ ਕਿਤਾਬਾਂ ਪਹੁੰਚੀਆਂ ਹੋਣੀਆਂ ਚਾਹੀਦੀਆਂ ਹਨ। ਮੇਹਰਬਾਨੀ ਕਰਕੇ ਇਹ ਕੰਮ ਹਰ ਹੀਲੇ ਕਰ ਦੇਣਾ। ਇਸਦੇ ਨਾਲ ਡਾਰਲਿਗ ਦੀ 'ਪੰਜਾਬ ਪੇਜੈਂਟਰੀ ਇਨ ਪਰਾਸਪੈਰਿਟੀ ਐਂਡ ਡੈਟ' ਅਤੇ ਇਸ ਤਰ੍ਹਾਂ ਦੀਆਂ ਇੱਕ ਦੋ ਹੋਰ ਕਿਤਾਬਾਂ ਕਿਸਾਨ ਸਮੱਸਿਆ ਬਾਰੇ ਡਾ. ਆਲਮ ਦੇ ਵਾਸਤੇ ਭੇਜ ਦੇਣਾ।

ਉਮੀਦ ਹੈ ਤੁਸੀਂ ਇਹਨਾਂ ਤਕਲੀਫਾਂ ਨੂੰ ਜ਼ਿਆਦਾ ਮਹਿਸੂਸ ਨਹੀਂ ਕਰੋਗੇ। ਭਵਿੱਖ ਵਿੱਚ ਮੈਂ ਤੁਹਾਨੂੰ ਯਕੀਨ ਦਿਵਾਉਂਦਾ ਹਾਂ ਕਿ ਤੁਹਾਨੂੰ ਕਦੇ ਵੀ ਕੋਈ ਤਕਲੀਫ਼ ਨਹੀਂ ਦੇਵਾਂਗਾ। ਸਾਰੇ ਦੋਸਤਾਂ ਨੂੰ ਮੇਰੀ ਯਾਦ ਆਖਣਾ ਅਤੇ ਲੱਜਾਵਤੀ ਜੀ ਨੂੰ ਮੇਰੇ ਵੱਲੋਂ ਨਮਸਕਾਰ। ਉਮੀਦ ਹੈ ਕਿ ਜੇ ਦੱਤ ਦੀ ਭੈਣ ਆਵੇ ਤਾਂ ਉਹ ਮੇਰੇ ਨਾਲ ਮੁਲਾਕਾਤ ਕਰਨ ਦਾ ਕਸ਼ਟ ਕਰੇਗੀ।

ਆਦਰ ਸਹਿਤ,
ਭਗਤ ਸਿੰਘ

---

*✫ ਆਪਣੇ ਬਚਪਨ ਦੇ ਦੋਸਤ ਜੈ ਦੇਵ ਦੇ ਨਾਂ ਭਗਤ ਸਿੰਘ ਇਹ ਖਤ ਕਿਤਾਬਾਂ ਪ੍ਰਤੀ ਉਹਨਾਂ ਦੀ ਭੁੱਖ ਦਾ ਸਬੂਤ ਹੈ। ਇਹਨਾਂ ਵਿੱਚੋਂ ਅਨੇਕਾਂ ਕਿਤਾਬਾਂ ਦੇ ਨੋਟਸ ਇਸ ਨੋਟ ਬੁੱਕ ਵਿੱਚ ਮਿਲਦੇ ਹਨ ਜਿਹਨਾਂ ਤੋਂ ਪਤਾ ਲੱਗਦਾ ਹੈ ਕਿ ਇਹ ਕਿਤਾਬਾਂ ਉਹਨਾਂ ਕੋਲੇ ਪੁੱਜ ਗਈਆਂ ਸਨ। ਖਤ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਭਗਤ ਸਿੰਘ ਆਪਣੇ ਸਾਥੀਆਂ ਦੇ ਅਧਿਐਨ ਦੇ ਬਾਰੇ ਵਿੱਚ ਵੀ ਸੁਚੇਤ ਸੀ ਅਤੇ ਉਹ ਜੇਲ੍ਹ ਦੇ ਵਿੱਚੋਂ ਹੀ ਯਥਾ ਸੰਭਵ ਕਰਨ ਦੀ ਕੋਸ਼ਿਸ਼ ਕਰਦਾ ਰਹਿੰਦਾ ਸੀ।*

# ਇਨਕਲਾਬੀ ਅੰਦੋਲਨ ਦਾ ਸਿਧਾਂਤਕ ਵਿਕਾਸ

## (ਚਾਪੇਕਰ ਭਰਾਵਾਂ ਤੋਂ ਭਗਤ ਸਿੰਘ ਤੱਕ)

**ਸ਼ਿਵ ਵਰਮਾ**

ਸੁਤੰਤਰਤਾ ਸੰਗਰਾਮ ਵਿੱਚ ਇਨਕਲਾਬੀਆਂ ਦੇ ਪ੍ਰਵੇਸ਼ ਦਾ ਐਲਾਨ ਕਰਨ ਵਾਲਾ ਪਹਿਲਾ ਧਮਾਕਾ 1897 ਵਿੱਚ ਪੂਨਾ ਵਿਖੇ ਚਾਪੇਕਰ ਭਰਾਵਾਂ ਨੇ ਕੀਤਾ ਸੀ। ਪੂਨਾ ਸ਼ਹਿਰ ਵਿੱਚ ਉਨੀ ਦਿਨੀਂ ਪਲੇਗ ਪੂਰੇ ਜ਼ੋਰਾਂ 'ਤੇ ਸੀ। ਰੈਂਡ ਨਾਂ ਦੇ ਇੱਕ ਅੰਗਰੇਜ਼ ਨੂੰ ਉੱਥੇ ਪਲੇਗ ਕਮਿਸ਼ਨਰ ਬਣਾਕੇ ਭੇਜਿਆ ਗਿਆ ਸੀ। ਉਹ ਬਹੁਤ ਹੀ ਜ਼ਾਲਮ ਅਤੇ ਤਾਨਾਸ਼ਾਹ ਕਿਸਮ ਦਾ ਆਦਮੀ ਸੀ। ਉਸਨੇ ਪਲੇਗ ਤੋਂ ਪ੍ਰਭਾਵਤ ਘਰਾਂ ਨੂੰ ਬਿਨਾਂ ਕਿਸੇ ਛੋਟ ਦੇ ਖਾਲੀ ਕਰਵਾਉਣ ਦਾ ਹੁਕਮ ਜਾਰੀ ਕੀਤਾ। ਜਿੱਥੋਂ ਤੱਕ ਉਸ ਹੁਕਮ ਦਾ ਸਵਾਲ ਹੈ, ਉਸ ਵਿੱਚ ਕੋਈ ਗਲਤ ਗੱਲ ਨਹੀਂ ਸੀ। ਪਰੰਤੂ ਜਿਸ ਤਰ੍ਹਾਂ ਰੈਂਡ ਨੇ ਇਸ ਹੁਕਮ ਤੇ ਅਮਲ ਕਰਵਾਇਆ, ਉਸ ਨਾਲ ਉਹ ਲੋਕਾਂ ਦੀਆਂ ਨਿਗਾਹਾਂ ਵਿੱਚ ਬੁਰਾ ਪੈ ਗਿਆ। ਲੋਕਾਂ ਨੂੰ ਉਹਨਾਂ ਦੇ ਘਰਾਂ ਵਿੱਚੋਂ ਕੱਢਿਆ ਗਿਆ ਅਤੇ ਉਹਨਾਂ ਨੂੰ ਕੱਪੜੇ, ਬਰਤਨ ਆਦਿ ਤੱਕ ਲੈ ਜਾਣ ਵਾਸਤੇ ਕੋਈ ਵਕਤ ਨਹੀਂ ਦਿੱਤਾ ਗਿਆ।

4 ਮਈ 1897 ਨੂੰ ਲੋਕ ਮਾਨਯ ਤਿਲਕ ਨੇ ਆਪਣੇ ਅਖਬਾਰ 'ਕੇਸਰੀ' ਵਿੱਚ ਇੱਕ ਲੇਖ ਲਿਖਕੇ ਨਾ ਸਿਰਫ਼ ਹੇਠਲੇ ਅਧਿਕਾਰੀਆਂ ਉੱਪਰ ਬਲਕਿ ਖੁਦ ਸਰਕਾਰ ਉੱਤੇ ਇਹ ਦੋਸ਼ ਲਾਇਆ ਕਿ ਉਹ ਜਾਣ ਬੁੱਝਕੇ ਲੋਕਾਂ ਨੂੰ ਤੰਗ ਕਰ ਰਹੀ ਹੈ। ਉਹਨਾਂ ਨੇ ਰੈਂਡ ਨੂੰ ਤਾਨਾਸ਼ਾਹ ਆਖਿਆ ਅਤੇ ਸਰਕਾਰ ਉਪਰ 'ਦਮਨ ਦਾ ਸਹਾਰਾ ਲੈਣ' ਦਾ ਇਲਜ਼ਾਮ ਲਾਇਆ।

ਫੇਰ ਆਇਆ ਸ਼ਿਵਾ ਜੀ ਸਮਾਰੋਹ। ਇਸ ਅਵਸਰ 'ਤੇ 12 ਜੂਨ 1897 ਨੂੰ ਇੱਕ ਜਨਤਕ ਇਕੱਠ ਵਿੱਚ ਪ੍ਰਧਾਨਗੀ ਭਾਸ਼ਣ ਵਿੱਚ ਤਿਲਕ ਨੇ ਆਖਿਆ, "ਕੀ ਸ਼ਿਵਾਜੀ ਨੇ ਅਫਜ਼ਲ ਖਾਂ ਨੂੰ ਮਾਰਕੇ ਕੋਈ ਪਾਪ ਕੀਤਾ ਸੀ ? ਇਸ ਪ੍ਰਸ਼ਨ ਦਾ ਜਵਾਬ ਮਹਾਂਭਾਰਤ ਵਿੱਚੋਂ ਮਿਲ ਜਾਂਦਾ ਹੈ। ਗੀਤਾ ਵਿੱਚ ਸ਼੍ਰੀਮਨ ਕ੍ਰਿਸ਼ਨ ਨੇ ਆਪਣੇ ਗੁਰੂਆਂ ਅਤੇ ਮਿੱਤਰਾਂ ਰਿਸ਼ਤੇਦਾਰਾਂ ਤੱਕ ਨੂੰ ਮਾਰਨ ਦਾ ਉਪਦੇਸ਼ ਦਿੱਤਾ ਹੈ। ਉਹਨਾਂ ਦੇ ਮੁਤਾਬਿਕ ਜੇ ਕੋਈ ਵਿਅਕਤੀ ਨਿਸ਼ਕਾਮ ਭਾਵਨਾ ਨਾਲ ਕਰਮ ਕਰਦਾ ਹੈ ਤਾਂ ਉਹ ਕਿਸੇ ਵੀ ਤਰ੍ਹਾਂ ਪਾਪ ਦਾ ਭਾਗੀ ਨਹੀਂ ਬਣਦਾ ਹੈ। ਸ਼੍ਰੀ ਸ਼ਿਵਾਜੀ ਨੇ ਪੇਟ ਭਰਨ ਵਾਸਤੇ ਕੁੱਝ ਨਹੀਂ ਸੀ ਕੀਤਾ। ਬਹੁਤ ਹੀ ਨੇਕ ਇਰਾਦੇ ਦੇ ਨਾਲ, ਦੂਜਿਆਂ ਦੀ ਭਲਾਈ ਦੇ ਵਾਸਤੇ, ਉਹਨਾਂ ਨੇ ਅਫ਼ਜ਼ਲ ਖਾਂ ਦਾ ਕਤਲ ਕੀਤਾ। ਅਗਰ ਚੋਰ ਸਾਡੇ ਘਰ ਵਿੱਚ ਆ ਵੜਨ ਅਤੇ ਸਾਡੇ ਵਿੱਚ ਉਹਨਾਂ ਨੂੰ ਬਾਹਰ ਕੱਢ ਦੇਣ ਦੀ ਤਾਕਤ ਨਾ ਹੋਵੇ ਤਾਂ ਸਾਨੂੰ ਬਿਨਾਂ ਝਿਜਕਣ ਦੇ ਦਰਵਾਜ਼ਾ ਬੰਦ ਕਰਕੇ ਉਹਨਾਂ ਨੂੰ ਜਿਉਂਦੇ ਸਾੜ ਫੂਕ ਦੇਣਾ ਚਾਹੀਦਾ ਹੈ। ਭਗਵਾਨ ਨੇ ਹਿੰਦੁਸਤਾਨ ਦੇ ਰਾਜ ਦਾ ਪੈਂਦਾ ਤਾਮਰ-ਪੱਤਰ ਤੇ ਲਿਖਕੇ ਬਦੇਸ਼ੀਆਂ ਨੂੰ ਤਾਂ ਨਹੀਂ ਦਿੱਤਾ ਹੈ। ਸ਼ਿਵਾਜੀ ਮਹਾਰਾਜ ਨੇ ਉਹਨਾਂ ਨੂੰ ਆਪਣੀ ਮਾਤ੍ਰਭੂਮੀ ਤੋਂ ਬਾਹਰ ਖਦੇੜਨ ਦੀ ਕੋਸ਼ਿਸ਼ ਕੀਤੀ। ਅਜਿਹਾ ਕਰਕੇ ਉਹਨਾਂ ਨੇ ਦੂਜਿਆਂ ਦੀ ਕੋਈ ਵਸਤੂ ਹੜੱਪਣ ਦਾ ਪਾਪ ਨਹੀਂ ਕੀਤਾ। ਖੂਹ ਦੇ ਡੱਡੂ ਦੀ ਤਰ੍ਹਾਂ ਆਪਣੀ ਸੋਚਣੀ ਨੂੰ ਸੌੜਾ ਨਾ ਕਰੋ, ਤਾਜ਼ੀਰਾਤੇ-ਹਿੰਦ ਦੀ ਕੈਦ ਤੋਂ ਬਾਹਰ ਨਿੱਕਲੋ, ਸ਼੍ਰੀਮਦ ਭਗਵਤ ਗੀਤਾ ਦੇ ਅਤਿਅੰਤ ਉੱਚੇ ਵਾਤਾਵਰਣ ਵਿੱਚ ਪਹੁੰਚੋ ਅਤੇ ਮਹਾਨ ਵਿਅਕਤੀਆਂ ਦੇ ਕਾਰਜਾਂ ਬਾਰੇ ਵਿਚਾਰ ਕਰੋ।"[1]

ਅਤੇ 22 ਜੂਨ ਨੂੰ ਚਾਪੇਕਰ ਭਰਾਵਾਂ ਨੇ ਰੈਂਡ ਅਤੇ ਐਵਰਸਟ ਨੂੰ ਮਾਰ ਦਿੱਤਾ। ਇਸ ਤਰ੍ਹਾਂ ਉੱਪਰੋਂ ਵੇਖਣ ਨੂੰ ਇੰਝ ਲੱਗਦਾ ਹੈ ਕਿ ਚਾਪੇਕਰ ਭਾਈਆਂ ਦੇ ਕਾਰਜ ਦੀ ਤਤਕਾਲੀ ਪ੍ਰੇਰਕ ਤੱਤ ਰੈਂਡ ਦੀ ਤਾਨਾਸ਼ਾਹੀ ਅਤੇ ਤਿਲਕ ਦਾ ਭਾਸ਼ਣ ਸਨ। ਪਰੰਤੂ ਇਹ ਸਿਰਫ਼ ਅਧੂਰਾ-ਸੱਚ ਹੈ। ਦਰਅਸਲ, ਚਾਪੇਕਰ ਭਰਾਵਾਂ ਦੇ ਵਿਚਾਰ ਮਹਾਂਮਾਰੀ ਫੈਲਣ ਜਾਂ ਰੈਂਡ ਦੇ ਪੂਨਾ ਆਉਣ ਤੋਂ ਬਹੁਤ ਪਹਿਲਾਂ ਤੋਂ ਹੀ ਇੱਕ ਸ਼ਕਲ ਅਖਤਿਆਰ ਕਰਨ ਵਿੱਚ ਲੱਗੇ ਸਨ।

1894 ਵਿੱਚ ਹੀ ਚਾਪੇਕਰ ਭਰਾਵਾਂ ਨੇ ਪੂਨਾ ਵਿਖੇ ਸ਼ਰੀਰਕ ਅਤੇ ਸੈਨਿਕ ਸਿਖਲਾਈ ਦੇਣ ਦੇ ਵਾਸਤੇ "ਹਿੰਦੂ ਧਰਮ ਅਵਰੋਧ ਨਿਵਾਰਣ ਸੰਗਤੀ" ਕਾਇਮ ਕਰ ਰੱਖੀ ਸੀ ਜਿਸਨੂੰ 'ਹਿੰਦੂ ਸੰਰਕਸ਼ਣੀ ਸੰਮਤੀ' ਵੀ ਕਿਹਾ ਜਾਂਦਾ ਸੀ। ਇਹ ਸੰਮਤੀ ਹਰ ਸਾਲ ਨਿਯਮਪੂਰਵਕ ਸ਼ਿਵਾਜੀ ਅਤੇ ਗਣਪਤੀ ਸਮਾਰੋਹ ਆਯੋਜਤ ਕਰਦੀ ਸੀ। ਇਹਨਾਂ ਸਮਾਰੋਹਾਂ ਵਿੱਚ ਚਾਪੇਕਰ ਭਰਾਵਾਂ ਵੱਲੋਂ ਪੜ੍ਹੇ ਜਾਂਦੇ ਸ਼ਲੋਕਾਂ ਤੋਂ ਉਹਨਾਂ ਦੀ ਭਾਵਨਾ ਦਾ ਪਤਾ ਲੱਗਦਾ ਹੈ। ਲੋਕਾਂ ਨੂੰ ਤਲਵਾਰ ਚੁੱਕਣ ਦੀ ਅਪੀਲ ਕਰਦੇ ਹੋਏ, "ਸ਼ਿਵਾਜੀ ਸ਼ਲੋਕ" ਆਖਦਾ ਹੈ :

"ਭੰਡਾਂ ਦੀ ਤਰ੍ਹਾਂ ਸ਼ਿਵਾਜੀ ਦੀ ਕਹਾਣੀ ਦੁਹਰਾਉਣ ਦੇ ਨਾਲ ਹੀ ਸੁਤੰਤਰਤਾ ਪ੍ਰਾਪਤ ਨਹੀਂ ਕੀਤੀ ਜਾ ਸਕਦੀ। ਜ਼ਰੂਰਤ ਇਸਦੀ ਹੈ ਕਿ ਸ਼ਿਵਾਜੀ ਅਤੇ ਬਾਜੀ ਦੀ ਤਰ੍ਹਾਂ ਤੇਜ਼ੀ ਨਾਲ ਕੰਮ ਕੀਤੇ ਜਾਣ। ਅੱਜ ਹਰ ਇੱਕ ਭਲੇਮਾਨਸ ਆਦਮੀ ਨੂੰ ਤਲਵਾਰ ਅਤੇ ਢਾਲ ਫੜ ਲੈਣੀ ਚਾਹੀਦੀ ਹੈ। ਇਹ ਜਾਣਦਿਆਂ ਹੋਇਆਂ ਕਿ ਸਾਨੂੰ ਰਾਸ਼ਟਰੀ ਸੰਗਰਾਮ ਦੇ ਰਣਖੇਤਰ ਵਿੱਚ ਪ੍ਰਾਣਾਂ ਦਾ ਖਤਰਾ ਉਠਾਉਣਾ ਪਵੇਗਾ। ਅਸੀਂ ਧਰਤੀ ਉੱਤੇ ਉਹਨਾਂ ਦੁਸ਼ਮਣਾਂ ਦਾ ਖੂਨ ਵਹਾ ਦੇਵਾਂਗੇ ਜਿਹੜੇ ਸਾਡੇ ਧਰਮ ਦਾ ਵਿਨਾਸ਼ ਕਰ ਰਹੇ ਹਨ। ਅਸੀਂ ਤਾਂ ਮਾਰਕੇ ਮਰ ਜਾਵਾਂਗੇ, ਪਰੰਤੂ ਤੁਸੀਂ ਔਰਤਾਂ ਦੀ ਭਾਂਤਿ ਸਿਰਫ਼ ਕਹਾਣੀਆਂ ਸੁਣਾਉਂਦੇ ਰਹੋਗੇ।"[2]

'ਗਣਪਤੀ ਸ਼ਲੋਕ' ਤਾਂ 'ਸ਼ਿਵਾਜੀ ਸ਼ਲੋਕ' ਤੋਂ ਵੀ ਵੱਧ ਗਰਮ ਸੀ। ਗਊ ਅਤੇ ਧਰਮ ਦੀ ਰੱਖਿਆ ਦੇ ਵਾਸਤੇ ਉੱਠ ਖੜੇ ਹੋਣ ਦੀ ਅਪੀਲ ਕਰਦਿਆਂ ਇਸ ਵਿੱਚ ਹਿੰਦੂਆਂ ਨੂੰ ਕਿਹਾ ਗਿਆ ਹੈ, "ਅਫਸੋਸ ! ਤੁਸੀਂ ਗੁਲਾਮੀ ਦੀ ਜ਼ਿੰਦਗੀ ਤੇ ਸ਼ਰਮਿੰਦਾ ਨਹੀਂ ਹੋ ; ਜਾਵੋ, ਆਤਮਹੱਤਿਆ ਕਰ ਲਵੋ। ਉਫ਼ ! ਇਹ ਕਮੀਨੇ ਕਸਾਈਆਂ ਦੀ ਤਰ੍ਹਾਂ ਗਊਆਂ ਅਤੇ ਵੱਛਿਆਂ ਨੂੰ ਮਾਰ ਰਹੇ ਹਨ ; ਉਸਨੂੰ (ਗਊ ਨੂੰ) ਇਸ ਸੰਕਟ ਤੋਂ ਮੁਕਤ ਕਰਾਵੋ, ਮਰੋ ਪਰੰਤੂ ਅੰਗਰੇਜ਼ਾਂ ਨੂੰ ਮਾਰਕੇ, ਨਪੁੰਸਕ ਬਣਕੇ ਧਰਤੀ ਤੇ ਬੋਝ ਨਾ ਬਣੋ। ਇਸ ਦੇਸ਼ ਨੂੰ ਹਿੰਦੁਸਤਾਨ ਕਿਹਾ ਜਾਂਦਾ ਹੈ, ਅੰਗਰੇਜ਼ ਭਲਾ ਕਿਸ ਤਰ੍ਹਾਂ ਏਥੇ ਰਾਜ ਕਰ ਰਹੇ ਹਨ ?"[3]

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਚਾਪੇਕਰ ਭਰਾ ਅਤੇ ਉਹਨਾਂ ਦੇ ਸਹਿਯੋਗੀ ਮੁੱਖ ਤੌਰ ਤੇ ਤਿੱਖੀਆਂ ਧਾਰਮਕ ਭਾਵਨਾਵਾਂ ਤੋਂ ਪ੍ਰੇਰਿਤ ਸਨ ਅਤੇ ਉਹਨਾਂ ਦਾ ਦ੍ਰਿਸ਼ਟੀਕੋਣ ਘੋਰ ਕੱਟੜਪੰਥੀ ਸੀ, ਸੰਭਾਵਤ ਏਸੇ ਕਾਰਣ ਕਰਕੇ ਉਹ ਬ੍ਰਿਟਿਸ਼ ਵਿਰੋਧੀ ਹੀ ਨਹੀਂ, ਮੁਸਲਿਮ ਵਿਰੋਧੀ ਵੀ ਸਨ।

ਚਾਪੇਕਰ ਭਰਾਵਾਂ ਦੀ ਦੇਸ਼ ਭਗਤੀ ਹਿੰਦੂਤਵ ਉੱਪਰ ਆਧਾਰਿਤ ਸੀ। ਉਹ ਹਿੰਦੂ ਧਰਮ ਅਤੇ ਗਊ ਰੱਖਿਆ ਦੇ ਵਾਸਤੇ ਅੰਗਰੇਜ਼ਾਂ ਨੂੰ ਬਾਹਰ ਭਜਾਉਣਾ ਚਾਹੁੰਦੇ ਸਨ। ਰੈਂਡ ਦੀ ਹੱਤਿਆ ਵੀ ਇੱਕ ਅਜਿਹੇ ਵਿਅਕਤੀ ਦੇ ਪ੍ਰਤੀ ਉਹਨਾਂ ਦੀ ਡੂੰਘੀ ਨਫ਼ਰਤ ਦਾ ਨਤੀਜਾ ਸੀ ਜੋ ਆਪਣੀਆਂ ਦਮਨ ਅਤੇ ਤਾਨਾਸ਼ਾਹੀ ਕਾਰਵਾਈਆਂ ਦੇ ਕਾਰਣ ਸਮੁੱਚੇ ਲੋਕਾਂ ਦੀ ਘ੍ਰਿਣਾ ਦਾ ਪਾਤਰ ਬਣ ਗਿਆ ਸੀ।

ਜਿੱਥੋਂ ਤੱਕ ਉਹਨਾਂ ਨੂੰ ਪ੍ਰੇਰਿਤ ਕਰਨ ਵਾਲੇ ਹੋਰਨਾਂ ਕਾਰਣਾਂ ਦਾ ਸਵਾਲ ਹੈ, ਇਸਦਾ ਕੋਈ ਸਬੂਤ ਨਹੀਂ ਮਿਲਦਾ ਕਿ ਉਹ 1857 ਦੇ ਭਾਰਤੀ ਸੁਤੰਤਰਤਾ ਸੰਗਰਾਮ ਤੋਂ ਜਾਂ ਫਰਾਂਸੀਸੀ ਤੇ ਇਤਾਲਵੀ ਇਨਕਲਾਬਾਂ ਤੋਂ ਪ੍ਰੇਰਿਤ ਹੋਏ ਹੋਣ।

ਇਹਨਾਂ ਤਮਾਮ ਸੀਮਾਵਾਂ ਦੇ ਬਾਵਜੂਦ ਮੁਕੱਦਮੇ ਦੇ ਦੌਰਾਨ ਜਾਂ ਬਾਅਦ ਵਿੱਚ, ਚਾਪੇਕਰ ਭਰਾਵਾਂ ਨੇ ਜਿਸ ਵੀਰਤਾ, ਸਾਹਸ ਅਤੇ ਆਤਮ-ਬਲੀਦਾਨ ਦੀ ਭਾਵਨਾ ਦਾ ਪਰਿਚੈ ਦਿੱਤਾ ਉਸਦੇ ਮਹੱਤਵ ਨੂੰ ਕਿਸੇ ਤਰ੍ਹਾਂ ਵੀ ਘੱਟ ਕਰਕੇ ਅੰਕਿਆ ਨਹੀਂ ਜਾ ਸਕਦਾ। ਸਿਰ ਉੱਚਾ ਕਰਕੇ ਤਿੰਨਾਂ ਭਰਾਵਾਂ ਨੇ ਫਾਂਸੀ ਦੇ ਫੰਦੇ ਨੂੰ ਚੁੰਮਿਆ।

ਗੁਲਾਮੀ ਅਤੇ ਆਜ਼ਾਦੀ ਦੀਆਂ ਸਮੱਸਿਆਵਾਂ ਦੇ ਪ੍ਰਤੀ ਇਹ ਧਾਰਮਕ ਦ੍ਰਿਸ਼ਟੀਕੋਣ ਚਾਪੇਕਰ ਭਰਾਵਾਂ ਤੱਕ ਹੀ ਸੀਮਤ ਨਹੀਂ ਸੀ। ਸਾਵਰਕਰ ਭਰਾ ਵੀ ਧਾਰਮਿਕ ਹੀ ਰਹੇ... ਬੰਗਾਲ ਦੇ ਇਨਕਲਾਬੀਆਂ ਨੇ ਵੀ ਧਰਮ ਦੇ ਸਹਾਰੇ ਲੋਕਾਂ ਨੂੰ ਉਭਾਰਿਆ ਸੀ। ਇਸ ਵਾਕ ਤੋਂ ਸ਼ਾਇਦ ਇਹ ਗਲਤਫਹਿਮੀ ਹੋਵੇ ਕਿ ਉਹ ਧਰਮ ਨੂੰ ਨਹੀਂ ਮੰਨਦੇ ਸਨ ਸਿਰਫ਼ ਉਭਾਰਨ ਦਾ ਕੰਮ ਉਸਤੋਂ ਲੈਂਦੇ ਸਨ। ਇਸ ਵਾਸਤੇ ਇਹ ਆਖ ਦੇਣਾ ਜ਼ਰੂਰੀ ਹੈ ਕਿ ਉਹ ਖੁਦ ਧਰਮ ਦੇ ਕੱਟੜ ਮੰਨਣਵਾਲੇ ਸਨ।[4]

1902 ਵਿੱਚ ਕਲਕੱਤਾ ਵਿਖੇ ਕਾਇਮ ਅਨੁਸ਼ੀਲਨ ਸੰਮਤੀ ਦੀ ਕਾਰਜ-ਪ੍ਰਣਾਲੀ ਦਾ ਵਰਨਣ ਕਰਦੇ ਹੋਇਆਂ ਤਾਰਿਣੀਸ਼ੰਕਰ ਚੱਕਰਵਰਤੀ ਲਿਖਦੇ ਹਨ : "ਇਨਕਲਾਬੀ ਕਾਰਜ ਦੇ ਲਈ ਜੋ ਇਸ ਸੰਮਤੀ ਵਿੱਚ ਆਉਂਦੇ ਸਨ, ਉਹਨਾਂ ਨੂੰ ਇੱਕ ਵਰਗ ਅਤੇ ਧਰਮ ਵਿਸ਼ੇਸ਼ ਵਿੱਚ ਜਿਹਨਾਂ ਨੂੰ ਸ਼ਰਧਾ ਨਹੀਂ ਸੀ ਪਰੰਤੂ ਇਨਕਲਾਬੀ ਕਾਰਜਾਂ ਵਿੱਚ ਵਿਸ਼ੇਸ਼ ਯਕੀਨ ਸੀ, ਅਜਿਹੇ ਲੜਕਿਆਂ ਨੂੰ ਦੂਜੇ ਵਰਗ ਵਿੱਚ ਰੱਖਿਆ ਜਾਂਦਾ ਸੀ", "ਧਰਮ ਦੇ ਪ੍ਰਤੀ ਜੋ ਸ਼ਰਧਾਵਾਨ ਸਨ ਉਹ ਇਸ ਬਗੀਚੇ (ਮਾਨਿਕਤਲਾ ਬਾਗਾਨ - ਸੰ.) ਵਿੱਚ ਰਹਿੰਦੇ ਸਨ----। ਇਹ ਲੜਕੇ ਹੀ ਉਦੋਂ ਅੱਵਲ ਦਰਜੇ ਦੇ ਇਨਕਲਾਬੀ ਸਮਝੇ ਜਾਂਦੇ ਸਨ।"[5]

ਉਸ ਸਮੇਂ ਬੰਗਾਲ ਦੇ ਇਨਕਲਾਬੀਆਂ ਦਾ ਬਹੁਮੱਤ ਬੰਕਿਮ ਚੰਦਰ ਚੈਟਰਜੀ ਅਤੇ ਸਵਾਮੀ ਵਿਵੇਕਾਨੰਦ ਤੋਂ ਬੇਹੱਦ ਪ੍ਰਭਾਵਿਤ ਸੀ, "ਅਨੁਸ਼ੀਲਨ ਸੰਮਤੀ ਦੇ ਮੈਂਬਰਾਂ ਨੂੰ ਹਿੰਦੂ ਗਰੰਥਾਂ, ਖਾਸ ਤੌਰ ਤੇ ਗੀਤਾ ਨੂੰ ਬਹੁਤ ਧਿਆਨ ਨਾਲ ਪੜਨਾ ਪੈਂਦਾ ਸੀ।"[6]

"ਬੰਕਿਮ ਚੰਦਰ ਚੈਟਰਜੀ ਅਤੇ ਸਵਾਮੀ ਵਿਵੇਕਾਨੰਦ ਦੀ ਬੌਧਿਕ ਪਰੰਪਰਾ ਵਿੱਚ ਪਲੇ ਪੜੇ ਬੰਗਾਲ ਦੇ ਵੀਹਵੀਂ ਸਦੀ ਦੇ ਪਹਿਲੇ ਦਹਾਕੇ ਦੇ ਇਹ ਇਨਕਲਾਬੀ ਧਾਰਮਕ ਰੀਤੀ ਰਿਵਾਜਾਂ, ਕਰਮ ਕਾਂਡਾਂ ਤੋਂ ਅਤੇ ਪ੍ਰਾਚੀਨ ਤੇ ਤਤਕਾਲੀ, ਹਿੰਦੂਤਵ ਦੇ ਪੌਰਾਣਿਕ ਵਿਖਿਆਣਾਂ, ਪ੍ਰਤੀਕਾਂ, ਗੀਤਾਂ ਅਤੇ ਨਾਹਰਿਆਂ ਤੋਂ ਪ੍ਰੇਰਣਾ ਗ੍ਰਹਿਣ ਕਰਦੇ ਸਨ।"[7]

ਇਸ ਤਰ੍ਹਾਂ ਇਨਕਲਾਬੀ ਅੰਦੋਲਨ ਦੇ ਪਹਿਲੇ ਚਰਣ (1897-1913) ਦੇ ਇਨਕਲਾਬੀ ਆਮ ਤੌਰ ਤੇ ਹਿੰਦੂ ਧਰਮ ਦੇ ਪ੍ਰਤੀ ਆਸਥਾਵਾਨ ਸਨ ਅਤੇ ਉਸਤੋਂ ਪ੍ਰੇਰਣਾ ਗ੍ਰਹਿਣ ਕਰਦੇ ਸਨ। ਇਹ ਕੋਈ ਅਚਨਚੇਤੀ ਮੱਲ ਨਹੀਂ ਸਨ ਇਸਦੇ ਇਤਿਹਾਸਕ ਕਾਰਨ ਸਨ। ਪਿਛਲੀ ਸਦੀ ਦੇ ਅੱਠਵੇਂ ਦਹਾਕੇ ਵਿੱਚ ਨੌਜਵਾਨ ਭਾਰਤੀਆਂ ਦੇ ਦਿਲਾਂ ਨੂੰ ਇੱਕ ਨਵੀਂ ਭਾਵਨਾ ਰਿੜਕ ਰਹੀ ਸੀ। ਪੜ੍ਹੇ ਲਿਖੇ ਨੌਜਵਾਨ ਰਾਜਨੀਤਕ ਦ੍ਰਿਸ਼ਟੀਕੋਣ ਤੋਂ ਸੋਚਣ ਲੱਗੇ ਸਨ। ਇੱਕ ਨਵੀਂ ਕਿਸਮ ਦਾ ਰਾਸ਼ਟਰਵਾਦ ਜਨਮ ਲੈ ਰਿਹਾ ਸੀ। ਇਹ ਨਵਾਂ ਰਾਸ਼ਟਰਵਾਦ ਪੁਰਾਣੇ ਰਾਜਨੀਤੀਵਾਦ ਦੇ ਮੁਕਾਬਲੇ ਵੱਧ ਸੰਜੀਦਾ ਵੱਧ ਖੁੱਲ੍ਹੇ ਦਿਮਾਗ ਵਾਲਾ ਸੀ। ਇਹ ਇਸ ਵਿਚਾਰ ਨਾਲ ਲੈਸ ਅਤੇ ਪ੍ਰੇਰਿਤ ਸੀ ਕਿ ਸਮੁੱਚੇ ਰਾਸ਼ਟਰੀ ਜੀਵਨ ਦਾ ਪੁਨਰਥਾਨ ਅਵੱਸ਼ਕ ਹੈ। ਭਾਰਤੀ ਮਨੁੱਖ ਕਿਸ ਹੱਦ ਤੱਕ ਅੰਦੋਲਤ ਹੋ ਚੁੱਕਿਆ ਸੀ, ਇਸਦਾ ਅਨੁਮਾਨ ਇਸ ਤੱਥ ਤੋਂ ਲਾਇਆ ਜਾ ਸਕਦਾ ਹੈ ਕਿ ਸਾਰੇ ਬੇਹਤਰੀਨ ਸੋਚ ਦੇ ਲੋਕਾਂ ਦੀਆਂ ਨਵੀਆਂ ਭਾਵਨਾਵਾਂ ਅਤੇ ਵਿਚਾਰ ਧਰਮ ਨਾਲ ਲੋਤ-ਪੋਤ ਸਨ। ਪੁਰਾਣੇ ਦੇਵਤਿਆਂ ਦੀ ਜਗ੍ਹਾਂ ਨਫ਼ਰਤ ਅਤੇ ਖੂਨ ਦੇ ਨਵੇਂ ਦੇਵਤਿਆਂ ਦੀ ਪੂਜਾ ਹੋਣ ਲੱਗੀ ਸੀ।"[8]

ਇਸ ਹੱਦ ਤੱਕ, ਧਰਮ ਦੀ ਇੱਕ ਸਾਕਾਰਾਤਮਕ ਭੂਮਿਕਾ ਜ਼ਰੂਰ ਸੀ। ਪਰੰਤੂ ਇਸਦਾ ਇੱਕ ਨਾਕਾਰਾਤਮਕ ਪਹਿਲੂ ਵੀ ਸੀ। ਇਸ ਦੌਰ ਵਿੱਚ ਬਾਲ ਗੰਗਾਧਰ ਤਿਲਕ, ਬਿਪਨ ਚੰਦਰ ਪਾਲ, ਬ੍ਰਹਮ ਬਾਂਧਵ ਉਪਾਧਿਆਏ ਅਤੇ ਅਰਵਿੰਦ ਘੋਸ਼ ਵਰਗੇ ਸਾਰੇ ਜੁਝਾਰੂ ਰਾਸ਼ਟਰੀ ਨੇਤਾ, ਰਾਜਨੀਤੀ ਨੂੰ ਧਰਮ ਦੇ ਰੰਗ ਵਿੱਚ ਰੰਗ ਰਹੇ ਸਨ। ਇਸ ਤਰ੍ਹਾਂ ਅਚੇਤ ਤੌਰ ਤੇ ਹੀ ਸਹੀ, ਉਹਨਾਂ ਨੇ ਸੰਪਰਦਾਇਕ ਰਾਜਨੀਤੀ ਦੇ ਜ਼ਹਿਰੀਲੇ ਪੌਦੇ ਹੀ ਬੀਜੇ। ਗਾਂਧੀ ਅਤੇ ਉਹਨਾਂ ਦੇ ਅਨੁਆਈਆਂ ਨੇ ਇਸ ਪਰੰਪਰਾ ਨੂੰ ਅੱਗੇ ਵਧਾਇਆ ਅਤੇ ਅੰਤ ਤੱਕ ਉਸ ਨਾਲ ਚਿੰਬੜੇ ਰਹੇ, ਜਦੋਂ ਕਿ ਇਨਕਲਾਬੀਆਂ ਨੇ 1914 ਵਿੱਚ ਹੀ, ਜਦੋਂ ਉਹਨਾਂ ਦਾ ਅੰਦੋਲਨ ਦੂਜੇ ਚਰਨ ਵਿੱਚ ਪ੍ਰਵੇਸ਼ ਕਰ

ਰਿਹਾ ਸੀ, ਇਸਨੂੰ ਛੱਡਕੇ ਧਰਮ ਨਿਰਪੱਖਤਾ ਨੂੰ ਅਪਨਾ ਲਿਆ ਸੀ। ਧਰਮ ਅਤੇ ਰਾਜਨੀਤੀ ਦਾ ਇਹ ਤਾਲਮੇਲ ਉਦੋਂ ਤੋਂ ਲੈ ਕੇ ਅੱਜ ਤੱਕ ਲਗਾਤਾਰ ਸਾਡੇ ਸਰਵਜਨਕ ਜੀਵਨ ਨੂੰ ਤਬਾਹ ਕਰਦਾ ਰਿਹਾ ਹੈ ਅਤੇ ਹੁਣ ਤਾਂ ਇਸਦੇ ਕਾਰਣ ਸਾਡੀ ਰਾਸ਼ਟਰੀ ਏਕਤਾ ਦਾ ਢਾਂਚਾ ਹੀ ਚਕਨਾਚੂਰ ਹੁੰਦਾ ਵਿਖਾਈ ਦੇ ਰਿਹਾ ਹੈ।

ਹਾਲਾਂਕਿ ਮਹਾਂਰਾਸ਼ਟਰ ਦੇ ਚਾਪੇਕਰ ਭਰਾ ਅਤੇ ਬੰਗਾਲ ਦੇ ਪਹਿਲੇ ਦਹਾਕੇ ਦੇ ਇਨਕਲਾਬੀ ਦੋਵੇਂ ਪ੍ਰਾਚੀਨ ਭਾਰਤੀ ਸੰਸਕ੍ਰਿਤੀ ਤੋਂ ਪ੍ਰੇਰਣਾ ਲੈਂਦੇ ਸਨ ਪਰੰਤੂ ਦੋਵਾਂ ਦੇ ਵਿੱਚ ਇੱਕ ਮਾਅਰਕੇ ਦਾ ਅੰਤਰ ਵੀ ਹੈ।

30 ਅਪਰੈਲ, 1908 ਨੂੰ ਕਿੰਗਜ਼ਫੋਰਡ ਦੀ ਬੱਘੀ ਉੱਤੇ ਇੱਕ ਬੰਬ ਡਿੱਗਿਆ ਜਿਸ ਨਾਲ ਦੋ ਔਰਤਾਂ ਦੀ ਮੌਤ ਹੋ ਗਈ। ਇਸ ਘਟਨਾ ਬਾਰੇ ਟਿੱਪਣੀ ਕਰਦਿਆਂ 22 ਜੂਨ ਦੇ ਕੇਸਰੀ ਵਿੱਚ ਲੋਕਮਾਨਯ ਤਿਲਕ ਨੇ ਲਿਖਿਆ : "1897 ਦੀ ਹੱਤਿਆ ਅਤੇ ਬੰਗਾਲ ਦੇ ਬੰਬ ਕਾਂਡ ਵਿੱਚ ਕਾਫੀ ਅੰਤਰ ਹੈ। ਜਿੱਥੋਂ ਤੱਕ ਦਲੇਰੀ ਅਤੇ ਕਾਰਜ ਨੂੰ ਕੁਸ਼ਲਤਾਪੂਰਵਕ ਸੰਪਨ ਕਰਨ ਦਾ ਸਵਾਲ ਹੈ ਚਾਪੇਕਰ ਭਰਾਵਾਂ ਦਾ ਦਰਜਾ ਬੰਗਾਲ ਦੀ ਬੰਬ ਪਾਰਟੀ ਦੇ ਮੈਂਬਰਾਂ ਨਾਲੋਂ ਉੱਚਾ ਹੈ। ਪਰੰਤੂ ਜੇਕਰ ਨਿਸ਼ਾਨੇ ਅਤੇ ਸਾਧਨ ਦੇ ਨਜ਼ਰੀਏ ਤੋਂ ਵੇਖੀਏ ਤਾਂ ਬੰਗਾਲੀਆਂ ਦੀ ਵੱਧ ਤਾਰੀਫ਼ ਕਰਨੀ ਪਵੇਗੀ। ਸਾਲ 1897 ਵਿੱਚ ਪੂਨਾ ਨਿਵਾਸੀ ਪਲੇਗ ਦੇ ਸਮੇਂ ਦੇ ਜ਼ਬਰ ਦੇ ਸ਼ਿਕਾਰ ਸਨ, ਅਤੇ ਉਸ ਜ਼ਬਰ ਤੋਂ ਉਤਪੰਨ ਉਤੇਜਨਾ ਦਾ ਕੋਈ ਖਾਲਸ ਰਾਜਨੀਤਕ ਚਰਿੱਤਰ ਨਹੀਂ ਸੀ। ਇਹ ਸ਼ਾਸ਼ਨ ਪ੍ਰਣਾਲੀ ਹੀ ਖਰਾਬ ਹੈ ਅਤੇ ਜਦੋਂ ਤੱਕ ਅਧਿਕਾਰੀਆਂ ਨੂੰ ਛਾਂਟ ਛਾਂਟਕੇ ਵਿਅਕਤੀਗਤ ਰੂਪ ਵਿੱਚ ਆਤੰਕਤ ਨਹੀਂ ਕੀਤਾ ਜਾਂਦਾ, ਉਦੋਂ ਤੱਕ ਉਹ ਵਿਵਸਥਾ ਨੂੰ ਬਦਲਣ ਵਾਸਤੇ ਤਿਆਰ ਨਹੀਂ ਹੋਣਗੇ। ਅਜਿਹਾ ਕੋਈ ਮਹੱਤਵਪੂਰਣ ਪ੍ਰਸ਼ਨ ਚਾਪੇਕਰ ਭਰਾਵਾਂ ਦੇ ਸਾਹਮਣੇ ਨਹੀਂ ਸੀ। ਉਹਨਾਂ ਦਾ ਕਰਮ ਪਲੇਗ ਦੇ ਬਾਦ ਹੋਏ ਜ਼ਬਰ ਦੇ ਯਾਨੀ ਇੱਕ ਖਾਸ ਕਾਰਜ ਦੇ ਖਿਲਾਫ਼ ਸੀ। ਨਿਸ਼ਚੇ ਹੀ ਬੰਗਾਲ ਦੀ ਬੰਬ ਪਾਰਟੀ ਦੀ ਦ੍ਰਿਸ਼ਟੀ ਇੱਕ ਵੱਧ ਵਿਆਪਕ ਸਤਰ ਉੱਪਰ ਸੀ ਜਿਸਨੂੰ ਬੰਗਾਲ ਦੀ ਵੰਡ ਨੇ ਉਭਾਰਿਆ ਸੀ।"[9]

ਐਨਾ ਹੀ ਨਹੀਂ, ਬੰਗਾਲ ਦੇ ਇਨਕਲਾਬੀ ਧਰਮ ਨੂੰ ਬਹੁਤ ਜ਼ਿਆਦਾ ਮਹੱਤਵ ਦਿੰਦੇ ਸਨ, ਇਸ ਤੱਥ ਦੇ ਬਾਵਜੂਦ ਅੰਦੋਲਨ ਦੇ ਆਖਰੀ ਟੀਚੇ ਪੱਖੋਂ ਕਰੀਏ ਤਾਂ, 1902 ਵਿੱਚ ਹੀ ਉਹਨਾਂ ਨੇ ਇੱਕ ਮਹੱਤਵਪੂਰਣ ਘੋਸ਼ਣਾ ਕੀਤੀ ਸੀ। ਏਸੇ ਵਰ੍ਹੇ ਬੰਗਾਲ ਦੇ ਇਨਕਲਾਬੀਆਂ ਨੇ ਆਪਣੇ ਆਪ ਨੂੰ ਅਨੁਸ਼ੀਲਨ ਸੰਮਤੀ ਦੇ ਨਾਂ ਦੀ ਇੱਕ ਪਾਰਟੀ ਦੇ ਰੂਪ ਵਿੱਚ ਸੰਗਠਿਤ ਕੀਤਾ ਸੀ। ਸੰਪਤੀ ਦੀ ਸਥਾਪਨਾ ਦੇ ਸਮੇਂ ਜਾਰੀ ਐਲਾਨ ਨਾਮੇ ਵਿੱਚ ਕਿਹਾ ਗਿਆ ਸੀ : "ਅਨੁਸ਼ੀਲਨ ਦੀ ਕਲਪਨਾ ਦੇ ਸਮਾਜ ਵਿੱਚ ਅਨਪੜ੍ਹ ਗਰੀਬ ਲੋਕੀਂ ਨਹੀਂ ਹੋਣਗੇ। ਕਾਇਰ, ਦੁਸ਼ਟ ਲੋਕ ਨਹੀਂ ਹੋਣਗੇ ਅਤੇ ਗੈਰ ਸਿਹਤਮੰਦ ਲੋਕ ਵੀ ਨਹੀਂ ਹੋਣਗੇ। ਅਜਿਹੇ ਸਮਾਜ ਦੇ ਨਿਰਮਾਣ ਦੇ ਵਾਸਤੇ ਸਾਰੇ ਕਿਸਮ ਦੀਆਂ ਤਰੁੱਟੀਆਂ ਨੂੰ ਸਮਾਪਤ ਕਰਨਾ ਹੋਵੇਗਾ। ਤੋਟਾਂ ਦੇ ਵਿੱਚ ਮਨੁੱਖ ਦੀ ਮਾਨਵਤਾ ਵਿਕਸਤ ਨਹੀਂ ਹੋ ਸਕਦੀ। ਮਨੁੱਖੀ ਸਮਾਜ ਵਿੱਚ ਦੌਲਤ ਦੇ ਵਖਰੇਵੇਂ, ਸਮਾਜਕ ਵਖਰੇਵੇਂ ਸੰਪਰਦਾਇਕ ਵਖਰੇਵੇਂ ਅਤੇ ਪ੍ਰਾਂਤਕ ਵਖਰੇਵੇਂ ਦੂਰ ਕਰਕੇ ਸਾਰੇ ਮਨੁੱਖਾਂ ਵਿੱਚ ਬਰਾਬਰੀ ਲਿਆਉਣੀ ਹੋਵੇਗੀ। ਸਿਰਫ਼ ਰਾਸ਼ਟਰੀ ਸਰਕਾਰ ਦੁਆਰਾ ਹੀ ਅਜਿਹਾ ਕੀਤਾ ਜਾ ਸਕਣਾ ਸੰਭਵ ਹੈ। ਗੁਲਾਮੀ ਦੀ ਸਥਿਤੀ ਵਿੱਚ ਅਨੁਸ਼ੀਲਨ ਦੇ ਸੁਪਨਿਆਂ ਦੇ ਸਮਾਜ ਦੀ ਸਥਾਪਨਾ ਸੰਭਵ ਨਹੀਂ ਹੈ, ਇਸ ਲਈ ਅਨੁਸ਼ੀਲਨ ਗੁਲਾਮੀ ਦੇ ਵਿਰੁੱਧ ਬਗਾਵਤ ਦਾ ਐਲਾਨ ਕਰਦੀ ਹੈ। ਅਨੁਸ਼ੀਲਨ ਭਾਰਤੀ ਸੰਪੂਰਣ ਸੁਤੰਤਰਤਾ ਚਾਹੁੰਦੀ ਹੈ।"[10]

ਅਨੁਸ਼ੀਲਨ ਸੰਮਤੀ ਦੀ ਇਹ ਘੋਸ਼ਣਾ ਨਿਸ਼ਚੇ ਹੀ ਅੱਗੇ ਨੂੰ ਇੱਕ ਬਹੁਤ ਵੱਡਾ ਕਦਮ ਸੀ। ਇੱਥੋਂ ਤੋਂ ਹੀ ਬੰਗਾਲ ਦੇ ਇਨਕਲਾਬੀ 1897 ਦੇ ਪੂਨਾ ਕੇਂਦਰ ਤੋਂ ਅੱਗੇ ਹਨ। ਚਾਪੇਕਰ ਭਰਾ ਬਦੇਸ਼ੀਆਂ ਨਾਲ ਨਫ਼ਰਤ ਤਾਂ ਕਰਦੇ ਸਨ ਪਰ ਉਹ ਖੁਦ ਕੀ ਚਾਹੁੰਦੇ ਸਨ ਇਸਦੇ ਬਾਰੇ ਸਪੱਸ਼ਟ ਨਹੀਂ ਸਨ, ਇਹੋ ਜਿਹੀ ਗੱਲ ਬੰਗਾਲ ਦੇ ਇਨਕਲਾਬੀਆਂ ਦੀ ਨਹੀਂ ਸੀ। ਇਹ ਲੋਕ ਮੁਸਲਿਮ ਵਿਰੋਧੀ ਵੀ ਨਹੀਂ ਸਨ। ਹਾਲਾਂਕਿ ਉਹ ਧਾਰਮਕ ਲੋਕੀਂ ਸਨ ਅਤੇ ਹਿੰਦੂ ਗਰੰਥਾਂ ਤੋਂ ਪ੍ਰੇਰਣਾ ਪ੍ਰਾਪਤ ਕਰਦੇ ਸਨ।

ਇਸਦੇ ਉਲਟ ਇਸ ਦੌਰ ਦੇ ਪੰਜਾਬ ਦੇ ਇਨਕਲਾਬੀ ਆਰੰਭ ਤੋਂ ਹੀ ਸੰਪਰਦਾਇਕਤਾ ਦੇ ਦੋਸ਼ ਤੋਂ ਮੁਕਤ ਸਨ। ਸਰਦਾਰ ਅਜੀਤ ਸਿੰਘ, ਲਾਲ ਚੰਦ 'ਫ਼ਲਕ', ਸੂਫੀ ਅੰਬਾ ਪ੍ਰਸਾਦ, ਲਾਲਾ ਹਰਦਿਆਲ ਅਤੇ ਉਹਨਾਂ ਦੇ ਸਾਰੇ ਸਹਿਯੋਗੀ ਧਰਮ ਨਿਰਪੱਖ ਸਨ। ਧਰਮ ਉਹਨਾਂ ਦੇ ਵਾਸਤੇ ਇੱਕ ਨਿੱਜੀ ਮਾਮਲਾ ਸੀ।

ਸਦੀ ਦੇ ਪਹਿਲੇ ਦਹਾਕੇ ਦੇ ਇਨਕਲਾਬੀ ਜਿਹਨਾਂ ਸਰੋਤਾਂ ਤੋਂ ਪ੍ਰੇਰਣਾ ਲੈ ਰਹੇ ਸਨ ਉਹਨਾਂ ਵਿੱਚ ਧਰਮ ਦੇ ਇਲਾਵਾ ਇੱਕ ਸੀ 1857 ਦਾ ਭਾਰਤ ਦਾ ਪਹਿਲਾ ਸੁਤੰਤਰਤਾ ਸੰਗਰਾਮ। "ਇਸ ਵਿਸ਼ੇ ਤੇ 1907 ਜਾਂ 1908 ਵਿੱਚ ਲੰਡਨ ਵਿੱਚ ਲਿਖੀ ਗਈ ਵੀਰ ਸਾਵਰਕਰ ਦੀ ਪੁਸਤਕ ਨੇ ਆਪਣੀਆਂ ਤਮਾਮ ਘਾਟਾਂ ਦੇ ਬਾਵਜੂਦ, ਜੋ ਉਸ ਦੌਰ ਵਿੱਚ ਅਤੇ ਉਸ ਸਮੇਂ ਦੇ ਹਾਲਾਤਾਂ ਵਿੱਚ ਸੁਭਾਵਿਕ ਸਨ, ਬਹੁਤ ਮਹੱਤਵਪੂਰਨ ਭੂਮਿਕਾ ਨਿਭਾਈ। ਇਸ ਵਿਸ਼ੇ ਤੇ ਬ੍ਰਿਟਿਸ਼ ਸਾਮਰਾਜਵਾਦੀ ਲੇਖਕਾਂ ਵੱਲੋਂ ਫੈਲਾਏ ਗਏ ਤੋਹਮਤਾਂ ਅਤੇ ਝੂਠੇ ਇਤਿਹਾਸਕ ਲੇਖਣ ਦੀਆਂ ਧੱਜੀਆਂ ਉਡਾ ਕੇ ਇਸ ਪੁਸਤਕ ਨੇ ਬਹੁਤ ਵੱਡਾ ਕੰਮ ਕੀਤਾ। ਇਸਨੇ ਹਕੀਕਤਾਂ ਨੂੰ ਸਹੀ ਤਰ੍ਹਾਂ ਨਾਲ ਸਾਹਮਣੇ ਲਿਆਂਦਾ। ਇਸ ਕਿਤਾਬ ਤੇ ਬ੍ਰਿਟਿਸ਼ ਸਾਸ਼ਕਾਂ ਨੇ ਤੁਰੰਤ ਰੋਕ ਲਾ ਦਿੱਤੀ, ਪਰੰਤੂ ਫੇਰ ਵੀ ਇਹ ਮਿਹਨਤ ਅਤੇ ਗੁਪਤ ਰੂਪ ਵਿੱਚ ਤਿਆਰ ਕੀਤੀ ਗਈ ਪਾਂਡੂਲਿੱਪੀ (ਖਰੜੇ) ਦੇ ਰੂਪ ਵਿੱਚ ਭਾਰਤ ਦੇ ਉਸ ਸਮੇਂ ਦੇ ਇਨਕਲਾਬੀਆਂ ਵਿੱਚ ਘੁੰਮਦੀ ਰਹੀ।"

ਵਾਸਤਵਿਕਤਾ ਇਹ ਹੈ ਕਿ 1857 ਦਾ ਜਨ-ਵਿਦਰੋਹ ਪੂਰੇ ਸੁਤੰਤਰਤਾ ਸੰਗਰਾਮ ਦੇ ਦੌਰਾਨ ਸਾਰੇ ਸੁਤੰਤਰਤਾ ਸੈਨਾਨੀਆਂ ਦੇ ਵਾਸਤੇ ਪ੍ਰੇਰਣਾ ਸਰੋਤ ਬਣਿਆ ਰਿਹਾ।

ਸਦੀ ਦੇ ਪਹਿਲੇ ਦਹਾਕੇ ਵਿੱਚ ਇਨਕਲਾਬੀਆਂ ਦੇ ਵਾਸਤੇ ਪ੍ਰੇਰਣਾ ਦਾ ਦੂਜਾ ਸਰੋਤ ਸੀ ਫਰਾਂਸੀਸੀ, ਇਤਾਲਵੀ ਅਤੇ ਰੂਸੀ ਇਨਕਲਾਬਾਂ ਦੀਆਂ ਕਹਾਣੀਆਂ।

### ਅੰਦੋਲਨ ਦੇ ਪਹਿਲੇ ਚਰਣ ਦੀਆਂ ਕਮਜ਼ੋਰੀਆਂ ਅਤੇ ਸੀਮਾਵਾਂ

ਅੰਦੋਲਨ ਦੇ ਪਹਿਲੇ ਚਰਣ ਦੌਰਾਨ ਪੂਨਾ ਅਤੇ ਬੰਗਾਲ ਦੇ ਇਨਕਲਾਬੀਆਂ ਦੀ ਪਹਿਲੀ ਕਮਜ਼ੋਰੀ ਸੀ ਉਹਨਾਂ ਦਾ ਹਿੰਦੂ ਪੂਰਵਾਗ੍ਰਹਿ। ਇਸ ਪੂਰਵਾਗ੍ਰਹਿ ਨੇ ਮੁਸਲਿਮ ਜਨਤਾ ਨੂੰ ਅੰਦੋਲਨ ਤੋਂ ਦੂਰ ਰੱਖਿਆ। ਹਾਲਾਂਕਿ ਬੰਗਾਲ ਦੇ ਇਨਕਲਾਬੀ ਮੁਸਲਿਮ ਵਿਰੋਧੀ ਨਹੀਂ ਸਨ ਪਰੰਤੂ ਮੁਸਲਿਮ ਲੋਕਾਂ ਵਿੱਚ ਕਾਰਕੁੰਨ ਭਰਤੀ ਕਰਨ ਦਾ ਕੋਈ ਗੰਭੀਰ ਯਤਨ ਉਹਨਾਂ ਨੇ ਕਦੇ ਨਹੀਂ ਕੀਤਾ। ਇਸ ਕਥਨ ਦੇ ਅਪਵਾਦ ਏਧਰ-ਓਧਰ ਮਿਲ ਸਕਦੇ ਹਨ। ਪਰੰਤੂ ਅਪਵਾਦ ਕਦੇ ਨਿਯਮ ਨਹੀਂ ਬਣਦੇ।

ਅੰਦੋਲਨ ਦੇ ਘੇਰੇ ਨੂੰ ਸੀਮਤ ਕਰਨ ਵਾਲੀ ਦੂਜੀ ਕਮਜ਼ੋਰੀ ਸੀ ਲੋਕਾਂ ਨਾਲ ਨੇੜਲੇ ਜੀਵੰਤ ਸੰਬੰਧ ਨਾ ਹੋਣਾ। ਸਵਦੇਸ਼ੀ ਅੰਦੋਲਨ ਦੇ ਤਿੰਨ ਜਾਂ ਚਾਰ ਸਾਲਾਂ ਨੂੰ ਛੱਡਕੇ, ਜਦੋਂ ਬੰਗਾਲ ਦੇ ਇਨਕਲਾਬੀ ਲੋਕਾਂ ਦੇ ਵਿੱਚ ਗਏ ਅਤੇ ਲੋਕਾਂ ਨੂੰ ਸਮਾਗਮ ਹੋਣ ਦੇ ਲਈ ਪ੍ਰੇਰਿਆ, ਆਮ ਤੌਰ ਤੇ ਇਨਕਲਾਬੀ ਵਿਅਕਤੀਗਤ ਕ੍ਰਿਆਸ਼ੀਲਤਾ ਵਿੱਚ ਵਿਸਵਾਸ਼ ਰੱਖਦੇ ਸਨ ਜਿਸਨੂੰ ਸਰਕਾਰ ਆਤੰਕਵਾਦ ਦੇ ਗਲਤ ਨਾਮ ਨਾਲ ਪੁਕਾਰਦੀ ਸੀ। ਲੋਕੀਂ ਇਹਨਾਂ ਇਨਕਲਾਬੀਆਂ ਦੇ ਆਤਮ-ਬਲੀਦਾਨ, ਨਿੱਡਰਤਾ ਅਤੇ ਸਾਹਸ ਦੀ ਪ੍ਰਸ਼ੰਸਾ ਤਾਂ ਕਰਦੇ ਸਨ ਪਰੰਤੂ ਆਪਣੀਆਂ ਨਿੱਤਾ-ਪ੍ਰਤੀ ਦੀਆਂ ਸਮੱਸਿਆਵਾਂ ਦੇ ਨਾਲ ਉਹਨਾਂ ਦੀਆਂ ਕਾਰਵਾਈਆਂ ਨੂੰ ਜੋੜਨ ਵਿੱਚ ਅਸਮਰੱਥ ਰਹਿੰਦੇ ਸਨ। ਅਜਿਹੀ ਸਥਿਤੀ ਵਿੱਚ ਸਾਮਰਾਜਵਾਦੀਆਂ ਦੇ ਲਈ ਇਨਕਲਾਬੀਆਂ ਦਾ ਦਮਨ ਕਰ ਸਕਣਾ ਹੋਰ ਵੀ ਆਸਾਨ ਹੋ ਜਾਂਦਾ ਸੀ।

ਅੰਦੋਲਨ ਦੀ ਤੀਜੀ ਸੀਮਾ ਸੀ ਉਸਦੇ ਕਾਰਕੁੰਨਾਂ ਦਾ ਵਰਗ ਚਰਿੱਤਰ। ਇਨਕਲਾਬੀ ਅੰਦੋਲਨ ਦੇ ਕਾਰਕੁੰਨਾਂ ਦਾ ਇੱਕ ਵੱਡਾ ਬਹੁਮਤ ਨਿਮਨ ਮੱਧ ਵਰਗ ਨਾਲ ਸੰਬੰਧਤ ਸੀ। ਇਸ

ਚਰਣ ਵਿੱਚ ਇਹ ਇਕਦਮ ਸੁਭਾਵਿਕ ਸੀ। ਇਹ ਉਹ ਹੀ ਦੌਰ ਸੀ ਜਦੋਂ ਕਿ ਨਵੀਂ ਪੀੜੀ ਬਦੇਸ਼ੀ ਸਾਸ਼ਨ ਤੋਂ ਮੁਕੰਮਲ ਮੁਕਤੀ ਦਾ ਦਾਅਵਾ ਕਰਨ ਲੱਗੀ ਸੀ। ਇਹ ਪੀੜੀ ਖੁਦ ਨੂੰ ਬਾਲਿਗ ਸਮਝਣ ਲੱਗੀ ਸੀ। ਨੌਜਵਾਨ ਤਬਕੇ ਵਿੱਚ ਬੇਚੈਨੀ ਸੀ ਪਰੰਤੂ ਪੁਰਾਣੇ ਆਗੂ ਹੋਮ ਰੂਲ ਦੇ ਵਾਸਤੇ ਪ੍ਰਸਤਾਵਾਂ ਪ੍ਰਾਰਥਨਾਵਾਂ ਤੋਂ ਅੱਗੇ ਵਧਣ ਲਈ ਤਿਆਰ ਨਹੀਂ ਸੀ। ਪਰੰਤੂ ਪੜ੍ਹੇ ਲਿਖੇ ਨੌਜਵਾਨ ਇੱਕ ਨਵੀਂ ਦੁਨੀਆਂ ਪਾਉਣ ਦੇ ਲਈ ਆਪਣਾ ਸਭ ਕੁਝ ਲੁਟਾ ਦੇਣ ਦੇ ਲਈ ਤਿਆਰ ਸੀ। ਨੌਜਵਾਨਾਂ ਦਾ ਵਿਸ਼ਵਾਸ਼ ਸੀ ਕਿ ਉਹ ਜੁਝਾਰੂ ਹਥਿਆਰਬੰਦ ਸੰਘਰਸ਼ ਦੇ ਰਾਹੀਂ ਦੇਸ਼ ਨੂੰ ਆਜ਼ਾਦ ਕਰਵਾ ਸਕਦੇ ਹਨ। ਇਸਦੇ ਵਾਸਤੇ ਉਹ ਆਪਣੀ ਜ਼ਿੰਦਗੀ ਤੱਕ ਹੋਮ (ਕੁਰਬਾਨ) ਕਰ ਦੇਣ ਨੂੰ ਤਿਆਰ ਸਨ।

ਮੱਧ ਵਰਗ ਸੁਭਾਅ ਤੋਂ ਹੀ ਵਿਅਕਤੀਵਾਦੀ ਹੁੰਦਾ ਹੈ। ਇਹ ਇੱਕ ਸ਼ਕਤੀਸ਼ਾਲੀ ਸਹਿਯੋਗੀ ਹੋ ਸਕਦਾ ਹੈ। ਜੇਕਰ ਇਹ ਪੂੰਜੀਪਤੀ ਵਰਗ ਦੇ ਵੱਲੀਂ ਜਾਂਦਾ ਹੈ ਤਾਂ ਪ੍ਰਤੀਕ੍ਰਿਆਵਾਦ ਦਾ ਵਾਹਕ ਬਣ ਜਾਂਦਾ ਹੈ। ਜੇਕਰ ਇਹ ਮਜ਼ਦੂਰ ਵਰਗ ਦੇ ਨਾਲ ਖੜ੍ਹਾ ਹੁੰਦਾ ਹੈ ਤਾਂ ਖੁਦ ਅਗਵਾਈ ਪ੍ਰਦਾਨ ਕਰ ਸਕਣ ਦੀ ਸਮਰੱਥਾ ਨਾ ਹੁੰਦੇ ਹੋਏ ਵੀ ਇੱਕ ਇਨਕਲਾਬੀ ਸ਼ਕਤੀ ਬਣ ਜਾਂਦਾ ਹੈ। ਇਸਦੀਆਂ ਸੁਤੰਤਰ ਕਾਰਵਾਈਆਂ ਅਕਸਰ ਵਿਅਕਤੀ ਕਾਰਵਾਈਆਂ ਦਾ ਰੂਪ ਲੈ ਲੈਂਦੀਆਂ ਹਨ। ਜਿਸ ਦੌਰ ਦੀ ਗੱਲ ਅਸੀਂ ਕਰ ਰਹੇ ਹਾਂ ਉਸ ਸਮੇਂ ਸੁਤੰਤਰਤਾ ਦੇ ਲਈ ਜਨ-ਅੰਦੋਲਨ ਖੜ੍ਹਾ ਕਰ ਸਕਣ ਵਿੱਚ ਨਾ ਤਾਂ ਪੂੰਜੀਪਤੀ ਵਰਗ ਸਮਰੱਥ ਸੀ ਅਤੇ ਨਾ ਹੀ ਮਜ਼ਦੂਰ ਵਰਗ। ਇਸ ਚੁਣੌਤੀ ਦਾ ਸਾਹਮਣਾ ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਦੇ ਲਈ ਸਭ ਕੁਝ ਕੁਰਬਾਨ ਕਰ ਦੇਣ ਨੂੰ ਤਿਆਰ ਇਹਨਾਂ ਮੱਧਵਰਗੀ ਨੌਜਵਾਨਾਂ ਨੇ ਕੁਦਰਤੀ ਤੌਰ ਤੇ ਆਪਣੇ ਢੰਗ ਨਾਲ ਕੀਤਾ ਜੋ ਆਰੰਭ ਵਿੱਚ ਵਿਅਕਤੀਗਤ ਕਾਰਵਾਈਆਂ ਦਾ ਹੀ ਰੂਪ ਲੈ ਸਕਦਾ ਸੀ। ਇਹ ਸੀਮਾ ਇੱਕ ਇਤਿਹਾਸਕ ਪ੍ਰਕ੍ਰਿਆ ਦੀ ਉਪਜ ਸੀ।

ਗੁਲਾਮੀ ਦੀ ਅਪਮਾਨਜਨਕ ਸਥਿਤੀ ਦੇ ਸਾਹਮਣੇ ਗੋਡੇ ਟੇਕ ਦੇਣ ਨਾਲੋਂ ਚੰਗਾ ਹੁੰਦਾ ਹੈ। ਸੱਟ ਮਾਰਨਾ ਅਤੇ ਨਸ਼ਟ ਹੋ ਜਾਣਾ, ਕਿਸੇ ਨਾ ਕਿਸੇ ਨੂੰ ਪਹਿਲੀ ਸੱਟ ਮਾਰਨੀ ਹੀ ਪੈਂਦੀ ਹੈ। ਪਹਿਲੀ ਸੱਟ ਦਾ ਕੋਈ ਨਤੀਜਾ ਨਹੀਂ ਨਿੱਕਲਦਾ ਅਤੇ ਪਹਿਲਾਂ ਵਾਰ ਕਰਨ ਵਾਲੇ ਜ਼ਿਆਦਾਤਰ ਨਸ਼ਟ ਹੋ ਜਾਂਦੇ ਹਨ। ਪਰੰਤੂ ਉਹਨਾਂ ਦੀਆਂ ਕੁਰਬਾਨੀਆਂ ਕਦੇ ਬੇਕਾਰ ਨਹੀਂ ਜਾਂਦੀਆਂ। ਝਰਨਾ ਵਧਕੇ ਦਰਿਆ ਬਣ ਜਾਂਦਾ ਹੈ। ਚੰਗਿਆੜੀ ਜਵਾਲਾਮੁਖੀ ਬਣਦੀ ਹੈ, ਵਿਅਕਤੀ ਸਮੂਹ ਨਾਲ ਅਭੇਦ ਸ਼ੂਕਦਾ ਹੋ ਜਾਂਦਾ ਹੈ। ਪੁਰਾਣੀ ਵਿਵਸਥਾ ਦੀ ਥਾਂ ਤੇ ਇੱਕ ਨਵੀਂ ਵਿਵਸਥਾ ਆਉਂਦੀ ਹੈ ਅਤੇ ਸੁਫਨਾ ਇੱਕ ਹਕੀਕਤ ਦਾ ਰੂਪ ਲੈ ਲੈਂਦਾ ਹੈ। ਇਨਕਲਾਬ ਏਸੇ ਤਰਜ਼ ਤੇ ਅੱਗੇ ਵਧਦੇ ਹਨ। ਭਾਰਤ ਦਾ ਇਨਕਲਾਬੀ ਅੰਦੋਲਨ ਵੀ ਠੀਕ ਏਸੇ ਤਰਜ਼ ਉੱਤੇ ਅੱਗੇ ਵਧਿਆ।

"ਭਾਰਤੀ ਇਨਕਲਾਬੀਆਂ ਨੇ, ਅਕਲਪਿਤ ਕਠਿਨਾਈਆਂ ਦੇ ਵਿੱਚ ਵੀ, ਆਧੁਨਿਕ ਯੁੱਗ ਦੀ ਸਭ ਤੋਂ ਵੱਡੀ ਸਾਮਰਾਜਵਾਦੀ-ਉਪਨਿਵੇਸ਼ਵਾਦੀ ਸ਼ਕਤੀ ਨੂੰ ਚੁਣੌਤੀ ਦੇਣ ਦੀ ਜ਼ੁੱਰਤ ਕੀਤੀ, ਏਨਾ ਹੀ ਨਹੀਂ, ਉਸ ਯੁੱਗ ਦੇ ਇਨਕਲਾਬੀ ਸੂਰਬੀਰਾਂ - ਚਾਪੇਕਰ ਭਰਾਵਾਂ, ਖੁਦੀ ਰਾਮ, ਕਨਾਈ ਲਾਲ ਅਤੇ ਮਦਨ ਲਾਲ ਢੀਂਗਰਾ ਨੇ ਆਪਣੇ ਆਤਮ ਬਲੀਦਾਨ ਅਤੇ ਸ਼ਹਾਦਤ ਦੇ ਮਾਧਿਅਮ ਨਾਲ ਆਪਣੇ ਊਂਘਦੇ ਦੇਸ਼ਵਾਸੀਆਂ ਨੂੰ ਜਗਾਇਆ ਅਤੇ ਉਹਨਾਂ ਨੂੰ ਰਾਸ਼ਟਰੀ ਆਜ਼ਾਦੀ ਅਤੇ ਆਪਣੇ ਜਨਮ ਸਿੱਧ ਜਨਵਾਦੀ ਰਾਜਨੀਤਕ ਅਧਿਕਾਰਾਂ ਦੇ ਉੱਚੇ ਵਿਚਾਰਾਂ ਤੋਂ ਵੀ ਜਾਣੂੰ ਕਰਵਾਇਆ। ਇਨਕਲਾਬੀ ਅੰਦੋਲਨ, ਇਤਿਹਾਸਕ ਰੂਪ ਤੋਂ, ਆਪਣੇ ਢੰਗ ਦਾ ਪਹਿਲਾ ਅੰਦੋਲਨ ਸੀ ਜਿਸਨੇ ਰਾਸ਼ਟਰੀ ਸੁਤੰਤਰਤਾ ਅਤੇ ਖੁਦਮੁਖਤਿਆਰੀ ਦੇ ਵਾਸਤੇ ਭਾਰਤ ਦੇ ਸੰਘਰਸ਼ ਦੇ ਰਾਜਨੀਤਕ ਉਦੇਸ਼ ਦੇ ਰੂਪ ਵਿੱਚ ਸੰਪੂਰਣ ਆਜ਼ਾਦੀ ਅਤੇ ਬ੍ਰਿਟਿਸ਼ ਸਾਮਰਾਜ ਨਾਲੋਂ ਹਰ ਤਰ੍ਹਾਂ ਦੇ ਸੰਬੰਧ ਤੋੜਨ ਦੇ ਟੀਚੇ ਨੂੰ ਲੋਕਾਂ ਦੇ ਸਾਹਮਣੇ ਰੱਖਿਆ। ਠੀਕ ਏਸੇ ਉਦੇਸ਼ ਨੂੰ ਧਿਆਨ ਵਿੱਚ ਰੱਖਕੇ ਉਹਨਾਂ ਨੇ ਬਦੇਸ਼ੀ ਸਾਮਰਾਜੀ ਸਾਸ਼ਨ ਦੇ ਵਿਰੁੱਧ ਸੰਗਠਿਤ ਹਥਿਆਰਬੰਦ ਸੰਘਰਸ਼ ਦੇ ਲਈ ਜਨਤਾ ਨੂੰ ਅਪੀਲ ਕੀਤੀ।

"ਉਹ ਮੁੱਢ ਤੋਂ ਹੀ ਭਾਰਤੀ ਲੋਕਾਂ ਦੇ ਲਈ ਪੂਰਨ ਰਾਸ਼ਟਰੀ ਪ੍ਰਭੂਸੱਤਾ ਅਤੇ ਲੋਕਤਾਂਤਰਿਕ ਸੁਤੰਤਰਤਾ ਦੇ ਵਾਸਤੇ ਨਿਰੰਤਰ ਸੰਘਰਸ਼ ਕਰਦੇ ਰਹੇ ਅਤੇ ਇਸ ਉਦੇਸ਼ ਤੋਂ ਕਦੇ ਡਿੱਗੇ ਜਾਂ ਭਟਕੇ ਨਹੀਂ।"

"ਉਹਨਾਂ ਦੀਆਂ ਸ਼ਹਾਦਤਾਂ ਨੇ ਉਹਨਾਂ ਪ੍ਰਤੀ ਲੋਕਾਂ ਦੀ ਪ੍ਰਸ਼ੰਸਾ ਨੂੰ ਉਭਾਰਕੇ ਬਦੇਸ਼ੀ ਸਾਮਰਾਜਵਾਦੀ ਸਾਸ਼ਨ ਦੇ ਪ੍ਰਤੀ ਉਸਦੀ ਨਫਰਤ ਨੂੰ ਹੋਰ ਵੀ ਤਿੱਖਾ ਬਣਾਇਆ ਅਤੇ ਉਸਦੇ ਸੰਘਰਸ਼ਸ਼ੀਲ ਸਾਹਸ ਨੂੰ ਹੋਰ ਵੀ ਉੱਚਾ ਉਠਾਇਆ।"[12]

ਗਦਰ ਪਾਰਟੀ ਦੀ ਸਥਾਪਨਾ :- ਇਨਕਲਾਬੀ ਅੰਦੋਲਨ ਦੇ ਪਹਿਰੇ ਦੌਰ ਵਿੱਚ ਬਹੁਤ ਸਾਰੇ ਇਨਕਲਾਬੀ ਦੇਸ਼ ਛੱਡਕੇ ਯੂਰਪ ਅਤੇ ਅਮਰੀਕਾ ਚਲੇ ਗਏ ਸਨ। ਉਹਨਾਂ ਦਾ ਉਦੇਸ਼ ਸੀ ਭਾਰਤ ਵਿੱਚ ਇਨਕਲਾਬੀ ਸਰਗਰਮੀਆਂ ਦੇ ਸੰਚਾਲਨ ਵਾਸਤੇ ਧਨ ਇਕੱਤਰ ਕਰਨਾ, ਪ੍ਰਚਾਰ ਕਰਨਾ ਅਤੇ ਸਾਹਸੀ ਦਲੇਰ, ਆਤਮ ਤਿਆਗ ਅਤੇ ਸਮਰਪਿਤ ਨੌਜਵਾਨਾਂ ਦੀ ਇੱਕ ਟੀਮ ਖੜ੍ਹੀ ਕਰਨਾ। ਇਸ ਕੰਮ ਵਿੱਚ ਉਹਨਾਂ ਨੂੰ ਕੋਈ ਘੱਟ ਸਫਲਤਾ ਨਹੀਂ ਮਿਲੀ। ਪਰੰਤੂ ਜਿੱਥੋਂ ਤੱਕ ਅੰਤਿਮ ਉਦੇਸ਼ ਦਾ ਪ੍ਰਸ਼ਨ ਹੈ, ਉਹਨਾਂ ਦੇ ਵਿਚਾਰ ਅਜੇ ਤੱਕ ਭਾਰਤ ਦੀ ਆਜ਼ਾਦੀ ਦੇ ਇੱਕ ਭਾਵਨਾਤਮਕ ਧਾਰਣਾ ਤੱਕ ਹੀ ਸੀਮਤ ਸਨ। ਇਨਕਲਾਬ ਦੇ ਬਾਦ ਸਥਾਪਤ ਹੋਣ ਵਾਲੀ ਸਰਕਾਰ ਦੀ ਰੂਪ ਰੇਖਾ ਕੀ ਹੋਵੇਗੀ, ਦੂਜੇ ਦੇਸ਼ਾਂ ਦੀਆਂ ਇਨਕਲਾਬੀ ਸ਼ਕਤੀਆਂ ਦੇ ਨਾਲ ਉਸਦੇ ਸੰਬੰਧ ਕੀ ਹੋਣਗੇ, ਨਵੀਂ ਵਿਵਸਥਾ ਵਿੱਚ ਧਰਮ ਦਾ ਕੀ ਸਥਾਨ ਹੋਵੇਗਾ, ਆਦਿ ਪ੍ਰਸ਼ਨਾਂ ਬਾਰੇ ਉਸ ਸਮੇਂ ਦੀ ਜ਼ਿਆਦਾਤਰ ਇਨਕਲਾਬੀ ਸਪਸ਼ਟ ਨਹੀਂ ਸਨ। ਇਹ ਸੂਰਤ ਲਗਭਗ 1913 ਤੱਕ ਚੱਲਦੀ ਰਹੀ। ਇਹਨਾਂ ਸਾਰੇ ਮੁੱਦਿਆਂ ਬਾਰੇ ਸਪਸ਼ਟ ਰਵੱਈਆ ਅਪਣਾਉਣ ਦਾ ਸਿਹਰਾ ਗਦਰ ਪਾਰਟੀ ਦੇ ਨੇਤਾਵਾਂ ਨੂੰ ਜਾਂਦਾ ਹੈ।

ਇਸ ਸਦੀ ਦੇ ਪਹਿਲੇ ਦਹਾਕੇ ਵਿੱਚ ਭਾਰਤ ਛੱਡਕੇ ਜਾਣ ਵਾਲੇ ਇਨਕਲਾਬੀਆਂ ਨੂੰ ਅੰਗਰੇਜ਼ ਸਰਕਾਰ ਦੇ ਹੱਥ ਨਾ ਲੱਗਣ ਤੋਂ ਬਚਣ ਦੇ ਵਾਸਤੇ ਇੱਕ ਦੇਸ਼ ਤੋਂ ਦੂਜੇ ਦੇਸ਼ ਤੱਕ ਭਟਕਣਾ ਪੈਂਦਾ ਸੀ। ਅੰਤ ਵਿੱਚ ਉਹਨਾਂ ਵਿੱਚੋਂ ਕਈਆਂ ਨੇ ਅਮਰੀਕਾ ਵਿੱਚ ਵੱਸਣ ਅਤੇ ਉਸ ਦੇਸ਼ ਨੂੰ ਆਪਣੇ ਕਾਰਜ ਦੇ ਆਧਾਰ ਖੇਤਰ ਬਣਾਉਣ ਦਾ ਫੈਸਲਾ ਕੀਤਾ। ਇਹਨਾਂ ਵਿੱਚੋਂ ਪ੍ਰਮੁੱਖ ਸਨ - ਤਾਰਕਨਾਥ ਦਾਸ, ਸ਼ੈਲੇਂਦਰ ਘੋਸ਼, ਚੰਦਰ ਚੱਕਰਵਰਤੀ, ਨੰਦਲਾਲ ਕਾਰ, ਬਸੰਤ ਕੁਮਾਰ ਰਾਏ, ਸਾਰੰਗਧਰ ਦਾਸ, ਸੁਧੀਂਦਰ ਨਾਥ ਬੋਸ ਅਤੇ ਜੀ.ਡੀ. ਕੁਮਾਰ। ਪਹਿਲੇ ਦਹਾਕੇ ਦੇ ਅੰਤ ਤੱਕ ਲਾਲ ਹਰਦਿਆਲ ਵੀ ਉਹਨਾਂ ਨੂੰ ਉੱਪਰ ਮਿਲਿਆ ਸੀ। ਇਹਨਾਂ ਲੋਕਾਂ ਨੇ ਅਮਰੀਕਾ ਅਤੇ ਕੈਨੇਡਾ ਵਿੱਚ ਵਸੇ ਭਾਰਤੀ ਪ੍ਰਵਾਸੀਆਂ ਨਾਲ ਸੰਪਰਕ ਕੀਤਾ, ਧਨ ਇਕੱਠਾ ਕੀਤਾ, ਅਖਬਾਰ ਕੱਢੇ, ਅਤੇ ਕਈ ਥਾਈ ਗੁਪਤ ਸੰਸਥਾਵਾਂ ਕਾਇਮ ਕੀਤੀਆਂ।

ਤਾਰਕਨਾਥ ਦਾਸ ਨੇ ਫਰੀ ਹਿੰਦੁਸਤਾਨ ਨਾਂ ਦਾ ਅਖਬਾਰ ਕੱਢਿਆ ਅਤੇ ਅਮਰੀਕਾ ਵਿੱਚ ਰਹਿ ਰਹੇ ਭਾਰਤੀ ਵਿਦਿਆਰਥੀਆਂ ਅਤੇ ਭਾਰਤੀ ਪ੍ਰਵਾਸੀਆਂ ਦੇ ਵਾਸਤੇ ਭਾਸ਼ਣ ਕਰਦੇ ਰਹੇ। ਉਹ ਸਮਿਤੀ ਨਾਂ ਦੀ ਇੱਕ ਗੁਪਤ ਸੰਸਥਾ ਦੇ ਪ੍ਰਧਾਨ ਵੀ ਸਨ। ਇਸ ਸੰਸਥਾ ਦੇ ਹੋਰ ਮੈਂਬਰ ਸਨ - ਸ਼ੈਲੇਂਦਰ ਨਾਥ ਬੋਸ, ਸਾਰੰਗਧਰ ਦਾਸ, ਜੀ.ਡੀ.ਕੁਮਾਰ, ਲਸਕਰ ਅਤੇ ਗ੍ਰੀਨ ਨਾਂ ਦਾ ਇੱਕ ਅਮਰੀਕੀ।

ਰਾਮ ਨਾਥ ਪੁਰੀ ਨੇ 1908 ਵਿੱਚ ਔਕਲੈਂਡ ਵਿੱਚ ਹਿੰਦੁਸਤਾਨ ਐਸੋਸੀਏਸ਼ਨ ਨਾਂ ਦੀ ਇੱਕ ਸੰਸਥਾ ਕਾਇਮ ਕੀਤੀ, ਅਤੇ ਸਰਕੂਲਰ ਆਫ਼ ਫ਼ਰੀਡਮ ਨਾਂ ਦਾ ਅਖਬਾਰ ਵੀ ਕੱਢਿਆ। ਇਸ ਅਖਬਾਰ ਦੇ ਮਾਧਿਅਮ ਰਾਹੀਂ ਅੰਗਰੇਜ਼ਾਂ ਨੂੰ ਭਾਰਤ ਤੋਂ ਖਦੇੜੇ ਜਾਣ ਦੀ ਵਕਾਲਤ ਕਰਦੇ ਰਹੇ। ਜੀ.ਡੀ. ਕੁਮਾਰ ਨੇ ਵੈਨਕੋਵਰ ਤੋਂ ਸਵਦੇਸ਼ੀ ਸੇਵਕ ਨਾਂ ਦਾ ਅਖਬਾਰ ਕੱਢਿਆ। ਉਹ ਉੱਥੋਂ ਦੀ ਇੱਕ ਗੁਪਤ ਸੰਸਥਾ ਦੇ ਮੈਂਬਰ ਵੀ ਸਨ। ਇਸ ਸੰਸਥਾ ਦੇ ਮੈਂਬਰ ਰਹੀਮ ਅਤੇ ਸੁੰਦਰ ਸਿੰਘ ਵੀ ਸਨ। ਸੁੰਦਰ ਸਿੰਘ ਆਇਰਨ ਨਾਂ ਦੇ ਇੱਕ ਅਖਬਾਰ ਦਾ ਸੰਪਾਦਕ ਵੀ ਕਰਦੇ ਸਨ ਅਤੇ

ਉਸਦੇ ਜ਼ਰੀਏ ਲਗਾਤਾਰ ਬ੍ਰਿਟਿਸ਼ ਵਿਰੋਧੀ ਪ੍ਰਚਾਰ ਚਲਾਉਂਦੇ ਸਨ। ਰਹੀਮ ਅਤੇ ਆਤਮਾ ਰਾਮ ਨੇ ਵੈਨਕੋਵਰ ਵਿੱਚ ਯੂਨਾਈਟਡ ਇੰਡੀਆ ਲੀਗ ਦਾ ਗਠਨ ਕੀਤਾ।

ਲਾਲਾ ਹਰਦਿਆਲ 1911 ਵਿੱਚ ਅਮਰੀਕਾ ਪਹੁੰਚੇ ਅਤੇ ਉਥੇ ਸਟੈਨਫੋਰਡ ਯੂਨੀਵਰਸਿਟੀ ਵਿੱਚ ਪ੍ਰੋਫੈਸਰ ਲੱਗ ਗਏ। ਸੈਨ ਫਰਾਂਸਿਸਕੋ ਵਿੱਚ "ਹਿੰਦੁਸਤਾਨੀ ਸਟੂਡੈਂਟਸ ਐਸੋਸੀਏਸ਼ਨ" ਨਾਂ ਦੀ ਇੱਕ ਸੰਸਥਾ ਉਹਨਾਂ ਨੇ ਬਣਾਈ। 1913 ਵਿੱਚ ਏਸਟੋਰੀਆ ਦੀ 'ਹਿੰਦੁਸਤਾਨੀ ਐਸੋਸੀਏਸ਼ਨ' ਦਾ ਗਠਨ ਹੋਇਆ, ਕਰੀਮ ਬਖਸ਼, ਨਵਾਬ ਖਾਨ, ਬਲਵੰਤ ਸਿੰਘ, ਮੁਨਸ਼ੀ ਰਾਮ, ਕੇਸਰ ਸਿੰਘ ਅਤੇ ਕਰਤਾਰ ਸਿੰਘ ਸਰਾਭਾ ਇਸਦੇ ਮੈਂਬਰ ਸਨ। ਠਾਕੁਰ ਦਾਸ ਅਤੇ ਉਹਨਾਂ ਦੇ ਮਿੱਤਰਾਂ ਨੇ ਸੇਂਟ ਜਾਹਨ ਵਿਖੇ ਰਹਿਣ ਵਾਲੇ ਭਾਰਤੀਆਂ ਦੀ ਇੱਕ ਸੰਸਥਾ ਬਣਾਈ। 1913 ਵਿੱਚ ਸ਼ਿਕਾਗੋ ਵਿੱਚ 'ਹਿੰਦੁਸਤਾਨ ਐਸੋਸੀਏਸ਼ਨ ਆਫ ਦੀ ਯੂਨਾਈਟਡ ਸਟੇਟਸ ਆਫ਼ ਅਮਰੀਕਾ' ਦਾ ਗਠਨ ਹੋਇਆ।[13]

ਲਾਲਾ ਹਰਦਿਆਲ ਨੇ ਮਹਿਸੂਸ ਕੀਤਾ ਕਿ ਸੰਯੁਕਤ ਰਾਜ ਅਮਰੀਕਾ ਦੇ ਵਿਭਿੰਨ ਭਾਗਾਂ ਵਿੱਚ ਕਾਰਜਸ਼ੀਲ ਇਹਨਾਂ ਸੰਗਠਨਾਂ ਦੀਆਂ ਗਤੀਵਿਧੀਆਂ ਦੀ ਤਾਲਮੇਲ ਅਵੱਸ਼ਕ ਹੈ। ਇਸ ਲਈ ਉਹਨਾਂ ਦਾ ਕੈਨੇਡਾ ਅਤੇ ਅਮਰੀਕਾ ਵਿੱਚ ਰਹਿਣ ਵਾਲੇ ਭਾਰਤੀ ਇਨਕਲਾਬੀਆਂ ਦੀ ਇੱਕ ਮੀਟਿੰਗ ਬੁਲਾਈ। ਇਸ ਮੀਟਿੰਗ ਵਿੱਚ 'ਹਿੰਦੁਸਤਾਨੀ ਐਸੋਸੀਏਸ਼ਨ ਆਫ ਦਾ ਪੈਸੀਫਿਕ ਕੋਸਟ' ਨਾਂ ਦੀ ਇੱਕ ਸੰਸਥਾ ਦੇ ਗਠਨ ਦਾ ਫੈਸਲਾ ਲਿਆ ਗਿਆ, ਬਾਬਾ ਸੋਹਣ ਸਿੰਘ ਭਕਨਾ ਅਤੇ ਲਾਲ ਹਰਦਿਆਲ ਕ੍ਰਮਵਾਰ ਇਸਦੇ ਪ੍ਰਧਾਨ ਅਤੇ ਸਕੱਤਰ ਚੁਣੇ ਗਏ। ਲਾਲ ਹਰਦਿਆਲ ਨੌਕਰੀ ਤੋਂ ਅਸਤੀਫ਼ਾ ਦੇ ਕੇ ਆਪਣਾ ਪੂਰਾ ਸਮਾਂ ਐਸੋਸੀਏਸ਼ਨ ਦੇ ਕੰਮ ਵਿੱਚ ਲਾਉਣ ਲੱਗੇ।

ਮਾਰਚ 1913 ਵਿੱਚ ਐਸੋਸੀਏਸ਼ਨ ਨੇ ਸੈਨ ਫਰਾਂਸਿਸਕੋ ਤੋਂ ਗ਼ਦਰ ਨਾਂ ਦਾ ਇੱਕ ਅਖਬਾਰ ਕੱਢਣ ਦਾ ਫੈਸਲਾ ਕੀਤਾ। ਉਸਦੇ ਬਾਦ ਐਸੋਸੀਏਸ਼ਨ ਦਾ ਨਾਂ ਵੀ ਬਦਲਕੇ 'ਗਦਰ ਪਾਰਟੀ' ਕਰ ਦਿੱਤਾ ਗਿਆ।

ਅੱਗੇ ਵੱਲ ਨੂੰ ਇੱਕ ਵੱਡੀ ਡਿੰਘ – 1913 ਵਿੱਚ ਗਦਰ ਪਾਰਟੀ ਦਾ ਗਠਨ ਇਨਕਲਾਬੀ ਅੰਦੋਲਨ ਦੀ ਦਿਸ਼ਾ ਵਿੱਚ ਪੁੱਟੀ ਗਈ ਇੱਕ ਬਹੁਤ ਵੱਡੀ ਅਤੇ ਮਹੱਤਵਪੂਰਣ ਡਿੰਘ (ਪੁਲਾਂਘ–ਕਦਮ) ਸੀ। ਇਸਨੇ ਰਾਜਨੀਤੀ ਨੂੰ ਧਰਮ ਨਾਲੋਂ ਸੁਤੰਤਰ ਕੀਤਾ ਅਤੇ ਧਰਮ ਨਿਰਪੱਖਤਾ ਨੂੰ ਅਪਣਾਇਆ। ਧਰਮ ਨੂੰ ਨਿੱਜੀ ਮਾਮਲਾ ਐਲਾਨ ਕਰ ਦਿੱਤਾ ਗਿਆ।

ਅਖਬਾਰ ਗ਼ਦਰ ਨੇ ਹਿੰਦੂ–ਮੁਸਲਮਾਨ ਦੋਨਾਂ ਨੂੰ ਅਪੀਲ ਕੀਤੀ ਕਿ ਉਹ ਆਰਥਕ ਮਾਮਲਿਆਂ ਉੱਪਰ ਵੱਧ ਧਿਆਨ ਦੇਣ ਕਿਉਂਕਿ ਉਹਨਾਂ ਦਾ ਦੋਵਾਂ ਦੀ ਜ਼ਿੰਦਗੀ ਉੱਤੇ ਇੱਕੋ–ਜਿਹਾ ਪ੍ਰਭਾਵ ਪੈਂਦਾ ਹੈ। ਪਲੇਗ ਨਾਲ ਹਿੰਦੂ ਅਤੇ ਮੁਸਲਮਾਨ ਦੋਵੇਂ ਹੀ ਮਰ ਰਹੇ ਹਨ। ਅਕਾਲ ਪੈ ਜਾਣ ਤੇ ਦੋਵੇਂ ਹੀ ਅੰਨ ਤੋਂ ਸੱਖਣੇ ਰਹਿੰਦੇ ਹਨ। ਬੈਗਾਰ ਦੇ ਵਾਸਤੇ ਜ਼ੋਰ ਜ਼ਬਰਦਸਤੀ ਦੋਵਾਂ ਨਾਲ ਕੀਤੀ ਜਾਂਦੀ ਹੈ। ਅਤੇ ਦੋਵਾਂ ਨੂੰ ਹੀ ਵੱਧ ਉੱਚੀਆਂ ਦਰਾਂ ਦਾ ਭੂਮੀ ਲਗਾਨ (ਮਾਮਲਾ) ਅਤੇ ਪਾਣੀ ਟੈਕਸ ਤਾਰਨਾ ਪੈਂਦਾ ਹੈ। ਸਮੱਸਿਆ ਹਿੰਦੂ ਬਨਾਮ ਮੁਸਲਮਾਨ ਦੀ ਨਹੀਂ ਬਲਕਿ ਭਾਰਤੀ ਬਨਾਮ ਅੰਗਰੇਜ਼ ਲੋਟੂਆਂ ਦੀ ਹੈ। ਹਿੰਦੂ–ਮੁਸਲਿਮ ਏਕਤਾ ਨੂੰ ਐਨਾ ਮਜ਼ਬੂਤ ਬਣਾਉਣਾ ਚਾਹੀਦਾ ਹੈ ਕਿ ਕੋਈ ਉਸਨੂੰ ਤੋੜ ਨਾ ਸਕੇ।[14]

ਗਦਰ ਪਾਰਟੀ "ਧਰਮ–ਨਿਰਪੱਖਤਾ ਵਿੱਚ ਵਿਸ਼ਵਾਸ਼ ਕਰਦੀ ਸੀ ਅਤੇ ਠੋਸ ਹਿੰਦੂ–ਮੁਸਲਿਮ ਏਕਤਾ ਦੀ ਤਰਫ਼ਦਾਰ ਸੀ, ਉਹ ਛੂਤ ਅਤੇ ਅਛੂਤ ਤੇ ਭੇਦ ਭਾਵ ਨੂੰ ਵੀ ਨਹੀਂ ਮੰਨਦੀ ਸੀ। ਭਾਰਤ ਦੀ ਏਕਤਾ ਅਤੇ ਭਾਰਤ ਦੀ ਸੁਤੰਤਰਤਾ ਸੰਘਰਸ਼ ਦੇ ਵਾਸਤੇ ਏਕਤਾ, ਇਹ ਹੀ ਉਸਨੂੰ ਪ੍ਰੇਰਿਤ ਕਰਨ ਵਾਲੇ ਪ੍ਰਮੁੱਖ ਸਿਧਾਂਤ ਸਨ।"[15] ਇਸ ਮਾਮਲੇ ਵਿੱਚ ਗਦਰ ਪਾਰਟੀ ਉਸ ਸਮੇਂ ਦੇ ਭਾਰਤੀ ਨੇਤਾਵਾਂ ਨਾਲੋਂ ਕੋਹਾਂ ਮੀਲ ਅੱਗੇ ਸੀ। ਸੋਹਣ ਸਿੰਘ ਜੋਸ਼ ਦੇ ਅਨੁਸਾਰ, "ਗ਼ਦਰ ਦੇ ਇਨਕਲਾਬੀ ਰਾਜਨੀਤਕ–ਸਮਾਜਿਕ ਸੁਧਾਰਾਂ ਦੇ ਸਵਾਲਾਂ ਉੱਤੇ ਆਪਣੇ ਸਮਕਾਲੀਆਂ ਨਾਲੋਂ ਅੱਗੇ ਸਨ।"[16]

14 ਮਈ 1914 ਨੂੰ ਗ਼ਦਰ ਵਿੱਚ ਪ੍ਰਕਾਸ਼ਿਤ ਇੱਕ ਲੇਖ ਵਿੱਚ ਲਾਲਾ ਹਰਦਿਆਲ ਨੇ ਲਿਖਿਆ "ਬੇਨਤੀਆਂ ਕਰਨ ਦਾ ਸਮਾਂ ਲੰਘ ਗਿਆ, ਹੁਣ ਤਲਵਾਰ ਚੁੱਕਣ ਦਾ ਵਕਤ ਆ ਗਿਆ ਹੈ। ਸਾਨੂੰ ਪੰਡਤਾਂ (ਹਿੰਦੂ ਪੁਜਾਰੀ ਵਰਗ ਅਨੁ.) ਅਤੇ ਕਾਜ਼ੀਆਂ (ਮੁਸਲਿਮ ਪੁਜਾਰੀ ਵਰਗ ਅਨੁ.) ਦੀ ਕੋਈ ਲੋੜ ਨਹੀਂ ਹੈ।[17] 1913 ਵਿੱਚ ਪੋਰਟਲੈਂਡ ਵਿਖੇ ਭਾਸ਼ਣ ਦਿੰਦੇ ਹੋਏ ਉਹਨਾਂ ਨੇ ਆਖਿਆ ਸੀ ਕਿ ਗ਼ਦਰ ਦੇ ਇਨਕਲਾਬੀਆਂ ਨੂੰ ਆਗਾਮੀ ਇਨਕਲਾਬ ਦੇ ਲਈ ਤਿਆਰ ਰਹਿਣਾ ਚਾਹੀਦਾ ਹੈ। ਉਹਨਾਂ ਨੂੰ ਭਾਰਤ ਜਾ ਕੇ ਅਤੇ ਉੱਥੋਂ ਅੰਗਰੇਜ਼ਾਂ ਨੂੰ ਭਜਾਕੇ ਅਮਰੀਕਾ ਵਰਗੀ ਇੱਕ ਲੋਕਤੰਤਰਿਕ ਸਰਕਾਰ ਕਾਇਮ ਕਰਨੀ ਚਾਹੀਦੀ ਹੈ ਜਿਸ ਵਿੱਚ ਧਰਮ, ਜਾਤ ਅਤੇ ਰੰਗ ਦੇ ਵਖਰੇਵੇਂ ਤੋਂ ਪਰ੍ਹੇ ਸਾਰੇ ਭਾਰਤੀ ਬਰਾਬਰ ਅਤੇ ਸੁਤੰਤਰ ਹੋਣ।

ਲਾਲ ਹਰਦਿਆਲ ਜੋ ਆਪਣੇ ਆਪ ਨੂੰ ਅਰਾਜਕਤਾਵਾਦੀ ਆਖਿਆ ਕਰਦੇ ਸਨ, ਇੱਕ ਵਾਰੀ ਕਿਹਾ ਸੀ ਕਿ ਮਾਲਕ ਅਤੇ ਸੇਵਕ (ਨੌਕਰ) ਦੇ ਵਿੱਚ ਕੋਈ ਸਮਾਨਤਾ (ਬਰਾਬਰੀ) ਨਹੀਂ ਹੋ ਸਕਦੀ। ਭਲੇ ਹੀ ਉਹ ਦੋਵੇਂ ਮੁਸਲਮਾਨ ਹੋਣ, ਸਿੱਖ ਹੋਣ ਜਾਂ ਵੈਸ਼ਨਵ ਹੋਣ। ਅਮੀਰ ਹਮੇਸ਼ਾ ਗਰੀਬ ਉੱਤੇ ਹਕੂਮਤ ਕਰੇਗਾ। ਆਰਥਕ ਬਰਾਬਰੀ ਦੀ ਅਣਹੋਂਦ ਵਿੱਚ ਭਾਈਚਾਰੇ ਦੀ ਗੱਲ ਸਿਰਫ਼ ਇੱਕ ਸੁਫਨਾ ਹੈ।[18]

ਹਿੰਦੁਸਤਾਨੀਆਂ ਦੇ ਵਿੱਚ ਸੰਪਰਦਾਇਕ ਸਦਭਾਵਨਾ ਵਧਾਉਣ ਨੂੰ ਗ਼ਦਰ ਪਾਰਟੀ ਨੇ ਆਪਣਾ ਇੱਕ ਉਦੇਸ਼ ਬਣਾਇਆ। ਯੁਗਾਂਤਰ ਆਸ਼ਰਮ ਨਾਂ ਦੇ ਗਦਰ ਪਾਰਟੀ ਦੇ ਦਫ਼ਤਰ ਵਿੱਚ ਸਵਰਨ ਹਿੰਦੂ, ਅਛੂਤ, ਮੁਸਲਮਾਨ ਅਤੇ ਸਿੱਖ, ਸਾਰੇ ਇਕੱਠੇ ਹੁੰਦੇ ਅਤੇ ਇਕੱਠੇ ਮਿਲਕੇ ਭੋਜਨ ਖਾਂਦੇ ਸਨ।

ਧਰਮ ਜਦੋਂ ਰਾਜਨੀਤੀ ਨਾਲ ਘੁਲ ਮਿਲ ਜਾਂਦਾ ਹੈ ਤਾਂ ਉਹ ਇੱਕ ਘਾਤਕ ਮਾਰੂ ਜ਼ਹਿਰ ਬਣ ਜਾਂਦਾ ਹੈ। ਜੋ ਰਾਸ਼ਟਰ ਦੇ ਜੀਵਤ ਅੰਗਾਂ ਨੂੰ ਹੌਲੀ–ਹੌਲੀ ਘੁਣ ਵਾਂਗ ਨਸ਼ਟ ਕਰਦਾ ਰਹਿੰਦਾ ਹੈ, ਭਾਈ ਨੂੰ ਭਾਈ ਨਾਲ ਲੜਾਉਂਦਾ ਹੈ, ਲੋਕਾਂ ਦੇ ਹੌਂਸਲੇ ਪਸਤ ਕਰਦਾ ਹੈ, ਉਹਨਾਂ ਦੀ ਦ੍ਰਿਸ਼ਟੀ ਨੂੰ ਧੁੰਦਲੀ ਬਣਾਉਂਦਾ ਹੈ, ਅਸਲੀ ਦੁਸ਼ਮਣ ਦੀ ਪਛਾਣ ਕਰਨੀ ਮੁਸ਼ਕਲ ਬਣਾ ਦਿੰਦਾ ਹੈ, ਲੋਕਾਂ ਦੀ ਜੁਝਾਰੂ ਮਨੋਸਥਿਤੀ ਨੂੰ ਕਮਜ਼ੋਰ ਕਰਦਾ ਹੈ ਅਤੇ ਇਸ ਤਰ੍ਹਾਂ ਰਾਸ਼ਟਰ ਨੂੰ ਸਾਮਰਾਜਵਾਦੀ ਸਾਜਿਸ਼ਾਂ ਦੀਆਂ ਹਮਲਾਵਰ ਯੋਜਨਾਵਾਂ ਦਾ ਲਾਚਾਰ ਬੇਵੱਸ ਸ਼ਿਕਾਰ ਬਣਾ ਦਿੰਦਾ ਹੈ। ਭਾਰਤ ਵਿੱਚ ਇਸ ਗੱਲ ਨੂੰ ਸਭ ਤੋਂ ਪਹਿਲਾਂ ਗ਼ਦਰ ਦੇ ਇਨਕਲਾਬੀਆਂ ਨੇ ਮਹਿਸੂਸ ਕੀਤਾ। ਉਹਨਾਂ ਨੇ ਦਲੇਰੀ ਦੇ ਨਾਲ ਐਲਾਨ ਕੀਤਾ ਕਿ ਉਹ ਇਹ ਮਾਰੂ ਜ਼ਹਿਰ (ਧਰਮ) ਨੂੰ ਆਪਣੀ ਰਾਜਨੀਤੀ ਨਾਲੋਂ ਦੂਰ ਹੀ ਰੱਖਣਗੇ ਅਤੇ ਜੋ ਉਹਨਾਂ ਨੇ ਆਖਿਆ ਵੈਸਾ ਹੀ ਕੀਤਾ ਵੀ। ਭਾਰਤੀ ਰਾਜਨੀਤੀ ਵਿੱਚ ਇਹ ਪਹਿਲੀ ਮਹਾਨ ਉਪਲੱਬਧੀ (ਪ੍ਰਾਪਤੀ) ਸੀ।

ਗਦਰ ਦੇ ਇਨਕਲਾਬੀਆਂ ਦੀ ਦੂਜੀ ਮਹਾਨ ਪ੍ਰਾਪਤੀ ਸੀ। ਉਹਨਾਂ ਦਾ "ਅੰਤਰਾਸ਼ਟਰੀ ਦ੍ਰਿਸ਼ਟੀਕੋਣ।" ਗ਼ਦਰ ਦਾ ਅੰਦੋਲਨ ਇੱਕ ਅੰਤਰਰਾਸ਼ਟਰੀ ਅੰਦੋਲਨ ਸੀ। ਉਸਦੀਆਂ ਸ਼ਾਖਾਵਾਂ ਮਲਾਇਆ, ਸੰਘਾਈ, ਇੰਡੋਨੇਸ਼ੀਆ, ਈਸਟ ਇੰਡੀਜ਼, ਫਿਲੀਪੀਨ, ਜਾਪਾਨ, ਮਾਨੀਲਾ, ਨਿਊਜ਼ੀਲੈਂਡ, ਹਾਂਗਕਾਂਗ, ਸਿੰਗਾਪੁਰ, ਫਿਜ਼ੀ ਬਰਮਾ ਅਤੇ ਹੋਰਨਾਂ ਦੇਸ਼ਾਂ ਵਿੱਚ ਕਾਰਜਸ਼ੀਲ ਸਨ। ਗ਼ਦਰ ਪਾਰਟੀ ਦੇ ਉਦੇਸ਼ਾਂ ਦੇ ਪ੍ਰਤੀ ਇੰਡਸਟਰੀਅਲ ਵਰਕਰਜ਼ ਆਫ਼ ਦਾ ਵਰਲਡ (ਆਈ.ਡਬਲਯੂ.ਡਬਲਯੂ) ਦੀ ਬਹੁਤ ਹਮਦਰਦੀ ਸੀ। ਉਹ (ਗ਼ਦਰ ਦੇ ਇਨਕਲਾਬੀ) ਸਾਰੇ ਦੇਸ਼ਾਂ ਦੀ ਆਜ਼ਾਦੀ ਦੇ ਤਰਫਦਾਰ ਸਨ।"[19]

ਕਈ ਕਵੀਆਂ ਦੀਆਂ ਲਿਖੀਆਂ ਹੋਈਆਂ ਕਵਿਤਾਵਾਂ ਦੇ ਸੰਗ੍ਰਹਿ ਗ਼ਦਰ ਦੀ ਗੂੰਜ ਵਿੱਚ ਇੱਕ ਕਵੀ ਕਹਿੰਦਾ ਹੈ, "ਭਾਈਓ ਚੀਨ ਦੇ ਖਿਲਾਫ਼ ਯੁੱਧ ਵਿੱਚ ਨਾ ਲੜੋ, ਭਾਰਤ, ਚੀਨ ਅਤੇ ਤੁਰਕੀ ਦੇ ਲੋਕੀਂ ਆਪਸ ਵਿੱਚ ਭਾਈ ਹਨ। ਦੁਸ਼ਮਣ ਨੂੰ ਇਸਦੀ ਇਜ਼ਾਜ਼ਤ ਨਹੀਂ ਦੇਣੀ ਚਾਹੀਦੀ ਕਿ ਉਹ ਇਸ ਭਾਈਚਾਰੇ ਨੂੰ ਤਹਿਸ–ਨਹਿਸ ਕਰ ਸਕੇ।"[20]

ਵੈਨਕੋਵਰ ਵਿੱਚ 1911 ਵਿੱਚ ਇੱਕ ਸੰਸਥਾ ਕਾਇਮ ਹੋਈ ਸੀ ਜਿਸਦਾ ਉਦੇਸ਼ ਸੀ ਬਾਕੀ

ਦੁਨੀਆਂ ਦੇ ਨਾਲ ਭਾਰਤੀ ਰਾਸ਼ਟਰ ਦੇ ਸੁਤੰਤਰਤਾ, ਸਮਾਨਤਾ ਅਤੇ ਭਾਈਚਾਰੇ ਦੇ ਸੰਬੰਧ ਕਾਇਮ ਕਰਨਾ। ਲਾਲਾ ਹਰਦਿਆਲ ਨੇ ਵੀ ਕਈ ਵਾਰ ਆਪਣੇ ਭਾਸ਼ਣਾਂ ਵਿੱਚ ਇਹ ਘੋਸ਼ਣਾ ਕੀਤੀ ਸੀ ਕਿ ਉਹ ਸਿਰਫ਼ ਭਾਰਤ ਵਿੱਚ ਹੀ ਨਹੀਂ ਬਲਕਿ ਉਸ ਹਰ ਦੇਸ਼ ਵਿੱਚ ਇਨਕਲਾਬ ਚਾਹੁੰਦੇ ਹਨ ਜਿੱਥੇ ਗੁਲਾਮੀ ਅਤੇ ਸੋਸ਼ਣ (ਲੁੱਟ) ਮੌਜੂਦ ਹਨ।[21]

ਗ਼ਦਰ ਦੇ ਇਨਕਲਾਬੀ ਦੇ ਪ੍ਰਚਾਰ ਦਾ ਇੱਕ ਪ੍ਰਮੁੱਖ ਅੰਗ ਸੀ ਦੁਨੀਆਂ ਦੀਆਂ ਮਜ਼ਦੂਰਾਂ ਜਥੇਬੰਦੀਆਂ ਦੇ ਨਾਂ ਅਪੀਲ ਜਾਰੀ ਕਰਨਾ। ਉਹਨਾਂ ਪੂਰੀ ਦੁਨੀਆਂ ਦੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸਾਮਰਾਜੀ ਹਕੂਮਤ ਨੂੰ ਉਖਾੜ ਸੁੱਟਣ ਦੇ ਵਾਸਤੇ ਇੱਕ ਜੁੱਟ ਹੋਣ।[22]

ਵਿਚਾਰਧਾਰਾ ਅਤੇ ਪ੍ਰੋਗਰਾਮ :- ਗਦਰ ਪਾਰਟੀ ਬ੍ਰਿਟਿਸ਼ ਹਕੂਮਤ ਦੀ ਵਿਰੋਧੀ ਸੀ ਅਤੇ ਉਸਦਾ ਉਦੇਸ਼ ਸੀ ਹਥਿਆਰਬੰਦ ਸੰਘਰਸ਼ ਦੇ ਜ਼ਰੀਏ ਭਾਰਤ ਨੂੰ ਬ੍ਰਿਟਿਸ਼ ਸਾਸ਼ਨ ਤੋਂ ਆਜ਼ਾਦ ਕਰਵਾਕੇ ਉੱਥੇ ਅਮਰੀਕੀ ਤਰਜ ਦਾ ਲੋਕਤੰਤਰ ਸਥਾਪਤ ਕਰਨਾ। ਉਸਦਾ ਵਿਸ਼ਵਾਸ਼ ਸੀ ਕਿ ਪ੍ਰਸਤਾਵਾਂ, ਪ੍ਰਤੀਨਿਧੀ ਮੰਡਲਾਂ ਅਤੇ ਪ੍ਰਾਰਥਨਾ-ਪੱਤਰ ਨਾਲ ਸਾਨੂੰ ਕੁੱਝ ਮਿਲਣ ਵਾਲਾ ਨਹੀਂ ਹੈ। ਅੰਗਰੇਜ਼ ਹੁਕਮਰਾਨਾਂ ਦੇ ਸਾਹਮਣੇ ਨਰਮ ਦਲੀ ਨੇਤਾਵਾਂ ਦਾ ਨੱਚਣਾ (ਲਿਲਕੜੀਆਂ ਕੱਢਣਾ) ਵੀ ਉਹ ਪਸੰਦ ਨਹੀਂ ਕਰਦੇ ਸਨ। ਜਿਸ ਗਣਤੰਤਰ ਦੀ ਗੱਲ ਉਹ ਕਰਦੇ ਸਨ ਉਸ ਵਿੱਚ ਕਿਸੇ ਕਿਸਮ ਦਾ ਰਾਜਾ ਵੀ ਨਹੀਂ, ਬਲਕਿ ਇਹ ਚੁਣੇ ਹੋਏ ਰਾਸ਼ਟਰਪਤੀ ਦੀ ਗੁੰਜਾਇਸ਼ ਸੀ।

ਭਾਰਤ ਦੀ ਆਜ਼ਾਦੀ ਹਾਸਲ ਕਰਨ ਦੇ ਵਾਸਤੇ ਗਦਰ ਪਾਰਟੀ ਵਿਅਕਤੀਗਤ ਕਾਰਵਾਈਆਂ ਉੱਤੇ ਉਨਾ ਨਿਰਭਰ ਨਹੀਂ ਕਰਦੀ ਸੀ। ਜਿੰਨਾ ਇਸ ਗੱਲ ਉੱਪਰ ਕਿ ਫੌਜਾਂ ਵਿੱਚ ਪ੍ਰਚਾਰ ਕਰਕੇ ਫੌਜੀਆਂ ਨੂੰ ਬਗਾਵਤ ਦੇ ਵਾਸਤੇ ਉਤਸ਼ਾਹਿਤ ਕੀਤਾ ਜਾਵੇ। ਉਹਨਾਂ ਨੇ ਫੌਜੀਆਂ ਨੂੰ ਅਪੀਲ ਕੀਤੀ ਕਿ ਉਹ ਬਗਾਵਤ ਦੇ ਵਾਸਤੇ ਉੱਠ ਖੜੇ ਹੋਣ।

ਗਦਰ ਦੇ ਇਨਕਲਾਬੀਆਂ ਦਾ ਵਰਗ-ਚਰਿੱਤਰ ਵੀ ਪਹਿਲਾਂ ਦੇ ਇਨਕਲਾਬੀਆਂ ਨਾਲੋਂ ਵੱਖਰਾ ਸੀ, ਪੁਰਾਣੇ ਇਨਕਲਾਬੀ ਮੁੱਖ ਤੌਰ ਤੇ ਨਿਮਨ-ਮੱਧ ਵਰਗ ਦੇ ਕੁੱਝ ਪੜ੍ਹੇ ਲਿਖੇ ਲੋਕ ਸਨ ਜਦੋਂ ਕਿ ਗਦਰ ਪਾਰਟੀ ਦੇ ਜ਼ਿਆਦਾਤਰ ਮੈਂਬਰ ਕਿਸਾਨਾਂ ਤੋਂ ਮਜ਼ਦੂਰ ਬਣੇ ਲੋਕੀਂ ਸਨ, ਅਤੇ ਇਸ ਲਈ ਉਹਨਾਂ ਨੇ ਬਗਾਵਤ ਦੇ ਵਾਸਤੇ ਕਿਸਾਨਾਂ ਨੂੰ ਉੱਠ ਖੜ੍ਹੇ ਹੋਣ ਦੀ ਅਪੀਲ ਕੀਤੀ।

ਦੋ ਕਮਜ਼ੋਰੀਆਂ :- ਗਦਰ ਪਾਰਟੀ ਦੀ ਸਥਾਪਨਾ ਅਮਰੀਕਾ ਵਿੱਚ ਹੋਈ ਸੀ ਜਿੱਥੇ ਲੋਕਾਂ ਨੂੰ ਕੁੱਝ ਨਾਗਰਿਕ ਆਜ਼ਾਦੀਆਂ ਅਤੇ ਸਵੈ-ਪ੍ਰਗਟਾਵੇ ਦੀ ਆਜ਼ਾਦੀ ਹਾਸਿਲ ਸੀ ਜਦੋਂ ਕਿ ਉਸ ਸਮੇਂ ਭਾਰਤ ਵਿੱਚ ਇਹ ਚੀਜ਼ਾਂ ਨਹੀਂ ਸਨ। ਉੱਥੇ ਗਦਰ ਦੇ ਨੇਤਾ ਖੁੱਲਕੇ ਆਪਣੀਆਂ ਯੋਜਨਾਵਾਂ ਇਰਾਦਿਆਂ ਅਤੇ ਪਰੋਗਰਾਮਾਂ ਉੱਪਰ ਬਹਿਸ ਕਰਦੇ ਅਤੇ ਉਹਨਾਂ ਬਾਰੇ ਲੇਖ ਲਿਖਦੇ ਸਨ। ਇਸ ਤਰ੍ਹਾਂ ਬ੍ਰਿਟਿਸ਼ ਸਾਮਰਾਜਵਾਦੀਆਂ ਨੂੰ ਉਹਨਾਂ ਦੀਆਂ ਯੋਜਨਾਵਾਂ ਦੀ ਪੂਰੀ-ਪੂਰੀ ਜਾਣਕਾਰੀ ਰਹਿੰਦੀ ਸੀ ਅਤੇ ਉਹ ਗ਼ਦਰ ਦੇ ਇਨਕਲਾਬੀਆਂ ਦੀਆਂ ਸਰਗਰਮੀਆਂ ਤੋਂ ਪੈਦਾ ਹੋ ਸਕਣ ਵਾਲੀ ਹਰ ਸਥਿਤੀ ਨਾਲ ਨਿਪਟਣ ਲਈ ਤਿਆਰ ਸਨ। ਗ਼ਦਰ ਦੇ ਨੇਤਾਵਾਂ ਅਤੇ ਕਾਰਕੁੰਨਾਂ ਦੀ ਇਹ ਅਗੋਪਨੀਯਤਾ ਦੀ ਬਹੁਤ ਵੱਡੀ ਕੀਮਤ ਪਾਰਟੀ ਨੂੰ ਚੁਕਾਉਣੀ ਪਈ।

ਦੂਜੀ ਪ੍ਰਮੁੱਖ ਕਮਜ਼ੋਰੀ ਉਹਨਾਂ ਦਾ ਇਹ ਭਰਮੀ ਵਿਸ਼ਵਾਸ ਸੀ ਕਿ ਇੱਕ ਸਾਮਰਾਜਵਾਦੀ ਸ਼ਕਤੀ ਉਹਨਾਂ ਨੂੰ ਦੂਜੀ ਸਾਮਰਾਜੀਵਾਦ ਸ਼ਕਤੀ ਦੇ ਚੁੰਗਲ ਤੋਂ ਆਜ਼ਾਦ ਕਰਵਾਉਣ ਵਿੱਚ ਇਮਾਨਦਾਰੀ ਦੇ ਨਾਲ ਸਹਾਇਤਾ ਕਰੂਗੀ। ਉਹਨਾਂ ਦੇ ਦਿਮਾਗ ਵਿੱਚ ਇਹ ਗੱਲ ਸਾਫ਼ ਨਹੀਂ ਸੀ ਕਿ ਜਰਮਨੀ ਹੋਵੇ ਜਾਂ ਬ੍ਰਿਟਿਸ਼ ਜਾਂ ਕੋਈ ਹੋਰ - ਸਾਰੀਆਂ ਸਾਮਰਾਜਵਾਦੀ ਸ਼ਕਤੀਆਂ ਦੀ ਪ੍ਰਬਿਰਤੀ ਇੱਕੋ ਜਿਹੀ ਹੁੰਦੀ ਹੈ। ਜਦੋਂ ਪਹਿਲਾ ਸੰਸਾਰ ਯੁੱਧ ਆਰੰਭ ਹੋਇਆ ਤਾਂ ਗ਼ਦਰ ਪਾਰਟੀ ਅਤੇ ਦੂਜੇ ਇਨਕਲਾਬੀਆਂ ਨੇ ਨਾਹਰਾ ਦਿੱਤਾ ਕਿ, "ਬ੍ਰਿਟੇਨ ਦੀ ਮੁਸੀਬਤ ਸਾਡੇ ਵਾਸਤੇ ਸੁਨਹਿਰੀ ਅਵਸਰ ਹੈ।" ਅਤੇ ਕਿ "ਦੁਸ਼ਮਣ ਦਾ ਦੁਸ਼ਮਣ ਦੋਸਤ ਹੁੰਦਾ ਹੈ।" ਇਸ ਵਿਸ਼ਵਾਸ਼ ਦੇ ਨਾਲ ਉਹਨਾਂ ਨੇ ਜਰਮਨੀ ਦੇ ਕੈਂਸਰ ਨਾਲ ਸਹਾਇਤਾ ਦੇ ਵਾਸਤੇ ਸੰਪਰਕ ਕੀਤਾ। ਕੈਂਸਰ ਦੇ ਪ੍ਰਤੀਨਿਧੀਆਂ ਨਾਲ ਗੱਲਬਾਤ ਦੌਰਾਨ ਸੁਤੰਤਰ ਭਾਰਤ ਦੀ ਭਵਿੱਖੀ ਵਿਵਸਥਾ ਨਾਲ ਸੰਬੰਧਿਤ ਕੁੱਝ ਸ਼ਰਤਾਂ ਵੀ ਉਹਨਾਂ ਨੇ ਰੱਖਣ ਦੀ ਕੋਸ਼ਿਸ਼ ਕੀਤੀ। ਪਰੰਤੂ ਇਸ ਨੁਕਤੇ ਤੇ ਕੈਸਰ ਦਾ ਜਵਾਬ ਹਮੇਸ਼ਾ ਅਸਪੱਸ਼ਟ ਰਿਹਾ। ਉਸਦੀ ਦਿਲਚਸਪੀ ਜੰਗ ਦੇ ਦੌਰਾਨ ਬ੍ਰਿਟੇਨ ਦੇ ਖਿਲਾਫ਼ ਗ਼ਦਰ ਪਾਰਟੀ ਦੇ ਇਨਕਲਾਬੀਆਂ ਦਾ ਵੱਧ ਤੋਂ ਵੱਧ ਇਸਤੇਮਾਲ ਕਰ ਸਕਣ ਤੱਕ ਹੀ ਸੀਮਤ ਸੀ। ਉਸਦੇ ਆਪਣੇ ਜੰਗੀ ਟੀਚੇ ਸਨ - ਬ੍ਰਿਟੇਨ ਅਤੇ ਫਰਾਂਸ ਤੋਂ ਵੱਧ ਤੋਂ ਵੱਧ ਉਪਨਿਵੇਸ਼ ਖੋਹਣੇ। ਇਸ ਤਰ੍ਹਾਂ ਗਦਰ ਦੇ ਇਨਕਲਾਬੀ ਸਾਮਰਾਜਵਾਦ ਦੀ ਵਾਸਤਵਿਕ ਪ੍ਰਕਿਰਤੀ ਤੋਂ ਇੱਕ ਦਮ ਅਣਜਾਣ ਸਨ। ਵਾਸਤਵਿਕ ਅਤੇ ਸਥਾਈ ਆਜ਼ਾਦੀ ਦੇ ਵਾਸਤੇ ਗੁਲਾਮ ਦੇਸ਼ਾਂ ਨੂੰ ਪੂਰੀ ਸਾਮਰਾਜਵਾਦੀ ਵਿਵਸਥਾ ਨਾਲ ਲੜਾਈ ਲੜਨੀ ਹੋਵੇਗੀ - ਇਹ ਗੱਲ ਰੂਸ ਵਿੱਚ ਅਕਤੂਬਰ (ਨਵੀਂ ਪ੍ਰਣਾਲੀ ਵਿੱਚ ਨਵੰਬਰ) 1917 ਦੇ ਇਨਕਲਾਬ ਦੇ ਬਾਦ ਹੀ ਪੂਰੀ ਤਰ੍ਹਾਂ ਸਪੱਸ਼ਟ ਹੋਈ।

ਮਹਾਨ ਅਕਤੂਬਰ ਇਨਕਲਾਬ ਅਤੇ ਉਸਦਾ ਪ੍ਰਭਾਵ :- 1917 ਦੀ ਅਕਤੂਬਰ ਸਾਮਰਾਜਵਾਦੀ ਇਨਕਲਾਬ ਮਾਨਵਤਾ ਦੇ ਇਤਿਹਾਸ ਵਿੱਚ ਇੱਕ ਯੁਗਾਂਤਰਕਾਰੀ ਘਟਨਾ ਹੈ। ਉਸਨੇ ਸਿਰਫ਼ ਰੂਸ ਵਿੱਚ ਹੀ ਸਾਮਰਾਜਵਾਦ ਨੂੰ ਹਰਾਇਆ ਨਹੀਂ ਬਲਕਿ ਸਮੁੱਚੀ ਸਾਮਰਾਜਵਾਦੀ ਵਿਵਸਥਾ ਨੂੰ ਵੀ ਇੱਕ ਜ਼ਬਰਦਸਤ ਝਟਕਾ ਦਿੱਤਾ। ਇਸ ਇਨਕਲਾਬ ਨੇ ਰੂਸ ਵਿੱਚ ਮਨੁੱਖ ਹੱਥੋਂ ਮਨੁੱਖ ਦੇ ਅਤੇ ਇਕ ਦੇਸ਼ ਵੱਲੋਂ ਦੂਜੇ ਦੇਸ਼ ਦੇ ਸੋਸ਼ਣ ਉੱਪਰ ਆਧਾਰਿਤ ਵਿਵਸਥਾ ਨੂੰ ਸਮਾਪਤ ਕਰ ਦਿੱਤਾ। ਸੋਵੀਅਤ ਲੋਕੀਂ ਆਪਣੀ ਕਿਸਮਤ ਦੇ ਮਾਲਕ ਬਣ ਗਏ। ਖੇਤਾਂ ਕਾਰਖਾਨਿਆਂ ਅਤੇ ਵਰਕਸ਼ਾਪਾਂ ਉੱਤੇ ਉਹਨਾਂ ਦੀ ਸਮੂਹਿਕ ਮਲਕੀਅਤ ਕਾਇਮ ਹੋ ਗਈ, ਅਕਤੂਬਰ ਇਨਕਲਾਬ ਨੇ ਨਾ ਸਿਰਫ਼ ਰੂਸ ਦੇ ਅਵਾਮ ਨੂੰ ਪੂੰਜੀਪਤੀਆਂ ਅਤੇ ਜਗੀਰਦਾਰਾਂ ਦੀ ਗੁਲਾਮੀ ਤੋਂ ਮੁਕਤ ਕੀਤਾ ਬਲਕਿ ਇੱਕ ਬਿਲਕੁਲ ਨਵੇਂ ਸਮਾਜ ਅਤੇ ਨਵੇਂ ਇਨਸਾਨ ਨੂੰ ਵੀ ਜਨਮ ਦਿੱਤਾ। ਉਸਨੇ ਗੁਲਾਮ ਦੇਸ਼ਾਂ ਦੇ ਸੁਤੰਤਰਤਾ ਸੰਗਰਾਮੀਆਂ ਨੂੰ ਪ੍ਰੇਰਿਤ ਕੀਤਾ ਅਤੇ ਉਹਨਾਂ ਅੰਦਰ ਵਿਸ਼ਵਾਸ਼ ਜਗਾਇਆ ਕਿ ਉਹਨਾਂ ਦੀ ਲੜਾਈ ਕਾਮਯਾਬ ਹੋ ਕੇ ਰਹੂਗੀ। ਉਸਨੇ ਦੁਨੀਆਂ ਦੇ ਵਿਭਿੰਨ ਹਿੱਸਿਆਂ ਵਿੱਚ ਚੱਲ ਰਹੇ ਮੁਕਤੀ-ਸੰਘਰਸ਼ਾਂ ਨੂੰ ਨਵੇਂ ਆਜਾਮ ਵੀ ਦਿੱਤੇ।

ਵਿਸ਼ਵਵਿਆਪੀ ਸਾਮਰਾਜ ਵਿਰੋਧੀ ਸੰਘਰਸ਼ ਦਾ ਹਿੱਸਾ ਹੋਣ ਦੇ ਨਾਤੇ ਭਾਰਤ ਦਾ ਸੁਤੰਤਰਤਾ ਸੰਘਰਸ਼ ਵੀ ਇਸਤੋਂ ਅਣਛੋਹਿਆ ਨਹੀਂ ਰਿਹਾ। ਉਸਦੇ ਦ੍ਰਿਸ਼ਟੀਕੋਣ ਵਿੱਚ ਵੀ ਇੱਕ ਵਿਸਤਾਰ ਆਇਆ ਅਤੇ ਮਹਿਸੂਸ ਕੀਤਾ ਗਿਆ ਕਿ ਆਰਥਕ ਅਤੇ ਸਮਾਜਿਕ ਬਰਾਬਰੀਆਂ ਦੇ ਬਿਨਾਂ ਆਜ਼ਾਦੀ ਦਾ ਕੋਈ ਅਰਥ ਨਹੀਂ ਹੋਵੇਗਾ। ਅਕਤੂਬਰ ਇਨਕਲਾਬ ਅਤੇ ਯੂਰਪ ਤੇ ਏਸ਼ੀਆ ਵਿੱਚ ਸਾਮਰਾਜ ਵਿਰੋਧੀ ਇਨਕਲਾਬ ਦੀ ਲਹਿਰ ਨੇ ਅਤੇ ਨਾਲ ਹੀ ਪਹਿਲੇ ਸੰਸਾਰ ਯੁੱਧ ਦੇ ਉਪਰੰਤ ਭਾਰਤੀ ਲੋਕਾਂ ਦੇ ਇਨਕਲਾਬ ਦੇ ਵੱਲੀਂ ਵਧਦੇ ਕਦਮਾਂ ਨੇ ਬ੍ਰਿਟਿਸ਼ ਸਾਮਰਾਜਵਾਦੀਆਂ ਨੇ ਚੌਕੰਨਾ ਕਰ ਦਿੱਤਾ ਸੀ। ਉਹਨਾਂ ਨੇ ਅਣਸੁਖਾਵੀਂ ਸਥਿਤੀ ਨਾਲ ਨਿਪਟਣ ਦੇ ਵਾਸਤੇ ਦੋ ਤਰਫ਼ਾ ਨੀਤੀ ਅਪਣਾਈ। ਇੱਕ ਤਰਫ਼ ਤਾਂ ਉਹਨਾਂ ਨੇ ਮਾਂਟੇਗਊ-ਚੇਮਸਫੋਰਡ ਸੁਧਾਰਾਂ ਦਾ ਢਕੌਂਸਲਾ ਖੜਾ ਕਰਕੇ ਨਰਮਪੰਥੀ ਰਾਸ਼ਟਰੀ ਨੇਤਾਵਾਂ ਦਾ ਸਮਰਥਨ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ ਅਤੇ ਦੂਜੀ ਤਰਫ਼ ਰਾਜਧਰੋਹ ਦੇ ਮਾਮਲਿਆਂ ਦੀ ਛਾਣਬੀਣ ਕਰਨ ਅਤੇ ਇਨਕਲਾਬੀਆਂ ਨੂੰ ਕੁਚਲਣ ਦੇ ਉਪਾਅ ਸੁਝਾਉਣ ਦੇ ਵਾਸਤੇ ਨਿਆਂਮੂਰਤੀ ਰੌਲਟ ਦੀ ਪ੍ਰਧਾਨਗੀ ਵਿੱਚ ਇੱਕ ਕਮੇਟੀ ਨਿਯੁਕਤ ਕੀਤੀ। ਇਸ ਕਮੇਟੀ ਦੀਆਂ ਸਿਫਾਰਸ਼ਾਂ ਬਹੁਤ ਹੀ ਵਹਿਸ਼ੀ ਸਨ। ਉਸਨੇ ਸਾਧਾਰਣ ਰਾਜਨੀਤਕ ਸਰਗਰਮੀਆਂ ਤੱਕ ਨੂੰ ਰਾਜਧਰੋਹ ਕਰਾਰ ਦੇ ਦਿੱਤਾ ਸੀ, ਰੌਲਟ ਕਮੇਟੀ ਦੀਆਂ ਦਮਨਕਾਰੀ ਸਿਫਾਰਸ਼ਾਂ ਦੇ ਵਿਰੋਧ ਵਿੱਚ ਗਾਂਧੀ ਜੀ ਨੇ ਇੱਕ ਦਿਨ ਆਮ ਹੜਤਾਲ ਦਾ ਸੱਦਾ ਦਿੱਤਾ। ਇਸ ਅਪੀਲ ਦੇ ਅਪ੍ਰਤੱਖ ਪ੍ਰਭਾਵ ਹੋਏ ਅਤੇ ਲੋਕੀਂ ਆਪਣਾ ਕਰੋਧ ਜ਼ਾਹਿਰ ਕਰਨ ਦੇ ਵਾਸਤੇ ਇੱਕਜੁੱਟ ਹੋ ਕੇ ਸਾਹਮਣੇ ਆ ਗਏ। ਇਹ ਸਰਕਾਰ ਦੇ ਵਾਸਤੇ ਹੀ ਨਹੀਂ ਸਾਡੇ ਨੇਤਾਵਾਂ ਦੇ ਵਾਸਤੇ ਵੀ ਇੱਕ ਨਵੀਂ ਗੱਲ ਸੀ। ਅੰਗਰੇਜ਼ਾਂ ਨੇ ਭਾਰਤੀਆਂ ਨੂੰ ਸਬਕ ਸਿਖਾਉਣ ਦਾ ਨਿਸ਼ਚਾ ਕੀਤਾ ਅਤੇ 13 ਅਪਰੈਲ 1919 ਨੂੰ ਜਲ੍ਹਿਆਂ ਵਾਲਾ ਬਾਗ ਵਿੱਚ ਇਸ ਨਿਰਣੇ ਨੂੰ ਅਮਲੀ ਜਾਮਾ ਵੀ ਪਹਿਨਾ ਦਿੱਤਾ ਗਿਆ। ਇਸਦੇ ਬਾਦ ਤਾਂ ਲੋਕਾਂ ਵਿੱਚ ਗੁੱਸੇ

ਦੀ ਲਹਿਰ ਦੌੜ ਗਈ ਅਤੇ ਪੰਜਾਬ ਦੇ ਲਗਭਗ ਸਾਰੇ ਸ਼ਹਿਰਾਂ ਵਿੱਚ ਲੋਕੀਂ ਸੜਕਾਂ ਉੱਪਰ ਨਿੱਕਲ ਆਏ। ਸਰਕਾਰ ਨੇ ਉਸਨੂੰ ਸੰਗਠਿਤ ਬਗਾਵਤ ਗਰਦਾਨਿਆ। ਪਰੰਤੂ ਵਾਸਤਵ ਵਿੱਚ ਗਾਂਧੀ ਜੀ ਵੀ ਇਸ ਸਭ ਕਾਸੇ ਦੇ ਲਈ ਤਿਆਰ ਨਹੀਂ ਸਨ। ਉਹਨਾਂ ਨੇ ਐਲਾਨ ਕੀਤਾ ਕਿ ਇੱਕ ਦਿਨ ਦੀ ਆਮ ਹੜਤਾਲ ਦਾ ਨਾਹਰਾ ਦੇ ਕੇ ਉਹਨਾਂ ਨੇ ਭਿਅੰਕਰ ਭੁੱਲ ਕੀਤੀ ਸੀ। ਉਹਨਾਂ ਨੇ ਲੋਕਾਂ ਨੂੰ ਸੰਘਰਸ਼ ਬੰਦ ਕਰ ਦੇਣ ਅਤੇ ਸੁਧਾਰਾਂ ਉੱਪਰ ਅਮਲ ਕਰਨ ਦਾ ਅਨੁਰੋਧ ਕੀਤਾ।

ਸਤੰਬਰ, 1920 ਵਿੱਚ ਲਾਲਾ ਲਾਜਪਤ ਰਾਏ ਨੇ ਕਾਂਗਰਸ ਨੂੰ ਚੌਕਸ ਕਰਦਿਆਂ ਆਖਿਆ ਸੀ ਕਿ ਲੋਕੀਂ ਬੇਵੱਸ ਅਤੇ ਪਰੇਸ਼ਾਨ ਹਨ ਅਤੇ ਕੁੱਝ ਕਰ ਗੁਜ਼ਰਨ ਦੇ ਮੂਡ ਵਿੱਚ ਹਨ। ਉਹਨਾਂ ਨੇ ਕਾਂਗਰਸ ਨੂੰ ਇਹ ਵੀ ਕਿਹਾ ਕਿ ਜੇਕਰ ਲੋਕਾਂ ਦੇ ਇਸ ਗੁੱਸੇ ਨੂੰ ਸਹੀ ਰਾਹ ਉੱਤੇ ਨਾ ਪਾਇਆ ਗਿਆ ਤਾਂ ਉਹ ਆਪਣਾ ਰਸਤਾ ਅਪਣਾਉਣਗੇ ਜੋ ਦੇਸ਼ ਦੇ ਵਾਸਤੇ ਹਾਨੀਕਾਰਕ ਹੋਵੇਗਾ।" ਇਸ ਤੱਥ ਦੇ ਵੱਲੋਂ ਅੱਖਾਂ ਬੰਦ ਕਰਨ ਦਾ ਕੋਈ ਲਾਭ ਨਹੀਂ ਹੋਏਗਾ ਕਿ ਅਸੀਂ ਇਨਕਲਾਬੀ ਯੁੱਗ ਵਿੱਚੋਂ ਦੀ ਲੰਘ ਰਹੇ ਹਾਂ।" ਉਹਨਾਂ ਐਲਾਨ ਕੀਤਾ ਅਤੇ ਕਿਹਾ "ਪ੍ਰਕ੍ਰਿਤੀ ਪੱਖੋਂ ਅਤੇ ਪਰੰਪਰਾ ਪੱਖੋਂ ਅਸੀਂ ਇਨਕਲਾਬੀਆਂ ਨੂੰ ਪਸੰਦ ਨਹੀਂ ਕਰਦੇ ਹਾਂ।"[23] ਕਾਂਗਰਸ ਨੇ ਨਾਗਪੁਰ ਸੈਸ਼ਨ ਵਿੱਚ ਲਾਲਾ ਜੀ ਦੀ ਉਸ ਚੇਤਾਵਨੀ ਉੱਪਰ ਵੀ ਵਿਚਾਰ ਕੀਤਾ ਅਤੇ ਗਾਂਧੀ ਜੀ ਨੂੰ ਨਿਰਦੇਸ਼ ਦਿੱਤਾ ਗਿਆ ਕਿ ਉਹ ਸਵਰਾਜ ਦੇ ਵਾਸਤੇ ਅਸਹਿਯੋਗ ਅੰਦੋਲਨ (ਨਾ ਮਿਲਵਰਤਣ ਅੰਦੋਲਨ) ਆਰੰਭ ਕਰਨ। ਅੰਦੋਲਨ ਸ਼ੁਰੂ ਕਰਨ ਤੋਂ ਪਹਿਲਾਂ ਮਹਾਤਮਾ ਜੀ ਬੰਗਾਲ ਗਏ ਅਤੇ ਕੁੱਝ ਇਨਕਲਾਬੀ ਨੇਤਾਵਾਂ ਨਾਲ ਮਿਲਕੇ ਉਹਨਾਂ ਕੋਲੋਂ ਇੱਕ ਸਾਲ ਦਾ ਸਮਾਂ ਮੰਗਿਆ ਅਤੇ ਆਖਿਆ ਕਿ ਜੇਕਰ ਉਹ ਇੱਕ ਸਾਲ ਦੇ ਅੰਦਰ ਸਵਰਾਜ ਪ੍ਰਾਪਤ ਕਰ ਲੈਣ ਤਾਂ ਇਨਕਲਾਬੀਆਂ ਨੂੰ ਆਪਣੇ ਰਸਤੇ ਤੇ ਚੱਲਣ ਦੀ ਪੂਰੀ ਖੁੱਲ੍ਹ ਹੋਵੇਗੀ। ਇਨਕਲਾਬੀ ਨੇਤਾਵਾਂ ਨੇ ਗਾਂਧੀ ਜੀ ਦੀ ਗੱਲ ਮੰਨ ਲਈ। ਸੱਤਿਆਗ੍ਰਹਿ ਅੰਦੋਲਨ ਸ਼ੁਰੂ ਹੋਇਆ। ਵੇਖਦੇ ਵੇਖਦੇ ਉਹ ਸਾਰੇ ਦੇਸ਼ ਵਿੱਚ ਫੈਲ ਗਿਆ ਅਤੇ ਪਿੰਡਾਂ ਦੀਆਂ ਛੋਟੀਆਂ ਛੋਟੀਆਂ ਝੁੱਗੀਆਂ-ਝੌਂਪੜੀਆਂ ਤੱਕ 'ਸਵਰਾਜ' ਸ਼ਬਦ ਗੂੰਜਣ ਲੱਗਿਆ। ਅੰਦੋਲਨ ਵਿੱਚ ਭਾਗ ਲੈਣ ਦੇ ਵਾਸਤੇ ਗਾਂਧੀ ਜੀ ਨੇ ਜੋ ਵੀ ਰੋਕਥਾਮ ਦੀਆਂ ਸ਼ਰਤਾਂ ਲਾਈਆਂ ਸਨ ਉਹਨਾਂ ਸਭ ਨੂੰ ਤੋੜ ਕੇ ਵੀ ਕਿਸਾਨ ਪੂਰੇ ਜੋਸ਼ ਦੇ ਨਾਲ ਅੰਦੋਲਨ ਵਿੱਚ ਕੁੱਦ ਪਏ।" ਸਰਕਾਰ ਪਰੇਸ਼ਾਨ ਅਤੇ ਘਬਰਾਈ ਹੋਈ ਸੀ, ਉਸਦੇ ਹੱਥ-ਪੈਰ ਫੁੱਲਣ ਲੱਗ ਪਏ ਸਨ। ਜਦੋਂ ਸਰਕਾਰ ਦੀ ਚੌਂਹਮੁਖੀ ਹੁਕਮ ਅਦੂਲੀ ਦੀ ਲਾਗ ਸ਼ਹਿਰਾਂ ਤੋਂ ਨਿਕਲਕੇ ਕਰੋੜਾਂ ਕਿਸਾਨਾਂ ਤੱਕ ਪਹੁੰਚ ਜਾਂਦੀ ਹੈ ਤਾਂ ਅੰਗਰੇਜ਼ੀ ਹਕੂਮਤ ਦੇ ਕੋਲ ਬਚਣ ਦੇ ਵਾਸਤੇ ਕੋਈ ਚਾਰਾ ਨਹੀਂ ਰਹਿ ਜਾਵੇਗਾ ; ਤੀਹ ਕਰੋੜ ਲੋਕਾਂ ਦੀ ਬਗਾਵਤ ਦੀ ਉੱਬਲਦੀ ਦੇਗ ਕੋਲੋਂ ਉਹਨਾਂ ਦੀਆਂ ਸਾਰੀਆਂ ਤੋਪਾਂ ਅਤੇ ਹਵਾਈ ਜਹਾਜ਼ ਵੀ ਉਹਨਾਂ ਨੂੰ ਬਚਾ ਨਹੀਂ ਸਕਣਗੇ।"[24] ਗਾਂਧੀ ਜੀ ਵੀ ਖੁਸ਼ ਨਹੀਂ ਸਨ ਅਤੇ ਉਨੇ ਹੀ ਘਬਰਾਏ ਹੋਏ ਸਨ। ਉਹ ਅੰਦੋਲਨ ਵਾਪਸ ਲੈਣ ਦੇ ਵਾਸਤੇ ਕਿਸੇ ਮੌਕੇ ਦੀ ਤਲਾਸ਼ ਵਿੱਚ ਸਨ ਅਤੇ ਫਰਵਰੀ, 1922 ਵਿੱਚ ਚੌਰਾ-ਚੌਰੀ ਦੀ ਘਟਨਾ ਤੋਂ ਉਹਨਾਂ ਨੂੰ ਉਹ ਮੌਕਾ ਮਿਲ ਗਿਆ। ਬਜਾਇ ਇਸਦੇ ਕਿ ਉਹ ਉਸ ਘਟਨਾ ਦਾ ਸਵਾਗਤ ਕਰਦੇ ਅਤੇ ਲੋਕਾਂ ਕੋਲੋਂ ਉਸੇ ਤਰ੍ਹਾਂ ਦੀਆਂ ਹਜ਼ਾਰਾਂ ਹੋਰ ਘਟਨਾਵਾਂ ਕਰਨ ਦੀ ਮੰਗ ਕਰਦੇ, ਉਹਨਾਂ ਕਿਸੇ ਤੋਂ ਸਲਾਹ ਲਏ ਬਗੈਰ ਚੁੱਪਚਾਪ ਅੰਦੋਲਨ ਵਾਪਸ ਲੈ ਲਿਆ ਅਤੇ ਰਾਜਨੀਤੀ ਤੋਂ ਵੱਖ ਹੋ ਗਏ। ਇਸ ਪਿੱਠਭੂਮੀ ਵਿੱਚ ਇਨਕਲਾਬੀਆਂ ਨੇ, ਜਿਹਨਾਂ ਨੇ ਗਾਂਧੀ ਜੀ ਦੇ ਕਹਿਣ ਤੇ ਹਥਿਆਰ ਸੁੱਟ ਦਿੱਤੇ ਸਨ, ਆਪਣੇ ਆਪ ਨੂੰ ਸੰਗਠਿਤ ਕਰਕੇ ਫੇਰ ਤੋਂ ਹਥਿਆਰ ਚੁੱਕਣ ਦਾ ਫੈਸਲਾ ਕੀਤਾ।

ਹਿੰਦੁਸਤਾਨ ਰਿਪਬਲਕਨ ਐਸੋਸੀਏਸ਼ਨ :- ਸਾਰੇ ਇਨਕਲਾਬੀਆਂ ਨੂੰ ਇੱਕ ਸਰਬ ਭਾਰਤੀ ਪਾਰਟੀ ਵਿੱਚ ਸੰਗਠਿਤ ਕਰਨ ਵਿੱਚ ਪਹਿਲ ਕੀਤੀ ਸਚੀਂਦਰ ਨਾਥ ਸਾਨਿਆਲ ਨੇ। ਏਸੇ ਉਦੇਸ਼ ਨਾਲ ਉਹਨਾਂ ਨੇ 1923 ਦੇ ਅੰਤ ਵਿੱਚ ਹਿੰਦੁਸਤਾਨ ਲੋਕਤੰਤਰ ਸੰਘ (ਹਿੰਦੁਸਤਾਨ ਰਿਪਬਲਕਨ ਐਸੋਸੀਏਸ਼ਨ) ਦੀ ਬੁਨਿਆਦ ਰੱਖੀ। ਉਹਨਾਂ ਨੇ ਪਾਰਟੀ ਦਾ ਸੰਵਿਧਾਨ ਵੀ ਤਿਆਰ ਕੀਤਾ ਜੋ ਪੀਲੇ ਕਾਗਜ਼ ਉੱਪਰ ਛਪਿਆ ਸੀ ਅਤੇ ਇਸ ਵਾਸਤੇ ਉਹ 'ਪੀਲਾ ਪਰਚਾ' ਦੇ ਨਾਂ ਨਾਲ ਮਸ਼ਹੂਰ ਹੈ। ਇੱਕ ਹੋਰ ਮਹੱਤਵਪੂਰਣ ਦਸਤਾਵੇਜ਼ ਜੋ ਉਹਨਾਂ ਨੇ ਤਿਆਰ ਕੀਤਾ ਉਹ ਸੀ – ਹਿੰਦੁਸਤਾਨ ਲੋਕਤੰਤਰ ਸੰਘ ਦਾ ਐਲਾਨਨਾਮਾ ਜਿਸਦਾ ਸਿਰਲੇਖ ਸੀ (ਦੀ ਰਿਵੋਲੂਸ਼ਨਰੀ) ਭਾਵ ਬਾਗੀ। ਇਹ ਦਸਤਾਵੇਜ਼ ਪਹਿਲੀ ਜਨਵਰੀ 1925 ਦੀ ਰਾਤ ਵਿੱਚ ਪੂਰੇ ਉੱਤਰੀ ਭਾਰਤ ਵਿੱਚ ਵੰਡਿਆ ਗਿਆ ਸੀ। 1917 ਦੀ ਅਕਤੂਬਰ ਕਰਾਂਤੀ ਤੋਂ ਪ੍ਰਭਾਵਿਤ ਹੋ ਕੇ ਘੋਸ਼ਣਾ ਪੱਤਰ ਵਿੱਚ ਭਾਰਤੀ ਇਨਕਲਾਬੀਆਂ ਦੇ ਉਦੇਸ਼ ਦਾ ਐਲਾਨ ਹੇਠਾਂ ਲਿਖੇ ਸ਼ਬਦਾਂ ਵਿੱਚ ਕੀਤਾ ਗਿਆ ਸੀ।

"ਰਾਜਨੀਤੀ ਦੇ ਖੇਤਰ ਵਿੱਚ ਇਨਕਲਾਬੀ ਪਾਰਟੀ ਦਾ ਤਤਕਾਲੀ ਉਦੇਸ਼ ਸੰਗਠਤ ਹਥਿਆਰਬੰਦ ਇਨਕਲਾਬ ਰਾਹੀਂ ਭਾਰਤ ਦੇ ਸੰਯੁਕਤ ਪ੍ਰਾਂਤਾਂ ਦਾ ਇੱਕ ਸੰਘੀ ਗਣਰਾਜ (ਫੈਡਰਲ ਰਿਪਬਲਕ ਆਫ ਯੂਨਾਈਟਡ ਸਟੇਟਸ ਆਫ ਇੰਡੀਆ) ਸਥਾਪਤ ਕਰਨਾ ਹੈ। ਇਸ ਗਣਰਾਜ ਦੇ ਅੰਤਿਮ ਸੰਵਿਧਾਨ ਦਾ ਨਿਰਮਾਣ ਅਤੇ ਘੋਸ਼ਣਾ ਉਦੋਂ ਹੋਵੇਗੀ ਜਦੋਂ ਸਮੁੱਚੇ ਭਾਰਤ ਦੇ ਪ੍ਰਤੀਨਿਧੀ ਆਪਣੇ ਨਿਰਣਿਆਂ ਨੂੰ ਲਾਗੂ ਕਰਨ ਵਿੱਚ ਸਮਰੱਥ ਹੋਣਗੇ। ਪਰੰਤੂ ਇਸ ਗਣਰਾਜ ਦਾ ਮੂਲ ਭੂਤ (ਬੁਨਿਆਦੀ) ਸਿਧਾਂਤ ਸਰਵਜਨਕ ਮੱਤ ਅਧਿਕਾਰ (ਹਰ ਇੱਕ ਨੂੰ ਵੋਟ ਦੇਣ ਦੇ ਹੱਕ) ਉੱਪਰ ਅਤੇ ਲੁੱਟ ਉੱਪਰ ਆਧਾਰਿਤ ਅਜਿਹੀਆਂ ਸਾਰੀਆਂ ਵਿਵਸਥਾਵਾਂ ਦੀ ਸਮਾਪਤੀ ਉੱਤੇ ਆਧਾਰਿਤ ਹੋਵੇਗਾ ਜੋ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਨੂੰ ਸੰਭਵ ਬਣਾਉਂਦੀਆਂ ਹਨ। ਇਸ ਗਣਰਾਜ ਵਿੱਚ ਵੋਟਰਾਂ ਨੂੰ, ਜੇ ਉਹ ਚਾਹੁਣ ਤਾਂ, ਆਪਣੇ ਚੁਣੇ ਹੋਏ ਪ੍ਰਤੀਨਿਧੀਆਂ ਨੂੰ ਵਾਪਸ ਬੁਲਾਉਣ ਦਾ ਅਧਿਕਾਰ ਹੋਵੇਗਾ, ਨਹੀਂ ਤਾਂ ਲੋਕਤੰਤਰ ਇੱਕ ਮਖ਼ੌਲ ਬਣਕੇ ਹੀ ਰਹਿ ਜਾਵੇਗਾ।"

ਐਲਾਨਨਾਮੇ ਵਿੱਚ ਕਿਹਾ ਗਿਆ ਸੀ ਕਿ, "ਇਹ ਇਨਕਲਾਬੀ ਪਾਰਟੀ ਇਹਨਾਂ ਮਾਅਨਿਆਂ ਵਿੱਚ ਰਾਸ਼ਟਰੀ ਨਾ ਰਹਿਕੇ ਅੰਤਰਰਾਸ਼ਟਰੀ ਹੈ ਕਿ ਇਸਦਾ ਅੰਤਿਮ ਉਦੇਸ਼ ਸੰਸਾਰ ਵਿੱਚ ਮਿਲਾਪ ਤੇ ਤਾਲ ਮੇਲ ਸਥਾਪਤ ਕਰਨਾ ਹੈ। ਇਹ ਵਿਭਿੰਨ ਰਾਸ਼ਟਰਾਂ ਅਤੇ ਰਾਜਾਂ ਦੇ ਵਿੱਚ ਖਿੱਚੋਤਾਣ ਜਾਂ ਤਣਾਓ ਦੀ ਬਜਾਇ ਸਹਿਯੋਗ ਚਾਹੁੰਦੀ ਹੈ, ਅਤੇ ਇਹਨਾਂ ਅਰਥਾਂ ਵਿੱਚ ਉਹ ਭਾਰਤ ਦੇ ਉੱਜਵਲ ਅਤੀਤ ਦੇ ਮਹਾਨ ਰਿਸ਼ੀਆਂ ਤੇ ਅੱਜ ਦੇ ਬੋਲਸ਼ਵਿਕ ਰੂਸ ਦਾ ਅਨੁਸਰਣ ਕਰੇਗੀ।"[25]

ਐਲਾਨਨਾਮੇ ਵਿੱਚ ਸੰਪਰਦਾਇਕ (ਫ਼ਿਰਕੂ) ਸਮੱਸਿਆ ਦੇ ਸੰਬੰਧ ਵਿੱਚ, ਲੋਕਾਂ ਦੇ ਆਰਥਕ ਤੇ ਸਮਾਜਿਕ ਹਿੱਤਾਂ ਦੇ ਸਵਾਲ ਬਾਰੇ ਅਤੇ ਕਾਂਗਰਸ ਅਤੇ ਹੋਰ ਰਾਜਨੀਤਕ ਪਾਰਟੀਆਂ ਦੇ ਬਾਰੇ ਇਨਕਲਾਬੀਆਂ ਦੇ ਦ੍ਰਿਸ਼ਟੀਕੋਣ ਨੂੰ ਸਪੱਸ਼ਟ ਕੀਤਾ ਗਿਆ ਸੀ।

ਇਹਨਾਂ ਸਾਰੇ ਸਵਾਲਾਂ ਬਾਰੇ ਐਲਾਨਨਾਮੇ ਦਾ ਦ੍ਰਿਸ਼ਟੀਕੋਣ ਨਿਸ਼ਚਤ ਰੂਪ ਵਿੱਚ ਅਤੀਤ ਦਾ ਪੱਲੂ ਛੱਡਕੇ ਸਮਾਜਵਾਦ ਦਾ ਅਤੇ ਸੋਵੀਅਤ ਨੂੰ 'ਜੇਤੂ ਸਮਾਜਵਾਦ ਦਾ ਪਲੇਠਾ ਦੇਸ਼' ਆਖਕੇ ਉਸਦਾ ਸਵਾਗਤ ਕਰਦਾ ਸੀ। ਉਸ ਵਿੱਚ ਸਾਨੂੰ ਰਾਸ਼ਟਰੀ ਆਜ਼ਾਦੀ ਦੇ ਵਾਸਤੇ ਚੱਲਣ ਵਾਲੇ ਅੰਦੋਲਨਾਂ ਦੇ ਅੰਤਰਰਾਸ਼ਟਰੀ ਚਰਿੱਤਰ ਦੀ ਸਮਝ ਵੀ ਵੇਖਣ ਨੂੰ ਮਿਲਦੀ ਹੈ। ਹਾਲਾਂਕਿ ਇਹ ਸਮਝ ਅਜੇ ਬਹੁਤੀ ਸਪਸ਼ਟ ਨਹੀਂ ਸੀ। ਸੁਤੰਤਰ ਭਾਰਤ ਦੀ ਸਮਾਜਕ ਆਰਥਕ ਵਿਵਸਥਾ ਕਿਹੋ ਜਿਹੀ ਹੋਵੇਗੀ, ਐਲਾਨਨਾਮੇ ਵਿੱਚ ਇਸ ਬਾਰੇ ਵੀ ਰੌਸ਼ਨੀ ਪਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਅਤੇ ਇਸ ਉਦੇਸ਼ ਦੀ ਪੂਰਤੀ ਦੇ ਵਾਸਤੇ ਮਜ਼ਦੂਰਾਂ ਅਤੇ ਕਿਸਾਨਾਂ ਨੂੰ ਸੰਗਠਤ ਕਰਨ ਦੀ ਲੋੜ ਨੂੰ ਵੀ ਪ੍ਰਵਾਨ ਕੀਤਾ ਗਿਆ ਹੈ। ਪਰੰਤੂ ਇਸਦਾ ਇਹ ਮਤਲਬ ਨਹੀਂ ਕਿ ਐਲਾਨਨਾਮੇ ਦਾ ਲੇਖਕ ਮਾਰਕਸਵਾਦੀ ਸੀ ਜਾਂ ਉਸਨੇ ਵਿਗਿਆਨਕ ਸਮਾਜਵਾਦ ਦੇ ਸਾਰ ਤੱਤ ਨੂੰ ਅੰਗੀਕਾਰ ਕਰ ਲਿਆ ਸੀ। ਉਸਦਾ ਝੁਕਾਅ ਖਾਸ ਤੌਰ ਤੇ ਈਸ਼ਵਰ (ਰੱਬ) ਅਤੇ ਰਹੱਸਵਾਦ ਵੱਲ ਹੈ। ਐਲਾਨਨਾਮੇ ਦੇ ਅਨੁਸਾਰ, "ਪਾਰਟੀ ਦਾ ਉਦੇਸ਼ ਸੱਚ ਨੂੰ ਮੁੜ ਸਥਾਪਤ ਕਰਨਾ ਅਤੇ ਉਸਦਾ ਪ੍ਰਚਾਰ ਕਰਨਾ ਹੈ। ਸੰਸਾਰ ਨਾ ਮਾਇਆ ਹੈ ਨਾ ਭਰਮ ਹੈ ਕਿ ਉਸ ਵੱਲੋਂ ਅੱਖ ਬੰਦ ਕਰ ਲਈ ਜਾਵੇ ਅਤੇ ਉਸਨੂੰ ਅਣਡਿੱਠ ਕਰ ਦਿੱਤਾ ਜਾਵੇ। ਇਹ ਇੱਕ ਅਵੰਡ ਆਤਮਾ ਦਾ ਪ੍ਰਗਟ ਸਰੂਪ ਹੈ, ਆਤਮਾ ਜੋ

ਸ਼ਕਤੀ, ਗਿਆਨ ਅਤੇ ਸੌਂਦਰਯ ਦਾ ਸਰਬ ਉੱਤਮ ਆਰੰਭ ਹੈ।" ਲੇਖਕ ਮਾਰਕਸਵਾਦ ਦੇ ਆਰਥਕ ਪੱਖ ਨੂੰ ਸਵੀਕਾਰ ਕਰਦਾ ਹੈ, ਜੋ ਕਾਕੋਰੀ ਤੋਂ ਪਹਿਲਾਂ ਦੇ ਇਨਕਲਾਬੀਆਂ ਦੇ ਮੁਕਾਬਲੇ ਵਿੱਚ ਯਕੀਨਨ ਹੀ ਇੱਕ ਅੱਗੇ ਵੱਲ ਨੂੰ ਪੁੱਟੀ ਗਈ ਪੁਲਾਂਘ ਹੈ। ਪਰੰਤੂ ਜਿੱਥੋਂ ਤੱਕ ਮਾਰਕਸਵਾਦ ਦੇ ਦਾਰਸ਼ਨਿਕ ਪੱਖ ਦਾ ਸਵਾਲ ਹੈ। ਲੇਖਕ ਭੌਤਿਕਵਾਦ (ਪਦਾਰਥਵਾਦ) ਨੂੰ ਨਾ ਮੰਨਕੇ ਭਗਵਾਨ (ਰੱਬ) ਅਤੇ ਮਨ ਦੀ ਸਥਿਰਤਾ ਉੱਪਰ ਅਡੋਲ ਰਹਿੰਦਾ ਹੈ। ਅੱਗੇ ਸਾਨਿਆਲ ਜੀ ਖੁਦ ਲਿਖਦੇ ਹਨ। "ਕਮਿਊਨਿਸਟ ਦਰਸ਼ਨ ਵਿੱਚ ਇਤਿਹਾਸ ਦੇ ਪਦਾਰਥਵਾਦੀ ਵਿਸ਼ਲੇਸ਼ਣ ਦਾ ਇੱਕ ਮਹੱਤਵਪੂਰਣ ਸਥਾਨ ਹੈ ਅਤੇ ਇਤਿਹਾਸ ਦੀ ਪਦਾਰਥਵਾਦੀ ਵਿਆਖਿਆ ਵਿੱਚ ਵਰਗ-ਸੰਘਰਸ਼ ਦੀ ਅਵਧਾਰਣਾ ਸ਼ੁਰੂ ਤੋਂ ਅੰਤ ਤੱਕ ਲਗਾਤਾਰ ਮੌਜੂਦ ਹੈ.... ਮੈਂ ਅੱਜ ਵੀ ਇਹਨਾਂ ਸਿਧਾਂਤਾਂ ਨੂੰ ਸਵੀਕਾਰ ਨਹੀਂ ਕਰ ਸਕਿਆ ਹਾਂ......।"[26]

ਇੱਕ ਹੋਰ ਮਹੱਤਵਪੂਰਣ ਮੁੱਦਾ ਜਿਸ ਬਾਰੇ ਉਹਨਾਂ ਦਾ ਕਮਿਊਨਿਜ਼ਮ ਨਾਲ ਮੱਤਭੇਦ ਸੀ, ਉਹ ਸੀ ਸਰਵਹਾਰਾ ਵਰਗ ਦੀ ਅਗਵਾਈ ਦੀ ਅਵਧਾਰਣਾ। ਉਹਨਾਂ ਦਾ ਇਹ ਵਿਚਾਰ ਸੀ ਕਿ, "ਸਿਰਫ਼ ਮੱਧ ਵਰਗੀ ਨੌਜਵਾਨ ਹੀ ਅਗਵਾਈ ਪ੍ਰਦਾਨ ਕਰਨ ਦੀ ਸਮਰੱਥਾ ਰੱਖਦੇ ਹਨ, ਜਦੋਂ ਕਿ ਮਜ਼ਦੂਰ ਅਤੇ ਕਿਸਾਨ ਇਨਕਲਾਬੀ ਫੌਜ ਦੇ ਸਿਪਾਹੀਆਂ ਦੀ ਜ਼ਿੰਮੇਵਾਰੀ ਨਿਭਾਉਣਗੇ।"[27]

ਸਚੀਂਦਰ ਨਾਥ ਸਾਨਿਆਲ ਅਤੇ ਉਹਨਾਂ ਦੇ ਸਮਕਾਲੀ ਇਨਕਲਾਬੀਆਂ ਦੀਆਂ ਸਿਧਾਂਤਕ ਮਾਨਤਾਵਾਂ ਦਾ ਸਤੇਂਦਰ ਨਾਰਾਇਣ ਮਜ਼ੂਮਦਾਰ ਨੇ ਆਪਣੀ ਪੁਸਤਕ 'ਇਨ ਸਰਚ ਆਫ਼ ਏ ਰੈਵੋਲੂਸ਼ਨਰੀ ਆਈਡਿਓਲੋਜੀ ਐਂਡ ਰੈਵੋਲੂਸ਼ਨਰੀ ਪ੍ਰੋਗਰਾਮ' ਵਿੱਚ ਬਹੁਤ ਹੀ ਵਧੀਆ ਖੁਲਾਸਾ ਪੇਸ਼ ਕੀਤਾ ਹੈ। ਦੋਵੇਂ ਦਸਤਾਵੇਜ਼ਾਂ (ਇਨਕਲਾਬੀ ਅਤੇ ਸੰਵਿਧਾਨ) ਬਾਰੇ ਟਿੱਪਣੀ ਕਰਦਿਆਂ ਉਹਨਾਂ ਨੇ ਲਿਖਿਆ ਹੈ ਕਿ : "ਇਹ ਦੋਵੇਂ ਦਸਤਾਵੇਜ਼ ਉਹਨਾਂ ਇਨਕਲਾਬੀਆਂ ਦੀ ਸੋਚ ਦੀ ਨੁਮਾਇੰਦਗੀ ਕਰਦੇ ਹਨ ਜੋ ਉਹਨੀਂ ਦਿਨੀਂ ਸਾਮਵਾਦ ਦੇ ਵੱਲੀਂ ਆਕਰਸ਼ਿਤ ਹੋ ਰਹੇ ਸਨ।"[28]

ਇਹਨਾਂ ਦੋਵਾਂ ਦਸਤਾਵੇਜ਼ਾਂ ਦੀਆਂ ਖਾਸੀਅਤਾਂ ਇਹ ਹਨ – (ੳ) ਸਮਾਜਵਾਦ ਦਾ ਜੇਤੂ ਝੰਡਾ ਲਹਿਰਾਉਣ ਵਾਲੇ ਪਹਿਲੇ ਦੇਸ਼ ਦੇ ਰੂਪ ਵਿੱਚ ਬੌਲਸ਼ਵਿਕ ਰੂਸ ਦੇ ਪ੍ਰਤੀ ਅਤੇ ਸਾਮਵਾਦ ਦੇ ਪ੍ਰਤੀ ਸਪੱਸ਼ਟ ਝੁਕਾਓ (ਅ) ਰਾਸ਼ਟਰੀ ਸੁਤੰਤਰਤਾ ਦੇ ਵਾਸਤੇ ਇਨਕਲਾਬ ਦੇ ਅੰਤਰਰਾਸ਼ਟਰੀ ਚਰਿੱਤਰ ਨੂੰ ਸਮਝਣ ਦਾ ਆਰੰਭ, ਹਾਲਾਂਕਿ ਇਹ ਸਮਝ ਅਜੇ ਬਹੁਤ ਸਾਫ਼ ਨਹੀਂ ਸੀ ; (ੲ) ਸੁਤੰਤਰ ਭਾਰਤ ਦੀ ਸਮਾਜਕ ਅਤੇ ਆਰਥਕ ਵਿਵਸਥਾ ਦੀ ਰੂਪ ਰੇਖਾ ਤਿਆਰ ਕਰਨ ਦੀ ਕੋਸ਼ਿਸ਼ (ਸ) ਮਜ਼ਦੂਰਾਂ ਅਤੇ ਕਿਸਾਨਾਂ ਨੂੰ ਸੰਗਠਤ ਕਰਨ ਦੇ ਵਾਸਤੇ ਦ੍ਰਿੜ ਸੰਕਲਪ ਹੋਣਾ (ਹ) ਪਾਰਟੀ ਵਿੱਚ ਜਨਵਾਦੀ ਕੇਂਦਰੀਵਾਦ ਦੇ ਸਿਧਾਂਤ ਦਾ ਪ੍ਰਵੇਸ਼।"[29]

ਦੋਵਾਂ ਦਸਤਵੇਜ਼ਾਂ ਦੀਆਂ ਕਮਜ਼ੋਰੀਆਂ ਨੂੰ ਮਜੂਮਦਾਰ ਨੇ ਇਸ ਤਰ੍ਹਾਂ ਗਿਣਾਇਆ ਹੈ : "(ੳ) ਕਮਿਊਨਿਜਮ ਪ੍ਰਤੀ ਝੁਕਾਅ ਜ਼ਰੂਰ ਸੀ ਪਰੰਤੂ ਅਜੇ ਤੱਕ ਕਮਿਊਨਿਜਮ ਦੇ ਅਧਿਐਨ ਦਾ ਠੋਸ ਆਧਾਰ ਉਸਨੂੰ ਨਹੀਂ ਮਿਲਿਆ ਸੀ, (ਅ) ਰਾਸ਼ਟਰੀ ਸੁਤੰਤਰਤਾ ਸੰਘਰਸ਼ ਵਿੱਚ ਮਜ਼ਦੂਰਾਂ ਅਤੇ ਕਿਸਾਨਾ ਦੀ ਭੂਮਿਕਾ ਦੇ ਵਾਸਤਵਿਕ ਮਹੱਤਵ ਨੂੰ ਸਪੱਸ਼ਟ ਤੌਰ ਤੇ ਨਹੀਂ ਸਮਝਿਆ ਗਿਆ ਸੀ, (ੲ) ਐਲਾਨਨਾਮੇ ਦਾ ਲੇਖਕ ਅਜੇ ਤੱਕ ਧਾਰਮਿਕ ਰਹੱਸਵਾਦ ਦੇ ਚੁੰਗਲ ਵਿੱਚ ਫਸਿਆ ਹੋਇਆ ਸੀ, (ਸ) ਐਲਾਨਨਾਮਾ ਇਹ ਸਮਝਣ ਵਿੱਚ ਅਸਮਰੱਥ ਰਿਹਾ ਕਿ ਆਤੰਕਵਾਦ ਦਾ ਮੁਕਾਬਲਾ ਕਰਨ ਦੇ ਲਈ ਜਵਾਬੀ ਆਤੰਕਵਾਦੀ ਕਾਰਵਾਈ ਦਾ ਮਜ਼ਦੂਰਾਂ ਅਤੇ ਕਿਸਾਨਾਂ ਨੂੰ ਸੰਗਠਤ ਕਰਨ ਦੇ ਕਾਰਜ ਵਿੱਚ ਤਾਲਮੇਲ ਬਿਠਾਉਣਾ ਗੈਰਵਿਵਹਾਰਕ ਹੈ, (ਹ) ਰਾਸ਼ਟਰੀ ਸਥਿਤੀ ਦਾ ਗਲਤ ਵਿਸ਼ਲੇਸ਼ਣ ਦਿੰਦੇ ਹੋਏ ਐਲਾਨਨਾਮੇ ਵਿੱਚ ਕਿਹਾ ਗਿਆ ਸੀ ਕਿ 'ਸਾਡੇ ਜੀਵਨ ਦੇ ਹਰ ਖੇਤਰ ਵਿੱਚ ਨਿਰੋਲ ਲਾਚਾਰੀ ਭਾਵਨਾ ਵਿਦਮਾਨ ਹੈ ਅਤੇ ਆਤੰਕਵਾਦ ਉਸ ਵਿੱਚ ਲੋੜੀਂਦਾ ਉਤਸ਼ਾਹ ਪੈਦਾ ਕਰਨ ਦਾ ਪ੍ਰਭਾਵਸ਼ਾਲੀ ਸਾਧਨ' ਆਦਿ। ਜਦੋਂ ਕਿ ਉਸ ਸਮੇਂ ਤੱਕ ਭਾਰਤ ਦੇ ਮਿਹਨਤਕਸ਼ ਲੋਕੀਂ ਸੰਘਰਸ਼ ਦੇ ਰਾਹ ਉੱਤੇ ਕੂਚ ਕਰ ਚੁੱਕੇ ਸਨ। ਉਹਨਾਂ ਦਾ ਹਰਾਵਲ ਦਸਤਾ ਮਜ਼ਦੂਰ ਵਰਗ ਬੇਰਹਿਮ ਪੁਲਸ-ਜ਼ਬਰ ਦੇ ਬਾਵਜੂਦ ਲਗਾਤਾਰ ਅਤੇ ਬਹਾਦਰੀ ਦੇ ਨਾਲ ਸ਼ਾਨਦਾਰ ਲੜਾਈਆਂ ਲੜ ਰਿਹਾ ਸੀ।"[30]

ਬੰਗਾਲ ਵਿੱਚ ਵੀ ਉਸੇ ਦਿਸ਼ਾ ਵਿੱਚ ਵਿਕਾਸ ਹੋ ਰਿਹਾ ਸੀ। ਉੱਥੇ ਅਨੁਸ਼ੀਲਨ ਅਤੇ ਯੁਗਾਂਤਰ ਦੇ ਕਈ ਨੇਤਾਵਾਂ ਨੇ ਸੋਵੀਅਤ ਰੂਸ ਅਤੇ ਕਮਿਊਨਿਜ਼ਮ ਵਿੱਚ ਦਿਲਚਸਪੀ ਲੈਣੀ ਸ਼ੁਰੂ ਕਰ ਦਿੱਤੀ ਸੀ। ਪਰੰਤੂ ਇਹ ਦਿਲਚਸਪੀ ਕਮਿਊਨਿਜ਼ਮ ਦੇ ਅਧਿਐਨ ਬਾਰੇ ਜਾਂ ਅਕਤੂਬਰ ਇਨਕਲਾਬ ਅਤੇ ਉਸਦੀ ਖਾਸੀਅਤ ਦੀ ਠੀਕ ਸਮਝ ਉੱਪਰ ਆਧਾਰਿਤ ਨਹੀਂ ਸੀ। ਉਹ ਸੋਵੀਅਤ ਯੂਨੀਅਨ ਅਤੇ ਕੋਮਿੰਟਰਨ ਨੂੰ "ਹਥਿਆਰ ਅਤੇ ਹੋਰ ਪ੍ਰਕਾਰ ਦੀ ਸਹਾਇਤਾ, ਮਸਲਨ ਬੰਬ ਬਣਾਉਣ ਦੀ ਸਿੱਖਿਆ ਆਦਿ, ਪ੍ਰਾਪਤ ਕਰਨ ਦੇ ਇੱਕ ਸੰਭਾਵਿਤ ਸਰੋਤ ਦੇ ਰੂਪ ਵਿੱਚ ਵੇਖਦੇ ਸਨ। ਪਰੰਤੂ ਜਦੋਂ ਉਹਨਾਂ ਨੂੰ ਪਤਾ ਲੱਗਿਆ ਕਿ ਸੋਵੀਅਤ ਯੂਨੀਅਨ ਅਤੇ ਕਮਿਊਨਿਸਟ ਇੰਟਰਨੈਸ਼ਨਲ ਦੋਵੇਂ ਹੀ ਲੋਕਾਂ ਨਾਲੋਂ ਨਿੱਖੜੀ ਹੋਈ ਕਿਸੇ ਕਿਸਮ ਦੀ ਹਥਿਆਰਬੰਦ ਕਾਰਵਾਈ ਨੂੰ ਪ੍ਰੋਤਸਾਹਨ ਨਹੀਂ ਦਿੰਦੇ ਹਨ ਤਾਂ ਉਹਨਾਂ ਦੀ ਦਿਲਚਸਪੀ ਠੰਢੀ ਪੈ ਗਈ।"[31]

ਉਸ ਸਮੇਂ, ਅਰਥਾਤ ਤੀਜੇ ਦਹਾਕੇ ਦੇ ਪਿਛਲੇ ਅੱਧ ਵਿੱਚ ਭਾਰਤਵਰਸ਼ ਵਿੱਚ ਕਮਿਊਨਿਸਟ ਵਿਚਾਰਧਾਰਾ ਲੋਕਪ੍ਰਿਯ ਹੋ ਰਹੀ ਸੀ। ਅਕਤੂਬਰ ਇਨਕਲਾਬ ਅਤੇ ਰੂਸ ਦੇ ਖਿਲਾਫ਼ ਸਾਮਰਾਜਵਾਦੀ ਦਖਲ ਅੰਦਾਜ਼ੀ ਦੀ ਹਾਰ ਦੇ ਇਲਾਵਾ ਇਸ ਤਬਦੀਲੀ ਦੇ ਕੁਝ ਹੋਰ ਕਾਰਨ ਵੀ ਸਨ। ਜਿਵੇਂ (ੳ) ਪੇਸ਼ਾਵਰ ਅਤੇ ਕਾਨਪੁਰ ਦੇ ਬੋਲਸ਼ੇਵਿਕ ਸਾਜਿਸ਼ ਕੇਸ, (ਅ) ਦੇਸ਼ ਦੇ ਕਈ ਭਾਗਾਂ ਵਿੱਚ ਕਿਸਾਨਾਂ ਦੇ ਜੁਝਾਰੂ ਸੰਘਰਸ਼, (ੲ) ਮਜ਼ਦੂਰਾਂ ਦੀਆਂ ਦੇਸ਼ਵਿਆਪੀ ਵੱਡੀਆਂ ਵੱਡੀਆਂ ਹੜਤਾਲਾਂ, (ਸ) ਮਜ਼ਦੂਰ ਕਿਸਾਨ ਪਾਰਟੀ ਦਾ ਗਠਨ (ਹ) ਦੇਸ਼ ਦੇ ਵਿਭਿੰਨ ਕਮਿਊਨਿਸਟ ਗੁੱਟਾਂ ਨੂੰ ਮਿਲਾਕੇ ਇਸ ਸਰਬ ਭਾਰਤੀ ਪਾਰਟੀ ਦੇ ਗਠਨ ਦੇ ਯਤਨ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੈਮਾਨੇ ਤੇ ਵਾਪਰੀਆਂ ਇਹਨਾਂ ਘਟਨਾਵਾਂ ਤੋਂ ਪ੍ਰਭਾਵਤ ਹੋ ਕੇ ਅਨੁਸ਼ੀਲਨ ਦੇ ਕੁਝ ਕਾਰਕੁੰਨ ਪਾਰਟੀ ਤੋਂ ਅਲੱਗ ਹੋ ਕੇ ਕਮਿਊਨਿਸਟ ਅੰਦੋਲਨ ਵਿੱਚ ਜਾ ਰਲੇ। ਅਨੁਸ਼ੀਲਨ ਵਿੱਚ ਉਹਨਾਂ ਦੀ ਵਧੀਆ ਇੱਜ਼ਤ-ਮਾਣ ਸੀ ਅਤੇ ਇਨਕਲਾਬੀ ਨੌਜਵਾਨਾਂ ਵਿੱਚ ਕਮਿਊਨਿਜਮ ਨੂੰ ਹਰਮਨ ਪਿਆਰਾ ਬਣਾਉਣ ਦੇ ਵਿੱਚ ਉਹਨਾਂ ਲੋਕਾਂ ਦੀ ਕਾਫੀ ਹੱਦ ਤੱਕ ਮਹੱਤਵਪੂਰਣ ਭੂਮਿਕਾ ਸੀ।

## ਹਿੰਦੁਸਤਾਨ ਸਮਾਜਵਾਦੀ ਪਰਜਾਤੰਤਰ ਸੰਘ ਦਾ ਗਠਨ

ਸੰਯੁਕਤ ਪ੍ਰਾਂਤ (ਹੁਣ ਉੱਤਰ ਪ੍ਰਦੇਸ਼) ਵਿੱਚ 1925 ਵਿੱਚ ਇਨਕਲਾਬੀ ਪਾਰਟੀ ਦੇ ਅਨਸਰ ਸਾਰੇ ਪ੍ਰਮੁੱਖ ਆਗੂ ਕਾਕੋਰੀ ਸਾਜਿਸ਼ ਕੇਸ ਵਿੱਚ ਫੜਕੇ ਜੇਲ੍ਹ ਵਿੱਚ ਬੰਦ ਕਰ ਦਿੱਤੇ ਗਏ ਸਨ। ਇਸ ਨਾਲ ਹਿੰਦੁਸਤਾਨ ਪਰਜਾਤੰਤਰ ਸੰਘ ਦੇ ਸੰਗਠਨ ਨੂੰ ਬਹੁਤ ਵੱਡਾ ਧੱਕਾ ਲੱਗਿਆ। ਸਿਰਫ਼ ਚੰਦਰ ਸ਼ੇਖਰ ਆਜ਼ਾਦ ਅਤੇ ਕੁੰਦਨ ਲਾਲ ਗੁਪਤ ਹੀ ਪੁਲਸ ਦੇ ਚੁੰਗਲ ਤੋਂ ਬਚਕੇ ਨਿੱਕਲ ਸਕੇ ਸਨ। ਇਹਨਾਂ ਦੇ ਇਲਾਵਾ ਬਾਹਰ ਜੋ ਸਾਥੀ ਰਹਿ ਗਏ ਸਨ। ਉਹ ਸਾਰੇ ਦੂਜੀ ਕਤਾਰ ਦੇ ਸਿਪਾਹੀ ਸਨ। ਪਾਰਟੀ ਨੂੰ ਦੋਬਾਰਾ ਸੰਗਠਿਤ ਕਰਨ ਦੀ ਜ਼ੁੰਮੇਵਾਰੀ ਇਹਨਾਂ ਦੂਜੀ ਕਤਾਰ ਦੇ ਸਾਥੀਆਂ ਤੇ ਆ ਪਈ। ਉਸ ਸਮੇਂ ਅਰਥਾਤ 1925 ਵਿੱਚ ਕੁਝ ਇਨਕਲਾਬੀ ਲਾਹੌਰ ਵਿੱਚ ਸਰਗਰਮ ਸਨ ਅਤੇ ਕੁਝ ਕਾਨਪੁਰ ਵਿੱਚ ਮੁੜ ਕੰਮ ਸ਼ੁਰੂ ਕਰਨ ਦੇ ਯਤਨ ਕਰ ਰਹੇ ਸਨ। ਸਿਧਾਂਤਕ ਦ੍ਰਿਸ਼ਟੀਕੋਣ ਤੋਂ ਉਸ ਸਮੇਂ ਤੱਕ ਇਹਨਾਂ ਦੋਵਾਂ ਕੇਂਦਰਾਂ ਦੇ ਸਾਥੀਆਂ ਦੇ ਦਿਮਾਗ ਸਾਫ਼ ਨਹੀਂ ਸਨ। ਹਾਂ, ਇੱਕ ਸਹੀ ਸਿਧਾਂਤ ਦੀ ਤਲਾਸ਼ ਜ਼ਰੂਰ ਆਰੰਭ ਹੋ ਗਈ ਸੀ। ਇਸ ਦਿਸ਼ਾ ਵਿੱਚ ਦੋਵਾਂ ਕੇਂਦਰਾਂ ਦੇ ਸਾਥੀਆਂ ਨੂੰ ਯੋਗ ਮਾਰਗ ਦਰਸ਼ਨ ਵੀ ਮਿਲ ਗਏ ਸਨ।

ਇਸ ਸਮੇਂ (1925-26) ਲਾਹੌਰ ਦੇ ਸਾਥੀ ਖਾਸ ਕਰਕੇ ਭਗਤ ਸਿੰਘ ਅਤੇ ਸੁਖਦੇਵ, ਰੂਸੀ ਅਰਾਜਕਤਾਵਾਦੀ ਬਾਕੂਨਿਨ ਤੋਂ ਪ੍ਰਭਾਵਤ ਸਨ। ਭਗਤ ਸਿੰਘ ਨੂੰ ਅਰਾਜਕਤਾਵਾਦ ਤੋਂ ਸਮਾਜਵਾਦ ਵੱਲ ਲਿਆਉਣ ਦਾ ਸਿਹਰਾ ਦੋ ਵਿਅਕਤੀਆਂ ਨੂੰ ਹੈ – ਕਾਮਰੇਡ ਸੋਹਣ ਸਿੰਘ

ਜੋਸ਼ ਜੋ ਹੁਣ ਸਾਡੇ ਵਿੱਚ ਨਹੀਂ ਹਨ ਅਤੇ ਲਾਲਾ ਛਬੀਲ ਦਾਸ। ਜੋਸ਼ ਇੱਕ ਮਸ਼ਹੂਰ ਕਮਿਊਨਿਸਟ ਆਗੂ ਅਤੇ 'ਕਿਰਤੀ' ਨਾਂ ਦੇ ਪੰਜਾਬੀ ਮਾਸਿਕ ਰਸਾਲੇ ਦੇ ਸੰਪਾਦਕ ਸਨ। ਉਹ ਭਗਤ ਸਿੰਘ ਨਾਲ ਵਿਭਿੰਨ ਵਿਸ਼ਿਆਂ ਉੱਤੇ ਭਗਤ ਸਿੰਘ ਨਾਲ ਗੱਲਬਾਤ ਕਰਦੇ ਅਤੇ ਉਸਨੂੰ 'ਕਿਰਤੀ' ਵਿੱਚ ਲਿਖਣ ਦੇ ਲਈ ਉਤਸ਼ਾਹਿਤ ਕਰਦੇ ਸਨ। ਲਾਲ ਛਬੀਲਦਾਸ 'ਤਿਲਕ ਸਕੂਲ ਆਫ ਪਾਲਿਟਿਕਸ', ਜੋ ਨੈਸ਼ਨਲ ਕਾਲਜ ਦੇ ਨਾਂ ਨਾਲ ਵੀ ਪ੍ਰਸਿੱਧ ਸੀ, ਦੇ ਪ੍ਰਿੰਸੀਪਲ ਸਨ। ਉਹ ਨੌਜਵਾਨ ਇਨਕਲਾਬੀਆਂ ਨੂੰ ਦੱਸਦੇ ਰਹਿੰਦੇ ਸਨ ਕਿ ਕੀ ਪੜ੍ਹਨ ਅਤੇ ਕਿਵੇਂ ਪੜ੍ਹਨ। ਭਗਵਤੀ ਚਰਨ ਵੋਹਰਾ ਦਾ ਸਮਾਜਵਾਦ ਦੇ ਵੱਲੋਂ ਆਰੰਭ ਤੋਂ ਹੀ ਰੁਝਾਨ ਸੀ। ਸੋਹਣ ਸਿੰਘ ਜੋਸ਼ ਦਾ ਸਾਰਾ ਮਾਰਗ ਦਰਸ਼ਨ ਅਤੇ ਲਾਲ ਛਬੀਲ ਦਾਸ ਦੇ ਕਿਤਾਬਾਂ ਬਾਰੇ ਸਾਰੇ ਸੁਝਾਅ ਪੁਸਤਕਾਂ ਦੀ ਤੋਟ ਕਾਰਣ ਵਿਅਰਥ ਹੀ ਰਹਿ ਜਾਂਦੇ। ਇਸ ਲੋੜ ਨੂੰ ਕੁਝ ਹੱਦ ਤੱਕ ਪੂਰਾ ਕੀਤਾ ਲਾਲਾ ਲਾਜਪਤ ਰਾਏ ਦੀ 'ਦਵਾਰਕਾ ਦਾਸ ਲਾਇਬਰੇਰੀ' ਨੇ। ਇਸ ਲਾਇਬਰੇਰੀ ਵਿੱਚ ਰਾਜਨੀਤੀ ਸੰਬੰਧੀ ਪੁਸਤਕਾਂ ਦਾ ਚੋਖਾ ਸੰਗ੍ਰਹਿ ਸੀ ਜਿਸ ਵਿੱਚ ਮਾਰਕਸਵਾਦੀ ਅਤੇ ਸੋਵੀਅਤ ਰੂਸ ਬਾਰੇ ਅਜਿਹੀਆਂ ਪੁਸਤਕਾਂ ਵੀ ਸ਼ਾਮਲ ਸਨ ਜਿਹਨਾਂ ਨੂੰ ਸਰਕਾਰ ਨੇ ਜ਼ਬਤ ਨਹੀਂ ਕੀਤਾ ਸੀ।

ਲਾਹੌਰ ਦੇ ਇਨਕਲਾਬੀਆਂ ਨੇ ਉਸ ਲਾਇਬਰੇਰੀ ਤੋਂ ਪੂਰਾ ਲਾਭ ਉਠਾਇਆ। ਉਸ ਸਮੇਂ ਵਿੱਚ ਉਹਨਾਂ ਨੂੰ ਲਾਇਬਰੇਰੀ ਦੇ ਪ੍ਰਧਾਨ ਅਤੇ ਇਨਕਲਾਬੀਆਂ ਦੇ ਹਮਦਰਦ ਸ਼੍ਰੀ ਰਾਜਾ ਰਾਮ ਸ਼ਾਸਤਰੀ (ਮਰਹੂਮ) ਤੋਂ ਕਾਫੀ ਸਹਾਇਤਾ ਮਿਲਦੀ ਸੀ। ਪੁਸਤਕਾਂ ਪ੍ਰਾਪਤ ਕਰਨ ਦਾ ਇੱਕ ਹੋਰ ਵੀ ਸਰੋਤ ਸੀ ਰਾਮ ਕ੍ਰਿਸ਼ਨ ਐਂਡ ਸੰਨਜ਼ ਨਾਂ ਦੀ ਕਿਤਾਬਾਂ ਦੀ ਇੱਕ ਦੁਕਾਨ। ਇਹ ਦੁਕਾਨ ਅਨਾਰਕਲੀ ਬਾਜ਼ਾਰ ਵਿੱਚ ਸੀ ਅਤੇ ਉਸਦੇ ਕੋਲੇ ਇੰਗਲੈਂਡ ਤੋਂ ਪਾਬੰਦੀਸ਼ੁਦਾ ਪੁਸਤਕਾਂ ਮੰਗਵਾਉਣ ਦੀ ਚੰਗੀ ਵਿਵਸਥਾ ਸੀ। ਪੰਜਾਬ ਦੇ ਇਨਕਲਾਬੀਆਂ ਨੇ ਖਾਸ ਕਰਕੇ ਭਗਤ ਸਿੰਘ ਅਤੇ ਭਗਵਤੀ ਚਰਨ ਵੋਹਰਾ ਨੇ, ਇਹਨਾਂ ਸਹੂਲਤਾਂ ਦਾ ਪੂਰਾ ਲਾਭ ਉਠਾਇਆ। ਸ਼੍ਰੀ ਰਾਜਾ ਰਾਮ ਸ਼ਾਸ਼ਤਰੀ ਨੇ ਇੱਕ ਵਾਰੀ ਇਹਨਾਂ ਸਤਰਾਂ ਦੇ ਲੇਖਕ ਨੂੰ ਕਿਹਾ ਸੀ ਕਿ ਭਗਤ ਸਿੰਘ ਦਰਅਸਲ ਪੁਸਤਕਾਂ ਨੂੰ ਪੜ੍ਹਦਾ ਨਹੀਂ ਨਿਗਲਦਾ ਸੀ, ਪਰੰਤੂ ਫੇਰ ਵੀ ਉਸਦੀ ਗਿਆਨ ਦੀ ਪਿਆਸ ਸਦਾ ਅਣਬੁਝੀ ਹੀ ਰਹਿੰਦੀ ਸੀ। ਭਗਤ ਸਿੰਘ ਪੁਸਤਕਾਂ ਦਾ ਅਧਿਐਨ ਕਰਦਾ, ਨੋਟ ਬਣਾਉਂਦਾ, ਆਪਣੇ ਸਾਥੀਆਂ ਨਾਲ ਉਹਨਾਂ ਬਾਰੇ ਵਿਚਾਰ-ਵਟਾਂਦਰਾ ਕਰਦਾ, ਆਪਣੀ ਸਮਝ ਨੂੰ ਨਵੇਂ ਗਿਆਨ ਦੀ ਕਸੌਟੀ ਉੱਤੇ ਆਲੋਚਨਾਤਮਕ ਢੰਗ ਨਾਲ ਪਰਖਣ ਦੀ ਕੋਸ਼ਿਸ਼ ਕਰਦਾ ਅਤੇ ਇਸ ਪ੍ਰਕਿਰਿਆ ਵਿੱਚ ਆਪਣੀ ਸਮਝ ਵਿੱਚ ਜੋ-ਜੋ ਗਲਤੀਆਂ ਵਿਖਾਈ ਦਿੰਦੀਆਂ ਉਹਨਾਂ ਨੂੰ ਸੁਧਾਰਨ ਦੀ ਕੋਸ਼ਿਸ਼ ਕਰਦਾ। ਇਹਨਾਂ ਸਾਰੀਆਂ ਗੱਲਾਂ ਤੇ ਪੰਜਾਬੀ ਗੁੱਟ ਨੂੰ ਤੇਜ਼ੀ ਨਾਲ ਅੱਗੇ ਵਧਣ ਵਿੱਚ ਮੱਦਦ ਕੀਤੀ। ਪਰਿਣਾਮ ਸਰੂਪ 1928 ਦੇ ਆਰੰਭ ਵਿੱਚ ਉਹਨਾਂ ਨੇ ਅਰਾਜਕਤਾਵਾਦ ਨੂੰ ਛੱਡਕੇ ਸਮਾਜਵਾਦ ਨੂੰ ਟੀਚੇ ਦੇ ਤੌਰ ਤੇ ਸਵੀਕਾਰ ਕਰ ਲਿਆ। ਇਸਦਾ ਇਹ ਮਤਲਬ ਨਹੀਂ ਕਿ ਉਹਨਾਂ ਨੇ ਮਾਰਕਸਵਾਦ ਨੂੰ ਪੂਰੀ ਤਰ੍ਹਾਂ ਨਾਲ ਸਮਝ ਲਿਆ ਸੀ। ਅਤੀਤ ਦੇ ਪ੍ਰਭਾਵ ਕੋਲੋਂ ਅਜੇ ਪੂਰੀ ਤਰ੍ਹਾਂ ਛੁਟਕਾਰਾ ਨਹੀਂ ਮਿਲਿਆ ਸੀ।

ਕਾਨਪੁਰ ਦੇ ਸਾਥੀ ਵੀ ਠੀਕ ਏਸੇ ਦਿਸ਼ਾ ਵਿੱਚ ਅੱਗੇ ਵਧ ਰਹੇ ਸਨ। ਹਾਲਾਂਕਿ ਉਹਨਾਂ ਦੇ ਅੱਗੇ ਵਧਣ ਦੀ ਗਤੀ ਵਿੱਚ ਉਹ ਤੇਜ਼ੀ ਨਹੀਂ ਸੀ ਜੋ ਲਾਹੌਰ ਦੇ ਸਾਥੀਆਂ ਵਿੱਚ ਸੀ। ਕਾਨਪੁਰ ਵਿੱਚ ਰਾਧਾ ਮੋਹਨ ਗੋਕੁਲਜੀ, ਸਤਯ ਭਕਤ, ਅਤੇ ਮੌਲਾਨਾ ਹਸਰਤ ਮੋਹਾਨੀ ਆਪਣੇ ਆਪ ਨੂੰ ਕਮਿਊਨਿਸਟ ਆਖਦੇ ਸਨ। ਇਹਨਾਂ ਵਿੱਚੋਂ ਰਾਧਾ ਮੋਹਨ ਜੀ ਦਾ ਨਾਂ ਵਿਸ਼ੇਸ਼ ਤੌਰ ਤੇ ਵਰਨਣਯੋਗ ਹੈ। ਉਹਨਾਂ ਦੇ ਕੋਲੇ ਪੁਸਤਕਾਂ ਦਾ ਕਾਫੀ ਸੰਗ੍ਰਹਿ ਸੀ। ਅਧਿਐਨਸ਼ੀਲ ਵਿਅਕਤੀ ਹੋਣ ਦੇ ਨਾਲ ਹੀ ਉਹ ਇੱਕ ਸਮਰੱਥਾਵਾਨ ਲੇਖਕ ਵੀ ਸਨ। 1927 ਵਿੱਚ ਉਹਨਾਂ ਨੇ ਇੱਕ ਪੁਸਤਕ ਲਿਖੀ ਸੀ। 'ਕਮਿਊਨਿਜਮ ਕੀ ਹੈ ?' ਸਰਲ ਅਤੇ ਸਿੱਧੀ-ਸਾਦੀ ਭਾਸ਼ਾ ਵਿੱਚ ਇਸ ਪੁਸਤਕ ਦੇ ਮਾਧਿਅਮ ਨਾਲ ਉਹਨਾਂ ਨੇ ਹਿੰਦੀ ਪਾਠਕਾਂ ਦੇ ਸਾਹਮਣੇ ਕਮਿਊਨਿਸਟ ਸਿਧਾਂਤ ਦੇ ਪ੍ਰਮੁੱਖ ਮੁੱਦਿਆਂ ਨੂੰ ਪੇਸ਼ ਕੀਤਾ ਸੀ। ਇਹਨਾਂ ਸਤਰਾਂ ਦੇ ਲੇਖਕ ਨੂੰ ਵੀ ਕਮਿਊਨਿਜ਼ਮ ਦਾ ਪਹਿਲਾ ਸਬਕ ਰਾਧਾ ਮੋਹਨ ਜੀ ਕੋਲੋਂ ਹੀ ਮਿਲਿਆ ਸੀ। ਰਾਧਾ ਮੋਹਨ ਜੀ ਕੱਟੜ ਨਾਸਤਿਕ ਸਨ। ਰੱਬ, ਧਰਮ, ਅੰਧਵਿਸ਼ਵਾਸ਼ ਆਦਿ ਉੱਪਰ ਉਹਨਾਂ ਨੇ ਅਖਬਾਰਾਂ-ਰਸਾਲਿਆਂ ਵਿੱਚ ਕਾਫੀ ਕੁਝ ਲਿਖਿਆ ਸੀ। ਉਹਨਾਂ ਦਾ ਇਹ ਰੂਪ ਵੇਖਕੇ ਹਿੰਦੀ ਦੇ ਨਾਵਲ-ਸਮਰਾਟ ਪ੍ਰੇਮ ਚੰਦ ਨੇ ਉਹਨਾਂ ਨੂੰ 'ਆਧੁਨਿਕ ਚਾਰਵਾਕ' ਆਖ ਕੇ ਪੁਕਾਰਿਆ ਸੀ।

ਸੱਤਯਭਕਤ ਦਾ ਕਮਿਊਨਿਜ਼ਮ ਅਧਿਆਤਮਵਾਦੀ ਰੰਗ ਦਾ ਸੀ ਅਤੇ ਮੌਲਾਨਾ ਹਸਰਤ ਮੋਹਾਨੀ ਦੇ ਵਿਚਾਰ ਕਮਿਊਨਿਜ਼ਮ ਅਤੇ ਇਸਲਾਮ ਦੀ ਖਿਚੜੀ ਆਖੇ ਜਾ ਸਕਦੇ ਹਨ। ਇਹਨਾਂ ਕਮਜ਼ੋਰੀਆਂ ਦੇ ਬਾਵਜੂਦ ਸੋਵੀਅਤ ਰੂਸ ਅਤੇ ਕਮਿਊਨਿਜ਼ਮ ਨੂੰ ਹਿੰਦੀ ਭਾਸ਼ਾਈ ਲੋਕਾਂ ਦੇ ਵਿੱਚ ਹਰਮਨ ਪਿਆਰਾ ਬਣਾਉਣ ਵਿੱਚ ਇਹਨਾਂ ਤਿੰਨਾਂ ਦੀ ਭੂਮਿਕਾ ਤੋਂ ਮੁੱਕਰਿਆ ਨਹੀਂ ਜਾ ਸਕਦਾ। ਕਾਨਪੁਰ ਦੇ ਨੌਜਵਾਨ ਇਨਕਲਾਬੀਆਂ ਨੇ ਸਮਾਜਵਾਦ ਦੀ ਪਹਿਲੀ ਪਹੁਲ ਇਹਨਾਂ ਮਹਾਂਪੁਰਸ਼ਾਂ ਕੋਲੋਂ ਹੀ ਪ੍ਰਾਪਤ ਕੀਤੀ ਸੀ। ਸ਼ੌਕਤ ਉਸਮਾਨੀ ਵੀ ਵਿਜੇ ਕੁਮਾਰ ਸਿਨਹਾ ਦੇ ਮਾਧਿਅਮ ਨਾਲ ਕਾਨਪੁਰ ਗੁੱਟ ਦੇ ਸੰਪਰਕ ਵਿੱਚ ਸਨ, ਪਰੰਤੂ ਸਾਨੂੰ ਉਹਨਾਂ ਕੋਲੋਂ ਕਿਸੇ ਕਿਸਮ ਦਾ ਸਿਧਾਂਤਕ ਮਾਰਗ ਦਰਸ਼ਨ ਨਹੀਂ ਮਿਲ ਸਕਿਆ ਸੀ। ਸ਼੍ਰੀ ਗਣੇਸ਼ ਸ਼ੰਕਰ ਵਿਦਿਆਰਥੀ ਕੋਲੋਂ ਵੀ ਜੋ ਕਾਨਪੁਰ ਦੀ ਬਹੁਤ ਵੱਡੀ ਮਸ਼ਹੂਰ ਹਸਤੀ ਸਨ, ਇਨਕਲਾਬੀਆਂ ਨੂੰ ਹਰ ਤਰ੍ਹਾਂ ਦੀ ਸਹਾਇਤਾ ਮਿਲਦੀ ਰਹਿੰਦੀ ਸੀ। ਉਹ ਰਾਜਨੀਤਕ ਅਧਿਐਨ ਅਤੇ ਲੋਕਾਂ ਦੇ ਵਿੱਚ ਕੰਮ ਕਰਨ ਉੱਪਰ ਖਾਸ ਬਲ ਦਿੰਦੇ ਸਨ।

ਇਸ ਸਭ ਦੇ ਪਰਿਣਾਮ ਸਰੂਪ ਕਾਨਪੁਰ ਦੇ ਸਾਥੀਆਂ ਦਾ ਝੁਕਾਅ ਵੀ ਸਮਾਜਵਾਦ ਦੇ ਵੱਲੋਂ ਹੋਣ ਲੱਗ ਗਿਆ ਸੀ। ਪਰੰਤੂ ਇਹ ਝੁਕਾਅ ਤਰਕਸੰਗਤ ਹੋਣ ਦੀ ਥਾਵੇਂ ਭਾਵਾਤਮਕ ਵੱਧ ਸੀ। ਉਸ ਸਮੇਂ ਤੱਕ ਕਾਨਪੁਰ ਗੁੱਟ ਚੰਦਰਸ਼ੇਖ਼ਰ ਆਜ਼ਾਦ ਅਤੇ ਕੁੰਦਨ ਲਾਲ ਗੁਪਤ ਨਾਲ ਸੰਪਰਕ ਸਥਾਪਤ ਕਰ ਚੁੱਕਿਆ ਸੀ। ਇਹ ਦੋਵੇਂ ਸਾਥੀ ਕਾਕੋਰੀ ਸਾਜਿਸ਼ ਕਾਂਡ ਵਿੱਚ ਭਗੌੜੇ ਕਰਾਰ ਦਿੱਤੇ ਜਾ ਚੁੱਕੇ ਸਨ।

ਇਹ ਸੀ ਪਿੱਠਭੂਮੀ ਜਦੋਂ 1928 ਦੇ ਆਰੰਭ ਵਿੱਚ ਭਗਤ ਸਿੰਘ ਨੇ ਵਿਭਿੰਨ ਦਲਾਂ ਨੂੰ ਮਿਲਾਕੇ ਇਨਕਲਾਬੀਆਂ ਦਾ ਇੱਕ ਸਰਬਭਾਰਤੀ ਸੰਪਰਕ ਬਣਾਉਣ ਦਾ ਵਿਚਾਰ ਆਪਣੇ ਸਾਥੀਆਂ ਦੇ ਸਾਹਮਣੇ ਰੱਖਿਆ। ਉਨ੍ਹਾਂ ਦੇ ਪ੍ਰਸਤਾਵ ਇਸ ਤਰ੍ਹਾਂ ਦੇ ਸਨ : (ੳ) ਸਮਾਂ ਆ ਗਿਆ ਹੈ ਕਿ ਅਸੀਂ ਸਮਾਜਵਾਦ ਨੂੰ ਹੌਂਸਲੇ ਦੇ ਨਾਲ ਆਪਣਾ ਅੰਤਿਮ ਟੀਚਾ ਐਲਾਨ ਕਰੀਏ। (ਅ) ਪਾਰਟੀ ਦਾ ਨਾਂ ਇਸਦੇ ਅਨੁਸਾਰ ਬਦਲਿਆ ਜਾਣਾ ਚਾਹੀਦਾ ਹੈ ਤਾਂਕਿ ਲੋਕ ਜਾਣ ਸਕਨ ਕਿ ਸਾਡਾ ਆਖਰੀ ਟੀਚਾ ਕੀ ਹੈ। (ੲ) ਸਾਨੂੰ ਸਿਰਫ ਉਹਨਾਂ ਕੰਮਾਂ ਨੂੰ ਹੱਥਾਂ ਵਿੱਚ ਲੈਣਾ ਚਾਹੀਦਾ ਹੈ ਜਿਨ੍ਹਾਂ ਦਾ ਸਿੱਧਾ ਸਬੰਧ ਲੋਕਾਂ ਦੀਆਂ ਲੋੜਾਂ ਅਤੇ ਭਾਵਨਾਵਾਂ ਦੇ ਨਾਲ ਹੋ ਸਕਦਾ ਹੈ, ਅਤੇ ਸਾਨੂੰ ਮਾਮੂਲੀ ਪੁਲਸ ਕਰਮਚਾਰੀਆਂ ਅਤੇ ਮੁਸਾਫਰਾਂ ਨੂੰ ਮਾਰਨ ਵਿਚ ਆਪਣੀ ਸ਼ਕਤੀ ਅਤੇ ਸਮਾਂ ਬਰਬਾਦ ਨਹੀਂ ਕਰਨਾ ਚਾਹੀਦਾ, (ਸ) ਧਨ ਦੇ ਵਾਸਤੇ ਸਾਨੂੰ ਸਰਕਾਰੀ ਖਜ਼ਾਨੇ ਤੇ ਹੀ ਹੱਥ ਪਾਉਣਾ ਚਾਹੀਦਾ ਹੈ ਅਤੇ ਜਿਥੋਂ ਤੱਕ ਸੰਭਵ ਹੋ ਸਕੇ ਨਿੱਜੀ ਘਰਾਂ ਉੱਪਰ ਕਾਰਵਾਈ ਨਹੀਂ ਕਰਨੀ ਚਹੀਦੀ, ਅਤੇ (ਹ) ਸਮੂਹਿਕ ਅਗਵਾਈ ਦੇ ਸਿਧਾਂਤ ਦਾ ਸਖ਼ਤੀ ਨਾਲ ਪਾਲਣ ਕਰਨਾ ਚਾਹੀਦਾ ਹੈ।

ਭਗਤ ਸਿੰਘ ਨੇ ਇਨ੍ਹਾਂ ਸਾਰੇ ਮੁੱਦਿਆਂ ਬਾਰੇ ਲਾਹੌਰ ਅਤੇ ਕਾਨਪੁਰ ਦੇ ਆਪਣੇ ਸਾਥੀਆਂ ਦੇ ਨਾਲ ਵਿਚਾਰ-ਵਟਾਂਦਰਾ ਕੀਤਾ ਅਤੇ ਚੰਦਰ ਸ਼ੇਖ਼ਰ ਆਜ਼ਾਦ ਅਤੇ ਕੁੰਦਨ ਲਾਲ ਦੀ ਸਹਿਮਤੀ ਵੀ ਲੈ ਲਈ। ਇਸਦੇ ਬਾਅਦ ਇਹ ਤੈਅ ਕੀਤਾ ਗਿਆ ਕਿ ਵਿਭਿੰਨ ਪ੍ਰਾਂਤਾਂ ਦੇ ਪ੍ਰਤੀਨਿਧੀਆਂ ਨੂੰ ਇਸਦੇ ਲਈ ਸੱਦਿਆ ਗਿਆ ਪਰੰਤੂ ਇਨ੍ਹਾਂ ਵਿਚੋਂ ਚਾਰ ਪ੍ਰਾਂਤਾਂ ਨੇ ਹੀ ਆਪਣੀ ਰਜ਼ਾਮੰਦੀ ਦਿੱਤੀ। ਬੰਗਾਲ ਨੂੰ ਮੀਟਿੰਗ ਵਿੱਚ ਭਾਗ ਲੈਣ ਦੇ ਵਾਸਤੇ ਅਸੀਂ ਰਾਜ਼ੀ ਨਹੀਂ ਕਰ ਸਕੇ।

ਇਸ ਸਬੰਧ ਵਿਚ ਐਨ. ਐਨ. ਮਾਜੂਮਦਾਰ ਨੇ ਲਿਖਿਆ ਹੈ ਕਿ, "ਹਿੰਦੁਸਤਾਨ ਰਿਪਬਲਕਨ ਐਸੋਸੀਏਸ਼ਨ ਦੇ ਬੰਗਾਲ ਦੇ ਪ੍ਰਤੀਨਿਧੀਆਂ ਨੇ ਮੀਟਿੰਗ ਵਿੱਚ ਭਾਗ ਨਹੀਂ ਲਿਆ

ਕਿਉਂਕਿ ਅਜਿਹਾ ਕਿਹਾ ਜਾਂਦਾ ਹੈ ਕਿ ਉਹ ਆਤੰਕਵਾਦ ਅਤੇ ਹਿੰਸਾ ਦੇ ਖਿਲਾਫ਼ ਸਨ।" ਇਹ ਸਹੀ ਨਹੀਂ ਹੈ। ਪਾਰਟੀ ਦੀ ਤਰਫੋਂ ਖੁਦ ਮੈਨੂੰ ਹੀ ਅਗਸਤ 1928 ਦੇ ਆਖਰੀ ਹਫ਼ਤੇ ਕਲਕੱਤੇ ਭੇਜਿਆ ਗਿਆ ਸੀ ਤਾਂਕਿ ਬੰਗਾਲ ਦੇ ਸਾਥੀਆਂ ਨਾਲ ਪ੍ਰਸਤਾਵਾਂ ਬਾਰੇ ਗੱਲਬਾਤ ਕਰਕੇ ਉਨ੍ਹਾਂ ਨੂੰ ਦਿੱਲੀ ਮੀਟਿੰਗ ਵਿੱਚ ਆਉਣ ਵਾਸਤੇ ਦਿੱਤਾ ਜਾ ਸਕੇ। ਸੰਪਰਕ ਮਿਲਿਆ ਸੀ ਵਾਰਾਨਸੀ ਦੇ ਇੱਕ ਭਾਗਪਦ ਭੱਟਾਚਾਰੀਆ ਕੋਲੋਂ। ਕਲਕੱਤੇ ਵਿੱਚ ਮੇਰੀ ਜਾਣ ਪਛਾਣ ਜਿਨ੍ਹਾਂ ਸੱਜਣਾਂ ਨਾਲ ਕਰਵਾਈ ਗਈ ਉਨ੍ਹਾਂ ਬਾਰੇ ਆਖਿਆ ਗਿਆ ਕਿ ਉਹ ਹੁਣੇ ਹੁਣੇ ਹੀ ਜੇਲ੍ਹ ਵਿਚੋਂ ਛੁੱਟਕੇ ਆਏ ਹਨ। ਵੇਖਣ ਨੂੰ ਉਹ ਬਜ਼ੁਰਗ ਲੱਗਦੇ ਸਨ, ਉਨ੍ਹਾਂ ਦਾ ਸਰੀਰ ਮੋਟਾ ਅਤੇ ਫੁੱਲਿਆ ਹੋਇਆ ਸੀ ਅਤੇ ਉਨ੍ਹਾਂ ਦਾ ਵਤੀਰਾ ਬਹੁਤ ਹੀ ਗ਼ੈਰ ਦਿਲਚਸਪ ਸੀ। ਉਨ੍ਹਾਂ ਦੀ ਗੱਲਬਾਤ ਅਤੇ ਹਾਵ ਭਾਵ ਤੋਂ ਮੈਨੂੰ ਇਹ ਸਮਝਣ ਵਿਚ ਦੇਰ ਨਾ ਲੱਗੀ ਕਿ ਮੈਂ ਜਿਸ ਵਿਅਕਤੀ ਨਾਲ ਮਿਲ ਰਿਹਾ ਹਾਂ, ਉਹ ਤਾਨਾਸ਼ਾਹੀ ਪ੍ਰਵਿਰਤੀ ਵਾਲਾ ਇੱਕ ਦੰਭੀ ਅਤੇ ਬਹੁਤ ਹੀ ਹੰਕਾਰੀ ਵਿਅਕਤੀ ਹੈ। ਚਾਰ ਪੰਜ ਨੌਜਵਾਨ ਲੜਕੇ ਜਿਹੜੇ ਲਗਾਤਾਰ ਉਥੇ ਮੌਜੂਦ ਰਹੇ, ਉਸਨੂੰ ਸੁਸ਼ੀਲ ਦਾ ਆਖਕੇ ਸੰਬੋਧਨ ਕਰਦੇ ਸਨ। ਮੈਂ ਜਿਵੇਂ ਹੀ ਉਨ੍ਹਾਂ ਦੇ ਕਮਰੇ ਵਿੱਚ ਪ੍ਰਵੇਸ਼ ਕੀਤਾ ਵੈਸੇ ਹੀ ਉਨ੍ਹਾਂ ਨੇ ਯੂ.ਪੀ. ਗੁੱਟ ਨੂੰ ਕਾਕੋਰੀ ਕਾਂਡ ਦੇ ਵਾਸਤੇ ਡਾਂਟਣਾ-ਫਿਟਕਾਰਨਾ ਸ਼ੁਰੂ ਕਰ ਦਿੱਤਾ। ਤੁਸੀਂ ਲੋਕਾਂ ਨੇ ਇਹ ਕੰਮ ਸਾਡੇ ਤੋਂ ਪੁੱਛੇ ਬਿਨਾਂ ਕਿਵੇਂ ਸ਼ੁਰੂ ਕੀਤਾ ? ਅਤੇ ਹੁਣ ਸਾਰਾ ਸੰਗਠਨ ਚੌਪਟ ਕਰ ਦੇਣ ਦੇ ਬਾਅਦ ਸਾਡੇ ਤੋਂ ਸਹਾਇਤਾ ਮੰਗਣ ਆਉਣ ਦਾ ਕੀ ਫ਼ਾਇਦਾ ? ਮੈਂ ਉਨ੍ਹਾਂ ਨੂੰ ਆਖਿਆ ਕਿ ਮੈਂ ਤੁਹਾਡੇ ਕੋਲੋਂ ਕੋਈ ਸਹਾਇਤਾ ਮੰਗਣ ਨਹੀਂ ਆਇਆ ਹਾਂ ਬਲਕਿ ਕੁੱਝ ਮੁੱਦਿਆਂ ਬਾਰੇ ਗੱਲਬਾਤ ਕਰਨ ਅਤੇ ਤੁਹਾਨੂੰ ਦਿੱਲੀ ਮੀਟਿੰਗ ਦੇ ਵਾਸਤੇ ਬੁਲਾਉਣ ਆਇਆ ਹਾਂ। ਇਸਦੇ ਮਗਰੋਂ ਮੈਂ ਇਕ ਇਕ ਕਰਕੇ ਸਾਰੇ ਮੁੱਦਿਆਂ ਬਾਰੇ ਦੱਸਿਆ ਅਤੇ ਉਨ੍ਹਾਂ ਨੂੰ ਦਿੱਲੀ ਮੀਟਿੰਗ ਵਿੱਚ ਸ਼ਾਮਲ ਹੋਣ ਦੀ ਬੇਨਤੀ ਕੀਤੀ। ਉਨ੍ਹਾਂ ਨੇ ਕਿਹਾ ਕਿ ਉਹ ਆਪਣੀਆਂ ਸ਼ਰਤਾਂ ਉੱਪਰ ਹੀ ਮੀਟਿੰਗ ਵਿੱਚ ਭਾਗ ਲੈ ਸਕਣਗੇ ਅਤੇ ਮੇਰੇ ਕੋਲੋਂ ਇਹ ਭਰੋਸਾ ਮੰਗਿਆ ਕਿ ਉਨ੍ਹਾਂ ਦੀਆਂ ਸ਼ਰਤਾਂ ਮੰਨ ਲਈਆਂ ਜਾਣਗੀਆਂ। ਸ਼ਰਤਾਂ ਇਸ ਤਰ੍ਹਾਂ ਸਨ : (ੳ) ਅਸੀਂ ਲੋਕ ਸਮਾਜਵਾਦ ਜਾਂ ਕਮਿਊਨਿਜ਼ਮ ਨਾਲ ਕੋਈ ਸਰੋਕਾਰ ਨਹੀਂ ਰੱਖਾਂਗੇ, (ਅ) ਕਿ ਪਾਰਟੀ ਦਾ ਨਾਂ ਨਹੀਂ ਬਦਲਿਆ ਜਾਵੇਗਾ। (ੲ) ਕਿ ਸਾਨੂੰ ਸਰਕਾਰ ਨਾਲ ਸਿੱਧੇ ਭਿੜਾਉਣ ਵਾਲੇ ਕਾਕੋਰੀ ਵਰਗੇ ਕੰਮ ਭਵਿੱਖ ਵਿੱਚ ਸਾਥੋਂ ਪੁੱਛੇ ਬਗੈਰ ਨਹੀਂ ਕੀਤੇ ਜਾਣਗੇ, (ਸ) ਕਿ ਕੇਂਦਰੀ ਕਮੇਟੀ ਵਰਗੀ ਕੋਈ ਚੀਜ਼ ਨਹੀਂ ਹੋਵੇਗੀ ਅਤੇ ਸਾਨੂੰ ਸਿਰਫ ਉਨ੍ਹਾਂ ਦੇ ਰਾਹੀਂ ਬੰਗਾਲ ਦੇ ਮੁਤੈਹਤ ਰਹਿਕੇ ਕੰਮ ਕਰਨਾ ਹੋਵੇਗਾ, (ਹ) ਕਿ ਸਾਨੂੰ ਆਪਣੀਆਂ ਸਰਗਰਮੀਆਂ ਸਿਰਫ ਸੰਗਠਨ ਬਣਾਉਣ, ਹਥਿਆਰ ਅਤੇ ਪੈਸਾ ਜਮ੍ਹਾਂ ਕਰਨ ਤੱਕ ਹੀ ਸੀਮਤ ਰੱਖਣੀਆਂ ਹੋਣਗੀਆਂ। (ਕ) ਕਿ ਪੈਸੇ ਦੇ ਵਾਸਤੇ ਸਿਰਫ ਅਰਾਜਨੀਤਕ ਕੰਮਾਂ ਦੀ ਹੀ ਆਗਿਆ ਹੋਵੇਗੀ। ਮੈਂ ਉਨ੍ਹਾਂ ਨੂੰ ਇਸ ਗੱਲ ਤੇ ਮੰਨਾਉਣ ਦੀ ਕੋਸ਼ਿਸ਼ ਕੀਤੀ ਕਿ ਉਹ ਬਿਨ੍ਹਾਂ ਕਿਸੇ ਕਿਸਮ ਦੀਆਂ ਸ਼ਰਤਾਂ ਲਾਉਣ ਦੇ ਖੁੱਲ੍ਹੇ ਦਿਲ ਨਾਲ ਮੀਟਿੰਗ ਆਉਣ ਅਤੇ ਸਾਰੀਆਂ ਗੱਲਾਂ ਬਾਰੇ ਬਹਿਸ ਵਿੱਚ ਭਾਗ ਲੈਣ। ਉਨ੍ਹਾਂ ਨੇ ਮੇਰੀ ਗੱਲ ਮੰਨਣ ਤੋਂ ਨਾਂਹ ਕਰ ਦਿੱਤੀ। ਕਿਉਂਕਿ ਉਨ੍ਹਾਂ ਦੀਆਂ ਸਾਰੀਆਂ ਸ਼ਰਤਾਂ ਸਾਡੇ ਪ੍ਰਸਤਾਵਾਂ ਨਾਲੋਂ ਉੱਕਾ ਹੀ ਵੱਖਰੀਆਂ ਸਨ ਇਸ ਲਈ ਮੈਂ ਨਿਮਰਤਾ ਪੂਰਵਕ ਉਨ੍ਹਾਂ ਦੀਆਂ ਸ਼ਰਤਾਂ ਮੰਨਣ ਤੋਂ ਇਨਕਾਰ ਕਰ ਦਿੱਤਾ। ਇਨ੍ਹਾਂ ਕਾਰਣਾਂ ਕਰਕੇ ਦਿੱਲੀ ਮੀਟਿੰਗ ਬੰਗਾਲ ਦੇ ਸਾਥੀਆਂ ਦੀ ਗ਼ੈਰ ਮੌਜੂਦਗੀ ਵਿੱਚ ਹੀ ਕਰਨੀ ਪਈ।

ਦਿੱਲੀ ਮੀਟਿੰਗ ਅਤੇ ਉਸਤੋਂ ਬਾਅਦ :- 8 ਸਤੰਬਰ, 1928 ਨੂੰ ਮੀਟਿੰਗ ਵਿੱਚ ਭਾਗ ਲੈਣ ਦੇ ਲਈ ਚਾਰ ਪ੍ਰਾਂਤਾਂ ਦੀ ਪ੍ਰਤੀਨਿਧਤਾ ਕਰਨ ਵਾਲੇ ਕੁੱਲ ਮਿਲਾਕੇ ਦਸ ਸਾਥੀ ਕੋਟਲਾ ਫਿਰੋਜ਼ਸ਼ਾਹ ਵਿਖੇ ਇਕੱਠੇ ਹੋਏ ਸਨ। ਇਹਨਾਂ ਵਿੱਚ ਦੋ ਬਿਹਾਰ ਤੋਂ, ਦੋ ਪੰਜਾਬ ਤੋਂ ਇੱਕ ਰਾਜਸਥਾਨ ਤੋਂ ਅਤੇ ਪੰਜ ਸੰਯੁਕਤ ਰਾਜ (ਹੁਣ ਯੂ.ਪੀ.) ਤੋਂ ਆਏ ਸਨ। ਯੂ.ਪੀ. ਦੇ ਪੰਜ ਸਾਥੀਆਂ ਵਿੱਚੋਂ ਵੀ ਦੋ ਨੇ ਮੀਟਿੰਗ ਵਿੱਚ ਬੈਠਣ ਤੋਂ ਇਨਕਾਰ ਕਰ ਦਿੱਤਾ। ਕਿਉਂਕਿ ਬਾਕੀ ਸਾਥੀਆਂ ਨੇ ਉਹਨਾਂ ਦੀਆਂ ਕੁਝ ਸ਼ਰਤਾਂ ਨਹੀਂ ਮੰਨੀਆਂ। ਇਸ ਤਰ੍ਹਾਂ ਸਿਰਫ਼ ਅੱਠ ਸਾਥੀਆਂ ਨੇ ਹੀ ਮੀਟਿੰਗ ਵਿੱਚ ਭਾਗ ਲਿਆ। ਆਜ਼ਾਦ ਨੂੰ ਸੁਰੱਖਿਆ ਕਾਰਣ ਦਿੱਲੀ ਨਹੀਂ ਲਿਆਂਦਾ ਗਿਆ। ਪਰੰਤੂ ਉਸ ਕੋਲੋਂ ਸਾਰੇ ਮੁੱਦਿਆਂ ਬਾਰੇ ਅਗੇਤ ਪ੍ਰਵਾਨਗੀ ਲੈ ਲਈ ਗਈ ਸੀ। ਮੀਟਿੰਗ ਵਿੱਚ ਦੋ ਦਿਨਾਂ ਦੀ ਬਹਿਸ ਦੇ ਬਾਅਦ ਭਗਤ ਸਿੰਘ ਵੱਲੋਂ ਰੱਖੇ ਗਏ ਸਾਰੇ ਪ੍ਰਸਤਾਵਾਂ ਨੂੰ ਦੋ ਦੇ ਖਿਲਾਫ਼ ਛੇ ਦੇ ਬਹੁਮਤ ਨਾਲ ਸਵੀਕਾਰ ਕਰ ਲਿਆ ਗਿਆ। ਰਵਿੰਦਰਨਾਥ ਘੋਸ਼ ਅਤੇ ਮਨਮੋਹਨ ਬੈਨਰਜੀ (ਦੋਵੇਂ ਬਿਹਾਰ ਤੋਂ) ਨੇ ਸਮਾਜਵਾਦ ਨੂੰ ਪਾਰਟੀ ਦਾ ਅੰਤਿਮ ਟੀਚਾ ਦੇ ਰੂਪ ਵਿੱਚ ਅਪਣਾਉਣ ਅਤੇ ਪਾਰਟੀ ਦਾ ਨਾਂ ਬਦਲਣ ਦਾ ਵਿਰੋਧ ਕੀਤਾ। ਅੱਗੇ ਚੱਲਕੇ ਜਦੋਂ ਦਸੰਬਰ 1928 ਵਿੱਚ ਭਗਤ ਸਿੰਘ ਕਲਕੱਤੇ ਗਏ ਅਤੇ ਤ੍ਰੈਲੋਕਯ ਚੱਕਰਵਰਤੀ ਅਤੇ ਪ੍ਰਤੁਲ ਗਾਂਗੁਲੀ, ਜੋ ਉਸ ਸਮੇਂ ਤੱਕ ਜੇਲ੍ਹ ਵਿੱਚੋਂ ਛੁੱਟਕੇ ਬਾਹਰ ਆ ਚੁੱਕੇ ਸਨ, ਨਾਲ ਮਿਲੇ ਤਾਂ ਉਹਨਾਂ ਨੇ ਦੱਸਿਆ ਕਿ ਦਿੱਲੀ ਮੀਟਿੰਗ ਦੇ ਵਾਸਤੇ ਸੱਦਾ ਦੇਣ ਜੋ ਸਾਥੀ ਪਹਿਲਾਂ ਆਏ ਸਨ, ਉਹਨਾਂ ਨੂੰ ਮਾੜੇ ਭਾਗੀਂ ਇੱਕ ਗਲਤ ਆਦਮੀ ਨਾਲ ਮਿਲਾ ਦਿੱਤਾ ਗਿਆ ਸੀ। ਭਗਤ ਸਿੰਘ ਨੇ ਦੋਵਾਂ ਨੇਤਾਵਾਂ ਨੂੰ ਦਿੱਲੀ ਮੀਟਿੰਗ ਦੇ ਫੈਸਲਿਆਂ ਬਾਰੇ ਜਾਣੂ ਕਰਵਾਇਆ ਅਤੇ ਸਾਰੇ ਮੁੱਦਿਆਂ ਬਾਰੇ ਉਹਨਾਂ ਦੀ ਸਹਿਮਤੀ ਵੀ ਪ੍ਰਾਪਤ ਕਰ ਲਈ। ਉਹ ਸਾਡੇ ਵਿੱਚੋਂ ਕੁੱਝ ਸਾਥੀਆਂ ਨੂੰ ਬੰਬ ਬਣਾਉਣ ਦੀ ਸਿਖਲਾਈ ਦੇਣ ਦੇ ਵਾਸਤੇ ਜਤੀਂਦਰਨਾਥ ਦਾਸ ਨੂੰ ਆਗਰਾ ਭੇਜਣ ਲਈ ਵੀ ਰਜ਼ਾਮੰਦ ਹੋ ਗਏ।

1928 ਦੇ ਆਉਂਦੇ-ਆਉਂਦੇ ਅਸੀਂ ਸਮਾਜਵਾਦ ਨੂੰ ਸਿਧਾਂਤ ਦੇ ਰੂਪ ਵਿੱਚ ਸਵੀਕਾਰ ਕਰ ਲਿਆ ਸੀ। ਪਰੰਤੂ ਅਸਲ ਵਿੱਚ ਸਾਡੇ ਉੱਤੇ ਅਤੀਤ ਦਾ ਪ੍ਰਛਾਵਾਂ ਅਜੇ ਵੀ ਹਾਵੀ ਸੀ। ਫੇਰ ਵੀ ਇਹ ਕਹਿਣਾ ਗਲਤ ਹੋਵੇਗਾ ਕਿ ਸਾਂਡਰਸ ਕਤਲ ਅਤੇ ਕੇਂਦਰੀ ਅਸੈਂਬਲੀ ਵਿੱਚ ਬੰਬ ਸੁੱਟਣ ਦੇ ਪਿੱਛੇ ਭਗਤ ਸਿੰਘ ਦੀ ਕਿਸੇ ਕਿਸਮ ਦੀ ਮਾਨਸਿਕ ਕੁੰਠਾ ਜਾਂ ਨਿਰਾਸ਼ਾ ਕੰਮ ਕਰ ਰਹੀ ਸੀ। ਜਿਵੇਂ ਕਿ ਐਸ.ਐਨ. ਮਜੂਮਦਾਰ ਦੇ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਹ ਲਿਖਦੇ ਹਨ : "ਤ੍ਰੈਲੋਕਯ ਚੱਕਰਵਰਤੀ ਨੇ ਉਹਨਾਂ ਨੂੰ (ਭਗਤ ਸਿੰਘ ਨੂੰ) ਪੰਜ ਹਜ਼ਾਰ ਦੀ ਇੱਕ ਨੌਜਵਾਨ ਵਲੰਟੀਅਰ ਵਾਹਿਨੀ ਸੰਗਠਤ ਕਰਨ ਦੀ ਸਲਾਹ ਦਿੱਤੀ ਜਿਵੇਂ ਕਿ ਕਾਂਗਰਸ ਦੇ ਕਲਕੱਤਾ ਸੈਸ਼ਨ ਦੇ ਸਮੇਂ (ਦਸੰਬਰ 1928) ਸੰਗਠਤ ਕੀਤੀ ਗਈ ਸੀ। ਚੱਕਰਵਰਤੀ ਨੇ ਅੱਗੇ ਲਿਖਿਆ ਹੈ ਕਿ ਭਗਤ ਸਿੰਘ ਨੇ ਉਹਨਾਂ ਦੀ ਸਲਾਹ ਉੱਪਰ ਅਮਲ ਕਰਨ ਦੀ ਕੋਸ਼ਿਸ਼ ਕੀਤੀ ਪਰ ਅਸਫਲ ਰਿਹਾ। ਇਸਨੇ ਉਸਦੇ ਦਿਮਾਗ ਵਿੱਚ ਕੁੰਠਾ ਅਤੇ ਨਿਰਾਸ਼ਾ ਨੂੰ ਜਨਮ ਦਿੱਤਾ ਅਤੇ ਕੁੱਝ ਸਨਸਨੀਖੇਜ ਕੰਮ ਦੀ ਲਾਜ਼ਮੀ ਲੋੜ ਦੇ ਬਾਰੇ ਉਸਦੇ ਵਿਸ਼ਵਾਸ਼ ਨੂੰ ਹੋਰ ਪੱਕਾ ਕਰ ਦਿੱਤਾ। ਛੇਤੀ ਹੀ ਉਸਦੇ ਬਾਅਦ ਅਸੈਂਬਲੀ ਵਿੱਚ ਬੰਬ ਸੁੱਟਣ ਦੀ ਘਟਨਾ ਹੋਈ।"[32]

ਇਹ ਸਾਰੀ ਕਹਾਣੀ ਹਕੀਕਤਾਂ ਨਾਲ ਮੇਲ ਨਹੀਂ ਖਾਂਦੀ ਹੈ। ਪਹਿਲੀ ਗੱਲ ਤਾਂ ਇਹ ਕਿ ਭਗਤ ਸਿੰਘ ਨੇ ਕਦੇ ਕੋਈ ਵੱਡਾ ਰਾਜਨੀਤਕ ਕਦਮ ਪਾਰਟੀ ਦੀ ਕੇਂਦਰੀ ਕਮੇਟੀ ਨੂੰ ਵਿਸਵਾਸ਼ ਵਿੱਚ ਲਏ ਬਗੈਰ ਨਹੀਂ ਉਠਾਇਆ। ਪੰਜ ਹਜ਼ਾਰ ਨੌਜਵਾਨਾਂ ਦੀ ਇੱਕ ਵਲੰਟੀਅਰ ਸੈਨਾ ਗਠਿਤ ਕਰਨ ਦਾ ਸਵਾਲ ਕਦੇ ਵੀ ਕੇਂਦਰੀ ਸੰਮਤੀ ਦੇ ਸਾਹਮਣੇ ਬਹਿਸ ਲਈ ਨਹੀਂ ਆਇਆ। ਦੂਜੀ ਗੱਲ ਇਹ ਕਿ ਇਸ ਤਰ੍ਹਾਂ ਦੀ ਕਿਸੇ ਵਲੰਟੀਅਰ ਸੈਨਾ ਦਾ ਵਿਚਾਰ ਇੱਕ ਹਵਾ ਵਿੱਚ ਪੁਲ ਬਣਾਉਣ ਦੇ ਬਰਾਬਰ ਸੀ। ਚਾਰ ਪੰਜ ਦਿਨਾਂ ਦੇ ਵਾਸਤੇ ਥੈਲੀਆਂ ਦੇ ਸਹਾਰੇ ਖੁੱਲ੍ਹੇ ਤੌਰ ਤੇ ਪੰਜ ਹਜ਼ਾਰ ਵਲੰਟੀਅਰ ਸੈਨਾ (ਕਾਂਗਰਸ ਵੱਲੋਂ ਸੰ.) ਖੜੀ ਕਰਨ ਲੈਣਾ ਇੱਕ ਗੱਲ ਸੀ, ਪਰੰਤੂ ਗੁਪਤ ਇਨਕਲਾਬੀ ਕੰਮ ਦੇ ਵਾਸਤੇ ਰਾਜਨੀਤਕ ਤੌਰ ਤੇ ਸੁਚੇਤ, ਟਰੇਂਡ ਅਤੇ ਅਨੁਸ਼ਾਸ਼ਿਤ ਨੌਜਵਾਨਾਂ ਦੀ ਐਨੀ ਵੱਡੀ ਫੌਜ ਕੁੱਝ ਮਹੀਨਿਆਂ ਵਿੱਚ ਖੜ੍ਹੀ ਕਰ ਲੈਣਾ ਸੰਭਵ ਵੀ ਨਹੀਂ ਸੀ। ਇੱਥੇ ਇਹ ਗੱਲ ਵੀ ਧਿਆਨ ਵਿੱਚ ਰੱਖਣੀ ਚਾਹੀਦੀ ਹੈ ਕਿ ਭਗਤ ਸਿੰਘ ਕਲਕੱਤੇ ਤੋਂ ਜਨਵਰੀ 1929 ਦੇ ਪਹਿਲੇ ਹਫ਼ਤੇ ਵਿੱਚ ਵਾਪਸ ਆਏ ਸਨ। ਫਰਵਰੀ ਵਿੱਚ ਜਦੋਂ ਜਤੀਂਦਰਨਾਥ ਦਾਸ ਆਗਰਾ ਆਏ ਤਾਂ ਸਾਡੇ ਵਿੱਚੋਂ ਹਰ ਕੋਈ ਕਿਸੇ ਨਾ ਕਿਸੇ ਰੂਪ ਵਿੱਚ ਬੰਬ ਫੈਕਟਰੀ ਸਥਾਪਤ ਕਰਨ ਦੇ ਕੰਮ ਵਿੱਚ ਆਗਰੇ ਹੀ ਰੁੱਝਿਆ ਹੋਇਆ ਸੀ, ਫੇਰ ਮੇਰਠ ਦੀਆਂ ਗਿਰਫਤਾਰੀਆਂ ਤੋਂ ਪਹਿਲਾਂ ਫਰਵਰੀ ਦੇ ਅੰਤ ਵਿੱਚ ਆਗਰਾ ਵਿਖੇ ਹੀ ਅਸੈਂਬਲੀ ਵਿੱਚ ਬੰਬ ਸੁੱਟਣ ਦਾ ਫੈਸਲਾ

ਕੀਤਾ ਗਿਆ। ਅਜਿਹੀ ਸਥਿਤੀ ਵਿੱਚ ਭਗਤ ਸਿੰਘ ਦਾ ਤ੍ਰੈਲੋਕਯ ਬਾਬੂ ਦੀ ਸਲਾਹ ਤੇ ਅਮਲ ਕਰਨ ਦੀ ਕੋਸ਼ਿਸ਼ ਕਰਨਾ ਅਸਫਲ ਹੋਣਾ, ਨਿਰਾਸ਼ ਅਤੇ ਪਸਤੀ ਦਾ ਸ਼ਿਕਾਰ ਹੋਣਾ ਆਦਿ ਦਾ ਪ੍ਰਸ਼ਨ ਹੀ ਨਹੀਂ ਉੱਠਦਾ ਸੀ। ਇਸ ਪ੍ਰਕਾਰ ਦੀ ਅਸਫਲਤਾ, ਨਿਰਾਸ਼ਾ, ਕੁੰਠਾ ਆਦਿ ਦੀਆਂ ਮਨਘੜਤ ਗੱਲਾਂ ਨਾਲ ਅਸੈਂਬਲੀ ਵਿੱਚ ਬੰਬ ਸੁੱਟਣ ਦੇ ਕੰਮ ਦਾ ਰਾਜਨੀਤਕ ਮਹੱਤਵ ਹੀ ਸਮਾਪਤ ਹੋ ਜਾਂਦਾ ਹੈ ਅਤੇ ਉਹ ਇੱਕ ਵਿਅਕਤੀ ਦੀ ਕੁੰਠਾ ਅਤੇ ਨਿਰਾਸ਼ਾ ਦਾ ਪਰਿਣਾਮ ਮਾਤਰ ਰਹਿ ਜਾਂਦਾ ਹੈ।

ਅਜਿਹੀ ਹੀ ਹਾਨੀਕਾਰਕ ਅਤੇ ਅਸੈਂਬਲੀ ਵਿੱਚ ਬੰਬ ਸੁੱਟਣ ਦੇ ਮਹੱਤਵ ਨੂੰ ਘਟਾਉਣ ਵਾਲੀ ਕਹਾਣੀ ਮਨਮਥ ਨਾਥ ਗੁਪਤ ਨੇ ਪੇਸ਼ ਕੀਤੀ ਹੈ, ਸੁਖਦੇਵ ਰਾਜ (ਸ਼ਹੀਦ ਸੁਖਦੇਵ ਨਹੀਂ – ਸੰ.) ਜੋ 1928 ਅਤੇ 1929 ਦੇ ਪਹਿਲੇ ਅੱਧ ਵਿੱਚ ਕਿਧਰੇ ਵੀ ਪ੍ਰਚੱਲਤ ਨਹੀਂ ਸੀ ਰਾਹੀਂ ਪ੍ਰਸਾਰਿਤ ਇੱਕ ਸੌ ਫੀਸਦੀ ਮਨਘੜਤ ਕਹਾਣੀ ਨੂੰ ਆਧਾਰ ਬਣਾਕੇ ਗੁਪਤ ਜੀ ਨੇ ਕਿਹਾ ਹੈ ਕਿ ਪਾਰਟੀ ਅਸੈਂਬਲੀ ਵਿੱਚ ਬੰਬ ਸੁੱਟਣ ਦੇ ਵਾਸਤੇ ਸੁਖਦੇਵ ਅਤੇ ਬਟੁਕੇਸ਼ਵਰ ਦੱਤ ਨੂੰ ਭੇਜਣ ਦੇ ਪੱਖ ਵਿੱਚ ਸੀ। ਪਰੰਤੂ ਭਗਤ ਸਿੰਘ ਦੇ ਪ੍ਰਤੀ ਨਿੱਜੀ ਈਰਖਾ ਦੇ ਕਾਰਣ ਉਸਨੇ ਭਗਤ ਸਿੰਘ ਨੂੰ ਬੀ.ਕੇ. ਦੱਤ ਦੇ ਨਾਲ ਜਾਣ ਲਈ ਮਜ਼ਬੂਰ ਕਰ ਦਿੱਤਾ। ਚੰਦਰ ਸ਼ੇਖਰ ਆਜ਼ਾਦ ਅਤੇ ਦੂਜੇ ਲੋਕ ਭੱਜ ਜਾਣ ਦੇ ਪੱਖ ਵਿੱਚ ਸਨ। ਪਰੰਤੂ ਭਗਤ ਸਿੰਘ ਇਸ ਵਾਸਤੇ ਰਾਜੀ ਨਹੀਂ ਹੋਇਆ। ਉਹਨਾਂ ਦਾ ਤਰਕ ਸੀ ਕਿ ਲੋਕਾਂ ਨੂੰ ਜਗਾਉਣ ਦੇ ਵਸਤੇ ਉੱਚਤਮ (ਸਰਬ ਉੱਚ) ਬਲੀਦਾਨ ਦੀ ਅਵੱਸ਼ਕਤਾ ਹੈ।[33]

ਏਥੇ ਇਹ ਆਖਣਾ ਗਲਤ ਹੈ ਕਿ ਅਸੈਂਬਲੀ ਵਿੱਚ ਬੰਬ ਸੁੱਟਣ ਦੇ ਵਾਸਤੇ ਸੁਖਦੇਵ ਦਾ ਨਾਂ ਚੁਣਿਆ ਗਿਆ ਸੀ। ਆਗਰੇ ਵਿੱਚ ਕੇਂਦਰੀ ਕਮੇਟੀ ਦੀ ਪਹਿਲੇ ਦਿਨ ਦੀ ਮੀਟਿੰਗ ਵਿੱਚ ਜੋ ਦੋ ਨਾਂ ਤੈਅ ਹੋਏ ਸਨ, ਉਹ ਸਨ ਬਟੁਕੇਸ਼ਵਰ ਦੱਤ ਅਤੇ ਵਿਜੈ ਕੁਮਾਰ ਸਿਨਹਾ। ਇਸ ਕੰਮ ਦੇ ਵਾਸਤੇ ਕਿਧਰੇ ਵੀ ਸੁਖਦੇਵ ਦਾ ਨਾਂ ਕਮੇਟੀ ਦੇ ਵਿਚਾਰ ਅਧੀਨ ਨਹੀਂ ਆਇਆ। ਸਾਡੇ ਸਾਹਮਣੇ ਵਿਚਾਰ ਵਟਾਂਦਰੇ ਦਾ ਮੁੱਖ ਵਿਸ਼ਾ ਰਾਜਨੀਤੀ ਸੀ ਨਾ ਕਿ ਵਿਅਕਤੀਗਤ ਈਰਖਾ ਜਾਂ ਵੈਰ ਵਿਰੋਧ ਜੋ ਚੰਗੇ ਭਾਗੀਂ ਉਸ ਸਮੇਂ ਸਾਡੇ ਵਿੱਚ ਨਹੀਂ ਸੀ। ਇਸ ਵਿੱਚ ਸੰਦੇਹ ਨਹੀਂ ਕਿ ਅਸੈਂਬਲੀ ਵਿੱਚ ਬੰਬ ਸੁੱਟਣ ਦੇ ਲਈ ਵਿਜੈ ਕੁਮਾਰ ਸਿਨਹਾ ਦੀ ਥਾਂ ਤੇ ਭਗਤ ਸਿੰਘ ਨੂੰ ਭੇਜਣ ਦੇ ਵਾਸਤੇ ਸੁਖਦੇਵ ਪੂਰੀ ਤਰ੍ਹਾਂ ਜਵਾਬਦੇਹ ਸੀ। ਉਸਨੇ ਇਹ ਇਸ ਲਈ ਕੀਤਾ ਕਿਉਂਕਿ ਉਹ ਇਮਾਨਦਾਰੀ ਨਾਲ ਇਹ ਵਿਸ਼ਵਾਸ਼ ਕਰਦਾ ਸੀ ਕਿ ਭਗਤ ਸਿੰਘ ਦੇ ਇਲਾਵਾ ਹੋਰ ਕਿਸੇ ਦੇ ਜਾਣ ਤੋਂ ਕੰਮ ਦਾ ਰਾਜਨੀਤਕ ਉਦੇਸ਼ ਪੂਰਾ ਨਹੀਂ ਹੋਵੇਗਾ। ਜਿੱਥੋਂ ਤੱਕ ਸਰਬ ਉੱਚ ਬਲੀਦਾਨ ਦਾ ਸਵਾਲ ਹੈ, ਇਨਕਲਾਬੀ ਅੰਦੋਲਨ ਵਿੱਚ ਬਲੀਦਾਨ ਦੀ ਕੋਈ ਕਮੀ ਨਹੀਂ ਰਹੀ ਅਤੇ ਹਰ ਬਲੀਦਾਨ ਸਰਬ ਉੱਚਾ ਹੁੰਦਾ ਹੈ। ਅਜਿਹਾ ਨਹੀਂ ਸੀ ਕਿ ਭਗਤ ਸਿੰਘ ਇੱਕ ਨਿਰਾਸ਼ ਅਤੇ ਅਸਫਲ ਮਨੋਰਥ ਨੌਜਵਾਨ ਸੀ, ਜਿਸਨੇ ਅਸੈਂਬਲੀ ਵਿੱਚ ਬੰਬ ਸੁੱਟਕੇ ਆਤਮ ਹੱਤਿਆ ਕਰਨ ਦਾ ਇੱਕ ਸੌਖਾ ਰਸਤਾ ਕੱਢ ਲਿਆ ਸੀ।

ਅਸੈਂਬਲੀ ਵਿੱਚ ਬੰਬ ਸੁੱਟਣ ਦਾ ਫੈਸਲਾ ਕਿਵੇਂ ਅਤੇ ਕਦੋਂ ਕੀਤਾ ਗਿਆ ? ਰਾਸ਼ਟਰੀ ਮੁਕਤੀ ਸੰਘਰਸ਼ ਦੇ ਇਤਿਹਾਸ ਵਿੱਚ ਤੀਜੇ ਦਹਾਕੇ ਦੇ ਆਖਰੀ ਵਰ੍ਹੇ, ਖਾਸ ਕਰ 1928-30 ਦੇ ਵਰ੍ਹੇ, ਬਹੁਤ ਹੀ ਮਹੱਤਵਪੂਰਣ ਸਨ। ਇਹ ਹੀ ਸਮਾਂ ਸੀ ਜਦੋਂ ਖੱਬੇ ਪੱਖੀ ਸ਼ਕਤੀਆਂ ਨੂੰ ਸੰਗਠਤ ਰੂਪ ਨਾਲ ਅਤੇ ਦ੍ਰਿੜਤਾ ਪੂਰਵਕ ਬੋਲਣਾ ਆਰੰਭ ਕਰ ਦਿੱਤਾ ਸੀ। ਸਰਵਹਾਰਾ ਵਰਗ ਦੀਆਂ ਵੱਡੀਆਂ ਵੱਡੀਆਂ ਜੁਝਾਰੂ ਹੜਤਾਲਾਂ ਨੇ ਦੇਸ਼ ਵਿਆਪੀ ਰੂਪ ਧਾਰਣ ਕਰ ਲਿਆ ਸੀ। ਮਜ਼ਦੂਰਾਂ ਦੀਆਂ ਸੰਗਠਤ ਟਰੇਡ ਯੂਨੀਅਨ ਦੀਆਂ ਸਰਗਰਮੀਆਂ ਵਧਦੀਆਂ ਜਾ ਰਹੀਆਂ ਸਨ, ਜਿਸਦੇ ਫਲਸਰੂਪ ਮਜ਼ਦੂਰ ਕੰਮ ਦੀਆਂ ਹਾਲਤਾਂ ਵਿੱਚ ਸੁਧਾਰ ਅਤੇ ਮਜ਼ਦੂਰੀ ਵਿੱਚ ਵਾਧੇ ਦੇ ਵਾਸਤੇ ਹੋਰ ਵੱਧ ਭਰੋਸੇ ਤੇ ਦ੍ਰਿੜਤਾ ਦੇ ਨਾਲ ਸੰਘਰਸ਼ ਕਰਨ ਦੀ ਸਥਿਤੀ ਵਿੱਚ ਆ ਗਏ ਸਨ। ਮਜ਼ਦੂਰਾਂ, ਨੌਜਵਾਨਾਂ ਅਤੇ ਵਿਦਿਆਰਥੀਆਂ ਵਿੱਚ ਕਮਿਊਨਿਸਟਾਂ ਦਾ ਪ੍ਰਭਾਵ ਤੇਜ਼ੀ ਦੇ ਨਾਲ ਵਧ ਰਿਹਾ ਸੀ। ਦੇਸ਼ ਵਿੱਚ ਪਹਿਲੀ ਵਾਰ ਖੱਬੇ ਪੱਖੀ ਰਾਜਨੀਤਕ ਅੰਦੋਲਨ ਸਿਰ ਚੁੱਕ ਰਿਹਾ ਸੀ, ਉਸ ਸਮੇਂ ਦੀ ਨੌਜਵਾਨ ਪੀੜ੍ਹੀ ਦੀ ਸੋਚ ਦੀ ਦਿਸ਼ਾ ਦਾ ਵਰਨਣ ਕਰਦਿਆਂ ਹੋਇਆਂ ਜਵਾਹਰ ਲਾਲ ਨਹਿਰੂ ਨੇ ਲਿਖਿਆ ਹੈ, "ਬੁੱਧੀਜੀਵੀਆਂ, ਇੱਥੋਂ ਤੱਕ ਕਿ ਸਰਕਾਰੀ ਅਫਸਰਾਂ ਦੇ ਵਿੱਚ ਵੀ ਕਮਿਊਨਿਜਮ ਅਤੇ ਸਮਾਜਵਾਦ ਦੇ ਅਸਪੱਸ਼ਟ ਵਿਚਾਰ ਫੈਲ ਚੁੱਕੇ ਸਨ। ਕਾਂਗਰਸ ਦੇ ਨੌਜਵਾਨ ਮਰਦ ਅਤੇ ਔਰਤਾਂ, ਜੋ ਪਹਿਲਾਂ 'ਬਰਾਇਸ ਔਨ ਡੈਮੋਕਰੇਸੀ' ਮਾਰਲੇ ਅਤੇ ਕੀਥ ਤੇ ਮੈਜਿਨੀ ਪੜ੍ਹਿਆ ਕਰਦੇ ਸਨ, ਹੁਣ ਜਦੋਂ ਵੀ ਉਹਨਾਂ ਨੂੰ ਉਪਲਬਧ ਹੁੰਦੀਆਂ ਤਾਂ ਸਮਾਜਵਾਦ, ਕਮਿਊਨਿਜ਼ਮ ਅਤੇ ਰੂਸ ਬਾਰੇ ਕਿਤਾਬਾਂ ਪੜ੍ਹਦੇ ਸਨ : ਇਹਨਾਂ ਨਵੇਂ ਵਿਚਾਰਾਂ ਦੇ ਵੱਲੀਂ ਲੋਕਾਂ ਦਾ ਰੁਝਾਣ ਪੈਦਾ ਕਰਨ ਵਿੱਚ ਮੇਰਠ ਸਾਜਿਸ਼ ਕਾਂਡ ਨੇ ਕਾਫੀ ਮੱਦਦ ਕੀਤੀ ਸੀ। ਵਿਸ਼ਵ ਆਰਥਿਕ ਸੰਕਟ ਨੇ ਵੀ ਲੋਕਾਂ ਨੂੰ ਇਸ ਪਾਸੇ ਧਿਆਨ ਦੇਣ ਲਈ ਮਜ਼ਬੂਰ ਕਰ ਦਿੱਤਾ ਸੀ। ਚਾਰੇ ਪਾਸੇ ਜਗਿਆਸਾ ਦੀ ਇੱਕ ਨਵੀਂ ਭਾਵਨਾ ਸਪੱਸ਼ਟ ਵਿਖਾਈ ਦੇ ਰਹੀ ਸੀ – ਮੌਜੂਦਾ ਸੰਸਥਾਵਾਂ ਦੇ ਪ੍ਰਤੀ ਇੱਕ ਪ੍ਰਸ਼ਨਵਾਚਕ ਅਤੇ ਚੁਣੌਤੀ ਭਰਪੂਰ ਜਗਿਆਸਾ। ਉਸ ਮਾਨਸਿਕ ਤੂਫਾਨ ਦਾ ਆਮ ਰੁਖ ਸਪੱਸ਼ਟ ਸੀ। ਪਰੰਤੂ ਇਹ ਹਾਲਾਂਕਿ ਇੱਕ ਹਵਾ ਦਾ ਝੌਂਕਾ ਹੀ ਸੀ ਖੁਦ ਆਪਣੇ ਆਪ ਤੋਂ ਅਣਜਾਣ।"[34]

ਅੰਗਰੇਜ਼ ਸਾਮਰਾਜਵਾਦੀਆਂ ਨੂੰ ਇਸ ਸਭ ਤੋਂ ਚਿੰਤਾ ਹੋਈ ਅਤੇ ਉਹਨਾਂ ਨੇ ਅੰਦੋਲਨ ਨੂੰ ਆਰੰਭ ਵਿੱਚ ਕੁਚਲ ਸੁੱਟਣ ਦਾ ਫੈਸਲਾ ਕੀਤਾ। ਅਧਿਕਾਰੀ ਕਿੰਨੇ ਘਬਰਾਏ ਹੋਏ ਸਨ ਅਤੇ ਸਰਕਾਰ ਦਾ ਦਿਮਾਗ ਕਿਸ ਤਰ੍ਹਾਂ ਕੰਮ ਕਰ ਰਿਹਾ ਸੀ ਇਹ ਵੇਖਣ ਲਈ ਇੱਕ ਉਦਾਹਰਣ ਹੀ ਕਾਫੀ ਹੋਵੇਗੀ। ਖ਼ੁਫੀਆ ਬਿਊਰੋ ਦੇ ਨਿਰਦੇਸ਼ਕ ਸਰ ਡੇਵਿਡ ਪੈਟ੍ਰਿਕ ਨੇ 'ਭਾਰਤ ਵਿੱਚ ਕਮਿਊਨਿਜ਼ਮ' ਬਾਰੇ ਆਪਣੀ ਰਿਪੋਰਟ ਵਿੱਚ, ਜਿਹੜੀ ਉਹਨਾਂ ਨੇ 1929 ਵਿੱਚ ਤਿਆਰ ਕੀਤੀ ਸੀ, 'ਬੋਲਸ਼ਵਿਕ ਸ਼ਰਾਪ' ਦੇ ਸਰੂਪ ਦਾ ਹੇਠਲੇ ਸ਼ਬਦਾਂ ਵਿੱਚ ਵਰਨਣ ਕੀਤਾ ਹੈ : "ਸੰਨ 1920 ਵਿੱਚ ਤੀਜੀ ਇੰਟਰਨੈਸ਼ਨਲ ਨੇ ਆਪਣੀ ਦੂਜੀ ਕਾਂਗਰਸ ਵਿੱਚ ਜੋ ਥੀਸਿਸ ਪਾਸ ਕੀਤੀ ਸੀ ਉਸ ਵਿੱਚ ਸਰ ਸੇਸਿਲ ਕੇਏ ਨੇ ਭਾਰਤ ਦੇ ਖਿਲਾਫ਼ ਇੱਕ ਨਿਸ਼ਚਤ ਸਾਜਿਸ਼ ਦੇ ਜਰਾਸੀਮਾਂ ਨੂੰ ਠੀਕ ਹੀ ਪਛਾਣਿਆ ਸੀ। ਉਸ ਥੀਸਿਸ ਵਿੱਚ ਕਿਹਾ ਗਿਆ ਸੀ, "ਉਪਨਿਵੇਸ਼ ਅਤੇ ਅਰਧ ਉਪਨਿਵੇਸ਼ਕ ਦੇਸ਼ਾਂ ਦਾ ਰਾਸ਼ਟਰੀ ਅੰਦੋਲਨ ਵਸਤੂਗਤ ਦ੍ਰਿਸ਼ਟੀਕੋਣ ਤੋਂ ਅਤੇ ਬੁਨਿਆਦੀ ਤੌਰ ਤੇ ਇਨਕਲਾਬੀ ਸੰਘਰਸ਼ ਹੈ ਅਤੇ ਏਸੇ ਕਰਕੇ ਉਹ ਸੰਸਾਰ-ਇਨਕਲਾਬੀ ਸੰਘਰਸ਼ ਦਾ ਇੱਕ ਹਿੱਸਾ ਹੈ।" ਇਸ ਵਿੱਚ ਕੋਈ ਸੰਦੇਹ ਨਹੀਂ ਹੋ ਸਕਦਾ ਕਿ ਗਰੇਟ ਬ੍ਰਿਟੇਨ ਨੇ ਬੋਲਸ਼ਵਿਕ ਹਮਲੇ ਦੀ ਮੁੱਖ ਚੋਟ ਆਪਣੇ ਉੱਪਰ ਖਾਧੀ ਹੈ .... ਕਿਉਂਕਿ ਉਹ ਸੰਸਾਰ ਇਨਕਲਾਬ ਜਿਸਨੂੰ ਬੋਲਸ਼ਵਿਕ ਲੋਕ ਆਪਣੀ ਅੰਤਿਮ ਸਫਲਤਾ ਦੇ ਵਾਸਤੇ ਲਾਜ਼ਮੀ ਸ਼ਰਤ ਮੰਨਦੇ ਹਨ, ਦੇ ਖਿਲਾਫ਼ ਮੁੱਖ ਕਿਲਿਆਂ ਦੇ ਵਿੱਚੋਂ ਇੱਕ ਹੈ। ਬੋਲਸ਼ਵਿਕਾਂ ਦਾ ਇਹ ਵਿਸ਼ਵਾਸ਼ ਹੈ ਕਿ ਬ੍ਰਿਟਿਸ਼ ਸਾਮਰਾਜ ਵਿੱਚ ਭਾਰਤ ਸਭ ਤੋਂ ਕਮਜ਼ੋਰ ਬਿੰਦੂ ਹੈ ਅਤੇ ਉਹ ਇਸਨੂੰ ਧਾਰਮਿਕ ਵਿਸਵਾਸ਼ ਦੇ ਰੂਪ ਵਿੱਚ ਦਿਲ ਵਿੱਚ ਸਮੋਏ ਹੋਏ ਹਨ ਕਿ ਜਦੋਂ ਤੱਕ ਭਾਰਤ ਆਜ਼ਾਦ ਨਹੀਂ ਹੋ ਜਾਂਦਾ ਉਦੋਂ ਤੱਕ ਰੂਸ ਇੰਗਲੈਂਡ ਦੇ ਸ਼ਰਾਪ ਤੋਂ ਮੁਕਤ ਨਹੀਂ ਹੋ ਸਕੇਗਾ।"[35]

ਜੇ. ਕ੍ਰੇਰਰ ਨੇ ਜੋ ਉਸ ਸਮੇਂ ਭਾਰਤ ਸਰਕਾਰ ਦੇ ਹੋਮ ਮੈਂਬਰ ਸਨ, ਕਿਹਾ ਸੀ ਕਿ ਇੱਕ ਸੁਦ੍ਰਿੜ ਸਮਾਜ ਦੇ ਵਾਸਤੇ ਕਮਿਊਨਿਜ਼ ਦੇ ਸਿਧਾਂਤ ਅਤੇ ਅਮਲ ਤੋਂ ਵੱਧ ਮਾਰੂ ਹੋਰ ਕੋਈ ਚੀਜ਼ ਨਹੀਂ ਹੋ ਸਕਦੀ।[36]

ਕਮਿਊਨਿਜ਼ਮ ਖੱਬੇ ਪੱਖੀ ਸ਼ਕਤੀਆਂ ਅਤੇ ਮਜ਼ਦੂਰ ਵਰਗ ਦੇ ਅੰਦੋਲਨ ਨੂੰ ਕੁਚਲਣ ਦੇ ਵਾਸਤੇ ਸਰਕਾਰ ਨੇ ਕੇਂਦਰ ਅਸੈਂਬਲੀ ਵਿੱਚ ਦੋ ਬਿਲ ਪੇਸ਼ ਕਰਨ ਦਾ ਫੈਸਲਾ ਕੀਤਾ – ਪਬਲਿਕ ਸੇਫ਼ਟੀ ਬਿੱਲ ਅਤੇ ਟਰੇਡ ਡਿਸਪਊਟਸ ਬਿੱਲ। ਪਹਿਲਾ ਬਿੱਲ ਉਹਨਾਂ ਲੋਕਾਂ ਦੇ ਖਿਲਾਫ ਸੀ ਜੋ ਬ੍ਰਿਟਿਸ਼ ਭਾਰਤ ਜਾਂ ਕਿਸੇ ਭਾਰਤੀ ਰਜਵਾੜੇ ਦੇ ਵਾਸ਼ਿੰਦੇ ਨਹੀਂ ਸਨ। ਪਹਿਲੇ ਬਿੱਲ ਵਿੱਚ ਗਵਰਨਰ ਜਨਰਲ ਨੂੰ ਇਹ ਅਧਿਕਾਰ ਦਿੱਤਾ ਗਿਆ ਸੀ ਕਿ ਉਹ ਅੰਗਰੇਜ਼ ਜਾਂ ਹੋਰ ਬਦੇਸ਼ੀ ਕਮਿਊਨਿਸਟ ਨੂੰ ਭਾਰਤ ਵਿੱਚੋਂ ਕੱਢ ਦੇਵੇ। ਦੂਜੇ ਬਿਲ ਦਾ ਉਦੇਸ਼ ਮਜ਼ਦੂਰਾਂ ਦੇ ਟਰੇਡ ਯੂਨੀਅਨ

ਅਧਿਕਾਰਾਂ ਦੀ ਕਟੌਤੀ ਕਰਨਾ ਸੀ।

ਅਸੈਂਬਲੀ ਵਿੱਚ ਸਮੁੱਚੀ ਵਿਰੋਧੀ ਧਿਰ ਨੇ, ਲੋਕਾਂ ਨੇ ਅਤੇ ਪ੍ਰੈਸ ਨੇ ਦੋਵਾਂ ਬਿਲਾਂ ਦਾ ਪੁਰਜ਼ੋਰ ਵਿਰੋਧ ਕੀਤਾ। ਇਸ ਚੌਮੁਖੀ ਵਿਰੋਧ ਨੂੰ ਨਜ਼ਰ ਅੰਦਾਜ਼ ਕਰਦੇ ਹੋਇਆਂ ਸਰਕਾਰ ਨੇ 6 ਸਤੰਬਰ, 1928 ਨੂੰ ਪਬਲਿਕ ਸੇਫ਼ਟੀ ਬਿਲ ਅਸੈਂਬਲੀ ਵਿੱਚ ਪੇਸ਼ ਕਰ ਦਿੱਤਾ। 24 ਸਤੰਬਰ ਨੂੰ ਸਦਨ ਨੇ ਉਸਨੂੰ ਨਾ ਮਨਜ਼ੂਰ ਕਰ ਦਿੱਤਾ। 1 ਜਨਵਰੀ 1929 ਵਿੱਚ ਕੁਝ ਫੇਰ ਬਦਲ ਕਰਕੇ ਸਰਕਾਰ ਨੇ ਉਸਨੂੰ ਫੇਰ ਅਸੈਂਬਲੀ ਦੇ ਸਾਹਮਣੇ ਰੱਖਿਆ।[37]

ਜਿਸ ਸਮੇਂ ਅਖਬਾਰਾਂ ਵਿੱਚ ਇਹ ਖ਼ਬਰ ਛਪੀ ਕਿ ਸਰਕਾਰ ਨੇ ਬਿੱਲ ਨੂੰ ਅਸੈਂਬਲੀ ਵਿੱਚ ਫੇਰ ਤੋਂ ਪੇਸ਼ ਕਰਨ ਦਾ ਫੈਸਲਾ ਕਰ ਲਿਆ ਹੈ, ਉਸ ਸਮੇਂ ਭਗਤ ਸਿੰਘ ਆਗਰੇ ਵਿੱਚ ਸੀ। ਖ਼ਬਰ ਬਾਰੇ ਉਸਦੀ ਜੋ ਪ੍ਰਤੀਕ੍ਰਿਆ ਹੋਈ ਉਹ ਬੇਹੱਦ ਤਿੱਖੀ ਸੀ। ਉਸਨੇ ਆਖਿਆ ਕਿ ਸਰਕਾਰ ਦੀ ਇਸ ਮਨਮਾਨੀ ਦੇ ਖਿਲਾਫ਼ ਜਵਾਬੀ ਕਾਰਵਾਈ ਦੇ ਰੂਪ ਵਿੱਚ ਕੁੱਝ ਨਾ ਕੁੱਝ ਜ਼ਰੂਰ ਕਰਨਾ ਚਾਹੀਦਾ ਹੈ। ਉਹ ਲਾਹੌਰ ਗਿਆ, ਸੁਖਦੇਵ ਦੇ ਨਾਲ ਆਪਣੇ ਪ੍ਰਸਤਾਵਾਂ ਬਾਰੇ ਗੱਲਬਾਤ ਕੀਤੀ, ਵਾਪਸ ਆਇਆ, ਕੇਂਦਰੀ ਕਮੇਟੀ ਦੀ ਬੈਠਕ ਬੁਲਾਈ ਅਤੇ ਉਸਦੇ ਸਾਹਮਣੇ ਆਪਣੇ ਪ੍ਰਸਤਾਵ ਰੱਖੇ। ਸੰਖੇਪ ਵਿੱਚ ਉਸਦੇ ਪ੍ਰਸਤਾਵ ਇਸ ਤਰ੍ਹਾਂ ਸਨ, (1) ਪਾਰਟੀ ਨੂੰ ਅਸੈਂਬਲੀ ਵਿੱਚ ਬੰਬ ਸੁੱਟਕੇ ਸਰਕਾਰ ਦੇ ਇਸ ਸਖ਼ਤ ਤੇ ਅੜੀਅਲ ਰਵੱਈਏ ਦਾ ਵਿਰੋਧ ਕਰਨਾ ਚਾਹੀਦਾ ਹੈ, (2) ਇਸ ਕੰਮ ਨੂੰ ਕਰਨ ਦੇ ਵਾਸਤੇ ਜੋ ਸਾਥੀ ਤੈਨਾਨ ਕੀਤੇ ਜਾਣ ਉਹ ਕੰਮ ਦੇ ਬਾਅਦ ਭੱਜਣ ਦੀ ਕੋਸ਼ਿਸ਼ ਕਰਨ ਦੀ ਬਜਾਏ ਉਥੇ ਹੀ ਆਤਮ ਸਮਰਪਣ ਕਰ ਦੇਣ ਅਤੇ ਕੇਸ ਦੇ ਦੌਰਾਨ ਅਦਾਲਤ ਨੂੰ ਪਾਰਟੀ ਦੇ ਉਦੇਸ਼ਾਂ ਦੇ ਪ੍ਰਚਾਰ ਦੇ ਵਾਸਤੇ ਪੰਚ ਦੇ ਤੌਰ ਤੇ ਇਸਤੇਮਾਲ ਕਰਨ, ਅਤੇ (3) ਇਸ ਫੈਸਲੇ ਨੂੰ ਸਿਰੇ ਚਾੜਨ ਦੇ ਵਾਸਤੇ ਇੱਕ ਹੋਰ ਸਾਥੀ ਦੇ ਨਾਲ ਉਸਨੂੰ ਖੁਦ ਜਾਣ ਦੀ ਆਗਿਆ ਦਿੱਤੀ ਜਾਵੇ। ਭਗਤ ਸਿੰਘ ਦੇ ਪਹਿਲੇ ਦੋ ਸੁਝਾਵਾਂ ਦਾ ਕੇਂਦਰੀ ਕਮੇਟੀ ਦੇ ਸਾਰੇ ਮੈਂਬਰਾਂ ਨੇ ਸਵਾਗਤ ਕੀਤਾ। ਪਰੰਤੂ ਉਸਦਾ ਤੀਜਾ ਸੁਝਾਅ ਕਿਸੇ ਨੇ ਵੀ ਨਹੀਂ ਮੰਨਿਆ। ਇਹ ਮੀਟਿੰਗ ਆਗਰੇ ਵਿੱਚ ਹੋਈ ਅਤੇ ਪਹਿਲੇ ਦਿਨ ਸੁਖਦੇਵ ਉਸ ਵਿੱਚ ਹਾਜ਼ਰ ਨਹੀਂ ਸੀ। ਉਹ ਦੂਜੇ ਦਿਨ ਆਇਆ ਸੀ। ਸੁਖਦੇਵ ਦੇ ਆ ਜਾਣ ਤੇ ਭਗਤ ਸਿੰਘ ਨੂੰ ਬਲ ਮਿਲਿਆ ਅਤੇ ਕਾਫੀ ਬਹਿਸ ਦੇ ਬਾਅਦ ਅੰਤ ਵਿੱਚ ਕਮੇਟੀ ਨੇ ਭਗਤ ਸਿੰਘ ਦਾ ਤੀਜਾ ਪ੍ਰਸਤਾਵ ਵੀ ਮੰਨ ਲਿਆ।

ਦੂਜਾ ਬਿਲ (ਟਰੇਡ ਡਿਸਪਊਟ ਬਿੱਲ) ਅਸੈਂਬਲੀ ਵਿੱਚ 4 ਸਤੰਬਰ 1928 ਨੂੰ ਪੇਸ਼ ਕੀਤਾ ਗਿਆ ਸੀ। ਸਦਨ ਨੇ ਉਸਨੂੰ ਸਿਲੈਕਟ ਕਮੇਟੀ ਦੇ ਕੋਲੇ ਭੇਜ ਦਿੱਤਾ। ਉੱਥੋਂ ਕੁਝ ਅਦਲਾ ਬਦਲੀਆਂ ਦੇ ਨਾਲ ਉਸਨੂੰ 2 ਅਪ੍ਰੈਲ, 1929 ਨੂੰ ਬਹਿਸ ਦੇ ਵਾਸਤੇ ਅਸੈਂਬਲੀ ਦੇ ਸਾਹਮਣੇ ਫੇਰ ਲਿਆਂਦਾ ਗਿਆ। ਸਦਨ ਨੇ 8 ਅਪ੍ਰੈਲ ਨੂੰ 38 ਦੇ ਮੁਕਾਬਲੇ ਕੁੱਝ ਵੋਟਾਂ ਨਾਲ ਉਸਨੂੰ ਪਾਸ ਕਰ ਦਿੱਤਾ। ਜਿਉਂ ਹੀ ਸਪੀਕਰ ਵੋਟਿੰਗ ਦਾ ਪਰਿਣਾਮ ਐਲਾਨ ਕਰਨ ਦੇ ਵਾਸਤੇ ਖੜ੍ਹੇ ਹੋਏ ਵੈਸੇ ਹੀ ਭਗਤ ਸਿੰਘ ਅਤੇ ਬਟੁਕੇਸ਼ਵਰ ਦੱਤ ਨੇ ਦਰਸ਼ਕ ਗੈਲਰੀ ਵਿੱਚੋਂ ਅਸੈਂਬਲੀ ਹਾਲ ਵਿੱਚ ਬੰਬ ਸੁੱਟੇ ਅਤੇ ਨਾਹਰੇ ਲਾਉਣ ਦੇ ਨਾਲ ਨਾਲ ਪਰਚੇ ਵੀ ਸੁੱਟੇ, ਜਿਹਨਾਂ ਵਿੱਚ ਬੰਬ ਸੁੱਟਣ ਦੇ ਰਾਜਨੀਤਕ ਉਦੇਸ਼ ਨੂੰ ਸਪੱਸ਼ਟ ਕੀਤਾ ਗਿਆ ਸੀ। ਇਹ ਪਰਚਾ ਉਸੇ ਦਿਨ ਹਿੰਦੁਸਤਾਨ ਟਾਈਮਜ਼ ਦੇ ਸ਼ਾਮ ਦੇ ਅੰਕ ਵਿੱਚ ਪ੍ਰਕਾਸ਼ਿਤ ਹੋ ਗਿਆ ਸੀ। ਇਹ ਸਾਨੂੰ ਇਨਕਲਾਬੀ ਅੰਦੋਲਨ ਦੇ ਇੱਕ ਛੋਟੇ ਦੌਰ ਵਿੱਚ ਪੁਚਾ ਦਿੰਦਾ ਹੈ, ਜਿਸਦਾ ਜ਼ਿਕਰ ਲੋਕ ਕਦੇ-ਕਦੇ ਆਤੰਕਵਾਦੀ-ਕਮਿਊਨਿਜ਼ਮ ਜਾਂ ਟੇਰੋ-ਕਮਿਊਨਿਜ਼ਮ ਦੇ ਨਾਂ ਨਾਲ ਕਰਦੇ ਹਨ।

ਟੇਰੋ-ਕਮਿਊਨਿਜਮ ਜਾਂ ਆਤੰਕਵਾਦੀ ਕਮਿਊਨਿਜ਼ਮ - ਲਾਹੌਰ ਅਤੇ ਕਾਨਪੁਰ ਦੇ ਇਨਕਲਾਬੀਆਂ ਨੇ 1926-27 ਤੋਂ ਹੀ ਸਮਾਜਵਾਦ ਦੇ ਵੱਲੀਂ ਵਧਣਾ ਸ਼ੁਰੂ ਕਰ ਦਿੱਤਾ ਸੀ। ਅੱਠ-ਨੌਂ ਸਤੰਬਰ 1928 ਦੀ ਦਿੱਲੀ ਮੀਟਿੰਗ ਵਿੱਚ ਹਾਲਾਂਕਿ ਸਮਾਜਵਾਦ ਨੂੰ ਸਿਧਾਂਤ ਦੇ ਰੂਪ ਵਿੱਚ ਅਤੇ ਸਮਾਜਵਾਦੀ ਸਮਾਜ ਦੀ ਸਥਾਪਨਾ ਨੂੰ ਅੰਤਿਮ ਉਦੇਸ਼ ਦੇ ਰੂਪ ਵਿੱਚ ਸਵੀਕਾਰ ਕਰ ਲਿਆ ਗਿਆ ਸੀ, ਅਸਲ ਵਿੱਚ ਅਸੀਂ ਲੋਕ ਉਸੇ ਪੁਰਾਣੇ ਵਿਅਕਤੀਵਾਦੀ ਢੰਗ ਦੇ ਕੰਮਾਂ ਵਿੱਚ ਹੀ ਲੱਗੇ ਰਹੇ। ਅਸੀਂ ਮਜ਼ਦੂਰਾਂ, ਕਿਸਾਨਾਂ, ਨੌਜਵਾਨਾਂ ਅਤੇ ਮੱਧਵਰਗ ਦੇ ਬੁੱਧੀਜੀਵੀਆਂ ਨੂੰ ਸੰਗਠਤ ਕਰਨ ਦੀ ਗੱਲ ਤਾਂ ਕਰਦੇ ਸਾਂ ਪਰੰਤੂ ਪੰਜਾਬ ਵਿੱਚ ਨੌਜਵਾਨ ਭਾਰਤ ਸਭਾ ਦੇ ਗਠਨ ਨੂੰ ਛੱਡਕੇ ਹੋਰ ਕਿਧਰੇ ਵੀ ਸੰਜੀਦਗੀ ਦੇ ਨਾਲ ਉਸ ਦਿਸ਼ਾ ਵਿੱਚ ਕਦਮ ਉਠਾਉਣ ਦੀ ਕੋਸ਼ਿਸ਼ ਨਹੀਂ ਕੀਤੀ ਗਈ। ਉਹਨਾਂ ਅਰਥਾਂ ਵਿੱਚ ਸਾਡੀ ਵਿਗਿਆਨਕ ਸਮਾਜਵਾਦ ਅਤੇ ਮਾਰਕਸਵਾਦ ਦੀ ਸਮਝ ਅੱਧ ਕੱਚਰੀ ਸੀ। ਮਾਰਕਸਵਾਦ ਅਮਲ ਨੂੰ ਸਿਧਾਂਤ ਨਾਲੋਂ ਅਲੱਗ ਕਰਨ ਦੀ ਆਗਿਆ ਨਹੀਂ ਦਿੰਦਾ, ਇਹ ਗੱਲ ਅਸੀਂ ਸਮਝ ਨਹੀਂ ਸਕੇ ਸਾਂ ਅਤੇ ਇਹ ਕਿ ਉਸ ਵਿੱਚ ਵਿਅਕਤੀਗਤ ਸਰਗਰਮੀਆਂ ਦੇ ਵਾਸਤੇ ਕੋਈ ਸਥਾਨ ਨਹੀਂ ਹੈ। ਅਸੀਂ ਹਿੰਸਾਤਮਕ ਸਰਗਰਮੀਆਂ ਨੂੰ, ਜਿਹਨਾਂ ਵਿੱਚ ਜ਼ਾਲਮ ਸਰਕਾਰੀ ਅਧਿਕਾਰੀਆਂ ਦੀ ਹੱਤਿਆ ਅਤੇ ਛੋਟੇ ਮੋਟੇ ਵਿਦਰੋਹ ਸ਼ਾਮਲ ਸਨ, ਮਜ਼ਦੂਰਾਂ, ਕਿਸਾਨਾਂ, ਨੌਜਵਾਨਾਂ ਅਤੇ ਵਿਦਿਆਰਥੀਆਂ ਦੇ ਜਨ-ਸੰਗਠਨ ਬਣਾਉਣ ਦੇ ਕੰਮ ਵਿੱਚ ਮਿਲਾਉਣਾ ਚਾਹੁੰਦੇ ਸਾਂ। ਪਰੰਤੂ ਅਮਲ ਵਿੱਚ ਸਾਡਾ ਜ਼ੋਰ ਹਿੰਸਾਤਮਕ ਸਰਗਰਮੀਆਂ ਅਤੇ ਹਥਿਆਰਬੰਦ ਸਰਗਰਮੀਆਂ ਦੀ ਤਿਆਰੀ ਤੱਕ ਹੀ ਸੀਮਤ ਰਿਹਾ। ਸਾਡਾ ਵਿਸ਼ਵਾਸ਼ ਸੀ ਕਿ ਲੋਕਾਂ ਨੂੰ ਨੀਂਦ ਤੋਂ ਜਗਾਉਣ ਦੇ ਵਾਸਤੇ ਅਤੇ ਸਰਕਾਰੀ ਜ਼ਬਰ ਦਾ ਜਵਾਬ ਦੇਣ ਦੇ ਲਈ ਇਹ ਸਭ ਜ਼ਰੂਰੀ ਹੈ। ਕਾਂਗਰਸ ਦੇ ਕਲਕੱਤਾ ਸੈਸ਼ਨ ਦੇ ਅਵਸਰ ਤੇ ਦਸੰਬਰ, 1928 ਵਿੱਚ ਭਗਤ ਸਿੰਘ ਨੇ ਕਾਮਰੇਡ ਸੋਹਣ ਸਿੰਘ ਜੋਸ਼ ਨੂੰ ਕਿਹਾ ਸੀ, 'ਅਸੀਂ ਤੁਹਾਡੀ ਪਾਰਟੀ ਦੇ ਕੰਮਾਂ ਨਾਲ ਅਤੇ ਉਸਦੇ ਪ੍ਰੋਗਰਾਮ ਨਾਲ ਸੌ ਫੀਸਦੀ ਸਹਿਮਤ ਹਾਂ, ਪਰੰਤੂ ਕਦੇ ਕਦੇ ਅਜਿਹੇ ਮੌਕੇ ਵੀ ਆਉਂਦੇ ਹਨ ਜਦੋਂ ਲੋਕਾਂ ਵਿੱਚ ਵਿਸ਼ਵਾਸ਼ ਦੀ ਭਾਵਨਾ ਜਗਾਉਣ ਦੇ ਵਾਸਤੇ ਦੁਸ਼ਮਣ ਦੇ ਹਮਲੇ ਦਾ ਹਥਿਆਰਬੰਦ ਕੰਮਾਂ ਰਾਹੀਂ ਫੌਰੀ ਜਵਾਬ ਦੇਣਾ ਜ਼ਰੂਰੀ ਹੋ ਜਾਂਦਾ ਹੈ।"[38] ਉਸ ਵਕਤ ਸਾਡੇ ਦਿਮਾਗ ਏਸੇ ਤਰ੍ਹਾਂ ਕੰਮ ਕਰ ਰਹੇ ਸਨ। ਸਾਡੀ ਸਮਝ ਵਿੱਚ ਵਿਦਮਾਨ ਅੰਤਰ ਵਿਰੋਧ ਦਾ ਆਪਣਾ ਤਰਕ ਸੀ, ਮਜ਼ਦੂਰਾਂ ਕਿਸਾਨਾਂ ਨੂੰ ਸੰਗਠਿਤ ਕਰਨ ਦਾ ਸਾਡਾ ਫ਼ੈਸਲਾ ਸਿਰਫ਼ ਇੱਕ ਨੇਕ ਇਰਾਦਾ ਬਣਕੇ ਹੀ ਰਹਿ ਗਿਆ। ਸਾਡੀ ਸ਼ਕਤੀ ਦਾ ਵੱਡਾ ਭਾਗ ਬਦਲਾ ਲਊ ਸਰਗਰਮੀਆਂ ਨੂੰ ਸੰਗਠਤ ਕਰਨ ਵਿੱਚ ਹੀ ਬਰਬਾਦ ਹੋਇਆ।

ਸਾਡੀ ਗਲਤ ਸਮਝ ਨੂੰ ਠੀਕ ਕਰਨ ਦਾ ਇੱਕ ਅਵਸਰ ਤੀਜੀ ਇੰਟਰਨੈਸ਼ਨਲ ਨੇ ਮੁਹੱਈਆ ਕਰਵਾਇਆ ਸੀ। ਇਹ ਕੋਸ਼ਿਸ਼ ਵਿਦੇਸ਼ ਵਿੱਚ ਗਠਿਤ ਭਾਰਤ ਦੀ ਕਮਿਊਨਿਸਟ ਪਾਰਟੀ ਵੱਲੋਂ "ਰਾਸ਼ਟਰਵਾਦੀਆਂ ਨੂੰ ਅਪੀਲ" ਦੇ ਰਾਹੀਂ ਕੀਤੀ ਗਈ ਸੀ, ਇਹ ਅਪੀਲ 15 ਦਸੰਬਰ, 1924 ਦੇ ਵੈਨਗਾਰਡ ਦੇ ਅਨੁਲਾਗ ਵਿੱਚ ਪ੍ਰਕਾਸ਼ਿਤ ਹੋਈ ਸੀ। ਅਪੀਲ ਵਿੱਚ ਇਨਕਾਬੀਆਂ ਸੰਬੰਧੀ ਆਖਿਆ ਗਿਆ ਸੀ : "ਗੁਪਤ ਸਭਾਵਾਂ ਵੱਲੋਂ ਕੀਤੇ ਜਾਣ ਵਾਲੇ ਛੋਟੇ-ਮੋਟੇ ਆਤੰਕਵਾਦੀ ਕੰਮ ਵੀ ਕੁੱਝ ਘੱਟ ਪ੍ਰਭਾਵਹੀਣ ਨਹੀਂ ਹਨ। ਇਸ ਤਰ੍ਹਾਂ ਦੇ ਬੇਅਰਥ ਉਗਰਵਾਦ ਨੂੰ ਅਪਨਾਉਣ ਵਾਲਿਆਂ ਦੀ ਇਨਕਲਾਬ ਦੀ ਸਮਝ ਵੀ ਉਨੀ ਹੀ ਗਲਤ ਹੈ। ਸਮਾਜ ਦੀ ਮੌਜੂਦਾ ਸਥਿਤੀ ਵਿੱਚ ਅਜਿਹੀ ਉਮੀਦ ਨਹੀਂ ਕੀਤੀ ਜਾ ਸਕਦੀ ਹੈ ਕਿ ਰਾਜਨੀਤਕ ਅਤੇ ਸਮਾਜਿਕ ਇਨਕਲਾਬ ਅਹਿੰਸਾਤਮਕ ਹੋਣਗੇ ਜਾਂ ਉਹਨਾਂ ਵਿੱਚ ਖੂਨ ਖਰਾਬਾ ਨਹੀਂ ਹੋਵੇਗਾ। ਪਰੰਤੂ ਹਰ ਖੂਨ ਖਰਾਬੇ ਜਾਂ ਹਿੰਸਾਤਮਕ ਸਰਗਰਮੀ ਨੂੰ ਇਨਕਲਾਬ ਨਹੀਂ ਆਖਿਆ ਜਾ ਸਕਦਾ। ਇੱਕ ਖਾਸ ਸਮਾਜਕ ਵਿਵਸਥਾ ਨੂੰ ਜਾਂ ਰਾਜਨੀਤਕ ਸੰਸਥਾ ਨੂੰ ਉਸਦੇ ਕੁਝ ਕੁ ਸਮਰੱਥਕਾਂ ਨੂੰ ਮਾਰਕੇ ਕਦੇ ਵੀ ਸਮਾਪਤ ਨਹੀਂ ਕੀਤਾ ਜਾ ਸਕਦਾ ਹੈ ਅਤੇ ਇਹ ਤਾਂ ਹੋਰ ਵੀ ਨਾ ਮੁਮਕਿਨ ਹੈ ਕਿ ਥੋੜ੍ਹੇ ਜਿਹੇ ਸਰਕਾਰੀ ਅਫਸਰਾਂ ਨੂੰ ਮਾਰਕੇ ਜਾਂ ਬ੍ਰਿਟਿਸ਼ ਪਾਰਲੀਮੈਂਟ ਕੋਲੋਂ ਬਹੁਤ ਸਾਰੇ ਸੁਧਾਰ ਪਾਸ ਕਰਵਾਕੇ ਦੇਸ਼ ਦੀ ਆਜ਼ਾਦੀ ਹਾਸਿਲ ਕੀਤੀ ਜਾ ਸਕੇ। ਉਹ ਦੋਵੇਂ ਉਪਾਅ ਬਰਾਬਰ ਰੂਪ ਵਿੱਚ ਪ੍ਰਾਨਹੀਣ ਹਨ। ਕਿਉਂਕਿ ਇਹਨਾਂ ਵਿੱਚੋਂ ਕੋਈ ਵੀ ਬੁਰਾਈ ਦੀ ਜੜ੍ਹ ਉੱਤੇ ਸੱਟ ਨਹੀਂ ਮਾਰਦਾ। ਦੋਵੇਂ ਹੀ ਰਾਜਨੀਤਕ ਭੁੱਲਾਂ ਹਨ। ਪਰੰਤੂ ਆਤੰਕਵਾਦੀਆਂ ਨੂੰ "ਇਨਕਲਾਬੀ ਅਪਰਾਧੀ" ਆਖਣਾ ਨਿਰੀ ਮੂਰਖਤਾ ਹੈ, ਕਿਉਂਕਿ 'ਸੰਵਿਧਾਨਕਤਾਵਾਦੀ' ਨਿਸ਼ਚਤ ਤੌਰ ਤੇ ਗੈਰ-ਇਨਕਲਾਬੀ ਹਨ ਅਤੇ ਨਿਰਣਾਇਕ ਘੜੀ ਆਉਂਦਿਆਂ ਹੀ ਉਹ ਪ੍ਰਤੀਕ੍ਰਿਆਵਾਦੀ ਬਣ ਜਾਣਗੇ।"[39]

ਉਸੇ ਲੇਖ ਵਿੱਚ ਇਨਕਲਾਬ ਦੀ ਸਹੀ ਸਹੀ ਪਰਿਭਾਸ਼ਾ ਦੇ ਦਿੱਤੀ ਗਈ ਸੀ। "ਇਨਕਲਾਬ ਕੀ ਹੈ ? ਭਾਰਤ ਦੇ ਰਾਸ਼ਟਰੀ ਹਲਕਿਆਂ ਵਿੱਚ ਇਸਦੇ ਬਾਰੇ ਇੱਕ ਵੱਡੀ ਗਲਤ ਧਾਰਨਾ ਬਣੀ ਹੋਈ ਹੈ, ਆਮ ਤੌਰ ਤੇ ਇਨਕਲਾਬ ਨੂੰ ਬੰਬ, ਪਿਸਤੌਲ ਅਤੇ ਗੁਪਤ ਸੰਸਥਾਵਾਂ ਨਾਲ ਜੋੜ ਦਿੱਤਾ ਜਾਂਦਾ ਹੈ। ਭਾਰਤੀ ਰਾਜਨੀਤਕ ਸ਼ਬਦਕੋਸ਼ ਵਿੱਚ ਬਹੁ-ਚਰਚਿਤ ਵਾਕ 'ਇਨਕਲਾਬੀ ਅਪਰਾਧੀ' ਇਨਕਲਾਬ ਦੀ ਏਸੇ ਗਲਤ ਅਵਧਾਰਨਾ ਦੀ ਪੈਦਾਇਸ਼ ਹੈ। ਬਹਰਹਾਲ, ਇਨਕਲਾਬ ਇਹਨਾਂ ਸਭ ਨਾਲੋਂ ਕਿਧਰੇ ਵੱਧ ਗੰਭੀਰ ਸਮੱਸਿਆ ਹੈ। ਇਨਕਲਾਬ ਇੱਕ ਮਹੱਤਵਪੂਰਨ ਇਤਿਹਾਸਕ ਘਟਨਾ ਹੈ, ਜੋ ਮੌਜੂਦਾ ਇਤਿਹਾਸਕ ਯੁੱਗ ਦਾ ਅੰਤ ਅਤੇ ਉਸਦੀ ਥਾਂ ਤੇ ਇੱਕ ਨਵੇਂ ਯੁੱਗ ਦਾ ਸ਼ੁਭ ਆਰੰਭ ਕਰਦੀ ਹੈ। ਕਿਉਂਕਿ ਜਾਣ ਵਾਲੇ ਸਮਾਜ ਦੇ ਪ੍ਰਤੀਨਿਧੀ ਜਾਂ ਦਲਾਲ, ਆਰਥਿਕ ਵਰਗ ਅਤੇ ਰਾਜਨੀਤਕ ਸੰਸਥਾਵਾਂ ਜੋ ਉਸ ਸਮਾਜ ਵਿੱਚ ਪ੍ਰਚੱਲਤ ਹਾਲਤਾਂ ਤੋਂ ਲਾਭ ਉਠਾਉਂਦੇ ਰਹੇ ਹਨ, ਇੱਕ ਭਿਆਨਕ ਵਿਰੋਧ ਦੇ ਬਗੈਰ ਅਜਿਹੀ ਕੋਈ ਤਬਦੀਲੀ ਨਹੀਂ ਹੋਣ ਦੇਣਗੇ ਜਿਸ ਨਾਲ ਉਹਨਾਂ ਦੇ ਪ੍ਰਭੂਤਵ ਦਾ ਅੰਤ ਹੋ ਜਾਵੇ ਅਤੇ ਜਿਵੇਂ ਕਿ ਆਮ ਤੌਰ ਤੇ ਹੁੰਦਾ ਹੈ, ਜਿਸਦਾ ਅੰਤ ਉਹਨਾਂ ਦੇ ਚੌਮੁਖੀ ਵਿਨਾਸ਼ ਵਿੱਚ ਹੋ ਜਾਵੇ। ਇਸ ਲਈ ਆਮ ਤੌਰ ਤੇ ਰਾਜਨੀਤਕ ਹਿੰਸਾ ਅਤੇ ਸਮਾਜਿਕ ਉਥਲ-ਪੁਥਲ 'ਇਨਕਲਾਬ' ਅਖਵਾਉਣ ਵਾਲੀ ਇਤਿਹਾਸਕ ਘਟਨਾ ਦੇ ਅੰਗ ਬਣ ਜਾਂਦੇ ਹਨ।"[40]

ਸੰਨ 1925 ਵਿੱਚ ਯੰਗ ਕਮਿਊਨਿਸਟ ਇਟਰਨੈਸ਼ਨਲ ਨੇ ਬੰਗਾਲ ਦੇ ਨੌਜਵਾਨ ਇਨਕਲਾਬੀ ਸੰਗਠਨ ਦੇ ਨਾਂ ਇੱਕ ਅਪੀਲ ਛਾਪੀ ਸੀ, ਇਹ ਯੰਗ ਕਮਿਊਨਿਸਟ ਇੰਟਰਨੈਸ਼ਨਲ ਦੇ ਐਲਾਨ ਨਾਮੇ ਦੇ ਰੂਪ ਵਿੱਚ ਸੀ ਜੋ ਮਾਸੇਜ ਦੀ ਜਿਲਦ 1, ਨੰਬਰ 7 ਵਿੱਚ ਪ੍ਰਕਾਸ਼ਿਤ ਨੌਜਵਾਨ ਰਾਸ਼ਟਰੀ ਆਜ਼ਾਦੀ ਦੀ ਲੜਾਈ ਵਿੱਚ ਬਹੁਤ ਮਹੱਤਵਪੂਰਨ ਭੂਮਿਕਾ ਅਦਾ ਕਰ ਰਹੇ ਹਨ। ਲੋਕਾਂ ਦੇ ਵਾਸਤੇ ਆਪਣੀ ਜਾਨ ਕੁਰਬਾਨ ਕਰਨ ਵਾਲੇ 'ਹੀਰੋ ਆਤੰਕਵਾਦੀ' ਦੇ ਸਾਹਸ ਅਤੇ ਬਹਾਦਰੀ ਦੇ ਪ੍ਰਤੀ ਡੂੰਘਾ ਆਦਰ ਪ੍ਰਗਟ ਕਰਦੇ ਹੋਏ ਐਲਾਨਨਾਮੇ ਨੇ ਕਿਹਾ ਸੀ ਕਿ, "ਇੱਕ ਇਨਕਲਾਬੀ ਜੋ ਲੋਕਾਂ ਦੇ ਵਾਸਤੇ ਲੜ ਰਿਹਾ ਹੈ ਉਸਨੂੰ ਨੈਤਿਕ ਅਧਿਕਾਰ ਹੈ ਕਿ ਉਹ ਲੋਕਾਂ ਦਾ ਗਲਾ ਘੁੱਟਣ ਵਾਲਿਆਂ ਅਤੇ ਜੱਲਾਦਾਂ ਨੂੰ ਰਾਹ ਵਿੱਚੋਂ ਹਟਾ ਦੇਵੇ।"[41]

ਦੁਰਭਾਗਵੱਸ਼ ਇਹਨਾਂ ਵਿੱਚੋਂ ਕੋਈ ਵੀ ਦਸਤਾਵੇਜ਼ ਉਸ ਸਮੇਂ ਸਾਨੂੰ ਨਹੀਂ ਮਿਲਿਆ ਅਤੇ ਸਾਨੂੰ ਆਪਣੇ ਅਨੁਭਵਾਂ ਦੇ ਸਹਾਰੇ ਹੀ ਅੱਗੇ ਵਧਣਾ ਪਿਆ। ਵਿਅਕਤੀਗਤ ਸਰਗਰਮੀਆਂ ਦਾ ਘੇਰਾ ਬਹੁਤ ਸੀਮਤ ਹੈ ਇਹ ਸਮਝਣ ਵਿੱਚ ਸਾਨੂੰ ਤਿੰਨ ਸਾਲ ਲੱਗ ਗਏ। ਅਸੀਂ ਕਦਮ ਕਦਮ ਕਰਕੇ ਸਮਾਜਵਾਦ ਦੇ ਵੱਲੀਂ ਵਧ ਰਹੇ ਸਾਂ। ਗਿਰਫ਼ਤਾਰੀ ਦੇ ਬਾਦ ਜੇਲ੍ਹ ਵਿੱਚ ਕਾਫੀ ਸਮਾਂ ਮਿਲਿਆ, ਪੜ੍ਹਨ ਦੇ ਵਾਸਤੇ ਕਾਫ਼ੀ ਸਮੱਗਰੀ ਮਿਲੀ, ਆਪਸ ਵਿੱਚ ਬਹਿਸ ਕਰਨ ਅਤੇ ਆਪਣੇ ਅਤੀਤ ਬਾਰੇ ਸੰਜੀਦਗੀ ਨਾਲ ਸੋਚਣ ਦਾ ਕਾਫੀ ਮੌਕਾ ਮਿਲਿਆ ਅਤੇ ਤਾਂ ਕਿਧਰੇ ਜਾ ਕੇ ਅਸੀਂ ਸਹੀ ਨਤੀਜੇ ਤੇ ਪਹੁੰਚ ਸਕੇ।

ਇਸਦਾ ਇਹ ਮਤਲਬ ਨਹੀਂ ਕਿ ਜਿਸ ਦੌਰ ਦੀ ਸਮੀਖਿਆ ਕੀਤੀ ਜਾ ਰਹੀ ਹੈ ਉਸ ਵਿੱਚ ਸਕਾਰਾਤਮਕ ਕੁੱਝ ਹੀ ਨਹੀਂ। ਉਸਦੀਆਂ ਕਮਜ਼ੋਰੀਆਂ ਦੇ ਨਾਲ ਹੀ ਉਸਦੇ ਕੁੱਝ ਸਾਕਾਰਾਤਮਕ ਅਤੇ ਮਜ਼ਬੂਤ ਪਹਿਲੂ ਵੀ ਸਨ। ਮੈਂ ਆਪਣੀ ਅਤੇ ਆਪਣੇ ਸਾਥੀਆਂ ਦੀ ਸਮਝ ਦੀਆਂ ਖਾਸ ਘਾਟਾਂ ਉੱਪਰ ਰੌਸ਼ਨੀ ਪਾ ਚੁੱਕਿਆ ਹਾਂ। ਸੰਖੇਪ ਵਿੱਚ ਇੱਕ ਵਾਰੀ ਫੇਰ ਦੁਹਰਾ ਦੇਵਾਂ, ਪਹਿਲੀ ਗੱਲ ਤਾਂ ਇਹ ਕਿ ਸਾਡਾ ਕਮਿਊਨਿਜ਼ਮ ਨੂੰ ਸਵੀਕਾਰ ਕਰਨਾ ਮਾਰਕਸਵਾਦ ਦੇ ਸਹੀ ਅਧਿਐਨ ਉੱਪਰ ਆਧਾਰਿਤ ਨਹੀਂ ਸੀ। ਦੂਜੀ ਕਮਜ਼ੋਰੀ ਸੀ ਮਜ਼ਦੂਰਾਂ ਅਤੇ ਕਿਸਾਨਾਂ ਨੂੰ ਸੰਗਠਿਤ ਕਰਨ ਅਤੇ ਜਵਾਬੀ ਆਤੰਕਵਾਦ ਦੇ ਵਿਚਕਾਰ ਤਾਲਮੇਲ ਬਿਠਾਉਣ ਦੀ ਗੈਰ ਵਿਵਹਾਰਤਾ ਨੂੰ ਨਾ ਸਮਝ ਸਕਣਾ।

ਇਹਨਾਂ ਸਾਰੀਆਂ ਕਮੀਆਂ ਅਤੇ ਸੀਮਾਵਾਂ ਦੇ ਬਾਵਜੂਦ ਇਸ ਥੋੜ੍ਹਾ ਸਮਾਂ ਚੱਲਣ ਵਾਲੇ ਚਰਚਿਤ ਦੌਰ ਦੇ ਖਾਤੇ ਵਿੱਚ ਕੁਝ ਬਹੁਤ ਮਹੱਤਵਪੂਰਨ ਪ੍ਰਾਪਤੀਆਂ ਵੀ ਹਨ। ਲਾਹੌਰ ਦੀ ਨੌਜਵਾਨ ਭਾਰਤ ਸਭਾ ਦਾ ਐਲਾਨਨਾਮਾ (1928) ਅਸੈਂਬਲੀ ਬੰਬ ਕਾਂਡ ਦੇ ਦੌਰਾਨ ਭਗਤ ਸਿੰਘ ਅਤੇ ਬਟੁਕੇਸ਼ਵਰ ਦੱਤ ਵੱਲੋਂ ਅਦਾਲਤ ਦੇ ਸਾਹਮਣੇ ਦਿੱਤਾ ਗਿਆ ਬਿਆਨ (1929), ਕਾਂਗਰਸ ਦੇ ਲਾਹੌਰ ਸੈਸ਼ਨ ਦੇ ਸਮੇਂ ਵੰਡਿਆ ਗਿਆ ਹਿੰਦੁਸਤਾਨ ਸਮਾਜਵਾਦੀ ਪਰਜਾਤੰਤਰ ਦਾ ਐਲਾਨਨਾਮਾ (ਦਸੰਬਰ 1929) ਅਤੇ ਬੰਬ ਦਾ ਦਰਸ਼ਨ (ਜਨਵਰੀ 1930) ਉਸ ਯੁੱਗ ਦੀਆਂ ਸਰਵ ਸਰੇਸ਼ਟ ਪ੍ਰਤੀਨਿਧੀ ਦਸਤਾਵੇਜ਼ਾਂ ਹਨ। ਇਹਨਾਂ ਦਸਤਾਵੇਜ਼ਾਂ ਦੇ ਆਧਾਰ ਤੇ ਅਸੀਂ ਆਖ ਸਕਦੇ ਹਾਂ ਕਿ 'ਹਿੰਦੁਸਤਾਨ ਸਮਾਜਵਾਦੀ ਪਰਜਾਤੰਤਰ ਸੰਘ' (ਹਿਸਪ੍ਰਸ) ਦਾ ਪਹਿਲਾ ਅੱਗੇ ਵਧਿਆ ਹੋਇਆ ਕਦਮ ਸੀ ਮਾਰਕਸਵਾਦ ਨੂੰ ਸਿਧਾਂਤ ਦੇ ਰੂਪ ਵਿੱਚ ਅਤੇ ਸਮਾਜਵਾਦ ਨੂੰ ਅੰਤਿਮ ਉਦੇਸ਼ ਦੇ ਰੂਪ ਵਿੱਚ ਸਵੀਕਾਰ ਕਰਨਾ। ਬੰਗਾਲ ਵਿੱਚ ਵੀ ਅੰਦੋਲਨ ਦਾ ਰੁਖ ਇਹ ਹੀ ਸੀ, ਹਾਲਾਂਕਿ ਗੱਡੀ ਮੁਕਾਬਲਤਨ ਧੀਮੀ ਸੀ। ਜਿਸ ਸਮੇਂ ਹਿਸਪ੍ਰਸ ਨੇ ਸਮਾਜਵਾਦ ਨੂੰ ਡੰਕੇ ਦੀ ਚੋਟ ਤੇ ਆਪਣਾ ਅੰਤਿਮ ਉਦੇਸ਼ ਐਲਾਨ ਕਰ ਦਿੱਤਾ ਸੀ ਉਸ ਸਮੇਂ ਬੰਗਾਲ ਦੇ ਲਗਭਗ ਸਾਰੇ ਇਨਕਲਾਬੀ ਦਲ ਅਤੇ ਪ੍ਰਮੁੱਖ ਪਾਰਟੀਆਂ ਇਸ ਸਵਾਲ ਬਾਰੇ ਅਨਿਸ਼ਚਤਾ ਦੀ ਸਥਿਤੀ ਵਿੱਚ ਸਨ।

ਸਮਾਜਵਾਦ ਨੂੰ ਟੀਚੇ ਵਜੋਂ ਸਵੀਕਾਰ ਕਰਨ ਦੇ ਇਲਾਵਾ ਇਸ ਦੌਰ ਦੇ ਇਨਕਲਾਬੀ ਮਨੁੱਖ ਹੱਥੋਂ ਮਨੁੱਖ ਅਤੇ ਇੱਕ ਰਾਸ਼ਟਰ ਵੱਲੋਂ ਦੂਜੇ ਰਾਸ਼ਟਰ ਦੇ ਸੋਸ਼ਣ ਤੋਂ ਮੁਕਤ ਵਰਗਹੀਣ ਸਮਾਜ ਦੇ ਪੱਖ ਵਿੱਚ ਸਨ। ਉਹਨਾਂ ਨੇ ਐਲਾਨ ਕੀਤਾ ਕਿ ਉਹਨਾਂ ਦੀ ਲੜਾਈ ਸਿਰਫ਼ ਬ੍ਰਿਟਿਸ਼ ਸਾਮਰਾਜਵਾਦ ਦੇ ਖਿਲਾਫ ਹੀ ਨਹੀਂ ਹੈ, ਬਲਕਿ ਸੰਸਾਰ ਸਾਮਰਾਜਵਾਦੀ ਵਿਵਸਥਾ ਦੇ ਖਿਲਾਫ਼ ਹੈ। ਉਹਨਾਂ ਦੇ ਦਿਲਾਂ ਵਿੱਚ ਸੋਵੀਅਤ ਯੂਨੀਅਨ ਦੇ ਪ੍ਰਤੀ ਅਥਾਹ ਆਦਰ ਅਤੇ ਅਪਣੱਤ ਸੀ। ਉਹਨਾਂ ਦਾ ਵਿਸ਼ਵਾਸ਼ ਸੀ ਕਿ ਇਨਕਲਾਬ ਦੇ ਬਾਅਦ ਜੋ ਸਰਕਾਰ ਬਣੂੰਗੀ ਉਸਦਾ ਰੂਪ ਇੱਕ ਪ੍ਰਕਾਰ ਦੀ ਸਰਵਹਾਰਾ ਵਰਗ ਦੀ ਤਾਨਾਸ਼ਾਹੀ ਦਾ ਹੋਵੇਗਾ। ਉਹਨਾਂ ਨੇ ਰੱਬ, ਧਰਮ ਅਤੇ ਰਹੱਸਵਾਦ ਤੋਂ ਪੂਰੀ ਤਰ੍ਹਾਂ ਛੁਟਕਾਰਾ ਪਾ ਲਿਆ ਸੀ। ਉਹ ਧਰਮ ਨਿਰਪੱਖਤਾ ਵਿੱਚ ਵਿਸ਼ਵਾਸ਼ ਰੱਖਦੇ ਸਨ ਅਤੇ ਉਹਨਾਂ ਦਾ ਦ੍ਰਿਸ਼ਟੀਕੋਣ ਘੋਰ ਸੰਪ੍ਰਦਾਇਕਤਾਵਾਦ ਵਿਰੋਧੀ ਸੀ।

ਅਸੈਂਬਲੀ ਬੰਬ ਕਾਂਡ ਦੇ ਬਾਅਦ ਹਿੰਦੁਸਤਾਨ ਸਮਾਜਵਾਦੀ ਪਰਜਾਤੰਤਰ ਸੰਘ ਦੇ ਬਹੁਤੇ ਸਾਥੀ ਗ੍ਰਿਫਤਾਰ ਕਰ ਲਏ ਗਏ। ਉਹਨਾਂ ਨੇ ਆਪਣੇ ਮੁਕੱਦਮੇ ਦੀ ਸੁਣਵਾਈ ਦੇ ਦੌਰਾਨ ਆਪਣੇ ਦ੍ਰਿਸ਼ਟੀਕੋਣ ਨੂੰ ਪਰਚਾਰਤ ਕਰਨ, ਸਮਾਜਵਾਦ ਦੇ ਵਿਚਾਰਾਂ ਨੂੰ ਲੋਕਪ੍ਰਿਯ ਬਣਾਉਣ ਅਤੇ ਇਨਕਲਾਬੀ ਪਾਰਟੀ ਦੇ ਉਦੇਸ਼ਾਂ ਅਤੇ ਪ੍ਰਯੋਜਕਾਂ ਨੂੰ ਲੋਕਾਂ ਦੇ ਸਾਹਮਣੇ ਰੱਖਣ ਦੇ ਵਾਸਤੇ ਅਦਾਲਤ ਦਾ ਮੰਚ ਦੇ ਰੂਪ ਵਿੱਚ ਭਰਪੂਰ ਇਸਤੇਮਾਲ ਕੀਤਾ।

ਉਹਨਾਂ ਦੀ ਇਹ ਰਣਨੀਤੀ ਕਾਮਯਾਬ ਹੋਈ। ਇਸ ਸੰਬੰਧੀ ਐਸ.ਐਲ.ਮਜੂਮਦਾਰ ਨੇ ਲਿਖਿਆ ਹੈ। ਹਿੰਦੁਸਤਾਨ ਸੋਸ਼ਲਿਸਟ ਰਿਪਬਲਕਨ ਐਸੋਸੀਏਸ਼ਨ ਦੀਆਂ ਤਮਾਮ ਗਲਤੀਆਂ ਅਤੇ ਕਮਜ਼ੋਰੀਆਂ ਦੇ ਬਾਵਜੂਦ ਸਮੁੱਚੇ ਰਾਸ਼ਟਰੀ ਅੰਦੋਲਨ ਵਿੱਚ ਨੌਜਵਾਨ ਇਨਕਲਾਬੀਆਂ ਨੂੰ ਸਮਾਜਵਾਦ ਦੇ ਵੱਲੀਂ ਖਿੱਚਣ ਵਿੱਚ ਇਸ ਪਾਰਟੀ ਦੇ ਯੋਗਦਾਨ ਦੀ ਅਣਗੌਲੀ ਨਹੀਂ ਕੀਤੀ ਜਾ ਸਕਦੀ ਹੈ।"[42]

ਜੀ.ਐਸ.ਦਿਉਲ ਦੇ ਅਨੁਸਾਰ, "ਇਨਕਲਾਬੀ ਅੰਦੋਲਨ ਦਾ ਕਾਰਜ ਖੇਤਰ ਚਾਹੇ ਜਿੰਨਾ ਸੀਮਤ ਰਿਹਾ ਹੋਵੇ ਉਸਨੇ ਭਾਰਤੀ ਰਾਸ਼ਟਰੀ ਅੰਦੋਲਨ ਦੀ ਗਤੀ ਨੂੰ ਇੱਕ ਦੂਜੀ ਧਾਰਾ ਦੇ ਮਾਧਿਅਮ ਰਾਹੀਂ ਹੋਰ ਤੇਜ਼ ਕੀਤਾ। ਬੇਸ਼ੱਕ ਇਹ ਕਿਹਾ ਜਾ ਸਕਦਾ ਹੈ ਕਿ ਉਹਨਾਂ ਦੇ (ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਦੇ – ਸਿ.ਵ.) ਕਾਰਜਾਂ ਨੇ ਭਾਰਤੀ ਰਾਸ਼ਟਰੀ ਕਾਂਗਰਸ ਦੇ ਲਈ ਦਸੰਬਰ 1929 ਦੇ ਲਾਹੌਰ ਸੈਸ਼ਨ ਵਿੱਚ ਸੰਪੂਰਣ ਸੁਤੰਤਰਤਾ ਦੀ ਮੰਗ ਕਰਨ ਅਤੇ ਪੂਰਨ ਸਵਰਾਜ ਦਾ ਪ੍ਰਸਤਾਵ ਪਾਸ ਕਰਨ ਦਾ ਮਾਰਗ ਸਾਫ ਕੀਤਾ।"[43]

ਦੇਓਲ ਦੇ ਅਨੁਸਾਰ, "ਇਨਕਲਾਬੀਆਂ ਦੀਆਂ ਸਰਗਰਮੀਆਂ ਅਤੇ ਸੰਘਰਸ਼ਾਂ ਨੇ ਦੇਸ਼ ਵਿੱਚ ਅਤਿਅੰਤ ਵਿਸਫੋਟਕ ਸਥਿਤੀ ਪੈਦਾ ਕਰ ਦਿੱਤੀ ਸੀ, ਜਿਸਦੇ ਕਾਰਣ ਕਾਂਗਰਸ 1930 ਦਾ ਅਸਹਿਯੋਗ ਅੰਦੋਲਨ ਸ਼ੁਰੂ ਕਰਨ ਦੇ ਵਾਸਤੇ ਮਜ਼ਬੂਰ ਹੋ ਗਈ ਸੀ", ਇਹ ਅੰਦੋਲਨ ਭਗਤ

ਸਿੰਘ ਅਤੇ ਉਹਨਾਂ ਦੇ ਸਾਥੀਆਂ ਦੇ ਉੱਗਰ ਅੰਦੋਲਨ ਦੇ ਵਿਕਲਪ ਦੇ ਰੂਪ ਵਿੱਚ ਸ਼ੁਰੂ ਕੀਤਾ ਗਿਆ ਸੀ। ਇਸ ਮੱਤ ਦੀ ਪੁਸ਼ਟੀ ਮਹਾਤਮਾ ਗਾਂਧੀ ਵੱਲੋਂ 2 ਮਾਰਚ, 1930 ਨੂੰ ਵਾਇਸਰਾਏ ਨੂੰ ਲਿਖੇ ਗਏ ਇੱਕ ਪੱਤਰ ਦੇ ਇੱਕ ਅੰਸ਼ ਤੋਂ ਹੁੰਦੀ ਹੈ, "ਹਿੰਸਾਵਾਦੀ ਪਾਰਟੀ ਆਪਣੀ ਜਗਾਂਹ ਬਣਾਉਂਦੀ ਜਾ ਰਹੀ ਹੈ ਅਤੇ ਉਸਨੇ ਆਪਣੀ ਹੋਂਦ ਦਾ ਅਹਿਸਾਸ ਕਰਵਾਉਣਾ ਸ਼ੁਰੂ ਕਰ ਦਿੱਤਾ ਹੈ।" ਉਹਨਾਂ ਨੇ ਅੱਗੇ ਸਪੱਸ਼ਟ ਕੀਤਾ ਸੀ ਕਿ ਉਹ ਜਿਸ ਕਿਸਮ ਦਾ ਅਹਿੰਸਕ ਅੰਦੋਲਨ ਸ਼ੁਰੂ ਕਰਨਾ ਚਾਹੁੰਦੇ ਹਨ ਉਸ ਨਾਲ ਨਾ ਸਿਰਫ਼ ਬ੍ਰਿਟਿਸ਼ ਹਕੂਮਤ ਦੀ ਹਿੰਸਕ ਸ਼ਕਤੀ ਦਾ ਬਲਕਿ ਉੱਭਰਦੇ ਹੋਏ ਹਿੰਸਾਵਾਦੀ ਦਲ ਦੀਆਂ ਸੰਗਠਿਤ ਹਿੰਸਕ ਸ਼ਕਤੀਆਂ ਦਾ ਵੀ ਵਿਰੋਧ ਕੀਤਾ ਜਾ ਸਕੂਗਾ।"[44]

ਵਿਗਿਆਨਕ ਸਮਾਜਵਾਦ ਦੇ ਵੱਲ ਨੂੰ :- ਹਿੰਦੁਸਤਾਨੀ ਸਮਾਜਵਾਦੀ ਪਰਜਾਤੰਤਰ ਸੰਘ ਦੇ ਬਹੁਤੇ ਪ੍ਰਮੁੱਖ ਆਗੂ 1929 ਦੇ ਮੱਧ ਤੱਕ ਗ੍ਰਿਫਤਾਰ ਕਰਕੇ ਜੇਲ੍ਹਾਂ ਵਿੱਚ ਬੰਦ ਕਰ ਦਿੱਤੇ ਗਏ ਸਨ, ਜਿੱਥੇ ਉਹਨਾਂ ਨੂੰ ਪੜਨ ਅਤੇ ਵਿਚਾਰ ਵਟਾਂਦਰਾ ਕਰਨ ਦਾ ਭਰਪੂਰ ਮੌਕਾ ਮਿਲਿਆ। ਇਸ ਨਾਲ ਉਹਨਾਂ ਦੇ ਅੰਦਰ ਜੋ ਨਵੀਂ ਸਮਝ ਪੈਦਾ ਹੋਈ ਸੀ, ਉਸਦੇ ਆਧਾਰ ਤੇ ਉਹਨਾਂ ਨੇ ਆਪਣੇ ਪੂਰੇ ਅਤੀਤ ਨੂੰ, ਖਾਸ ਤੌਰ ਤੇ ਵਿਅਕਤੀਗਤ ਸਰਗਰਮੀਆਂ ਅਤੇ ਸੂਰਬੀਰਤਾ ਦਾ ਪ੍ਰਦਰਸ਼ਨ ਦੇ ਆਦਰਸ਼ ਨੂੰ ਨਵੇਂ ਸਿਰੇ ਤੋਂ ਜਾਂਚਿਆ ਪਰਖਿਆ ਅਤੇ ਆਪਣੀ ਹੁਣ ਤੱਕ ਦੀ ਕਾਰਜ-ਪ੍ਰਣਾਲੀ ਨੂੰ ਛੱਡਕੇ ਸਮਾਜਵਾਦੀ ਇਨਕਲਾਬ ਦਾ ਰਾਹ ਅਪਣਾਉਣ ਦਾ ਨਿਸ਼ਚਾ ਕੀਤਾ। ਗਹਨ ਅਧਿਐਨ ਅਤੇ ਬੋਸਟਰਲ ਜੇਲ ਵਿੱਚ ਦੂਜੇ ਸਾਥੀਆਂ ਨਾਲ ਲੰਬੇ ਵਿਚਾਰ-ਵਟਾਂਦਰੇ ਦੇ ਬਾਅਦ ਭਗਤ ਸਿੰਘ ਇਸ ਨਿਰਣੇ ਦੇ ਪਹੁੰਚੇ ਕਿ ਏਥੇ-ਉਥੇ ਕੁੱਝ ਮੁਖ਼ਬਰਾਂ ਅਤੇ ਸਰਕਾਰੀ ਅਫਸਰਾਂ ਦੀਆਂ ਵਿਅਕਤੀਗਤ ਹੱਤਿਆਵਾਂ ਨਾਲ ਟੀਚੇ ਦੀ ਪ੍ਰਾਪਤੀ ਨਹੀਂ ਹੋ ਸਕਦੀ ਹੈ।

ਭਗਤ ਸਿੰਘ ਨੇ 19 ਅਕਤੂਬਰ, 1929 ਨੂੰ ਪੰਜਾਬ ਸਟੂਡੈਂਟਸ ਦੀ ਕਾਂਗਰਸ ਦੇ ਨਾਂ ਇੱਕ ਸੰਦੇਸ਼ ਭੇਜਿਆ ਸੀ, ਜਿਸ ਵਿੱਚ ਉਹਨਾਂ ਨੇ ਕਿਹਾ ਸੀ – "ਅੱਜ ਅਸੀਂ ਨੌਜਵਾਨਾਂ ਨੂੰ ਬੰਬ ਅਤੇ ਪਿਸਤੌਲ ਅਪਣਾਉਣ ਦੇ ਵਾਸਤੇ ਨਹੀਂ ਆਖ ਸਕਦੇ। ਇਹਨਾਂ ਨੇ ਉਦਯੋਗਿਕ ਖੇਤਰਾਂ ਦੀਆਂ ਗੰਦੀਆਂ ਬਸਤੀਆਂ ਵਿੱਚ ਅਤੇ ਪਿੰਡਾਂ ਦੀਆਂ ਟੁੱਟੀਆਂ-ਫੁੱਟੀਆਂ ਝੌਂਪੜੀਆਂ ਵਿੱਚ ਰਹਿਣ ਵਾਲੇ ਕਰੋੜਾਂ ਲੋਕਾਂ ਨੂੰ ਜਗਾਉਣਾ ਹੈ।"

2 ਫਰਵਰੀ 1931 ਨੂੰ ਉਹਨਾਂ ਨੇ 'ਨੌਜਵਾਨ ਰਾਜਨੀਤਕ ਕਾਰਕੁੰਨਾਂ ਦੇ ਨਾਂ' ਇੱਕ ਅਪੀਲ ਲਿਖੀ ਸੀ ਜਿਸ ਵਿੱਚ ਉਹਨਾਂ ਨੇ ਆਮ ਲੋਕਾਂ ਦੇ ਵਿੱਚ ਕੰਮ ਕਰਨ ਦੇ ਮਹੱਤਵ ਨੂੰ ਵਾਰ-ਵਾਰ ਰੇਖਾਂਕਿਤ ਕੀਤਾ ਸੀ। ਉਹਨਾਂ ਨੇ ਕਿਹਾ ਸੀ, "ਪਿੰਡਾਂ ਅਤੇ ਕਾਰਖਾਨਿਆਂ ਵਿੱਚ ਕਿਸਾਨ ਅਤੇ ਮਜ਼ਦੂਰ ਹੀ ਅਸਲੀ ਇਨਕਲਾਬੀ ਸਿਪਾਹੀ ਹਨ।"

ਏਸੇ ਅਪੀਲ ਵਿੱਚ ਭਗਤ ਸਿੰਘ ਨੇ ਬਲਪੂਰਵਕ ਇਸ ਗੱਲ ਤੋਂ ਇਨਕਾਰ ਕੀਤਾ ਸੀ ਕਿ ਉਹ ਆਤੰਕਵਾਦੀ ਹਨ। ਉਹਨਾਂ ਦਾ ਕਹਿਣਾ ਸੀ, "ਮੈਂ ਇੱਕ ਆਤੰਕਵਾਦੀ ਦੀ ਭਾਂਤਿ ਕੰਮ ਕੀਤਾ ਹੈ। ਪਰੰਤੂ ਮੈਂ ਆਤੰਕਵਾਦੀ ਨਹੀਂ ਹਾਂ। ਮੈਂ ਤਾਂ ਅਜਿਹਾ ਇਨਕਲਾਬੀ ਹਾਂ ਜਿਸਦੇ ਕੋਲੇ ਇੱਕ ਲੰਬਾ ਪਰੋਗਰਾਮ ਅਤੇ ਉਸ ਦੇ ਬਾਰੇ ਸੁਨਿਸ਼ਚਤ ਵਿਚਾਰ ਹੁੰਦੇ ਹਨ। ਮੈਂ ਪੂਰੀ ਤਾਕਤ ਦੇ ਨਾਲ ਦੱਸਣਾ ਚਾਹੁੰਦਾ ਹਾਂ ਕਿ ਮੈਂ ਆਤੰਕਵਾਦੀ ਨਹੀਂ ਹਾਂ ਅਤੇ ਕਦੇ ਸੀ ਵੀ ਨਹੀਂ, ਕਦਾਚਿਤ ਉਹਨਾਂ ਕੁਝ ਦਿਨਾਂ ਨੂੰ ਛੱਡਕੇ ਜਦੋਂ ਮੈਂ ਆਪਣੇ ਇਨਕਲਾਬੀ ਜੀਵਨ ਦੀ ਸ਼ੁਰੂਆਤ ਕਰ ਰਿਹਾ ਸੀ। ਮੈਨੂੰ ਵਿਸ਼ਵਾਸ਼ ਹੈ ਕਿ ਅਸੀਂ ਅਜਿਹੇ ਤਰੀਕਿਆਂ ਨਾਲ ਕੁੱਝ ਵੀ ਪ੍ਰਾਪਤ ਨਹੀਂ ਕਰ ਸਕਦੇ।" ਉਹਨਾਂ ਨੇ ਨੌਜਵਾਨ ਰਾਜਨੀਤਕ ਕਾਰਕੁੰਨਾਂ ਨੂੰ ਸਲਾਹ ਦਿੱਤੀ ਕਿ ਉਹ ਮਾਰਕਸ ਅਤੇ ਲੈਨਿਨ ਦਾ ਅਧਿਐਨ ਕਰਨ, ਉਹਨਾਂ ਦੀ ਸਿੱਖਿਆ ਨੂੰ ਆਪਣਾ ਮਾਰਗ ਦਰਸ਼ਕ ਬਣਾਉਣ, ਲੋਕਾਂ ਦੇ ਵਿੱਚ ਜਾਣ, ਮਜ਼ਦੂਰਾਂ ਕਿਸਾਨਾਂ ਅਤੇ ਪੜ੍ਹੇ ਲਿਖੇ ਮੱਧ ਵਰਗੀ ਨੌਜਵਾਨਾਂ ਦੇ ਵਿੱਚ ਕੰਮ ਕਰਨ, ਉਹਨਾਂ ਨੂੰ ਰਾਜਨੀਤਕ ਨਜ਼ਰੀਏ ਤੋਂ ਸਿਖਿਅਤ ਕਰਨ, ਉਹਨਾਂ ਵਿੱਚ ਵਰਗ ਚੇਤਨਾ ਪੈਦਾ ਕਰਨ, ਉਹਨਾਂ ਨੂੰ ਯੂਨੀਅਨਾਂ ਵਿੱਚ ਸੰਗਠਿਤ ਕਰਨ ਆਦਿ। ਉਹਨਾਂ ਨੇ ਨੌਜਵਾਨਾਂ ਨੂੰ ਇਹ ਵੀ ਕਿਹਾ ਕਿ ਇਹ ਸਾਰਾ ਕੰਮ ਉਦੋਂ ਤੱਕ ਸੰਭਵ ਨਹੀਂ ਹੈ ਜਦੋਂ ਤੱਕ ਲੋਕਾਂ ਦੀ ਇੱਕ ਆਪਣੀ ਪਾਰਟੀ ਨਾ ਹੋਵੇ। ਉਹ ਕਿਸ ਤਰ੍ਹਾਂ ਦੀ ਪਾਰਟੀ ਚਾਹੁੰਦੇ ਸਨ ਇਸਦਾ ਖੁਲਾਸਾ ਕਰਦੇ ਹੋਏ ਉਹਨਾਂ ਨੇ ਲਿਖਿਆ ਸੀ, "ਸਾਨੂੰ ਪੇਸ਼ੇਵਰ ਇਨਕਲਾਬੀਆਂ ਦੀ ਜ਼ਰੂਰਤ ਹੈ – ਇਹ ਸ਼ਬਦ ਲੈਨਿਨ ਨੂੰ ਬਹੁਤ ਪਿਆਰਾ ਸੀ – ਕੁੱਲਵਕਤੀ ਕਾਰਕੁੰਨਾਂ ਦੀ, ਜਿਹਨਾਂ ਦੀ ਇਨਕਲਾਬ ਦੇ ਸਿਵਾਏ ਹੋਰ ਕੋਈ ਤਮੰਨਾ ਨਾ ਹੋਵੇ, ਅਤੇ ਨਾ ਜ਼ਿੰਦਗੀ ਦਾ ਕੋਈ ਦੂਜਾ ਉਦਸ਼ ਹੋਵੇ। ਅਜਿਹੇ ਕਾਰਕੁਨ ਜਿੰਨੀ ਵੱਡੀ ਸੰਖਿਆ ਵਿੱਚ ਇੱਕ ਪਾਰਟੀ ਦੇ ਰੂਪ ਵਿੱਚ ਸੰਗਠਿਤ ਹੋਣਗੇ, ਉਨੀ ਹੀ ਤੁਹਾਡੀ ਕਾਮਯਾਬੀ ਦੀਆਂ ਸੰਭਾਵਨਾਵਾਂ ਵਧ ਜਾਣਗੀਆਂ।"

ਉਹਨਾਂ ਨੇ ਅੱਗੇ ਆਖਿਆ, "ਯੋਜਨਾਵੱਧ ਢੰਗ ਨਾਲ ਅੱਗੇ ਵਧਣ ਦੇ ਵਾਸਤੇ ਤੁਹਾਨੂੰ ਜਿਸਦੀ ਸਭ ਤੋਂ ਵੱਧ ਲੋੜ ਹੈ ਉਹ ਹੈ ਇੱਕ ਪਾਰਟੀ ਜਿਸਦੇ ਕੋਲੇ ਜਿਸ ਕਿਸਮ ਦੇ ਕਾਰਕੁੰਨਾਂ ਦਾ ਉੱਪਰ ਜ਼ਿਕਰ ਕੀਤਾ ਜਾ ਚੁੱਕਿਆ ਹੈ ਵੈਸੇ ਕਾਰਕੁੰਨ ਹੋਣ – ਅਜਿਹੇ ਕਾਰਕੁੰਨ ਜਿਹਨਾਂ ਦੇ ਦਿਮਾਗ ਸਪਸ਼ਟ ਹੋਣ ਅਤੇ ਸਮੱਸਿਆਵਾਂ ਦੀ ਤਿੱਖੀ ਪਕੜ ਹੋਵੇ ਅਤੇ ਪਹਿਲ ਕਰਨ ਅਤੇ ਤੁਰੰਤ ਫੈਸਲਾ ਲੈਣ ਦੀ ਸਮਰੱਥਾ ਹੋਵੇ। ਇਸ ਪਾਰਟੀ ਦਾ ਅਨੁਸਾਸ਼ਨ ਬਹੁਤ ਕਠੋਰ ਹੋਵੇਗਾ ਅਤੇ ਇਹ ਜ਼ਰੂਰੀ ਨਹੀਂ ਹੈ ਕਿ ਉਹ ਭੂਮੀਗਤ ਪਾਰਟੀ ਹੋਵੇ, ਬਲਕਿ ਭੂਮੀਗਤ (ਅੰਡਰ ਗਰਾਊਂਡ) ਨਹੀਂ ਹੋਣੀ ਚਾਹੀਦੀ...... ਪਾਰਟੀ ਨੂੰ ਆਪਣੇ ਕੰਮ ਦੀ ਸ਼ੁਰੂਆਤ ਲੋਕਾਂ ਦੇ ਵਿੱਚ ਪ੍ਰਚਾਰ ਨਾਲ ਕਰਨੀ ਚਾਹੀਦੀ ਹੈ। ਕਿਸਾਨਾਂ ਅਤੇ ਮਜ਼ਦੂਰਾਂ ਨੂੰ ਸੰਗਠਿਤ ਕਰਨ ਅਤੇ ਉਹਨਾਂ ਦੀ ਸਰਗਰਮ ਸਹਾਨਭੂਤੀ (ਹਮਦਰਦੀ) ਪ੍ਰਾਪਤ ਕਰਨ ਦੇ ਵਾਸਤੇ ਇਹ ਬਹੁਤ ਜ਼ਰੂਰੀ ਹੈ। ਇਸ ਪਾਰਟੀ ਨੂੰ ਕਮਿਊਨਿਸਟ ਪਾਰਟੀ ਦਾ ਨਾਂ ਦਿੱਤਾ ਜਾ ਸਕਦਾ ਹੈ।"

ਏਥੇ ਭਗਤ ਸਿੰਘ ਸ਼ਰੇਆਮ ਮਾਰਕਸਵਾਦ, ਕਮਿਊਨਿਜ਼ਮ ਅਤੇ ਇੱਕ ਕਮਿਊਨਿਸਟ ਪਾਰਟੀ ਦੀ ਵਕਾਲਤ ਕਰਦੇ ਵਿਖਾਈ ਦਿੰਦੇ ਹਨ।

ਇਨਕਲਾਬ ਦੀ ਪਰਿਭਾਸ਼ਾ :- ਇਨਕਲਬ ਦੇ ਸੰਬੰਧ ਵਿੱਚ ਭਗਤ ਸਿੰਘ ਦੇ ਵਿਚਾਰ ਬਹੁਤ ਸਪੱਸ਼ਟ ਸਨ। ਹੇਠਲੀ ਅਦਾਲਤ ਵਿੱਚ ਜਦੋਂ ਉਹਨਾਂ ਤੋਂ ਪੁੱਛਿਆ ਗਿਆ ਕਿ ਇਨਕਲਾਬ ਸ਼ਬਦ ਤੋਂ ਉਹਨਾਂ ਦਾ ਕੀ ਮਤਲਬ ਹੈ, ਤਾਂ ਜਵਾਬ ਵਿੱਚ ਉਹਨਾਂ ਨੇ ਕਿਹਾ ਸੀ, "ਇਨਕਲਾਬ ਦੇ ਵਾਸਤੇ ਖੂਨੀ ਸੰਘਰਸ਼ ਜ਼ਰੂਰੀ ਨਹੀਂ ਹੈ, ਅਤੇ ਨਾ ਹੀ ਉਸ ਵਿੱਚ ਵਿਅਕਤੀ ਪ੍ਰਤੀ ਹਿੰਸਾ ਦੀ ਕੋਈ ਥਾਂ ਹੈ। ਉਹ ਬੰਬ ਅਤੇ ਪਿਸਤੌਲ ਦੀ ਸੰਸਕ੍ਰਿਤੀ ਨਹੀਂ ਹੈ। ਇਨਕਲਾਬ ਤੋਂ ਸਾਡਾ ਮਤਲਬ ਇਹ ਹੈ ਕਿ ਵਰਤਮਾਨ ਵਿਵਸਥਾ, ਜੋ ਖੁੱਲ੍ਹੇ ਤੌਰ ਤੇ ਅਨਿਆਂ ਬੇਇਨਸਾਫੀ ਉੱਪਰ ਟਿਕੀ ਹੋਈ ਹੈ, ਬਦਲਣੀ ਚਾਹੀਦੀ ਹੈ।" ਆਪਣੀ ਗੱਲ ਨੂੰ ਹੋਰ ਵੀ ਸਪੱਸ਼ਟ ਕਰਦੇ ਹੋਏ ਉਹਨਾਂ ਨੇ ਕਿਹਾ ਸੀ, "ਇਨਕਲਾਬ ਤੋਂ ਸਾਡਾ ਮਤਲਬ ਇੱਕ ਅਜਿਹੀ ਸਮਾਜਿਕ ਵਿਵਸਥਾ ਦੀ ਸਥਾਪਨਾ ਤੋਂ ਹੈ ਜਿਸਨੂੰ ਇਸ ਕਿਸਮ ਦੇ ਘਾਤਕ ਖਤਰਿਆਂ ਦਾ ਸਾਹਮਣਾ ਨਾ ਕਰਨਾ ਪਵੇ ਅਤੇ ਜਿਸ ਵਿੱਚ ਸਰਵਹਾਰਾ ਵਰਗ ਦੀ ਪ੍ਰਭੂਸੱਤਾ ਨੂੰ ਮਾਨਤਾ ਹੋਵੇ ਅਤੇ ਇੱਕ ਵਿਸ਼ਵ ਸੰਘ ਮਾਨਵ ਜਾਤੀ ਨੂੰ ਪੂੰਜੀਵਾਦ ਦੇ ਬੰਧਨ ਤੋਂ ਅਤੇ ਸਾਮਰਾਜਵਾਦੀ ਯੁੱਧਾਂ ਤੋਂ ਪੈਦਾ ਹੋਣ ਵਾਲੀ ਬਰਬਾਦੀ ਅਤੇ ਮੁਸੀਬਤਾਂ ਤੋਂ ਬਚਾ ਸਕੇ।"

ਸਮਾਜਵਾਦ ਦੀ ਦਿਸ਼ਾ ਵਿੱਚ ਭਗਤ ਸਿੰਘ ਦੀ ਸਿਧਾਂਤਕ ਤਰੱਕੀ ਦੀ ਰਫਤਾਰ ਬਹੁਤ ਤੇਜ਼ ਸੀ, ਉਹਨਾਂ ਨੇ 1924 ਤੋਂ 1928 ਦੇ ਵਿਚਕਾਰ ਵਿਭਿੰਨ ਵਿਸ਼ਿਆਂ ਦਾ ਵਿਸਥਾਰਪੂਰਵਕ ਅਧਿਐਨ ਕੀਤਾ ਸੀ। ਲਾਲਾ ਲਾਜਪਤ ਰਾਏ ਦੀ ਦਵਾਰਕਾ ਦਾਸ ਲਾਇਬ੍ਰੇਰੀ ਦੇ ਲਾਇਬ੍ਰੇਰੀ ਪ੍ਰਧਾਨ ਰਾਜਾ ਰਾਮ ਸ਼ਾਸ਼ਤਰੀ ਦੇ ਅਨੁਸਾਰ ਉਹਨੀਂ ਦਿਨੀਂ ਭਗਤ ਸਿੰਘ ਦਰਅਸਲ, "ਕਿਤਾਬਾਂ ਨੂੰ ਨਿਗਲਿਆ ਕਰਦਾ ਸੀ।" ਉਹਨਾਂ ਦੇ ਪਿਆਰੇ ਵਿਸ਼ੇ ਸਨ ਰੂਸੀ ਇਨਕਲਾਬ, ਸੋਵੀਅਤ ਸੰਘ, ਆਇਰਲੈਂਡ, ਫਰਾਂਸ ਅਤੇ ਭਾਰਤ ਦਾ ਇਨਕਲਾਬੀ ਅੰਦੋਲਨ, ਅਰਾਜਕਤਾਵਾਦ ਅਤੇ ਮਾਰਕਸਵਾਦ, ਉਹਨਾਂ ਨੇ ਅਤੇ ਉਹਨਾਂ ਦੇ ਸਾਥੀਆਂ ਨੇ 1928 ਦੇ ਅੰਤ ਤੱਕ ਸਮਾਜਵਾਦ ਨੂੰ ਆਪਣੇ ਅੰਦੋਲਨ ਦਾ ਅੰਤਿਮ ਉਦੇਸ਼ ਐਲਾਨ ਕਰ ਦਿੱਤਾ ਸੀ ਅਤੇ ਆਪਣੀ ਪਾਰਟੀ ਦਾ ਨਾਂ

ਵੀ ਇਸ ਅਨੁਸਾਰ ਬਦਲ ਲਿਆ ਸੀ। ਉਹਨਾਂ ਦੀ ਇਹ ਸਿਧਾਂਤਕ ਤਰੱਕੀ ਉਹਨਾਂ ਦੇ ਫਾਂਸੀ ਉੱਤੇ ਚੜ੍ਹਨ ਦੇ ਦਿਨ ਤੱਕ ਜਾਰੀ ਰਹੀ।

ਰੱਬ ਅਤੇ ਧਰਮ ਦੇ ਸੰਬੰਧ ਵਿੱਚ :- ਰੱਬ, ਧਰਮ ਅਤੇ ਰਹੱਸਵਾਦ ਬਾਰੇ ਭਗਤ ਸਿੰਘ ਦੇ ਵਿਚਾਰਾਂ ਦੇ ਸੰਬੰਧ ਵਿੱਚ ਕੁੱਝ ਸ਼ਬਦ ਆਖੇ ਬਗੈਰ ਇਹ ਭੂਮਿਕਾ ਅਧੂਰੀ ਰਹਿ ਜਾਏਗੀ। ਇਹ ਇਸ ਵਾਸਤੇ ਵੀ ਜ਼ਰੂਰੀ ਹੈ ਕਿ ਅੱਜ ਹਰ ਤਰ੍ਹਾਂ ਦੇ ਪ੍ਰਤੀਕ੍ਰਿਆਵਾਦੀ, ਰੂੜੀਵਾਦੀ ਅਤੇ ਸੰਪਰਦਾਇਕਤਾਵਾਦੀ ਲੋਕ ਭਗਤ ਸਿੰਘ ਅਤੇ ਚੰਦਰ ਸ਼ੇਖਰ ਆਜ਼ਾਦ ਨਾਂ ਅਤੇ ਸ਼ੋਭਾ ਨੂੰ ਆਪਣੀ ਨਿੱਜ ਦੀ ਰਾਜਨੀਤੀ ਅਤੇ ਵਿਚਾਰਧਾਰਾ ਦੇ ਪੱਖ ਵਿੱਚ ਵਰਤਣ ਦੀ ਕੋਸ਼ਿਸ਼ ਕਰ ਰਹੇ ਹਨ।

ਆਪਣੇ ਆਪ ਨੂੰ ਨਾਸਤਿਕ ਆਖਦੇ ਹੋਏ, “ਭਗਤ ਸਿੰਘ ਨੇ ਸ਼ੁਰੂ ਦੇ ਇਨਕਲਾਬੀਆਂ ਦੇ ਤਰੀਕੇ ਅਤੇ ਦ੍ਰਿਸ਼ਟੀਕੋਣ ਦੇ ਵਾਸਤੇ ਪੂਰਾ ਆਦਰ ਪ੍ਰਗਟਾਇਆ ਹੈ ਅਤੇ ਉਹਨਾਂ ਦੀ ਧਾਰਮਕਤਾ (ਧਰਮ-ਸ਼ਰਧਾ) ਦੇ ਸਰੋਤਾਂ ਦੀ ਪੜਤਾਲ ਕੀਤੀ ਹੈ। ਉਹ ਇਸ਼ਾਰਾ ਕਰਦੇ ਹਨ ਕਿ ਆਪਣੇ ਖੁਦ ਦੇ ਰਾਜਨੀਤਕ ਕਾਰਜਾਂ ਦੀ ਵਿਗਿਆਨਕ ਸਮਝ ਦੀ ਘਾਟ ਵਿੱਚ ਉਹਨਾਂ ਇਨਕਲਾਬੀਆਂ ਨੂੰ ਆਪਣੀ ਅਧਿਆਤਮਕਤਾ ਦੀ ਹਿਫਾਜ਼ਤ ਕਰਨ, ਵਿਅਕਤੀਗਤ ਲਾਲਚਾਂ ਦੇ ਵਿਰੁੱਧ ਸੰਘਰਸ਼ ਕਰਨ, ਵਿਨਾਸ਼ ਤੋਂ ਬਾਹਰ ਨਿੱਕਲਣ, ਭੌਤਿਕ ਸੁੱਖਾਂ ਅਤੇ ਆਪਣੇ ਪਰਿਵਾਰਾਂ ਤੇ ਜੀਵਨ ਤੱਕ ਨੂੰ ਤਿਆਗਣ ਦੀ ਸ਼ਕਤੀ ਜੁਟਾਉਣ ਦੇ ਵਾਸਤੇ ਵਿਵੇਕਹੀਣ ਵਿਸਵਾਸ਼ਾਂ ਅਤੇ ਰਹੱਸਵਾਦਤਾ ਦੀ ਜ਼ਰੂਰਤ ਸੀ। ਇੱਕ ਵਿਅਕਤੀ ਜਦੋਂ ਲਗਾਤਾਰ ਆਪਣੇ ਜੀਵਨ ਨੂੰ ਜ਼ੋਖ਼ਮ ਵਿੱਚ ਪਾਉਣ ਅਤੇ ਹੋਰ ਸਾਰੇ ਬਲੀਦਾਨ ਕਰਨ ਦੇ ਵਾਸਤੇ ਤਿਆਰ ਹੁੰਦਾ ਹੈ ਤਾਂ ਉਸਨੂੰ ਪ੍ਰੇਰਨਾ ਦੇ ਡੂੰਘੇ ਸਰੋਤ ਦੀ ਲੋੜ ਹੁੰਦੀ ਹੈ। ਸ਼ੁਰੂ ਦੇ ਇਨਕਲਾਬੀ ਆਤੰਕਵਾਦੀਆਂ ਦੀ ਇਹ ਲਾਜ਼ਮੀ ਲੋੜ ਰਹੱਸਵਾਦ ਅਤੇ ਧਰਮ ਤੋਂ ਪੂਰੀ ਹੁੰਦੀ ਸੀ। ਪਰੰਤੂ ਉਹਨਾਂ ਲੋਕਾਂ ਨੂੰ ਅਜਿਹੇ ਸਰੋਤਾਂ ਤੋਂ ਪ੍ਰੇਰਨਾ ਲੈਣ ਦੀ ਜ਼ਰੂਰਤ ਨਹੀਂ ਰਹਿ ਗਈ ਸੀ ਜੋ ਆਪਣੀ ਸਰਗਰਮੀਆਂ ਦੀ ਪ੍ਰਕ੍ਰਿਤੀ ਨੂੰ ਸਮਝਦੇ ਸਨ, ਜੋ ਇਨਕਲਾਬੀ ਵਿਚਾਰਧਾਰਾ ਦੀ ਦਿਸ਼ਾ ਵਿੱਚ ਅੱਗੇ ਵਧ ਚੁੱਕੇ ਸਨ, ਜੋ ਬਨਾਵਟੀ ਅਧਿਆਤਮਕਤਾ ਦੀਆਂ ਬੈਸਾਖੀਆਂ ਲਾਏ ਬਗੈਰ ਬੇਇਨਸਾਫੀਆਂ ਦੇ ਵਿਰੁੱਧ ਸੰਘਰਸ਼ ਕਰ ਸਕਦੇ ਸਨ, ਜੋ ਸਵਰਗ ਅਤੇ ਮੁਕਤੀ ਦੇ ਲਾਲਚਾਂ ਅਤੇ ਭਰੋਸਿਆਂ ਦੇ ਬਿਨਾਂ ਹੀ ਵਿਸ਼ਵਾਸ਼ ਦੇ ਨਾਲ ਅਤੇ ਨਿੱਡਰ ਭਾਵਨਾ ਨਾਲ ਫਾਂਸੀ ਦੇ ਤਖਤੇ ਤੇ ਚੜ੍ਹ ਸਕਦੇ ਸਨ, ਜੋ ਦੱਬੇ-ਕੁਚਲਿਆਂ ਦੀ ਮੁਕਤੀ ਅਤੇ ਸੁਤੰਤਰਤਾ ਦੇ ਪੱਖ ਵਿੱਚ ਇਸ ਲਈ ਲੜੇ ਕਿਉਂਕਿ ਲੜਨ ਦੇ ਇਲਾਵਾ ਹੋਰ ਕੋਈ ਰਸਤਾ ਹੀ ਨਹੀਂ ਸੀ।”[45]

ਅਸੈਂਬਲੀ ਬੰਬ ਕੇਸ ਦੀ ਅਪੀਲ ਦੇ ਦੌਰਾਨ ਲਾਹੌਰ ਹਾਈਕੋਰਟ ਵਿੱਚ ਬਿਆਨ ਦਿੰਦੇ ਹੋਇਆਂ ਭਗਤ ਸਿੰਘ ਨੇ ਵਿਚਾਰਾਂ ਦੀ ਮਹੱਤਤਾ ਉੱਪਰ ਜ਼ੋਰ ਦਿੰਦਿਆਂ ਆਖਿਆ ਸੀ “ਇਨਕਲਾਬ ਦੀ ਤਲਵਾਰ ਵਿਚਾਰਾਂ ਦੀ ਸਾਣ ਉੱਤੇ ਤਿੱਖੀ ਕੀਤੀ ਜਾਂਦੀ ਹੈ”, ਅਤੇ ਉਸਦੇ ਆਧਾਰ ਤੇ ਉਹਨਾਂ ਨੇ ਇਹ ਸੂਤਰ ਪ੍ਰਸਤੁਤ ਕੀਤਾ ਕਿ, “ਆਲੋਚਨਾ ਅਤੇ ਸੁਤੰਤਰ ਵਿਚਾਰ ਕਿਸੇ ਇਨਕਲਾਬੀ ਦੇ ਦੋ ਲਾਜ਼ਮੀ ਗੁਣ ਹਨ” ਅਤੇ ਇਹ ਕਿ, “ਜੋ ਆਦਮੀ ਤਰੱਕੀ ਦੇ ਵਾਸਤੇ ਸੰਘਰਸ਼ ਕਰਦਾ ਹੈ ਉਸਨੂੰ ਪੁਰਾਣੇ ਵਿਸ਼ਵਾਸ਼ਾਂ ਦੀ ਇੱਕ-ਇੱਕ ਗੱਲ ਦੀ ਆਲੋਚਨਾ ਕਰਨੀ ਹੋਵੇਗੀ, ਉਸ ਉੱਪਰ ਬੇ-ਭਰੋਸਗੀ ਕਰਨੀ ਹੋਵੇਗੀ ਅਤੇ ਉਸਨੂੰ ਚੁਣੌਤੀ ਦੇਣੀ ਹੋਵੇਗੀ। ਇਸ ਪ੍ਰਚੱਲਤ ਵਿਸ਼ਵਾਸ਼ ਦੇ ਇੱਕ-ਇੱਕ ਖੂੰਜੇ ਵਿੱਚ ਝਾਕ ਕੇ ਉਸਨੂੰ ਤਰਕ ਪੂਰਵਕ ਸਮਝਣਾ ਹੋਵੇਗਾ।” ਉਹਨਾਂ ਨੇ ਦ੍ਰਿੜਤਾ ਦੇ ਨਾਲ ਆਖਿਆ ਸੀ ਕਿ, “ਨਿਰਾ ਵਿਸ਼ਵਾਸ਼ ਅਤੇ ਅੰਧਵਿਸ਼ਵਾਸ਼ ਖਤਰਨਾਕ ਹੈ, ਇਸ ਨਾਲ ਦਿਮਾਗ ਕੁੰਠਿਤ ਹੁੰਦਾ ਹੈ ਅਤੇ ਆਦਮੀ ਪ੍ਰਤੀਕ੍ਰਿਆਵਾਦੀ ਬਣ ਜਾਂਦਾ ਹੈ।”

ਭਗਤ ਸਿੰਘ ਸਵੀਕਾਰ ਕਰਦੇ ਸਨ ਕਿ, “ਰੱਬ ਵਿੱਚੋਂ ਕਮਜ਼ੋਰ ਆਦਮੀ ਨੂੰ ਜ਼ਬਰਦਸਤ ਭਰੋਸਾ ਅਤੇ ਸਹਾਰਾ ਮਿਲਦਾ ਹੈ ਅਤੇ ਵਿਸ਼ਵਾਸ਼ ਉਸਦੀਆਂ ਮੁਸ਼ਕਲਾਂ ਨੂੰ ਆਸਾਨ ਹੀ ਨਹੀਂ ਬਲਕਿ ਸੁਖਮਈ ਵੀ ਬਣਾ ਦਿੰਦਾ ਹੈ।” ਉਹ ਇਹ ਵੀ ਜਾਣਦੇ ਸਨ ਕਿ, “ਹਨੇਰੀ ਅਤੇ ਝੱਖੜ ਦੌਰਾਨ ਆਪਣੇ ਪੈਰਾਂ ਉੱਤੇ ਖੜ੍ਹੇ ਰਹਿਣਾ ਕੋਈ ਬੱਚਿਆਂ ਦੀ ਖੇਡ ਨਹੀਂ ਹੈ।” ਪਰੰਤੂ ਉਹ ਸਹਾਰੇ ਦੇ ਵਾਸਤੇ ਕਿਸੇ ਵੀ ਬਣਾਉਟੀ (ਨਕਲੀ) ਅੰਕ ਦੇ ਵਿਚਾਰ ਨੂੰ ਦ੍ਰਿੜਤਾ ਪੂਰਵਕ ਅਸਵੀਕਾਰ ਕਰਦੇ ਸਨ। ਉਹ ਆਖਦੇ ਸਨ, “ਆਪਣੀ ਹੋਣੀ ਦਾ ਸਾਹਮਣਾ ਕਰਨ ਦੇ ਲਈ ਮੈਨੂੰ ਕਿਸੇ ਨਸ਼ੇ ਦੀ ਲੋੜ ਨਹੀਂ ਹੈ।” ਉਹਨਾਂ ਨੇ ਐਲਾਨ ਕੀਤਾ ਸੀ ਕਿ “ਜੋ ਆਦਮੀ ਆਪਣੇ ਪੈਰਾਂ ਉੱਤੇ ਖੜ੍ਹੇ ਹੋਣ ਦੀ ਕੋਸ਼ਿਸ਼ ਕਰਦਾ ਹੈ ਅਤੇ ਯਥਾਰਥਵਾਦੀ ਬਣ ਜਾਂਦਾ ਹੈ, ਉਸਨੂੰ ਧਾਰਮਿਕ ਵਿਸ਼ਵਾਸ਼ ਨੂੰ ਇੱਕ ਪਾਸੇ ਰੱਖਕੇ, ਜਿਹਨਾਂ - ਜਿਹਨਾਂ ਮੁਸੀਬਤਾਂ ਅਤੇ ਦੁੱਖਾਂ ਵਿੱਚ ਪਰਸਥਿਤੀਆਂ ਨੇ ਉਸਨੂੰ ਪਾ ਦਿੱਤਾ ਹੈ, ਉਹਨਾਂ ਦਾ ਇੱਕ ਮਰਦ ਦੀ ਤਰ੍ਹਾਂ ਬਹਾਦਰੀ ਦੇ ਨਾਲ ਸਾਹਮਣਾ ਕਰਨਾ ਹੋਵੇਗਾ।”

ਰੱਬ, ਧਾਰਮਕ ਵਿਸਵਾਸ਼ ਅਤੇ ਧਰਮ ਨੂੰ ਇਹ ਤਿਲਾਂਜਲੀ ਭਗਤ ਸਿੰਘ ਦੇ ਲਈ ਨਾ ਤਾਂ ਅਚਨਚੇਤੀ ਸੀ ਅਤੇ ਨਾ ਹੀ ਉਹਨਾਂ ਦੇ ਹੰਕਾਰ ਅਤੇ ਹਾਉਮੈ ਦਾ ਪਰਿਣਾਮ ਸੀ। ਉਹਨਾਂ ਨੇ ਬਹੁਤ ਪਹਿਲਾਂ 1926 ਵਿੱਚ ਰੱਬ ਦੀ ਸੱਤਾ ਨੂੰ ਅਸਵੀਕਾਰ ਕਰ ਦਿੱਤਾ ਸੀ। ਉਹਨਾਂ ਦੇ ਹੀ ਸ਼ਬਦਾਂ ਵਿੱਚ, “1926 ਦੇ ਅੰਤ ਤੱਕ ਮੈਨੂੰ ਇਸ ਗੱਲ ਬਾਰੇ ਯਕੀਨ ਹੋ ਗਿਆ ਸੀ ਕਿ ਸ਼੍ਰਿਸ਼ਟੀ ਦਾ ਨਿਰਮਾਣ, ਸਥਾਪਨਾ, ਅਤੇ ਕੰਟਰੋਲ ਕਰਨ ਵਾਲੀ ਕਿਸੇ ਸਰਬਸ਼ਕਤੀਮਾਨ ਪਰਮ ਸੱਤਾ ਦੀ ਹੋਂਦ ਦਾ ਸਿਧਾਂਤ ਇੱਕ ਦਮ ਬੇਬੁਨਿਆਦ ਹੈ।”

ਭਾਵਨਾ ਕਦੇ ਨਹੀਂ ਮਰਦੀ - ਉਹ ਜੁਲਾਈ, 1930 ਦਾ ਆਖਰੀ ਐਤਵਾਰ ਸੀ। ਭਗਤ ਸਿੰਘ ਲਾਹੌਰ ਸੈਂਟਰਲ ਜੇਲ੍ਹ ਵਿੱਚੋਂ ਸਾਨੂੰ ਮਿਲਣ ਬੋਸਟਰਲ ਜੇਲ੍ਹ ਆਏ ਸਨ। ਉਹ ਇਸ ਤਰਕ ਨਾਲ ਸਰਕਾਰ ਤੋਂ ਇਹ ਸੁਵਿੱਧਾ ਪ੍ਰਾਪਤ ਕਰਨ ਵਿੱਚ ਕਾਮਯਾਬ ਹੋ ਗਏ ਸਨ ਕਿ ਉਹਨਾਂ ਨੂੰ ਦੂਜੇ ਦੋਸ਼ੀਆਂ ਦੇ ਨਾਲ ਬਚਾਉ ਦੇ ਤਰੀਕਿਆਂ ਬਾਰੇ ਗੱਲਬਾਤ ਕਰਨੀ ਹੈ। ਤਾਂ ਉਸ ਦਿਨ ਅਸੀਂ ਕਿਸੇ ਰਾਜਨੀਤਕ ਵਿਸ਼ੇ ਬਾਰੇ ਗੱਲਬਾਤ ਕਰ ਰਹੇ ਸਾਂ ਕਿ ਗੱਲਾਂ ਦਾ ਰੁਖ ਫੈਸਲੇ ਵੱਲੀਂ ਮੁੜ ਗਿਆ, ਜਿਸਦਾ ਸਾਨੂੰ ਸਭ ਨੂੰ ਬੇਸਬਰੀ ਨਾਲ ਇੰਤਜ਼ਾਰ ਸੀ। ਮਜ਼ਾਕ ਮਜ਼ਾਕ ਵਿੱਚ ਅਸੀਂ ਇੱਕ ਦੂਜੇ ਦੇ ਖਿਲਾਫ਼ ਫੈਸਲੇ ਸੁਣਾਉਣ ਲੱਗੇ, ਸਿਰਫ਼ ਰਾਜਗੁਰੂ ਅਤੇ ਭਗਤ ਸਿੰਘ ਨੂੰ ਇਹਨਾਂ ਫ਼ੈਸਲਿਆਂ ਤੋਂ ਬਰੀ ਰੱਖਿਆ ਗਿਆ। ਅਸੀਂ ਜਾਣਦੇ ਸਾਂ ਕਿ ਉਹਨਾਂ ਨੂੰ ਫਾਂਸੀ ਉੱਪਰ ਲਟਕਾਇਆ ਜਾਏਗਾ।

“ਅਤੇ ਰਾਜਗੁਰੂ ਅਤੇ ਮੇਰਾ ਫ਼ੈਸਲਾ ? ਕੀ ਤੁਸੀਂ ਲੋਕ ਸਾਨੂੰ ਬਰੀ ਕਰ ਰਹੇ ਹੋ ?” ਮੁਸਕਰਾਉਂਦਿਆਂ ਹੋਇਆਂ ਭਗਤ ਸਿੰਘ ਨੇ ਪੁੱਛਿਆ।

ਕਿਸੇ ਨੇ ਕੋਈ ਜਵਾਬ ਨਹੀਂ ਦਿੱਤਾ।

“ਅਸਲੀਅਤ ਨੂੰ ਸਵੀਕਾਰ ਕਰਦੇ ਡਰ ਲੱਗਦਾ ਹੈ ?” ਧੀਮੀ ਆਵਾਜ਼ ਵਿੱਚ ਉਹਨਾਂ ਨੇ ਪੁੱਛਿਆ, ਚੁੱਪ ਬਣੀ ਰਹੀ।

ਸਾਡੀ ਚੁੱਪ ਉੱਪਰ ਉਹਨਾਂ ਨੇ ਠਹਾਕਾ ਮਾਰਿਆ ਅਤੇ ਬੋਲੇ, “ਸਾਨੂੰ ਗਰਦਨ ਤੋਂ ਫਾਂਸੀ ਦੇ ਫੰਦੇ ਤੋਂ ਉਦੋਂ ਤੱਕ ਲਟਕਾਇਆ ਜਾਵੇ ਜਦੋਂ ਤੱਕ ਕਿ ਅਸੀਂ ਮਰ ਨਾ ਜਾਈਏ। ਇਹ ਹੈ ਅਸਲੀਅਤ। ਮੈਂ ਇਸਨੂੰ ਜਾਣਦਾ ਹਾਂ। ਤੁਸੀਂ ਵੀ ਜਾਣਦੇ ਹੋ। ਫੇਰ ਇਸ ਵੱਲੋਂ ਅੱਖਾਂ ਕਿਉਂ ਬੰਦ ਕਰਦੇ ਹੋ ?”

ਹੁਣ ਤੱਕ ਭਗਤ ਸਿੰਘ ਆਪਣਾ ਰੰਗ ਫੜ੍ਹ ਚੁੱਕੇ ਸਨ। ਉਹ ਬਹੁਤ ਹੀ ਧੀਮੀ ਆਵਾਜ਼ ਵਿੱਚ ਬੋਲ ਰਹੇ ਸਨ। ਇਹ ਹੀ ਉਹਨਾਂ ਦਾ ਤਰੀਕਾ ਸੀ। ਸੁਣਨ ਵਾਲਿਆਂ ਨੂੰ ਲੱਗਦਾ ਸੀ ਕਿ ਉਹ ਉਹਨਾਂ ਨੂੰ ਫੁਸਲਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਚੀਖਕੇ ਬੋਲਣਾ ਉਹਨਾਂ ਦੀ ਆਦਤ ਨਹੀਂ ਸੀ। ਇਹ ਹੀ ਸ਼ਾਇਦ ਉਹਨਾਂ ਦੀ ਸ਼ਕਤੀ ਵੀ ਸੀ।

ਉਹ ਆਪਣੇ ਸੁਭਾਵਿਕ ਅੰਦਾਜ਼ ਵਿੱਚ ਬੋਲਦੇ ਰਹੇ, “ਦੇਸ਼ ਭਗਤੀ ਦੇ ਵਾਸਤੇ ਇਹ ਸਰਬ ਉੱਚ ਪੁਰਸਕਾਰ ਹੈ ਅਤੇ ਮੈਨੂੰ ਮਾਣ ਹੈ ਕਿ ਮੈਂ ਇਹ ਪੁਰਸਕਾਰ ਪ੍ਰਾਪਤ ਕਰਨ ਜਾ ਰਿਹਾ ਹਾਂ। ਉਹ ਸੋਚਦੇ ਹਨ ਕਿ ਮੇਰੇ ਨਾਸ਼ਵਾਨ ਸਰੀਰ ਨੂੰ ਨਸ਼ਟ ਕਰਕੇ ਉਹ ਇਸ ਦੇਸ਼ ਵਿੱਚ ਸੁਰੱਖਿਅਤ ਰਹਿ ਜਾਣਗੇ। ਇਹ ਉਹਨਾਂ ਦੀ ਭੁੱਲ ਹੈ। ਉਹ ਮੈਨੂੰ ਮਾਰ ਸਕਦੇ ਹਨ, ਪਰੰਤੂ ਮੇਰੇ ਵਿਚਾਰਾਂ ਨੂੰ ਨਹੀਂ ਮਾਰ ਸਕਦੇ। ਉਹ ਮੇਰੇ ਸਰੀਰ ਨੂੰ ਕੁਚਲ ਸਕਦੇ ਹਨ, ਪਰੰਤੂ ਮੇਰੀਆਂ ਭਾਵਨਾਵਾਂ ਨੂੰ ਨਹੀਂ

ਕੁਚਲ ਸਕਣਗੇ। ਬ੍ਰਿਟਿਸ਼ ਹਕੂਮਤ ਦੇ ਸਿਰ ਤੇ ਮੇਰੇ ਵਿਚਾਰ ਉਸ ਸਮੇਂ ਤੱਕ ਇੱਕ ਸ਼ਰਾਪ ਦੀ ਤਰ੍ਹਾਂ ਮੰਡਰਾਉਂਦੇ ਰਹਿਣਗੇ ਜਦੋਂ ਤੱਕ ਉਹ ਇੱਥੋਂ ਭੱਜਣ ਦੇ ਵਾਸਤੇ ਮਜ਼ਬੂਰ ਨਾ ਹੋ ਜਾਣ।"

ਭਗਤ ਸਿੰਘ ਪੂਰੇ ਲੋਰ ਵਿੱਚ ਬੋਲ ਰਹੇ ਸਨ। ਕੁੱਝ ਸਮੇਂ ਦੇ ਵਾਸਤੇ ਅਸੀਂ ਭੁੱਲ ਗਏ ਕਿ ਜੋ ਆਦਮੀ ਸਾਡੇ ਸਾਹਮਣੇ ਬੈਠਾ ਹੈ ਉਹ ਸਾਡਾ ਸਹਿਯੋਗੀ ਹੈ। ਉਹ ਬੋਲੀ ਜਾ ਰਹੇ ਸਨ, "ਪਰੰਤੂ ਇਹ ਤਸਵੀਰ ਦਾ ਸਿਰਫ਼ ਇੱਕ ਪਹਿਲੂ ਹੈ। ਦੂਜਾ ਪਹਿਲੂ ਵੀ ਉਨਾ ਹੀ ਉੱਜਵਲ ਹੈ। ਬ੍ਰਿਟਿਸ਼ ਹਕੂਮਤ ਦੇ ਵਾਸਤੇ ਮਰਿਆ ਹੋਇਆ ਭਗਤ ਸਿੰਘ ਜਿਉਂਦੇ ਭਗਤ ਸਿੰਘ ਤੋਂ ਵੱਧ ਖਤਰਨਾਕ ਹੋਵੇਗਾ। ਮੈਨੂੰ ਫਾਂਸੀ ਹੋ ਜਾਣ ਦੇ ਬਾਅਦ ਮੇਰੇ ਇਨਕਲਾਬੀ ਵਿਚਾਰਾਂ ਦੀ ਸੁਗੰਧ ਸਾਡੇ ਇਸ ਮਨੋਹਰ ਦੇਸ਼ ਦੇ ਵਾਤਾਵਰਣ ਵਿੱਚ ਘੁਲ ਮਿਲ ਜਾਵੇਗੀ। ਉਹ ਨੌਜਵਾਨਾਂ ਨੂੰ ਮਦਹੋਸ਼ ਕਰੂਗੀ ਅਤੇ ਉਹ ਆਜ਼ਾਦੀ ਅਤੇ ਇਨਕਲਾਬ ਦੇ ਵਾਸਤੇ ਦੀਵਾਨੇ ਹੋ ਜਾਣਗੇ। ਨੌਜਵਾਨਾਂ ਦਾ ਇਹ ਦੀਵਾਨਾਪਾਣ ਹੀ ਬ੍ਰਿਟਿਸ਼ ਸਾਮਰਾਜਵਾਦੀਆਂ ਨੂੰ ਵਿਨਾਸ਼ ਦੇ ਕੰਢੇ ਤੱਕ ਪੁਚਾ ਦੇਵੇਗਾ। ਇਹ ਮੇਰਾ ਦ੍ਰਿੜ ਵਿਸਵਾਸ਼ ਹੈ। ਮੈਂ ਬੇਸਬਰੀ ਦੇ ਨਾਲ ਉਸ ਦਿਨ ਦੀ ਉਡੀਕ ਕਰ ਰਿਹਾ ਹਾਂ ਜਦੋਂ ਮੈਨੂੰ ਦੇਸ਼ ਦੇ ਵਾਸਤੇ ਮੇਰੀਆਂ ਸੇਵਾਵਾਂ ਅਤੇ ਲੋਕਾਂ ਦੇ ਲਈ ਮੇਰੇ ਪਿਆਰ ਦਾ ਸਰਬ ਉੱਚ ਪੁਰਸਕਾਰ ਮਿਲੂਗਾ।"

ਭਗਤ ਸਿੰਘ ਦੀ ਭਵਿੱਖਬਾਣੀ ਇੱਕ ਸਾਲ ਦੇ ਅੰਦਰ ਹੀ ਸੱਚ ਸਾਬਿਤ ਹੋਈ। ਉਹਨਾਂ ਦਾ ਨਾਂ ਮੌਤ ਨੂੰ ਵੰਗਾਰਨ ਵਾਲੇ ਸਾਹਸ, ਬਲੀਦਾਨ, ਦੇਸ਼ਭਗਤੀ ਅਤੇ ਸੰਕਲਪਸ਼ੀਲਤਾ ਦਾ ਪ੍ਰਤੀਕ ਬਣ ਗਿਆ। ਸਮਾਜਵਾਦੀ ਸਮਾਜ ਦੀ ਸਥਾਪਨਾ ਦਾ ਉਹਨਾਂ ਦਾ ਸੁਫ਼ਨਾ ਪੜ੍ਹੇ-ਲਿਖੇ ਨੌਜਵਾਨਾਂ ਦਾ ਸੁਫਨਾ ਬਣ ਗਿਆ ਅਤੇ 'ਇਨਕਲਾਬ ਜਿੰਦਾਬਾਦ' ਦਾ ਉਹਨਾਂ ਦਾ ਨਾਹਰਾ ਸਮੁੱਚੇ ਰਾਸ਼ਟਰ ਦਾ ਯੁੱਧ-ਨਾਦ ਬਣ ਗਿਆ। 1930-32 ਵਿੱਚ ਲੋਕ ਇੱਕ ਹੋ ਕੇ ਉੱਠ ਖੜੇ ਹੋਏ। ਜੇਲ੍ਹਾਂ, ਕੋੜੇ, ਅਤੇ ਡਾਂਗਾਂ ਦੀਆਂ ਚੋਣਾਂ ਉਹਨਾਂ ਦੇ ਮਨੋਬਲ ਨੂੰ ਤੋੜ ਨਹੀਂ ਸਕੀਆਂ। ਇਹ ਹੀ ਭਾਵਨਾ, ਇਸਤੋਂ ਵੀ ਉੱਚੀ ਟੀਸੀ ਤੇ, "ਭਾਰਤ ਛੱਡੋ" ਅੰਦੋਲਨ ਦੇ ਦੌਰਾਨ ਵਿਖਾਈ ਦਿੱਤੀ ਸੀ। ਭਗਤ ਸਿੰਘ ਦਾ ਨਾਂ ਹੋਠਾਂ ਉੱਤੇ ਅਤੇ ਉਹਨਾਂ ਦਾ ਨਾਹਰਾ ਆਪਣੇ ਝੰਡਿਆਂ ਉੱਤੇ ਲਈ ਨੌਜਵਾਨਾਂ ਅਤੇ ਬੱਚਿਆਂ ਨੇ ਗੋਲੀਆਂ ਦਾ ਸਾਹਮਣਾ ਇਸ ਤਰ੍ਹਾਂ ਕੀਤਾ ਜਿਵੇਂ ਉਹ ਮੱਖਣ ਦੀਆਂ ਬਣੀਆਂ ਹੋਈਆਂ ਹੋਣ। ਪੂਰਾ ਦੇਸ਼ ਪਾਗਲ ਹੋ ਗਿਆ ਸੀ ਅਤੇ ਫੇਰ ਆਇਆ 1945-46 ਦਾ ਦੌਰ ਜਦੋਂ ਸੰਸਾਰ ਨੇ ਇੱਕ ਬਿਲਕੁਲ ਨਵੇਂ ਭਾਰਤ ਨੂੰ ਅੰਗੜਾਈਆਂ ਲੈਂਦੇ ਵੇਖਿਆ। ਮਜ਼ਦੂਰ, ਕਿਸਾਨ, ਵਿਦਿਆਰਥੀ, ਨੌਜਵਾਨ, ਜਲ ਸੈਨਾ, ਥਲ ਸੈਨਾ, ਵਾਯੂ ਸੈਨਾ ਅਤੇ ਪੁਲਿਸ ਤੱਕ ਸਭ ਆਖਰੀ ਹੱਲਾ ਬੋਲਣ ਲਈ ਵਿਆਕੁਲ ਸਨ। ਗੈਰ ਸਰਗਰਮ ਵਿਰੋਧ ਦੀ ਥਾਂ ਸਰਗਰਮ ਜਵਾਬੀ ਹਮਲੇ ਨੇ ਲੈ ਲਈ ਸੀ। ਬਲੀਦਾਨ ਅਤੇ ਤਸੀਹਿਆਂ ਨੂੰ ਬਰਦਾਸ਼ਤ ਕਰਨ ਦੀ ਜੋ ਭਾਵਨਾ 1930-31 ਤੱਕ ਥੋੜ੍ਹੇ ਜਿਹੇ ਨੌਜਵਾਨਾਂ ਤੱਕ ਸੀਮਤ ਸੀ, ਹੁਣ ਸਮੁੱਚੇ ਲੋਕਾਂ ਵਿੱਚ ਵਿਖਾਈ ਦੇ ਰਹੀ ਸੀ। ਬਗਾਵਤ ਦੀ ਭਾਵਨਾ ਨੇ ਸਮੁੱਚੇ ਰਾਸ਼ਟਰ ਨੂੰ ਆਪਣੀ ਲਪੇਟ ਵਿੱਚ ਜਕੜ ਲਿਆ ਸੀ। ਭਗਤ ਸਿੰਘ ਨੇ ਠੀਕ ਹੀ ਤਾਂ ਆਖਿਆ ਸੀ, "ਭਾਵਨਾ ਕਦੇ ਨਹੀਂ ਮਰਦੀ।" ਅਤੇ ਉਸ ਸਮੇਂ ਵੀ ਉਹ ਮਰੀ ਨਹੀਂ ਸੀ।

## ਹਵਾਲੇ


1. Quoted in the Sedition Committee (Rowlatt) Report 1919, P.3.
2. ਉਹੀ, ਪੰਨਾ 2
3. ਉਹੀ, ਪੰਨਾ 2
4. ਮਨਮਥਨਾਥ ਗੁਪਤ : ਭਾਰਤੀ ਕ੍ਰਾਂਤੀਕਾਰੀ ਅੰਦੋਲਨ ਦਾ ਇਤਿਹਾਸ, ਦੂਸਰਾ ਸੰਸਕਰਣ, 1960, ਪੰਨਾ 44
5. ਤਾਰਿਣੀ ਸ਼ੰਕਰ ਚੱਕਰਵਰਤੀ : ਭਾਰਤ ਵਿੱਚ ਸਸ਼ਸਤਰ ਕ੍ਰਾਂਤੀ ਦੀ ਭੂਮਿਕਾ, ਕ੍ਰਾਂਤੀਕਾਰੀ ਪ੍ਰਕਾਸ਼ਨ, ਮਿਰਜਾਪੁਰ, ਪੰਨਾ 142
6. Budhadeva Bhattacharya (ed.) Freedom Struggle & Anushilan Samiti, P. 48
7. ਉਹੀ, ਪੰਨਾ 68
8. J.C. Car : Political Troubles in India 1907-1917, Preface, 1973 P. XIII.
9. Quoted in Sedition Committee Report P.7.
10. ਤਾਰਿਣੀ ਸ਼ੰਕਰ ਚੱਕਰਵਰਤੀ : ਪੰਨਾ 93
11. G.Adhikari : Challenge, PPH, New Delhi, Jan. 1984 P.3
12. Tridib Chaudhary : Freedom Struggle and Anushilan Samiti, Introduction P. XVI-XVII.
13. ਅਮਰੀਕਾ ਦੇ ਭਾਰਤੀ ਕ੍ਰਾਂਤੀਕਾਰੀਆਂ ਦੀ ਗਤੀਵਿਧੀਆਂ ਦੇ ਬਾਰੇ ਜ਼ਿਆਦਾਤਰ ਸਮੱਗਰੀ ਐਲ.ਪੀ.ਮਾਥੁਰ ਦੀ ਕਿਤਾਬ Indian Revolutionary Movement in United States of America ਤੋਂ ਲਈ ਹੈ। ਇਹ ਕਿਤਾਬ ਐਸ.ਚੰਦ ਐਂਡ ਕੰਪਨੀ, ਨਵੀਂ ਦਿੱਲੀ ਤੋਂ 1970 ਵਿੱਚ ਪ੍ਰਕਾਸ਼ਿਤ ਹੋਈ ਸੀ।
14. Paraphrased from Ghadar Weekly Vol.1, No.3 (Dec. 30.1913) by Sohan Singh Josh, Hindustan Ghadar Party, A Short History. P. 160.
15. ਉਹੀ, ਪੰਨਾ 189
16. ਉਹੀ, ਪੰਨਾ 175
17. ਉਹੀ, ਪੰਨਾ 192
18. ਉਹੀ, ਪੰਨਾ 177
19. ਉਹੀ, ਪੰਨਾ 193
20. ਉਹੀ, ਪੰਨਾ 193
21. L.P. Mathur, op. Cit. P.23
22. ਉਹੀ, ਪੰਨਾ 29
23. Presidential Address to Special (Calcutta) Session of the Indian National Congress, Sep.1920. Quoted by R.P. Dutt ; India Today. P. 280.
24. ਉਹੀ, ਪੰਨਾ 284
25. ਦੇਖੋ ਪਰਿਸ਼ਿਸ਼ਟ ਨੰਬਰ 1
26. ਸ਼ਚੀਂਦਰਨਾਥ ਸਾਨਿਆਲ ਦੀ ਕਿਤਾਬ ਬੰਦੀ ਜੀਵਨ ਤੋਂ ਵਿਸ਼ਵਮਿੱਤਰ ਉਪਾਧਿਆਏ ਦੁਆਰਾ ਸਚੀਂਦਰਨਾਥ ਸਾਨਿਆਲ ਅਤੇ ਉਹਨਾਂ ਦਾ ਯੁਗ ਵਿੱਚ ਉਭਾਰ, ਪੰਨਾ 195
27. ਉਹੀ, ਪੰਨਾ 156
28. S.N. Mazumdar, In Search of a Revolutionary Theory and a Revolutionary Program. P. 178.

29. ਉਹੀ, ਪੰਨਾ 177
30. ਉਹੀ, ਪੰਨਾ 178
31. ਉਹੀ, ਪੰਨਾ 154
32. ਉਹੀ, ਪੰਨਾ 181-2
33. ਉਹੀ, ਪੰਨਾ 183
34. Jawaharlal Nehru, An Autobiography, John Lane the Bodley Head, London, 1936. P. 164-5
35. Quoted by Pratima Ghosh, Meerut Conspiracy Case & the Left Wing inIndia. P. 47.
36. ਉਹੀ, ਪੰਨਾ 53
37. ਇਹ ਬਿਲ ਸਦਨ ਵਿੱਚ ਬਹਿਸ ਦੇ ਲਈ 21 ਮਾਰਚ ਨੂੰ ਪੇਸ਼ ਕੀਤਾ ਗਿਆ। ਪਰ ਅਧਿਅਕਸ਼ ਨੇ ਉਸਨੂੰ 2 ਅਪਰੈਲ, 1929 ਤੱਕ ਦੇ ਲਈ ਸਥਗਿਤ ਕਰ ਦਿੱਤਾ। 2 ਅਪਰੈਲ ਨੂੰ ਉਹਨਾਂ ਨੇ ਨਿਰਣਾ ਦਿੱਤਾ ਕਿ ਕਿਉਂਕਿ ਬਿਲ ਦਾ ਆਧਾਰ ਅਤੇ ਮੇਰਠ ਸਾਜਿਸ਼ ਕੇਸ ਵਿੱਚ ਅਪਰਾਧੀਆਂ ਦੇ ਖਿਲਾਫ ਲਗਾਏ ਗਏ ਦੋਸ਼ ਇੱਕ ਜਿਹੇ ਹਨ, ਇਸ ਸਥਿਤੀ ਵਿੱਚ ਬਿਲ ਤੇ ਜੋ ਬਹਿਸ ਹੋਵੇਗੀ ਉਸ ਨਾਲ ਅਪਰਾਧੀਆਂ ਦੇ ਬਚਾਅ ਤੇ ਅਸਰ ਪਵੇਗਾ। ਇਹਨਾਂ ਕਾਰਨਾਂ ਨਾਲ ਉਹਨਾਂ ਨੇ ਬਿਲ ਤੇ ਬਹਿਸ ਦੀ ਆਗਿਆ ਨਹੀਂ ਦਿੱਤੀ। 4 ਅਪਰੈਲ ਨੂੰ ਭਾਰਤ ਸਰਕਾਰ ਨੇ ਉਸ ਨੂੰ ਫਿਰ ਸਦਨ ਦੇ ਸਾਹਮਣੇ ਪੇਸ਼ ਕੀਤਾ ਅਤੇ ਬਹਿਸ ਦੀ ਆਗਿਆ ਮੰਗੀ। 11 ਅਪਰੈਲ ਨੂੰ ਅਧਿਅਕਸ਼ ਨੇ ਸਰਕਾਰ ਦੀ ਅਪੀਲ ਠੁਕਰਾ ਦਿੱਤੀ ਅਤੇ ਆਪਣਾ ਨਿਰਣਾ ਬਰਕਰਾਰ ਰੱਖਿਆ। 13 ਅਪਰੈਲ ਨੂੰ ਵਾਇਸਰਾਏ ਨੇ ਉਸਨੂੰ ਅਧਿਆਦੇਸ਼ ਦੇ ਰੂਪ ਵਿੱਚ ਲਾਗੂ ਕਰ ਦਿੱਤਾ।
38. Quoted by G. Adhikari in an Article in Mainstream, April 29, 1981
39. G. Adhikari (ed.) Documents of the History of the Communist Party of India, Vol.II. P. 443
40. ਉਹੀ, ਪੰਨਾ 442
41. ਉਹੀ, ਪੰਨਾ 473
42. S.N. Mazumdar, op. Cit. 176
43. G.S. Deol, Sardar Bhagat Singh
44. ਉਹੀ, ਪੰਨਾ 113
45. Bipan Chandra, Introduction to Why I am an Atheist ? Sardar Bhagat Singh Research Committee, New Delhi. 1979